ਪ੍ਰੋ. ਪੂਰਨ ਸਿੰਘ

ਸੁਆਮੀ ਰਾਮ ਤੀਰਥ

ਭਾਸ਼ਾ ਵਿਭਾਗ, ਪੰਜਾਬ

Swami Rama Tirth Dee Jeewan Katha *(In Punjabi)*
Prof. Puran Singh
Translation - Prof. Kirpal Singh Kasel
Assistant : Satinder Singh Nanda

ਸੁਆਮੀ ਰਾਮ ਤੀਰਥ ਦੀ ਜੀਵਨ-ਕਥਾ
ਪ੍ਰੋ. ਪੂਰਨ ਸਿੰਘ
ਅਨੁਵਾਦ : ਕਿਰਪਾਲ ਸਿੰਘ ਕਸੇਲ
ਸਹਾਇਕ : ਸਤਿੰਦਰ ਸਿੰਘ ਨੰਦਾ

ਪਹਿਲਾ ਐਡੀਸ਼ਨ : 1996
ਕਾਪੀਆਂ : 2000
ਮੁੱਲ Rs 61 00

ਪ੍ਰਕਾਸ਼ਕ : ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ
ਛਾਪਕ : ਯੂਨਿਕਸ ਇੰਸਟੀਚਿਊਟ ਆਫ ਕੰਮਪਿਊਟਰ ਸਾਇੰਸਜ (ਪ੍ਰਾ) ਲਿਮਿਟਡ, ਪਟਿਆਲਾ।
ਰਾਹੀਂ : ਕੰਟਰੋਲਰ, ਛਪਾਈ ਤੇ ਸਟੇਸ਼ਨਰੀ ਵਿਭਾਗ, ਪੰਜਾਬ

ਦੋ ਸ਼ਬਦ

ਬਹੁਪੱਖੀ ਪ੍ਰਤਿਭਾ ਦੇ ਮਾਲਕ, ਪੰਜਾਬ ਦੇ ਮਹਾਨ ਸਪੂਤ ਪ੍ਰੋ. ਪੂਰਨ ਸਿੰਘ ਨੇ ਜਿਥੇ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨੂੰ ਅਪਣਾਇਆ, ਉਥੇ ਉਨ੍ਹਾਂ ਨੇ ਵੱਖ ਵੱਖ ਖੇਤਰਾਂ ਦਾ ਭ੍ਰਮਣ ਕਰਕੇ ਭਿੰਨ ਭਿੰਨ ਦਰਸ਼ਨਾਂ ਦਾ ਗਿਆਨ ਵੀ ਪ੍ਰਾਪਤ ਕੀਤਾ। ਉਨ੍ਹਾਂ ਨੇ ਜੋ ਕੁਝ ਦੇਖਿਆ ਉਸ ਨੂੰ ਨੇੜਿਓਂ ਹੋ ਕੇ ਦੇਖਿਆ, ਜੋ ਕੁਝ ਪੜ੍ਹਿਆ ਉਸ ਨੂੰ ਗ੍ਰਹਿਣ ਕਰਨ ਦਾ ਯਤਨ ਕੀਤਾ, ਅਤੇ ਜੋ ਕੁਝ ਚੰਗਾ ਮਹਿਸੂਸ ਕੀਤਾ ਉਸ ਨੂੰ ਅਪਣਾ ਲਿਆ।

ਭਾਈ ਵੀਰ ਸਿੰਘ ਦੇ ਸੰਪਰਕ ਵਿਚ ਆਉਣ ਤੋਂ ਪਹਿਲਾਂ ਪ੍ਰੋ. ਪੂਰਨ ਸਿੰਘ ਸੁਆਮੀ ਰਾਮ ਤੀਰਥ ਦੇ ਸ਼ਿਸ਼ ਬਣ ਚੁੱਕੇ ਸਨ ਅਤੇ ਉਨ੍ਹਾਂ ਦੇ ਅਦ੍ਵੈਤੀ ਵੇਦਾਂਤ ਦਰਸ਼ਨ ਦੇ ਰੰਗ ਵਿਚ ਪੂਰੀ ਤਰ੍ਹਾਂ ਰੰਗੇ ਜਾ ਚੁੱਕੇ ਸਨ। ਆਪਣੀ ਇਸ ਸ਼ਰਧਾ ਦਾ ਪ੍ਰਗਟਾਵਾ ਉਨ੍ਹਾਂ ਨੇ 'ਸੁਆਮੀ ਰਾਮ ਤੀਰਥ ਦੀ ਜੀਵਨ-ਕਥਾ' ਲਿਖ ਕੇ ਕੀਤਾ, ਜਿਸ ਵਿਚ ਸੁਆਮੀ ਰਾਮ ਤੀਰਥ ਜੀ ਦੇ ਪੱਤਰਾਂ, ਕਵਿਤਾਵਾਂ, ਵਿਆਖਿਆਨਾਂ ਅਤੇ ਲੇਖਾਂ ਦੀ ਥਾਂ-ਥਾਂ ਵਰਤੋਂ ਕੀਤੀ ਗਈ ਹੈ। ਪਰ ਇਹ ਪੁਸਤਕ ਨਿਰੋਲ ਜੀਵਨ-ਕਥਾ ਹੀ ਨਹੀਂ, ਸਗੋਂ ਇਹ ਸੁਆਮੀ ਰਾਮ ਤੀਰਥ ਦੇ ਸੰਪਰਕ ਵਿਚ ਬਿਤਾਏ ਸਮੇਂ ਦੀ ਪ੍ਰੋ. ਪੂਰਨ ਸਿੰਘ ਦੀ ਆਤਮ-ਕਥਾ ਵੀ ਹੈ। ਇਸ ਵਿਚ ਸਾਨੂੰ ਅਲਬੇਲੇ, ਸਿਰੜੀ, ਨਿਸ਼ਠਾਵਾਨ ਭਾਵਨਾਵਾਂ ਨਾਲ ਓਤ ਪੋਤ ਪ੍ਰੋ. ਪੂਰਨ ਸਿੰਘ ਦੇ ਬਹੁਪੱਖੀ ਵਿਅਕਤਿਤਵ ਦੇ ਵੀ ਭਰਪੂਰ ਦਰਸ਼ਨ ਹੁੰਦੇ ਹਨ। ਇਹੋ ਨਿਸ਼ਠਾ ਅਤੇ ਕਰਤੱਵ ਪਾਲਣ ਦੀ ਭਾਵਨਾ ਹੈ ਜਿਸ ਰਾਹੀਂ ਪ੍ਰੋ. ਪੂਰਨ ਸਿੰਘ ਨੇ ਪੰਜਾਬੀ ਗੱਦ ਤੇ ਪਦ ਦੇ ਖੇਤਰ ਵਿਚ ਭਰਪੂਰ ਯੋਗਦਾਨ ਪਾ ਕੇ ਪੰਜਾਬੀ ਸਾਹਿਤ ਵਿਚ ਨਵੀਆਂ ਸਿਖ਼ਰਾਂ ਛੂਹੀਆਂ।

ਇਸ ਪੁਸਤਕ ਦਾ ਅਨੁਵਾਦ ਪ੍ਰੋ. ਕਿਰਪਾਲ ਸਿੰਘ ਕਸੇਲ ਨੇ ਕੀਤਾ ਹੈ। ਪੁਸਤਕ ਪੰਜਾਬੀ ਪਾਠਕ ਦੇ ਹੱਥਾਂ ਵਿਚ ਦਿੰਦਿਆਂ ਮੈਨੂੰ ਬਹੁਤ ਖ਼ੁਸ਼ੀ ਹੋ ਰਹੀ ਹੈ। ਆਸ ਹੈ ਕਿ ਪੰਜਾਬੀ ਪਾਠਕ ਜਗਤ ਤੋਂ ਇਸ ਯਤਨ ਨੂੰ ਭਰਪੂਰ ਹੁੰਗਾਰਾ ਮਿਲੇਗਾ।

ਡਾ. ਮਦਨ ਲਾਲ ਹਸੀਜਾ

ਡਾਇਰੈਕਟਰ

ਭਾਸ਼ਾ ਵਿਭਾਗ, ਪੰਜਾਬ

ਤਤਕਰਾ

ਆਦਿ ਕਥਨ

(ਪਹਿਲੇ ਸੰਸਕਰਣ ਦੀ ਭੂਮਿਕਾ)

ਅਜਿਹੇ ਮਨੁੱਖ ਦੀ ਜੀਵਨ-ਕਥਾ ਲਈ ਕਿਹੜੀ ਸਾਮੱਗਰੀ ਉਪਯੁਕਤ ਹੋ ਸਕਦੀ ਹੈ, ਜੋ ਇਕ ਕਮਲ ਸਮਾਨ ਆਪਣੇ ਜੀਵਨ ਦੀ ਪ੍ਰਸੰਨਤਾ ਦੇ ਰਹੱਸ ਬਾਰੇ ਬਿਲਕੁਲ ਮੌਨ ਹੈ ਅਤੇ ਜੋ ਆਪਣੇ ਨਿਰਮਾਣ ਜੀਵਨ-ਤਲ ਤੋਂ ਉਤਪੰਨ ਹੋ ਕੇ ਆਪਣੇ ਨੇੜੇ ਦੀ ਸ਼ਾਨ ਵਿਚ ਮਹਿਕ ਤੇ ਮੌਲ ਪੈਂਦਾ ਹੈ? ਉਸ ਦੀ ਜੀਵਨ-ਕਥਾ ਹੋਰ ਕੀ ਹੋ ਸਕਦੀ ਹੈ? ਜਿਸ ਨੇ ਵੀ ਉਨ੍ਹਾਂ ਦੇ ਦਰਸ਼ਨ ਕੀਤੇ ਹਨ, ਉਸ ਨੇ ਥੋੜ੍ਹਾ ਜਿਹਾ ਵੀ ਉਨ੍ਹਾਂ ਨੂੰ ਕਿਹਾ ਹੈ ਕਿ ਉਨ੍ਹਾਂ ਨੂੰ ਮਨੁੱਖ ਸਮੂਹ ਵਿਚ ਇਕ ਪੁਸ਼ਪ ਜਾਤਾ ਹੈ। ਉਨ੍ਹਾਂ ਦੇ ਪੂਰਣ ਰੂਪ ਵਿਚ ਦਰਸ਼ਨ ਕਰਕੇ ਅਤੇ ਉਨ੍ਹਾਂ ਨੂੰ ਆਪਣੇ ਸੰਪੂਰਨ ਖੇੜੇ ਵਿਚੋਂ ਵੇਖ ਕੇ ਇਹ ਨਿਸਚਾ ਕਰ ਲਿਆ ਕਿ ਇਸ ਵਿਅਕਤੀ ਤੋਂ ਪਰੇ ਕਿਸੇ ਹੋਰ ਸਵਰਨ-ਭੂਮੀ ਦੀ ਹੋਂਦ ਹੋ ਹੀ ਨਹੀਂ ਸਕਦੀ। ਉਨ੍ਹਾਂ ਦੇ ਪ੍ਰਸੰਨ ਚਿਤ ਮੁਖੜੇ ਉਪਰ ਉਸ ਦਾ ਰਹਸਮਈ ਸਰੂਪ ਝਲਕਦਾ ਦਿਖਾਈ ਦਿੰਦਾ ਹੈ। ਸੰਪੂਰਣ ਰੂਪ ਵਿਚ ਖਿੜੇ ਇਸ ਕਮਲ ਨੇ ਆਪਣੀ ਜੀਵਨ-ਕਥਾ ਬਾਰੇ ਬਹੁਤ ਸਾਰੀਆਂ ਆਤਮਾਵਾਂ ਵਲੋਂ ਜ਼ੋਰ ਪਾਉਣ ਦੇ ਬਾਵਜੂਦ ਵੀ ਕੁਝ ਹੋਰ ਵੇਰਵੇ ਦਸਣ ਤੋਂ ਇਨਕਾਰ ਕੀਤੀ ਰਖਿਆ ਹੈ। ਆਪ ਆਪਣੀ ਅੰਦਰਲੀ ਮਹਿਕ ਨੂੰ ਆਪਣੇ ਆਲੇ ਦੁਆਲੇ ਦੇ ਵਾਯੂਮੰਡਲ ਵਿਚ ਪਸਾਰਦੇ ਰਹੇ।

ਸੁਆਮੀ ਰਾਮ ਤੀਰਥ ਮੁਖ ਰੂਪ ਵਿਚ ਆਤਮਕ ਜੀਵਨ ਦੇ ਪੁੰਜ ਸਨ, ਜਿਨ੍ਹਾਂ ਦਾ ਨਿਤ ਦਾ ਆਹਾਰ 'ਓਮ' ਦਾ ਪ੍ਰਭੂ ਸਿਮਰਨ ਸੀ। ਜਿਨ੍ਹਾਂ ਵਿਅਕਤੀਆਂ ਨੇ ਉਨ੍ਹਾਂ ਦੇ ਦਰਸ਼ਨ ਕੀਤੇ ਹਨ, ਉਨ੍ਹਾਂ ਸਭ ਨੂੰ ਪਤਾ ਹੈ ਕਿ ਆਪ ਸਦਾ ਪ੍ਰਭੂ ਪ੍ਰੀਤਮ ਵਿਚ ਲਿਵਲੀਨ ਰਹਿੰਦੇ ਸਨ। 'ਓਮ' ਦੇ ਅਧਿਆਤਮਕ ਮੰਤਰ ਦਾ ਉਚਾਰਣ ਉਨ੍ਹਾਂ ਦੇ ਅੰਦਰੋਂ ਇਕ ਵਹਿੰਦੇ ਦਰਿਆ ਦੀ ਸੰਗੀਤਮਈ ਧੁਨੀ ਦੀ ਨਿਆਈਂ ਨਿਰੰਤਰ ਪ੍ਰਵਾਹਤ ਹੁੰਦਾ ਰਹਿੰਦਾ ਸੀ। ਇਹ ਗੱਲ (ਧਰਮ ਗ੍ਰੰਥਾਂ ਵਿਚ) ਅੰਕਿਤ ਹੈ ਕਿ ਸਿਮਰਨ ਤਾਂ ਪ੍ਰਭੂ ਦੀ ਦੈਵੀ-ਪ੍ਰੇਰਨਾ ਦਾ ਚਿੰਨ੍ਹ ਅਥਵਾ ਪ੍ਰਭੂ ਦਾ ਪ੍ਰਸਾਦਿ ਕਰਮ ਹੈ। ਸੁਆਮੀ ਰਾਮ ਤੀਰਥ ਜੀ ਨੇ ਆਪਣੇ ਆਪ ਨੂੰ ਸੰਸਾਰ ਰੂਪੀ ਮਹਾਂ ਜਾਲ ਦੇ ਫੰਦੇ ਵਿਚੋਂ ਪੂਰੀ ਤਰ੍ਹਾਂ ਬਾਹਰ ਕੱਢ ਲਿਆ ਹੋਇਆ ਸੀ ਅਤੇ ਆਪ ਉੱਚੇ ਮੰਡਲਾਂ ਵਿਚ ਪੰਛੀ ਦੀ ਤਰ੍ਹਾਂ ਉਡਾਰੀਆਂ ਮਾਰਦੇ ਰਹਿੰਦੇ ਸਨ।

ਇਸ ਪ੍ਰੇਰਨਾ-ਯੁਕਤ ਵਿਅਕਤੀ ਦਾ ਇਕ ਕੱਚਾ ਪੈਨਸਿਲ ਚਿਤਰ ਦੇਣਾ ਹੀ ਸੰਭਵ ਹੈ। ਕਿਉਂਜੋ ਉਨ੍ਹਾਂ ਦੇ ਮਨ ਦੇ ਵਿਕਾਸ-ਕਰਮ ਦਾ ਪ੍ਰਮਾਣਿਕ ਇਤਿਹਾਸ ਰਖ ਸਕਣਾ ਅਸੰਭਵ ਹੈ, ਜੋ ਕਿ ਆਪ ਦੇ ਭਗਵਾਨ ਕ੍ਰਿਸ਼ਨ ਨਾਲ ਪ੍ਰੇਮ ਦੇ ਰਹੱਸ ਦੀ ਰਾਸ ਰਚਾਉਣ ਦੀ ਪ੍ਰਕਿਰਿਆ ਨੂੰ ਸਾਖਸ਼ਾਤ ਕਰ ਸਕੇ। ਉਨ੍ਹਾਂ ਨੂੰ ਮੈਂ ਪਹਿਲੀ ਵਾਰ ਜਾਪਾਨ ਵਿਚ ਟੋਕੀਓ ਵਿਖੇ ਮਿਲਿਆ ਸਾਂ ਅਤੇ ਇਸ ਪੁਸਤਕ ਦੇ ਪੰਨਿਆਂ ਵਿਚ ਉਨ੍ਹਾਂ ਬਾਰੇ ਉਹ ਪ੍ਰਭਾਵ ਹੀ ਸੰਕਲਿਤ ਹਨ।

ਇਹ ਬੜਾ ਸੁਭਾਵਕ ਸੀ ਕਿ ਆਪ ਪ੍ਰੇਮ ਦੀ ਉਚਤਾ ਤਕ ਪੁਜ ਕੇ ਅਤੇ ਇਕ ਡੂੰਘੇ ਭਾਵਾਵੇਸ਼ ਵਿਚ ਆਪਣੇ ਆਪ ਨੂੰ ਕਹਿ ਦੇਣ-''ਮੈਂ ਹੀ ਉਹ ਹਾਂ'', ''ਮੈਂ ਹੀ ਪ੍ਰਭੂ ਹਾਂ।'' ਪਰ ਉਨ੍ਹਾਂ ਦੇ ਅੰਦਰ ਦੀ ਇਹ ਧੁਨੀ ਦਾਰਸ਼ਨਿਕ ਨਾਲੋਂ ਭਗਤੀ ਭਾਵਾਂ ਵਿਚ ਰਤੀ ਹੋਈ ਵਧੇਰੇ ਸੀ। ਸੁਆਮੀ ਰਾਮ ਤੀਰਥ ਦੇ ਮਨੋਭਾਵ, ਪਰਮਾਨੰਦ ਦੇ ਅਨੁਭਵ ਵਿਚ ਵਹਾਏ ਗਏ ਤਰਲ ਹੰਝੂ, ਸੁੰਦਰਤਾ ਨੂੰ ਨਿਹਾਰ ਕੇ ਉਤਪੰਨ ਹੋਈ ਕਾਵਿ-ਮਈ ਮਨੋ-ਤਰੰਗ, ਜਿਹੜੇ ਵੀ ਲੋਕ ਉਨ੍ਹਾਂ ਦੇ ਸੰਪਰਕ ਵਿਚ ਆਉਂਦੇ, ਉਨ੍ਹਾਂ ਵਿਚਲਾ ਏਕਤਾ ਦਾ ਪ੍ਰਗੀਤਮਈ ਅਹਿਸਾਸ ਅਤੇ ਉਨ੍ਹਾਂ ਦੀ ਮਾਨਵਤਾ ਪ੍ਰਤੀ ਸਹਾਨੁਭੂਤੀ ਆਦਿ ਸਦਗੁਣ ਵੇਦਾਂਤਕ ਚਿੰਤਕ ਦੇ ਖੁਸ਼ਕ, ਕਠੋਰ, ਅਚਲ, ਆਕਾਦਮਿਕ ਤੇ ਕਾਠ ਸਮਾਨ ਕਠੋਰ ਰੂਪ ਤੋਂ ਬਿਲਕੁਲ ਵਖਰੇ ਤੇ ਨਿਆਰੇ ਸਨ। ਉਨ੍ਹਾਂ ਦਾ ਨਿੱਕਾ ਜਿਹਾ ਦਿਲ ਜੀਵਨ ਦੇ ਤਾਲ ਨਾਲ ਪੂਰਨ ਤੌਰ ਤੇ ਇਕਸੁਰ ਹੋ ਕੇ ਧੜਕਦਾ ਸੀ ਅਤੇ ਮਨੁੱਖ ਦੇ ਦੁਖ ਸੁਖ ਇਕ ਸਮਾਨ ਉਨ੍ਹਾਂ ਦੇ ਨਿਜੀ ਅਨੁਭਵ ਦਾ ਅੰਗ ਸਨ।

ਜਿਹੜਾ ਕੋਈ ਵੀ ਸੁਆਮੀ ਰਾਮ ਤੀਰਥ ਜੀ ਦੀਆਂ ਰਚਨਾਵਾਂ ਦਾ ਘੋਖਵਾਂ ਅਧਿਐਨ ਕਰੇਗਾ, ਉਸ ਨੂੰ ਬੋਧ ਹੋ ਜਾਵੇਗਾ ਕਿ ਆਪ ਨੇ ਸ਼ਬਦ 'ਵੇਦਾਂਤ' ਨੂੰ ਇਸ ਦੇ ਪ੍ਰਮਾਣਿਤ ਤੇ ਪ੍ਰਚਲਤ ਅਰਥਾਂ ਨਾਲੋਂ ਬਿਲਕੁਲ ਭਿੰਨ ਅਰਥਾਂ ਵਿਚ ਲਿਆ ਹੈ। ਇਹ ਉਨ੍ਹਾਂ ਦੀ ਭਗਵਾਨ ਕ੍ਰਿਸ਼ਨ ਪ੍ਰਤੀ ਅਰਥਾਤ ਪ੍ਰਭੂ ਚੇਤਨਾ ਦੀ ਭਗਤੀ ਭਾਵਨਾ ਹੈ, ਜੋ ਸਰਵ ਈਸ਼ਵਰਵਾਦੀ ਰੰਗ ਦੇ ਗੀਤਾਂ ਵਿਚ ਪ੍ਰਜਵਲਿਤ ਹੋ ਉਠੀ ਹੈ। ਉਨ੍ਹਾਂ ਦੀ ਵੇਦਾਂਤ ਦਰਸ਼ਨ ਦੀ ਆਤਮਾ ਗੁਰੂ ਗੋਬਿੰਦ ਸਿੰਘ ਜੀ ਦੇ ਚਿੰਤਨ ਤੋਂ ਆਧਾਰ ਪ੍ਰਾਪਤ ਕਰਦੀ ਹੈ ਅਤੇ ਸ਼ਮਸ ਤਬਰੇਜ਼ ਤੇ ਹੋਰ ਫ਼ਾਰਸੀ ਦੇ ਰਹੱਸਵਾਦੀ ਕਵੀਆਂ ਦੀ ਧਾਰਾ ਤੋਂ ਪ੍ਰੇਰਨਾ ਲੈਂਦੀ ਹੈ। ਜੋ ਕੁਝ ਵੀ ਉਨ੍ਹਾਂ ਦੇ ਦੈਵੀ ਜੀਵਨ ਦੀ ਅੰਦਰਲੀ ਜੋਤ ਨੂੰ ਨਿਰੰਤਰ ਜਗਦੇ ਰਖਣ ਵਿਚ ਸਹਾਈ ਹੁੰਦਾ ਹੈ, ਆਪ ਉਸ ਨੂੰ ਅਪਨਾ ਲੈਂਦੇ ਹਨ। ਆਪਣੀ ਆਤਮਾ ਦੀ ਸੁਤੰਤਰਤਾ ਪ੍ਰਾਪਤ ਕਰਨ ਲਈ ਉਹ ਪੂਰਬ ਤੇ ਪਛਮ ਦੇ ਸਾਹਿਤ ਤੋਂ ਪ੍ਰੇਰਨਾ ਲੈਂਦੇ ਸਨ। ਉਨ੍ਹਾਂ ਦਾ ਰਸਾਲਾ 'ਅਲਿਫ਼'

ਜੋ ਲਾਹੌਰ ਤੋਂ ਪ੍ਰਕਾਸ਼ਿਤ ਹੁੰਦਾ ਰਿਹਾ, ਉਨ੍ਹਾਂ ਦੀਆਂ ਪ੍ਰੇਰਨਾਸ਼ੀਲ ਰਚਨਾਵਾਂ ਦਾ ਪ੍ਰਮੁੱਖ ਮਾਧਿਅਮ ਸੀ, ਜਿਸ ਵਿਚ ਉਹ ਫ਼ਾਰਸੀ, ਪੰਜਾਬੀ, ਅੰਗ੍ਰੇਜ਼ੀ ਅਤੇ ਸੰਸਕ੍ਰਿਤ ਭਾਸ਼ਾਵਾਂ ਦੇ ਮੋਤੀ ਮਾਣਕਾਂ ਨੂੰ ਸਾਹਿਤਕ ਰੂਪ ਵਿਚ ਸੰਕਲਿਤ ਕਰਦੇ ਸਨ। ਉਹ ਉਨ੍ਹਾਂ ਦੇ ਸਭ ਨੂੰ ਆਪਣੀ ਗਲਵਕੜੀ ਵਿਚ ਲੈਣ ਵਾਲੇ ਹਿਰਦੇ ਦਾ ਪ੍ਰਤੀਕ ਹੈ, ਜੋ ਉਨ੍ਹਾਂ ਨੂੰ ਅਤੀਤ ਅਤੇ ਭਵਿੱਖ ਦੀ ਏਕਤਾ ਦੇ ਤੀਬਰ ਮਨੋਭਾਵਾਂ ਦੇ ਅਹਿਸਾਸ ਵਿਚ ਜਗਾ ਦਿੰਦਾ ਹੈ।

ਉਹ ਆਪਣੀ ਰਚਨਾ ਦੇ ਵਾਕਾਂ ਨੂੰ ਆਪਣੇ ਹੰਝੂਆਂ ਵਿਚ ਪਰੋ ਦਿੰਦੇ ਹਨ। ਉਹ ਆਪਣੇ ਵਿਚਾਰਾਂ ਨੂੰ ਪਰਮਾਨੰਦ ਦੀ ਹੂਕ ਵਿਚ ਡੁਬੋ ਦਿੰਦੇ ਹਨ। ਉਹ ਸਭ ਪ੍ਰਕਾਰ ਦੀ ਆਲੋਚਨਾ ਅਤੇ ਕਿੰਤੂਆਂ ਨੂੰ ਇਹ ਕਹਿ ਕੇ ਸ਼ਾਂਤ ਕਰ ਦਿੰਦੇ ਹਨ ਕਿ ਆਲੋਚਕ ਵਿਚ ਉਨ੍ਹਾਂ ਦਾ ਆਪਣਾ ਆਪਾ ਵਿਦਮਾਨ ਹੈ। ਉਹ ਆਪਣੇ ਸ਼ਤਰੂਆਂ ਨੂੰ ਵੀ ਆਪਣੇ ਪ੍ਰੇਮ ਦੇ ਗੀਤ ਨਾਲ ਮੋਹ ਲੈਂਦੇ ਹਨ ਅਤੇ ਉਨ੍ਹਾਂ ਨੂੰ ਆਪਣਾ ਹੀ ਨਿਜ ਸਰੂਪ ਦੱਸਦੇ ਹਨ। ਉਹ ਆਪਣੇ ਆਲੇ ਦੁਆਲੇ ਦੇ ਵਾਤਾਵਰਣ ਨੂੰ ਆਪਣੇ ਪੰਛੀ ਹਾਰ ਬੋਲਾਂ ਨਾਲ ਕੀਲ ਲੈਂਦੇ ਸਨ, ਜੋ ਕਿ ਪੂਰਨ ਤੌਰ ਤੇ ਕਵਿਤਾ ਤੇ ਸੰਗੀਤ ਦਾ ਹੀ ਰੂਪ ਹੁੰਦੇ ਸਨ। ਉਨ੍ਹਾਂ ਦਾ ਸਰੀਰ ਇਕ ਅਜਿਹੀ ਝੀਲ ਦੀ ਨਿਆਂਈਂ ਸੀ, ਜਿਸ ਦੀਆਂ ਤਰੰਗਾਂ ਦੇ ਹੇਠਾਂ 'ਸੂਰਜ' ਡੂੰਘੇ ਤਲਾਂ ਵਿਚ ਵਿਚਰ ਕੇ ਚਮਕਦਾ ਹੈ। ਉਹ ਨਿਆਇ ਜਾਂ ਤਰਕ ਨੂੰ ਆਪਣੀ ਰੱਬੀ ਮਸਤੀ ਨਾਲ ਇਕਮਿਕ ਕਰ ਦਿੰਦੇ ਹਨ। ਆਪਣੀ ਹੀ ਮਸਤੀ ਦੀ ਅਵਸਥਾ ਵਿਚ ਉਹ ਹਜ਼ਾਰਾਂ ਅਸੰਗਤੀਆਂ ਤੇ ਸਵੈ-ਵਿਰੋਧਾਂ ਨੂੰ ਵੀ ਪ੍ਰਗਟਾਉਂਦੇ ਹਨ, ਪਰ ਉਹ ਤਾਂ ਉਨ੍ਹਾਂ ਦਾ ਇਕ ਮਤ ਤੇ ਨਿਹਚਾ ਹੈ।

ਉਨ੍ਹਾਂ ਦਾ ਇਸ ਸੰਕਲਪ ਉੱਤੇ ਵਾਰ ਵਾਰ ਜ਼ੋਰ ਦੇਣਾ, "ਮੈਂ ਹੀ ਪ੍ਰਭੂ ਹਾਂ" ਕਈ ਵਾਰ ਕੰਨਾਂ ਨੂੰ ਚੁਭਦਾ ਹੈ, ਪਰ ਉਹ ਇਸ ਨੂੰ ਤਟਫਟ ਰੂਪ ਵਿਚ ਇਸ ਤਰ੍ਹਾਂ ਲੈ ਆਉਂਦੇ ਹਨ ਕਿ ਇਹ ਉਨ੍ਹਾਂ ਦੇ ਪ੍ਰਭੂ ਪ੍ਰੇਮ ਤੇ ਦੇਵ ਉਪਾਸਨਾ ਦੇ ਗੀਤ ਦਾ ਰੂਪ ਧਾਰਣ ਕਰ ਜਾਂਦਾ ਹੈ। ਇਕ ਵਾਕ ਵਿਚ ਤਾਂ ਆਪ ਸਾਨੂੰ ਪ੍ਰੇਮ ਕਰਨ ਲਈ ਕਹਿੰਦੇ ਹਨ ਅਤੇ ਦੂਜੇ ਵਾਕ ਵਿਚ ਬੁਤਖ਼ਾਨੇ ਜਾਂ ਦੇਵ ਮੰਦਰ ਵਿਚੋਂ ਦੇਵ ਮੂਰਤੀ ਨੂੰ ਬਾਹਰ ਸੁਟ ਕੇ ਉਸ ਦੀ ਥਾਂ ਆਪ ਬਿਰਾਜਮਾਨ ਹੋ ਜਾਂਦੇ ਹਨ। ਆਪ ਦਾ ਅਨੁਸਰਣ ਕਰ ਸਕਣਾ ਬੜਾ ਕਠਿਨ ਹੈ ਕਿਉਂਜੋ ਅਜਿਹਾ ਕਰਨ ਲਈ ਉਨ੍ਹਾਂ ਵਰਗੀ ਖ਼ੁਸ਼ੀ ਦੀ ਮਸਤਾਨੀ ਅਵਸਥਾ ਦਰਕਾਰ ਹੈ। ਉਸ ਅਕੱਥ ਨੂੰ ਕਥਨ ਵਿਚ ਲਿਆਉਣ ਲਈ ਉਨ੍ਹਾਂ ਦੇ ਜਗਮਗਾਉਂਦੇ ਮਨੋਭਾਵ ਅਤੇ ਉਸ ਦੈਵੀ-ਆਵੇਸ਼ ਜਾਂ ਪ੍ਰੇਰਨਾ ਦੀ ਲੋੜ ਹੈ, ਜੋ ਸਭ ਅਪੂਰਨਤਾਵਾਂ ਤੋਂ ਉੱਪਰ ਉਠ ਜਾਂਦੀ ਹੈ।

ਆਪ ਸਮੱਸਤ ਵਿਚ ਨਿਹਿਤ ਪਰਮਾਨੰਦ ਦੇ ਅਨੁਭਵ ਨਾਲ ਹੀ ਵਾਸਤਾ ਰਖਦੇ ਹਨ। ਕੇਵਲ ਪ੍ਰਭੂ ਦੀ ਹਸਤੀ ਤੋਂ ਬਿਨਾਂ ਹੋਰ ਕਿਸੇ ਨਾਲ ਉਨ੍ਹਾਂ ਨੂੰ ਸਰੋਕਾਰ ਨਹੀਂ ਹੈ। ਇਸ ਵਿਚ ਕੋਈ ਸੰਦੇਹ ਨਹੀਂ ਕਿ ਇਸ ਆਤਮਾ ਨੇ ਆਪਣੀ ਜੀਵਨ ਰਹੱਸ ਬਾਰੇ ਕੁਝ ਦੱਸਣ ਦਾ ਉਪਰਾਲਾ ਕੀਤਾ ਹੈ, ਪਰ ਜੋ ਕੁਝ ਵੀ ਉਹ ਇਸ ਪ੍ਰਥਾਇ ਕਹਿਣਾ ਚਾਹੁੰਦੇ ਸਨ, ਉਹ ਉਨ੍ਹਾਂ ਦੇ ਹਿਰਦੇ ਦੇ ਵੇਗਵਾਨ ਝਖੜਾਂ ਵਿਚ ਪਤਝੜ ਦੇ ਸੁਕੇ ਪੱਤਰਾਂ ਦੀ ਨਿਆਂਈਂ ਉਡ ਪੁਡ ਗਿਆ ਹੈ ਅਤੇ ਅੰਤ ਵਿਚ ਕੇਵਲ ਚੀਖ਼ਾਂ ਤੇ ਕੂਕਾਂ ਹੀ ਸੁਣਾਈ ਦਿੰਦੀਆਂ ਹਨ। ਆਪ ਤਾਂ ਆਤਮਕ ਜੀਵਨ ਦੇ ਸਚੇ ਅਰਥਾਂ ਵਿਚ ਜੋਤੀ-ਪੁੰਜ ਸਨ। ਉਨ੍ਹਾਂ ਨੇ ਅਵਿਸ਼ਵਾਸ ਤੇ ਭੈਅ ਦੇ ਦੁਬਿਧਾ ਮਾਰੇ ਅਰਧ ਜੀਵਨ ਦੇ ਵਿਰੁਧ ਆਪਣੇ ਆਪ ਨੂੰ ਖੜਾ ਕੀਤਾ ਸੀ। ਆਪ ਦਾ ਕਥਨ ਹੈ, ''ਮੈਨੂੰ ਤਾਂ ਮਨੁੱਖ ਖੰਡਿਤ ਦਿਸਦਾ ਹੈ ਨਾ ਕਿ ਪੂਰਨ ਮਨੁੱਖ। ਮੇਰੀ ਇਹ ਕਾਮਨਾ ਹੈ ਕਿ ਮਨੁੱਖ ਆਪਣੇ ਪੂਰਨ ਰੂਪ ਵਿਚ ਪ੍ਰਗਟ ਹੋਵੇ। ਇਹ ਪੂਰਨਤਾ ਹੀ ਪਾਵਨਤਾ ਹੈ।''

ਆਪਣੇ ਵਿਦਿਆਰਥੀ ਜੀਵਨ ਵਿਚ ਉਨ੍ਹਾਂ ਨੇ ਵੱਡੀਆਂ ਵੱਡੀਆਂ ਔਕੜਾਂ ਦਾ ਟਾਕਰਾ ਕਰਕੇ ਉਨ੍ਹਾਂ ਉੱਤੇ ਕਾਬੂ ਪਾਇਆ ਹੈ ਅਤੇ ਇਸ ਬੰਨੇ ਉਨ੍ਹਾਂ ਨੇ ਇਕ ਜੋਤੂ ਵਾਲੀ ਇਛਾ ਸ਼ਕਤੀ, ਸਤੀ ਵਾਲੀ ਭਗਤੀ ਭਾਵਨਾ ਅਤੇ ਵਗਾਰੀ ਕਾਮੇ ਵਾਲੀ ਕਠਿਨ ਮਿਹਨਤ ਦਾ ਪ੍ਰਗਟਾਵਾ ਕੀਤਾ ਹੈ। ਭੁੱਖੇ ਹੋਣ ਉੱਤੇ ਵੀ ਉਹ ਇਕ ਰੋਟੀ ਵਧੇਰੇ ਖਾਣ ਨਾਲੋਂ ਬਚਤ ਕਰਕੇ ਰਾਤ ਦੀ ਪੜ੍ਹਾਈ ਨੂੰ ਜਾਰੀ ਰੱਖਣ ਲਈ ਬਲਣ ਵਾਲੇ ਦੀਵੇ ਦੇ ਤੇਲ ਨੂੰ ਵਧੇਰੇ ਮਹੱਤਤਾ ਦਿੰਦੇ ਸਨ। ਸਾਲਾਂ ਬਧੀ ਗਿਆਨ ਪ੍ਰਤੀ ਉਨ੍ਹਾਂ ਦੀ ਜਿਗਿਆਸਾ ਨੇ ਦੈਵੀ ਰੂਪ ਧਾਰਣ ਕੀਤੀ ਰਖਿਆ ਹੈ।

ਕਵੀ ਦੇ ਤੌਰ ਤੇ ਜਿਵੇਂ ਜਿਵੇਂ ਉਹ ਆਪਣੇ ਮਨੋਭਾਵਾਂ ਨੂੰ ਨਿਹਾਰਦੇ ਗਏ, ਤਿਵੇਂ ਤਿਵੇਂ ਉਹ ਉਨ੍ਹਾਂ ਪਿੱਛੇ ਬਉਰੇ ਹੋਏ ਨਗਨ ਰੂਪ ਵਿਚ ਹੀ ਨਸਦੇ ਰਹੇ। ਇਸ ਤਰ੍ਹਾਂ ਉਹ ਇਸ ਦੇ ਸ਼ੁੱਧ ਸਰੂਪ ਦੀ ਸ਼ਾਨ ਨੂੰ ਆਪਣੇ ਅੰਦਰ ਸਮੋਂਦੇ ਰਹੇ। ਆਪ ਘੰਟਿਆਂ ਬਧੀ ਨੰਗੇ ਬਦਨ ਧੁੱਪ ਅਤੇ ਪਵਨ ਨੂੰ ਮਾਣਨ ਲਈ ਬੇਸੁਧ ਲੇਟੇ ਰਹਿੰਦੇ ਸਨ। ਉਹ ਕੁਦਰਤ ਦੀ ਕਾਵਿ-ਆਤਮਾ ਨਾਲ ਵਿਚਰਦੇ ਰਹੇ ਅਤੇ ਉਹ ਇਸ ਦੀ ਆਤਮਾ ਦੇ ਬੜੇ ਨੇੜੇ ਸਨ। ਉਹ ਆਪਣੀਆਂ ਰਚਨਾਵਾਂ ਦੇ ਮੋਤੀ ਮਾਣਕਾਂ ਨੂੰ ਕਿਸੇ ਬਨਾਵਟੀ ਰੰਗ ਰੋਗਨ ਕਰਨ ਦੀ ਆਗਿਆ ਨਹੀਂ ਸਨ ਦਿੰਦੇ। ਉਨ੍ਹਾਂ ਦੀਆਂ ਕਲਾ ਕਿਰਤਾਂ ਆਪਣੇ ਮੌਲਿਕ ਜਾਂ ਕੁਦਰਤੀ ਰੂਪ ਵਿਚ ਹੀ ਹੁੰਦੀਆਂ ਸਨ,ਜਿਸ ਵਿਚ ਉਨ੍ਹਾਂ ਦੀ ਆਤਮਾ ਦੀ ਪੂਰਨਤਾ ਵਿਦਮਾਨ ਹੁੰਦੀ ਸੀ। ਉਹ ਆਪਣੀ ਰਚਨਾ ਦੇ ਬਾਹਰੀ ਰੂਪ ਵਲ ਧਿਆਨ ਨਹੀਂ ਸਨ ਦਿੰਦੇ। ਉਨ੍ਹਾਂ ਦੀ ਕਲਾ ਕਿਰਤ ਬੜੀ ਸਰਲ

ਹੁੰਦੀ ਸੀ। ਉਹ ਉਨ੍ਹਾਂ ਦੇ ਆਪਣੇ ਮਨ ਦੀਆਂ ਖ਼ੁਸ਼ੀ ਤਰੰਗਾਂ ਅਤੇ ਦੂਜਿਆਂ ਵਿਚ ਅਜਿਹੇ ਮਨੋਭਾਵਾਂ ਨੂੰ ਸਿੰਚਤ ਕਰ ਸਕਣ ਦਾ ਸਾਕਾਰ ਰੂਪ ਹੁੰਦੀ ਸੀ। ਹਾਫ਼ਿਜ਼ ਅਤੇ ਉਮਰ ਖ਼ਿਆਮ ਵਰਗੇ ਰਹੱਸਵਾਦੀ ਕਵੀਆਂ ਦੇ ਭਾਈਚਾਰੇ ਵਿਚ ਉਹ ਪਵਿੱਤਰ ਠੇਕੇ ਵਿਚ ਬੈਠ ਕੇ ਮਸਤੀ ਦੇ ਜਾਮ ਤੇ ਜਾਮ ਪੀ ਜਾਂਦੇ ਸਨ। ਮਸਤ ਅਤੇ ਬੇਖ਼ੁਦ ਹੋ ਕੇ ਆਪ ਹਰ ਥਾਂ ਪ੍ਰਭੂ ਦੀ ਤਲਾਸ਼ ਵਿਚ ਮਗਨ ਰਹਿੰਦੇ ਸਨ।

ਅਮਰੀਕਾ ਤੋਂ ਪਰਤਣ ਪਿੱਛੋਂ ਉਹ ਉਸ ਦੇਸ਼ ਦੇ ਰਿਵਾਜ ਅਨੁਸਾਰ ਚੀਜ਼ਾਂ ਨੂੰ ਨਵੀਂ ਸਿਖਿਆ ਅਨੁਸਾਰ ਵਾਚਣ ਲੱਗ ਪਏ ਸਨ, ਆਪਣੇ ਵਾਕਾਂ ਅਤੇ ਭਾਸ਼ਣਾਂ ਦੀ ਕਾਂਟ ਛਾਂਟ ਕਰਦੇ ਸਨ ਅਤੇ ਆਪਣੀ ਭਾਸ਼ਾ ਤੇ ਵਿਚਾਰਾਂ ਦੀ ਬਣਤਰ ਵਿਚ ਸੋਧ ਕਰਦੇ ਸਨ, ਜਿਸ ਦੇ ਫਲਸਰੂਪ ਉਹ ਆਪਣੀ ਅੰਦਰਲੀ ਪ੍ਰੇਰਨਾ ਨੂੰ ਵੀ ਬਦਲ ਦਿੰਦੇ ਸਨ। ਸਾਗਰ ਦੀਆਂ ਲਹਿਰਾਂ ਸਮਾਨ ਆਤਮਾ ਵਿਚ ਵੀ ਕਾਂਗ-ਉਛਾਲੇ ਆਉਂਦੇ ਰਹਿੰਦੇ ਹਨ ਅਤੇ ਇਨ੍ਹਾਂ ਦੇ ਤੂਫ਼ਾਨੀ ਝੱਖੜਾਂ ਵਿਚ ਸਭ ਮਕਾਨਕੀ ਗਿਣਤੀ ਮਿਣਤੀ ਰਲਗਡ ਹੋ ਜਾਂਦੀ ਹੈ। ਉਨ੍ਹਾਂ ਦੀ ਰਚਨਾ ਦਾ ਮੁਖ ਵਿਸ਼ਾ ਆਪਣੇ ਲਈ ਉਸ ਅਨੰਦ ਨੂੰ ਸਿੰਚਿਤ ਕਰਨਾ ਸੀ, ਜਿਸ ਨੂੰ ਉਹ ਦੂਜਿਆਂ ਵਿਚ ਵੀ ਵੰਡ ਕੇ ਸਾਂਝਾ ਕਰਨਾ ਚਾਹੁੰਦੇ ਸਨ। ਜੇ ਕਿਤੇ ਉਹ 'ਲੇਖ' ਲਿਖਣ ਲੱਗ ਪੈਂਦੇ ਤਾਂ ਸੁਆਮੀ ਜੀ ਕਿਸ ਪ੍ਰਕਾਰ ਖ਼ੁਸ਼ੀ ਵਿਚ ਆਪਣੇ ਨਿਜ ਤੇ ਪ੍ਰਕਿਰਤੀ ਤੋਂ ਉੱਪਰ ਉੱਠ ਕੇ ਸ਼ਾਨਦਾਰ ਰੂਪ ਵਿਚ ਜਗਮਗਾ ਪੈਂਦੇ ਸਨ। ਇਹ ਨਿਹਾਰ ਕੇ ਬੜੀ ਖ਼ੁਸ਼ੀ ਹੁੰਦੀ ਸੀ ਕਿ ਸੁਆਮੀ ਰਾਮ ਵਰਗੇ ਮਹਾਨ ਵਿਅਕਤੀ ਮਕਾਨਕੀ ਜੋੜ ਤੋੜ ਤੋਂ ਬੜੇ ਉੱਚੇ ਹੁੰਦੇ ਹਨ ਅਤੇ ਉਹ ਚੀਰ ਫਾੜ ਵਾਲੀ ਬਿਰਤੀ ਤੋਂ ਬੜਾ ਉੱਪਰ ਹੁੰਦੇ ਹਨ। ਉਨ੍ਹਾਂ ਦਾ 'ਸਫ਼ਲਤਾ ਦਾ ਭੇਦ' ਨਾਂ ਦਾ ਭਾਸ਼ਣ ਜੋ ਇਸ ਪੁਸਤਕ ਵਿਚ ਅੰਕਿਤ ਹੈ, ਵਿਚ ਉਨ੍ਹਾਂ ਦੇ ਮਨ ਦੀਆਂ ਉੱਚੀਆਂ ਚੜ੍ਹ ਰਹੀਆਂ ਖ਼ੁਸ਼ੀ ਤਰੰਗਾਂ ਦੇ ਸੰਬਾਦ ਨੂੰ ਵੇਖਿਆ ਜਾ ਸਕਦਾ ਹੈ, ਜੋ ਕਿ ਆਪਣੀ ਮੂਲ ਸਰਲਤਾ ਵਿਚ ਹੀ ਚਲਦਾ ਹੈ, ਜਿਵੇਂ ਉਹ ਹਿਮਾਲੀਆ ਦੇ ਹਿਮ ਖੰਡਾਂ ਤੋਂ ਪਹਿਲੀ ਵਾਰ ਹੀ ਲਖਨਊ ਦੇ ਮੈਦਾਨਾਂ ਵਿਚ ਪਰਤੇ ਹੋਣ। ਉਨ੍ਹਾਂ ਦੀ ਲਿਖੀ ਗਈ ਰਚਨਾ 'ਬਲੀਦਾਨ ਦਾ ਨੇਮ' (ਜੋ ਅਮਰੀਕਾ ਵਾਪਸੀ ਤੋਂ ਪਿਛੋਂ ਲਿਖੀ ਗਈ ਹੈ) ਵਿਚ ਉਨ੍ਹਾਂ ਦੇ ਮਨ ਅੰਦਰਲੀ ਉਦਾਸੀ ਸਾਫ਼ ਦਿਖਾਈ ਦਿੰਦੀ ਹੈ, ਜੋ ਕਿ ਉਨ੍ਹਾਂ ਵਰਗੀ ਆਤਮਾ ਵਿਚ ਆਉਣੀ ਬੜੀ ਸੁਭਾਵਕ ਸੀ, ਜਿਸ ਨੇ ਕਿ ਮਨੁੱਖੀ ਸਮੂਹਾਂ ਨੂੰ ਖ਼ੁਸ਼ੀ ਦੇ ਪਿੱਛੇ ਭੁਲੇ ਹੋਏ ਦੌੜਦੇ ਵੇਖਿਆ ਹੈ। ਪਰ ਜੇ ਖ਼ੁਸ਼ੀ ਦੇ ਸ਼ੁੱਧ ਸਰੂਪ ਭਾਵ ਇਸ ਦੇ ਆਤਮਕ ਸਰੂਪ ਨੂੰ ਵੇਖਿਆ ਜਾਵੇ ਤਾਂ ਆਤਮ-ਬਲੀਦਾਨ ਦੀ ਕੋਈ ਲੋੜ ਹੀ ਨਹੀਂ ਰਹਿੰਦੀ।

ਅਲਿਫ' ਨਾਮ ਦੇ ਰਸਾਲੇ ਵਿਚ ਪੂਰਬੀ ਅਤੇ ਪਛਮੀ ਸਾਹਿਤ ਵਿਚੋਂ ਲਏ ਗਏ ਚੋਣਵੇਂ ਅੰਸ਼ ਅਤੇ ਹੋਰ ਰਚਨਾਵਾਂ, ਆਪਣੇ ਗੁਜਰਾਂਵਾਲੇ ਦੇ ਮੁਰਸ਼ਦ ਧੰਨਾ ਭਗਤ ਨੂੰ ਕਿਸ਼ੋਰ ਅਵਸਥਾ ਵਿਚ ਲਿਖੇ ਗਏ ਅਨੇਕ ਪੱਤਰ ਉਨ੍ਹਾਂ ਦੀ ਆਤਮ-ਕਥਾ ਦੇ ਕਈ ਵੇਰਵਿਆਂ ਨੂੰ ਸਾਕਾਰ ਕਰਦੇ ਹਨ। ਇਸੇ ਤਰ੍ਹਾਂ ਕਈ ਹੋਰ ਉਨ੍ਹਾਂ ਦੀਆਂ ਰਚਨਾਵਾਂ ਬਾਰੇ ਵੀ ਇਹੋ ਕੁਝ ਕਿਹਾ ਜਾ ਸਕਦਾ ਹੈ। ਉਨ੍ਹਾਂ ਦੀ ਵਾਸਤਵਿਕ ਜੀਵਨ-ਕਥਾ ਤਾਂ ਉਨ੍ਹਾਂ ਦੇ ਮਨ ਜਾਂ ਆਤਮਾ ਵਿਚ ਉਤਪੰਨ ਹੋਏ ਕਰਮ ਪ੍ਰਤੀਕਰਮ ਹੀ ਹਨ।

ਇਹ ਪੱਤਰ ਇਕ ਪੰਜਾਬੀ ਵਿਦਿਆਰਥੀ ਦੇ ਉਨ੍ਹਾਂ ਸਮਿਆਂ ਦੀਆਂ ਮਨ ਦੀਆਂ ਭਾਵਨਾਵਾਂ ਉੱਤੇ ਪ੍ਰਕਾਸ਼ ਪਾਉਂਦੇ ਹਨ। ਇਕ ਇਸ਼ਾਰਾ ਇਸ ਗੱਲ ਬਾਰੇ ਵੀ ਹੈ ਕਿ ਕਿਸ ਤਰ੍ਹਾਂ ਜਦੋਂ ਭਾਰਤੀ ਵਿਦਿਆਰਥੀ ਕਾਲਜ ਛੱਡ ਕੇ ਜਾਂਦੇ ਹਨ ਤਾਂ ਕਿਵੇਂ ਉਨ੍ਹਾਂ ਨੂੰ ਪੱਥਰ ਦੀਆਂ ਕੰਧਾਂ ਨਾਲ ਮੱਥਾ ਮਾਰਨਾ ਪੈਂਦਾ ਹੈ। ਕਿਵੇਂ ਉਨ੍ਹਾਂ ਵਰਗੇ ਅਨੇਕ ਵਿਦਿਆਰਥੀਆਂ ਨੂੰ ਨੌਕਰੀ ਦੀ ਖ਼ਾਤਰ ਥਾਂ ਥਾਂ ਤੇ ਭਟਕਣਾ ਪੈਂਦਾ ਹੈ। ਉਸ ਸਮੇਂ ਜਦੋਂ ਕਿ ਹਾਲੀਂ ਯੂਨੀਵਰਸਿਟੀਆਂ ਵਿਚ ਵਖ ਵਖ ਤਰ੍ਹਾਂ ਦੀਆਂ ਸਿਖਿਆ ਸ਼ਾਖ਼ਾਵਾਂ ਵਿਚ ਵਿਦਿਆਰਥੀ ਟਕਸਾਲ ਦੇ ਸਿਕਿਆਂ ਵਾਂਗ ਘੜ ਘੜ ਕੇ ਵੱਡੀ ਗਿਣਤੀ ਵਿਚ ਬਾਹਰ ਨਹੀਂ ਸੀ ਭੇਜੇ ਜਾਂਦੇ, ਜਿਵੇਂ ਕਿ ਅਜ ਵੀ ਹਾਲਤ ਉਵੇਂ ਦੀ ਉਵੇਂ ਹੀ ਹੈ। ਉਸ ਵੇਲੇ ਪੰਜਾਬੀ ਨੌਜਵਾਨ ਦਾ ਅਸਿਸਟੈਂਟ ਕਮਿਸ਼ਨਰ ਦੀ ਸਰਕਾਰੀ ਆਸਾਮੀ ਤੇ ਨਿਯੁਕਤ ਹੋ ਜਾਣਾ ਕਿੱਡੀ ਵੱਡੀ ਮਲ ਮਾਰਨ ਦੇ ਤੁਲ ਸੀ, ਹੁਣ ਵੀ ਇਹ ਆਸਾਮੀਆਂ ਬੜੀ ਖਿੱਚ ਰੱਖਦੀਆਂ ਹਨ। ਪਰ ਸੁਆਮੀ ਰਾਮ ਤੀਰਥ ਆਪਣੇ ਮੂਲ ਵਿਸ਼ੇ ਗਣਿਤ-ਵਿਗਿਆਨ ਨਾਲ ਇਤਨਾ ਪ੍ਰੇਮ ਰਖਦੇ ਸਨ ਕਿ ਉਨ੍ਹਾਂ ਨੇ ਆਪਣੇ ਪ੍ਰੋਫ਼ੈਸਰਾਂ ਵਲੋਂ ਦਿੱਤੇ ਗਏ ਸਰਕਾਰੀ ਮੁਲਾਜ਼ਮਤ ਦੇ ਸੱਦੇ-ਪੱਤਰ ਨੂੰ ਵੀ ਪਰਵਾਨ ਨਹੀਂ ਸੀ ਕੀਤਾ ਅਤੇ ਆਪਣੇ ਵਿਸ਼ੇ ਨਾਲ ਇਕ ਅਧਿਆਪਕ ਦੇ ਤੌਰ ਤੇ ਵੀ ਜੁੜੇ ਰਹੇ ਸਨ। ਅਧਿਆਪਨ ਦੀ ਇਹ ਤੀਬਰ ਮਨੋਭਾਵਨਾ ਉਨ੍ਹਾਂ ਦੇ ਮਨ ਵਿਚ ਉਨ੍ਹਾਂ ਦੇ ਸਾਰੇ ਚਕਾਚੌਂਦ ਕਰ ਦੇਣ ਵਾਲੇ ਸੰਖੇਪ ਜੀਵਨ ਕਾਲ ਵਿਚ ਪ੍ਰਜਵਲਤ ਹੁੰਦੀ ਰਹੀ ਹੈ।

ਗੁਜਰਾਂਵਾਲੇ ਦੇ ਭਗਤ ਧੰਨਾ ਪ੍ਰਤੀ ਉਨ੍ਹਾਂ ਦੀ ਸ਼ਰਧਾ ਭਾਵਨਾ ਇਸ ਗੱਲ ਦਾ ਇਕ ਮਾਤਰ ਪ੍ਰਮਾਣ ਹੈ ਕਿ ਕਿਵੇਂ ਉਨ੍ਹਾਂ ਦੇ ਮਨ ਅੰਦਰ ਸੱਚੇ ਮੁਰੀਦ ਦੀ ਭਾਵਨਾ ਵਿਆਪਕ ਰੂਪ ਵਿਚ ਮੌਜੂਦ ਸੀ ਹਾਲਾਂਕਿ ਇਸ ਵਿਅਕਤੀ ਨੇ ਉਨ੍ਹਾਂ ਦੀ ਉਸ ਸਮੇਂ ਸਹਾਇਤਾ ਕੀਤੀ ਸੀ ਜਦੋਂ ਕਿ ਉਹ ਹਾਈ ਸਕੂਲ ਵਿਚ ਪੜ੍ਹਦੇ ਸਨ। ਵਖ ਵਖ ਮਾਨਸਿਕ ਅਤੇ ਸਰੀਰਕ ਦਬਾਵਾਂ ਵਿਚ ਸ਼ਾਂਤ ਤੇ ਅਡੋਲ ਰਹਿਣ ਵਾਲੇ ਸੁਆਮੀ

ਜੀ ਲਈ ਆਤਮ ਬਲੀਦਾਨ ਇਕ ਮਾਤਰ ਹਲ ਸੀ। ਉਨ੍ਹਾਂ ਦਾ ਇਹੋ ਹੀ ਨਿਹਚਾ ਅਤੇ ਭਗਤੀ ਸੀ ਕਿ ਹਰ ਥਾਂ ਅਤੇ ਹਰ ਮਨੁੱਖ ਵਿਚ ਪ੍ਰਭੂ ਦੀ ਆਤਮਾ ਵਿਆਪਕ ਹੈ।

ਆਪ ਇਕਾਂਤਵਾਸ ਅਤੇ ਲਗਾਤਾਰ ਕੰਮ ਕਰਨ ਨੂੰ ਬੜਾ ਪਸੰਦ ਕਰਦੇ ਸਨ। ਉਨ੍ਹਾਂ ਨੂੰ ਲੋਕਾਂ ਦੀ ਭੀੜ ਵਲੋਂ ਦਾਦਾ ਭਾਈ ਨੌਰੋ ਜੀ ਵਰਗੇ ਨੇਤਾਵਾਂ ਦੇ ਸੁਆਗਤ ਬੜੇ ਓਪਰੇ ਅਤੇ ਰਸਮੀ ਆਡੰਬਰ ਪ੍ਰਤੀਤ ਹੁੰਦੇ ਸਨ। ਸਾਧਾਰਨ ਖੱਦਰ ਦੇ ਕੱਪੜੇ ਪਾਉਣ ਵਾਲੇ ਇਸ ਨੌਜਵਾਨ ਨੂੰ ਉਨ੍ਹਾਂ ਦਿਨਾਂ ਦੇ ਅਰਾਸ਼ਟਰੀ ਕਾਂਗਰਸੀ ਨੇਤਾਵਾਂ ਦੇ ਰਾਜਸੀ ਭਾਸ਼ਣ ਦੇ ਲਛੇਦਾਰ ਵਾਕ ਅਰਥਹੀਣ ਅਤੇ ਫੋਕੇ ਲਗਦੇ ਸਨ। ਆਪ ਉਨ੍ਹਾਂ ਦਿਨਾਂ ਵਿਚ ਵੀ ਕੁਝ ਆਨਿਆਂ ਜਾਂ ਕਈ ਵਾਰ ਪੂਰੇ ਦਿਨ ਵਿਚ ਇਕ ਆਨੇ ਵਿਚ ਹੀ ਗੁਜ਼ਾਰਾ ਕਰ ਲੈਂਦੇ ਸਨ।

ਸੁਆਮੀ ਰਾਮ ਤੀਰਥ ਨੇ ਉਚੇਰੀ ਸਿਖਿਆ ਗ੍ਰਹਿਣ ਕਰਕੇ ਆਪਣੇ ਆਪ ਨੂੰ ਸੁਤੰਤਰ ਮਨੁੱਖ ਦੇ ਰੂਪ ਵਿਚ ਵਿਕਸਿਤ ਕਰ ਲਿਆ ਸੀ, ਹਾਲਾਂਕਿ ਬਹੁਤ ਸਾਰੇ ਲੋਕ ਇਸੇ ਸਿੱਖਿਆ ਪ੍ਰਾਪਤੀ ਪਿੱਛੋਂ ਆਪਣੇ ਆਪ ਨੂੰ ਦਾਸ ਭਾਵਨਾ ਤੋਂ ਮੁਕਤ ਨਹੀਂ ਸਨ ਕਰ ਸਕੇ। ਭਾਰਤ ਦੇ ਕਾਲਜ ਤਾਂ ਉਨ੍ਹਾਂ ਦਾਸਾਂ ਨੂੰ ਜਨਮ ਦੇਣ ਵਾਲੇ ਅਦਾਰੇ ਹਨ, ਜਿਨ੍ਹਾਂ ਦਾ ਇਕ ਮਾਤਰ ਉਦੇਸ਼ ਸਰਕਾਰੀ ਸੇਵਾ ਦੀ ਪ੍ਰਾਪਤੀ ਦਾ ਰਾਸ਼ਟਰ-ਵਿਆਪੀ ਔਗੁਣ ਹੈ, ਜੋ ਕਿ ਦਾਸ ਭਾਵਨਾ ਨੂੰ ਪੱਕਾ ਕਰਨ ਦਾ ਸਾਧਨ ਹੈ। ਪਰ ਸੁਆਮੀ ਰਾਮ ਤੀਰਥ ਇਕ ਅਜਿਹਾ ਨੌਜਵਾਨ ਪੰਜਾਬੀ ਸੀ, ਜਿਸ ਦਾ ਸਤਿਕਾਰ ਅਤੇ ਸੁਆਗਤ ਜਾਪਾਨ ਅਤੇ ਅਮਰੀਕਾ ਵਿਚ ਇਕ ਸੁਤੰਤਰ ਮਨੁੱਖ ਦੇ ਰੂਪ ਵਿਚ ਹੋਇਆ ਹੈ, ਜੋ ਸਭ ਦਾ ਭਾਈ ਅਤੇ ਸਭ ਦੇ ਸਮਾਨ ਸੀ। ਹਰ ਥਾਂ ਹਜ਼ਾਰਾਂ ਸਰੋਤਿਆਂ ਨੇ ਉਨ੍ਹਾਂ ਦਾ ਸੁਆਗਤ ਭਾਰਤ ਦੇ ਇਕ ਪੁਰਾਤਨ ਰਿਸ਼ੀ ਮੁੰਨੀ ਦੇ ਰੂਪ ਵਿਚ ਕੀਤਾ ਹੈ। ਆਪ ਉਨ੍ਹਾਂ ਕੁਝ ਵਿਰਲੇ ਭਾਰਤੀਆਂ ਵਿਚੋਂ ਹਨ, ਜਿਨ੍ਹਾਂ ਨੇ ਆਪਣੇ ਕਰਮ ਅਤੇ ਕੀਰਤੀ ਦੁਆਰਾ ਭਾਰਤੀ ਜਾਤੀ ਦਾ ਸਨਮਾਨ ਸਾਰੇ ਸੰਸਾਰ ਵਿਚ ਵਧਾਇਆ ਹੈ। ਟੋਕੀਓ ਦੇ ਪ੍ਰੋਫ਼ੈਸਰ ਟਕਾ ਕੁਸੂ ਨੂੰ ਸੁਆਮੀ ਜੀ ਇਕ ਅਜਿਹੇ ਸਚੇ ਯੋਗੀ ਦੇ ਰੂਪ ਵਿਚ ਦਿਖਾਈ ਦਿੱਤੇ, ਜਿਨ੍ਹਾਂ ਦੀ ਸ਼ਖ਼ਸੀਅਤ ਵਿਚ ਬੁੱਧ ਦਰਸ਼ਨ ਤੇ ਵੇਦਾਂਤ ਦਰਸ਼ਨ ਇਕ ਸਮਾਨ ਸਮਾਏ ਹੋਏ ਸਨ। ਅਮਰੀਕਾ ਦੇ ਪ੍ਰੋਫ਼ੈਸਰ ਜੇਮਸ ਨੂੰ ਉਹ ਇਕ ਅਜਿਹੇ ਵਿਅਕਤੀ ਪ੍ਰਤੀਤ ਹੋਏ, ਜੋ ਆਪਣੇ ਸਰੀਰ ਤੋਂ ਬਾਹਰ ਕਿਸੇ ਕੇਂਦਰ ਨਾਲ ਜੁੜੇ ਹੋਏ ਵਿਚਰਦੇ ਸਨ।

ਵਿਹਲੜਾਂ ਦੇ ਇਸ ਦੇਸ਼ ਵਿਚ, ਜਿਥੇ ਮਨ ਸਦਾ ਭਟਕਦਾ ਰਹਿੰਦਾ ਹੈ, ਜਿਥੇ ਹੱਥ ਨਿਰੰਤਰ ਕੰਮ ਵਿਚ ਜੁਟੇ ਨਹੀਂ ਰਹਿੰਦੇ, ਜਿਥੇ ਧਰਮ ਇਕ ਵਹਿਮ ਭਰਮ ਹੈ,

ਜਿੱਥੇ ਧਾਰਮਿਕ ਰੀਤੀ ਮਰਿਆਦਾ ਫੋਕਟ ਕਾਂਡ ਹੀ ਹੈ, ਜਿਥੇ ਹਾਲੀ ਵੀ ਲੋਕ ਆਪਣੇ ਪਿਤਰੀ ਪੂਰਵ ਸੰਸਕਾਰਾਂ ਅਧੀਨ ਜਾਤੀ ਅਭਿਮਾਨ ਦੀਆਂ ਲੋਹ-ਕੜੀਆਂ ਵਿਚ ਜਕੜੇ ਹੋਏ ਹਨ, ਜਿਥੇ ਮਨ ਢਿਲੜਾਂ ਵਾਂਗ ਭਵਿਖ ਦੀ ਥਾਂ ਭੂਤਕਾਲ ਵਿਚ ਹੀ ਉਲਝਿਆ ਰਹਿੰਦਾ ਹੈ-ਸੁਆਮੀ ਰਾਮ ਤੀਰਥ ਸੁਆਮੀ ਵਿਵੇਕਾਨੰਦ ਤੋਂ ਪਿਛੋਂ ਅਜਿਹੇ ਅਦੁੱਤੀ ਵਿਅਕਤੀ ਹਨ, ਜੋ ਭਾਰਤ ਦੇ ਲੋਕਾਂ ਨੂੰ ਇਹ ਸੁਚੇਤ ਕਰਦੇ ਹਨ ਕਿ ਖ਼ਾਲੀ ਸੁਅਪਨ ਸੰਸਾਰ ਵਿਚ ਉਲਝੇ ਰਹਿਣ ਦੀ ਥਾਂ ਆਜ਼ਾਦੀ ਦੀ ਪ੍ਰਾਪਤੀ ਲਈ ਨਿਰੰਤਰ ਮਿਹਨਤ ਕਰਨ ਦੀ ਜਾਚ ਸਿੱਖਣ; ਜੋ ਕਿ ਦੂਜਿਆਂ ਨੂੰ ਜਿੱਤ ਕੇ ਨਹੀਂ ਸਗੋਂ ਆਪਣੇ ਨਿਜ ਨੂੰ ਜਿੱਤਣ ਦੇ ਫਲਸਰੂਪ ਹੀ ਪ੍ਰਾਪਤ ਹੁੰਦੀ ਹੈ।

-ਪੂਰਨ ਸਿੰਘ

ਮੁਖਬੰਦ

(ਦੂਜੇ ਸੰਸਕਰਣ ਦੀ ਭੂਮਿਕਾ)

ਅਸੀਂ ਸਭ ਤੋਂ ਪਹਿਲਾਂ ਸ੍ਰੀ ਪੂਰਨ ਸਿੰਘ ਨੂੰ ਜਾਪਾਨ ਵਿਚ ਮਿਲੇ। ਉਹ ਜਨਮ ਜਾਤ ਵਜੋਂ ਸਿੱਖ ਸੀ ਅਤੇ ਸਾਨੂੰ ਪਤਾ ਲੱਗਾ ਕਿ ਉਹ ਉੱਥੇ ਸਿੱਖ ਬਰਾਦਰੀ ਵਲੋਂ ਉਚੇਰੀ ਵਿਦਿਆ ਪ੍ਰਾਪਤ ਕਰਨ ਲਈ ਭੇਜਿਆ ਗਿਆ ਸੀ। ਪਰ ਉਸ ਸਮੇਂ ਉਹ ਕਟੜਤਾ ਜੋ ਕਿਸੇ ਵਿਅਕਤੀ ਨੂੰ ਸੌੜੀ ਦ੍ਰਿਸ਼ਟੀ ਵਾਲਾ ਬਣਾ ਦਿੰਦੀ ਹੈ, ਉਸ ਦੇ ਮਨ ਵਿਚ ਹਾਲੀ ਉਤਪੰਨ ਨਹੀਂ ਸੀ ਹੋਈ ਅਤੇ ਉਸ ਵਿਚ ਉਹ ਕੁਦਰਤੀਪਣ ਵਾਲੀ ਮਨ ਦੀ ਸੁੰਦਰਤਾ ਮੌਜੂਦ ਸੀ। ਉਹ ਇਕ ਅਜਿਹਾ ਨੌਜਵਾਨ ਸੀ ਜੋ ਹਰ ਪ੍ਰਭਾਵ ਨੂੰ ਗ੍ਰਹਿਣ ਕਰਨ ਵਾਲਾ ਸੰਵੇਦਨਸ਼ੀਲ ਰੂੜੀਵਾਦ ਤੋਂ ਮੁਕਤ ਅਤੇ ਬਹੁਤ ਹੀ ਭਾਵਕ ਵਿਅਕਤੀ ਸੀ। ਉਸ ਦੇ ਮਾਨਸਿਕ ਅਤੇ ਬੌਧਿਕ ਚਿਹਨ-ਚਕਰ ਦੋਵੇਂ ਹੀ ਉਸ ਸਮੇਂ ਹਾਲੀ ਇਸ ਤਰ੍ਹਾਂ ਦੇ ਨਹੀਂ ਸੀ ਬਣੇ, ਜਿਵੇਂ ਕਿ ਉਹ ਪ੍ਰੌਢ ਅਵਸਥਾ ਵਿਚ ਆ ਕੇ ਹੋ ਜਾਂਦੇ ਹਨ। ਪ੍ਰੌਢ ਆਯੂ ਵਿਚ ਇਹ ਕੇਵਲ ਨਿਸ਼ਚਿਤ ਰੂਪ ਹੀ ਧਾਰਣ ਨਹੀਂ ਕਰਦੇ ਸਗੋਂ ਪੱਕਾ ਪੀਢਾ ਰੂਪ ਵੀ ਧਾਰਣ ਕਰ ਜਾਂਦੇ ਹਨ। ਅਜਿਹੀ ਅਵਸਥਾ ਵਿਚ ਉਸ ਵਿਚ ਉਹ ਜਵਾਨੀ ਵਾਲਾ ਸਪੱਸ਼ਟ ਦ੍ਰਿਸ਼ਟੀਕੋਣ ਨਹੀਂ ਰਹਿੰਦਾ ਅਤੇ ਉਹ ਵਿਸ਼ੇਸ਼ ਐਣਕ ਰਾਹੀਂ ਜੀਵਨ ਨੂੰ ਵੇਖਣ ਦਾ ਆਦੀ ਹੋ ਜਾਂਦਾ ਹੈ।

''ਸੁਆਮੀ ਰਾਮ ਤੀਰਥ ਦੀ ਜੀਵਨ-ਕਥਾ' ਨਾਮੀ ਪੁਸਤਕ ਪੂਰਨ ਸਿੰਘ ਨੇ ਆਪਣੀ ਆਯੂ ਦੇ ਪਿਛਲੇਰੇ ਕਾਲ ਵਿਚ ਲਿਖੀ ਹੈ। ਫਿਰ ਵੀ ਬਹੁਤ ਸਾਰੀਆਂ ਥਾਵਾਂ ਤੇ ਅਸੀਂ ਉਸ ਦੀ ਜਵਾਨੀ ਵਾਲੇ ਸੁਨਹਿਰੀ ਅੰਸ਼ਾਂ ਨੂੰ ਵੇਖ ਸਕਦੇ ਹਾਂ, ਜਦੋਂ ਕਿ ਉਹ ਚੰਡੋਲ ਪੰਛੀ ਸਮਾਨ ਉੱਚੀਆਂ ਗਗਨ-ਉਡਾਰੀਆਂ ਮਾਰਦਾ ਹੈ, ਪਰ ਉਹ ਉਸ ਦੇ ਨਿਸ਼ਕਰਸ਼ ਉਸ ਦੇ ਸਜਰੇ ਦ੍ਰਿਸ਼ਟੀਕੋਣ ਦੀ ਸਾਖੀ ਨਹੀਂ ਭਰਦੇ। ਇਨ੍ਹਾਂ ਉੱਤੇ ਪੂਰਨ ਸਿੰਘ ਦੀ ਪ੍ਰੌਢ ਆਯੂ ਦੇ ਪੱਕੇ ਪੀਢੇ ਰੰਗ ਘੁਲੇ ਹੋਏ ਹਨ ਅਤੇ ਇਸ ਗੱਲ ਦਾ ਪ੍ਰਭਾਵ ਪਾਉਂਦੇ ਹਨ ਕਿ ਲੇਖਕ ਇਕ ਸ਼ਰਧਾਲੂ ਸਿੱਖ ਹੈ। ਹਰ ਪ੍ਰਕਾਰ ਦਾ ਵਰਣਨ ਜਾਂ ਵਿਵੇਚਨ ਲੇਖਕ ਦੇ ਦ੍ਰਿਸ਼ਟੀਕੋਣ ਉੱਤੇ ਆਧਾਰਿਤ ਹੁੰਦਾ ਹੈ ਅਤੇ ਇਹ ਕਿੰਨਾ ਚੰਗਾ ਹੁੰਦਾ ਕਿ ਜੇ ਉਹ ਪ੍ਰੌਢ ਆਯੂ ਵਿਚ ਵੀ ਕਿਸੇ ਵਿਸ਼ੇਸ਼ ਐਣਕ (ਦ੍ਰਿਸ਼ਟੀਕੋਣ) ਦੀ ਵਰਤੋਂ ਨਾ ਕਰਦਾ।

ਸਿੱਖ ਧਰਮ ਵਿਚ ਇਹ ਨਿਹਚਾ ਬੜਾ ਪ੍ਰਪਕ ਹੈ ਕਿ ਕੋਈ ਵਿਅਕਤੀ ਵੀ ਦੈਵੀ-ਪ੍ਰੇਰਨਾ ਨੂੰ ਗੁਰੂ ਦੀ ਕਿਰਪਾ ਤੋਂ ਬਿਨਾਂ ਨਾ ਤਾਂ ਪ੍ਰਾਪਤ ਕਰ ਸਕਦਾ ਹੈ, ਨਾ ਹੀ ਉਸ ਵਿਚ ਨਿਰੰਤਰ ਵਾਧਾ ਕਰ ਸਕਦਾ ਹੈ, ਇਥੋਂ ਤਕ ਕਿ ਉਸ ਤੋਂ ਬਿਨਾਂ ਮੁਕਤੀ ਵੀ ਪ੍ਰਾਪਤ ਨਹੀਂ ਕਰ ਸਕਦਾ। ਇਸੇ ਲਈ ਇਸ ਜੀਵਨ-ਕਥਾ ਵਿਚ ਸ੍ਰੀ ਪੂਰਨ ਸਿੰਘ ਵਾਰ ਵਾਰ ਇਸ ਗੱਲ ਦਾ ਉਲੇਖ ਕਰਦੇ ਹਨ ਕਿ ਸੁਆਮੀ ਰਾਮ ਆਪਣੀ ਅਧਿਆਤਮਕ ਪ੍ਰੇਰਨਾ ਦੇ ਦੈਵੀ ਆਵੇਸ਼ ਦੀ ਭਰਪੂਰਤਾ ਵਿਚ ਇਹ ਭੁਲ ਜਾਂਦੇ ਹਨ ਕਿ ਉਹ ਸਾਰੀ ਆਯੂ ਇਕ ਵਿਦਿਆਰਥੀ ਰਹੇ ਹਨ ਅਤੇ ਅਧਿਆਤਮਕ ਖੇਤਰ ਵਿਚ ਵੀ ਸ਼ਿਸ਼ ਬਣਨ ਤੋਂ ਬਿਨਾਂ ਅੱਗੇ ਨਹੀਂ ਵਧਿਆ ਜਾ ਸਕਦਾ।

ਜਿਥੋਂ ਤਕ ਗੁਰੂ ਦੀ ਲੋੜ ਦਾ ਸਬੰਧ ਹੈ, ਅਸੀਂ ਸਾਰੇ ਇਸ ਨਾਲ ਸਹਿਮਤ ਹਾਂ, ਪਰ ਅਗੋਂ ਜਾਂ ਪਿਛੋਂ ਗੁਰੂ ਤੋਂ ਵੀ ਛੁੱਟੀ ਲੈਣੀ ਪੈਂਦੀ ਹੈ। ਗੁਰੂ ਆਦਰਸ਼ ਦੀ ਪ੍ਰਾਪਤੀ ਲਈ ਇਕ ਸਾਧਨ ਮਾਤਰ ਹੈ, ਆਪਣੇ ਆਪ ਵਿਚ ਇਕ ਮੰਜ਼ਲ ਨਹੀਂ ਤੇ ਕੁਦਰਤ ਦਾ ਇਕ ਅਜਿਹਾ ਨਿਯਮ ਹੈ ਕਿ ਜੇ ਅਸੀਂ ਸਾਧਨ ਨੂੰ ਇਕ ਸਮੇ ਆ ਕੇ ਸਮਾਪਤ ਨਹੀਂ ਕਰਦੇ ਤਾਂ ਇਹ ਸਾਧਨ ਸਾਨੂੰ ਸਮਾਪਤ ਕਰ ਦਿੰਦਾ ਹੈ। ਪੌੜੀ ਤਾਂ ਸਾਨੂੰ ਛੱਤ ਉੱਪਰ ਚੜ੍ਹਨ ਲਈ ਲੋੜੀਂਦੀ ਹੈ, ਪਰ ਜੇ ਅਸੀਂ ਉੱਪਰ ਚੜ੍ਹ ਕੇ ਵੀ ਪੌੜੀ ਨਾਲ ਹੀ ਚਿਮਟੇ ਰਹੀਏ ਤਾਂ ਨਿਸ਼ਚੇ ਹੀ ਇਹ ਸਾਨੂੰ ਹੇਠਾਂ ਲੈ ਆਵੇਗੀ। ਇਹ ਗੱਲ ਜਿਵੇਂ ਸਾਡੇ ਸਿਖਿਆ ਦੇ ਖੇਤਰ ਵਿਚ ਸੱਚੀ ਹੈ,ਉਸੇ ਤਰ੍ਹਾਂ ਹੀ ਇਹ ਅਧਿਆਤਮਕ ਖੇਤਰ ਦੇ ਵਿਕਾਸ ਲਈ ਵੀ ਸੱਚੀ ਹੈ। ਨਿਰਸੰਦੇਹ ਸੱਚਾ ਵਿਦਵਾਨ ਜਾਂ ਪੰਡਤ ਸਦਾ ਵਿਦਿਆਰਥੀ ਹੁੰਦਾ ਹੈ, ਪਰ ਇਕ ਸਮਾਂ ਅਜਿਹਾ ਵੀ ਆ ਜਾਂਦਾ ਹੈ ਜਦੋਂ ਵਿਦਿਆਰਥੀ ਹੋਣਾ ਔਗੁਣ ਬਣ ਜਾਂਦਾ ਹੈ। ਜਦੋਂ ਅਸੀਂ ਸਾਧਨ ਨੂੰ ਹੀ ਆਦਰਸ਼ ਮੰਨ ਲੈਂਦੇ ਹਾਂ ਤਾਂ ਇਹ ਬੁਤ ਪੂਜਾ ਦੇ ਸਮਾਨ ਬਣ ਜਾਂਦਾ ਹੈ ਅਤੇ ਆਤਮਕ ਪ੍ਰਗਤੀ ਦੇ ਰਾਹ ਵਿਚ ਵਿਘਨਕਾਰੀ ਸਿੱਧ ਹੁੰਦਾ ਹੈ। ਫ਼ਲ ਜਿਨਾ ਚਿਰ ਕੱਚਾ ਹੁੰਦਾ ਹੈ, ਉਹ ਟਾਹਣੀ ਦੇ ਨਾਲ ਲਟਕਦਾ ਰਹਿੰਦਾ ਹੈ, ਪਰ ਜਦੋਂ ਉਹ ਪੱਕ ਜਾਂਦਾ ਹੈ ਤਾਂ ਇਹ ਕੁਦਰਤ ਦਾ ਨੇਮ ਹੈ ਕਿ ਉਹ ਆਪਣੇ ਆਪ ਉਸ ਨਾਲੋਂ ਟੁੱਟ ਜਾਂਦਾ ਹੈ। ਇਸੇ ਤਰ੍ਹਾਂ ਜੇ ਬੱਚਾ ਨਿਸਚਿਤ ਸਮੇਂ ਤੋਂ ਵਧੇਰੇ ਗਰਭਾਸ ਵਿਚ ਟਿਕਿਆ ਰਹੇ ਤਾਂ ਉਸ ਦੀ ਮ੍ਰਿਤੂ ਹੋ ਜਾਂਦੀ ਹੈ। ਇਹੀ ਨੇਮ ਸਾਰੇ ਲਾਗੂ ਹੁੰਦਾ ਹੈ। ਸਿਖ਼ਰਾਂ ਉੱਤੇ ਪੁੱਜਣ ਲਈ ਗੁਰੂ ਦੀ ਲੋੜ ਹੁੰਦੀ ਹੈ, ਪਰ ਜਦੋਂ ਅਸੀਂ ਉੱਥੇ ਪੁਜ ਜਾਂਦੇ ਹਾਂ ਤਾਂ ਕਿਸੇ ਵੀ ਤੁਲਨਾ ਦੀ ਲੋੜ ਬਾਕੀ ਨਹੀਂ ਰਹਿੰਦੀ। ਸਾਰੇ ਮਨੁੱਖੀ ਸਾਧਨ ਮੁਕ ਜਾਂਦੇ ਹਨ, ਕਿਉਂਜੋ ਉਹ ਸੀਮਤ ਹੁੰਦੇ ਹਨ, ਪਰ ਜਦੋਂ ਕੋਈ ਜਿਗਿਆਸੂ (ਪ੍ਰਭੂ ਨਾਲ) ਇਕਰੂਪਤਾ ਪੈਦਾ ਕਰ ਲੈਂਦਾ ਹੈ ਤਾਂ ਉਹ ਵੀ ਉਸੇ ਦਾ ਹੀ ਰੂਪ ਹੋ ਜਾਂਦਾ

ਹੈ। ਸਤ-ਚਿਤ-ਅਨੰਦ ਦੀ ਸੰਜੋਗੀ ਅਵਸਥਾ ਵਿਚ ਨਾ ਕੋਈ ਆਮਦਨ ਹੁੰਦੀ ਹੈ-ਨਾ ਖ਼ਰਚ, ਨਾ ਕੋਈ ਲਾਭ-ਨਾ ਹਾਨੀ, ਨਾ ਕੋਈ ਜਮ੍ਹਾਂ-ਨਾ ਤਫ਼ਰੀਕ। ਅਜਿਹੀ ਅਵਸਥਾ ਵਿਚ ਤਾਂ ਫਿਰ ਕਿਵੇਂ ਕੋਈ ਆਤਮਾ ਕਿਸੇ ਘਾਟੇ ਨੂੰ ਉਠਾ ਸਕਦੀ ਹੈ? ਇਹ ਗੱਲ ਤਾਂ ਉਸ ਦੇ ਸਵੈ-ਵਿਰੋਧ ਵਿਚ ਜਾਂਦੀ ਹੈ। ਅਜਿਹੀ ਆਤਮਾ ਆਪਣੇ ਅਨੰਦ ਦੇ ਅਨੁਭਵ ਨੂੰ ਕਿਵੇਂ ਦੂਜਿਆਂ ਵਿਚ ਵੰਡ ਸਕਦੀ ਹੈ? ਜਦੋਂ ਕੋਈ ਬ੍ਰਹਮ ਚੇਤਨਾ ਵਿਚ ਲੀਨ ਪਾਵਨ ਆਤਮਾ ਮੂਲ ਸ਼ਕਤੀ ਤੇ ਸੋਮੇ ਨਾਲ ਸਿੱਧੇ ਤੌਰ ਤੇ ਇਕਸੁਰ ਹੋਈ ਹੁੰਦੀ ਹੈ ਤਾਂ ਉਸ ਨੂੰ ਆਪਣੇ ਤੋਂ ਉਚੇਰੇ ਕਿਸੇ ਹੋਰ ਰਹੱਸਵਾਦੀ ਫ਼ਕੀਰਾਂ ਦੀ ਕਿਵੇਂ ਲੋੜ ਬਾਕੀ ਰਹਿ ਜਾਂਦੀ ਹੈ? ਇਹ ਇਕ ਅਜਿਹਾ ਨੁਕਤਾ ਹੈ, ਜਿਸ ਨੂੰ ਨਿਰਪੱਖ ਰੂਪ ਵਿਚ ਅਤੇ ਵਿਸਤਾਰ ਨਾਲ ਵਿਚਾਰਨ ਦੀ ਲੋੜ ਹੈ।

ਸ੍ਰੀ ਪੂਰਨ ਦਾ ਇਹ ਦ੍ਰਿਸ਼ਟੀਕੋਣ ਠੀਕ ਨਹੀਂ ਹੈ ਕਿਉਂਜੋ ਅਸੀਂ ਵੇਖਦੇ ਹਾਂ ਕਿ ਸੁਆਮੀ ਰਾਮ ਆਪਣੀਆਂ ਕਾਵਿ-ਰਚਨਾਵਾਂ ਵਿਚ ਉਸ ਅੰਦਰਲੀ ਆਤਮਕ ਪ੍ਰਸੰਨਤਾ ਨਾਲ ਭਰਪੂਰ ਅਤੇ ਉਛਲਦੇ ਜਾਪਦੇ ਹਨ ਤੇ ਉਹ ਬਾਹਰਵਰਤੀ ਦਿਸ਼ਾ ਵਲ ਉਡਾਰੀ ਮਾਰਨ ਦੀ ਥਾਂ ਆਪਣੇ ਜੀਵਨ ਦੇ ਅੰਤਮ ਸਮੇਂ ਆਪਣੇ ਅੰਤਰੀਵ ਵਿਚ ਹੀ ਸੰਕੁਚਿਤ ਰਹਿੰਦੇ ਹਨ। ਕੇਵਲ ਉਸ ਵਰਤਾਰੇ ਦਾ ਸਰੂਪ ਬਦਲ ਗਿਆ ਹੈ। ਜੋ ਪ੍ਰਵਾਹ ਪਹਿਲਾਂ ਬਾਹਰ ਨੂੰ ਵਹਿੰਦਾ ਸੀ, ਉਸ ਦੀ ਧਾਰਾ ਹੁਣ ਅੰਦਰ ਵਲ ਨੂੰ ਵਹਿੰਦੀ ਹੈ। ਸਰੀਰ ਤਾਂ ਉਸ ਮਹਾਂ ਅਨੰਦ ਦੀਆਂ ਸਿਖ਼ਰਾਂ ਦੀ ਝਾਲ ਝਲ ਸਕਣ ਲਈ ਬੜਾ ਨਿਰਬਲ ਹੁੰਦਾ ਹੈ ਅਤੇ ਇਸੇ ਲਈ ਜਦੋਂ ਸੁਆਮੀ ਰਾਮ ਇਸ ਅਵਸਥਾ ਵਿਚ ਮ੍ਰਿਤੂ ਦੀ ਕਾਮਨਾ ਕਰਦੇ ਹਨ ਤਾਂ ਉਹ ਇਸ ਲਈ ਨਹੀਂ ਕਿ ਸਰੀਰ ਥੱਕ ਚੁਕਾ ਹੈ, ਸਗੋਂ ਇਸ ਲਈ ਕਿ ਉਹ ਹੁਣ ਸਰੀਰ ਤੋਂ ਥੱਕ ਚੁਕੇ ਹਨ। ਸ੍ਰੀ ਪੂਰਨ ਇਸ ਨੂੰ ਉਪਰਾਮਤਾ ਦੀ ਸੰਗਿਆ ਦਿੰਦੇ ਹਨ, ਪਰ ਜਿਵੇਂ ਕਿ ਸੁਆਮੀ ਜੀ ਦੀ ਆਪਣੀ ਵਿਆਖਿਆ ਵੀ ਦ੍ਰਿਸ਼ਟੀਗੋਚਰ ਹੁੰਦੀ ਹੈ, ਅਸੀਂ ਇਸ ਨੂੰ ਉਪਰਾਮਤਾ ਦੀ ਥਾਂ ਪੂਰਨ ਅਨੰਦ ਦੀ ਅਵਸਥਾ ਕਹਿ ਸਕਦੇ ਹਾਂ।

> ਰਾਮ ਪ੍ਰਸੰਨ, ਪ੍ਰਸੰਨ, ਪ੍ਰਸੰਨ ਹੈ।
> ਗੰਭੀਰ, ਸ਼ਾਂਤਚਿਤ, ਸਹਿਜ ਸ਼ਾਂਤੀ ਦਾ ਪਹਿਰਾ ਹੈ।
> ਕੋਈ ਮੇਰੀ ਇਸ ਖ਼ੁਸ਼ੀ ਉੱਤੇ ਰੋਕ ਨਹੀਂ ਲਾ ਸਕਦਾ।
> ਨਾ ਕੋਈ ਮੇਰੇ ਇਸ ਖ਼ੁਸ਼ੀ ਦੇ ਮਾਰਗ ਦਾ ਰੋੜਾ ਬਣ ਸਕਦਾ ਹੈ।

ਇਕ ਹੋਰ ਥਾਂ ਆਪ ਲਿਖਦੇ ਹਨ:

> ਸ਼ਾਂਤੀ ਦਰਿਆ ਦੀ ਧਾਰਾ ਸਮਾਨ ਮੇਰੇ ਸਿਰ ਉੱਤੇ ਵਹਿ ਰਹੀ ਹੈ।
> ਸ਼ਾਂਤੀ ਸਾਗਰ ਦੀਆਂ ਲਹਿਰਾਂ ਸਮਾਨ ਮੇਰੇ ਅੰਦਰ ਛਲਕ ਰਹੀ ਹੈ।
> ਸ਼ਾਂਤੀ ਮੇਰੇ ਵਿਚੋਂ ਗੰਗਾ ਸਮਾਨ ਵਹਿ ਤੁਰੀ ਹੈ।
> ਇਹ ਮੇਰੇ ਰੋਮ ਰੋਮ ਵਿਚੋਂ ਪ੍ਰਵਾਹਤ ਹੋ ਰਹੀ ਹੈ।

ਪਾਠਕ ਜਨ ਉਨ੍ਹਾਂ ਦੀਆਂ ਕਵਿਤਾਵਾਂ ਨੂੰ ਪੜ੍ਹ ਸਕਦੇ ਹਨ, ਜਿਨ੍ਹਾਂ ਦਾ ਸੰਗ੍ਰਹਿ 'ਸੁਆਮੀ ਰਾਮ ਦੀਆਂ ਕਵਿਤਾਵਾਂ' ਦੇ ਰੂਪ ਵਿਚ ਕੀਤਾ ਗਿਆ ਹੈ। ਇਸੇ ਤਰ੍ਹਾਂ ਉਨ੍ਹਾਂ ਦਾ ਅੰਤਮ ਨਿਬੰਧ "ਪ੍ਰਗਤੀ ਦੇ ਪ੍ਰਮਾਣਿਤ ਕਰਮ" ਜਿਸ ਵਿਚ ਮ੍ਰਿਤੂ ਨੂੰ ਵੀ ਸੱਦਾ ਦਿੱਤਾ ਗਿਆ ਹੈ। ਇਹ ਰਚਨਾਵਾਂ ਉਪਰਾਮਤਾ ਤੋਂ ਬਹੁਤ ਦੂਰ ਹਨ, ਸਗੋਂ ਇਸ ਦੇ ਵਿਪਰੀਤ ਇਹ ਤਾਂ ਡੁੱਬ ਰਹੇ ਜੀਵਨ ਜਹਾਜ਼ ਦੇ ਯਾਤਰੂਆਂ ਦੀ ਨਿਮੋਝੂਣਤਾ ਨੂੰ ਉਤਸ਼ਾਹ ਦੇਣ ਵਾਲੀਆਂ ਹਨ।

ਇਨ੍ਹਾਂ ਵਿਚਾਰਾਂ ਤੋਂ ਉਪਰੰਤ ਜੇ ਕਿਸੇ ਨਿਰੰਕੁਸ਼ ਮਾਣਦੰਡ ਦੀ ਦ੍ਰਿਸ਼ਟੀ ਤੋਂ ਵਿਚਾਰ ਕੀਤਾ ਜਾਵੇ ਤਾਂ ਗੁਰੂਆਂ ਤੇ ਮੁਰੀਦਾਂ ਦੀ ਇਕ ਨਾ ਮੁੱਕਣ ਵਾਲੀ ਲੜੀ ਆਰੰਭ ਹੋ ਜਾਵੇਗੀ, ਇਸ ਲਈ ਇਨ੍ਹਾਂ ਵਿਚ ਅੰਤਮ ਗੁਰੂ ਕਿਹੜਾ ਹੋਵੇਗਾ? ਜੇ ਉਹ ਗੁਰੂ ਮਨੁੱਖ ਹੋਵੇਗਾ ਤਾਂ ਉਸ ਦੇ ਦ੍ਰਿਸ਼ਟੀਕੋਣ ਅਨੁਸਾਰ ਉਸ ਦਾ ਇਕ ਹੋਰ ਸ੍ਰੇਸ਼ਟ ਗੁਰੂ ਹੋਣਾ ਚਾਹੀਦਾ ਹੈ। ਜੇ ਉਹ ਰੱਬ ਸਰੂਪ ਹੈ ਤਾਂ ਜਿਹੜਾ ਮਨੁੱਖ ਵੀ ਇਸ ਪਰਮ ਤੱਤ ਦੇ ਅਨੁਭਵ ਨੂੰ ਪ੍ਰਾਪਤ ਕਰ ਲੈਂਦਾ ਹੈ, ਉਸ ਨੂੰ ਰਹੱਸਵਾਦੀ ਜਾਂ ਸੰਤ ਗੁਰੂ ਦੀ ਲੋੜ ਨਹੀਂ ਰਹਿੰਦੀ। ਇਹੀ ਅੰਤਰ ਇਕ ਅਨੁਭਵੀ ਪੁਰਸ਼ ਅਤੇ ਸਾਧਾਰਣ ਪੁਰਸ਼ ਦਾ ਹੁੰਦਾ ਹੈ। ਜਨ ਸਾਧਾਰਣ ਗੁਰੂ ਤੋਂ ਬਿਨਾਂ ਰਹਿ ਨਹੀਂ ਸਕਦਾ। ਉਸ ਲਈ ਤਾਂ ਗੁਰੂ ਇਕ ਵੱਡੀ ਲੋੜ ਹੈ, ਪਰ ਇਕ ਅਨੁਭਵੀ ਆਤਮਾ ਇਨ੍ਹਾਂ ਵਿਚਾਰਾਂ ਤੋਂ ਨਿਰਲੇਪ ਹੁੰਦੀ ਹੈ। ਅਸੀਂ ਇਥੇ ਆ ਕੇ ਗ਼ਲਤੀ ਕਰ ਜਾਂਦੇ ਹਾਂ ਕਿ ਜਿਨ੍ਹਾਂ ਮਾਣਦੰਡਾਂ ਨੂੰ ਅਸੀਂ ਸੀਮਤ ਖੇਤਰਾਂ ਵਿਚ ਲਾਗੂ ਕਰਦੇ ਹਾਂ, ਉਨ੍ਹਾਂ ਨੂੰ ਹੀ ਅਸੀਂ ਅਸੀਮਤ ਜਾਂ ਅਨੰਤ ਖੇਤਰਾਂ ਦੇ ਅਨੁਭਵੀ ਪੁਰਸ਼ਾਂ ਉੱਤੇ ਠੋਸਣ ਦਾ ਯਤਨ ਕਰਦੇ ਹਾਂ।

ਜਿਵੇਂ ਕਿ ਮੈਂ ਪਹਿਲਾਂ ਉਲੇਖ ਕਰ ਚੁੱਕਾ ਹਾਂ ਕਿ ਜਦੋਂ ਪੂਰਨ ਜਾਪਾਨ ਵਿਚ ਸੀ ਤਾਂ ਨਾ ਉਹ ਸਿੱਖ ਸੀ, ਨਾ ਵੇਦਾਂਤੀ। ਸੁਭਾ ਵਜੋਂ ਭਾਵਕ ਹੋਣ ਕਰਕੇ ਉਸ ਦਾ ਹਿਰਦਾ ਸ਼ਰਧਾ ਅਤੇ ਪ੍ਰੇਮ ਨਾਲ ਭਰਪੂਰ ਸੀ। ਜਦੋਂ ਉਸ ਨੇ ਸੁਆਮੀ ਰਾਮ ਨੂੰ ਪਰਮਾਨੰਦ ਦੇ ਖੇੜੇ ਵਿਚ ਭਰਪੂਰ ਵੇਖਿਆ ਤਾਂ ਉਸ ਨੇ ਸਪੰਜ ਦੀ ਨਿਆਈਂ ਉਸ ਖੇੜੇ ਦੇ ਰਸ ਨੂੰ ਆਪਣੇ ਵਿਚ ਸਮੋ ਲਿਆ ਅਤੇ ਉਹ ਪ੍ਰੇਮ ਵਿਚ ਉੱਚਾ ਹੋ ਗਿਆ। ਸੁਆਮੀ ਰਾਮ ਦੀ ਸੰਗਤ ਵਿਚ ਉਸ ਦਾ ਹਿਰਦਾ ਇਸ ਅਨੰਦ ਰਸ ਤੋਂ ਖੁਸ਼ਕ ਨਹੀਂ ਸੀ ਹੋ ਸਕਦਾ ਕਿਉਂਜੋ ਸੁਆਮੀ ਰਾਮ ਇਸ ਦੇ ਅਖੁੱਟ ਭੰਡਾਰ ਸਨ। ਇਸੇ ਕਾਰਣ ਜਦੋਂ ਤਕ ਸੁਆਮੀ ਰਾਮ ਆਪਣੇ ਪੰਚ-ਭੂਤਕ ਸਰੀਰਕ ਰੂਪ ਵਿਚ ਜੀਵਤ ਰਹੇ, ਉਹ ਸੁਆਮੀ ਰਾਮ ਪ੍ਰਤੀ ਅਨਿਨ ਸ਼ਰਧਾਲੂ ਬਣਿਆ ਰਿਹਾ ਅਤੇ ਇਕ ਮੂਕ ਪ੍ਰੇਮੀ ਤੇ ਨਿਰਛਲ ਬੱਚੇ ਸਮਾਨ ਉਨ੍ਹਾਂ ਦਾ ਅਨੁਸਰਣ ਕਰਦਾ ਰਿਹਾ। ਉਨ੍ਹਾਂ ਪ੍ਰਤੀ

16

ਉਹ ਸ਼ਰਧਾਲੂਆਂ ਵਾਲੀ ਖ਼ੁਸ਼ੀ ਵਿਚ ਰੱਤਾ ਰਹਿੰਦਾ ਸੀ ਅਤੇ ਉਨ੍ਹਾਂ ਦੇ ਆਦੇਸ਼ ਅਨੁਸਾਰ ਹੀ ਉਸ ਨੇ ਸੰਨਿਆਸੀ ਮਾਰਗ ਨੂੰ ਧਾਰਣ ਕਰ ਲਿਆ ਸੀ। ਇਸ ਪ੍ਰਕਾਰ ਦੀ ਸੰਦੇਹ-ਰਹਿਤ ਸ਼ਰਧਾ ਵਰਦਾਨ ਹੁੰਦੀ ਹੈ, ਪਰ ਜੇ ਇਹ ਸੰਤੁਲਿਤ ਸਮਾਲੋਚਨਾ ਉੱਤੇ ਆਧਾਰਤ ਨਾ ਹੋਵੇ ਤਾਂ ਆਪਣੀ ਆਤਮਕ ਉਡਾਰੀ ਵਿਚ ਇਹ ਛੇਤੀ ਹੀ ਮਾਂਦੀ ਪੈ ਜਾਂਦੀ ਹੈ। ਇਸੇ ਲਈ ਇਸ ਕਥਨ ਵਿਚ ਕਾਫ਼ੀ ਸਚਾਈ ਹੈ ਕਿ ''ਮੂਕ ਸ਼ਰਧਾ ਨਾਲੋਂ ਅਰੋਗ ਭ੍ਰਾਂਤ ਦੀ ਸਮਾਲੋਚਨਾ ਚੰਗੇਰੀ ਹੁੰਦੀ ਹੈ।'' ਸ਼ੁਧ ਰੂਪ ਦੀ ਭਗਤੀ ਭਾਵਨਾ ਲਿਲੀ ਫੁੱਲ ਸਮਾਨ ਭਾਵੇਂ ਬੜੀ ਪਿਆਰੀ ਹੁੰਦੀ ਹੈ, ਪਰ ਇਹ ਥੋੜ੍ਹ-ਚਿਰੀ ਵੀ ਹੁੰਦੀ ਹੈ। ਸ਼ੁਧ ਗਿਆਨ ਭਾਵੇਂ ਉਹ ਸ਼ਾਹ ਬਲੂਤ ਦੇ ਬ੍ਰਿਛ ਸਮਾਨ ਬੜਾ ਬਲਵਾਨ ਹੁੰਦਾ ਹੈ, ਪਰ ਉਹ ਕਰੂਪ ਹੁੰਦਾ ਹੈ। ਇਨ੍ਹਾਂ ਦੋਹਾਂ ਦੇ ਸੁਮੇਲ ਵਿਚੋਂ ਹੀ ਅੰਤਰੀਵ ਅਨੰਦ ਸੁਫੁਟਿਤ ਹੁੰਦਾ ਹੈ। ਸ੍ਰੀ ਪੂਰਨ ਸੁਆਮੀ ਰਾਮ ਪ੍ਰਤੀ ਮੂਕ ਸ਼ਰਧਾ ਭਾਵਨਾ ਦਾ ਧਾਰਣੀ ਸੀ, ਇਸ ਲਈ ਜਿਨਾ ਚਿਰ ਤਕ ਉਹ ਸੁਆਮੀ ਰਾਮ ਦੇ ਦੈਵੀ ਵਿਅਕਤਿਤਵ ਦੇ ਸੰਪਰਕ ਵਿਚ ਰਿਹਾ, ਉਨਾ ਚਿਰ ਤਕ ਇਹ ਨਿਰੰਤਰ ਸਕਰਮਕ ਰਹੀ। ਪਰ ਜਦੋਂ ਸੁਆਮੀ ਰਾਮ ਪੰਚ ਭੂਤਕ ਸਰੀਰ ਦੇ ਰੂਪ ਵਿਚ ਓਹਲਾ ਕਰ ਗਏ ਤਾਂ ਪੂਰਨ ਦੀ ਹਾਲਤ ਇਸ ਤਰ੍ਹਾਂ ਦੀ ਸੀ, ਜਿਵੇਂ ਉਸ ਦੇ ਖੰਭ ਕਤਰ ਦਿੱਤੇ ਗਏ ਹੋਣ। ਉਸ ਲਈ ਇਹ ਬੜੇ ਅਸਹਿ ਸਦਮੇ ਵਾਲੀ ਗੱਲ ਸੀ। ਉਸ ਦਾ ਦਿਲ ਪੰਚ ਭੂਤਕ ਰਾਮ ਲਈ ਤਰਲੋ ਮੱਛੀ ਹੁੰਦਾ ਸੀ, ਜਿਸ ਨੂੰ ਮਿਲ ਕੇ ਉਸ ਵਿਚ ਖ਼ੁਸ਼ੀ ਤਰੰਗਤ ਹੋ ਉਠਦੀ ਸੀ, ਜਦੋਂ ਦਿਨ ਗੁਜ਼ਰਦੇ ਗਏ ਤਾਂ ਪੂਰਨ ਦਾ ਭਾਵਕ ਹਿਰਦਾ ਕਿਸੇ ਹੋਰ ਜੀਵਤ ਗੁਰੂ ਦੀ ਭਾਲ ਵਿਚ ਕਲਵਲ ਹੋ ਉਠਿਆ। ਚਾਰ ਪੰਜ ਸਾਲ ਦੀ ਭਾਲ ਪਿਛੋਂ ਉਸ ਨੂੰ ਅਜਿਹਾ ਮੁਰਸ਼ਦ ਸਿਖ ਧਰਮ ਵਿਚੋਂ ਪ੍ਰਾਪਤ ਹੋ ਗਿਆ। ਇਥੋਂ ਤਕ ਕਿ ਉਹ ਉਸ ਦੇ ਪ੍ਰਭਾਵ ਸਦਕਾ ਪੂਰਨ ਸਿੰਘ ਬਣ ਗਿਆ। ਉਸ ਨੇ ਕੇਸ ਰੱਖ ਲਏ, ਕੜਾ ਪਹਿਨ ਲਿਆ ਅਤੇ ਇਕ ਸੱਚੇ ਸਿੱਖ ਦੀ ਜੀਵਨ ਜੁਗਤ ਵਿਚ ਆਪਣੇ ਆਪ ਨੂੰ ਢਾਲ ਲਿਆ।

ਇਹ ਵਿਅਕਤੀਗਤ ਰੂਪ ਵਿਚ ਉਸ ਅੰਦਰ ਉਤਪੰਨ ਹੋਈ ਬਿਰਧ ਵਰੇਸ ਦਾ ਵੀ ਲਖਾਇਕ ਸੀ, ਕਿਉਂਜੋ ਉਸ ਨੇ ਹੁਣ ਵਿਸ਼ੇਸ਼ ਐਣਕਾਂ ਪਹਿਨ ਲਈਆਂ ਸਨ ਤੇ ਉਹ ਹੁਣ ਹਰ ਵਸਤੂ ਨੂੰ ਸਿੱਖ ਦ੍ਰਿਸ਼ਟੀਕੋਣ ਤੋਂ ਹੀ ਵਾਚਦਾ ਸੀ। ਉਸ ਵਿਚ ਪਹਿਲਾ ਸ਼ੁੱਧ ਰੂਪ ਦਾ ਮਨੁੱਖੀ ਦ੍ਰਿਸ਼ਟੀਕੋਣ ਜੋ ਸਭ ਵਾਦਾਂ ਤੋਂ ਮੁਕਤ ਹੁੰਦਾ ਹੈ, ਅਲੋਪ ਹੋ ਚੁੱਕਾ ਸੀ। ਆਪਣੇ ਜੀਵਨ ਦੇ ਇਸੇ ਕਾਲ ਖੰਡ ਵਿਚ ਹੀ ਉਸ ਨੇ 'ਸੁਆਮੀ ਰਾਮ ਤੀਰਥ ਦੀ ਜੀਵਨ-ਕਥਾ' ਨਾਂ ਦੀ ਵਰਤਮਾਨ ਪੁਸਤਕ ਲਿਖੀ।

ਪੂਰਨ ਸਿੰਘ ਦੇ ਦ੍ਰਿਸ਼ਟੀਕੋਣ ਦੀਆਂ ਉਕਤ ਤਰੁਟੀਆਂ ਬਾਰੇ ਕੁਝ ਪ੍ਰਮਾਣ ਦੇਣੇ ਹੀ ਕਾਫ਼ੀ ਹੋਣਗੇ। ਸੁਆਮੀ ਰਾਮ ਵਿਆਹੁਤਾ ਜੀਵਨ ਨੂੰ ਸਵੈ ਦਾ ਪਸਾਰਾ ਹੀ ਮੰਨਦੇ ਸਨ, ਪਰ ਪੂਰਨ ਇਸ ਨੂੰ ਖ਼ੁਸ਼ੀ ਭਰਪੂਰ ਜੀਵਨ ਮੰਨਦਾ ਹੈ। ਆਪਣੇ ਜੀਵਨ ਦੇ ਅੰਤਮ ਕਾਲ ਵਿਚ ਜਿਥੇ ਸੁਆਮੀ ਰਾਮ ਮੌਨ ਖ਼ੁਸ਼ੀ ਵਿਚ ਗੜੂੰਦ ਰਹਿਣ ਲੱਗ ਪਏ ਸਨ, ਜਿਵੇਂ ਕਿ ਇਕ ਸ਼ਾਂਤੀ ਦਾ ਦਰਿਆ ਵਹਿੰਦਾ ਹੈ, ਪੂਰਨ ਇਸ ਨੂੰ ਉਨ੍ਹਾਂ ਦੀ ਉਪਰਾਮਤਾ ਦਾ ਚਿੰਨ੍ਹ ਮੰਨਦਾ ਹੈ। ਇਸੇ ਤਰ੍ਹਾਂ ਜਦੋਂ ਕਿ ਸੁਆਮੀ ਰਾਮ ਤੀਰਥ ਜੀ ਨੇ ਸਭ ਪ੍ਰਕਾਰ ਦੇ ਰੀਤੀਗਤ ਕਰਮ ਕਾਂਡਾਂ ਦਾ ਤਿਆਗ ਕਰ ਦਿੱਤਾ ਸੀ ਤਾਂ ਪੂਰਨ ਸਿੰਘ ਇਸ ਨੂੰ ਸੁਆਮੀ ਜੀ ਵਲੋਂ ਭਗਵੇ ਬਾਣੇ ਨੂੰ ਤਿਆਗ ਦੇਣ ਦਾ ਚਿੰਨ੍ਹ ਮੰਨਦਾ ਹੈ।

ਪਰ ਇਹ ਬੜੀ ਸੁਭਾਗ ਦੀ ਗੱਲ ਸੀ ਕਿ ਆਪਣੇ ਪ੍ਰਲੋਕ ਗਮਨ ਤੋਂ ਪਹਿਲਾਂ ਪੂਰਨ ਨੇ ਫਿਰ ਉਸੇ ਸੰਪੂਰਨ ਦ੍ਰਿਸ਼ਟੀਕੋਣ ਦੀ ਪੁਨਰ ਪ੍ਰਾਪਤੀ ਕਰ ਲਈ ਹੋਈ ਸੀ। 1930 ਵਿਚ ਜਦੋਂ ਉਹ ਮੈਨੂੰ ਲਖਨਊ ਵਿਖੇ ਕਿਸੇ ਨੌਕਰੀ ਦੀ ਭਾਲ ਵਿਚ ਮਿਲਿਆ ਤਾਂ ਉਹ ਆਪਣੇ ਤਤਕਾਲਕ ਜੀਵਨ ਤੋਂ ਉਪਰਾਮ ਨਜ਼ਰੀਂ ਪੈਂਦਾ ਸੀ। ਉਹੋ ਜੀਵਨ ਜੁਗਤ ਜੋ ਉਸ ਲਈ ਕਿਸੇ ਸਮੇਂ ਬੜੀ ਆਕਰਸ਼ਕ ਸੀ, ਹੁਣ ਉਸ ਲਈ ਅਕੇਵੇਂ ਦਾ ਕਾਰਣ ਬਣ ਗਈ ਸੀ ਅਤੇ ਉਸ ਨੇ ਬੜੇ ਭਾਵ-ਯੁਕਤ ਸੁਰ ਵਿਚ ਮੈਨੂੰ ਦੱਸਿਆ ਕਿ ਉਹ ਇਨ੍ਹਾਂ ਸਭ ਬੰਧਨਾਂ ਤੋਂ ਤੰਗ ਆ ਚੁਕਾ ਹੈ।

ਕੇਵਲ ਇਤਨਾ ਹੀ ਨਹੀਂ, ਉਸ ਨੇ ਮੈਨੂੰ ਇਹ ਵੀ ਕਿਹਾ ਕਿ ਮੈਂ ਉਸ ਅੰਦਰ ਜਾਗਰੂਪ ਇਨ੍ਹਾਂ ਨਵੀਆਂ ਭਾਵਨਾਵਾਂ ਅਨੁਸਾਰ ਇਸ ਪੁਸਤਕ ਨੂੰ ਸੋਧ ਵੀ ਦੇਵਾਂ ਅਤੇ ਇਸ ਪੁਸਤਕ ਨੂੰ ਦੁਬਾਰਾ ਛਾਪਣ ਲਈ ਉਸ ਨੇ 'ਲੀਗ' ਨੂੰ ਲਿਖਤੀ ਅਧਿਕਾਰ ਵੀ ਦੇ ਦਿਤੇ ਸਨ। ਪਰ ਬਦਕਿਸਮਤੀ ਨਾਲ ਉਹ ਛੇਤੀ ਹੀ ਇਸ ਸੰਸਾਰ ਤੋਂ ਅਕਾਲ ਚਲਾਣਾ ਕਰ ਗਿਆ ਅਤੇ ਇਸ ਪੁਸਤਕ ਨੂੰ ਸੋਧਣ ਦਾ ਕਾਰਜ ਉਸ ਦੇ ਜੀਵਨ ਕਾਲ ਵਿਚ ਨਾ ਕੀਤਾ ਜਾ ਸਕਿਆ। ਜੇ ਉਹ ਅਜ ਜੀਵਤ ਹੁੰਦਾ ਤਾਂ ਇਸ ਪੁਸਤਕ ਵਿਚ ਬਹੁਤ ਤਬਦੀਲੀ ਹੋ ਜਾਣੀ ਸੀ ਅਤੇ ਕੁਝ ਭਾਗ ਤਾਂ ਬਿਲਕੁਲ ਹੀ ਬਦਲ ਜਾਣੇ ਸਨ, ਪਰ ਹੁਣ ਉਸ ਦੇ ਇਸ ਸੰਸਾਰ ਵਿਚ ਨਾ ਹੋਣ ਕਾਰਣ ਮੈਂ ਇਹ ਠੀਕ ਨਹੀ ਸਮਝਿਆ ਕਿ ਪੁਸਤਕ ਦੇ ਮੂਲ ਪਾਠ ਵਿਚ ਕੋਈ ਤਬਦੀਲੀ ਕੀਤੀ ਜਾਵੇ। ਕੇਵਲ ਕਿਤੇ ਕਿਤੇ ਹੀ ਲੋੜੀਂਦੀ ਸੋਧ ਕੀਤੀ ਗਈ ਹੈ। ਇਹ ਆਸ ਕੀਤੀ ਜਾਂਦੀ ਹੈ ਕਿ ਪਾਠਕ ਇਸ ਪੁਸਤਕ ਨੂੰ ਨਿਰਪੱਖ ਦ੍ਰਿਸ਼ਟੀਕੋਣ ਤੋਂ ਵਾਚਣਗੇ ਅਤੇ ਕਿਸੇ ਮਾਧਿਅਮ ਦੀ ਥਾਂ ਸੁਆਮੀ ਰਾਮ ਤੀਰਥ ਨਾਲ ਸਿੱਧਾ ਸੰਪਰਕ ਸਥਾਪਤ ਕਰਨ ਦਾ ਯਤਨ ਕਰਨਗੇ।

-ਰ. ਸ. ਨਾਰਾਇਣ ਸੁਆਮੀ

ਅਧਿਆਇ ਪਹਿਲਾ

ਸੁਆਮੀ ਜੀ ਦਾ ਨਿਜ ਸਰੂਪ (ੳ)

ਅਸੀਂ ਸਭ ਤੋਂ ਪਹਿਲਾਂ ਉਨ੍ਹਾਂ ਦੇ ਸੁਆਮੀ ਰੂਪ ਵਿਚ ਹੀ ਦਰਸ਼ਨ ਕੀਤੇ। ਇਸ ਲਈ ਉਨ੍ਹਾਂ ਦੇ ਆਰੰਭਿਕ ਜੀਵਨ ਬਾਰੇ ਕੁਝ ਜਾਨਣ ਤੋਂ ਪਹਿਲਾਂ ਇਹ ਉਚਿਤ ਪ੍ਰਤੀਤ ਹੁੰਦਾ ਹੈ ਕਿ ਸੁਆਮੀ ਜੀ ਦੇ ਨਿਜ ਸਰੂਪ ਤੋਂ ਜਾਣੂੰ ਹੋਇਆ ਜਾਵੇ। ਇਥੇ ਕੇਵਲ ਇਤਨਾ ਦਸ ਦੇਣਾ ਹੀ ਕਾਫੀ ਹੋਵੇਗਾ ਕਿ ਸੁਆਮੀ ਜੀ ਦਾ ਜਨਮ 1873 ਵਿਚ ਹੋਇਆ। 1901 ਵਿਚ ਉਨ੍ਹਾਂ ਨੇ ਸੰਨਿਆਸ ਧਾਰਨ ਕਰ ਲਿਆ। 1902 ਵਿਚ ਉਹ ਜਾਪਾਨ ਤੇ ਅਮਰੀਕਾ ਚਲੇ ਗਏ। ਉਥੋਂ 1904 ਵਿਚ ਪਰਤੇ ਅਤੇ 1906 ਵਿਚ ਤੇਤੀ ਸਾਲ ਦੀ ਛੋਟੀ ਆਯੂ ਵਿਚ ਹੀ ਸਵਰਗਵਾਸ ਹੋ ਗਏ।

ਜਦੋਂ ਉਹ ਸਾਨਫਰਾਂਸਿਸਕੋ ਪੁਜੇ ਤਾਂ ਉਨ੍ਹਾਂ ਬਾਰੇ ਸਥਾਨਕ ਸਮਾਚਾਰ-ਪੱਤਰਾਂ ਵਿਚ ਇਸ ਤਰ੍ਹਾਂ ਵਰਣਨ ਕੀਤਾ ਗਿਆ ਸੀ। ਉਥੋਂ ਦੇ ਲੋਕਾਂ ਉਤੇ ਜੋ ਉਨ੍ਹਾਂ ਦੀ ਸ਼ਖਸੀਅਤ ਦਾ ਸਭ ਤੋਂ ਪਹਿਲਾ ਪ੍ਰਭਾਵ ਪਿਆ, ਉਹ ਇਹ ਸੀ ਕਿ ਜਿਵੇਂ ਉਹ ਹਿਮਾਲਾ ਤੋਂ ਹੁਣੇ ਹੁਣੇ ਹੀ ਪੁਜੇ ਹੋਣ। ਗੇਰੂਏ ਬਸਤਰਾਂ ਵਿਚ ਉਨ੍ਹਾਂ ਦੀ ਆਤਮਾ ਦਾ ਦੈਵੀ-ਪ੍ਰਕਾਸ਼ ਦਮਕ ਰਿਹਾ ਸੀ।

ਇਥੇ ਜੀਵਨ ਦੇ ਚੱਕਰ ਨੂੰ ਉਲਟੇ ਫੇਰ ਵਿਚ ਵੇਖਣਾ ਹੋਵੇਗਾ। ਭਾਰਤ ਦੇ ਉਤਰ ਖੰਡ ਦੇ ਵਣਾਂ ਵਿਚੋਂ ਇਕ ਅਚੰਭਾ ਕਰ ਦੇਣ ਵਾਲਾ ਵਿਅਕਤੀ ਆਇਆ ਹੈ, ਜੋ ਇਕ ਪੈਗੰਬਰ ਵੀ ਹੈ ਤੇ ਦਰਸ਼ਨਵੇਤਾ ਵੀ, ਇਕ ਵਿਗਿਆਨੀ ਵੀ ਅਤੇ ਇਕ ਧਰਮ ਪ੍ਰਚਾਰਕ ਵੀ, ਜੋ ਅਮਰੀਕਾ ਵਿਚ ਧਰਮ ਪ੍ਰਚਾਰ ਦੇ ਉਦੇਸ਼ ਨੂੰ ਮੁਖ ਰਖ ਕੇ ਆਇਆ ਹੈ। ਉਹ ਅਮਰੀਕਾ ਦੇ ਡਾਲਰ ਪੂਜ ਲੋਕਾਂ ਨੂੰ ਨਿਰ-ਸੁਆਰਥ ਅਤੇ ਆਤਮਕ ਸ਼ਕਤੀ ਦੇ ਨਵੇਂ ਧਰਮ ਦੀ ਸਿੱਖਿਆ ਦੇਣ ਆਇਆ ਹੈ। ਉਹ ਬ੍ਰਾਹਮਣਾਂ ਦਾ ਬ੍ਰਾਹਮਣ, ਗੋਸੁਆਮੀਆਂ ਵਿਚੋਂ ਉਚੀ ਕੁਲ ਦਾ ਅਤੇ ਆਪਣੇ ਦੇਸ਼ ਦੇ ਲੋਕਾਂ ਵਿਚ 'ਸੁਆਮੀ ਰਾਮ' ਕਰਕੇ ਜਾਣਿਆਂ ਜਾਂਦਾ ਹੈ।

ਹਿਮਾਲਾ ਦੀ ਇਹ ਅਦੁਤੀ ਰਿਸ਼ੀ-ਆਤਮਾ, ਪਤਲਾ ਬੁਧੀਵਾਨ ਨੌਜਵਾਨ ਹੈ, ਜਿਸ ਦਾ ਬਾਹਰੀ ਸਰੂਪ ਤਾਂ ਇਕ ਧਰਮ ਪ੍ਰਚਾਰਕ ਸੰਨਿਆਸੀ ਵਾਲਾ ਹੈ ਅਤੇ ਰੰਗ ਤੇ ਨੁਹਾਰ ਉਚ ਕੁਲ ਦੇ ਬ੍ਰਾਹਮਣ ਵਾਲੀ। ਉਸ ਦਾ ਮਸਤਕ ਚੌੜਾ ਤੇ ਉਚਾ

ਹੈ, ਉਸ ਦਾ ਸਿਰ ਵੱਡ-ਆਕਾਰੀ ਹੈ, ਉਸ ਦਾ ਲੱਕ ਪਤਲਾ ਅਤੇ ਇਸਤਰੀਆਂ ਵਾਂਗ ਕੋਮਲ ਹੈ। ਉਸ ਦੇ ਮੁਖੜੇ ਦੀ ਕੋਮਲ ਛਬੀ ਦੇ ਪ੍ਰਭਾਵ ਨੂੰ ਉਸ ਦੇ ਚਮਕੀਲੇ ਦੰਦ ਹੋਰ ਵੀ ਉਘਾੜ ਦਿੰਦੇ ਹਨ ਅਤੇ ਜਦੋਂ ਉਹ ਖਿੜ ਖਿੜਾ ਕੇ ਹਾਸੇ ਨੂੰ ਬਿਖੇਰਦਾ ਹੈ ਤਾਂ ਉਸ ਦੇ ਗਿਰਦੇ ਜੁੜੀਆਂ ਸਾਰੀਆਂ ਵਸਤਾਂ ਅਤੇ ਵਿਅਕਤੀ ਇਕਦਮ ਮੋਹੇ ਜਾਂਦੇ ਹਨ ਅਤੇ ਉਸ ਦੇ ਸਵੈ-ਵਿਸ਼ਵਾਸ ਤੇ ਹਮਦਰਦੀ ਭਿਜੇ ਵਤੀਰੇ ਨਾਲ ਕੀਲੇ ਜਾਂਦੇ ਹਨ। ਉਸ ਨੇ ਦੱਸਿਆ, ''ਮੈਂ ਕਿਵੇਂ ਰਹਿੰਦਾ ਹਾਂ?'' ''ਇਸ ਦਾ ਉੱਤਰ ਬੜਾ ਸਿਧਾ ਸਾਦਾ ਹੈ'', ਉਸ ਨੇ ਆਪਣੇ ਕਲ੍ਹ ਦੇ ਭਾਸ਼ਣ ਵਿਚ ਦਸਿਆ, 'ਮੈਂ ਕਦੀ ਕੋਈ ਯਤਨ ਨਹੀਂ ਕਰਦਾ। ਕੇਵਲ ਇਹ ਵਿਸ਼ਵਾਸ ਰਖਦਾ ਹਾਂ ਅਤੇ ਮੈਂ ਆਪਣੀ ਆਤਮਾ ਨੂੰ ਸਾਰੇ ਮਨੁੱਖਾਂ ਦੇ ਪ੍ਰੇਮ ਵਿਚ ਇਕਸੁਰ ਕਰ ਲੈਂਦਾ ਹਾਂ। ਇਸ ਨਾਲ ਸਾਰੇ ਮਨੁੱਖ ਮੈਨੂੰ ਪਿਆਰ ਕਰਨ ਲੱਗ ਪੈਂਦੇ ਹਨ। ਜਿਥੇ ਪ੍ਰੇਮ ਹੈ, ਉੱਥੇ ਨਾ ਕੋਈ ਥੁੜ ਹੈ ਨਾ ਦੁੱਖ। ਮਨ ਦੀ ਇਹ ਦਸ਼ਾ ਅਤੇ ਇਸ ਵਿਚ ਟਿਕਿਆ ਵਿਸ਼ਵਾਸ ਕੁਝ ਇਸ ਤਰ੍ਹਾਂ ਦਾ ਪ੍ਰਭਾਵ ਉਤਪੰਨ ਕਰਦਾ ਹੈ ਕਿ ਮੈਨੂੰ ਬਿਨਾਂ ਮੰਗਿਆਂ ਹੀ ਸਭ ਕੁਝ ਮਿਲ ਜਾਂਦਾ ਹੈ। ਜੇ ਮੈਂ ਭੁੱਖਾ ਹੋਵਾਂ ਤਾਂ ਕੋਈ ਨਾ ਕੋਈ ਮੇਰੇ ਲਈ ਖਾਣਾ ਲੈ ਕੇ ਖੜਾ ਹੁੰਦਾ ਹੈ। ਮੈਨੂੰ ਕਿਸੇ ਕੋਲੋਂ ਪੈਸਾ ਮੰਗਣ ਲਈ ਵਰਜ ਦਿਤਾ ਗਿਆ ਹੈ, ਨਾ ਹੀ ਮੈਂ ਕਿਸੇ ਕੋਲੋਂ ਕੁਝ ਮੰਗਦਾ ਹਾਂ। ਫਿਰ ਵੀ ਮੇਰੇ ਕੋਲ ਸਭ ਕੁਝ ਹੈ ਅਤੇ ਲੋੜ ਤੋਂ ਵਧੇਰੇ ਹੈ, ਕਿਉਂਜੋ ਮੈਂ ਇਸ ਸੰਸਾਰ ਵਿਚ ਅਜਿਹੀ ਉਚੇਰੀ ਪ੍ਰਾਪਤੀ ਕਰ ਚੁਕਾ ਹਾਂ, ਜੋ ਕਿਸੇ ਵਿਰਲੇ ਦੇ ਹੀ ਹਿਸੇ ਆਉਂਦੀ ਹੈ।''

''ਹਿੰਦੂ ਧਰਮ ਪ੍ਰਚਾਰਕ'' ਦੇ ਸਿਰਲੇਖ ਹੇਠ ਪੋਰਟਲੈਂਡ ਦੇ ਇਕ ਅਖ਼ਬਾਰ ਵਿਚ ਇਸ ਤਰ੍ਹਾਂ ਛਪਿਆ ਸੀ:

ਪਤਲਾ ਦੁਬਲਾ, ਕਾਲੀਆਂ ਚਮਕੀਲੀਆਂ ਅੱਖੀਆਂ ਵਾਲਾ, ਜਿਸ ਦਾ ਬਦਾਮੀ ਰੰਗ ਹੈ, ਜੋ ਹਰ ਸਮੇਂ ਕਾਲਾ ਲਿਬਾਸ ਪਹਿਨਦਾ ਅਤੇ ਗੂੜ੍ਹੀ ਲਾਲ ਪਗੜੀ ਬੰਨਦਾ ਹੈ, ਇਹੋ ਹੀ ਸੁਆਮੀ ਰਾਮ ਤੀਰਥ ਹੈ। ਇਹ ਵਿਅਕਤੀ ਜੋ ਹਿੰਦੁਸਤਾਨ ਤੋਂ ਪੋਰਟਲੈਂਡ ਆਇਆ ਹੈ। ਇਹ ਹਿੰਦੁਸਤਾਨ ਦਾ ਕੋਈ ਸਾਧਾਰਣ ਵਿਅਕਤੀ ਨਹੀਂ ਹੈ।

ਹਿੰਦੁਸਤਾਨ ਤੋਂ ਅਜਿਹੇ ਵਿਅਕਤੀ ਘੱਟ ਹੀ ਪੋਰਟਲੈਂਡ ਆਉਂਦੇ ਹਨ ਜੋ ਇਤਨੇ ਵਿਦਵਾਨ ਅਤੇ ਵਿਸ਼ਾਲ ਮਾਨਵੀ ਦਰਦ ਰਖਣ ਵਾਲੇ ਹੋਣ ਤੇ ਜੋ ਨਿਰਸੁਆਰਥ ਭਾਵਨਾ ਲੈ ਕੇ ਧਰਮ ਪ੍ਰਾਪਤ ਕਰਨ ਲਈ ਇਥੇ ਆਏ ਹੋਣ।

ਜਾਪਾਨ ਅਤੇ ਅਮਰੀਕਾ ਜਾਣ ਤੋਂ ਪਹਿਲਾਂ ਭਾਰਤ ਵਿਚ ਵਿਸ਼ਵ ਧਰਮ ਸੰਮੇਲਨ ਦੀ ਇਕ ਛੋਟੀ ਸੰਸਦ ਦੀ ਪ੍ਰਧਾਨਗੀ ਸੁਆਮੀ ਰਾਮ ਤੀਰਥ ਦੋ ਵਾਰ ਕਰ ਚੁਕੇ

ਸਨ। ਇਸ ਵਿਸ਼ਵ ਧਰਮ ਸੰਮੇਲਨ ਨੂੰ ਸੁਆਮੀ ਸ਼ਿਵ ਗੁਣ ਆਚਾਰੀਆ ਨੇ ਮਥਰਾ ਦੇ ਸ਼ਾਂਤੀ ਆਸ਼ਰਮ ਵਿਖੇ ਬੁਲਾਇਆ ਸੀ। ਇਸ ਸਬੰਧ ਵਿਚ ਲਾਹੌਰ ਦੇ ਇਕ ਰਸਾਲੇ "ਫਰੀ ਥਿੰਕਰ" ਨੇ ਆਪਣੇ ਪ੍ਰਤੀਕਰਮ ਨਿਮਨ ਲਿਖਤ ਸ਼ਬਦਾਂ ਦੇ ਰੂਪ ਵਿਚ ਪ੍ਰਗਟਾਏ ਸਨ:

.........ਹਰ ਮਨੁੱਖ ਦੇ ਬੰਧੂ, ਵਿਚਾਰਵਾਨ ਤੇ ਗੰਭੀਰ, ਕਦੀ ਨਰਮ ਤੇ ਕਦੀ ਗਰਮ, ਵਖ ਵਖ ਵਿਚਾਰ ਰਖਣ ਵਾਲੇ ਸਰੋਤਿਆਂ ਨੂੰ ਘੰਟਿਆਂ ਬੱਧੀ ਕੀਲ ਲੈਣ ਵਾਲੇ ਅਤੇ ਦੇਰ ਸ਼ਾਮ ਤਕ ਆਪਣੇ ਨਾਲ ਜੋੜੀ ਰਖਣ ਵਾਲੇ-ਇਹ ਸੁਆਮੀ ਰਾਮ ਤੀਰਥ ਜੀ ਹੀ ਸਨ। ਉਹ ਬੜੇ ਸ਼ਾਂਤਚਿਤ, ਸੰਕੋਚਵਾਨ, ਸਨਿਮਰ ਭਾਵ ਰਖਣ ਵਾਲੇ ਨੌਜਵਾਨ ਹਨ, ਜੋ ਭਰ ਜੋਬਨ ਵਿਚ ਹਨ, ਜਿਨ੍ਹਾਂ ਦਾ ਪੁਰਾਤਨ ਆਧੁਨਿਕ ਦਰਸ਼ਨ ਦਾ ਗਿਆਨ ਕਾਫੀ ਵਿਸ਼ਾਲ ਹੈ ਅਤੇ ਜੋ ਆਧੁਨਿਕ ਵਿਗਿਆਨ ਬਾਰੇ ਵੀ ਚੋਖੀ ਜਾਣਕਾਰੀ ਰਖਦੇ ਹਨ ਅਤੇ ਉਹ ਸਚਮੁੱਚ ਹੀ ਉਸ ਵਸਤੂ ਸਮੱਗਰੀ ਦੇ ਬਣੇ ਹੋਏ ਹਨ, ਜਿਸ ਦੇ ਕਿ ਸੁਹਿਰਦ ਵਿਸ਼ਵਾਸ ਵਾਲੇ ਵਿਅਕਤੀਆਂ ਨੂੰ ਬਣਿਆਂ ਹੋਣਾ ਚਾਹੀਦਾ ਹੈ। ਸਾਊ ਅਤੇ ਪਿਆਰੇ, ਵਿਵਹਾਰ ਵਿਚ ਬਚਿਆਂ ਵਰਗੇ ਨਿਰਛਲ ਅਤੇ ਭੋਲੇ, ਦੂਜਿਆਂ ਦੇ ਵਿਚਾਰਾਂ ਦਾ ਸਤਿਕਾਰ ਕਰਨ ਵਾਲੇ, ਪਰ ਆਪਣੇ ਵਿਚਾਰਾਂ ਨੂੰ ਪ੍ਰਗਟਾਉਣ ਵਿਚ ਨਿਰ-ਸੰਕੋਚ ਤੇ ਖੁਲਾਸੇ, ਜਿਵੇਂ ਕੋਮਲ ਰੇਸ਼ਮੀ ਦਸਤਾਨੇ ਵਿਚ ਫ਼ੌਲਾਦੀ ਹੱਥ।......

ਉਨ੍ਹਾਂ ਦੀ ਹੋਂਦ ਦਾ ਪ੍ਰਭਾਵ ਬੜਾ ਅਦਭੁਤ ਸੀ, ਉਹ ਆਪਣੀ ਖ਼ੁਸ਼ੀ ਦੇ ਸਭ ਨੂੰ ਸਾਂਝੀਵਾਲ ਬਣਾ ਲੈਂਦੇ ਸਨ, ਉਨ੍ਹਾਂ ਦੇ ਵਿਚਾਰਾਂ ਦਾ ਪ੍ਰਭਾਵ ਤਾਂ ਹੋਰ ਵੀ ਵਿਆਪਕ ਹੁੰਦਾ ਸੀ, ਵਿਸ਼ੇਸ਼ ਕਰਕੇ ਉਨ੍ਹਾਂ ਦਾ 'ਓਮ' ਸ਼ਬਦ ਦਾ ਉਚਾਰਨ। ਜਿਹੜਾ ਵੀ ਧਾਰਮਿਕ ਜਿਗਿਆਸੂ ਉਨ੍ਹਾਂ ਦੇ ਕੋਲ ਆਉਂਦਾ, ਉਹ 'ਓਮ' ਸ਼ਬਦ ਦਾ ਜਾਪ ਕਰਨ ਲਗ ਪੈਂਦਾ। ਉਨ੍ਹਾਂ ਦੇ ਦਰਸ਼ਨ ਕਰਨ ਨਾਲ ਨਵਾਂ ਜੀਵਨ ਮਿਲ ਜਾਂਦਾ ਸੀ। ਮਨ ਦੇ ਸਾਰੇ ਵਿਕਾਰ ਤੇ ਤੁੱਛ ਫੁਰਨੇ ਛਾਂਈਂ ਮਾਂਈਂ ਹੋ ਜਾਂਦੇ ਸਨ ਅਤੇ ਉਹ ਵਿਅਕਤੀ (ਆਤਮਕ ਤੌਰ ਤੇ) ਉੱਚਾ ਉਠ ਖਲੋਂਦਾ ਸੀ। ਜੀਵਨ ਬਾਰੇ ਬਿਲਕੁਲ ਨਵਾਂ ਅਤੇ ਤ੍ਰੈ-ਗੁਣਾਂ ਅਤੀਤ ਦ੍ਰਿਸ਼ਟੀਕੋਣ ਉਨ੍ਹਾਂ ਦੇ ਨੈਣਾਂ ਵਿਚੋਂ ਸਰੋਤਿਆਂ ਦੇ ਨੈਣਾਂ ਵਿਚ ਸਿੰਚਿਤ ਹੋ ਜਾਂਦਾ ਸੀ, ਜਿਨ੍ਹਾਂ ਵਿਚ ਕਿ ਉਹ ਆਪਣੀ ਭਰਪੂਰ ਖ਼ੁਸ਼ੀ ਤੇ ਅਕਹਿ ਅਨੰਦ ਦੇ ਸੁਪਨਿਆਂ ਨੂੰ ਵੰਡ ਦਿੰਦੇ ਸਨ।

ਉਹ ਜੰਗਲੀ ਪੰਛੀਆਂ ਸਮਾਨ ਖ਼ੁਸ਼ ਸਨ। ਉਹ ਹਰਨੋਟੇ ਵਾਂਗ ਚੁੰਗੀਆਂ ਭਰਦੇ ਜਾਂਦੇ ਸਨ। ਕਿਸੇ ਨੇ ਵੀ ਉਨ੍ਹਾਂ ਨੂੰ ਸਾਧਾਰਣ ਆਦਮੀ ਵਾਂਗ ਮੱਠੀ ਤੋਰ ਤੁਰਦਿਆਂ ਨਹੀਂ ਸੀ ਵੇਖਿਆ। ਜਦੋਂ ਉਨ੍ਹਾਂ ਦੀ ਸਕੱਤਰ ਮਿਸ ਟੈਲਰ ਉਨ੍ਹਾਂ ਨੂੰ ਗ੍ਰੇਟ ਪੈਸੀਫਿਕ

ਰੇਲਵੇ ਕੰਪਨੀ ਦੇ ਮੈਨੇਜਰ ਕੋਲ ਲੈ ਗਈ ਅਤੇ ਸਾਨਫਰਾਂਸਿਸਕੋ ਤੋਂ ਨਿਊਯਾਰਕ ਦੇ ਰਿਆਇਤੀ ਰੇਲਵੇ ਟਿਕਟ ਲਈ ਬੇਨਤੀ ਕੀਤੀ ਤਾਂ ਮੈਨੇਜਰ ਨੇ ਹੱਸ ਕੇ ਕਿਹਾ, ''ਇਨ੍ਹਾਂ ਲਈ? ਇਨ੍ਹਾਂ ਲਈ ਤਾਂ ਮੈਂ ਆਪਣੀ ਪੁਲਮੈਨ ਕਾਰ ਦੀ ਸੇਵਾ ਮੁਫ਼ਤ ਭੇਟ ਕਰਦਾ ਹਾਂ। ਇਨ੍ਹਾਂ ਦੀ ਮੁਸਕਰਾਹਟ ਜਾਦੂ ਦਾ ਅਸਰ ਰਖਦੀ ਹੈ।''

ਜਦੋਂ ਮੈਂ ਉਨ੍ਹਾਂ ਨੂੰ ਟੋਕੀਓ ਵਿਖੇ ਇਕ ਜ਼ਿਮੀਂਦਾਰ ਨੋਬੋ ਕਾਂਡੋ ਦੇ ਘਰ ਲੈ ਗਿਆ ਤਾਂ ਉਹ ਗਲਬਾਤ ਦੇ ਦੌਰਾਨ ਇਕਦਮ ਉਠ ਕੇ ਅੰਦਰ ਗਿਆ ਅਤੇ ਆਪਣੀ ਪਤਨੀ ਤੇ ਬਚਿਆਂ ਨੂੰ ਨਾਲ ਲਿਆ ਕੇ ਕਹਿਣ ਲਗਾ, ''ਖਿਮਾਂ ਕਰਨਾ, ਮੈਂ ਇਸ ਖ਼ੁਸ਼ੀ ਦੇ ਪ੍ਰਵਾਹ ਨੂੰ ਆਪਣੇ ਬਚਿਆਂ ਤੇ ਬੀਵੀ ਨਾਲ ਵੀ ਸਾਂਝਾ ਕਰਨਾ ਚਾਹੁੰਦਾ ਸਾਂ।'' ਜਦੋਂ ਨੋਬੋ ਕਾਂਡੋ ਨੇ ਉਨ੍ਹਾਂ ਨੂੰ ਪੁਛਿਆ, ''ਤੁਸੀਂ ਆਪਣੇ ਪਰਿਵਾਰ ਦਾ ਤਿਆਗ ਕਿਉਂ ਕੀਤਾ ਹੈ?'' ਤਾਂ ਸੁਆਮੀ ਰਾਮ ਜੀ ਨੇ ਉਤਰ ਦਿਤਾ ਸੀ, ''ਕੇਵਲ ਹੋਰ ਵਡੇ ਪਰਿਵਾਰ ਦੀ ਭਾਲ ਕਰਨ ਲਈ, ਤਾਂ ਜੋ ਮੈਂ ਆਪਣੀ ਖ਼ੁਸ਼ੀ ਸਾਰੇ ਸੰਸਾਰ ਨਾਲ ਸਾਂਝੀ ਕਰ ਸਕਾਂ।'' ਸੇਂਟ ਲੂਈ ਪ੍ਰਦਰਸ਼ਨੀ ਦੇ ਧਾਰਮਿਕ ਸੰਮੇਲਨ ਵਿਚ ਸਥਾਨਕ ਸਮਾਚਾਰ-ਪੱਤਰਾਂ ਨੇ ਲਿਖਿਆ ਸੀ ਕਿ ਇਸ ਵਿਸ਼ਾਲ ਇਕੱਤਰਤਾ ਵਿਚ ਇਕੋ ਇਕ ਚਾਨਣ-ਬਿੰਦੂ ਸੁਆਮੀ ਰਾਮ ਹੀ ਸਨ। ਬ੍ਰਹਮ ਗਿਆਨ ਅਤੇ ਕਿਸੇ ਦਾਰਸ਼ਨਿਕ ਪ੍ਰਸ਼ਨ ਦੇ ਗੈਰ-ਰਸਮੀ ਉਤਰ ਦੇਣ ਸਮੇਂ ਉਹ ਕਈ ਮਿੰਟਾਂ ਤਕ ਖਿੜ ਖਿੜਾ ਕੇ ਹਸਦੇ ਰਹਿੰਦੇ ਸਨ। ਜਿਵੇਂ ਉਨ੍ਹਾਂ ਦਾ ਭਾਵ ਇਹ ਹੋਵੇ ਕਿ ਅਜਿਹਾ ਖ਼ੁਸ਼ੀ ਭਰਪੂਰ ਉਛਲਦਾ ਹਾਸਾ ਹੀ ਪਰਮਾਤਮਾ ਤੇ ਮਨੁੱਖ ਸਬੰਧੀ ਪੁਛੀਆਂ ਗਈਆਂ ਅਜਿਹੀਆਂ ਰਸਮੀ ਪੁਛਾਂ ਦਾ ਢੁਕਵਾਂ ਉਤਰ ਹੁੰਦਾ ਹੈ।

ਇਕ ਵਾਰ ਮੈਂ ਉਨ੍ਹਾਂ ਨੂੰ ਪੰਜਾਬ ਯੂਨੀਵਰਸਿਟੀ ਦੇ ਇਕ ਸਨਾਤਕ ਖ਼ੁਦਾਦਾਦ (ਹੁਣ ਡਾਕਟਰ ਖ਼ੁਦਾਦਾਦ) ਕੋਲ ਹਰਦੁਆਰ ਵਿਖੇ ਲੈ ਗਿਆ। ਜਦੋਂ ਮੈਂ ਸੁਆਮੀ ਜੀ ਨਾਲ ਉਨ੍ਹਾਂ ਦੀ ਜਾਣ-ਪਛਾਣ ਕਰਾਈ ਤਾਂ ਸੁਆਮੀ ਜੀ ਕਹਿਣ ਲਗੇ, ''ਇਹੋ ਜਿਹੇ ਬੰਦਿਆਂ ਨੂੰ ਮੇਰੇ ਕੋਲ ਕਿਉਂ ਲਿਆਉਂਦੇ ਹੋ? ਉਹ ਤਾਂ ਪਹਿਲਾਂ ਹੀ ਰਾਮ ਦੀ ਮਰਿਆਦਾ ਵਿਚ ਢਲ ਚੁਕੇ ਹਨ। ਰਾਮ ਇਨ੍ਹਾਂ ਨੂੰ ਕੀ ਉਪਦੇਸ਼ ਦੇ ਸਕਦਾ ਹੈ।'' ਇਤਨਾ ਕਹਿ ਕੇ ਸੁਆਮੀ ਰਾਮ ਤੀਰਥ ਜੀ ਨੇ ਇਸ ਮੁਲਾਕਾਤ ਨੂੰ ਮੁਸਕਰਾਉਂਦਿਆਂ ਹੋਇਆਂ ਮੁੰਦਾਵਣੀ ਲਾ ਦਿੱਤੀ।

ਉਨ੍ਹਾਂ ਕਿਹਾ:''ਰਾਮ ਨੂੰ ਤੁਹਾਡੇ ਨਾਮ ਦੀ ਸਮਝ ਨਹੀਂ ਆਈ ਹੈ। ਖ਼ੁਦਾ (ਪਰਮਾਤਮਾ), ਦਾਦ (ਦਿਤਾ ਗਿਆ) ਇਹ ਤਾਂ ਕੇਵਲ ਖ਼ੁਦਾ ਹੀ ਹੋਣਾ ਚਾਹੀਦਾ ਸੀ।'' ਡਾ. ਖ਼ੁਦਾਦਾਦ ਨੇ ਉਤਰ ਦਿਤਾ, ''ਜਿਨ੍ਹਾਂ ਦੇ ਨੈਣ ਖੁਲ੍ਹੇ ਹਨ, ਉਨ੍ਹਾਂ ਲਈ 'ਇਹ' ਹੈ ਅਤੇ ਦੂਜਿਆਂ ਲਈ 'ਉਹ'।'' ਇਸ ਉੱਤਰ ਨਾਲ ਸੁਆਮੀ ਜੀ ਪ੍ਰਸੰਨ

ਹੋ ਗਏ। ਜਦੋਂ ਕਈ ਮਹੀਨਿਆਂ ਪਿਛੋਂ ਮੈਂ ਡਾ. ਖ਼ੁਦਾਦਾਦ ਨੂੰ ਮਿਲਿਆ ਤਾਂ ਉਸ ਨੇ ਸੁਆਮੀ ਰਾਮ ਤੀਰਥ ਜੀ ਦੇ ਜੀਵਨ ਦਾ ਸਾਰ ਆਪਣੇ ਇਕ ਸ਼ਿਅਰ ਵਿਚ ਕਲਮਬੰਦ ਕਰ ਦਿਤਾ ਸੀ:

ਸੁਆਮੀ ਰਾਮ! ਕਿੰਨੀ ਵਚਿਤਰ ਹੈ ਤੇਰੀ ਮੁਸਕਾਨ।

ਜਿਸ ਵਿਚ ਅੰਕਿਤ ਹੈ ਜੀਵਨ ਰਹੱਸ ਮਹਾਨ।

ਉਨ੍ਹਾਂ ਦੀ ਖ਼ੁਸ਼ੀ ਸ਼ਬਦਾਂ ਨਾਲ ਇੰਝ ਖੇਡਦੀ ਸੀ, ਜਿਵੇਂ ਬੱਚਾ ਖਿਡੌਣਿਆਂ ਨਾਲ ਖੇਡਦਾ ਹੈ।

ਉਦਾਹਰਣ ਵਜੋਂ ਉਨ੍ਹਾਂ ਦੇ ਆਪਣੇ ਹੀ ਨਾਮ ਬਾਰੇ ਉਨ੍ਹਾਂ ਦੇ ਵਿਚਾਰ ਵਰਣਨਯੋਗ ਹਨ। ਜਦੋਂ ਉਨ੍ਹਾਂ ਦੇ ਅਨਜ ਪੁਰਖ ਵਿਚ ਆਪਣੇ ਆਪ ਦੇ 'ਰਾਮ' ਬਾਰੇ ਕੀਤੇ ਗਏ ਕਥਨ ਮੇਰੀ ਸਮਝ ਵਿਚ ਨਾ ਆਏ ਤਾਂ ਉਨ੍ਹਾਂ ਨੇ ਆਪ ਹੀ ਇਸ ਰਹੱਸ ਨੂੰ ਖੋਲ੍ਹਦਿਆਂ ਟੋਕੀਓ ਵਿਖੇ ਮੈਨੂੰ ਕਿਹਾ ਸੀ, " ਵੇਖੋ, ਜਿਵੇਂ ਜੀਵਨ ਦਾ ਕ੍ਰਮ ਬਦਲ ਜਾਂਦਾ ਹੈ, ਗ੍ਰਿਹਸਥੀ ਤੋਂ ਸੰਨਿਆਸੀ ਅਤੇ ਸੰਨਿਆਸੀ ਤੋਂ ਪਰਮਾਰਥੀ, ਤਿਵੇਂ ਹੀ ਇਸ ਸਰੀਰ ਨਾਲ ਸਬੰਧਤ ਨਾਮਾਂ ਦਾ ਕ੍ਰਮ ਵੀ ਬਦਲ ਜਾਣਾ ਚਾਹੀਦਾ ਹੈ (ਉਨ੍ਹਾਂ ਨੇ ਆਪਣੇ ਨਾਮ ਨੂੰ ਵੀ ਬਦਲ ਦਿਤਾ ਸੀ)। ਸੰਨਿਆਸੀ ਜੀਵਨ ਧਾਰਣ ਕਰਨ ਤੋਂ ਪਹਿਲਾਂ ਉਨ੍ਹਾਂ ਦਾ ਨਾਮ ਤੀਰਥ ਰਾਮ ਸੀ, ਪਰ ਸੰਨਿਆਸੀ ਬਣਨ ਪਿਛੋਂ ਉਨ੍ਹਾਂ ਨੇ "ਰਾਮ ਤੀਰਥ" ਨਾਂ ਨੂੰ ਧਾਰਣ ਕਰ ਲਿਆ। ਪਿਛੋਂ ਉਨ੍ਹਾਂ ਨੇ ਤੀਰਥ ਸ਼ਬਦ ਵਿਚੋਂ ਅੰਗਰੇਜ਼ੀ ਦੇ ਅਖਰ 'ਆਈ' ਨੂੰ ਵੀ ਛੱਡ ਦਿਤਾ ਅਤੇ ਹਸਤਾਖਰ ਕਰਨ ਸਮੇਂ "ਰਾਮਾ ਟਰੁਥ" (ਰਾਮ ਸਤ) ਕਰਕੇ ਹੀ ਲਿਖ ਦਿੰਦੇ ਸਨ। ਇਸੇ ਤਰ੍ਹਾਂ Disease ਬਾਰੇ ਉਹ ਕਹਿੰਦੇ ਹੁੰਦੇ ਸਨ ਕਿ ਇਹ ਦੋ ਸ਼ਬਦਾਂ ਦਾ ਸਮਾਸ ਹੈ, Dis-ease ਭਾਵ ਸੁਖ ਦਾ ਭੰਗ ਹੋ ਜਾਣਾ। ਜੇ ਤੁਸੀਂ ਆਪਣੇ ਪ੍ਰਭੂ, ਆਪਣੇ ਆਪ ਅਤੇ ਸਮੂਹ ਨਾਲ ਇਕ ਸੁਖਾਵਾਂ ਸਬੰਧ ਸਥਾਪਤ ਕਰ ਲਵੋ ਅਰਥਾਤ ਇਨ੍ਹਾਂ ਨਾਲ Be-at-ease ਹੋ ਜਾਵੋ ਤਾਂ ਕੋਈ Dis-ease ਭਾਵ ਰੋਗ ਨਹੀਂ ਹੋ ਸਕਦਾ। ਉਨ੍ਹਾਂ ਨੇ Atonement ਵੀ ਬਦਲ ਦਿਤਾ ਅਤੇ ਹਮੇਸ਼ਾ at-one-ment ਲਿਖਦੇ ਤੇ ਉਚਾਰਦੇ ਸਨ। ਇਸੇ ਤਰ੍ਹਾਂ ਅੰਗਰੇਜ਼ੀ ਦੇ ਸ਼ਬਦ Understanding (ਸਮਝਣਾ) ਬਾਰੇ ਉਹ ਕਹਿੰਦੇ ਹੁੰਦੇ ਸਨ ਕਿ ਇਹ Standing-under ਹੈ, ਜਿਸ ਤੋਂ ਭਾਵ ਇਹ ਸੀ ਕਿ ਆਪਣੀ ਆਤਮਾ ਦੇ ਧੁਰ ਥਲੇ ਖੜ੍ਹਾ ਹੋਣਾ ਅਥਵਾ ਉਸ ਦਾ ਡੂੰਘਾ ਬੋਧ ਪ੍ਰਾਪਤ ਕਰਨਾ। ਸੁਆਮੀ ਸ਼ਬਦ ਬਾਰੇ ਵੀ ਉਹ ਇਸੇ ਤਰ੍ਹਾਂ ਹੀ ਵਿਲਖਣ ਧਾਰਣਾ ਰਖਦੇ ਸਨ। ਸੁਆਮੀ ਸੰਸਕ੍ਰਿਤ ਦਾ ਸ਼ਬਦ ਹੈ, ਜਿਸ ਦੇ ਅਰਥ ਹਨ 'ਮਾਲਿਕ'। ਇਸ ਸ਼ਬਦ ਵਿਚ ਦੂਜਿਆਂ ਉੱਤੇ ਅਧਿਕਾਰ ਰਖਣ ਦਾ ਅਹੰਮ ਭਾਵ ਵਿਦਮਾਨ ਹੈ। ਸੁਆਮੀ ਸ਼ਬਦ

ਨੂੰ ਉਹ So-am-I ਕਹਿ ਕੇ ਉਚਾਰਣ ਕਰਦੇ ਸਨ। ਉਹ ਪੱਤਰ ਲਿਖਣ ਸਮੇ ਹੇਠਾਂ ਹਸਤਾਖਰ ਇਸੇ ਤਰ੍ਹਾਂ ਹੀ ਕਰਦੇ ਹੁੰਦੇ ਸਨ: So-am-I Rama Truth.

ਇਸੇ ਪ੍ਰਕਾਰ ਉਹ ਆਪਣੇ ਨਿਤ ਦੇ ਮੰਤਰ 'ਓਮ' ਸ਼ਬਦ ਨਾਲ ਵੀ ਸ਼ਾਬਦਿਕ ਚੁਹਲ ਕਰਦੇ ਹੁੰਦੇ ਸਨ। ਇਹ ਸੀ ਇਕ ਪੰਛੀ ਸਮਾਨ ਇਸ ਮੰਤਰ ਦਾ ਸੁਤੰਤਰ ਰੂਪ ਵਿਚ ਚਹਿਚਹਾਣਾ। 'ਓਮ' ਬਾਰੇ ਉਹ ਕਹਿੰਦੇ ਹੁੰਦੇ ਸਨ ਕਿ ਇਹ 'ਓ' ਫ਼ਾਰਸੀ ਸ਼ਬਦ ਹੈ, ਜਿਸ ਦੇ ਅਰਥ ਹਨ 'ਉਹ' (ਪ੍ਰਭੂ) ਅਤੇ 'ਐਮ' ਹੈ I am (ਮੈਂ ਹਾਂ) ਭਾਵ "ਉਹ ਮੈਂ ਹਾਂ," "ਮੈਂ ਪਰਮਾਤਮਾ ਹਾਂ।"

ਇਕ ਵਾਰ ਉਨ੍ਹਾਂ ਇਹ ਵੀ ਕਿਹਾ ਸੀ ਕਿ ਪਰਮਾਤਮਾ ਨਾ ਪੁਰਸ਼ ਹੈ, ਨਾ ਇਸਤਰੀ ਤੇ ਨਾ ਕੁਮਾਰੀ, ਪਰੰਤੂ ਇਹ ਇਕ ਰਹੱਸ ਹੈ। ਹਿੰਦੂ ਸ਼ਬਦ ਵਿਚ ਉਹ 'ਹ' ਦੇ ਉਚਾਰਣ ਨੂੰ ਭਾਰਾ ਮੰਨਦੇ ਸਨ ਅਤੇ ਇਸੇ ਲਈ 'ਇੰਦੂ' ਬੋਲਦੇ ਹੁੰਦੇ ਸਨ। ਜਿਸ ਦੇ ਅਰਥ ਹਨ-ਚੰਦਰਮਾ।

"ਮਤਲਬ" ਜੋ ਕਿ ਇਕ ਉਰਦੂ ਸ਼ਬਦ ਹੈ, ਬਾਰੇ ਉਹ ਕਹਿੰਦੇ ਹੁੰਦੇ ਸਨ-ਇਹ ਬੜਾ ਮਹਾਨ ਸ਼ਬਦ ਹੈ, ਪਰ ਇਸ ਦੇ ਅਰਥ ਇਹ ਵੀ ਹੋ ਸਕਦੇ ਹਨ ਮਤਲਬ ਅਰਥਾਤ ਭਾਲ ਨਾ ਕਰ।

ਰੋਜ਼ਿਆਂ ਦੇ ਮਹੀਨੇ ਰਮਜ਼ਾਨ ਤੋ ਪਿਛੋਂ ਮੁਸਲਮਾਨਾਂ ਦੀ ਈਦ ਬਾਰੇ ਉਹ ਕਹਿੰਦੇ ਸਨ ਕਿ ਇਹ ਪੈਗੰਬਰ ਸਾਹਿਬ ਦੀ ਪ੍ਰਭੂ-ਚੇਤੰਨਤਾ ਦੀ ਖ਼ੁਸ਼ੀ ਦਾ ਪ੍ਰਤੀਕ ਹੈ। ਉਨ੍ਹਾਂ ਦਾ ਇਹ ਵੀ ਵਿਚਾਰ ਸੀ ਕਿ ਮੁਹੰਮਦ ਸਾਹਿਬ ਦਾ ਸੰਕੇਤ ਬਾਹਰਲੇ ਨਵੇਂ ਚੰਨ ਵਲ ਨਹੀਂ ਸਗੋਂ ਅੰਤਰ ਆਤਮਾ ਵਿਚ ਪ੍ਰਭੂ ਦੇ ਪ੍ਰਕਾਸ਼ ਵਲ ਸੀ। ਜੇ ਅਸੀਂ ਅੰਦਰਲੀ ਖ਼ੁਸ਼ੀ ਵਿਚ ਲੀਨ ਹੋ ਕੇ ਉਸ ਪ੍ਰਭੂ ਪ੍ਰਕਾਸ਼ ਦੇ ਚੰਦਰਮਾਂ ਨੂੰ ਆਪਣੀ ਅੰਤਰ-ਦ੍ਰਿਸ਼ਟੀ ਨਾਲ ਨਹੀਂ ਦੇਖ ਸਕਦੇ ਤਾਂ ਬਾਹਰਲੀ ਈਦ ਦੇ ਕੀ ਅਰਥ ਰਹਿ ਜਾਂਦੇ ਹਨ।

ਜਦੋਂ ਲਾਹੌਰ ਉਹ ਪ੍ਰੋਫੈਸਰ ਹੁੰਦੇ ਸਨ ਤਾਂ ਉਹ ਆਪਣੀ ਘੜੀ ਨਾਲ ਵੀ ਖੇਡ ਰਚਾ ਲੈਂਦੇ ਸਨ। ਭਾਵੇਂ ਸਵੇਰ ਹੋਵੇ ਜਾਂ ਦੁਪਹਿਰ, ਸ਼ਾਮ ਹੋਵੇ ਜਾਂ ਅਧੀ ਰਾਤ, ਜਦੋਂ ਕੋਈ ਉਨ੍ਹਾਂ ਨੂੰ ਵਕਤ ਪੁਛਦਾ ਤਾਂ ਉਹ ਆਪਣੀ ਘੜੀ ਜੇਬ ਵਿਚੋਂ ਕਢ ਲੈਂਦੇ ਅਤੇ ਗੰਭੀਰ ਹੋ ਕੇ ਵਕਤ ਪੁਛਣ ਵਾਲੇ ਨੂੰ ਜਵਾਬ ਦਿੰਦੇ, "ਪਿਆਰੇ ਮਿਤਰ, ਠੀਕ ਇਕ ਵਜਾ ਹੈ।" ਉਨ੍ਹਾਂ ਦਾ ਸਦਾ ਇਹੋ ਉੱਤਰ ਹੀ ਹੁੰਦਾ ਸੀ। ਜਦੋਂ ਇਸ ਤਰ੍ਹਾਂ ਸਮਾਂ ਪੁਛਣ ਵਾਲੇ ਵਖ ਵਖ ਵਿਅਕਤੀਆਂ ਨੂੰ ਵਖ ਵਖ ਸਮੇ ਇਕੋ ਉੱਤਰ ਮਿਲਦਾ ਤਾਂ ਉਹ ਪੁਛ ਲੈਂਦੇ, "ਸੁਆਮੀ ਜੀ, ਇਸ ਵਿਚ ਕੀ ਰਮਜ਼ ਹੈ ਕਿ ਜਦੋਂ ਤੁਹਾਡੇ ਪਾਸੋਂ ਸਮਾਂ ਪੁਛੀਦਾ ਹੈ ਤਾਂ ਤੁਸੀਂ ਇਹੋ ਕਹਿ ਦਿੰਦੇ ਹੋ, "ਠੀਕ ਇਕ ਵਜਾ ਹੈ!" ਸੁਆਮੀ

ਜੀ ਉੱਤਰ ਦਿੰਦੇ, "ਮੇਰੇ ਪਿਆਰੇ ਮਿਤਰ, ਰਾਮ ਦੀ ਘੜੀ ਉੱਤੇ ਸਦਾ ਇਕ ਦਾ ਸਮਾਂ ਹੀ ਹੁੰਦਾ ਹੈ।" ਇਹ ਕਹਿ ਕੇ ਉਹ ਖਿੜ ਖਿੜਾ ਕੇ ਹਸਦੇ ਹੋਏ ਅਗੇ ਤੁਰ ਜਾਂਦੇ।

ਇਕ ਵਾਰ ਡੈਨਵਰ ਵਿਖੇ ਇਕ ਭਾਸ਼ਣ ਦੇ ਆਰੰਭ ਵਿਚ ਹੀ ਇਹ ਸ਼ਬਦ ਕਹੇ, 'ਹਰ ਦਿਨ ਨਵੇਂ ਸਾਲ ਦਾ ਮੁਬਾਰਕ ਦਿਨ ਹੁੰਦਾ ਹੈ ਅਤੇ ਹਰ ਰਾਤ ਕ੍ਰਿਸਮਿਸ ਦੀ ਰਾਤ ਹੁੰਦੀ ਹੈ।" ਇਨ੍ਹਾਂ ਵਾਕਾਂ ਨਾਲ ਸਰੋਤਿਆਂ ਉਤੇ ਇਤਨਾ ਪ੍ਰਭਾਵ ਪਿਆ ਕਿ ਉਹ ਲੰਮੀਆਂ ਤਾੜੀਆਂ ਨਾਲ ਸੁਆਮੀ ਜੀ ਦੀ ਪ੍ਰਸ਼ੰਸਾ ਕਰਦੇ ਰਹੇ। ਉਹ ਆਪਣੇ ਵਿਆਖਿਆਨਾਂ ਦੇ ਸਿਰਲੇਖਾਂ ਦੀ ਚੋਣ ਵਿਚ ਵੀ ਭਿੰਨੀ ਮਹਿਕ ਖਿਲਾਰ ਦਿੰਦੇ ਸਨ।

ਭਾਵੇਂ ਇਹ ਗੱਲ ਥੋੜ੍ਹੀ ਜਿਹੀ ਵਚਿਤਰ ਪ੍ਰਤੀਤ ਹੁੰਦੀ ਹੈ, ਪਰ ਜਦੋਂ ਉਹ ਵਿਆਖਿਆਨ ਦੇਣ ਸਮੇਂ ਆਪਣੇ ਸਰੋਤਿਆਂ ਨੂੰ ਇਸ ਤਰ੍ਹਾਂ ਸੰਬੋਧਨ ਕਰਦੇ ਹੁੰਦੇ ਸਨ, "ਇਸਤਰੀਆਂ ਅਤੇ ਪੁਰਸ਼ਾਂ ਦੇ ਰੂਪ ਵਿਚ ਬਿਰਾਜਮਾਨ ਮੇਰੀ ਆਪਣੀ ਨਿਜ ਆਤਮਾ" ਤਾਂ ਇਹ ਵਾਕ ਉਨ੍ਹਾਂ ਦੀ ਆਪਣੀ ਹੀ ਵਿਸ਼ੇਸ਼ ਬੁਧੀਮਤਾ ਦੇ ਵੀ ਸੂਚਕ ਹੁੰਦੇ ਸਨ। ਆਤਮ-ਅਨੁਭੂਤੀ ਦੇ ਵਿਸਮਾਦੀ ਅਨੰਦ ਦੀ ਪਰਿਪੂਰਨਤਾ ਵਿਚ ਉਹ ਆਪਣੇ ਆਪ ਨੂੰ "ਰਾਮ ਬਾਦਸ਼ਾਹ" ਕਹਿੰਦੇ ਹੁੰਦੇ ਸਨ। ਇਸ ਉਕਤੀ ਨੂੰ ਉਨ੍ਹਾਂ ਨੇ ਇਸ ਤਰ੍ਹਾਂ ਅਪਣਾਇਆ ਕਿ ਇਕਵਾਰ ਜਦੋਂ ਲਾਰਡ ਕਰਜ਼ਨ ਉਸੇ ਜਹਾਜ਼ ਵਿਚ ਸਵਾਰ ਹੋ ਕੇ ਜਾ ਰਹੇ ਸਨ ਤਾਂ ਪੋਰਟ ਸਈਅਦ ਵਿਖੇ ਉਹ ਉਸ ਜਹਾਜ਼ ਉੱਤੇ ਜਾਣ ਦੀ ਥਾਂ ਅਗਲੇ ਜਹਾਜ਼ ਵਿਚ ਸਵਾਰ ਹੋਏ ਤੇ ਕਹਿਣ ਲਗੇ, "ਇਕੋ ਜਹਾਜ਼ ਵਿਚ ਦੋ ਬਾਦਸ਼ਾਹ ਕਿਵੇਂ ਸਫ਼ਰ ਕਰ ਸਕਦੇ ਹਨ?" ਆਪਣੇ ਟਿਕਟ ਨੂੰ ਰੱਦ ਕਰਵਾ ਕੇ ਉਨ੍ਹਾਂ ਨੇ ਦੂਜੇ ਜਹਾਜ਼ ਵਿਚ ਸਫ਼ਰ ਕੀਤਾ ਸੀ। ਉਰਦੂ ਤੇ ਫ਼ਾਰਸੀ ਦੇ ਆਪਣੇ ਮਨ ਪਸੰਦ ਸ਼ਿਅਰਾਂ ਨੂੰ ਉਹ ਇਤਨੇ ਗੰਭੀਰ ਤੇ ਲਿਵਲੀਨ ਹੋ ਕੇ ਪੜ੍ਹਦੇ ਹੁੰਦੇ ਸਨ ਕਿ ਕਈ ਵਾਰ ਉਨ੍ਹਾਂ ਦੀਆਂ ਅੱਖਾਂ ਮੁੰਦੀਆਂ ਜਾਂਦੀਆਂ, ਉਨ੍ਹਾਂ ਦੇ ਸੰਗਤਰੀ ਚਿਹਰੇ ਉਤੇ ਹੰਝੂ ਵਹਿ ਤੁਰਦੇ ਅਤੇ ਉਤਲੇ ਤੇ ਹੇਠਲੇ ਬੁਲ੍ਹ ਇਸਤਰ੍ਹਾਂ ਜੁੜ ਜਾਂਦੇ ਜਿਵੇਂ ਉਹ ਸ਼ਿਅਰਾਂ ਦੇ ਅੰਮ੍ਰਿਤ ਰਸ ਦੀਆਂ ਘੁਟਾਂ ਪੀ ਰਹੇ ਹੋਣ। ਉਹ ਇਤਨੀ ਤੀਬਰਤਾ ਨਾਲ ਜਜ਼ਬੇ ਨੂੰ ਅਨੁਭਵ ਕਰਦੇ ਹੁੰਦੇ ਸਨ ਕਿ ਉਨ੍ਹਾਂ ਦਾ ਸਾਰਾ ਜੁੱਸਾ ਕੰਬ ਉਠਦਾ ਸੀ ਅਤੇ ਇੰਝ ਪ੍ਰਤੀਤ ਹੁੰਦਾ ਸੀ ਜਿਵੇਂ ਉਹ ਸਾਰੇ ਬ੍ਰਹਿਮੰਡ ਨੂੰ ਆਪਣੀ ਗਲਵਕੜੀ ਵਿਚ ਘੁਟ ਰਹੇ ਹੋਣ। ਇਸ ਤਰ੍ਹਾਂ ਘੰਟਿਆਂ ਬੱਧੀ ਉਹ ਕਵਿਤਾ ਵਿਚ ਗੁਆਚ ਜਾਂਦੇ ਸਨ। ਆਪਣੇ ਵਿਆਖਿਆਨਾਂ ਦੇ ਅਧ ਵਿਚਕਾਰ ਉਹ ਕਈ ਵਾਰ ਆਪਣੇ ਨਿਤ ਦੇ ਜਾਪ ਸ਼ਬਦ 'ਓਮ' ਦੀ ਧੁਨੀ ਵਿਚ ਇਸ ਤਰ੍ਹਾਂ

ਗੁਆਚ ਜਾਂਦੇ ਸਨ ਕਿ ਉਨ੍ਹਾਂ ਦੇ ਅਮਰੀਕਨ ਦਰਸ਼ਕਾਂ ਤੇ ਪ੍ਰਸ਼ੰਸਕਾਂ ਦਾ ਵਿਚਾਰ ਸੀ ਕਿ ਉਹ ਅਕਸਰ ਆਪਣੇ ਸਥੂਲ ਸਰੀਰ ਤੋਂ ਬਾਹਰ ਵਿਚਰਦੇ ਹਨ। 'ਓਮ' ਦੇ ਮੰਤਰ ਦੇ ਜਾਪ ਕਰਨ ਸਮੇਂ ਉਹ ਇਸ ਦੇ ਸਾਖਸ਼ਾਤ ਅਨੁਭਵ ਨੂੰ ਮਾਣਦੇ ਸਨ। ਇਸ ਮੰਤਰ ਦੇ ਅਰਥ ਉਨ੍ਹਾਂ ਲਈ 'ਪਰਮਾਤਮਾ ਤੇ ਸਾਰਾ ਵਿਸ਼ਵ' ਸੀ। ਅਜਿਹੇ ਪਲਾਂ ਵਿਚ ਉਹ ਆਪਣੇ ਬਾਰੇ ਬਿਲਕੁਲ ਬੇ-ਸੁਧ ਹੋ ਜਾਂਦੇ ਸਨ। ਇਸੇ ਕਾਰਣ ਹੀ ਆਪਣੇ ਆਪ ਨੂੰ ਉਹ ਅਨਯ-ਪੁਰਖ ਵਿਚ ਹੀ ਸੰਬੋਧਨ ਕਰਦੇ ਸਨ, ਕਿਉਂਜੋ ਉਨ੍ਹਾਂ ਲਈ ਪ੍ਰਥਮ-ਪੁਰਖ ਤਾਂ ਪਰਮਾਤਮਾ ਆਪ ਸੀ। ਇਹ ਤੀਜਾ ਜਾਂ ਅਨਯ-ਪੁਰਖ ਉਨ੍ਹਾਂ ਲਈ ਇਤਨਾ ਸੁਭਾਵਕ ਸੀ ਕਿ ਅਨਯ-ਪੁਰਖ ਵਿਚ ਆਪਣੇ ਆਪ ਨੂੰ ਸੰਬੋਧਨ ਕਰਨਾ ਦੂਜੇ ਲੋਕਾਂ ਲਈ ਬੜੀ ਹੈਰਾਨੀ ਦੀ ਗੱਲ ਹੁੰਦੀ ਸੀ। ਜਦੋਂ ਮੈਂ ਵੀ ਪਹਿਲੀ ਵਾਰ ਉਨ੍ਹਾਂ ਦੇ ਦਰਸ਼ਨ ਕੀਤੇ ਤਾਂ ਕਈ ਘੰਟੇ ਮੈਨੂੰ ਵੀ ਇਸ ਗੱਲ ਦੀ ਕੋਈ ਸਮਝ ਨਾ ਪਈ, ਪਰ ਫਿਰ ਉਨ੍ਹਾਂ ਨੇ ਆਪ ਹੀ ਸਪੱਸ਼ਟ ਕਰਕੇ ਮੈਨੂੰ ਇਸ ਰਹੱਸ ਤੋਂ ਜਾਣੂ ਕਰਵਾਇਆ।

ਉਹ ਮਨੁੱਖ ਦੇ ਸਾਰੇ ਪ੍ਰੇਮ ਨੂੰ ਆਪਣੇ ਵਲ ਖਿਚ ਲੈਂਦੇ ਸਨ। ਉਨ੍ਹਾਂ ਦੀ ਛੁਹ ਮਾਤਰ ਖੁਸ਼ਕ ਹਿਰਦੇ ਵਾਲੇ ਬੰਦਿਆਂ ਵਿਚ ਵੀ ਕਵੀ ਵਾਲੇ ਜਜ਼ਬੇ ਜਗਾ ਦਿੰਦੀ ਸੀ। ਉਨ੍ਹਾਂ ਵਿਚ ਉਹ ਅਦੁਤੀ ਸ਼ਕਤੀ ਸੀ, ਜਿਸ ਬਾਰੇ ਕਿ ਪੂਰਬੀ ਕਵਿਤਾ ਅਤੇ ਸਾਹਿਤ ਵਿਚ ਅਕਸਰ ਵਰਣਨ ਕੀਤਾ ਗਿਆ ਹੈ। ਇਹ ਉਹ ਪ੍ਰੇਮ ਰੂਪ ਸ਼ਕਤੀ ਹੈ, ਜਿਸ ਦੀ ਦ੍ਰਿਸ਼ਟੀ ਨਾਲ ਮੁਰਝਾਏ ਬਾਗ਼ ਮੌਲ ਉਠਦੇ ਹਨ ਅਤੇ ਸੁਕੀਆਂ ਵੇਲਾਂ ਹਰੀਆਂ ਹੋ ਜਾਂਦੀਆਂ ਹਨ।

ਜਦੋਂ ਉਹ ਜਾਪਾਨ ਗਏ ਤਾਂ ਉਨ੍ਹਾਂ ਨੇ ਉਸ ਦੇਸ਼ ਉਤੇ ਕਦਮ ਟਿਕਾਉਂਦਿਆਂ ਇਹ ਸ਼ਬਦ ਕਹੇ:

"ਰਾਮ ਇਨ੍ਹਾਂ ਜਾਪਾਨੀ ਲੋਕਾਂ ਨੂੰ ਕੀ ਉਪਦੇਸ਼ ਦੇ ਸਕਦਾ ਹੈ? ਇਹ ਤਾਂ ਪਹਿਲਾਂ ਹੀ ਵੇਦਾਂਤੀ ਹਨ। ਇਹ ਸਭ ਰਾਮ ਰੂਪ ਹਨ, ਕਿੰਨੇ ਪ੍ਰਸੰਨਚਿਤ, ਕਿੰਨੇ ਖ਼ੁਸ਼, ਕਿੰਨੇ ਸ਼ਾਂਤ ਅਤੇ ਕਿੰਨੇ ਮਿਹਨਤੀ! ਇਸੇ ਨੂੰ ਤਾਂ ਰਾਮ ਜੀਵਨ ਮੰਨਦਾ ਹੈ।"

ਅਧਿਆਇ ਦੂਜਾ

ਸੁਆਮੀ ਜੀ ਦਾ ਨਿਜ ਸਰੂਪ (ਅ)

ਜਹਾਜ਼ ਉੱਤੇ ਸਵਾਰ ਅਮਰੀਕਨ ਯਾਤਰੀ ਸੁਆਮੀ ਜੀ ਨੂੰ ਅਮਰੀਕਨ ਹੀ ਸਮਝਦੇ ਸਨ, ਜਾਪਾਨ ਦੇ ਲੋਕ ਵੀ ਉਨ੍ਹਾਂ ਨੂੰ ਆਪਣੇ ਦੇਸ਼ ਵਾਸੀਆਂ ਵਾਂਗ ਪਿਆਰ ਕਰਦੇ ਸਨ। ਜਦੋਂ ਉਹ ਜਾਪਾਨ ਤੋਂ ਚਲੇ ਗਏ ਤਾਂ ਮਿਸਟਰ ਕੇ. ਹਿਰਾਏ ਨੇ ਉਨ੍ਹਾਂ ਬਾਰੇ ਇਹ ਟਿਪਣੀ ਕੀਤੀ ਸੀ, "ਆਲੂਚਿਆਂ ਦੇ ਸੁੰਦਰ ਫੁੱਲਾਂ ਸਮਾਨ ਮੈਂ ਹਾਲੀ ਵੀ ਉਨ੍ਹਾਂ ਦੇ ਹਾਸੇ ਦੀ ਛਣਕਾਰ ਹਵਾ ਵਿਚ ਤੈਰ ਰਹੀ ਵੇਖਦਾ ਹਾਂ।" ਇਕ ਹੋਰ ਕਲਾਕਾਰ, ਜਿਸ ਨੇ ਸੁਆਮੀ ਜੀ ਦਾ ਟੋਕੀਓ ਵਿਖੇ "ਸਫਲਤਾ ਦਾ ਭੇਦ" ਦੇ ਵਿਸ਼ੇ ਉੱਤੇ ਭਾਸ਼ਣ ਸੁਣਿਆਂ ਸੀ ਅਤੇ ਜੋ ਅੰਗਰੇਜ਼ੀ ਵੀ ਨਹੀਂ ਸੀ ਜਾਣਦਾ, ਦਾ ਕਹਿਣਾ ਹੈ, "ਸੁਆਮੀ ਜੀ ਇਕ ਅਗਨ ਥੰਮ ਦੀ ਨਿਆਂਈਂ ਜਾਪ ਰਹੇ ਸਨ, ਜਿਨ੍ਹਾਂ ਤੋਂ ਭਖਦੀਆਂ ਜੀਵਨ ਚਿੰਗਿਆੜੀਆਂ ਦੀ ਵਰਖਾ ਚਾਰ ਚੁਫੇਰੇ ਹੋ ਰਹੀ ਸੀ।"

ਮਿਸਰ ਵਿਚ ਸੁਆਮੀ ਜੀ ਦਾ ਨਿੱਘਾ ਸੁਆਗਤ ਹੋਇਆ। ਇਥੇ ਉਨ੍ਹਾਂ ਨੇ ਇਕ ਮਸਜਿਦ ਵਿਚ ਫ਼ਾਰਸੀ ਭਾਸ਼ਾ ਵਿਚ ਵਿਆਖਿਆਨ ਕੀਤਾ ਸੀ। ਅਗਲੇ ਦਿਨ ਸਮਾਚਾਰ-ਪੱਤਰ ਵਿਚ ਇਹ ਗੱਲ ਲਿਖੀ ਗਈ ਕਿ ਸੁਆਮੀ ਰਾਮ ਤੀਰਥ ਮਹਾਨ ਹਿੰਦੂ ਪ੍ਰਤਿਭਾ ਦੇ ਸਾਖਸ਼ਾਤ ਸਰੂਪ ਸਨ, ਜਿਨ੍ਹਾਂ ਨਾਲ ਭੇਟ ਕਰਨਾ ਇਕ ਵਿਸ਼ੇਸ਼ ਸੁਭਾਗ ਸੀ।

ਅਮਰੀਕਾ ਤੋਂ ਵਾਪਸ ਆ ਕੇ ਜਦੋਂ ਮਥਰਾ ਵਿਚ ਕੁਝ ਫਰੀਸੀ ਸਰਧਾਲੂਆਂ ਨੇ ਉਨ੍ਹਾਂ ਨੂੰ ਰਾਸ਼ਟਰ ਨਿਰਮਾਣ ਦੇ ਆਸ਼ੇ ਨਾਲ ਇਕ ਕੌਮੀ ਜਥੇਬੰਦੀ ਦਾ ਸੰਗਠਨ ਕਰਨ ਲਈ ਬੇਨਤੀ ਕੀਤੀ ਤਾਂ ਸੁਆਮੀ ਜੀ ਨੇ ਅਕਹਿ ਖ਼ੁਸ਼ੀ ਵਿਚ ਅੱਖਾਂ ਮੁੰਦ ਲਈਆਂ ਅਤੇ ਆਪਣੀਆਂ ਬਾਹਾਂ ਇਸ ਤਰ੍ਹਾਂ ਫੈਲਾਈਆਂ, ਜਿਸ ਤਰ੍ਹਾਂ ਉਹ ਸਾਰੇ ਸੰਸਾਰ ਨੂੰ ਆਪਣੀ ਪ੍ਰੇਮ ਗਲਵਕੜੀ ਵਿਚ ਘੁਟ ਲੈਣਾ ਚਾਹੁੰਦੇ ਹੋਣ।

'ਮੈਂ ਪ੍ਰੇਮ ਦਾ ਸਾਗਰ ਉਛਾਲਾਂਗਾ ;
ਜਗ ਨੂੰ ਖ਼ੁਸ਼ੀ ਵਿਚ ਨੁਹਾਲਾਂਗਾ
ਜੇ ਕੋਈ ਕਰੇ ਵਿਰੋਧ ਤਾਂ ਕਰਨ ਦਿਉ,

ਆ ਜਾਵੇ ਉਹ ਆ ਜਾਵੇ,
ਮੈਂ ਪ੍ਰੇਮ ਦਾ ਸਾਗਰ ਉਛਾਲਾਂਗਾ।
ਸਭ ਸਭਾ ਸੁਸਾਇਟੀਆਂ ਮੇਰੀਆਂ ਨੇ
ਮੈਂ ਸਭ ਦਾ ਸੁਆਗਤ ਕਰਦਾ ਹਾਂ,
ਆਉ, ਮੈਂ ਸਭ ਨੂੰ ਪਿਆਰ ਕਰਾਂ,
ਮੈਂ ਪ੍ਰੇਮ ਦੇ ਹੜ੍ਹ ਵਗਾਵਾਂਗਾ।''

ਇਸੇ ਧੁਨ ਵਿਚ ਹੀ ਉਹ ਅਗੋਂ ਬੋਲਦੇ ਗਏ :

''ਦਸੀਂ ਉਨ੍ਹਾਂ ਤਾਂਈਂ ਜਾ ਕੇ ਇਹ,
ਮੈਂ ਉਨ੍ਹਾਂ ਦਾ ਹੀ ਬੰਧੂ ਹਾਂ।
ਮੈਂ ਸਭ ਨੂੰ ਗਲਵਕੜੀ ਪਾਉਂਦਾ ਹਾਂ।
ਕੋਈ ਵੀ ਮੈਥੋਂ ਬਾਹਰ ਨਹੀਂ।
ਮੈਂ ਪ੍ਰੇਮ ਰੂਪ ਹਾਂ ਸਭਨਾਂ ਲਈ।
ਇਹ ਪ੍ਰੇਮ ਚਾਨਣ ਤੋਂ ਵਖ ਨਹੀਂ।
ਚਾਨਣ ਦੇ ਵਾਂਗ ਪ੍ਰੇਮ ਵੀ
ਸਭ ਤਾਂਈਂ ਗਲੇ ਲਗਾਉਂਦਾ ਹੈ।
ਖ਼ੁਸ਼ੀਆਂ ਦਾ ਮੀਂਹ ਬਰਸਾਉਂਦਾ ਹੈ।
ਹੈ ਪ੍ਰੇਮ ਦੀ ਉਚੀ ਸ਼ਾਨ ਇਹੀ
ਇਹ ਸਭ ਨੂੰ ਗਲੇ ਮਿਲਾਉਂਦਾ ਹੈ।
ਸਚਮੁਚ ਮੈਂ ਕੁਝ ਹੋਰ ਨਹੀਂ
ਹਾਂ ਪ੍ਰੇਮ ਦਾ ਹੜ੍ਹ ਤੇ ਸ਼ਾਨ ਉਹਦੀ!
ਮੈਂ ਪ੍ਰੇਮ ਸਭਸ ਨੂੰ ਕਰਦਾ ਹਾਂ।
ਇਸ ਪ੍ਰੇਮ ਵਿਚ ਸਭ ਬਰਾਬਰ ਹਨ
ਕੋਈ ਵੱਧ ਤੇ ਕੋਈ ਘੱਟ ਨਹੀਂ।''

ਜਦੋਂ ਵੀ ਉਹ ਮਨੁੱਖ ਜਾਂ ਪ੍ਰਭੂ ਬਾਰੇ ਕੋਈ ਬਚਨ ਕਰਦੇ ਤਾਂ ਉਨ੍ਹਾਂ ਦੀ ਸਾਰੀ ਦੇਹ ਵਾਈਲਿਨ ਦੀਆਂ ਸੁਰ ਹੋਈਆਂ ਤਾਰਾਂ ਸਮਾਨ ਇਵੇਂ ਕੰਬ ਉਠਦੀ, ਜਿਵੇਂ ਕਿਸੇ ਸੰਗੀਤਕਾਰ ਦੇ ਹੱਥਾਂ ਵਿਚ ਇਸ ਦਾ ਸੰਗੀਤ ਨਾਦ ਗੂੰਜਦਾ ਹੈ। ਜੇ ਉਨ੍ਹਾਂ

ਨੂੰ ਕਿਸੇ ਚਿਤਰ ਦੁਆਰਾ ਅੰਕਿਤ ਕਰਨਾ ਹੋਵੇ ਤਾਂ ਉਹ ਇੰਝ ਹੋਵੇਗਾ ਜਿਵੇਂ ਕਿਸੇ ਅੰਦਰਲੇ ਫੱਟ ਨਾਲ ਤੜਪਦੀ ਹੋਈ ਚਿੱਟੀ ਘੁੱਗੀ।

ਜਦੋਂ ਉਹ ਬੜੇ ਪ੍ਰਸੰਨਚਿਤ ਹੁੰਦੇ ਤਾਂ ਕਦੀ ਕਦੀ ਇੰਝ ਮਹਿਸੂਸ ਕਰਨ ਲਗ ਪੈਂਦੇ, ਜਿਵੇਂ ਕੋਈ ਸਨਾਤਨ ਚਿੰਤਕ ਜਾਂ ਕੋਈ ਮਹਾਨ ਕਵੀ ਉਨ੍ਹਾਂ ਦੇ ਕੋਲ ਆ ਗਿਆ ਹੋਵੇ। ਉਹ ਉਸ ਨਾਲ ਕਲਪਤ ਰੂਪ ਵਿਚ ਹੀ ਬੇ-ਤਕਲਫੀ ਨਾਲ ਸੰਬਾਦ ਕਰਨ ਲਗ ਪੈਂਦੇ ਅਤੇ ਫਿਰ ਬਚਿਆਂ ਵਾਲੀ ਬੇ-ਪ੍ਰਵਾਹੀ ਦੀ ਖ਼ੁਸ਼ੀ ਨੂੰ ਅਨੁਭਵ ਕਰਦੇ। ਅਜਿਹਾ ਕਰਨ ਸਮੇਂ ਉਹ ਬਿਲਕੁਲ ਭੁਲ ਜਾਂਦੇ ਕਿ ਕੋਈ ਉਨ੍ਹਾਂ ਨੂੰ ਵੇਖ ਰਿਹਾ ਹੋਵੇਗਾ ਅਤੇ ਉਹ ਉਨ੍ਹਾਂ ਬਾਰੇ ਕੀ ਸੋਚਦਾ ਹੋਵੇਗਾ। ਉਨ੍ਹਾਂ ਦੀ ਸਾਹਿਤਕ ਆਲੋਚਨਾ ਵੀ ਬੜੀ ਹੌਲੀ ਫੁੱਲ ਤੇ ਪ੍ਰੇਮ ਭਰੀ ਹੁੰਦੀ ਸੀ। ਇਹ ਇੰਝ ਹੁੰਦੀ ਜਿਵੇਂ ਨਿਜੀ ਰੂਪ ਦਾ ਸੰਬਾਦ ਹੋਵੇ। ਇਹ ਨਾ ਤਾਂ ਬੋਝਲ ਹੁੰਦੀ ਸੀ ਤੇ ਨਾ ਹੀ ਇਸ ਵਿਚ ਵਿਦਵਤਾ ਵਾਲਾ ਪੰਡਤਾਊ ਰੰਗ ਹੁੰਦਾ ਸੀ। ਉਹ ਕਹਿੰਦੇ ਹੁੰਦੇ ਸਨ, "ਅਜਿਹੇ ਗਿਆਨ ਦਾ ਕੀ ਲਾਭ ਹੈ, ਸ਼ੰਕਰਾਚਾਰੀਆ ਜੀ ਨੇ ਆਪਣੇ ਗਿਆਨ ਦੇ ਪ੍ਰਕਾਸ਼ ਨੂੰ ਵਿਦਵਤਾ ਦੇ ਪੜਪੇ ਹੇਠ ਛੁਪਾਇਆ ਹੋਇਆ ਸੀ। ਉਹ ਸਦਾ ਸ਼ਾਸਤਰਾਂ ਦੇ ਕਥਨਾਂ ਦੇ ਹਵਾਲੇ ਦਿੰਦੇ ਸਨ। ਉਹ ਕਹਿੰਦੇ, ਇਹ ਚੰਗਾ ਹੈ ਕਿ ਹਜ਼ਰਤ ਮੁਹੰਮਦ ਸਾਹਿਬ ਨੇ ਆਪਣੇ ਨਿਜੀ ਅਨੁਭਵ ਦੇ ਆਧਾਰ ਉਤੇ ਹੀ ਸੱਚ ਦਾ ਪ੍ਰਗਟਾਵਾ ਕੀਤਾ ਹੈ। "ਅਲ੍ਹਾ ਹੂ ਅਕਬਰ, ਮੁਹੰਮਦ ਰਸੂਲ ਅਲ੍ਹਾ।"

ਉਹ ਪਰਬਤਾਂ ਨੂੰ ਅਤੇ ਉਨ੍ਹਾਂ ਦੀ ਇਕਾਂਤ ਨੂੰ ਪਿਆਰ ਕਰਦੇ ਸਨ। ਉਹ ਸ਼ਾਹ ਬਲੂਤ ਤੇ ਚੀਲਾਂ ਦੇ ਘਣੇ ਜੰਗਲਾਂ ਵਿਚ ਵਿਚਰਦੇ ਰਹੇ, ਅਧੀ ਰਾਤ ਨੂੰ ਉਹ ਪਹਾੜਾਂ ਦੀਆਂ ਖੱਡਾਂ ਤੇ ਉਜਾੜਾਂ ਵਿਚ ਭ੍ਰਮਣ ਕਰਨ ਚਲੇ ਜਾਂਦੇ ਸਨ। ਸਿਧੀਆਂ ਪਰਬਤ ਚੋਟੀਆਂ ਉਤੇ ਉਹ ਕੁਦਰਤ ਦੇ ਬੱਚੇ ਹਾਰ ਚੜ੍ਹ ਜਾਂਦੇ ਸਨ। ਇਨ੍ਹਾਂ ਪਹਾੜੀ ਥਾਵਾਂ ਤੇ ਉਹ ਇੰਝ ਤਿਲਕਦੇ ਫਿਰਦੇ ਜਿਵੇਂ ਪੰਛੀ ਆਕਾਸ਼ਾਂ ਵਿਚ ਆਪਣੀ ਮਨਚਾਹੀ ਥਾਂ ਉਤੇ ਉਡਦੇ ਫਿਰਦੇ ਹਨ। ਉਸ ਸਮੇਂ ਉਨ੍ਹਾਂ ਦਾ ਜੀਵਨ ਅਨੁਭਵ ਪੂਰੇ ਜੋਬਨ ਉਤੇ ਹੁੰਦਾ ਜਦੋਂ ਉਹ ਹਿਮਾਲਾ ਦੇ ਘਣੇ ਜੰਗਲਾਂ ਵਿਚ ਸੈਰ ਕਰਦੇ ਹੁੰਦੇ ਅਤੇ ਸੰਸਾਰ ਦੇ ਇਸ ਸ਼ਕਤੀਮਾਨ ਸਮਰਾਟਾਂ ਨੂੰ ਹੇਚ ਜਾਣਦੇ।

ਅਮਰੀਕਾ ਗਮਨ ਸਮੇਂ ਵੀ ਉਹ ਆਪਣੇ ਸਮਾਜਕ ਰੁਝੇਵਿਆਂ ਨੂੰ ਤਜ ਕੇ ਬਾਹਰ ਨੂੰ ਨੱਠ ਤੁਰਦੇ, ਜਿਵੇਂ ਇਹ ਸਾਰਾ ਘੁਟਵਾਂ ਵਾਤਾਵਰਣ ਉਨ੍ਹਾਂ ਨੂੰ ਜਿਚ ਕਰ ਰਿਹਾ ਹੋਵੇ। ਉਹ ਸ਼ਾਸਤਾ ਪਰਬਤ ਉਤੇ ਰਹਿਣ ਲਈ ਗਏ। ਉਹ ਹਥੀਂ ਕੰਮ ਕਰਨ ਦੇ ਏਨੇ ਸ਼ੌਕੀਨ ਸਨ ਕਿ ਘਣੇ ਜੰਗਲਾਂ ਵਿਚ ਜਾ ਕੇ ਆਪਣੇ ਮੇਜ਼ਬਾਨ ਡਾ. ਹਿਲੇਰ ਦੇ ਰਸੋਈ-ਘਰ ਲਈ ਬਾਲਣ ਚੁਕ ਲਿਆਉਂਦੇ ਸਨ।

ਆਪਣੀ ਬੌਧਿਕ ਆਵਸ਼ਕਤਾ ਨੂੰ ਮੁਖ ਰਖ ਕੇ ਉਨ੍ਹਾਂ ਨੇ ਆਪਣੇ ਆਪ ਨੂੰ ਸ਼ੰਕਰਾਚਾਰੀਆ ਦੇ ਅਦਵੈਤ-ਦਰਸ਼ਨ ਦੇ ਮੁਖ ਵਿਆਖਿਆਕਾਰਾਂ ਦੀ ਪੰਕਤੀ ਵਿਚ ਖੜਾ ਤਾਂ ਕਰ ਦਿਤਾ, ਪਰ ਉਹ ਇਸ ਦਾ ਪ੍ਰਚਾਰ ਵੈਸ਼ਨਵ ਸਾਧਕਾਂ ਸਮਾਨ ਆਪਣੀ ਤੀਬਰ ਭਗਤੀ ਭਾਵਨਾ ਦੁਆਰਾ ਹੀ ਕਰਦੇ ਹੁੰਦੇ ਸਨ। ਭਾਵੇਂ ਉਹ ਆਪਣੇ ਆਪ ਨੂੰ 'ਪ੍ਰਭੂ' ਵੀ ਕਹਿ ਦਿੰਦੇ ਸਨ, ਪਰ ਉਨ੍ਹਾਂ ਨੇ ਜੀਵਨ ਭਰ ਉਸ ਦੈਵੀ-ਅਵਸਥਾ ਦੀ ਪ੍ਰਾਪਤੀ ਲਈ ਸਾਧਨਾ ਕੀਤੀ ਅਤੇ ਇਸ ਉਚੇਰੀ ਆਤਮਕ ਅਵਸਥਾ ਦੇ ਅਨੁਭਵ ਦੀ ਪ੍ਰਾਪਤੀ ਉਪਰੰਤ ਵੀ ਆਪਣੇ ਸਾਧਕਾਂ ਵਾਲੀ ਤਪੱਸਿਆ ਨੂੰ ਜਾਰੀ ਰਖਿਆ। ਉਹ ਪ੍ਰਭੂ ਸਿਮਰਨ ਵਲੋਂ ਕਦੇ ਵੀ ਬੇਧਿਆਨ ਨਹੀਂ ਸਨ ਹੁੰਦੇ ਅਤੇ ਆਪਣੀ ਆਤਮਾ ਦੀਆਂ ਦੈਵੀ ਅਵਸਥਾਵਾਂ ਉਤੇ ਦੂਜੇ ਮਨੁੱਖਾਂ ਤੇ ਵਸਤੂਆਂ ਦੇ ਪਏ ਪ੍ਰਭਾਵਾਂ ਨੂੰ ਬੜੇ ਧਿਆਨ ਨਾਲ ਵਾਚਦੇ ਹੁੰਦੇ ਸਨ। "ਮੇਰੇ ਵਿਚ ਸਵੈ-ਵਿਰੋਧ ਹਨ! ਸਚਮੁੱਚ! ਮੇਰੇ ਵਿਚ ਸਵੈ-ਵਿਰੋਧ ਹਨ!" ਉਹ ਆਪਣੀ ਸਚੀ ਆਤਮਾ ਨੂੰ ਹੀ ਪ੍ਰਭੂ ਮੰਨਦੇ ਸਨ। ਹਜ਼ਰਤ ਈਸਾ ਦੀ ਨਿਆਂਈਂ ਉਹ ਇਹ ਐਲਾਨ ਕਰਦੇ ਸਨ ਕਿ ਦੋਵੇਂ ਚੀਜ਼ਾਂ ਇਕੋ ਸਮੇਂ ਇਕੱਠੀਆਂ ਨਹੀਂ ਰਹਿ ਸਕਦੀਆਂ; ਜਾਂ ਤਾਂ ਇਸ ਵਿਚ 'ਮਾਇਆ' ਜਿਸ ਨੂੰ ਉਹ ਲਘੂ-ਆਪਾ ਜਾਂ ਹੇਠਲਾ-ਨਿਜ ਕਹਿੰਦੇ ਸਨ, ਹੋ ਸਕਦਾ ਹੈ ਜਾਂ 'ਪ੍ਰਭੂ' ਜੋ ਕਿ ਸਰਵੁਚ ਆਤਮਾ ਹੈ। ਉਨ੍ਹਾਂ ਦੇ ਆਪਣੇ ਆਚਰਣ ਵਿਚ ਸਿਧਾਂਤ ਅਤੇ ਵਿਵਹਾਰ ਵਿਚ ਕੋਈ ਸਵੈ-ਵਿਰੋਧ ਨਹੀਂ ਸੀ ਦਿਖਾਈ ਦਿੰਦਾ ਕਿਉਂਜੋ ਆਪਣੀਆਂ ਸਾਰੀਆਂ ਗਿਆਨ ਇੰਦਰੀਆਂ ਦੁਆਰਾ ਉਹ ਪ੍ਰਭੂ ਅਨੁਭਵ ਦੀ ਪ੍ਰਾਪਤੀ ਲਈ ਬੜੀ ਕਰੜੀ ਘਾਲਣਾ ਨਿਰੰਤਰ ਕਰਦੇ ਰਹਿੰਦੇ ਸਨ ਅਤੇ ਆਪਣੇ ਹਿਰਦੇ ਨੂੰ ਉਸ "ਅਕੱਥ ਰਹੱਸ" ਦੇ ਪਰਮਾਨੰਦ ਨਾਲ ਭਰਪੂਰ ਕਰ ਲੈਂਦੇ ਸਨ।

ਇਹ ਵਚਿਤਰ ਅਤੇ ਕਾਵਿ ਮਈ ਸੁਭਾਅ ਵਾਲੇ ਮਹਾਂਪੁਰਸ਼ ਭਗਵਾ ਬਾਣਾ ਪਹਿਨ ਕੇ 1906 ਵਿਚ ਪੰਜਾਬ ਤੋਂ ਚਲੇ ਗਏ। ਬੜੀ ਸਫਲਤਾ ਨਾਲ ਉਨ੍ਹਾਂ ਨੇ ਪ੍ਰਾਪਤ ਕੀਤੀ ਵਿਦਿਆ ਦੀ ਧੂੜ ਨੂੰ ਛੰਡ ਦਿਤਾ ਅਤੇ ਹਿਮਾਲਾ ਦੀਆਂ ਬਰਫਾਂ ਤੇ ਘਣੇ ਜੰਗਲਾਂ ਵਿਚ ਪ੍ਰਭੂ ਦੀ ਭਾਲ ਕਰਨ ਲਗੇ। ਸਰਵਥਾ ਨਗਨ ਰੂਪ ਵਿਚ ਉਨ੍ਹਾਂ ਨੇ ਆਪਣੇ ਆਪ ਨੂੰ ਹਿਮਾਲਾ ਦੀ ਇਕਾਂਤ ਦੇ ਸਨਮੁਖ ਅਰਪਣ ਕਰ ਦਿਤਾ ਤਾਂ ਜੋ ਇਹ ਜਾਣ ਸਕਣ ਕਿ ਹਿਮਾਲਾ ਦੇ ਹਿਮ-ਖੰਡ ਉਨ੍ਹਾਂ ਦੇ ਹਿਰਦੇ ਵਿਚਲੀ ਪ੍ਰਚੰਡ ਜਵਾਲਾ ਨੂੰ ਸ਼ਾਂਤ ਕਰ ਸਕਦੇ ਹਨ ਜਾਂ ਨਹੀਂ। ਇਹ ਦੈਵੀ ਮਨੁੱਖ ਕੁਦਰਤ ਮਾਂ ਦੇ ਬਹੁਤ ਨੇੜੇ ਜਾ ਕੇ ਉਸ ਦੀ ਗੋਦ ਵਿਚ ਹੀ ਵਿਚਰਦਾ ਰਿਹਾ। ਆਪ ਗੰਗੋਤਰੀ ਦੇ ਸਦੀਵੀ ਹਿਮ-ਖੰਡਾਂ ਵਿਚ ਬੈਠ ਕੇ ਸਮਾਧੀ ਇਸਥਿਤ ਹੁੰਦੇ ਰਹੇ। ਅਨੰਦਮਈ ਅਵਸਥਾ ਵਿਚ ਉਹ ਬਰਫੀਲੇ ਤੂਫਾਨਾਂ ਨੂੰ ਰੁਕ ਜਾਣ ਦਾ ਹੁਕਮ ਦਿੰਦੇ ਅਤੇ ਉਨ੍ਹਾਂ

ਦੀ ਮੁਸਕਾਨ ਘਣੇ ਬਦਲਾਂ ਨੂੰ ਚੀਰਫਾੜ ਕਰਕੇ ਆਪਣੇ ਪ੍ਰਤੀਬਿੰਬ ਨੂੰ ਸੂਰਜ ਵਿਚੋਂ ਨਿਹਾਰ ਲੈਂਦੀ। "ਕੁਦਰਤ ਨਾਲ ਅਭੇਦ ਹੋ ਕੇ" ਉਹ ਕਹਿ ਦਿੰਦੇ ਸਨ, "ਕੁਦਰਤ ਹੀ ਮੇਰੀ ਦੇਹ ਹੈ। ਮੈਂ ਇਸ ਦੀ ਆਤਮਾ ਦੀਆਂ ਨਸਾਂ ਨੂੰ ਆਪਣੇ ਸਰੀਰ ਦੇ ਅੰਗਾਂ ਸਮਾਨ ਹਿਲਾ ਸਕਦਾ ਹਾਂ।"

ਉਹ ਇਕ ਸੱਚੇ ਵੈਦਿਕ ਕਵੀ ਸਮਾਨ ਸਨ, ਜਿਨ੍ਹਾਂ ਨੂੰ 'ਅਦਵੈਤ' ਦਾ ਪੂਰਨ ਅਨੁਭਵ ਹੋ ਚੁਕਾ ਸੀ, ਪਰ ਆਪਣੇ ਪਿਤਰੀ ਵਿਰਸੇ ਤੇ ਸੁਭਾਅ ਕਾਰਣ ਉਹ ਸੱਚੇ ਵੈਸ਼ਣਵ ਭਗਤ ਸਨ, ਜਿਨ੍ਹਾਂ ਵਿਚ ਉਚ ਪ੍ਰਕਾਰ ਦੇ ਉਚੇਰੇ ਮਨੋਭਾਵ ਜਾਗਰੂਪ ਸਨ। ਆਪਣੀ ਨਵਤਨ ਦੈਵੀ ਪ੍ਰੇਰਣਾ ਕਾਰਣ ਉਹ ਇਕ ਹਿੰਦੂ ਨਾਲੋਂ ਈਰਾਨੀ ਸਾਧਕਾਂ ਵਾਲੇ ਗੁਣ ਵਧੇਰੇ ਰਖਦੇ ਸਨ। ਆਪਣੇ ਜੀਵਨ ਦੇ ਪਿਛਲੇਰੇ ਚਰਣ ਵਿਚ ਉਹ ਸ਼ੰਕਰਾਚਾਰੀਆ ਦੇ "ਮਿਥਿਆ" ਜਾਂ "ਮਾਇਆ" ਦੇ ਦਰਸ਼ਨ ਤੋਂ ਪ੍ਰਭਾਵਿਤ ਹੋਏ। ਉਹ ਕਹਿੰਦੇ ਹੁੰਦੇ ਸਨ, "ਜੇ ਕੋਈ ਸੱਚ ਦਾ ਅਨੁਭਵ ਪ੍ਰਾਪਤ ਕਰ ਲੈਂਦਾ ਹੈ ਤਾਂ ਉਸ ਨੂੰ ਸਥੂਲ ਸਰੀਰ ਦੇ ਤਿਆਗ ਦੀ ਵੀ ਲੋੜ ਨਹੀਂ ਪੈਂਦੀ, ਇਹ ਵੀ ਸਦੀਵੀ ਹੋ ਨਿਬੜਦਾ ਹੈ। ਪਰ ਦਾਰਸ਼ਨਿਕ ਅਰਥਾਂ ਵਿਚ, ਸਾਰਾ ਜਗਤ ਹੀ ਮਿਥਿਆ ਹੈ, ਇਸ ਦੀ ਹੋਂਦ ਤਾਂ ਕਦੀ ਵੀ ਨਹੀਂ ਸੀ। ਕੇਵਲ ਇਕ ਹੀ ਹੈ, ਜੋ ਕਿ 'ਸੱਤ' ਹੈ, ਹੋਰ ਸਭ ਮਾਇਆ ਹੈ।"

ਆਪਣੇ ਉਚੇਰੇ ਆਤਮਕ ਅਨੁਭਵ ਦੇ ਬਲ ਦੁਆਰਾ ਉਹ ਆਲੇ-ਦੁਆਲੇ ਦੇ ਸਾਰੇ ਵਾਤਾਵਰਣ ਨੂੰ ਭਰਪੂਰ ਕਰ ਦਿੰਦੇ ਸਨ। ਉਨ੍ਹਾਂ ਦੇ ਅਨੁਭਵ ਵਿਚ ਭੂਤਕਾਲ ਵੀ ਆ ਜਾਂਦਾ ਸੀ, ਵਰਤਮਾਨ ਵੀ ਸਮਾ ਜਾਂਦਾ ਸੀ ਅਤੇ ਭਵਿਖ ਵੀ ਦ੍ਰਿਸ਼ਟੀਗੋਚਰ ਹੋ ਜਾਂਦਾ ਸੀ। (ਇੰਝ ਆਪ ਤ੍ਰੈਕਾਲ-ਦਰਸ਼ੀ ਸਨ)। ਉਹ ਦੂਜਿਆਂ ਦੀ ਬਾਣੀ ਅਤੇ ਗੀਤਾਂ ਨੂੰ ਥੋੜ੍ਹਾ ਬਦਲ ਕੇ ਆਪ ਗਾਉਂਦੇ ਹੁੰਦੇ ਸਨ ਅਤੇ ਉਸ ਵਿਚੋਂ ਆਪਣੀ ਰਚਨਾ ਵਾਲਾ ਹੀ ਅਨੰਦ ਮਾਣਦੇ ਸਨ। ਕੇਵਲ ਮੂਕ ਅਤੇ ਜੀਵਤ ਮਨੋਭਾਵ ਹੀ ਮੌਲਿਕ ਅਨੁਭਵ ਦਾ ਰੂਪ ਧਾਰਣ ਕਰਦੇ ਹਨ ਅਤੇ ਇਹ ਜੀਵਤ ਮਨੋਭਾਵਾਂ ਦੀ ਅਸਗਾਹ ਚੁੱਪ ਹੀ ਕੁਦਰਤ ਦੀ ਹਰ ਆਵਾਜ਼ ਨੂੰ ਆਪਣੀ ਹੀ ਆਵਾਜ਼ ਪ੍ਰਤੀਤ ਕਰਨ ਲਗ ਪੈਂਦੀ ਹੈ। ਕੀ ਜੰਗਲਾਂ ਦੀ ਗੂੜ੍ਹੀ ਇਕਾਂਤ ਵਿਚ ਤੁਸੀਂ ਕਾਲੇ ਤਿੱਤਰ ਨੂੰ "ਸੁਬ੍ਹਾਨ ਅਲ੍ਹਾ" ਕਹਿੰਦੇ ਸੁਣਿਆ ਹੈ? ਇਸ ਸਮੇਂ ਇੰਝ ਪ੍ਰਤੀਤ ਹੋਣ ਲਗ ਪੈਂਦਾ ਹੈ, ਜਿਵੇਂ ਇਹ ਸੁਣਨ ਵਾਲੇ ਦੀ ਆਪਣੀ ਆਵਾਜ਼ ਹੀ ਹੋਵੇ।

ਸੁਆਮੀ ਜੀ ਗਰਮੀਆਂ ਦੀ ਰੁੱਤ ਵਿਚ ਦੁਪਹਿਰ ਵੇਲੇ ਲਾਹੌਰ ਦੇ ਤਪਦੇ ਬਾਜ਼ਾਰਾਂ ਵਿਚ ਪਟੜੀਆਂ ਤੇ ਚਲ ਕੇ ਆਏ ਸਨ, ਪਰ ਜਦੋਂ ਉਨ੍ਹਾਂ ਦੇ ਚਰਨਾਂ ਨੂੰ ਛੂਹਿਆ ਗਿਆ ਤਾਂ ਉਹ ਠੰਢੇ ਠਾਰ ਸਨ। ਉਨ੍ਹਾਂ ਨੇ ਬਚਨ ਕੀਤਾ, "ਮੈਂ ਲਾਹੌਰ

ਦੇ ਬਾਜ਼ਾਰਾਂ ਵਿਚੋਂ ਥੋੜ੍ਹਾ ਚਲ ਕੇ ਆਇਆ ਹਾਂ? ਮੈਂ ਤਾਂ ਗੰਗਾ ਦੀ ਅੰਮ੍ਰਿਤ ਜਲਧਾਰ ਨੂੰ ਪਾਰ ਕਰਦਾ ਆਇਆ ਹਾਂ, ਜਿਸ ਨਾਲ ਮੇਰੇ ਮਨ ਵਿਚ ਅਨੰਦ ਛਾਇਆ ਹੋਇਆ ਹੈ।'' ''ਤੁਸੀਂ ਗੰਗਾ ਨੂੰ ਹਰ ਥਾਂ ਵਹਿ ਰਹੀ ਪ੍ਰਤੀਤ ਨਹੀਂ ਕਰਦੇ?'' ਉਹ ਸਦਾ ਭਾਵਾਂ ਰੱਤੇ ਅਨੰਦ ਵਿਚ ਮਗਨ ਰਹਿੰਦੇ ਸਨ, ਖਾਣ ਪਹਿਨਣ ਵਲੋਂ ਬੇ-ਪ੍ਰਵਾਹ, ਅੱਖਾਂ ਵਿਚ ਸਦਾ ਹੰਝੂ ਵਹਿੰਦੀ ਨਦੀ ਵਾਂਗ ਤਰਦੇ ਰਹਿੰਦੇ। ਲਾਹੌਰ ਵਿਚ ਵਿਚਰਦਿਆਂ ਹੋਇਆਂ ਵੀ ਉਹ ਗਗਨ ਮੰਡਲ ਵਿਚ ਹੀ ਰਹਿੰਦੇ ਸਨ ਅਤੇ ਨੀਲੇ ਆਕਾਸ਼ ਵਿਚ ਸਦਾ ਉਹ ਕਾਦੰਬ ਬਿਰਛ ਨੂੰ ਆਪਣੀ ਕਲਪਨਾ ਵਿਚ ਨਿਹਾਰਦੇ ਰਹਿੰਦੇ, ਜਿਸ ਹੇਠਾਂ ਕਿ ਸ੍ਰੀ ਕ੍ਰਿਸ਼ਨ ਜੀ ਬੰਸੀ ਵਜਾਂਦੇ ਹੁੰਦੇ ਸਨ। ਹਰਦੁਆਰ ਵਿਖੇ ਗੰਗਾ ਵਿਚ ਇਸ਼ਨਾਨ ਕਰਦਿਆਂ ਹੋਇਆਂ ਉਹ ਉਸ ਬਿਰਛ ਤੇ ਆਲੇ-ਦੁਆਲੇ ਦੀ ਸੁਧ ਬੁਧ ਭੁਲ ਜਾਂਦੇ ਸਨ ਅਤੇ ਮੁੰਦ ਨੈਣਾਂ ਨਾਲ ਧਿਆਨ ਮਗਨ ਅਵਸਥਾ ਵਿਚ ਸ੍ਰੀ ਕ੍ਰਿਸ਼ਨ ਜੀ ਦੇ ਦਰਸ਼ਨ ਕਰਦੇ ਅਤੇ ਬੰਦ ਕੰਨਾਂ ਦੁਆਰਾ ਉਨ੍ਹਾਂ ਦੀ ਬੰਸੀ ਦੇ ਮਧੁਰ ਤਰਾਨੇ ਨੂੰ ਸੁਣਦੇ ਰਹਿੰਦੇ। ਉਨ੍ਹਾਂ ਨੂੰ ਇਸ ਬੰਸੀ ਦਾ ਮਧੁਰ ਸੰਗੀਤ ਦੀਵਾਨਾ ਕਰ ਦਿੰਦਾ ਸੀ, ਪਰ ਉਨ੍ਹਾਂ ਦੇ ਇਰਦ ਗਿਰਦ ਹਜ਼ਾਰਾਂ ਸ਼ਰਧਾਲੂ ਗੰਗਾ ਦੇ ਸੀਤਲ ਨਿਰਮਲ ਜਲ ਵਿਚ ਇਸ਼ਨਾਨ ਕਰਦਿਆਂ ਇਸ ਮਧੁਰ ਸੰਗੀਤ ਤੋਂ ਵਿਰਵੇ ਤੇ ਅਗਿਆਤ ਹੁੰਦੇ।

ਪਰਮ ਅਨੰਦ ਦੀ ਲਹਿਰ ਉਪਰ ਲਹਿਰ ਉਨ੍ਹਾਂ ਦੇ ਮਨ ਨੂੰ ਮਲ ਲੈਂਦੀ ਸੀ ਅਤੇ ਉਹ ਕਈ ਕਈ ਦਿਨ ਅਕਹਿ ਖ਼ੁਸ਼ੀ ਦੇ ਹੜ੍ਹ ਵਿਚ ਡੁਬੇ ਰਹਿੰਦੇ। ਜਦੋਂ ਉਹ ਵਿਸ਼ਵ-ਯਾਤਰਾ ਸਮੇਂ ਜਾਪਾਨ ਤੋਂ ਅਮਰੀਕਾ ਗਏ ਤਾਂ ਸਾਨਫ਼ਰਾਂਸਿਸਕੋ ਦੀ ਬੰਦਰਗਾਹ ਉਪਰ ਪੁਜ ਕੇ ਵੀ ਉਹ ਹਾਲੀ ਜਹਾਜ਼ ਦੇ ਡੈਕ ਉਤੇ ਇੰਝ ਬੈਠੇ ਸਨ, ਜਿਵੇਂ ਉਹੋ ਹੀ ਉਨ੍ਹਾਂ ਦਾ ਸਥਾਈ ਨਿਵਾਸ ਹੋਵੇ। ਉਨ੍ਹਾਂ ਦੀ ਇਸ ਖ਼ੁਸ਼ੀ ਭਰੀ ਅਵਸਥਾ ਨੂੰ ਵੇਖ ਕੇ ਇਕ ਅਮਰੀਕਨ ਸਜਣ ਨੂੰ ਬੜੀ ਹੈਰਾਨੀ ਹੋਈ ਅਤੇ ਉਹ ਉਨ੍ਹਾਂ ਕੋਲ ਜਾ ਕੇ ਪੁਛਣ ਲਗਾ, 'ਆਪ ਦੂਜੇ ਯਾਤਰੂਆਂ ਸਮਾਨ ਕਾਹਲ ਵਿਚ ਅਤੇ ਉਤਰਨ ਲਈ ਉਤਾਵਲੇ ਕਿਉਂ ਨਹੀਂ ਹੋ? ਤੁਹਾਡਾ ਮਾਲ ਅਸਬਾਬ ਕਿਥੇ ਹੈ?'' ਸੁਆਮੀ ਜੀ ਨੇ ਉਤਰ ਦਿਤਾ, 'ਮੇਰਾ ਕੋਈ ਮਾਲ ਅਸਬਾਬ ਨਹੀਂ ਹੈ। ਮੇਰੇ ਤੋਂ ਬਿਨਾਂ ਹੋਰ ਮੇਰਾ ਕੁਝ ਵੀ ਨਹੀਂ ਹੈ।''

''ਤੁਸੀਂ ਆਪਣਾ ਪੈਸਾ ਧੇਲਾ ਕਿਥੇ ਰਖਦੇ ਹੋ?'' ਅਮਰੀਕਨ ਨੇ ਪੁਛਿਆ।

''ਮੇਰੇ ਕੋਲ ਕੋਈ ਪੈਸਾ ਧੇਲਾ ਨਹੀਂ ਹੈ।'' ਸੁਆਮੀ ਜੀ ਦਾ ਉਤਰ ਸੀ।

''ਫਿਰ ਤੁਸੀਂ ਗੁਜ਼ਰਾਨ ਕਿਵੇਂ ਕਰਦੇ ਹੋ?''

"ਮੈਂ ਤਾਂ ਸਭ ਨੂੰ ਪ੍ਰੇਮ ਕਰਕੇ ਹੀ ਆਪਣੀ ਗੁਜ਼ਰਾਨ ਕਰਦਾ ਹਾਂ" ਸੁਆਮੀ ਜੀ ਨੇ ਮੁਸਕਰਾ ਕੇ ਉਤਰ ਦਿਤਾ, "ਜਦੋਂ ਮੈਨੂੰ ਤੇਹ ਲਗਦੀ ਹੈ ਤਾਂ ਕੋਈ ਨਾ ਕੋਈ ਮੇਰੇ ਲਈ ਪਾਣੀ ਲੈ ਕੇ ਖਲੋਤਾ ਹੁੰਦਾ ਹੈ, ਜਦੋਂ ਮੈਨੂੰ ਭੁੱਖ ਲਗਦੀ ਹੈ ਤਾਂ ਕੋਈ ਨਾ ਕੋਈ ਪ੍ਰਸ਼ਾਦਾ ਲੈ ਕੇ ਖੜਾ ਹੁੰਦਾ ਹੈ।"

"ਫਿਰ ਤੁਹਾਡਾ ਅਮਰੀਕਾ ਵਿਚ ਕੋਈ ਗੂੜ੍ਹਾ ਮਿਤਰ ਹੋਵੇਗਾ।" ਉਤਸੁਕ ਅਮਰੀਕਨ ਸਜਣ ਨੇ ਪੁਛਿਆ।

"ਹਾਂ, ਮੇਰੇ ਇਕ ਅਮਰੀਕਨ ਮਿਤਰ ਹਨ ਤੇ ਉਹ ਤੁਸੀਂ ਹੋ।" ਸੁਆਮੀ ਜੀ ਨੇ ਉਸ ਦੇ ਮੋਢਿਆਂ ਉਤੇ ਹੱਥ ਰਖਦਿਆਂ ਹੋਇਆਂ ਕਿਹਾ। ਉਨ੍ਹਾਂ ਦੀ ਛੁਹ ਨਾਲ ਹੀ ਉਸ ਅਮਰੀਕਨ ਸਜਣ ਨੂੰ ਜਿਵੇਂ ਕੋਈ ਭੁਲੀ ਵਿਸਰੀ ਗੱਲ ਚੇਤੇ ਆ ਗਈ ਹੋਵੇ, ਉਹ ਇੰਝ ਮਹਿਸੂਸ ਕਰਨ ਲਗਾ, ਜਿਵੇਂ ਉਹ ਉਨ੍ਹਾਂ ਦਾ ਕੋਈ ਪੁਰਾਣਾ ਜਾਣੂੰ ਹੋਵੇ। ਪਿਛੋਂ ਇਹ ਅਮਰੀਕਨ ਸਜਣ ਉਨ੍ਹਾਂ ਦਾ ਪੱਕਾ ਸ਼ਰਧਾਲੂ ਤੇ ਉਪਾਸ਼ਕ ਬਣ ਗਿਆ। ਇਸੇ ਭੱਦਰ ਪੁਰਸ਼ ਨੇ ਇਹ ਲਿਖਿਆ ਸੀ, "ਹਿਮਾਲਾ ਤੋਂ ਪੁਜਾ ਇਹ ਸੁਆਮੀ ਗਿਆਨ ਦਾ ਦੀਪਕ ਹੈ, ਜਿਸ ਨੂੰ ਨਾ ਅਗਨੀ ਸਾੜ ਸਕਦੀ ਹੈ ਤੇ ਨਾ ਲੋਹਾ ਕੱਟ ਸਕਦਾ ਹੈ। ਉਸ ਦੇ ਨੇਤਰਾਂ ਵਿਚੋਂ ਹੰਝੂ ਪਰਲ ਪਰਲ ਵਹਿੰਦੇ ਰਹਿੰਦੇ ਹਨ ਅਤੇ ਉਸ ਦੇ ਦਰਸ਼ਨ ਕਰਨ ਨਾਲ ਨਵੀਂ ਜ਼ਿੰਦਗੀ ਮਿਲ ਜਾਂਦੀ ਹੈ।

ਇਕ ਬਿਰਧ ਅਮਰੀਕਨ ਸੁਆਣੀ[1] ਸੁਆਮੀ ਜੀ ਨਾਲ ਨਿਜੀ ਮੁਲਾਕਾਤ ਕਰਨ ਗਈ। ਉਹ ਆਪਣੇ ਘਰੋਗੀ ਦੁਖੜਿਆਂ ਦੀ ਵਿਥਿਆ ਸੁਆਮੀ ਜੀ ਨੂੰ ਸੁਨਾਉਣ ਲਗ ਪਈ ਅਤੇ ਘੰਟਿਆਂ ਬੱਧੀ ਉਨ੍ਹਾਂ ਦੇ ਸਾਹਮਣੇ ਬੈਠ ਕੇ ਰੋਂਦੀ ਰਹੀ। ਸੁਆਮੀ ਜੀ ਚੌਂਕੜੀ ਮਾਰ ਕੇ ਬੈਠੇ ਸਨ ਅਤੇ ਉਨ੍ਹਾਂ ਦੇ ਨੈਣ ਮੁੰਦੇ ਹੋਏ ਸਨ। ਉਨ੍ਹਾਂ ਨੂੰ ਇੰਝ ਅਡੋਲ ਬੈਠਿਆ ਵੇਖ ਕੇ ਉਹ ਇਹ ਖਿਆਲ ਕਰਨ ਲਗੀ ਕਿ ਸੁਆਮੀ ਜੀ ਕਿਤਨੇ ਅਸਭਿਆ ਤੇ ਅਭਿਮਾਨੀ ਹਨ। ਉਨ੍ਹਾਂ ਦੇ ਸਾਹਮਣੇ ਇਕ ਇਸਤਰੀ ਫੁਟ ਫੁਟ ਕੇ ਰੋ ਰਹੀ ਹੈ, ਉਸ ਦੇ ਦੁਖਾਂ ਦਾ ਸੁਆਮੀ ਜੀ ਨੂੰ ਕੋਈ ਵੀ ਅਹਿਸਾਸ ਨਹੀਂ ਹੈ। ਨਾ ਤਾਂ ਉਨ੍ਹਾਂ ਨੇ ਉਸ ਬਾਰੇ ਕੋਈ ਹਮਦਰਦੀ ਦਾ ਬੋਲ ਬੋਲਿਆ ਹੈ ਤੇ ਨਾ ਹੀ ਮਿਹਰ ਭਰੀ ਨਜ਼ਰ ਨਾਲ ਤੱਕਿਆ ਹੈ। ਸੁਆਮੀ ਜੀ ਉਸ ਦੇ ਸਾਹਮਣੇ ਇੰਝ ਬਿਰਾਜਮਾਨ ਸਨ, ਜਿਵੇਂ ਉਸ ਦੀ ਸੁਣੀ ਗੱਲ ਨੂੰ ਅਣਸੁਣੀ ਕਰ ਰਹੇ ਹੋਣ ਅਤੇ ਇਕ ਪੱਥਰ ਦਾ ਬੁਤ ਹੋਣ। "ਪਰ ਜਦੋਂ ਇਸ ਸੁਆਣੀ ਨੇ ਆਪਣੀ ਦੁੱਖ ਭਰੀ

---

1 ਮਿਸੇਜ਼ ਵੈਲਮੈਨ: ਇਹ ਸੁਆਣੀ ਮੈਨੂੰ ਭਾਰਤ ਵਿਚ ਮਿਲੀ ਸੀ ਤੇ ਇਹ ਸਾਰੀ ਵਾਰਤਾ ਦਸੀ ਸੀ।

ਵਿਥਿਆ ਨੂੰ ਸੰਪੂਰਨ ਕੀਤਾ ਤਾਂ ਸੁਆਮੀ ਜੀ ਨੇ ਅੱਖਾਂ ਖੋਲ੍ਹੀਆਂ ਅਤੇ ਆਪਣੀਆਂ ਦੀਵਾਨਿਆਂ ਵਾਲੀਆਂ ਸੂਹੀਆਂ ਅੱਖੀਆਂ ਨਾਲ ਉਸ ਵਲ ਤੱਕ ਕੇ ਇਹ ਬਚਨ ਕੀਤਾ, "ਮਾਤਾ" ਅਤੇ ਆਪਣੇ ਮਨਪਸੰਦ ਵੇਦ ਮੰਤਰ 'ਓਮ! ਓਮ!' ਦਾ ਜਾਪ ਕਰਨ ਲਗੇ। ਉਸ ਇਸਤਰੀ ਨੇ ਮੈਨੂੰ ਇਹ ਦਸਿਆ ਕਿ ਉਸ ਸਮੇਂ ਮੇਰੇ ਅੰਦਰ ਪਰਮ-ਚੇਤੰਨਤਾ ਦੀ ਇਕ ਨਵੀਂ ਸਵੇਰ ਪ੍ਰਕਾਸ਼ਮਾਨ ਹੋ ਗਈ ਸੀ।" ਮੈਨੂੰ ਇੰਝ ਪ੍ਰਤੀਤ ਹੋਇਆ ਜਿਵੇਂ ਮੇਰਾ ਉਥਾਨ ਹੋ ਗਿਆ ਹੋਵੇ, ਜਿਵੇਂ ਮੈਂ ਧਰਤ ਤੋਂ ਆਕਾਸ਼ ਵਿਚ ਇਕ ਪ੍ਰਕਾਸ਼ ਦੇ ਆਕਾਰ ਦੀ ਤਰ੍ਹਾਂ ਤਰ ਰਹੀ ਹੋਵਾਂ, ਮੈਨੂੰ ਇੰਝ ਲਗਾ ਜਿਵੇਂ ਮੈਂ ਸਾਰੇ ਬ੍ਰਹਿਮੰਡ ਦੀ ਮਾਤਾ ਹੋਵਾਂ। ਸਾਰੇ ਦੇਸ਼ ਮੇਰੇ ਹੋ ਗਏ ਹੋਣ। ਸਾਰੀਆਂ ਕੌਮਾਂ ਮੇਰੀ ਸੰਤਾਨ ਹੋਣ। ਮੇਰੇ ਅੰਦਰ ਅਨੰਦ ਦਾ ਇਤਨਾ ਭਰਪੂਰ ਉਛਾਲਾ ਸੀ ਕਿ ਮੇਰੇ ਅੰਦਰ ਇਹ ਫੁਰਨਾ ਜਾਗਿਆ ਕਿ ਕਿਉਂ ਨਾ ਉਸ ਦੇਸ਼ ਦੀ ਯਾਤਰਾ ਕਰਾਂ, ਜਿਥੇ ਇਸ ਪਾਵਨ ਸੁਆਮੀ ਆਤਮਾ ਦਾ ਜਨਮ ਹੋਇਆ ਹੈ ਅਤੇ ਜਿਥੇ ਉਸ ਦਾ ਲਾਲਣ ਪਾਲਣ ਹੋਇਆ ਹੈ। ਮੈਂ ਉਸ ਦੇਸ਼ ਵਿਚ ਜ਼ਰੂਰ ਪੁਜਾਂ। ਇਸ ਲਈ ਮੈਂ ਭਾਰਤ ਆ ਗਈ ਹਾਂ। ਇਹ ਅਨੰਦ ਸਦਾ ਮੇਰੇ ਅੰਗ ਸੰਗ ਰਹਿੰਦਾ ਹੈ। ਵਾਹ! 'ਓਮ' ਸ਼ਬਦ ਦੀ ਧੁਨੀ ਮੇਰੀ ਨਾੜ ਨਾੜ ਵਿਚੋਂ ਗੂੰਜ ਰਹੀ ਹੈ। 'ਮਾਤਾ' ਸ਼ਬਦ ਮੈਨੂੰ ਆਕਾਸ਼ ਵਿਚ ਲਿਜਾਂਦਾ ਅਤੇ ਰੱਬੀ ਛੁਹ ਬਖ਼ਸ਼ਦਾ ਹੈ। ਮੈਂ ਸੁਆਮੀ ਜੀ ਦੇ ਚਰਨ ਪਰਸਨ ਲਈ ਸਦਾ ਤਾਂਘਦੀ ਰਹਿੰਦੀ ਹਾਂ। ਜਿਹੜਾ 'ਪਰਮਾਨੰਦ' ਸੁਆਮੀ ਜੀ ਨੇ ਮੈਨੂੰ ਬਖ਼ਸ਼ਿਆ ਹੈ, ਮੈਂ ਉਸ ਵਿਚ ਸਦਾ ਮਖ਼ਮੂਰ ਨਿਸਲ ਸੁੱਤੀ ਰਹਿੰਦੀ ਹਾਂ। ਮੇਰੇ ਅੰਦਰ ਕੋਈ ਅੰਮ੍ਰਿਤ ਦਾ ਸੋਮਾ ਫੁਟ ਤੁਰਿਆ ਹੈ, ਮਾਇਆ ਦੇ ਭਰਮ ਜਾਲ ਦਾ ਪਰਦਾ ਦੂਰ ਹੱਟ ਗਿਆ ਹੈ ਅਤੇ ਮੈਂ ਪਵਿੱਤਰ ਪੁਨੀਤ ਹੋ ਗਈ ਹਾਂ।"

ਅਮਰੀਕਾ ਦੇ ਇਕ ਝੀਲ ਦੇ ਕੰਢੇ ਦੇ ਸੈਲਾਨੀ ਸਥਾਨ ਉਤੇ (ਜਿਸ ਦਾ ਕਿ ਨਾਮ ਮੈਨੂੰ ਚੇਤੇ ਨਹੀਂ ਹੈ) ਸੁਆਮੀ ਰਾਮ ਤੀਰਥ ਜੀ 'ਓਮ' ਦਾ ਮੰਤਰ ਉਚਾਰਦੇ ਰਹਿੰਦੇ ਸਨ, ਜਿਸ ਨਾਲ ਬਹੁਤ ਸਾਰੇ ਥੱਕੇ ਮਾਂਦੇ ਰੋਗੀਆਂ ਨੂੰ ਉਤਸ਼ਾਹ ਮਿਲਿਆ ਅਤੇ ਉਨ੍ਹਾਂ ਦੀ ਛੁਹ ਦੁਆਰਾ ਬਹੁਤ ਸਾਰੇ ਰੋਗੀਆਂ ਦੇ ਰੋਗ ਜਾਂਦੇ ਰਹੇ। ਉਹ ਸੁਆਮੀ ਜੀ ਨੂੰ "ਰੋਗ ਨਿਵਾਰਕ" ਕਹਿੰਦੇ ਹੁੰਦੇ ਸਨ।

ਸੁਆਮੀ ਜੀ ਦੇ ਪੱਤਰ ਤਾਂ ਇਕ ਤਰ੍ਹਾਂ ਦੀਆਂ ਕਵਿਤਾਵਾਂ ਹੀ ਹਨ, ਜਿਨ੍ਹਾਂ ਵਿਚ ਉਨ੍ਹਾਂ ਦੇ ਨਿਜ ਦੀ ਸੁਗੰਧੀ ਮੌਜੂਦ ਹੈ। ਇਸ ਪ੍ਰਕਾਰ ਇਹ ਪੱਤਰ ਸੁਆਮੀ ਜੀ ਰਚਿਤ ਸਾਹਿਤ ਦਾ ਭਾਗ ਹਨ।

ਇਹ ਉਨ੍ਹਾਂ ਵਲੋਂ ਆਪਣੇ ਕਿਸੇ ਮਿਤਰ ਨੂੰ ਲਿਖਿਆ ਗਿਆ 11 ਜੂਨ, 1903 ਦਾ ਪੱਤਰ ਹੈ, ਜੋ ਕੈਲੀਫੋਰਨੀਆਂ ਦੇ ਕੈਸਲ ਸਪਰਿੰਗ ਤੋਂ ਭਾਰਤ ਵਿਚ ਭੇਜਿਆ

ਗਿਆ ਸੀ। ਇਹ ਪੱਤਰ ਸੁਆਮੀ ਜੀ ਦੇ ਹਿਰਦੇ ਵਿਚਲੀ ਪ੍ਰਸੰਨਤਾ ਦੀ ਮੂੰਹੋ ਬੋਲਦੀ ਤਸਵੀਰ ਹੈ:

19 ਮਈ ਨੂੰ ਜਦੋਂ ਰਾਮ ਦਰਿਆ ਕੰਢੇ ਪਈ ਸਿਲ ਉਤੇ ਲਤਾਂ ਪਸਾਰੀ ਬੈਠਾ ਸੀ ਤਾਂ ਡਾ. ਹਿਲੇਰ ਦੇ ਨਿਵਾਸ ਦੇ ਮੈਨੇਜਰ ਨੇ ਇਕ ਤਿਰਪਾਲੀ ਝੂਲਾ ਰਾਮ ਨੂੰ ਦਿਤਾ, ਜੋ ਕਿਸੇ ਮਿਤਰ ਨੇ ਸੀਟਲ ਤੋਂ ਭੇਜਿਆ ਸੀ। ਇਹ ਬੜੀ ਪਿਆਰੀ ਵਸਤੂ ਸੀ। ਉਸੇ ਵੇਲੇ ਸ਼ਾਹ ਬਲੂਤ ਤੇ ਕੇਲੋਂ ਦੇ ਬਿਰਛਾਂ ਦੀਆਂ ਟਾਹਣੀਆਂ ਨਾਲ ਉਸ ਨੂੰ ਲਟਕਾ ਲਿਆ ਗਿਆ ਅਤੇ ਪੀਂਘ ਬਣਾ ਕੇ ਰਾਮ ਝੂਟਣ ਲਗ ਪਿਆ। ਬਿਰਛਾਂ ਦੀ ਮਿੱਠੀ ਭਿੰਨੀ ਸੁਗੰਧੀ ਵਿਚ ਰਾਮ ਹੁਣ ਝੂਲਾ ਝੂਲ ਰਿਹਾ ਸੀ। ਸਾਵੇ ਬ੍ਰਿਛਾਂ ਦੀ ਭਿੰਨੀ ਮਹਿਕ ਰਾਮ ਨੂੰ ਝੂਲਾ ਝੁਲਾ ਰਹੀ ਸੀ। ਦਰਿਆ ਆਪਣਾ ਮਧੁਰ ਸੰਗੀਤ ਅਲਾਪਦਾ ਤੁਰਿਆ ਜਾ ਰਿਹਾ ਸੀ। ਰਾਮ ਹਸਦਾ ਰਿਹਾ, ਹਸਦਾ ਰਿਹਾ, ਹਸਦਾ ਰਿਹਾ। ਤੁਸਾਂ ਜ਼ਰੂਰ ਉਸ ਦੇ ਹਾਸੇ ਨੂੰ ਸੁਣਿਆ ਹੋਵੇਗਾ। ਜਦੋਂ ਰਾਮ ਝੂਲਾ ਝੂਲ ਰਿਹਾ ਸੀ ਤਾਂ ਉਪਰ ਬੈਠਾ ਚਹਿਚਹਾਂਦਾ ਹੋਇਆ ਲਾਲ ਚਿੜਾ ਉਸ ਨੂੰ ਵੇਖ ਰਿਹਾ ਸੀ। ਸ਼ਾਇਦ ਉਹ ਵੀ ਰਾਮ ਨਾਲ ਰਸ਼ਕ ਕਰਦਾ ਸੀ। ਸੱਚੀ ਮੁਚੀਂ! ਨਹੀਂ, ਇੰਝ ਨਹੀਂ ਸੀ। ਹਰ ਲਾਲ ਚਿੜੀ, ਬੁਲਬੁਲ ਤੇ ਹੋਰ ਪੰਛੀ ਰਾਮ ਨੂੰ ਆਪਣਾ ਹੀ ਪਿਆਰਾ ਮਿਤਰ ਸਮਝਦੇ ਹਨ। ਜਦੋਂ ਕੁਝ ਚਿਰ ਲਈ ਰਾਮ ਝੂਲੇ ਤੋਂ ਉਤਰ ਕੇ ਖ਼ੁਸ਼ੀ ਵਿਚ ਨਚਣ ਲਗ ਪਿਆ ਤਾਂ ਲਾਲ ਚਿੜਾ ਚੰਗਾ ਮੌਕਾ ਜਾਣ ਕੇ ਝੂਲੇ ਉਤੇ ਬੈਠ ਕੇ ਝੂਟੇ ਲੈਣ ਲਗਾ। ਆਹ! ਰਾਮ ਦੇ ਛੋਟੇ ਪੰਛੀ ਤੇ ਫੁੱਲ ਸਭ ਚੋਜੀ ਵਿਨੋਦੀ ਤੇ ਆਜ਼ਾਦ ਹਨ।

20 ਮਈ-ਦੁਪਹਿਰ: ਅਮਰੀਕਾ ਦਾ ਪ੍ਰਧਾਨ ਉਤਰ ਨੂੰ ਜਾਂਦਾ ਹੋਇਆ ਕੁਝ ਚਿਰ ਲਈ ਸਪਰਿੰਗ ਕੈਸਲ ਤੇ ਰੁਕਿਆ। ਸਪਰਿੰਗ ਕੰਪਨੀ ਦੀ ਪ੍ਰਤਿਨਿਧ ਸੁਆਣੀ ਨੇ ਅਮਰੀਕਾ ਦੇ ਪ੍ਰਧਾਨ ਨੂੰ ਸੁੰਦਰ ਪਿਆਰੇ ਫੁੱਲਾਂ ਦੀ ਟੋਕਰੀ ਭੇਟ ਕੀਤੀ, ਜੋ ਉਸ ਨੇ ਖ਼ੁਸ਼ੀ ਖ਼ੁਸ਼ੀ ਪਰਵਾਨ ਕਰ ਲਈ। ਤੁਰੰਤ ਪਿਛੋਂ ਪ੍ਰਧਾਨ ਨੇ ਰਾਮ ਵਲੋਂ ''ਭਾਰਤ ਵਲੋਂ ਅਪੀਲ'' ਨਾਂ ਦੀ ਪੁਸਤਕ ਦੀ ਭੇਟ ਬੜੇ ਪਿਆਰ ਤੇ ਉਤਸ਼ਾਹ ਨਾਲ ਸਵੀਕਾਰ ਕੀਤੀ। ਉਸ ਨੇ ਉਸ ਪੁਸਤਕ ਨੂੰ ਆਪਣੇ ਸਜੇ ਹੱਥ ਵਿਚ ਫੜੀ ਰਖਿਆ ਅਤੇ ਅਨੇਕ ਵਾਰ ਉਸ ਨੂੰ ਦਰਸ਼ਕਾਂ ਦੇ ਸਤਿਕਾਰ ਦੇ ਉਤਰ ਵਜੋਂ ਉਸ ਪੁਸਤਕ ਨੂੰ ਹਿਲਾ ਹਿਲਾ ਕੇ ਅਨੇਕਾਂ ਵਾਰ ਮੱਥੇ ਨੂੰ ਲਗਾਇਆ। ਜਦੋਂ ਗੱਡੀ ਚਲਣ ਲਗੀ ਤਾਂ ਆਪਣੇ ਡਬੇ ਵਿਚ ਬੈਠ ਕੇ ਉਹ ਉਸ ਪੁਸਤਕ ਨੂੰ ਧਿਆਨ ਨਾਲ ਵਾਚਣ ਲਗ ਪਿਆ ਅਤੇ ਜਾ ਰਹੀ ਗੱਡੀ ਵਿਚੋ ਇਕ ਵਾਰ ਮੁੜ ਹੱਥ ਹਿਲਾ ਕੇ ਰਾਮ ਦਾ ਧੰਨਵਾਦ ਕੀਤਾ।

ਪਰ ਵੇਖੋ! ਰਾਮ ਨੇ ਪ੍ਰਧਾਨ ਨੂੰ ਕਦੀ ਵੀ ਦਰਖ਼ਤਾਂ ਵਿਚਲੇ ਝੂਲੇ ਦਾ ਅਨੰਦ ਮਾਨਣ ਲਈ ਸੱਦਾ ਨਹੀਂ ਸੀ ਦਿਤਾ। ਅਨੁਮਾਨ ਲਾ ਸਕਦੇ ਹੋ-ਕਿਉਂ? ਜ਼ਰਾ ਕੋਸ਼ਸ਼ ਕਰ ਵੇਖੋ। ਚਲੋ ਤੁਸੀਂ ਨਹੀਂ ਬੋਲਦੇ ਤਾਂ ਰਾਮ ਤੁਹਾਨੂੰ ਦਸਦਾ ਹੈ। ਇਸ ਦਾ ਕਾਰਣ ਬੜਾ ਸਿਧਾ ਹੈ। ਆਜ਼ਾਦ ਅਮਰੀਕਨਾਂ ਦਾ ਪ੍ਰਧਾਨ ਰਾਮ ਦੇ ਪੰਛੀਆਂ ਤੇ ਹਵਾਂ ਦੇ ਹਜ਼ਾਰਵੇਂ ਭਾਗ ਜਿਨਾਂ ਵੀ ਆਜ਼ਾਦ ਨਹੀਂ ਹੈ।

ਪ੍ਰਧਾਨ ਜੀ ਇਸ ਦਾ ਬੁਰਾ ਨਾ ਮਨਾਉਣਾ। ਤੁਸੀਂ ਵੀ ਆਜ਼ਾਦ ਹੋ ਸਕਦੇ ਹੋ-ਰਾਮ ਜਿਨੇ ਆਜ਼ਾਦ ਹੀ-ਤੁਹਾਡੇ ਵੀ ਪਵਨ ਤੇ ਪ੍ਰਕਾਸ਼ ਵਫ਼ਾਦਾਰ ਸੇਵਕ ਹੋ ਸਕਦੇ ਹਨ। ਤੁਸੀਂ ਰਾਮ ਦੇ ਹੋ ਜਾਓ-ਰਾਮ ਇਹ ਸਭ ਕੁਝ ਤੁਹਾਨੂੰ ਦੇ ਦੇਵੇਗਾ-ਸੂਰਜ, ਤਾਰੇ, ਹਵਾ, ਸਮੁੰਦਰ, ਬੱਦਲ, ਜੰਗਲ, ਪਰਬਤ ਅਤੇ ਹੋਰ ਕੀ ਕੁਝ ਨਹੀਂ। ਸਭ ਵਸਤਾਂ ਤੁਹਾਡੀਆਂ ਹੋ ਜਾਣਗੀਆਂ। ਕੀ ਇਹ ਚੰਗਾ ਸੌਦਾ ਨਹੀਂ ਹੈ? ਹਾਂ ਪਿਆਰੇ, ਠੀਕ ਹੈ ਨਾ? ਕੀ ਤੁਹਾਨੂੰ ਸਭ ਵਸਤਾਂ ਪ੍ਰਾਪਤ ਨਹੀਂ ਹੋ ਜਾਣਗੀਆਂ?

ਤੜਕਸਾਰ ਚਾਰ ਵਜੇ ਊਸ਼ਾ ਦੇ ਮਿੱਠੇ ਚੁੰਮਣਾਂ ਅਤੇ ਸੁਮੀਰੀ ਪਵਨ ਦੀਆਂ ਕੁਤਕੁਤਾੜੀਆਂ ਨਾਲ ਜਾਗਦਾ ਰਾਮ ਹਸਣ ਲਗ ਪੈਂਦਾ ਅਤੇ ਜਦੋਂ ਪੰਛੀਆਂ ਦੇ ਮਿੱਠੇ ਗੀਤ ਉਸ ਦਾ ਸੁਆਗਤ ਕਰਦੇ ਹਨ ਤਾਂ ਰਾਮ ਪਰਬਤ ਦੀਆਂ ਸਿਖਰਾਂ ਅਤੇ ਦਰਿਆ ਦੇ ਕੰਢੇ ਸੈਰ ਕਰਨ ਚਲਾ ਜਾਂਦਾ ਹੈ।

ਆਓ ਸਾਰੇ ਰਲ ਕੇ ਹਸੀਏ, ਹਸੀਏ-ਹਸੀਏ-ਹਸੀਏ। ਮੇਰੇ ਬੱਚੇ ਛੇਤੀ ਆਓ ਅਤੇ ਰਾਮ ਦੀਆਂ ਨਿਰਭਉ ਤੇ ਮੁਸਕਰਾਉਂਦੀਆਂ ਅੱਖਾਂ ਵਿਚ ਤੱਕੋ। ਇਹ ਤਾਂ ਮੇਰੇ ਨਿਜ ਦਾ ਅਨੰਦ ਸਰੂਪ ਹਨ।

ਸੁਆਮੀ ਰਾਮ ਤੀਰਥ ਜੀ ਨੂੰ ਕੁਦਰਤ ਨਾਲ ਤੀਬਰ ਪ੍ਰੇਮ ਸੀ। ਜਦੋਂ ਵੀ ਕੋਈ ਮੌਕਾ ਬਣਦਾ, ਉਹ ਪਹਾੜਾਂ ਜਾਂ ਵਣਾਂ ਵਲ ਉਡ ਕੇ ਪਹੁੰਚਦੇ। ਜਿਵੇਂ ਉਕਾਬ ਆਪਣੇ ਪਰਬਤ ਵਿਚ ਬਣਾਏ ਆਲ੍ਹਣੇ ਤੋਂ ਸ਼ਕਤੀ ਪ੍ਰਾਪਤ ਕਰਦਾ ਹੈ, ਤਿਵੇਂ ਸੁਆਮੀ ਰਾਮ ਤੀਰਥ ਜੀ ਕੁਦਰਤ ਦੀ ਇਕਾਂਤ ਗੋਦ ਵਿਚ ਜਾ ਕੇ ਭਗਤੀ ਸਾਧਨਾ ਦੁਆਰਾ ਅਰੋਗਤਾ ਅਤੇ ਉਤਸ਼ਾਹ ਨੂੰ ਪ੍ਰਾਪਤ ਕਰਦੇ ਸਨ। ਉਹ ਕਹਿੰਦੇ ਹੁੰਦੇ ਸਨ ਕਿ ਕੁਦਰਤ ਉਸ ਸਮੇਂ ਮਨੁੱਖ ਵਿਚ ਅਰੋਗਤਾ ਦੀ ਅਸੀਮ ਸ਼ਕਤੀ ਭਰ ਦਿੰਦੀ ਹੈ ਜਦੋਂ ਉਹ ਬੇ-ਪ੍ਰਵਾਹੀ ਦੀ ਹਾਲਤ ਵਿਚ ਅਤੇ ਧਿਆਨ-ਮਗਨ ਹੋ ਕੇ ਆਪਣੇ ਆਪ ਨੂੰ ਕੁਦਰਤ ਦੇ ਹਵਾਲੇ ਕਰ ਦਿੰਦਾ ਹੈ। ਦਾਰਜੀਲਿੰਗ ਦੇ ਵਣਾਂ ਤੋਂ ਸੁਆਮੀ ਜੀ ਨੇ ਮੈਨੂੰ ਹੇਠ ਲਿਖਿਆ ਪੱਤਰ ਲਿਖਿਆ ਸੀ।

ਦਿਨ ਰਾਤ ਵਿਚ ਬਦਲ ਜਾਂਦਾ ਹੈ, ਰਾਤ ਦਿਨ ਵਿਚ ਬਦਲ ਜਾਂਦੀ ਹੈ। ਇਥੇ ਹੈ ਤੁਹਾਡਾ ਰਾਮ, ਜਿਸ ਕੋਲ ਕੋਈ ਕੰਮ ਕਰਨ ਦਾ ਸਮਾਂ ਹੀ ਨਹੀਂ ਹੈ। ਉਹ ਸਦਾ ਰੁਝਾ ਰਹਿੰਦਾ ਹੈ, ਪਰ ਕਰਦਾ ਕੁਝ ਨਹੀਂ। ਹੰਝੂ ਵਗਦੇ ਰਹਿੰਦੇ ਹਨ, ਜੋ ਇਸ ਬਰਸਾਤੀ ਜ਼ਿਲੇ ਦੀ ਨਿਤ ਵਰ੍ਹਦੀ ਵਰਖਾ ਨਾਲ ਬਰ ਮੇਚਦੇ ਰਹਿੰਦੇ ਹਨ, ਲੂੰ-ਕੰਡੇ ਖੜੇ ਹੋ ਜਾਂਦੇ ਹਨ, ਅੱਖਾਂ ਟੱਡੀਆਂ ਰਹਿੰਦੀਆਂ ਹਨ ਅਤੇ ਸਾਹਮਣੇ ਕੁਝ ਦਿਖਾਈ ਨਹੀਂ ਦਿੰਦਾ। ਗੱਲ ਕੱਥ ਵੀ ਬੰਦ, ਕੰਮ ਕਾਰ ਵੀ ਠੱਪ, ਕਿੰਨੀ ਮੰਦਭਾਗੀ ਅਵਸਥਾ(?)। ਨਹੀਂ-ਨਹੀਂ, ਬੜੀ ਸੁਭਾਗੀ ਦਸ਼ਾ! ਆਹ, ਮੈਨੂੰ ਇਕਲੇ ਰਹਿਣ ਦਿਉ।

ਅਕਹਿ ਅਨੰਦ ਦੀ ਅਵਸਥਾ ਦੇ ਨਿਰੰਤਰ ਕਾਂਗ ਉਛਾਲੇ ਲਹਿਰ ਪਿਛੋਂ ਇਕ ਹੋਰ ਲਹਿਰ-ਮੇਰੇ ਪ੍ਰੀਤਮ! ਇਹ ਮਨੋ-ਦਸ਼ਾ ਸਦਾ ਬਣੀ ਰਹੇ। ਕਿੰਨੀ ਸੁਆਦਲੀ ਹੈ ਇਸ ਦੀ ਪੀੜਾ! ਨਾ ਕੁਝ ਲਿਖਣਾ, ਨਾ ਵਿਆਖਿਆਨ ਕਰਨਾ। ਨਾਮ ਅਤੇ ਯਸ਼ ਤੋਂ ਮੁਕਤ। ਮਾਨ-ਸਨਮਾਨ ਕਿੰਨਾ ਨਿਰਾਰਥਕ। ਅਪਮਾਨ ਵੀ ਕਿੰਨਾ ਨਿਰਾਰਥਕ। ਕੀ ਇਹ ਖਿਡੌਣੇ ਹੀ ਜੀਵਨ ਦਾ ਲਕਸ਼ ਹਨ?

ਤਰਕ ਸ਼ਾਸਤਰ ਅਤੇ ਵਿਗਿਆਨ ਸਭ ਫੋਕਟ! ਜੇ ਮੇਰੇ ਕੋਲ ਆਉਣ ਤਾਂ ਮੈਂ ਉਨ੍ਹਾਂ ਦੇ ਭਰਮ ਅਗਿਆਨ ਨੂੰ ਦੂਰ ਕਰ ਦੇਵਾਂ। ਸੁਪਨਿਆਂ ਵਿਚ ਇਕ ਪੁਨੀਤ ਪ੍ਰਵਾਹ ਚਲਦਾ ਰਹਿੰਦਾ ਹੈ, ਜਾਗ੍ਰਤ ਅਵਸਥਾ ਵਿਚ ਵੀ ਇਹ ਮੇਰਾ ਸਾਥੀ ਹੁੰਦਾ ਹੈ। ਕਈ ਵਾਰ ਤਾਂ ਇਹ ਕੰਢਿਆਂ ਤੋਂ ਬਾਹਰਵਾਰ ਵਗਣ ਲਗ ਪੈਂਦਾ ਹੈ। ਮੇਰੇ ਗਿਆਨ ਇੰਦਰਿਆਂ ਅਤੇ ਫ਼ਾਨੀ ਸਰੀਰ ਤੋਂ ਪ੍ਰੇਰੇ, ਇਹ ਸਾਰੇ ਸੰਸਾਰ ਨੂੰ ਆਪਣੇ ਕਲਾਵੇ ਵਿਚ ਲੈ ਕੇ ਵਹਿਣ ਲਗ ਪੈਂਦਾ ਹੈ। ਇਕ ਵਹਿਸ਼ੀ ਜਿਹੇ ਚਾਅ ਵਿਚ ਇਹ ਮੈਨੂੰ ਡੋਬ ਦਿੰਦਾ ਹੈ। ਸ਼ਾਇਦ ਇਸੇ ਕਾਰਣ ਸੂਰਜ ਰੋਜ਼ ਚੜ੍ਹਦਾ ਹੈ, ਸ਼ਾਇਦ ਇਸੇ ਕਾਰਣ ਹੀ ਬ੍ਰਹਿਮੰਡ ਦਾ ਸੂਤਰ ਹਰਕਤ ਵਿਚ ਹੈ। ਜਨਮ ਮਰਨ ਦੀ ਸਾਰੀ ਖੇਡ ਸ਼ਾਇਦ ਇਸੇ ਲਈ ਹੈ। ਇਹ ਮਹਾਂ ਅਨੰਦ ਉਛਲਦਾ ਹੋਇਆ ਮੇਰੇ ਤਕ ਪੁਜਦਾ ਹੈ, ਕਿੰਨੀ ਅਦਭੁਤ ਹੈ ਇਸ ਦੀ ਕੌਤਕੀ ਲੀਲਾ, ਇਹ ਮਹਾਂ ਅਨੰਦ ਦੀਆਂ ਨਿਰੰਤਰ ਉਛਲਦੀਆਂ ਤਰੰਗਾਂ। ਇਥੇ ਮੇਰੇ ਤਕ ਪੁਜਦੇ ਹਨ-ਕਾਂਗ ਉਛਾਲੇ ਹਾਸਿਆਂ ਦੇ, ਮਹਾਂ ਸ਼ਾਂਤੀ ਦੇ।

ਇਹ ਪੱਤਰ ਸੁਆਮੀ ਜੀ ਨੇ ਅਮਰੀਕਾ ਤੋਂ ਲਿਖਿਆ ਸੀ।

10 ਅਗਸਤ, 1903

ਤਾਰਿਆਂ ਦੀ ਨੀਲੀ ਛੱਤ ਥਲੇ
ਕੁਦਰਤ ਦੇ ਬਾਗ਼ ਵਿਚ।

ਪਰਬਤ ਤੋਂ ਵਹਿੰਦੀ ਨਦੀ ਕੰਢੇ।

ਪਿਆਰੀ ਵਰੋਸਾਈ ਆਤਮਾ,

14,444 ਫੁਟ ਉਚੇ ਸਾਸਤਾ ਪਰਬਤ ਦੀ ਖ਼ੁਸ਼ੀਆਂ ਭਰਪੂਰ ਯਾਤਰਾ ਤੋਂ ਜਦੋਂ ਵਾਪਸ ਪਰਤਿਆ ਤਾਂ ਤੁਹਾਡਾ ਪੱਤਰ ਹੋਰ ਪੁਜੀ ਡਾਕ ਦੇ ਨਾਲ ਮਿਲਿਆ।

ਪਿਆਰੇ, ਤੁਹਾਨੂੰ ਬਿਲਕੁਲ ਕੁਝ ਵੀ ਨਹੀਂ ਕਰਨਾ ਪਵੇਗਾ। ਆਪਣੇ ਘਰ ਨੂੰ ਠੀਕ ਅਵਸਥਾ ਵਿਚ ਲਿਆਵੋ, ਆਪਣੇ ਸਾਰੇ ਭਿਤ ਖੋਲ੍ਹ ਦਿਉ, ਇਸ ਤਰ੍ਹਾਂ ਖੋਲ੍ਹੋ ਕਿ ਬਾਹਰ ਤੋਂ ਹਰ ਕੋਈ ਖੁਲ੍ਹੀ ਤਰ੍ਹਾਂ ਇਸ ਵਿਚ ਪ੍ਰਵੇਸ਼ ਕਰ ਸਕੇ। ਆਪਣੇ ਸਾਰੇ ਖ਼ਜ਼ਾਨੇ ਗ਼ਰੀਬਾਂ ਨੂੰ ਵੰਡ ਦਿਉ। ਫਿਰ ਉਥੇ ਆ ਜਾਉ, ਜਿਥੇ ਮੈਂ ਤੁਹਾਡੀ ਉਡੀਕ ਕਰ ਰਿਹਾ ਹਾਂ।

ਆਉ ਖ਼ੁਸ਼ੀਆਂ ਦੇ ਸੁਤੰਤਰ ਪ੍ਰਵਾਹ-ਆਉ! ਖੁਲ੍ਹੀ ਤਾਰੀ ਤਰੋ ਅਤੇ ਬਰਾਬਰੀ ਦੇ ਮਹਾਂਸਾਗਰ ਵਿਚ ਤਾਰੀਆਂ ਲਾਉ। ਇਕੋ ਝਟਕੇ ਨਾਲ ਸਭ ਪਰਦੇ ਪਾੜ ਦਿਉ, ਸਭ ਬੰਧਨਾਂ ਤੇ ਫ਼ਰਜ਼ਾਂ ਤੋਂ ਨਾਤਾ ਤੋੜ ਲਵੋ ਅਤੇ ਆਪਣੀ ਪ੍ਰਭੁਤਾ ਦੀ ਸ਼ਾਨ ਵਿਚ ਸਿਧੇ ਖੜੋ ਜਾਉ।

ਆਪਣੇ ਅੰਦਰ ਤੱਕੋ, ਆਪਣੇ ਅੰਦਰਵਾਰ ਭਾਲ ਕਰੋ, ਤੁਹਾਨੂੰ ਆਪਣੇ ਆਪ ਪ੍ਰਸ਼ਨਾਂ ਦਾ ਉਤਰ ਮਿਲ ਜਾਵੇਗਾ। ਤੁਹਾਡੀ ਨਿਜ ਆਤਮਾ ਹੀ ਰਾਮ ਹੈ।

ਸੁਆਮੀ ਜੀ ਦੀ ਸੰਪੂਰਨ ਰਚਨਾਵਲੀ ਦੇ ਅੰਗਰੇਜ਼ੀ ਸੰਸਕਰਣ ਦੀ ਭੂਮਿਕਾ[1] ਵਿਚ ਮਿਸਟਰ ਸੀ. ਐਫ਼. ਐਂਡਰਿਊ ਨੇ ਲਿਖਿਆ ਹੈ :

ਜੋ ਕੁਝ ਉਨ੍ਹਾਂ ਨੇ ਲਿਖਿਆ ਹੈ, ਉਸ ਵਿਚ ਬਚਿਆਂ ਵਾਲੀ ਸਾਦਗੀ ਹੈ। ਇਸ ਰਚਨਾ ਵਿਚ ਖ਼ੁਸ਼ੀ ਤੇ ਪ੍ਰਸੰਨਤਾ ਦਾ ਹੜ੍ਹ ਵਹਿ ਰਿਹਾ ਹੈ, ਜਿਸ ਨੂੰ ਕਿ ਸੁਆਮੀ ਆਤਮਾ ਨੇ ਭਾਰੀ ਨਿਜੀ-ਸਾਧਨਾਂ ਤੇ ਘਾਲਣਾ ਨਾਲ ਪ੍ਰਾਪਤ ਕੀਤਾ ਹੈ। ਇਸ ਰਚਨਾ ਵਿਚੋਂ ਉਸ ਆਤਮਾ ਦੇ ਦਰਸ਼ਨ ਹੁੰਦੇ ਹਨ, ਜਿਸ ਨੇ ਆਪਣੇ ਆਪ ਵਿਚ ਪਰਮ-ਸ਼ਾਂਤੀ ਨੂੰ ਪ੍ਰਾਪਤ ਕਰ ਲਿਆ ਹੈ ਅਤੇ ਜੋ ਇਕ ਅਮੁਲ ਦਾਤ ਦਾ ਸੁਆਮੀ ਬਣ ਗਿਆ ਹੈ, ਜਿਸ ਨੂੰ ਕਿ ਉਹ ਦੂਜਿਆਂ ਨੂੰ ਵੰਡਣਾ ਚਾਹੁੰਦਾ ਹੈ। ਪਰ ਇਸ ਦੇ

---

1 "Woods of God-Relasation," ਪ੍ਰਕਾਸ਼ਕ ਸੁਆਮੀ ਰਾਮ ਤੀਰਥ ਪ੍ਰਕਾਸ਼ਨ ਮਾਲਾ ਲਖਨਊ।

ਬਾਵਜੂਦ ਪੁਸਤਕ ਦੇ ਹਰ ਪੰਨੇ ਉਤੇ ਇਸ ਪ੍ਰਕਾਰ ਦੀ ਕੋਈ ਵੀ ਅਪੀਲ ਨਹੀਂ ਕੀਤੀ ਗਈ, ਜੋ ਜੀਵਨ ਵਿਚ ਸਫਲਤਾ ਪ੍ਰਾਪਤ ਕਰਨ ਲਈ ਨੀਵੇਂ ਪੱਧਰ ਦੇ ਉਦੇਸ਼ਾਂ ਤੋਂ ਕੀਤੀ ਜਾਂਦੀ ਹੈ, ਸਗੋਂ ਇਸ ਦੇ ਵਿਪਰੀਤ ਇਸ ਵਿਚ ਆਪਣੀ ਆਤਮਾ ਨੂੰ ਲਭਣ ਤੇ ਉਸ ਤਕ ਪੁਜਣ ਲਈ ਇਕ ਪੱਕੀ ਦ੍ਰਿੜ੍ਹਤਾ ਤੇ ਲਗਨ ਦ੍ਰਿਸ਼ਟੀਗੋਚਰ ਹੁੰਦੀ ਹੈ। ਬਾਹਰ ਦੀਆਂ ਪਦਾਰਥਕ ਪ੍ਰਸਥਿਤੀਆਂ ਦੇ ਟਾਕਰੇ ਉਤੇ ਸਚੀ ਖ਼ੁਸ਼ੀ ਦੇ ਸੋਮੇ ਨੂੰ ਆਪਣੇ ਅੰਦਰੋਂ ਢੂੰਡਣ ਦੀ ਪ੍ਰੇਰਨਾ ਕੀਤੀ ਗਈ ਹੈ।

ਉਹ ਉਨ੍ਹਾਂ ਸੰਨਿਆਸੀਆਂ ਵਿਚੋਂ ਨਹੀਂ ਸਨ ਜੋ ਤਿਆਗ ਦੇ ਮਾਰਗ ਨੂੰ ਚੁਣਨ ਸਮੇਂ ਖ਼ੁਸ਼ੀ ਅਤੇ ਪ੍ਰਸੰਨਤਾ ਨੂੰ ਬਿਲਕੁਲ ਹੀ ਛੱਡ ਦਿੰਦੇ ਹਨ। ਉਨ੍ਹਾਂ ਨੂੰ ਸਰੀਰਕ ਕਠਿਨਾਈਆਂ ਅਤੇ ਬਰਦਾਸ਼ਤ ਕਰ ਸਕਣ ਦੀ ਸਮਰਥਾ ਦਾ ਨਿਜੀ ਅਨੁਭਵ ਸੀ। ਪਰ ਇਨ੍ਹਾਂ ਗੱਲਾਂ ਨੇ ਉਨ੍ਹਾਂ ਦੇ ਸੰਦੇਸ਼ ਨੂੰ ਕੌੜਾ ਅਤੇ ਕਠੋਰਤਾ ਵਾਲਾ ਨਹੀਂ ਬਣਾਇਆ। ਇਸ ਦੇ ਵਿਪਰੀਤ ਉਨ੍ਹਾਂ ਦੇ ਵਿਆਖਿਆਨਾਂ ਦੇ ਸਿਰਲੇਖ ਹੀ ਕਾਫੀ ਵਡੇ ਪ੍ਰਮਾਣ ਅਤੇ ਉਨ੍ਹਾਂ ਦੇ ਆਪਣੇ ਮਨ ਦੀ ਸਹੀ ਤਸਵੀਰ ਨੂੰ ਪੇਸ਼ ਕਰਦੇ ਹਨ। ਜਿਵੇਂ "ਅੰਤਰੀਵ ਖ਼ੁਸ਼ੀ", "ਆਪਣੇ ਘਰਾਂ ਨੂੰ ਪ੍ਰਸੰਨ ਕਿਵੇਂ ਬਣਾਈਏ"- ਇਹ ਉਹ ਵਿਸ਼ੇ ਹਨ, ਜੋ ਉਨ੍ਹਾਂ ਨੂੰ ਬੜੇ ਪਿਆਰੇ ਸਨ ਅਤੇ ਜਿਨ੍ਹਾਂ ਦੇ ਸੰਦੇਸ਼ ਨੂੰ ਸਪੱਸ਼ਟ ਕਰਨ ਲਈ ਉਹ ਆਪਣਾ ਸਾਰਾ ਹਿਰਦਾ ਖੋਲ੍ਹ ਦਿੰਦੇ ਹਨ। ਇਹ ਉਨ੍ਹਾਂ ਦੇ ਆਪਣੇ ਨਿਜੀ ਅਨੁਭਵ ਦਾ ਸੰਦੇਸ਼ ਹੁੰਦਾ ਹੈ ਨਾ ਕਿ ਕਿਸੇ ਅਨਯ- ਪੁਰਖ ਦਾ। ਉਹ ਖ਼ੁਸ਼ੀ ਦਾ ਮੁਜੱਸਮਾ ਸਨ ਅਤੇ ਇਸੇ ਖ਼ੁਸ਼ੀ ਨੂੰ ਉਹ ਸੰਸਾਰ ਨੂੰ ਵੰਡਣਾ ਚਾਹੁੰਦੇ ਸਨ। ਪਰ ਵਿਆਖਿਆਨ ਦੇਣ ਸਮੇਂ ਉਨ੍ਹਾਂ ਦੀ ਦਿਲੀ ਪ੍ਰਸੰਨਤਾ ਉਸ ਵੇਲੇ ਸਿਖਰਾਂ ਨੂੰ ਛੂੰਹਦੀ ਸੀ ਜਦੋਂ ਉਹ ਖ਼ੁਸ਼ੀ ਦੇ ਵਿਸ਼ੇ ਬਾਰੇ ਹੀ ਵਿਆਖਿਆਨ ਦੇ ਰਹੇ ਹੁੰਦੇ ਸਨ।

ਇਕ ਥਾਂ ਉਨ੍ਹਾਂ ਨੇ ਆਪਣੇ ਅਮਰੀਕਾ ਦੇ ਨਿਵਾਸ ਸਮੇਂ ਆਪਣੇ ਬਾਰੇ ਚਿਤਰ ਇਸ ਤਰ੍ਹਾਂ ਉਲੀਕਿਆ ਹੈ:

ਦਿਆਰ ਤੇ ਚੀਲ ਦੇ ਬਿਰਛਾਂ ਦੀ ਠੰਢੀ ਮਿੱਠੀ ਛਾਂ ਵਿਚ ਨਿਸਲ ਪਿਆ, ਠੰਢੇ ਪੱਥਰ ਨੂੰ ਸਿਰਹਾਣਾ ਬਣਾਈ ਰੇਤ ਦੇ ਬਿਸਤਰੇ ਉਤੇ ਲੇਟਿਆ ਅਤੇ ਬੇ-ਪ੍ਰਵਾਹੀ ਦੀ ਅਵਸਥਾ ਵਿਚ ਇਕ ਲੱਤ ਉਤੇ ਦੂਜੀ ਲੱਤ ਰਖੀ ਤਨੋਂ ਮਨੋਂ ਤਾਜ਼ਾ ਹਵਾ ਨੂੰ ਭੱਖਦਾ, ਖ਼ੁਸ਼ੀ ਨਾਲ ਚਾਨਣ ਦੀਆਂ ਕਿਰਣਾਂ ਨੂੰ ਚੁੰਮਦਾ। ਨਦੀ ਦੇ ਪ੍ਰਵਾਹ ਦੀ ਤਾਲਗਤੀ ਉਤੇ ਉਹ 'ਓਮ' ਦੀ ਧੁਨੀ ਦਾ ਸੰਗੀਤਮਈ ਅਲਾਪ ਕਰ ਰਿਹਾ ਹੈ!

(-ਵਣ ਦੀ ਗਲ ਕੱਥ ਵਿਚੋਂ)

ਮਿਸਟਰ ਸੀ . ਐਫ. ਐਂਡਰਿਊ "ਭਾਰਤ ਵਿਚ ਪੁਨਰ ਜਾਗ੍ਰਤੀ" ਵਿਚ ਲਿਖਦੇ

.........ਇਕ ਹੋਰ ਸ਼ਖ਼ਸੀਅਤ ਜੋ ਸੁਆਮੀ ਵਿਵੇਕਾਨੰਦ ਜੀ ਤੋਂ ਵੀ ਵਧੇਰੇ ਆਕਰਸ਼ਕ ਹੈ, ਉਸ ਸਮੇਂ ਉੱਤਰ ਵਿਚ ਨਵੇਂ ਵੇਦਾਂਤ ਦਰਸ਼ਨ ਦਾ ਸੰਦੇਸ਼ ਦੇ ਰਹੀ ਸੀ। ਇਹ ਸੁਆਮੀ ਰਾਮ ਤੀਰਥ ਜੀ ਸਨ, ਉਹ ਬ੍ਰਾਹਮਣ ਪਰਿਵਾਰ ਵਿਚੋਂ ਸਨ, ਜਿਨ੍ਹਾਂ ਦਾ ਪਾਲਣ ਪੋਸ਼ਣ ਲਾਹੌਰ ਵਿਖੇ ਅਤਿ ਗ਼ਰੀਬੀ ਦੀ ਹਾਲਤ ਵਿਚ ਹੋਇਆ। ਲਾਹੌਰ ਦੇ ਫੋਰਮੈਨ ਕ੍ਰਿਸ਼ਚੀਅਨ ਕਾਲਜ ਵਿਚ ਉਨ੍ਹਾਂ ਨੇ ਸਿਖਿਆ ਪ੍ਰਾਪਤ ਕੀਤੀ ਅਤੇ ਯੂਨੀਵਰਸਿਟੀ ਦੀ ਸ਼ਾਨਦਾਰ ਪ੍ਰਾਪਤੀ ਉਪਰੰਤ ਉਹ ਉਥੇ ਹੀ ਗਣਿਤ ਦੇ ਪ੍ਰਾ-ਅਧਿਆਪਕ ਲਗ ਗਏ। ਪਰ ਉਨ੍ਹਾਂ ਨੇ ਆਪਣਾ ਦਿਲ ਧਰਮ ਦੇ ਅਰਪਣ ਕਰ ਦਿਤਾ ਸੀ ਅਤੇ ਸੰਨਿਆਸ ਲੈ ਕੇ ਅਤੇ ਸਾਧੂ ਦੇ ਰੂਪ ਵਿਚ ਧਰਮ ਪ੍ਰਚਾਰਕ ਬਣ ਗਏ। ਉਹ ਹਿਮਾਲਾ ਪਰਬਤ ਦੀਆਂ ਉਚਾਈਆਂ ਦੇ ਸੰਘਣੇ ਵਣਾਂ ਵਿਚ ਵਿਚਰੇ, ਜਿਥੇ ਉਹ ਕੁਦਰਤ ਮਾਂ ਦੇ ਸਾਥ ਨੂੰ ਇਕਾਂਤ ਵਿਚ ਮਾਣਦੇ ਰਹੇ। ਉਨ੍ਹਾਂ ਦੀ ਸਾਰੀ ਸ਼ਖ਼ਸੀਅਤ ਵਿਚ ਕਵਿਤਾ ਰਮੀ ਹੋਈ ਸੀ ਅਤੇ ਬਚਿਆਂ ਵਾਲੀ ਅਕਹਿ ਖ਼ੁਸ਼ੀ ਅਤੇ ਕਿਸੇ ਵੀ ਵਸਤ ਨੂੰ ਨਾਲ ਨਾ ਰਖਣ ਦੀ ਭਾਵਨਾ ਨੇ ਉਨ੍ਹਾਂ ਨੂੰ ਕਠੋਰ ਤੋਂ ਕਠੋਰ ਸਾਧਨਾਂ ਤੇ ਕਸ਼ਟਾਂ ਦੇ ਨਿਜੀ ਅਨੁਭਵ ਨਾਲ ਦੋ ਚਾਰ ਕਰਵਾਇਆ। ਸੁਆਮੀ ਰਾਮ ਤੀਰਥ ਦੇ ਸ਼ਿਸ਼ ਸੁਆਮੀ ਨਾਰਾਇਣ ਜੀ ਦੇ ਕਹਿਣ ਉਤੇ ਮੈਂ ਉਨ੍ਹਾਂ ਦੀਆਂ 'ਸਰਬ ਜਨਕ ਰਚਨਾਵਾਂ' ਬਾਰੇ ਕੁਝ ਲਿਖਣ ਲਈ ਇਕਦਮ ਤਿਆਰ ਹੋ ਗਿਆ। ਇਸ ਨਾਲ ਮੈਨੂੰ ਬੜੀ ਖ਼ੁਸ਼ੀ ਹੋਈ ਕਿਉਂਜੋ ਸੁਆਮੀ ਵਿਵੇਕਾਨੰਦ ਜੀ ਦੀਆਂ ਰਚਨਾਵਾਂ ਦੇ ਟਾਕਰੇ ਉਤੇ ਇਨ੍ਹਾਂ ਵਿਚ ਈਸਾਈ ਮਤ ਦੀ ਧੁਨੀ ਵਧੇਰੇ ਪ੍ਰਬਲ ਹੈ। ਉਦਾਹਰਣ ਵਜੋਂ ਸੁਆਮੀ ਵਿਵੇਕਾਨੰਦ ਜੀ ਦੀਆਂ ਰਚਨਾਵਾਂ ਵਿਚੋਂ ਜਿਹੜੇ ਪ੍ਰਮਾਣ ਮੈਂ ਪੇਸ਼ ਕਰ ਚੁਕਾ ਹਾਂ, ਅਤੇ ਜੋ ਸ਼ਬਦ 'ਬ੍ਰਹਮ' ਦੀ ਵਿਆਖਿਆ ਨਾਲ ਸਬੰਧ ਰਖਦੇ ਹਨ, ਇਨ੍ਹਾਂ ਦੀ ਤੁਲਨਾ ਵਿਚ ਸੁਆਮੀ ਰਾਮ ਤੀਰਥ ਜੀ ਦੇ ਪ੍ਰਭੂ ਦੀ ਪ੍ਰਾਰਥਨਾ ਬਾਰੇ ਪ੍ਰਗਟਾਏ ਗਏ ਵਿਚਾਰ ਧਿਆਨ ਯੋਗ ਹਨ।

ਸੁਆਮੀ ਰਾਮ ਤੀਰਥ ਜੀ ਲਿਖਦੇ ਹਨ ਕਿ ਪ੍ਰਭੂ ਅਗੇ ਅਰਦਾਸ ਤੋਂ ਭਾਵ ਇਹ ਹੈ, 'ਜਦੋਂ ਅਸੀਂ ਇਹ ਕਹਿੰਦੇ ਹਾਂ ਕਿ ਪ੍ਰਭੂ ਅਜ ਦੇ ਦਿਨ ਸਾਨੂੰ ਸਾਡੀ ਨਿਤ ਦੀ ਰੋਟੀ ਬਖ਼ਸ਼ੋ' ਇਕ ਹੋਰ ਥਾਂ ਤੇ ਕਹਿੰਦੇ ਹਾਂ, 'ਮਨੁੱਖ ਕੇਵਲ ਰੋਟੀ ਦੇ ਆਸਰੇ ਹੀ ਨਹੀਂ ਰਹਿ ਸਕਦਾ'। ਇਨ੍ਹਾਂ ਕਥਨਾਂ ਨੂੰ ਮੁੜ ਗਹੁ ਨਾਲ ਵਾਚੋ। ਇਨ੍ਹਾਂ ਨੂੰ ਪੂਰੀ ਤਰ੍ਹਾਂ ਸਮਝੋ। ਪ੍ਰਭੂ ਅਗੇ ਅਰਦਾਸ ਤੋਂ ਇਹ ਭਾਵ ਕਦਾਚਿਤ ਨਹੀਂ ਕਿ ਅਸੀਂ ਕਿਸੇ ਕਾਮਨਾ ਦੀ ਪੂਰਤੀ ਨੂੰ ਸਨਮੁਖ ਰਖੀਏ। ਨਾ ਹੀ ਇਸ ਤੋਂ ਭਾਵ ਕਿਸੇ ਇਛਾ ਤੋਂ ਹੈ। ਇਸ ਅਰਦਾਸ ਦਾ ਭਾਵ ਹੈ ਕਿ ਬਾਦਸ਼ਾਹ ਜਾਂ ਸ਼ਹਿਨਸ਼ਾਹ ਜਿਸ ਨੂੰ ਕਿ ਆਪਣੇ ਨਿਤਾ ਪ੍ਰਤੀ ਦੀ ਰੋਟੀ ਦੀ ਕੋਈ ਚਿੰਤਾ ਨਹੀਂ, ਉਹ ਵੀ ਇਹ ਅਰਦਾਸ

ਕਰ ਸਕਦਾ ਹੈ। ਨਾ ਹੀ ਹੇ ਪ੍ਰਭੂ! 'ਸਾਨੂੰ ਨਿਤ ਵਾਂਗ ਅਜ ਦੀ ਰੋਟੀ ਬਖ਼ਸ਼ੋ' ਤੋਂ ਭਾਵ ਮੰਗਤੇ ਬਣ ਕੇ ਕੁਝ ਮੰਗਣਾ ਹੈ ਜਾਂ ਅਸੀਂ ਪ੍ਰਭੂ ਕੋਲੋਂ ਕਿਸੇ ਪਦਾਰਥਕ ਖ਼ੁਸ਼ਹਾਲੀ ਦੀ ਮੰਗ ਕਰਦੇ ਹਾਂ, ਨਹੀਂ ਬਿਲਕੁਲ ਨਹੀਂ। ਸਗੋਂ ਇਸ ਅਰਦਾਸ ਦਾ ਭਾਵ ਤਾਂ ਇਹ ਹੈ ਕਿ ਸਾਡੇ ਵਿਚੋਂ ਹਰ ਕੋਈ ਰਾਉ ਜਾਂ ਰੰਕ ਗ੍ਰਿਹਸਥੀ ਤੇ ਸੰਨਿਆਸੀ ਆਪਣੇ ਆਲੇ-ਦੁਆਲੇ ਦੇ ਧਨ ਪਦਾਰਥ ਤੇ ਸੰਪਤੀ ਨੂੰ ਆਪਣਾ ਨਾ ਸਮਝੇ ਅਤੇ ਇਨ੍ਹਾਂ ਨੂੰ ਪਰਮਾਤਮਾ ਦੀਆਂ ਵਸਤਾਂ ਜਾਣੇ। ਇਹ ਸਭ ਕੁਝ ਉਸ ਦਾ ਹੈ, ਮੇਰਾ ਨਹੀਂ-ਮੇਰਾ ਨਹੀਂ। ਇਸ ਤੋਂ ਭਾਵ ਮੰਗਣਾ ਨਹੀਂ, ਸਗੋਂ ਇਕ ਪ੍ਰਕਾਰ ਦਾ ਤਿਆਗ ਹੈ, ਸਭ ਕੁਝ ਦਾ ਪ੍ਰਭੂ ਨਮਿਤ ਕੀਤਾ ਗਿਆ ਤਿਆਗ। ਬਾਦਸ਼ਾਹ ਜਦੋਂ ਇਹ ਅਰਦਾਸ ਕਰਦਾ ਹੈ ਤਾਂ ਉਹ ਆਪਣੇ ਆਪ ਨੂੰ ਅਜਿਹੀ ਮਨੋਦਸ਼ਾ ਵਿਚ ਲੈ ਜਾਂਦਾ ਹੈ ਕਿ ਉਸ ਦਾ ਮਾਲ ਖ਼ਜ਼ਾਨਾ ਹੀਰੇ ਜਵਾਹਰਾਤ ਜੋ ਉਸ ਦੇ ਮਹਿਲ ਵਿਚ ਹਨ ਅਤੇ ਉਨ੍ਹਾਂ ਦਾ ਮਹਿਲ ਦਾ, ਸਭ ਦਾ ਉਹ ਤਿਆਗ ਕਰ ਦਿੰਦਾ ਹੈ, ਸਭ ਨੂੰ ਪ੍ਰਭੂ ਅਗੇ ਅਰਪਣ ਕਰ ਦਿੰਦਾ ਹੈ ਅਤੇ ਕਿਸੇ ਵਸਤ ਉਤੇ ਵੀ ਆਪਣਾ ਅਧਿਕਾਰ ਨਹੀਂ ਜਤਾਉਂਦਾ। ਜਦੋਂ ਉਹ ਇਹ ਅਰਦਾਸ ਕਰਦਾ ਹੈ ਤਾਂ ਉਹ ਇਕ ਤਰ੍ਹਾਂ ਦਾ ਮਹਾਂ-ਤਿਆਗੀ ਹੁੰਦਾ ਹੈ, ਰਿਸ਼ੀਆਂ ਦਾ ਰਿਸ਼ੀ। ਉਹ ਇਹ ਕਹਿੰਦਾ ਹੈ 'ਇਹ ਮੇਜ਼ ਅਤੇ ਇਸ ਉਤੇ ਸਜੀਆਂ ਸਭ ਵਸਤਾਂ ਉਸ ਪ੍ਰਭੂ ਪਰਮਾਤਮਾ ਦੀਆਂ ਹੀ ਹਨ, ਮੇਰੀਆਂ ਨਹੀਂ। ਮੇਰਾ ਇਨ੍ਹਾਂ ਵਸਤਾਂ ਉਤੇ ਕੋਈ ਦਾਅਵਾ ਨਹੀਂ ਹੈ। ਜੋ ਵਸਤ ਵੀ ਮੈਨੂੰ ਪ੍ਰਾਪਤ ਹੁੰਦੀ ਹੈ, ਉਹ ਸਭ ਮੇਰੇ ਪ੍ਰਭੂ ਪ੍ਰੀਤਮ ਦੀ ਹੀ ਬਖ਼ਸ਼ਸ਼ ਹੁੰਦੀ ਹੈ।'

ਅਧਿਆਇ ਤੀਜਾ

ਸੁਆਮੀ ਰਾਮ ਤੀਰਥ ਜੀ ਦਾ ਮੂਲ ਸਿਧਾਂਤ

ਹਰ ਵਿਅਕਤੀ ਜੋ ਜੀਵਨ ਦੇ ਪਰਮ ਸੱਚ ਦਾ ਜਿਗਿਆਸੂ ਹੈ, ਉਸ ਨੂੰ ਪ੍ਰੇਮ ਕਰਦਾ ਹੈ ਅਤੇ ਉਸ ਪਰਮ ਸੱਚ ਦੀ ਪ੍ਰਾਪਤੀ ਲਈ ਸਾਧਨਾ ਕਰਦਾ ਹੈ, ਉਸ ਦੀ ਜੀਵਨ ਪਟਾਰੀ ਵਿਚ ਕੁਝ ਅਜਿਹੇ ਪੱਕੇ ਮਿੱਠੇ ਫੱਲ ਆ ਇਕੱਤਰ ਹੁੰਦੇ ਹਨ ਜਾਂ ਦੂਜੇ ਸ਼ਬਦਾਂ ਵਿਚ ਉਨ੍ਹਾਂ ਅੰਮ੍ਰਿਤ ਰੂਪੀ ਫੱਲਾਂ ਦੀ ਉਸ ਨੂੰ ਪ੍ਰਾਪਤੀ ਹੋ ਜਾਂਦੀ ਹੈ, ਜਿਨ੍ਹਾਂ ਨੂੰ ਉਹ ਨਿਰਸੰਕੋਚ ਦੂਜਿਆਂ ਵਿਚ ਵੰਡ ਸਕਦਾ ਹੈ। ਜੇ ਉਹ ਮਹਾਂਪੁਰਸ਼ ਬਹੁਤ ਹੀ ਦਿਆਲੂ ਅਤੇ ਉਦਾਰਚਿੱਤ ਹੈ ਤਾਂ ਉਹ ਜੀਵਨ ਪ੍ਰਵਾਹ ਦੀ ਸੜਕ ਉਤੇ ਬੈਠ ਕੇ ਆਪਣੀ ਜੀਵਨ ਪਟਾਰੀ ਵਿਚੋਂ ਉਨ੍ਹਾਂ ਅੰਮ੍ਰਿਤ ਰੂਪੀ ਫੱਲਾਂ ਨੂੰ ਦੂਜੇ ਲੋੜਵੰਦਾਂ ਨੂੰ ਵੰਡਦਾ ਰਹਿੰਦਾ ਹੈ। ਬਹੁਤ ਵਾਰ ਤਾਂ ਉਹ ਇਨ੍ਹਾਂ ਅੰਮ੍ਰਿਤ-ਫੱਲਾਂ ਨੂੰ ਲੋੜਵੰਦਾਂ ਦੇ ਘਰੀਂ ਜਾ ਕੇ ਵੀ ਦੇ ਆਉਂਦਾ ਹੈ, ਫਿਰ ਵੀ ਉਸ ਦੀ ਜੀਵਨ ਟੋਕਰੀ ਵਿਚ ਕੋਈ ਤੋਟ ਨਹੀਂ ਆਉਂਦੀ-ਉਹ ਭਰੀ ਭਰਾਈ ਹੀ ਰਹਿੰਦੀ ਹੈ। ਜਿਨਾ ਚਿਰ ਤਕ ਉਹ ਇਨ੍ਹਾਂ ਮਿੱਠੇ ਪਕੇ ਫੱਲਾਂ ਨੂੰ ਦੂਜਿਆਂ ਵਿਚ ਵੰਡਦਾ ਰਹਿੰਦਾ ਹੈ, ਉਨਾ ਚਿਰ ਉਸ ਦੇ ਖ਼ਜ਼ਾਨੇ ਭਰਪੂਰ ਹੀ ਰਹਿੰਦੇ ਹਨ। ਕਿਸੇ ਸੰਤ ਮਹਾਂਪੁਰਸ਼ ਬਾਰੇ ਇਹ ਕਥਾ ਕਿ ਉਸ ਨੇ ਆਪਣੀ ਚੰਗੇਰ ਵਿਚੋਂ ਸੈਂਕੜੇ ਲੋਕਾਂ ਨੂੰ ਪ੍ਰਸ਼ਾਦੇ ਵੰਡੇ ਅਤੇ ਫਿਰ ਵੀ ਉਸ ਦੀ ਟੋਕਰੀ ਭਰੀ ਭਰਾਈ ਹੀ ਰਹੀ, ਭਾਵੇਂ ਸੱਚੀ ਹੋਵੇ ਜਾਂ ਨਾ, ਪਰ ਇਹ ਗੱਲ ਬੜੀ ਸੱਚੀ ਹੈ ਕਿ ਜਦੋਂ ਕੋਈ ਜੀਵਨ ਦੇ ਪਰਮ-ਸੱਚ ਦਾ ਜਿਗਿਆਸੂ ਜੋ ਜੀਵਨ ਦੇ ਪਰਮ-ਸੱਚ ਅਤੇ ਪਰਮ-ਉਦੇਸ਼ ਦੀ ਭਾਲ ਕਰਦਾ ਹੈ ਤਾਂ ਉਸ ਦੀ ਸੱਚੀ ਸਾਧਨਾ ਦੀਆਂ ਪ੍ਰਾਪਤੀਆਂ ਦੇ ਖ਼ਜ਼ਾਨੇ ਸਦਾ ਅਖੁੱਟ ਰਹਿੰਦੇ ਹਨ।

ਅਸੀਂ ਸੁਆਮੀ ਰਾਮ ਤੀਰਥ ਜੀ ਨੂੰ ਸੰਨਿਆਸੀਆਂ ਦੇ ਭਗਵੇਂ ਬਾਣੇ ਵਿਚ ਵੇਖਿਆ ਹੈ। ਇਥੇ ਇਸ ਅਧਿਆਇ ਵਿਚ ਉਨ੍ਹਾਂ ਨੂੰ ਇਕ ਪ੍ਰਸੰਨ-ਚਿਤ ਫੱਲ ਵਿਕਰੇਤਾ ਦੇ ਰੂਪ ਵਿਚ ਚਿਤਰਣ ਦਾ ਯਤਨ ਕਰ ਰਹੇ ਹਾਂ। ਸੁਆਮੀ ਜੀ ਨੇ ਆਪਣੇ ਸਿਰ ਉਪਰ ਫੱਲਾਂ ਦਾ ਟੋਕਰਾ ਚੁਕਿਆ ਹੋਇਆ ਹੈ ਜਾਂ ਉਹ ਸੜਕ ਦੇ ਕੰਢੇ ਉਤੇ ਬੈਠ ਕੇ ਆਪਣੀ ਟੋਕਰੀ ਵਿਚ ਹੱਥ ਪਾਈ ਇਨ੍ਹਾਂ ਅੰਮ੍ਰਿਤ-ਫੱਲਾਂ ਨੂੰ ਦੂਜਿਆਂ ਵਿਚ ਵਰਤਾ ਰਹੇ ਹਨ।

ਉਹ ਇਹ ਉਪਦੇਸ਼ ਦਿੰਦੇ ਹਨ ਕਿ ਜੀਵਨ ਦੀ ਇਕ ਅਜਿਹੀ ਆਤਮਕ ਦਸ਼ਾ ਵੀ ਹੈ, ਜੋ ਸਰੀਰ ਅਤੇ ਮਨ ਤੋਂ ਉਚੇਰੀ ਅਵਸਥਾ ਹੈ। ਇਹ ਇਕੋ ਪ੍ਰਕਾਰ ਦੀ ਅੰਬਰੀ-ਕਾਂਗ ਜਾਂ ਦਿੱਭ-ਪ੍ਰੇਰਨਾ ਦੀ ਸਤ-ਚਿਤ-ਅਨੰਦ ਦੀ ਅਵਸਥਾ ਹੈ, ਜੋ ਸਾਨੂੰ ਸਹਿਜ ਅਨੰਦ ਜਾਂ ਤ੍ਰੈ-ਗੁਣ ਅਤੀਤ ਦੀ ਧਿਆਨੀ ਸਮਾਧੀ ਦੀ ਅਵਸਥਾ ਵਿਚ ਲੈ ਜਾਂਦੀ ਹੈ। ਇਹ ਉਹ ਅਵਸਥਾ ਹੈ, ਜੋ ਮਨੁੱਖ ਨੂੰ ਪ੍ਰਮਾਤਮਾ ਨਾਲ ਅਭੇਦ ਕਰ ਦਿੰਦੀ ਹੈ। ਅਜਿਹੇ ਸਮੇਂ ਉਹ ਪਰਮਾਤਮਾ ਦਾ ਰੂਪ ਅਥਵਾ ਆਪ ਹੀ ਪ੍ਰਭੂ ਬਣ ਜਾਂਦਾ ਹੈ। ਜੋ ਸਮਾਧੀ ਦੀ ਇਸ ਪਰਮ-ਧਿਆਨੀ ਅਵਸਥਾ ਵਿਚ ਨਿਰੰਤਰ ਵਿਚਰਦਾ ਹੈ, ਉਹ ਨਿਰ-ਸੰਦੇਹ ਪ੍ਰਭੂ ਹੀ ਹੁੰਦਾ ਹੈ। ਇਸ ਸੁੰਦਰ ਧਿਆਨੀ ਆਤਮਕ ਅਵਸਥਾ ਵਿਚ ਪ੍ਰਾਪਤ ਹੋਣ ਵਾਲੀਆਂ ਅਦ੍ਰਿਸ਼ਟ ਸ਼ਕਤੀਆਂ ਬਾਰੇ ਸੁਆਮੀ ਰਾਮ ਤੀਰਥ ਜੀ ਕੁਝ ਨਹੀਂ ਦਸਦੇ। ਪਰ ਸਮਾਧੀ ਜਾਂ ਪਰਮ-ਧਿਆਨ ਦੀ ਇਸ ਧਾਰਮਿਕ ਚੇਤੰਨਤਾ ਦੇ ਵਿਸ਼ੇ ਤੇ ਅਨੁਭਵ ਦਾ ਜਿਗਿਆਸੂ ਹੋਣ ਕਾਰਣ ਆਪ ਆਵੱਸ਼ ਹੀ ਆਤਮ-ਸਤਾ ਦੇ ਰਹੱਸਵਾਦੀ ਦੇ ਰੂਪ ਵਿਚ ਪ੍ਰਗਟ ਹੁੰਦੇ ਹਨ, ਜਿਨ੍ਹਾਂ ਨੇ ਆਪਣੇ ਆਪ ਨੂੰ ਉਸ ਪੂਰਨ ਪ੍ਰਕਾਸ਼ ਦੇ ਸਨਮੁਖ ਖੋਲ੍ਹ ਦਿਤਾ ਹੈ, ਜਿਥੋਂ ਤਕ ਕਿ ਮਨ ਦਾ ਟੁੱਟਾ ਦੀਪਕ ਨਹੀਂ ਪਹੁੰਚ ਸਕਦਾ। ਆਪ ਦਾ ਕਥਨ ਹੈ ਕਿ ਧਿਆਨੀ ਅਵਸਥਾ ਜਾਂ ਸਮਾਧੀ ਤੋਂ ਭਾਵ ਇਹ ਹੈ ਕਿ ਮਨੁੱਖ ਸਰੀਰ ਅਤੇ ਮਨ ਦੇ ਗੋਚਰ ਜਗਤ ਤੋਂ ਆਪਣੇ ਨਿਜ ਨੂੰ ਉਪਰ ਉਠਾ ਲਵੇ। ਇਹ ਸਮਾਧੀ ਇਕ ਸਤ-ਚਿਤ-ਅਨੰਦ ਦੀ ਅਵਸਥਾ ਹੈ, ਜਿਥੋਂ ਕਿ ਸਾਰੇ ਮਹਾਨ ਵਿਚਾਰ ਉਤਪੰਨ ਹੁੰਦੇ ਹਨ, ਇਥੋਂ ਹੀ ਕਵੀਆਂ ਨੂੰ ਕਵਿਤਾ ਦਾ ਆਵੇਸ਼ ਹੁੰਦਾ ਹੈ ਅਤੇ ਇਥੋਂ ਹੀ ਵਿਗਿਆਨੀ ਕੁਦਰਤ ਦੇ ਰਹੱਸ ਬਾਰੇ ਚਮਤਕਾਰੀ ਆਵਿਸ਼ਕਾਰ ਕਰਦੇ ਹਨ। ਕਈ ਵਾਰ ਤਾਂ ਮਨੁੱਖ ਉਪਰ ਇਸ ਮਹਾਂ ਅਨੰਦ ਦੀ ਅਵਸਥਾ ਦਾ ਆਵੇਸ਼ ਸਰੀਰ ਤੇ ਮਨ ਦੇ ਡੂੰਘੇ, ਬਿਖਮ ਸੰਕਟ ਅਤੇ ਪੀੜਾ ਦੀ ਅਵਸਥਾ ਵਿਚ ਹੁੰਦਾ ਹੈ। "ਇਸ ਮਹਾਂ ਅਨੰਦ ਦੀ ਅਵਸਥਾ ਵਿਚ ਵਿਚਰੋ, ਤੁਹਾਨੂੰ ਚਿੰਤਾ ਕਰਨ ਦੀ ਕੋਈ ਲੋੜ ਨਹੀਂ ਹੈ। ਸੰਸਾਰ ਆਪ ਹੀ ਤੁਹਾਡੇ ਨਾਲ ਮੁੜ ਨਵਾਂ ਸੰਤੁਲਨ ਸਥਾਪਿਤ ਕਰ ਲਵੇਗਾ, ਉਸੇ ਤਰ੍ਹਾਂ ਜਿਵੇਂ ਤੁਸੀਂ ਇਸ ਉਚੇਰੀ ਆਤਮਕ ਅਵਸਥਾ ਲਈ ਆਪਣੇ ਆਪ ਨੂੰ ਨਵੇਂ ਸਿਰਿਉਂ ਢਾਲ ਲਿਆ ਹੈ। ਜੱਜ ਨੂੰ ਤਾਂ ਆਪਣੇ ਆਸਨ ਤੇ ਬਿਰਾਜਮਾਨ ਹੋਣ ਦੀ ਹੀ ਆਵਸ਼ਕਤਾ ਹੈ, ਬਾਕੀ ਸਭ ਆਪਣੇ ਆਪ ਆ ਹਾਜ਼ਰ ਹੋ ਜਾਂਦੇ ਹਨ।" ਉਨ੍ਹਾਂ ਨੇ ਇਕ ਹੋਰ ਥਾਂ ਇਸੇ ਦ੍ਰਿਸ਼ਟਾਂਤ ਨੂੰ ਇਸ ਤਰ੍ਹਾਂ ਬਿਆਨ ਕੀਤਾ ਹੈ:-

ਬਾਦਸ਼ਾਹ ਦਾ ਰਾਜ ਸਿੰਘਾਸਨ ਉਤੇ ਆ ਬਿਰਾਜਮਾਨ ਹੋਣਾ, ਆਪਣੇ ਆਪ ਸਾਰੇ ਦਰਬਾਰ ਵਿਚ ਅਨੁਸ਼ਾਸਨ ਸਥਾਪਿਤ ਕਰ ਲੈਂਦਾ ਹੈ। ਇਸੇ ਤਰ੍ਹਾਂ ਜਦੋਂ ਮਨੁੱਖ

ਪ੍ਰਭੂ ਨਾਲ ਜਾ ਜੁੜਦਾ ਹੈ ਤਾਂ ਉਸ ਅੰਦਰਲੀ ਮੂਲ ਸਤ੍ਹਾ ਦੀ ਸ਼ਾਨ ਸਾਰੀ ਮਨੁੱਖ ਜਾਤੀ ਦੀ ਜੀਵਨ ਧਾਰਾ ਅੰਦਰ ਆਪਣਾ ਅਨੁਸ਼ਾਸਨ ਸਥਾਪਿਤ ਕਰ ਲੈਂਦੀ ਹੈ।

ਸ਼ਹਿਜ਼ਾਦਾ ਜੋ ਭਾਵੇਂ ਸਕੂਲ ਜਾਵੇ ਜਾਂ ਖੇਡ ਦੇ ਮੈਦਾਨ ਅੰਦਰ ਖੇਡ ਰਿਹਾ ਹੋਵੇ, ਉਸ ਨੂੰ ਸਦਾ ਇਹ ਗਿਆਨ ਹੁੰਦਾ ਹੈ ਕਿ ਉਹ ਰਾਜਕੰਵਰ ਹੈ। ਇਸੇ ਤਰ੍ਹਾਂ ਹਰ ਆਤਮਕ ਜਿਗਿਆਸੂ ਨੂੰ ਆਪਣੇ ਜੀਵਨ ਦੇ ਸਾਰੇ ਕਾਰਜਾਂ ਵਿਚ ਆਪਣੇ ਆਪ ਨੂੰ ਦੈਵੀ-ਕਾਰਜ ਸਮਝਣਾ ਚਾਹੀਦਾ ਹੈ।

ਇਸੇ ਤਰ੍ਹਾਂ ਜਦੋਂ ਸਰੀਰ ਦਾ ਕੋਈ ਅੰਗ ਭੰਗ ਹੋ ਜਾਂਦਾ ਹੈ ਤਾਂ ਹੀ ਅਸੀਂ ਉਸ ਦੀ ਹੋਂਦ ਨੂੰ ਮਹਿਸੂਸ ਕਰਨ ਲਗਦੇ ਹਾਂ, ਨਹੀਂ ਤਾਂ ਤੰਦਰੁਸਤ ਸਰੀਰ ਦੇ ਹੁੰਦਿਆਂ ਹੋਇਆਂ ਮਨੁੱਖ ਨੂੰ ਕਦੀ ਇਹ ਆਭਾਸ ਹੀ ਨਹੀਂ ਹੁੰਦਾ ਕਿ ਉਸ ਦੇ ਸਰੀਰ ਦੀ ਵੀ ਕੋਈ ਹੋਂਦ ਹੈ, ਉਹ ਇਸ ਨਾਲ ਸੁਭਾਵਕ ਹੀ ਵਿਚਰਦਾ ਫਿਰਦਾ ਹੈ। ਇਸੇ ਤਰ੍ਹਾਂ ਅਰੋਗ-ਆਤਮਾ ਸਦਾ ਸਰੀਰ ਤੇ ਮਨ ਦੀ ਚੇਤਨਾ ਤੋਂ ਉਪਰ ਹੀ ਵਿਚਰਦੀ ਰਹਿੰਦੀ ਹੈ।

ਸੁਆਮੀ ਰਾਮ ਤੀਰਥ ਜੀ ਸੰਪੂਰਣ ਅਦਵੈਤ ਦੇ ਧਾਰਣੀ ਸਨ। ਉਨ੍ਹਾਂ ਦਾ ਕਥਨ ਹੈ, ''ਇਕ ਹੀ ਧਾਤ ਹੈ ਅਤੇ ਇਕ ਹੀ ਆਤਮਾ, ਇਕ ਹੀ ਪਰਮ-ਯਥਾਰਥ ਤੇ ਉਹ ਤੁਸੀਂ ਆਪ ਹੋ।'' ਇਸ ਦੇ ਵਿਪਰੀਤ ਕੋਈ ਵੀ ਹੋਰ ਜੀਵਨ ਦਰਸ਼ਨ ਉਨ੍ਹਾਂ ਨੂੰ ਸੰਤੁਸ਼ਟ ਨਹੀਂ ਸੀ ਕਰਦਾ।

ਸੁਆਮੀ ਜੀ ਕਹਿੰਦੇ ਹਨ, 'ਮਨੁੱਖ ਤੂੰ ਆਪ ਹੀ ਪ੍ਰਭੂ ਹੈਂ। ਕੇਵਲ ਸਰੀਰ ਦੇ ਕੇਂਦਰ ਬਿੰਦੂ ਨਾਲ ਲਿਪਟਣਾ ਛੱਡ ਦਿਉ। ਜਦੋਂ ਸਰੀਰਕ-ਚੇਤੰਨਤਾ ਦਾ ਪਹਿਰਾ ਹੁੰਦਾ ਹੈ ਤਾਂ ਉਹ 'ਚਰਮ ਦ੍ਰਿਸ਼ਟੀ' ਹੁੰਦੀ ਹੈ, ਪਰ ਜਦੋਂ ਇਹ ਗੁਆਚ ਜਾਂਦੀ ਹੈ ਤਾਂ 'ਦੈਵੀ-ਚੇਤਨਾ ਦਾ ਪ੍ਰਕਾਸ਼' ਹੋ ਜਾਂਦਾ ਹੈ। ਇਹ ਸੰਸਾਰ ਅਤੇ ਇਸ ਦਾ ਅੰਧਕਾਰ ਸਰੀਰਕ-ਚੇਤਨਾ ਦਾ ਪਰਛਾਵਾਂ ਹੈ, ਪਰ ਦੈਵੀ-ਚੇਤੰਨਤਾ ਦਾ ਜਗਮਗਾਉਂਦਾ ਪ੍ਰਕਾਸ਼ ਆਤਮਾ ਦੇ ਮੰਡਲ ਵਿਚ ਸਦਾ ਲਹਿਰਦਾ ਰਹਿੰਦਾ ਹੈ।''

ਜੇ ਤੁਸੀਂ ਆਪਣੇ ਨੇਤਰਾਂ ਦੀ ਇਸ ਪਦਾਰਥ ਨੂੰ ਨਿਹਾਰਨ ਵਾਲੀ ਅਸਪਸ਼ਟ ਵਿਸ਼ਵਾਸ ਦੀ ਤੱਕਣੀ ਨੂੰ ਪਰੇ ਸੁਟ ਪਾਇਆ ਹੈ ਤਾਂ ਸਭ ਕੁਝ ਦੈਵੀ ਹੈ। ਜਿਨ੍ਹਾਂ ਨੇ ਇਕ ਵਾਰ ਪਰਮਾਤਮਾ ਦੇ ਦਰਸ਼ਨ ਕਰ ਲਏ ਹਨ, ਉਨ੍ਹਾਂ ਨੂੰ ਕੋਈ ਰੋਗ ਸੋਗ ਨਹੀਂ ਵਿਆਪਦਾ, ਦੂਜੇ ਬੰਨੇ ਵਿਪਰੀਤ ਦ੍ਰਿਸ਼ਟੀਕੋਣ ਰਖਣ ਵਾਲੇ ਕਦੀ ਖ਼ੁਸ਼ ਨਹੀਂ ਰਹਿ ਸਕਦੇ।

ਸੂਲੀ ਉਤੇ ਚੜ੍ਹਨਾ ਜੀਵਨ ਦਾ ਨੇਮ ਹੈ। ਆਪਣੇ ਸਰੀਰ ਨੂੰ ਸੂਲੀ ਉਤੇ ਚੜ੍ਹਾ ਦਿਉ ਅਰਥਾਤ ਉਸ ਤੋਂ ਉਚਾ ਉਠ ਜਾਉ ਤਾਂ ਤੁਹਾਡੇ ਨਿਜ ਦਾ ਸ਼ੁਧ ਆਤਮਾ ਦੇ

ਰੂਪ ਵਿਚ ਉਥਾਨ ਹੋ ਜਾਂਦਾ ਹੈ। ਇਹੋ ਹੀ ਭਾਵ ਹੈ ਕਿ ਜੇ ਤੁਸੀਂ ਦੂਜਿਆਂ ਨੂੰ ਪ੍ਰਸੰਨ ਕਰਨਾ ਚਾਹੁੰਦੇ ਹੋ ਤਾਂ ਆਪ ਕਸ਼ਟ ਝੱਲੋ। ਸੁਆਮੀ ਜੀ ਦਾ ਕਥਨ ਹੈ ਕਿ ਜਿਹੜੇ ਵਿਅਕਤੀ ਚਾਹੁੰਦੇ ਹਨ ਕਿ ਉਨ੍ਹਾਂ ਦੀ ਦੇਵ-ਪੁਰਸ਼ ਦੇ ਰੂਪ ਵਿਚ ਪੂਜਾ ਹੋਵੇ, ਉਨ੍ਹਾਂ ਨੂੰ ਆਪਣੇ ਲਘੂ ਆਪੇ ਦੀ ਕੁਰਬਾਨੀ ਅਰਥਾਤ ਉਸ ਨੂੰ ਸੂਲੀ ਤੇ ਲਟਕਾ ਕੇ ਸ਼ਹੀਦ ਕਰਨਾ ਹੋਵੇਗਾ। ਇਹ ਲਘੂ ਆਪਾ ਹੀ ਹੈ, ਜੋ ਪਦਾਰਥ ਜਾਂ ਮਾਇਆ ਦਾ ਸਰੂਪ ਹੈ, ਬਾਕੀ ਸਭ ਕੁਝ ਤਾਂ ਆਤਮਾ ਹੀ ਹੈ, ਜੋ ਕਿ ਸਾਡਾ ਵਾਸਤਵਿਕ ਜਾਂ ਪਰਮ ਆਪਾ ਹੈ। ਮਨੁੱਖ ਦੀ ਪ੍ਰਭੂ-ਚੇਤੰਨਤਾ, ਜਿਸ ਦੇ ਰੋਮ ਰੋਮ ਵਿਚ ਪ੍ਰਭੂ ਦਾ ਲਿਸ਼ਕਾਰਾ ਹੈ, ਉਹ ਹੀ ਮਨੁੱਖ ਦਾ ਵਾਸਤਵਿਕ ਜਾਂ ਪਰਮ-ਆਪਾ ਹੈ। ਜੋ ਵਿਅਕਤੀ 'ਪ੍ਰਭੂ ਵਿਚ ਵਿਚਰਦਾ ਹੈ, ਉਸ ਦੇ ਨਾਲ ਤੁਰਦਾ ਅਤੇ ਆਪਣੇ ਆਪ ਨੂੰ ਉਸ ਦੇ ਸਮਰਪਣ ਕਰ ਦਿੰਦਾ ਹੈ', ਉਹ ਹੀ ਪ੍ਰਭੂ ਹੈ।

ਧਿਆਨ ਜਾਂ ਸਮਾਧੀ ਹੀ ਸਭ ਤੋਂ ਵਡਾ ਰਹੱਸ ਹੈ। ਸੁਆਮੀ ਜੀ ਦਾ ਕਥਨ ਹੈ ਕਿ ਜਦੋਂ ਕੋਈ ਵਿਅਕਤੀ ਪਰਮਾਤਮਾ ਦਾ ਧਿਆਨ ਧਰਦਾ ਹੈ ਤਾਂ ਤਿਆਗ ਦੀ ਭਾਵਨਾ ਉਸ ਵਿਚ ਸੁਤੇ ਸਿਧ ਹੀ ਉਤਪੰਨ ਹੋ ਜਾਂਦੀ ਹੈ।

ਪਵਿਤਰ ਮੰਤਰ 'ਓਮ' ਦਾ ਬਾਰਮਬਾਰ ਜਾਪ ਲਘੂ ਆਪੇ ਤੋਂ ਮੁਕਤੀ ਪ੍ਰਾਪਤ ਕਰਨ ਦਾ ਇਕ ਮਾਤਰ ਮਾਰਗ ਹੈ।

''ਸਿਮਰਨ ਤੋਂ ਬਿਨਾਂ ਜੀਵਨ ਇਕ ਤਰ੍ਹਾਂ ਦੀ ਹਫੜਾ-ਦਫੜੀ ਹੈ।''

ਗੁਰੂ ਨਾਨਕ ਸਾਹਿਬ ਦਾ ਕਥਨ ਹੈ, ''ਸਿਮਰਨ ਹੀ ਪ੍ਰਭੂ ਹੈ।''

ਮੈਨੂੰ ਹੁਣ ਗਿਆਨ ਹੈ ਕਿ ਪ੍ਰਭੂ ਦੇ ਨਾਮ ਦਾ ਬਾਰਮਬਾਰ ਸਿਮਰਨ ਤਦੋਂ ਹੀ ਸੰਭਵ ਹੈ, ਜਦੋਂ ਕੋਈ ਜਿਗਿਆਸੂ ਕਿਸੇ ਅਜਿਹੇ ਦੇਵ-ਪੁਰਸ਼ ਦੀ ਪ੍ਰੇਰਨਾ ਅਧੀਨ ਉਸ ਤੋਂ ਸਿਖਿਆ 'ਦੀਖਿਆ ਪ੍ਰਾਪਤ ਕਰਕੇ ਅਜਿਹਾ ਕਰਦਾ ਹੈ। ਉਹ ਪਵਿਤਰ ਆਤਮਾ ਆਤਮਕ-ਅਨੁਭੂਤੀ ਦੇ ਮਾਰਗ ਵਿਚ ਤੁਰਨ ਵਾਲਿਆਂ ਦੀ ਸਹਾਇਤਾ ਕਰਦੀ ਹੈ। ਇਹ ਇਕ ਤਰ੍ਹਾਂ ਦਾ ਆਤਮਕ-ਮਾਰਗ ਉਤੇ ਤੁਰਨ ਦਾ ਚਿੰਨ੍ਹ ਹੁੰਦਾ ਹੈ। ਕੋਈ ਮਹਾਂਪੁਰਸ਼ ਆਪਣੀ ਮਿਹਰ ਦੀ ਨਿਗ੍ਹਾ ਦੁਆਰਾ ਪ੍ਰਾਣੀ ਨੂੰ ਉਸ ਮਾਰਗ ਉਤੇ ਨਿਰਧਾਰਤ ਕਰ ਦਿੰਦਾ ਹੈ। ਐਮਰਸਨ ਇਸ ਨੂੰ ਕਿਸੇ ਮਹਾਂਪੁਰਸ਼ ਦੀ ''ਪ੍ਰਗੀਤਕ ਦ੍ਰਿਸ਼ਟੀ'' (**Lyrical Glances**) ਆਖਦਾ ਹੈ।

ਇਨ੍ਹਾਂ ਵਿਚਾਰਾਂ ਦੇ ਪ੍ਰਾਣਵੰਤ ਮਹੱਤਵ ਨੂੰ ਮੁਖ ਰਖ ਕੇ ਹੀ ਉਨ੍ਹਾਂ ਦੇ ਇਸ 'ਅੰਤਮ' ਵਿਚਾਰ ਨੂੰ ਸੁਆਮੀ ਜੀ ਦਾ 'ਪ੍ਰਥਮ' ਵਿਚਾਰ ਮੰਨਣਾ ਚਾਹੀਦਾ ਹੈ। ਵਾਸਤਵ ਵਿਚ ਉਨ੍ਹਾਂ ਦਾ ਇਹ ਇਕੋ ਵਿਚਾਰ ਹੀ ਉਨ੍ਹਾਂ ਦੇ ਸਰਬ ਵਿਚਾਰਾਂ ਦਾ ਧਾਰਣੀ ਹੈ ਅਤੇ ਇਹੋ ਹੀ ਮੁਕਤ-ਆਤਮਾ ਦੇ ਮੁਖ ਸੰਕਲਪ ਦੇ ਰਹੱਸ ਦੀ

ਵਿਆਖਿਆ ਉਚਿਤ ਢੰਗ ਨਾਲ ਕਰਦਾ ਹੈ। ਵਰਤਮਾਨ ਪੰਜਾਬ ਦੇ ਸਿਰਜਕ ਗੁਰੂ ਗੋਬਿੰਦ ਸਿੰਘ ਜੀ ਨੇ ਸੱਚ ਹੀ ਫੁਰਮਾਇਆ, "ਸਾਚੁ ਕਹੋਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।"

ਇਨ੍ਹਾਂ ਮੁਖ ਵਿਚਾਰ ਸੰਕਲਪਾਂ ਦੀ ਉਚਿਤ ਵਿਆਖਿਆ ਲਈ ਸੁਆਮੀ ਜੀ ਨੇ ਜੀਵਨ ਵਿਚੋਂ ਕਈ ਸੁੰਦਰ ਬਿੰਬ ਅਤੇ ਦ੍ਰਿਸ਼ਟਾਂਤ ਚੁਣੇ ਹਨ, ਜੋ ਬੜੇ ਸੰਕੇਤਕ ਵੀ ਹਨ ਤੇ ਢੁਕਵੇਂ ਵੀ। ਉਨ੍ਹਾਂ ਦੇ ਵਿਆਖਿਆਨ ਅਜਿਹੇ ਦ੍ਰਿਸ਼ਟਾਂਤਾਂ ਤੇ ਕਥਾਵਾਂ ਨਾਲ ਭਰਪੂਰ ਹੁੰਦੇ ਹਨ, ਜਿਨ੍ਹਾਂ ਵਿਚੋਂ ਕੁਝ ਮੌਲਿਕ ਅਤੇ ਕੁਝ ਦੂਜਿਆਂ ਤੋਂ ਮਾਂਗਵੀਆਂ ਲਈਆਂ ਗਈਆਂ ਹਨ, ਪਰ ਇਨ੍ਹਾਂ ਸਭ ਨੂੰ ਸੁਆਮੀ ਜੀ ਬੜੀ ਕਲਾਮਈ ਸੁਘੜਤਾ ਨਾਲ ਪਰੋ ਦਿੰਦੇ ਹਨ, ਜੋ ਕਿ ਉਨ੍ਹਾਂ ਦੀ ਹੀ ਵਿਸ਼ੇਸ਼ਤਾ ਬਣ ਗਈ ਹੈ।

ਇਕ ਅਜਿਹਾ ਪਿੰਜਰਾ ਬਣਾਇਆ ਗਿਆ, ਜਿਸ ਦੇ ਚਾਰ ਚੁਫੇਰ ਸ਼ੀਸ਼ੇ ਲਗਾ ਦਿਤੇ ਗਏ। ਪਿੰਜਰੇ ਦੇ ਕੇਂਦਰ ਵਿਚ ਗੁਲਾਬ ਦਾ ਖਿੜਿਆ ਫੁੱਲ ਟਿਕਾ ਦਿਤਾ ਗਿਆ। ਪਿੰਜਰੇ ਵਿਚ ਬੁਲਬੁਲ ਨੂੰ ਛੱਡ ਦਿਤਾ ਗਿਆ। ਪੰਛੀ ਨੇ ਗੁਲਾਬ ਦੇ ਫੁੱਲ ਦੇ ਪ੍ਰਤਿਬਿੰਬਾਂ ਨੂੰ ਸ਼ੀਸ਼ਿਆਂ ਵਿਚ ਤੱਕਿਆ। ਜਿਧਰ ਪੰਛੀ ਵੇਖਦਾ ਉਸ ਨੂੰ ਗੁਲਾਬ ਦਾ ਫੁੱਲ ਦਿਖਾਈ ਦਿੰਦਾ ਅਤੇ ਉਹ ਉਸੇ ਸ਼ੀਸ਼ੇ ਨਾਲ ਆਪਣਾ ਮੱਥਾ ਭੰਨ ਕੇ ਵਾਪਸ ਆ ਮੁੜਦਾ। ਜਦੋਂ ਬੁਲਬੁਲ ਸ਼ੀਸ਼ੇ ਵਲ ਵੇਖਦੀ, ਆਪਣਾ ਮੱਥਾ ਭਨਾ ਕੇ ਜ਼ਖ਼ਮੀ ਵਾਪਸ ਮੁੜਦੀ। ਪਰ ਜਦੋਂ ਉਸ ਪੰਛੀ ਨੇ ਸ਼ੀਸ਼ਿਆਂ ਵਲੋਂ ਮੂੰਹ ਭੁਆ ਲਿਆ ਤਾਂ ਉਸ ਨੂੰ ਪਿੰਜਰੇ ਦੇ ਕੇਂਦਰ ਵਾਲੇ ਗੁਲਾਬ ਦੇ ਫੁੱਲ ਦਾ ਗਿਆਨ ਹੋਇਆ। ਹੇ ਮਨੁੱਖ! ਇਹ ਸੰਸਾਰ ਇਕ ਪਿੰਜਰੇ ਦੀ ਨਿਆਂਈਂ ਹੈ। ਜਿਸ ਮਹਾਂਅਨੰਦ ਦੀ ਭਾਲ ਤੂੰ ਆਪਣੇ ਤੋਂ ਬਾਹਰ ਕਰ ਰਿਹਾ ਹੈਂ, ਉਹ ਤੇਰੇ ਅੰਦਰ ਹੈ।

ਜਦੋਂ ਅਸੀਂ ਆਪਣੇ ਹੀ ਪਰਛਾਵੇਂ ਨੂੰ ਫੜਨ ਲਈ ਉਸ ਦੇ ਪਿਛੇ ਦੌੜਦੇ ਹਾਂ ਤਾਂ ਪਰਛਾਵਾਂ ਸਾਡੇ ਅਗੇ ਅਗੇ ਨਠਦਾ ਜਾਂਦਾ ਹੈ। ਪਰ ਜਦੋਂ ਅਸੀਂ ਸੂਰਜ ਵਲ ਮੂੰਹ ਕਰ ਲੈਂਦੇ ਹਾਂ ਤਾਂ ਪਰਛਾਵਾਂ ਸਾਡੇ ਮਗਰ ਮਗਰ ਨਸਦਾ ਹੈ। ਇਹੋ ਹਾਲ ਸਾਡੀਆਂ ਇਛਾਵਾਂ ਦਾ ਹੈ। ਜਦੋਂ ਅਸੀਂ ਤੀਬਰਤਾ ਨਾਲ ਇਛਾ ਕਰਦੇ ਹਾਂ ਤਾਂ ਉਸ ਦੀ ਪੂਰਤੀ ਦੂਰ ਹੁੰਦੀ ਜਾਂਦੀ ਹੈ। ਪਰ ਜਦੋਂ ਅਸੀਂ ਪ੍ਰਭੂ ਵਲ ਧਿਆਨ ਜੋੜ ਲੈਂਦੇ ਹਾਂ ਤਾਂ ਸਭ ਇਛਾਵਾਂ ਮੁਕ ਜਾਂਦੀਆਂ ਹਨ। ਉਸ ਸਮੇਂ ਸਭ ਮਨੋ-ਕਾਮਨਾਵਾਂ ਦੀ ਪੂਰਤੀ ਵੀ ਆਪਣੇ ਆਪ ਹੋ ਜਾਂਦੀ ਹੈ।

ਕਿਸੇ ਫ਼ਕੀਰ ਕੋਲ ਇਕੋ ਇਕ ਕੰਬਲ ਸੀ। ਉਹ ਕਿਸੇ ਚੋਰ ਨੇ ਚੋਰੀ ਕਰ ਲਿਆ। ਨੇੜੇ ਹੀ ਥਾਣਾ ਸੀ। ਫ਼ਕੀਰ ਨੇ ਜਾ ਕੇ ਰਪਟ ਦਰਜ ਕਰਵਾਈ ਅਤੇ ਕਈ

ਚੀਜ਼ਾਂ ਦੀ ਸੂਚੀ ਲਿਖਵਾ ਦਿਤੀ। ਉਸ ਨੇ ਕਿਹਾ, ਕਿ ਉਸ ਦੀ ਰਜ਼ਾਈ, ਗਦੈਲਾ, ਛਤਰੀ, ਪਜਾਮਾ, ਕੋਟ ਅਤੇ ਬਹੁਤ ਕੁਝ ਹੋਰ ਚੋਰੀ ਹੋ ਗਿਆ ਹੈ। ਇਹ ਲੰਮੀ ਸੂਚੀ ਨੂੰ ਚੋਰ ਕਿਤੇ ਨੇੜੇ ਹੀ ਸੁਣ ਰਿਹਾ ਸੀ, ਖਿਝ ਕੇ ਉਸ ਨੇ ਪੁਲਸ ਅਧਿਕਾਰੀ ਦੇ ਸਾਹਮਣੇ ਉਸ ਕੰਬਲ ਨੂੰ ਵਗਾਹ ਮਾਰਿਆ ਅਤੇ ਕਹਿਣ ਲਗਾ, ''ਇਹੋ ਹੀ ਸਭ ਕੁਝ ਹੈ। ਇਸ ਨਿਗੂਣੇ ਕੰਬਲ ਦੀ ਥਾਂ ਇਸ ਨੇ ਸਾਰੇ ਜਹਾਨ ਦੀਆਂ ਚੀਜ਼ਾਂ ਦੀ ਸੂਚੀ ਲਿਖਵਾ ਦਿਤੀ ਹੈ।'' ਫ਼ਕੀਰ ਛੇਤੀ ਛੇਤੀ ਆਪਣਾ ਕੰਬਲ ਚੁਕ ਕੇ ਉਥੋਂ ਜਾਣ ਹੀ ਲਗਾ ਸੀ ਕਿ ਪੁਲਸ ਅਧਿਕਾਰੀ ਨੇ ਉਸ ਨੂੰ ਝੂਠੀ ਰਿਪੋਰਟ ਲਿਖਾਉਣ ਦੇ ਬਦਲੇ ਲਾਹ ਪਾਹ ਕਰਨੀ ਸ਼ੁਰੂ ਕਰ ਦਿਤੀ। ਫ਼ਕੀਰ ਧੀਰਜ ਨਾਲ ਕਹਿਣ ਲਗਾ, ''ਨਹੀਂ ਸ੍ਰੀਮਾਨ ਜੀ, ਇਹ ਕੰਬਲ ਮੇਰਾ ਸਭ ਕੁਝ ਸੀ।'' ਉਸ ਨੇ ਕੰਬਲ ਦਾ ਰਜ਼ਾਈ, ਗਦੈਲਾ, ਛਤਰੀ, ਪਜਾਮਾ, ਕੋਟ ਆਦਿ ਬਣਾ ਕੇ ਉਸ ਦੀ ਵਰਤੋਂ ਕਰਕੇ ਦਸ ਦਿਤੀ।

ਫ਼ਕੀਰ ਲਈ ਤਾਂ ਇਕੋ ਗੱਲ ਹੀ ਕਾਫ਼ੀ ਹੁੰਦੀ ਹੈ ਕਿ ਪਰਮਾਤਮਾ ਇਕ ਹੈ ਅਤੇ ਉਹ ਸਭ ਥਾਂਈਂ ਵਿਆਪਕ ਹੈ।

ਦੀਵਾਰ ਵਿਚ ਲਾਉਣਜੋਗ ਜੋ ਇੱਟ ਹੈ, ਉਸ ਨੂੰ ਜਿਥੇ ਵੀ ਉਹ ਪਈ ਹੈ, ਚੁਕ ਕੇ ਕਿਤੋਂ ਵੀ ਲਿਆਂਦਾ ਜਾ ਸਕਦਾ ਹੈ।

ਤੀਰ ਨੂੰ ਚਲਾਉਣ ਤੋਂ ਪਹਿਲਾਂ ਉਸ ਨੂੰ ਅੰਦਰਵਾਰ ਖਿਚਿਆ ਜਾਂਦਾ ਹੈ ਅਤੇ ਫਿਰ ਕਮਾਨ ਰਾਹੀਂ ਛਡਿਆ ਜਾਂਦਾ ਹੈ। ਇਸੇ ਤਰ੍ਹਾਂ ਸਾਡੀਆਂ ਇਛਾਵਾਂ ਤੇ ਕਾਮਨਾਵਾਂ ਮਨ ਰਾਹੀਂ ਛਡੇ ਗਏ ਤੀਰ ਹੁੰਦੇ ਹਨ। ਇਨ੍ਹਾਂ ਦੀ ਪੂਰਤੀ ਤੋਂ ਪਹਿਲਾਂ ਸਾਨੂੰ ਇਨ੍ਹਾਂ ਤੋਂ ਉਪਰ ਉਠਣਾ ਹੋਵੇਗਾ। ਇਨ੍ਹਾਂ ਦੀ ਪੂਰਤੀ ਉਤਨਾ ਚਿਰ ਤਕ ਨਹੀਂ ਹੋ ਸਕਦੀ, ਜਿਨਾ ਚਿਰ ਤਕ ਕਿ ਤੁਸੀਂ ਇਨ੍ਹਾਂ ਤੋਂ ਉਪਰ ਨਹੀ ਉਠਦੇ।

ਮਨੁੱਖ ਆਪਣੀ ਆਤਮਾ ਦੇ ਪਸਾਰ ਦੇ ਆਧਾਰ ਤੇ ਧਾਤੂ-ਪੁਰਸ਼, ਬਨਸਪਤੀ-ਪੁਰਸ਼,ਪਸ਼ੂ-ਪੁਰਸ਼ ਵਿਚ ਵੰਡੇ ਜਾ ਸਕਦੇ ਹਨ। ਪ੍ਰਭੂ-ਪੁਰਸ਼ ਉਹ ਗੋਲ ਦਾਇਰੇ ਹਨ, ਜਿਨ੍ਹਾਂ ਦਾ ਕੇਂਦਰ ਤਾਂ ਹੁੰਦਾ ਹੈ,ਪਰ ਬਾਹਰਲਾ ਘੇਰਾ ਨਹੀਂ ਹੁੰਦਾ। ਉਹ ਸਿਧੀਆਂ ਰੇਖਾਵਾਂ ਸਮਾਨ ਹੁੰਦੇ ਹਨ। ਬਨਸਪਤੀ-ਪੁਰਸ਼ਾਂ ਦੀ ਤੁਲਨਾ ਵਿਚ ਧਾਤੂ-ਪੁਰਸ਼ ਨਿਰਜਿੰਦ ਹੁੰਦੇ ਹਨ, ਪਸ਼ੂ-ਪੁਰਸ਼ਾਂ ਦੀ ਤੁਲਨਾ ਵਿਚ ਬਨਸਪਤੀ-ਪੁਰਸ਼ ਨਿਰਜਿੰਦ ਹਨ। ਇਸੇ ਤਰ੍ਹਾਂ ਪਸ਼ੂ-ਪੁਰਸ਼ ਮਾਨਵ-ਪੁਰਸ਼ ਅਤੇ ਮਾਨਵ-ਪੁਰਸ਼ ...

ਤੁਲਨਾ ਵਿਚ ਬਹੁਤ ਨੀਵੇਂ ਹੁੰਦੇ ਹਨ। ਇਹ ਨੈਤਿਕ ਜੀਵਨ ਦਾ ਵਿਕਾਸ ਮਾਰਗ ਹੈ, ਜਿਸ ਦੁਆਰਾ ਅਸੀਂ ਆਤਮਕ ਅਨੁਭੂਤੀ ਦਾ ਥਾਹ ਪਾ ਸਕਦੇ ਹਾਂ, ਕਿਉਂਜੋ ਸੰਪੂਰਨ ਤੌਰ ਤੇ ਨਿਰਸੁਆਰਥ ਭਾਵਨਾ ਹੀ ਸਭ ਦਾ ਵਾਸਤਵਿਕ ਆਪਾ ਜਾਂ ਪਰਮ-ਨਿਜ ਸਰੂਪ ਹੋ ਸਕਦਾ ਹੈ।

ਸੁਆਮੀ ਜੀ ਕਹਿੰਦੇ ਹੁੰਦੇ ਸਨ ਕਿ ਅਰਦਾਸ ਜੀਵਨ ਵਿਚ ਮੌਤ ਹੈ, ਜਦੋਂ ਕਿ ਮਨੁੱਖ ਆਪਣੇ ਸਰੀਰ ਦੀ ਕੈਦ ਵਿਚੋਂ ਕੰਬਦਾ ਹੋਇਆ ਸਰੀਰ ਅਤੇ ਮਨ ਤੋਂ ਉਚੇਰਾ ਹੋ ਜਾਂਦਾ ਹੈ। ਜੇ ਕਿਸੇ ਚੋਰ ਨੂੰ ਵੀ ਇਸ ਜੀਵਨ ਵਿਚ ਮੌਤ ਨੂੰ ਅਪਨਾਣ ਦੀ ਇਸ ਕਲਾ ਦਾ ਗਿਆਨ ਹੈ ਤਾਂ ਉਹ ਵੀ ਇਸ ਮਾਰਗ ਵਿਚ ਸਫਲ ਹੋ ਸਕਦਾ ਹੈ। ਅਰਦਾਸ ਵਿਚ ਸ਼ਕਤੀ ਹੈ। ਜੀਵਨ ਵਿਚ ਮੌਤ ਦਾ ਇਹ ਸੰਕਲਪ ਸੁਆਮੀ ਜੀ ਦਾ ਵਿਵਹਾਰਕ ਧਰਮ ਦਾ ਸੰਕਲਪ ਹੈ।

ਸੰਖੇਪ ਵਿਚ ਕਹਿਣਾ ਹੋਵੇ ਤਾਂ ਸੁਆਮੀ ਰਾਮ ਤੀਰਥ ਜੀ ਮਹਾਂ-ਅਨੰਦ, ਧਿਆਨ ਤੇ ਸਮਾਧੀ ਦਾ ਉਪਦੇਸ਼ ਦਿੰਦੇ ਸਨ ਅਤੇ ਆਪਣੇ ਅਨੁਭਵ ਦੇ ਆਧਾਰ ਉਤੇ ਉਹ ਕਹਿ ਦਿੰਦੇ ਸਨ ਕਿ ਆਤਮ -ਪਰਕ ਤੇ ਵਸਤੂ-ਪਰਕ ਸਫਲਤਾਵਾਂ ਉਦੋਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ, ਜਦੋਂ ਕੋਈ ਵਿਅਕਤੀ ਉਚਾ ਉਠ ਕੇ ਪਰਮ-ਚੇਤੰਨਤਾ ਦੀ ਅਵਸਥਾ ਤਕ ਪੁਜ ਜਾਂਦਾ ਹੈ। ਇਸ ਤੋਂ ਬਿਨਾਂ ਉਹ ਇਸ ਦੈਵੀ ਆਵੇਸ਼ ਨੂੰ ਨਿਰੰਤਰ ਸਥਿਰ ਰਖਣ ਦਾ ਵੀ ਉਪਦੇਸ਼ ਦਿੰਦੇ ਹਨ। ਉਹ ਇਸ ਦੀ ਵਿਸ਼ੇਸ਼ ਕਾਰਜ-ਵਿਧੀ ਬਾਰੇ ਵੀ ਜਨ ਸਾਧਾਰਣ ਨੂੰ ਦਸਦੇ ਹਨ। ਵਾਸਤਵ ਵਿਚ ਉਨ੍ਹਾਂ ਦੇ ਕਥਨ ਉਨ੍ਹਾਂ ਦੇ ਆਤਮਕ ਉਥਾਨ ਲਈ ਕੀਤੀ ਗਈ ਸਾਧਨਾ ਦੀ ਹੀ ਵਿਆਖਿਆ ਕਰਦੇ ਹਨ। ਸੱਚ ਤਾਂ ਇਹ ਹੈ ਕਿ ਜੋ ਕੁਝ ਸੁਆਮੀ ਜੀ ਨੇ ਲਿਖਿਆ ਜਾਂ ਬੋਲਿਆ ਹੈ, ਉਹ ਉਨ੍ਹਾਂ ਦੀ ਆਪਣੀ ਸਵੈ-ਜੀਵਨੀ ਦੇ ਹੀ ਅੰਸ਼ ਹਨ।

ਉਹ ਮਹਾਨ ਤੇ ਕਰੜੀ ਸਾਧਨਾ ਵਾਲੇ ਵਿਅਕਤੀ ਸਨ, ਜਿਨ੍ਹਾਂ ਦੀ ਸੁਤੰਤਰ ਵਿਚਾਰਧਾਰਾ ਸੀ, ਪਰ ਉਨ੍ਹਾਂ ਕੋਲ ਅਜਿਹਾ ਭੰਡਾਰ ਨਹੀਂ ਸੀ ਜੋ ਕਿ ਸਿਖ ਮਤ ਅਨੁਸਾਰ ਗੁਰੂ ਦੇ ਮਾਧਿਅਮ ਦੁਆਰਾ ਪ੍ਰਾਪਤ ਕੀਤਾ ਜਾ ਸਕਦਾ ਹੈ। ਉਨ੍ਹਾਂ ਲਈ ਇਹ ਵਿਚਾਰ ਕਿ ਆਸ ਤੋਂ ਬਾਹਰ ਦੀ ਗੱਲ ਸੀ ਕਿ ਮਨੁੱਖ ਦੀ ਆਤਮਕ ਸਾਧਨਾ ਵਿਚ ਪ੍ਰਭੂ ਨਾਲ ਅਭੇਦ ਹੋਣ ਲਈ ਕਿਸੇ ਹੋਰ ਬਾਹਰੀ ਵਿਚੋਲੇ ਦੀ ਲੋੜ ਪੈਂਦੀ ਹੈ, ਕਿਉਂਜੋ ਉਨ੍ਹਾਂ ਦੀ ਇਹ ਧਾਰਣਾ ਸੀ ਕਿ ਮਨੁੱਖ ਅਤੇ ਪ੍ਰਭੂ ਤਾਂ ਇਕ ਹਨ। ਨਾ ਹੀ ਉਨ੍ਹਾਂ ਦੇ ਵਿਆਖਿਆਨਾਂ ਵਿਚ ਹੋਰ ਸੰਤਾਂ ਮਹਾਂਪੁਰਸ਼ਾਂ ਜਾਂ ਸਤਿਸੰਗ ਦਾ ਜ਼ਿਕਰ ਆਉਂਦਾ ਹੈ, ਜੋ ਕਿ ਸਿਖ ਮਤ ਅਨੁਸਾਰ ਮਨੁੱਖ ਦੀ ਆਤਮ-ਸਤ੍ਹਾ ਨੂੰ ਉਥਾਨ

ਵਿਚ ਰਖਣ ਲਈ ਜ਼ਰੂਰੀ ਹੈ, ਕਿਉਂਜੋ ਜਦੋਂ ਵੀ ਮਨੁੱਖ ਆਤਮਕ ਤੌਰ ਤੇ ਹੇਠਾਂ ਨੂੰ ਡਿਗਦਾ ਹੈ ਤਾਂ ਇਹ ਸਾਧਨ ਉਸ ਨੂੰ ਸ਼ਕਤੀ ਦਿੰਦੇ ਅਤੇ ਆਤਮਕ ਉਚਤਾ ਦੀ ਪ੍ਰਾਪਤੀ ਲਈ ਸਹਾਈ ਹੁੰਦੇ ਹਨ।

ਅਧਿਆਇ ਚੌਥਾ

ਸੁਰਤ ਜਗਾਊ ਅਮਰ ਸੁਗੰਧੀ

ਆਪਣੇਂ ਜੀਵਨ ਦੇ ਪ੍ਰਮੁਖ ਵਿਚਾਰ ਸੰਕਲਪਾਂ ਦੀ ਵਿਆਖਿਆ ਲਈ ਸੁਆਮੀ ਰਾਮ ਤੀਰਥ ਜੀ ਨੇ ਉਰਦੂ ਵਿਚ ਆਪਣੀ 'ਅਲਿਫ਼' ਨਾਮ ਦੀ ਪਤ੍ਰਿਕਾ ਜਾਰੀ ਕੀਤੀ। ਇਸ ਪਤ੍ਰਿਕਾ ਵਿਚ ਉਰਦੂ, ਫ਼ਾਰਸੀ, ਸੰਸਕ੍ਰਿਤ ਅਤੇ ਅੰਗਰੇਜ਼ੀ ਭਾਸ਼ਾਵਾਂ ਦੇ ਕਵੀਆਂ ਅਤੇ ਧਾਰਮਿਕ ਮਹਾਂਪੁਰਸ਼ਾਂ ਤੇ ਪੈਗੰਬਰਾਂ ਦੇ ਹਵਾਲਿਆਂ ਤੇ ਟੂਕਾਂ ਦਾ ਅਥਾਹ ਭੰਡਾਰ ਸੰਕਲਿਤ ਕੀਤਾ ਗਿਆ। ਅਮਰੀਕਾ ਵਿਚ ਵੀ ਉਨ੍ਹਾਂ ਨੇ ਭਾਸ਼ਣ ਤੇ ਵਿਆਖਿਆਨ ਦਿਤੇ ਅਤੇ ਇਨ੍ਹਾਂ ਅਮਰ ਸੱਚਾਈਆਂ ਦੀ ਅਨੇਕ ਰੂਪਾਂ ਵਿਚ ਵਿਆਖਿਆ ਕੀਤੀ। ਭਾਰਤੀ ਜਨ-ਜੀਵਨ ਅਤੇ ਮਿਥਿਹਾਸ ਵਿਚੋਂ ਵੀ ਉਨ੍ਹਾਂ ਨੇ ਆਪਣੇ ਵਿਆਖਿਆਨਾਂ ਵਿਚ ਕਈ ਕਥਾਵਾਂ ਤੇ ਲਘੂ-ਕਥਾਵਾਂ (ਟੋਟਕਿਆਂ) ਆਦਿ ਦੇ ਹਵਾਲੇ ਦਿਤੇ। ਉਨ੍ਹਾਂ ਦੇ ਅਮਰੀਕਾ ਵਿਚ ਦਿਤੇ ਗਏ ਅੰਗਰੇਜ਼ੀ ਭਾਸ਼ਣ ਉਨ੍ਹਾਂ ਦੀ 'ਅਲਿਫ਼' ਨਾਮੀ ਉਰਦੂ ਪੁਸਤਕ ਵਿਚ ਸੰਕਲਿਤ ਵਿਚਾਰਾਂ ਦਾ ਹੀ ਵਿਸਥਾਰ ਹਨ। ਉਨ੍ਹਾਂ ਦਾ ਸਾਰਾ ਜੀਵਨ ਹੀ ਇਸ ਰੱਬੀ ਜਾਂ ਪਰਮਾਰਥ-ਗਿਆਨ ਦੀ ਮਸ਼ਾਲ ਨੂੰ ਬਾਲਦਿਆਂ ਅਤੇ ਵੰਡਦਿਆਂ ਗੁਜ਼ਰਿਆ ਹੈ। ਹੇਠ ਲਿਖੀਆਂ ਟੂਕਾਂ ਉਨ੍ਹਾਂ ਦੀ ਉਰਦੂ ਪੁਸਤਕ 'ਅਲਿਫ਼' ਵਿਚੋਂ ਬਿਨਾਂ ਕਿਸੇ ਨਿਸ਼ਚਿਤ ਯੋਜਨਾ ਦੇ ਪੁਸਤਕ ਦੇ ਪੰਨਿਆਂ ਨੂੰ ਫੋਲਦਿਆਂ ਫੋਲਦਿਆਂ ਲਈਆਂ ਗਈਆਂ ਹਨ ਅਤੇ ਉਨ੍ਹਾਂ ਦਾ (ਅੰਗਰੇਜ਼ੀ ਵਿਚ) ਇਥੇ ਸੁਤੰਤਰ ਅਨੁਵਾਦ ਹੀ ਦਿਤਾ ਗਿਆ ਹੈ। ਇਹ ਟੂਕਾਂ ਸੁਆਮੀ ਜੀ ਦੇ ਮਨ ਅੰਦਰ ਝਾਤ ਪਾਉਣ, ਉਨ੍ਹਾਂ ਦੇ ਵਿਚਾਰਾਂ ਦੀ ਨੇੜਤਾ ਨੂੰ ਦਰਸਾਉਣ ਅਤੇ ਉਨ੍ਹਾਂ ਦੀ ਬੌਧਿਕ ਸ਼ਕਤੀ ਦੇ ਸਰਬਾਂਗੀ ਪਸਾਰ ਦਾ ਬੋਧ ਕਰਾਉਣ ਲਈ ਕਾਫ਼ੀ ਢੁਕਵੀਆਂ ਹਨ।

ਹੇਠ ਲਿਖੀਆਂ ਟੂਕਾਂ ਤੇ ਹਵਾਲੇ ਸੁਆਮੀ ਜੀ ਦੇ ਇਕੱਤਰ ਕੀਤੇ ਗਏ ਵਿਸ਼ਾਲ ਬੋਲ੍ਹ ਵਿਚੋਂ ਲਏ ਗਏ ਕੁਝ ਦਾਣੇ ਹੀ ਹਨ।

ਜਿਸ ਨੂੰ ਮੈਂ ਚਹੁੰ ਦਿਸ਼ਾਵਾਂ ਵਿਚ ਅੰਨ੍ਹੇਵਾਹ ਭਾਲਦਾ ਰਿਹਾ।
ਉਹ ਮੇਰੀਆਂ ਆਪਣੀਆਂ ਅਖੀਆਂ ਵਿਚ ਹੀ ਸਮਾਇਆ ਹੋਇਆ ਸੀ,
ਪਰ ਮੈਨੂੰ ਇਸ ਦਾ ਗਿਆਨ ਨਹੀਂ ਸੀ। (ਉਰਦੂ)

ਹੀਰ ਆਪਣੇ ਪ੍ਰੀਤਮ ਰਾਂਝੇ ਨੂੰ ਪੰਜਾਬ ਦੇ ਜੰਗਲ ਬੇਲਿਆਂ ਵਿਚ ਭਾਲਦੀ ਰਹੀ, ਪਰ ਉਹ ਤਾਂ ਉਸ ਦੇ ਸੀਨੇ ਅੰਦਰ ਛਿਪ ਕੇ ਪ੍ਰੇਮ ਦਾ ਗੀਤ ਗਾ ਰਿਹਾ ਸੀ।
(ਪੰਜਾਬੀ)

ਧਰਤੀ ਅਤੇ ਆਕਾਸ਼ ਲਈ ਨਵਾਂ ਜਨਮਿਆਂ ਬਾਲਕ,
ਜਿਨਾ ਚਿਰ ਤਕ ਉਸ ਦੇ ਕੂਲੇ ਹੱਥਾਂ ਨੇ ਉਸ ਦੀ ਛਾਤੀ
ਦੀਆਂ ਗੁਲਾਈਆਂ ਨੂੰ ਨਾ ਜਾ ਛੂਹਿਆ,
ਉਨਾ ਚਿਰ ਤਕ ਉਹ ਇਹ ਵੀ ਨਾ ਸੋਚ ਸਕਿਆ ਕਿ ਇਹ 'ਮੈਂ' ਹਾਂ।
(ਟੈਨੀਸਨ)

ਤੂੰ ਹੀ ਇਸਤਰੀ ਹੈਂ, ਤੂੰ ਹੀ ਪ੍ਰੀਤਮ
ਤੂੰ ਹੀ ਫੁੱਲ ਅਤੇ ਤੂੰ ਹੀ ਮਧੂਮਖੀ, ਆਦਿ........ (ਯਜੁਰਵੇਦ)

ਐਨਥਨੀ ਨੇ ਪ੍ਰੇਮ ਵਿਚੋਂ ਖੁਸ਼ੀ ਨੂੰ ਲਭਿਆ,
ਬਰੂਟਸ ਨੇ ਸ਼ਾਨ ਵਿਚੋਂ, ਸੀਜ਼ਰ ਨੇ ਅਧਿਕਾਰ ਵਿਚੋਂ।
ਪਹਿਲੇ ਦੇ ਪਲੇ ਅਪਮਾਨ ਪਿਆ,
ਦੂਜੇ ਦੇ ਘਿਰਣਾ, ਤੀਜੇ ਦੇ ਅਕ੍ਰਿਤਘਣਤਾ
ਅਤੇ ਸਾਰੇ ਤਬਾਹ ਹੋ ਗਏ। (ਅਗਿਆਤ)

ਮੈਂ ਆਪਣੇ ਨਹੁੰਆਂ ਨਾਲ ਸੀਨਾ ਪਾੜ ਦਿਤਾ ਹੈ,
ਤਾਂ ਜੋ ਇਸ ਵਿਚ ਵਸ ਰਹੇ ਸਾਰੇ ਬਾਹਰ ਨਠ ਜਾਣ
ਅਤੇ ਕੇਵਲ ਮੇਰਾ ਪ੍ਰੀਤਮ ਹੀ ਮੇਰੇ ਨਾਲ ਇਸ ਵਿਚ ਰਹਿ ਸਕੇ। (ਫ਼ਾਰਸੀ)

ਉਨ੍ਹਾਂ ਲੈਲਾ ਦਾ ਖ਼ੂਨ ਕੀਤਾ,
ਪਰ ਖ਼ੂਨ ਉਸ ਦੇ ਪ੍ਰੇਮੀ ਮਜਨੂੰ ਦੀਆਂ ਨਾੜਾਂ ਵਿਚੋਂ ਵਹਿ ਤੁਰਿਆ
ਇਹ ਹੈ ਪ੍ਰੇਮ, ਪਰ ਇਸ ਲਈ
ਉਸ ਪ੍ਰਭੂ ਵਿਚ ਅਨੰਤਤਾ ਤਕ ਲੀਨ ਹੋਣਾ ਪੈਂਦਾ ਹੈ। (ਉਰਦੂ)

ਜੇ ਮੈਂ ਵਿਚਾਰੇ ਧਰਮ ਸ਼ਾਸਤਰੀ ਨੂੰ ਆਪਣੇ ਕਾਫ਼ਰ ਹੋਣ ਬਾਰੇ ਦਸਾਂ
ਤਾਂ ਉਹ ਅਨੰਦ ਵਿਭੋਰ ਹੋ ਕੂਕ ਮਾਰ ਕੇ ਕਹੇਗਾ:
''ਇਸਲਾਮ ਹੁਣ ਖ਼ੁਸ਼ ਗਿਆ ਹੈ।'' (ਉਰਦੂ)

ਕੀਮੀਆਂਗਰ ਦੀ ਕਾਇਆ-ਕਲਪ ਕਰ ਦੇਣ ਵਾਲੀ
ਉਸ ਦੀ ਦ੍ਰਿਸ਼ਟੀ ਨੂੰ ਧਾਰਣ ਕਰੋ, ਜੋ ਹਰ ਵਸਤੂ ਨੂੰ
ਸੋਨੇ ਵਿਚ ਬਦਲ ਦਿੰਦੀ ਹੈ। (ਉਰਦੂ)

ਜਦੋਂ ਪੰਛੀ ਚਿੜੀਮਾਰ ਦੇ ਜਾਲ ਵਿਚੋਂ ਕਿਸੇ ਨਾ ਕਿਸੇ ਤਰ੍ਹਾਂ
ਬਚ ਕੇ ਉਡ ਜਾਂਦਾ ਹੈ ਤਾਂ ਉਸ ਨੂੰ ਕੋਈ ਡਰ ਭਉ ਨਹੀਂ ਰਹਿੰਦਾ,
ਸਗੋਂ ਉਸ ਨੂੰ ਜਾਲ, ਚੋਗ, ਧਰਤ ਤੇ ਆਕਾਸ਼
ਸਭ ਸ਼ੁਭ ਲਗਣ ਲਗ ਪੈਂਦੇ ਹਨ। (ਫ਼ਾਰਸੀ)

ਮੇਰੇ ਪ੍ਰੀਤਮ! ਤੂੰ ਮੇਰੇ ਨੈਣਾਂ ਤੇ ਹਿਰਦੇ ਵਿਚ ਸਮਾਇਆ ਹੋਇਆ ਹੈਂ,
ਵਿਆਪਕ ਅਤੇ ਸਦੀਵ ਰੂਪ ਵਿਚ ਤੂੰ ਪਸਰਿਆ ਦਿਸਦਾ ਹੈਂ,
ਦੂਰੋਂ ਜਿਸ ਦਾ ਝਾਉਲਾ ਪੈਂਦਾ ਹੈ, ਉਹ ਤੂੰ ਹੀ
ਮੇਰੇ ਵਲ ਆ ਰਿਹਾ ਹੁੰਦਾ ਹੈਂ। (ਫ਼ਾਰਸੀ)
ਕਤਰਾ ਰੋ ਪਿਆ ਤੇ ਕਹਿਣ ਲਗਾ:
"ਅਸੀਂ ਸਾਗਰ ਤੋਂ ਵਖਰੇ ਹਾਂ"
ਪਰ ਸਾਗਰ ਕਤਰੇ ਦੀ ਇਹ ਗੱਲ ਸੁਣ ਕੇ ਹਸ ਪਿਆ
ਤੇ ਕਹਿਣ ਲਗਾ:
"ਅਸੀਂ ਸਭ ਪਾਣੀ ਹਾਂ।" (ਫ਼ਾਰਸੀ)

ਮੈਂ ਇਕ ਅਜਿਹਾ ਦੁਰਲਭ ਮਾਣਕ ਹਾਂ,
ਕਿ ਸਾਗਰ ਵੀ ਮੈਨੂੰ ਆਪਣੇ ਵਿਚ ਨਹੀਂ ਸਮੋ ਸਕਦਾ,
ਮੈਂ ਇਕ ਅਜਿਹਾ ਹਿਰਨ ਹਾਂ,
ਜੋ ਅਨੰਤ ਜੰਗਲ ਵਿਚ ਵੀ ਨਹੀਂ ਸਮਾ ਸਕਦਾ। (ਫ਼ਾਰਸੀ)

ਹੇ ਫੁੱਲ! ਤੇਰੀ ਸੁੰਦਰਤਾ ਬਹੁਤ ਵਿਆਪਕ ਹੈ,
ਮੇਰੀ ਨੈਣ ਪਟਾਰੀ ਇਸ ਨੂੰ ਆਪਣੇ ਵਿਚ
ਸਮਾਉਣ ਲਈ ਬੜੀ ਛੋਟੀ ਹੈ,
ਤੇਰੀ ਸੁੰਦਰਤਾ ਦੀ ਬਹਾਰ ਦੇ ਫੁੱਲਾਂ ਨੂੰ

ਤੋੜਨ ਵਾਲੀ ਮਾਲਣ ਇਹ ਸ਼ਿਕਾਇਤ ਕਰਦੀ ਹੈ
ਕਿ ਇਨ੍ਹਾਂ ਨੂੰ ਸਾਂਭਣ ਲਈ ਉਸ ਦੀ ਝੋਲੀ ਬਹੁਤ ਛੋਟੀ ਹੈ। (ਫ਼ਾਰਸੀ)

ਹਵਾ ਆਈ ਤੇ ਉਸ ਨੇ ਫੁੱਲ ਨੂੰ ਝੰਬ ਦਿਤਾ
ਪਰ ਉਹ ਇਸ ਨੂੰ ਵੇਖ ਕੇ ਰੋਣ ਲਗ ਪਿਆ। (ਉਰਦੂ)

ਉਹ ਅੰਗੂਠੇ ਦੇ ਆਕਾਰ ਦਾ ਚਾਨਣ-ਦੀਪਕ ਹੈ,
ਜੋ ਮਨੁੱਖ ਦੀ ਆਤਮਾ ਵਿਚ ਇਸਥਿਤ ਹੈ। (ਯਜੁਰਵੇਦ)

ਉਹ ਪ੍ਰਭੂ ਸੁਤੰਤਰ ਅਤੇ ਮਨਮੌਜੀ ਹੈ,
ਜੋ ਆਪਣੀ ਰੱਖੀ ਸ਼ਕਤੀ ਨੂੰ
ਹਰ ਯੁਗ ਤੇ ਹਰ ਜਾਤੀ ਵਿਚ ਵਰਤਾ ਰਿਹਾ ਹੈ।
ਉਹ ਹਰ ਯੁਗ ਤੇ ਹਰ ਜਾਤੀ ਵਿਚ ਹਰ ਇਕ ਨੂੰ
ਤੇ ਸਭ ਨੂੰ ਆਪਣੀ ਸੁਰਾਹੀ ਵਿਚੋਂ ਜਾਮ ਵੰਡ ਰਿਹਾ ਹੈ।
ਉਹ ਸਭ ਦਾ ਮੂਲ ਅਤੇ ਰਚਣਹਾਰ ਹੈ
ਇਹ ਸੰਸਾਰ ਉਸ ਦੇ ਜਾਦੂ ਦੀ ਮੁੰਦਰੀ ਹੈ
ਅਤੇ ਉਸ ਦੇ ਕਰਾਮਾਤੀ ਕੌਤਕਾਂ ਦੀ ਲੀਲਾ ਹੈ।

. . . .

ਅਸੀਂ ਇਸ ਜਗਤ ਅਤੇ ਸੂਰਜ ਮੰਡਲ ਵਿਚ ਤੈਨੂੰ ਢੂੰਡ ਰਹੇ ਹਾਂ,
ਪਰ ਹੇ ਪ੍ਰਭੂ! ਤੂੰ ਇਸ ਦੀ ਨਿਰਮਲ ਪਾਰਦਰਸ਼ਤਾ ਵਿਚ ਛੁਪਿਆ ਹੋਇਆ ਹੈਂ।
ਅਸੀਂ ਤੈਨੂੰ ਝਰਨਿਆਂ ਅਤੇ ਅਗਨੀ ਵਿਚ ਢੂੰਡ ਰਹੇ ਹਾਂ।
ਪਰ ਹੇ ਪ੍ਰਭੂ! ਤੂੰ ਸਭ ਭਾਲਾਂ ਦੀ ਸਾਰ ਹੈਂ,
ਸਾਰੇ ਤਾਰਿਆਂ ਦਾ ਧਰੂ ਹੈਂ,
ਤੂੰ ਸਭ ਪ੍ਰਕਾਸ਼ਾਂ ਦਾ ਪ੍ਰਕਾਸ਼ ਹੈਂ
ਅਤੇ ਸ੍ਰਿਸ਼ਟੀ ਦੇ ਹਰ ਜੀਵ ਦਾ ਦਿਲ ਹੈਂ।
ਤੂੰ ਹਰ ਨਕਸ਼ ਦਾ ਅਰਥ ਹੈਂ,
ਤੇਰਾ ਮਨ ਆਕਾਸ਼ ਹੈ,
ਜੋ ਸਭ ਦੇ ਉਪਰ ਡੂੰਘਾ ਤੇ ਵਿਸ਼ਾਲ ਖੜਾ ਹੈ। (ਐਮਰਸਨ)

ਜੇ ਪੰਛੀ ਮੈਨੂੰ ਬਾਗ ਵਿਚ ਵੇਖ ਲਏ
ਤਾਂ ਉਹ ਆਪਣੇ ਗੁਲਾਬਾਂ ਦੇ ਫੁੱਲਾਂ ਨੂੰ ਤਿਆਗ ਦੇਵੇਗਾ
ਅਤੇ ਜੇ ਬ੍ਰਾਹਮਣ ਮੈਨੂੰ ਤੱਕ ਲਵੇ ਤਾਂ ਉਹ ਆਪਣੇ ਰੱਬ ਨੂੰ ਭੁਲ ਜਾਵੇਗਾ।
ਮੈਂ ਆਪਣੇ ਸ਼ਬਦਾਂ ਵਿਚ ਇੰਝ ਛੁਪੀ ਹੋਈ ਹਾਂ,
ਜਿਵੇਂ ਗੁਲਾਬ ਵਿਚ ਸੁਗੰਧੀ ਸਮਾਈ ਹੋਈ ਹੈ।
ਜੋ ਮੈਨੂੰ ਵੇਖਣਾ ਚਾਹੁੰਦੇ ਹਨ,
ਉਹ ਮੈਨੂੰ ਮੇਰੀ ਕਵਿਤਾ ਵਿਚੋਂ
ਵੇਖ ਸਕਦੇ ਹਨ। (ਫ਼ਾਰਸੀ ਕਵਿਤਾ-ਜ਼ੇਬੁਨ ਨਿਸਾ)

ਕੋਈ ਆਪਣੇ ਸ਼ਾਨਦਾਰ ਮਸਤਕ ਤੋਂ ਕਿਵੇਂ ਦਿਖਾਈ ਦਿੰਦਾ ਹੈ,
ਜੋ ਆਪਣੇ ਸਦਗੁਣਾਂ ਦੀ ਪਰਬਤ ਟੀਸੀ ਉਤੇ ਬਿਰਾਜਮਾਨ ਹੈ।
ਉਸ ਨੇ ਆਪਣੇ ਦੁਆਲੇ ਇਸ ਤਰ੍ਹਾਂ ਲਾਮਬੰਦੀ ਕਰ ਲਈ ਹੈ
ਕਿ ਉਹ ਹਮਦਰਦੀ ਰਹਿਤ ਤੇ ਘਿਰਣਤ ਜਾਪਦਾ ਹੈ। (ਮਿਲਟਨ)

ਉਹ ਵਸਤ ਜੋ ਥੋੜ੍ਹਾ ਚਿਰ ਲਈ ਵੀ ਖ਼ੁਸ਼ੀ ਨਹੀਂ ਦੇ ਸਕਦੀ,
ਉਹ ਮੇਰੀ ਕਿਵੇਂ ਹੋ ਸਕਦੀ ਹੈ। (ਵਰਡਜ਼ਵਰਥ)

ਜੇ ਕੀਮੀਆਂਗਰ ਨੇ ਆਪਣੇ ਆਪ ਨੂੰ ਨਹੀਂ ਗਾਲਿਆ
ਤਾਂ ਉਸ ਨੇ ਕੀ ਸੰਵਾਰਿਆ ਹੈ?
ਪਾਰਾ ਗਾਲਣ ਦਾ ਕੀ ਲਾਭ? ਥੂ ਥੂ !
ਅਸਲੀ ਕੀਮੀਆਂਗਰ ਉਹ ਹੀ ਹੈ,
ਜਿਸ ਨੇ ਆਪਣੇ ਨਿਜ ਨੂੰ ਗਾਲ ਲਿਆ ਹੈ। (ਉਰਦੂ)

ਹੇ ਪ੍ਰਭੂ! ਤੂੰ ਉਸ ਚੰਦਰਮਾ ਦੀ ਨਿਆਈਂ ਹੈਂ,
ਜੋ ਬੱਦਲ ਵਿਚ ਛਿਪਿਆ ਹੋਇਆ ਹੈ।
ਹੇ ਪ੍ਰਭੂ! ਤੁਸੀਂ ਮੇਰੇ ਇਸ ਸਰੀਰ ਦੇ
ਬੱਦਲ ਤੋਂ ਬਾਹਰ ਆਉ
ਅਤੇ ਮੈਨੂੰ ਆਪਣਾ ਪਰਮ-ਸੁੰਦਰ ਦੀਦਾਰ ਬਖ਼ਸ਼ੋ। (ਫ਼ਾਰਸੀ)

''ਕੂੜ ਨਿਖੁਟੇ ਨਾਨਕਾ ਓੜਕ ਸਚੁ ਰਹੀ॥'' (ਗੁਰੂ ਨਾਨਕ)

ਸੁਤੰਤਰਤਾ!
ਤੂੰ ਚੰਦਰਮਾ ਤੋਂ ਵੀ ਵਧੇਰੇ ਤੇਜ਼ ਸ਼ਿਕਾਰ ਕਰਦੀ ਹੈਂ,
ਸੰਸਾਰ ਦੇ ਬਘਿਆੜਾਂ ਤੋਂ ਵੀ ਵਧੇਰੇ ਖ਼ੌਫ਼ਨਾਕ ਹੈਂ।
ਤੇਰੇ ਕੋਲ ਉਹ ਭੱਥਾ ਹੈ, ਜਿਸ ਦੇ ਸੂਖਮ ਤੀਰ ਤੁਫ਼ਾਨੀ
ਖੰਭਾਂ ਵਾਲੀਆਂ ਗ਼ਲਤੀਆਂ ਨੂੰ ਵੀ ਚੀਰ ਕੇ
ਦੇਸਾਰ ਪਾਰ ਹੋ ਜਾਂਦੇ ਹਨ।
ਇਹ ਤੀਰ ਇਸ ਤਰ੍ਹਾਂ ਕਾਰਜ ਕਰਦੇ ਹਨ
ਜਿਵੇਂ ਪੂਰਬ ਦੇ ਦੇਸ਼ਾਂ ਵਿਚ
ਸ਼ਾਂਤ ਦਿਵਸ ਵਿਚ ਘਣੇ ਬੱਦਲਾਂ ਨੂੰ ਸੂਰਜ ਦੀ ਰੌਸ਼ਨੀ
ਛੰਡ ਦਿੰਦੀ ਹੈ।

....

ਤੇਰੇ ਰਿਸ਼ੀਆਂ ਤੇ ਗਾਇਕਾਂ ਦੀਆਂ ਆਵਾਜ਼ਾਂ
ਅਤੀਤ ਦੀਆਂ ਗੁਫ਼ਾਵਾਂ ਵਿਚ ਬੈਠ
ਬਦਲਾਂ ਦੀ ਗਰਜ ਸਮਾਨ ਧਰਤ ਜਗਾਊ ਨਾਂਦ ਨੂੰ ਗੁੰਜਾਉਂਦੀਆਂ ਹਨ।
ਧਰਮ ਆਪਣੇ ਨੈਣ ਮੁੰਦ ਲੈਂਦਾ ਹੈ,
ਜ਼ੁਲਮ ਸੁੰਗੜ ਜਾਂਦਾ ਹੈ ਅਤੇ ਆਪਣਾ ਤ੍ਰਾਣ ਮੁਕਾ ਬਹਿੰਦਾ ਹੈ।
ਖ਼ੁਸ਼ੀ, ਪ੍ਰੇਮ ਅਤੇ ਅਸਚਰਜਤਾ ਦੀ ਆਵਾਜ਼ ਦੇ ਖੰਭ
ਉਚੇ ਆਕਾਸ਼ਾਂ ਵਿਚ ਉਡਾਰੀਆਂ ਮਾਰ ਉਥੇ ਜਾ ਪੁਜਦੇ ਹਨ,
ਜਿਥੇ ਆਸ ਵੀ ਕਦੇ ਨਹੀਂ ਸੀ ਪੁਜੀ,ਜਿਸ ਨਾਲ ਦੇਸ਼ ਤੇ
ਕਾਲ ਦੇ ਪਰਦੇ ਵੀ ਦੂਰ ਹਟ ਜਾਂਦੇ ਹਨ। (ਸ਼ੈਲੇ)

ਪ੍ਰੀਤਮ ਨੇ ਮੈਨੂੰ ਛਾਤੀ ਨਾਲ ਲਗਾਇਆ,
ਮੈਂ ਵੀ ਆਪਣਾ ਸੀਨਾ ਉਸ ਦੀ ਛਾਤੀ ਤੇ ਟਿਕਾਇਆ,
ਉਸ ਨੂੰ ਆਪਣੀ ਗਲਵਕੜੀ ਵਿਚ ਬੰਨ ਬਹਾਇਆ,
ਅਤੇ ਘੁਟ ਕਲੇਜੇ ਲਾਇਆ। (ਪੰਜਾਬੀ)

ਆਪੇ ਰਸੀਆ ਆਪਿ ਰਸੁ ਆਪੇ ਰਾਵਣਹਾਰੁ॥
ਆਪੇ ਹੋਵੈ ਚੋਲੜਾ ਆਪੇ ਸੇਜ ਭਤਾਰੁ ॥
ਰੰਗਿ ਰਤਾ ਮੇਰਾ ਸਾਹਿਬੁ ਰਵਿ ਰਹਿਆ ਭਰਪੂਰ॥ ਰਹਾਉ॥
ਆਪੇ ਮਾਛੀ ਮਛੁਲੀ ਆਪੇ ਪਾਣੀ ਜਾਲੁ॥
ਆਪੇ ਜਾਲ ਮਣਕੜਾ ਆਪੇ ਅੰਦਰਿ ਲਾਲੁ॥
ਆਪੇ ਬਹੁਬਿਧਿ ਰੰਗੁਲਾ ਸਖੀਏ ਮੇਰਾ ਲਾਲੁ॥
ਨਿਤ ਰਵੈ ਸੋਹਾਗਣੀ ਦੇਖੁ ਹਮਾਰਾ ਹਾਲ॥

(ਸਿਰੀ ਰਾਗ ਮਹਲਾ ੧ ਘਰ ਦੂਜਾ-ਪੰਨਾ23)

ਉਹੋ ਹੀ ਉਸ ਦੇ ਪ੍ਰੇਮ ਕਟੋਰੇ ਵਿਚੋਂ ਜਾਮ ਪੀ ਸਕਦਾ ਹੈ,
ਜਿਸ ਨੇ ਪਹਿਲਾਂ ਆਪਣੇ ਆਪ ਨੂੰ ਉਸ ਦੇ ਸਮਰਪਣ ਕਰ ਦਿਤਾ ਹੈ।
ਲਾਲਚੀ ਮਨੁੱਖ ਆਪਣੇ ਆਪ ਨੂੰ ਤਾਂ ਉਸ ਦੇ ਸਮਰਪਣ ਨਹੀਂ ਕਰਦਾ,
ਪਰ ਉਸ ਵਲੋਂ ਪ੍ਰੇਮ ਦੀ ਆਸ ਰਖਦਾ ਹੈ? (ਹਿੰਦੀ)

ਜਿਨਾ ਚਿਰ ਤਕ ਤੁਸੀਂ ਲਕੜੀ ਸਮਾਨ ਆਪਣੇ ਤਨ ਨੂੰ
ਆਰੇ ਨਾਲ ਚਿਰਾ ਕੇ ਕੰਘੀ ਨਹੀਂ ਬਣ ਜਾਂਦੇ,
ਪ੍ਰੀਤਮਾ ਦੇ ਕੇਸਾਂ ਦੀ ਛੁਹ ਨੂੰ ਕਿਵੇਂ ਮਾਣ ਸਕਦੇ ਹੋ?
ਜਿਨਾ ਚਿਰ ਤਕ ਤੁਸੀਂ ਆਪਣੇ ਆਪ ਨੂੰ ਖ਼ਰਲ ਵਿਚ
ਸੁਰਮੇ ਵਾਂਗ ਪੀਠ ਨਹੀਂ ਲੈਂਦੇ,
ਤੁਸੀ ਪ੍ਰੀਤਮਾ ਦੇ ਨੈਣਾਂ ਦਾ ਕਿਵੇਂ ਸ਼ਿੰਗਾਰ ਬਣ ਸਕਦੇ ਹੋ?
ਜਿਨਾ ਚਿਰ ਤਕ ਕਿ ਤੁਹਾਡੇ ਤਨ ਦੀ ਮਿੱਟੀ ਦਾ
ਘੁਮਿਹਾਰ ਪਿਆਲਾ ਨਹੀਂ ਬਣਾ ਲੈਂਦਾ,
ਤੁਸੀਂ ਪ੍ਰੀਤਮਾ ਦੀਆਂ ਬੁਲ੍ਹੀਆਂ ਦੀ ਛੁਹ ਕਿਵੇਂ ਮਾਣ ਸਕਦੇ ਹੋ?
ਜਿਨਾ ਚਿਰ ਤਕ ਮੋਤੀ ਵਿਚ ਛੇਕ ਨਹੀਂ ਪੈਂਦਾ
ਅਤੇ ਤੁਹਾਡੇ ਦਿਲ ਵਿਚ ਉਸ ਦੇ ਨੈਣਾਂ ਦੇ ਤੀਰ ਦੁਸਾਰ ਪਾਰ ਨਹੀਂ ਹੁੰਦੇ,
ਤੁਸੀਂ ਪ੍ਰੀਤਮਾ ਦੇ ਕੰਨਾਂ ਦਾ ਸ਼ਿੰਗਾਰ ਕਿਵੇਂ ਬਣ ਸਕਦੇ ਹੋ?
ਜਿਨਾ ਚਿਰ ਤਕ ਤੁਸੀਂ ਮਹਿੰਦੀ ਦੇ ਪੱਤਿਆਂ ਸਮਾਨ ਪੀਠੇ ਨਹੀਂ ਜਾਂਦੇ,
ਉਨਾ ਚਿਰ ਤਕ ਤੁਸੀਂ ਪ੍ਰੀਤਮਾ ਦੇ ਹੱਥਾਂ ਨੂੰ ਰੰਗਣ ਦੇ

ਸੁਪਨੇ ਕਿਵੇਂ ਲੈ ਸਕਦੇ ਹੋ? (ਉਰਦੂ)

ਜੋ ਆਪਣੇ ਜੀਵਨ ਨੂੰ ਬਚਾਵੇਗਾ,
ਉਹ ਉਸ ਨੂੰ ਗੁਆ ਦੇਵੇਗਾ
ਅਤੇ ਜਿਹੜਾ ਆਪਣੇ ਜੀਵਨ ਨੂੰ ਗੁਆ ਦੇਵੇਗਾ,
ਉਹ ਉਸ ਨੂੰ ਬਚਾ ਲਵੇਗਾ। (ਨਵਾਂ ਅਹਿਦਨਾਮਾ)

ਪੰਡਤ ਜੀ! ਮੇਰੇ ਵਿਆਹ ਦੀ ਤਿਆਰੀ ਕਰੋ,
ਆ ਕੇ ਮੇਰੇ ਦਿਲ ਦੇ ਵਿਹੜੇ ਵਿਚ ਬੈਠੋ
ਅਤੇ ਆਪਣੀ ਪੱਤਰੀ ਖੋਲ੍ਹੋ-ਮੇਰੀ ਕਿਸਮਤ ਵਾਚੋ,
ਮੇਰੇ ਵਿਆਹ ਦਾ ਮਹੂਰਤ ਤੇ ਲਗਨ ਨਿਸਚਿਤ ਕਰੋ।
ਮੈਂ ਉਸ ਪ੍ਰਭੂ ਪ੍ਰੀਤਮ ਨਾਲ ਵਿਆਹ ਕਰਾਉਣਾ ਹੈ!
ਮੇਰਾ ਉਸ ਨਾਲ ਸਾਹਾ ਸਿਧਾਊ ਅਤੇ ਕਾਜ ਰਚਾਉ!
ਮੈਂ ਉਸ ਦੀ ਮੰਗੇਤਰ ਹਾਂ!
ਮੈਂ ਉਸ ਦੀ ਹੋ ਚੁਕੀ ਹਾਂ!
ਮੈਨੂੰ ਉਸ ਨਾਲ ਪਰਨਾ ਦਿਉ!
ਮੇਰੇ ਵਿਆਹ ਦਾ ਕਾਜ ਰਚਾਉ। (ਹਿੰਦੀ)

ਉਸ ਨੂੰ ਖ਼ੁਸ਼ੀ ਪ੍ਰਾਪਤ ਨਹੀਂ ਹੋ ਸਕਦੀ,
ਜਿਸ ਨੇ ਆਪਣੇ ਆਪ ਨੂੰ ਸੰਪੂਰਨ ਰੂਪ ਵਿਚ
ਪਾਪ ਤੋਂ ਮੁਕਤ ਨਹੀਂ ਕਰ ਲਿਆ।
ਜਿਸ ਦਾ ਆਪਣੇ ਮਨ ਉਤੇ ਕੋਈ ਕਾਬੂ ਨਹੀਂ
ਅਤੇ ਹਉਮੈ-ਮਤਾ ਹੈ।
ਖ਼ੁਸ਼ੀ ਹੋਰ ਕਿਤੋਂ ਬਾਹਰੋਂ ਪ੍ਰਾਪਤ ਨਹੀਂ ਹੁੰਦੀ,
ਇਹ ਤਾਂ ਉਸ ਨੂੰ ਮਿਲਦੀ ਹੈ,
ਜਿਸ ਨੇ ਸਹਿਜ ਨੂੰ ਪ੍ਰਾਪਤ ਕਰ ਲਿਆ ਹੈ
ਤੇ ਆਪਣੇ ਮਨ ਉਤੇ ਕਾਬੂ ਪਾ ਲਿਆ ਹੈ।
(ਸਰ ਐਡਵਿਨ ਆਰਨਲਡ ਦਾ ਗੀਤਾ ਅਨੁਵਾਦ)

ਆਪਣੇ ਪ੍ਰੇਮ ਦੇ ਰੋਗ ਦੀ ਪੀੜ ਦਾ ਮੈਂ ਵੈਦ ਕੋਲੋਂ ਦਾਰੂ ਪੁਛਣ ਗਿਆ,
ਮੈਂ ਉਸ ਨੂੰ ਆਪਣੀ ਗੁਝੀ ਪੀੜ ਬਾਰੇ ਦਸਿਆ, ਉਸ ਨੇ ਕਿਹਾ:
''ਆਪਣਾ ਮੂੰਹ ਬੰਦ ਕਰ ਲੈ ਅਤੇ ਆਪਣੀ ਪ੍ਰੀਤਮਾ ਦੇ ਨਾਮ ਦਾ ਜਾਪ ਕਰ।''
ਮੈਂ ਪੁਛਿਆ, ''ਆਹਾਰ ਕੀ ਕਰਾਂ?''
ਉਸ ਕਿਹਾ: ''ਆਪਣੇ ਆਪ ਨੂੰ ਖਾਉ।''
ਫਿਰ ਮੈਂ ਪੁਛਿਆ, ''ਪਰਹੇਜ਼ ਕੀ ਕਰਾਂ?''
ਉਸ ਨੇ ਕਿਹਾ: ''ਦੋਹਾਂ ਲੋਕਾਂ (ਲੋਕ ਤੇ ਪਰਲੋਕ) ਦਾ।'' (ਉਰਦੂ)

ਜਦੋਂ ਕੋਈ ਵਿਅਕਤੀ ਚਿੰਤਾਵਾਂ ਜਾਂ ਖ਼ੁਸ਼ ਮਿਜ਼ਾਜੀ ਹਥੋਂ ਪਰੇਸ਼ਾਨ ਹੋ ਜਾਂਦਾ ਹੈ ਜਾਂ ਇਛਾਵਾਂ ਤੇ ਕਾਮਨਾਵਾਂ ਹਥੋਂ ਦੁਖੀ ਹੋ ਜਾਂਦਾ ਹੈ ਤਾਂ ਉਸ ਦੇ ਅੰਦਰਲੀ ਪ੍ਰਤਿਭਾ ਦੇ ਪੈਰਾਂ ਵਿਚ ਬੇੜੀਆਂ ਪੈ ਜਾਂਦੀਆਂ ਹਨ ਅਤੇ ਉਹ ਤੁਰ ਨਹੀਂ ਸਕਦਾ। ਕੇਵਲ ਉਦੋਂ ਹੀ ਜਦੋਂ ਇਛਾਵਾਂ ਤੇ ਕਾਮਨਾਵਾਂ ਸ਼ਾਂਤ ਹੁੰਦੀਆਂ ਹਨ ਤੇ ਵਾਯੂਮੰਡਲ ਸੁਤੰਤਰਤਾ ਵਾਲਾ ਹੁੰਦਾ ਹੈ ਤਾਂ ਪ੍ਰਤਿਭਾ ਜੀਵਤ ਰਹਿ ਸਕਦੀ ਹੈ, ਉਸ ਸਮੇਂ ਪਦਾਰਥਕ ਬੰਧਨ ਦੂਰ ਹਟ ਜਾਂਦੇ ਹਨ ਅਤੇ ਸ਼ੁਧ ਆਤਮਾ ਜਾਂ ਗਿਆਨਵਾਨ-ਆਪਾ ਹੀ ਬਾਕੀ ਰਹਿ ਜਾਂਦਾ ਹੈ। (ਗਿਆਨਹਾਰ)

ਜੋ ਆਪਣੀਆਂ ਇਛਾਵਾਂ ਨੂੰ ਆਪਣੇ ਨਿਜ ਵਿਚ ਇੰਝ ਸਮੋ ਲੈਂਦਾ ਹੈ,
ਜਿਵੇਂ ਸਾਗਰ ਸਭ ਨਦੀਆਂ ਨੂੰ ਆਪਣੇ ਅੰਦਰ ਸਮਾਉਂਦਾ ਹੈ,
ਕੇਵਲ ਉਸ ਨੂੰ ਹੀ ਸ਼ਾਂਤੀ ਪ੍ਰਾਪਤ ਹੁੰਦੀ ਹੈ। (ਉਪਨਿਸ਼ਦ)

ਪੌੜੀਆਂ ਵਿਚ ਤੁਹਾਡੇ ਕਦਮਾਂ ਦੀ ਆਵਾਜ਼ ਸੁਣ ਕੇ ਤੁਹਾਨੂੰ ਮਿਲਣ,
ਤੁਹਾਡਾ ਕਿਤੇ ਸੁਆਗਤ ਕਰਨ ਲਈ ਕੀ ਕੋਈ ਦਿਲ
ਤੇਜ਼ੀ ਨਾਲ ਧੜਕੇ ਅਤੇ ਚਿਹਰੇ ਖ਼ੁਸ਼ੀ ਵਿਚ ਚਮਕੇ ਹਨ?
ਕੀ ਜਿਨ੍ਹਾਂ ਨੇ ਤੁਹਾਡੇ ਸ਼ਬਦ ਆਪਣੇ ਕੰਨੀ ਸੁਣੇ ਹਨ,
ਆਪਣੇ ਆਪ ਨੂੰ ਵਧੇਰੇ ਸੁਭਾਗਾ ਖ਼ਿਆਲ ਕਰ ਰਹੇ ਹਨ?
ਇਹ ਜੀਵਨ ਜੀਉਣ ਜੋਗਾ ਨਾ ਹੁੰਦਾ,
ਜੇਕਰ ਇਸ ਦੇ ਮਾਰਗ ਉਤੇ ਤੁਹਾਡੇ ਦਰਸ਼ਨ ਨਾ ਹੁੰਦੇ।
ਉਹ ਅਗੇ ਨਾਲੋਂ ਵਧੇਰੇ ਚੰਗੇਰਾ ਨਾ ਬਣ ਗਏ ਹੁੰਦੇ
ਅਤੇ ਉਨ੍ਹਾਂ ਨੂੰ ਤੁਹਾਡੇ ਇਥੇ ਨਿਵਾਸ ਦੀ

ਸੁਨਹਿਰੀ ਧੁਪ ਦਾ ਗਿਆਨ ਨਾ ਹੋ ਜਾਂਦਾ।

ਉਹ ਤਾਂ ਸਰਵੁਚ ਆਤਮਾ ਹੈ, ਜੋ ਸਭ ਸੂਖਮ ਗੁਣਾਂ ਬਾਰੇ ਗਿਆਨ
ਦਾ ਸਾਰ ਦਸਣ ਵਾਲਾ ਹੈ! ਉਹ ਅਗਨੀ ਵਿਚ ਪ੍ਰਜਵਲਤ ਹੈ।
ਉਹ ਸੂਰਜ ਤੇ ਚੰਦਰਮਾ, ਨਛੱਤਰਾਂ ਤੇ ਤਾਰਿਆਂ ਵਿਚ ਪ੍ਰਕਾਸ਼ਮਾਨ ਹੈ।
ਉਹ ਪੌਣਾਂ ਵਿਚ ਪ੍ਰਵਾਹਤ ਹੈ, ਲਹਿਰਾਂ ਨਾਲ ਲਹਿਰ ਰਿਹਾ ਹੈ।
ਉਹ ਪਰਜਾਪਤੀ ਹੈ, ਜੋ ਜਗਤ ਵਿਚ ਵਿਆਪ ਰਿਹਾ ਹੈ। (ਵੇਦ)

ਮੈਂ ਉਸ ਨੂੰ ਕਿਹਾ, "ਮੈਂ ਤੈਨੂੰ ਮਿਲਣਾ ਚਾਹੁੰਦਾ ਹਾਂ।"
ਉਹ ਬੋਲੀ, "ਜੇ ਤੇਰੀ ਇਛਾ ਹੈ ਤਾਂ ਆਪਣੇ ਆਪ ਨੂੰ ਮਿਲ ਲੈ।"
ਮੈਂ ਉਸ ਨੂੰ ਕਿਹਾ, "ਮੈਂ ਤੇਰੇ ਕੋਲ ਬੈਠਣਾ ਚਾਹੁੰਦਾ ਹਾਂ।"
ਉਹ ਕਹਿਣ ਲਗੀ , "ਜੇ ਤੂੰ ਅਜਿਹਾ ਚਾਹੁੰਦਾ ਹੈਂ, ਤਾਂ ਆਪਣੇ ਨਿਜ ਕੋਲ ਬੈਠ ਜਾ।"
ਮੈਂ ਉਸ ਨੂੰ ਕਿਹਾ, "ਮੈਂ ਤੂੰ ਹਾਂ ਅਤੇ ਤੂੰ ਹੀ ਸਭ ਕੁਝ ਹੈਂ।"
ਉਸ ਨੇ ਮੁਸਕਰਾਉਂਦਿਆਂ ਉਤਰ ਦਿਤਾ, "ਤੇਰਾ ਗਿਆਨ ਤੈਨੂੰ ਮੁਬਾਰਕ ਹੋਵੇ,
ਤੂੰ ਠੀਕ ਹੈਂ।"

(ਫਾਰਸੀ)

ਸਾਧੂ ਪੁਰਸ਼ ਬਾਰੇ ਜੋ ਕਿ ਸੁਆਮੀ ਰਾਮ ਤੀਰਥ ਜੀ ਦੇ ਹਿਰਦੇ ਨੂੰ
ਬੜਾ ਪਿਆਰਾ ਸੀ, ਉਨ੍ਹਾਂ ਨੇ ਆਪਣੇ ਉਰਦੂ ਵਿਚ ਲਿਖੇ ਅੰਤਮ ਲੇਖ
"ਪ੍ਰਗਤੀ ਦੇ ਪ੍ਰਮਾਣਿਤ ਕਰਮ" ਵਿਚ ਇਸ ਤਰ੍ਹਾਂ ਉਲੇਖ ਕੀਤਾ:-

ਕੀ ਗੇਰੂਏ ਬਸਤਰ ਧਾਰਣ ਕਰਨ ਨਾਲ ਕੋਈ ਸਾਧੂ ਬਣ ਜਾਂਦਾ ਹੈ? ਕਦੀ ਕਦੀ ਮਨੁੱਖ ਪ੍ਰਭੂ ਦੇ ਦਰਸ਼ਨ ਉਨ੍ਹਾਂ ਪੁਰਸ਼ਾਂ ਦੇ ਰੂਪ ਵਿਚ ਕਰਦਾ ਹੈ, ਜਿਨ੍ਹਾਂ ਦੇ ਹਿਰਦੇ ਗੇਰੂਏ ਰੰਗ ਵਿਚ ਰੰਗੇ ਹੁੰਦੇ ਹਨ। "ਦੀਵਾਨੇ" ਜੋ ਰਾਮ ਜੀ ਦੇ ਪਿਛੇ ਮਸਤਾਨੇ ਹੋਏ ਫਿਰਦੇ ਹਨ, ਕਦੀ ਕਦੀ ਆ ਝਲਕ ਦਿਖਾਉਂਦੇ ਹਨ। ਪਰ ਇਸ ਗੱਲ ਦਾ ਸਭ ਨੂੰ ਗਿਆਨ ਹੈ ਕਿ ਉਸ ਪ੍ਰਭੂ ਦੀ ਪਰਮ-ਸੁੰਦਰਤਾ ਨਾਲ ਜਗਮਗਾਉਂਦੀ ਚੇਤਨਾ ਕੇਵਲ ਭਗਵੇ ਜਾਂ ਗੇਰੂਏ ਬਸਤਰਾਂ ਤਕ ਹੀ ਸੀਮਤ ਨਹੀਂ ਹੈ! ਉਹ ਸੱਚੀ ਮੁਕਤੀ ਕਿਸੇ ਇਕ ਫੈਸ਼ਨ, ਰੀਤੀ ਜਾਂ ਵਿਸ਼ੇਸ਼ ਬਸਤਰਾਂ ਤੇ ਰੰਗਾਂ ਨੂੰ ਧਾਰਣ ਕਰਨ ਜਾਂ ਉਸ ਦੇ ਆਦੀ ਹੋਣ ਵਿਚ ਨਹੀਂ ਹੈ। ਉਨ੍ਹਾਂ ਉਚਾਈਆਂ ਤਕ

ਪੁਜਣ ਲਈ, ਜਿਥੇ ਕਿ ਮਨੁੱਖ ਦੇ ਪੈਰ ਕੰਬ ਜਾਂਦੇ ਹਨ ਅਤੇ ਸਿਰ ਚਕਰਾ ਜਾਂਦਾ ਹੈ-ਉਥੇ ਹੀ ਉਹ ਮਹਾਂ ਪ੍ਰਕਾਸ਼ ਸਥਿਤ ਹੈ। ਉਥੋਂ ਹੀ ਉਸ ਰਹੱਸਵਾਦੀ ਬੱਤੀ ਦੇ ਸਿਗਨਲ ਪ੍ਰਾਪਤ ਹੁੰਦੇ ਹਨ। ਇਹੀ ਸੂਰਜੀ ਪ੍ਰਕਾਸ਼ ਹਿਮਾਲਾ ਦੀਆਂ ਬਰਫ਼ਾਂ ਉਤੇ ਚਮਕ ਰਿਹਾ ਹੈ ਅਤੇ ਉਹੋ ਹੀ ਸ਼ਹਿਰਾਂ ਦੀਆਂ ਭੀੜਾਂ ਤੇ ਗਲੀਆਂ ਵਿਚ ਚਮਕਦਾ ਹੈ। ''ਪ੍ਰਕਾਸ਼ਮਾਨ ਚੇਤਨਾ'' ਵਾਲਾ ਵਿਅਕਤੀ ਜੇਲ੍ਹ ਦੀ ਕਾਲ ਕੋਠੜੀ ਵਿਚ ਵੀ ਬਿਰਾਜਮਾਨ ਹੋ ਸਕਦਾ ਹੈ। ਇਸ ਤੋਂ ਵੀ ਵਧੇਰੇ ਸਰੀਰ ਰੂਪੀ ਕਾਲ ਕੋਠੜੀ ਦੀ ਕੈਦ ਵਿਚ। ਕੈਦ ਵਿਚ ਜਿਥੇ ਉਸ ਨੇ ਆਪਣੇ ਹੱਥਾਂ ਨਾਲ ਹੀ ਆਪਣੇ ਆਪ ਨੂੰ ਬੰਨ ਲਿਆ ਹੈ। ਇਸ ਕੈਦ ਵਿਚ ਤੁਰਦਿਆਂ ਫਿਰਦਿਆਂ ਵੀ ਉਸ ਦੇ ਜੀਵਨ ਦੇ ਬੰਧਨ ਭਾਵੇਂ ਉਸੇ ਤਰ੍ਹਾਂ ਰਹਿਣ, ਪਰ ਉਸ ਦੀ ਆਤਮਾ ਅਨੰਤ ਵਿਚ ਸੁਤੰਤਰ ਰੂਪ ਵਿਚ ਭਰਮਣ ਕਰ ਰਹੀ ਹੁੰਦੀ ਹੈ। ਕਾਲ ਕੋਠੜੀ ਵਿਚ ਵੀ ਪ੍ਰਭੂ-ਪੁਰਸ਼ ਪ੍ਰਭੂ ਦਾ ਹੱਥ ਪਕੜ ਕੇ ਬੰਦੀ ਹੁੰਦਾ ਹੋਇਆ ਵੀ ਸੁਤੰਤਰ ਹੋ ਜਾਂਦਾ ਹੈ। ਉਹ ਛਿਆਂ ਲੋਕਾਂ ਵਿਚ ਭਰਮਣ ਕਰਦਾ ਫਿਰਦਾ ਹੈ। ਸੰਘਣੀ ਭੀੜ ਦੇ ਸ਼ੋਰ ਸ਼ਰਾਬੇ ਵਿਚ ਆਪਣੀ ਪੁਸਤਕ ਨੂੰ ਵਾਚ ਰਿਹਾ ਧਿਆਨ-ਮਗਨ ਵਿਦਿਆਰਥੀ ਕਿਸੇ ਅਜਿਹੇ 'ਸ਼ਬਦ' ਉਤੇ ਪੁਜ ਜਾਂਦਾ ਹੈ, ਜੋ ਲਿਖਿਆ ਹੋਇਆ ਨਹੀਂ ਹੈ। ਉਸ ਦੀ ਚੇਤਨਾ ਸਾਰੀਆਂ ਹੱਦਾਂ ਨੂੰ ਪਾਰ ਕਰ ਜਾਂਦੀ ਹੈ ਅਤੇ ਉਹ ਪੁਸਤਕ ਉਸ ਵਿਦਿਆਰਥੀ ਦੇ ਧਿਆਨ ਦੇ ਮੁੜ ਪਰਤਣ ਦੀ ਉਡੀਕ ਕਰਦੀ ਰਹਿੰਦੀ ਹੈ।

ਕੋਈ ਇਕੱਲਾ ਭਾਗਸ਼ਾਲੀ ਵਿਅਕਤੀ ਸ਼ਾਮ ਦੀ ਸੈਰ ਲਈ ਜਾ ਰਿਹਾ ਹੈ। ਚੰਨ ਦੀ ਚਾਨਣੀ ਆਪਣੀਆਂ ਚਾਂਦੀ-ਰਿਸ਼ਮਾਂ ਦੇ ਹੜ੍ਹ ਨੂੰ ਲੁਟਾ ਰਹੀ ਹੈ। ਸ਼ਾਮ ਦੀ ਮਿੱਠੀ ਪੌਣ ਰੁਮਕ ਰਹੀ ਹੈ। ਪਛਮ ਦੀ ਬਾਹੀ ਕਿਰਮਚੀ ਰੰਗ ਘੁਲੇ ਹੋਏ ਹਨ ਅਤੇ ਉਸ ਵਿਅਕਤੀ ਦੇ ਅੰਦਰ ਵੀ ਅੰਗੂਰੀ ਸ਼ਰਾਬ ਦੀ (ਅਧਿਆਤਮਕ) ਮਸਤੀ ਛਾਈ ਹੋਈ ਹੈ। ਇਹ ਉਚਾ ਆਤਮਕ-ਹੁਲਾਰਾ ਉਸ ਸਮੇਂ ਕਿਵੇਂ ਉਤਪੰਨ ਹੋ ਗਿਆ ਹੈ!

ਕੋਈ ਮੁਸਾਫ਼ਰ ਹੁਣੇ ਹੁਣੇ ਹੀ ਰੇਲ ਵਿਚ ਚੜ੍ਹਿਆ ਹੈ ਅਤੇ ਕਿਸੇ ਨਿਸ਼ਚਿਤ ਥਾਂ ਉਤੇ ਪੁਜਣ ਲਈ ਸਫ਼ਰ ਕਰ ਰਿਹਾ ਹੈ। ਰੇਲ ਗੱਡੀ ਦੇ ਪਹੀਏ ਘੁੰਮ ਰਹੇ ਹਨ ਅਤੇ ਖੜਕਾ ਸੁਣਾਈ ਦੇ ਰਿਹਾ ਹੈ। ਜਦੋਂ ਉਹ ਬਾਰੀ ਦੇ ਸ਼ੀਸ਼ੇ ਨੂੰ ਹੇਠਾਂ ਸਰਕਾਉਂਦਾ ਹੈ ਤਾਂ ਉਸ ਦੇ ਹਿਰਦੇ ਅੰਦਰ ਪ੍ਰਭੂ ਪ੍ਰੀਤਮ (ਉਸ ਦਾ ਲਾੜਾ) ਆ ਵਸਦਾ ਹੈ। ਉਸ ਮੁਸਾਫ਼ਰ ਨੇ ਤਾਂ ਟਿਕਟ ਕਿਸੇ ਹੋਰ ਸਟੇਸ਼ਨ ਦੀ ਲਈ ਸੀ, ਪਰ ਉਸ ਦੀ ਆਤਮਾ ਜਾਣੇ ਪਛਾਣੇ ਪ੍ਰਭੂ ਦੇ ਨਾਲ ਕਿਸੇ ਅਗਿਆਤ ਸਥਾਨ ਵਲ ਉਡਾਰੀਆਂ

ਮਾਰਦੀ ਹੈ। ਇਸ ਪਰਮਾਨੰਦ ਵਿਚ ਤਿਆਗ, ਸਮਾਧੀ ਦੀ ਭਰਪੂਰਤਾ, ਉਸ ਵਿਅਕਤੀ ਦੀ ਆਤਮਾ ਤੇ ਛਾ ਜਾਂਦੀ ਹੈ। ਇਹ ਹੈ ਇਕ ਸੱਚੇ ਸਾਧੂ ਦਾ ਸਰੂਪ!

ਭਾਰਤ ਦਾ ਸਾਧੂ ਸਮਾਜ ਇਸ ਦੇਸ਼ ਦਾ ਇਕ ਅਦੁੱਤੀ ਸੰਸਥਾ ਤੇ ਵਰਤਾਰਾ ਹੈ। ਜਿਵੇਂ ਖੜੋਤੇ ਪਾਣੀ ਉਪਰ ਸਾਵੇ ਬੂਰ ਦੀ ਤਹਿ ਆ ਜਾਂਦੀ ਹੈ, ਤਿਵੇਂ ਹੀ ਇਸ ਸਮੇਂ ਭਾਰਤ ਵਿਚ 52 ਲੱਖ ਸਾਧੂ ਛਾਏ ਹੋਏ ਹਨ। ਉਨ੍ਹਾਂ ਵਿਚੋਂ ਕੁਝ ਤਾਂ ਠੀਕ ਹੀ ਖਿੜੇ ਕੰਵਲਾਂ ਸਮਾਨ ਹਨ ਜੋ ਕਿ ਝੀਲ ਦੀ ਸ਼ਾਨ ਹਨ, ਪਰ ਇਨ੍ਹਾਂ ਵਿਚੋਂ ਬਹੁ-ਗਿਣਤੀ ਰੋਗੀ ਬੂਰ ਦੀ ਨਿਆਈਂ ਹੈ। ਪਾਣੀ ਵਿਚ ਹਰਕਤ ਆ ਲੈਣ ਦਿਉ, ਜਦੋਂ ਇਹ ਪ੍ਰਵਾਹ ਵਿਚ ਤੁਰ ਪਵੇਗਾ ਅਤੇ ਭਾਰਤ ਦੇ ਜਨ ਜੀਵਨ ਵਿਚ ਨਵੀਂ ਰੌਂ ਜਾਗ ਪਵੇਗੀ ਤਾਂ ਪਾਣੀ ਦੀ ਇਹ ਮੈਲ ਤੇ ਬੂਰ ਆਪਣੇ ਆਪ ਦੂਰ ਹੋ ਜਾਵੇਗੀ। ਇਹ ਸਾਧੂ ਸਮਾਜ ਭਾਰਤੀ ਇਤਿਹਾਸ ਦੇ ਕਾਲੇ ਯੁਗਾਂ ਦੀ ਕੁਦਰਤੀ ਦੇਣ ਹੀ ਕਹੀ ਜਾ ਸਕਦੀ ਹੈ। ਪਰ ਅਜਕਲ ਜੋ ਸਮਾਜ ਵਿਚ ਨਵੀਂ ਸੁਧਾਰ ਦੀ ਲਹਿਰ ਚਲ ਰਹੀ ਹੈ ਅਤੇ ਗ੍ਰਹਿਸਤੀਆਂ ਦੇ ਜੀਵਨ ਦੇ ਪਰਖ-ਪ੍ਰਮਾਣ ਵੀ ਬਦਲਦੇ ਜਾ ਰਹੇ ਹਨ, ਉਸੇ ਪ੍ਰਕਾਰ ਸਾਧੂ ਸਮਾਜ ਵਿਚ ਵੀ ਹਿਲਜੁਲ ਹੋਣੀ ਸ਼ੁਰੂ ਹੋ ਗਈ ਹੈ। ਹੁਣ ਅਜਿਹੇ ਸਾਧੂ ਜਨ ਵੀ ਅਗੇ ਆ ਰਹੇ ਹਨ, ਜਿਹੜੇ ਭਾਰਤ ਦੇ ਰਾਸ਼ਟਰੀ ਬਿਰਛ ਉਤੇ ਪਲਣ ਵਾਲੇ ਵਿਹਲੜਾਂ ਦੀ ਥਾਂ ਇਸ ਕੌਮੀ ਬਿਰਛ ਦੇ ਵਿਕਾਸ ਲਈ ਆਪਣੇ ਸਰੀਰ ਤੇ ਮਨ ਨੂੰ ਇੰਝ ਢਾਲ ਰਹੇ ਹਨ ਤਾਂ ਜੋ ਉਹ ਉਪਯੋਗੀ ਰੂਪ ਵਿਚ ਇਸ ਦੇ ਫੈਲਾਉ ਲਈ ਘਟੋ ਘਟ ਰੂੜੀ ਸਮਾਨ ਉਪਯੋਗੀ ਹੋ ਸਕਣ।

ਸਾਧੂ ਜਨ ਦੀ ਪਰਿਭਾਸ਼ਾ ਦੇਣ ਉਪਰੰਤ ਅਤੇ ਇਸ ਗੱਲ ਵਲ ਸੰਕੇਤ ਕਰਕੇ ਕਿ ਇਹ 52 ਲੱਖ ਭਗਵੇ ਕਪੜਿਆਂ ਵਾਲੇ ਸਾਧੂ ਭਾਰਤ ਦੀ ਫੋਕੀ ਸ਼ਾਨ ਦਾ ਪ੍ਰਤੀਕ ਹਨ। ਸੁਆਮੀ ਜੀ ਅਗੇ ਲਿਖਦੇ ਹਨ:-

"ਜੇ ਕੋਈ ਸੱਚੇ ਸਾਧੂ, ਫ਼ਕੀਰ ਜਾਂ ਸੰਤ ਦੇ ਵਿਰੁਧ ਬੋਲਦਾ ਹੈ ਤਾਂ ਨਿਰਸੰਦੇਹ ਉਸ ਦੀ ਬੋਲਣ-ਸ਼ਕਤੀ ਜਾਂਦੀ ਰਹੇਗੀ!

"ਜਿਹੜਾ ਹੱਥ ਸਾਧੂ ਨੂੰ ਮਾਰਨ ਲਈ ਉਠੇਗਾ, ਉਹ ਨਕਾਰਾ ਹੋ ਜਾਵੇਗਾ!"

"ਜਿਹੜਾ ਸੰਤ ਦਾ ਬੁਰਾ ਚਿਤਵੇਗਾ, ਉਸ ਦੀ ਅਕਲ ਮਾਰੀ ਜਾਵੇਗੀ!"

"ਰਾਮ ਲਈ ਤਾਂ ਸੱਚੇ ਸਾਧੂ ਵਿਰੁਧ ਕੁਝ ਕਹਿਣਾ ਅਸੰਭਵ ਜਾਪਦਾ ਹੈ। ਸੱਚੇ ਸਾਧੂ ਬਾਰੇ ਰਾਮ ਦੇ ਮਨ ਵਿਚ ਕੋਈ ਬੁਰਾ ਵਿਚਾਰ ਉਤਪੰਨ ਹੋਵੇ! ਹਰੇ! ਹਰੇ! ਹਰੇ! ਇਹ ਗੱਲ ਤਾਂ ਰਾਮ ਦੇ ਸੁਪਨੇ ਵਿਚ ਵੀ ਨਹੀਂ ਆ ਸਕਦੀ।"

ਜਦੋਂ ਸ਼ਿਵ ਜੀ ਸਮਾਧੀ ਇਸਥਿਤ ਹੁੰਦੇ ਹਨ ਤਾਂ ਜਗਤ ਦੀ ਸਾਰੀ ਧਨ-ਸੰਪਤੀ ਤੇ ਖ਼ੁਸ਼ਹਾਲੀ, ਜਿਤ ਤੇ ਕਿਸਮਤ ਅਤੇ ਉਨ੍ਹਾਂ ਦੇ ਸਦੀਵੀ ਮਾਰਗ-ਅਸਥਾਨ ਦੇ ਭੂਤ ਪ੍ਰੇਤ ਤੇ ਨਾਮ ਅਤੇ ਰੂਪ ਸਭ ਉਨ੍ਹਾਂ ਦੇ ਮਹਾਂ-ਅਨੰਦ ਦੇ ਸਾਂਝੀਵਾਲ ਬਣ ਕੇ ਉਨ੍ਹਾਂ ਦੇ ਦੁਆਲੇ ਨਚਣ ਲਗ ਪੈਂਦੇ ਹਨ ਅਤੇ ਸ਼ਿਵ ਜੀ ਮਹਾਰਾਜ ਦੀ ਮਹਾਂ ਹਸਤੀ ਦਾ ਸ਼ਿੰਗਾਰ ਬਣਦੇ ਹਨ (ਸ਼ਿਵ-ਸਾਹਿਬੇ ਦਿਲ, ਆਤਮਾ ਦਾ ਸੁਆਮੀ)।

ਦੋਸ਼ੀ! ਜੇ ਅਦਾਲਤ ਦੇ ਕਟਹਿਰੇ ਵਿਚ ਖੜਿਆਂ ਤੇਰੇ ਉਤੇ ਅਜਿਹੀ ਮਹਾਂ-ਅਨੰਦ ਦੀ ਅਵਸਥਾ ਆ ਗਈ ਹੈ ਤਾਂ ਜੱਜ ਤੇਰੇ ਬਾਰੇ ਆਪਣਾ ਫ਼ੈਸਲਾ ਲਿਖਦਾ ਲਿਖਦਾ ਰੁਕ ਜਾਵੇਗਾ ਅਤੇ ਉਹ ਕੁਝ ਲਿਖ ਦੇਵੇਗਾ, ਜੋ ਪ੍ਰਮਾਤਮਾ ਨਾਲ ਤੇਰੇ ਇਹ ਨਵੇਂ ਬਣੇ ਸਬੰਧ ਉਸ ਨੂੰ ਲਿਖਣ ਲਈ ਪ੍ਰੇਰਿਤ ਕਰਨਗੇ।

ਮੇਰੇ ਪਿਆਰੇ! ਕੇਵਲ ਇਕੋ ਹੀ ਦੋਸ਼ ਜਾਂ ਅਪਰਾਧ ਹੈ ਅਤੇ ਉਹ ਹੈ ਪ੍ਰਮਾਤਮਾ ਨੂੰ ਭੁਲਾ ਦੇਣਾ। ਉਹ ਇਹੋ ਹੀ ਤੇਰੀ ਸੱਚੀ ਆਤਮਾ, ਤੇਰੇ ਜੀਵਨ ਅਤੇ ਆਤਮਾ ਦਾ ਮੂਲ ਸਾਰ ਹੈ।

ਇਹ ਲਿਖਿਆ ਹੋਇਆ ਹੈ ਕਿ ਬ੍ਰਾਹਮਣ ਭਿਰਗੂ ਨੇ ਵਿਸ਼ਨੂੰ ਜੀ ਦੇ ਖੱਬੇ ਪਾਸੇ ਅਰਥਾਤ ਧਨ ਅਤੇ ਲਛਮੀ ਦੀ ਦੇਵੀ ਨੂੰ ਲੱਤ ਮਾਰੀ ਤਾਂ ਵਿਸ਼ਨੂੰ ਜੀ ਉਠ ਕੇ ਆਏ ਅਤੇ ਉਨ੍ਹਾਂ ਨੇ ਆਪਣੇ ਹੰਝੂਆਂ ਨਾਲ ਭਿਰਗੂ ਜੀ ਦੇ ਪੈਰ ਧੋ ਦਿਤੇ। ਜੋ ਆਪਣੇ ਆਪੇ ਦਾ ਤਿਆਗ ਕਰਦਾ ਹੈ, ਉਹੋ ਹੀ ਪ੍ਰਭੂ ਨੂੰ ਪ੍ਰਾਪਤ ਕਰਦਾ ਹੈ।

ਜੋ ਆਪਣੇ ਆਪੇ ਦੇ ਪਿਛੇ ਨੱਠਦਾ ਹੈ, ਭਾਵੇਂ ਉਹ ਬਾਦਸ਼ਾਹ ਹੀ ਕਿਉਂ ਨਾ ਹੋਵੇ, ਭਿਖਾਰੀ ਬਣ ਕੇ ਦਰ-ਬ-ਦਰ ਧੱਕੇ ਖਾਂਦਾ ਫਿਰਦਾ ਹੈ। ਇਹੋ ਹੀ ਮਹਾਂ ਨੇਮ ਹੈ। ਗੇਰੂਆ ਬਸਤਰਾਂ ਵਾਲੇ ਸੰਨਿਆਸੀਆਂ ਦਾ ਪ੍ਰਮਾਤਮਾ ਉਤੇ ਕੋਈ ਏਕਾਧਿਕਾਰ ਨਹੀਂ ਹੈ। ਇਹ ਤਾਂ ਪ੍ਰਕਾਸ਼ ਸਰੂਪ ਹੈ, ਜੋ ਸਭ ਲਈ ਇਕ ਸਮਾਨ ਹੈ। ਇਸ ਪਰਮ ਅਨੰਦ ਦੀ ਪ੍ਰਾਪਤੀ ਲਈ ਮੁਸਲਮਾਨ, ਇਸਾਈ, ਯਹੂਦੀ, ਸਿਖ, ਪਾਰਸੀ, ਇਸਤਰੀ-ਪੁਰਸ਼, ਬੱਚਾ, ਰਾਓ-ਰੰਕ ਆਦਿ ਸਭ ਨੂੰ ਇਸ 'ਸੱਚ ਦੇ ਪ੍ਰਕਾਸ਼' ਦੀ ਲੋੜ ਹੈ। ਇਸ ਸੁਨਹਿਰੀ ਧੁੱਪ ਤੋਂ ਬਿਨਾਂ ਜੀਵਨ ਦੇ ਪਾਲੇ ਦਾ ਕਾਂਬਾ ਦੂਰ ਨਹੀਂ ਹੋ ਸਕਦਾ।

ਹਰ ਕੋਈ ਸਿਖਿਆ ਤਾਂ ਪ੍ਰਾਪਤ ਕਰ ਸਕਦਾ ਹੈ, ਪਰ ਪ੍ਰੋਫ਼ੈਸਰ ਕੋਈ ਟਾਂਵਾਂ ਟਾਂਵਾਂ ਹੀ ਹੋ ਸਕਦਾ ਹੈ। ਇਸ ਸੱਚੀ ਆਤਮਾ ਦਾ ਗਿਆਨ ਉਸ ਮਹਾਂ ਅਨੰਦ ਦੀ ਪ੍ਰਾਪਤੀ ਲਈ ਹਰ ਇਕ ਵਾਸਤੇ ਜ਼ਰੂਰੀ ਹੈ, ਪਰ ਇਸ ਆਤਮਕ ਮਹਾਂ-ਅਨੰਦ ਵਿਚ ਨਿਤ ਲਿਵਲੀਨ ਰਹਿਣਾ ਥੋੜ੍ਹੇ ਜਿਹੇ ਸੱਚੇ ਫ਼ਕੀਰਾਂ ਦੇ ਹਿਸੇ ਹੀ ਆਇਆ ਹੈ।

ਉਸ ਨਾਲ ਤਾਂ ਰੁੱਤਾਂ ਵਿਅਰਥ ਈਰਖਾ ਕਰਦੀਆਂ ਹਨ!
ਉਸ ਦੀ ਆਤਮਾ ਵਿਚ ਤਾਂ ਸਦੀਵੀ ਬਹਾਰ ਸਦਾ ਮੌਲ ਰਹੀ ਹੈ!
ਆਪਣੇ ਆਪੇ 'ਚੋਂ ਨਿਕਲ ਉਹ ਸੂਰਜ ਕੋਲ ਜਾ ਪੁਜਾ ਹੈ,
ਅਤੇ ਬਿਨਾਂ ਕਿਸੇ ਵਿਤਕਰੇ, ਸਮਸਤ ਸ੍ਰਿਸ਼ਟੀ ਨੂੰ ਨਿਹਾਰ ਰਿਹਾ ਹੈ,
ਸਭ ਨੂੰ ਪਿਆਰ ਕਰ ਰਿਹਾ ਹੈ, ਸਭ ਨੂੰ ਅਸੀਸ ਦੇ ਰਿਹਾ ਹੈ
ਅਤੇ ਕਹਿੰਦਾ ਹੈ, ''ਬਹੁਤ ਖ਼ੂਬ-ਬਹੁਤ ਖ਼ੂਬ! (ਕਾਲਰਿਜ)

'ਅਲਿਫ਼' ਦੇ ਅੰਤਮ ਅੰਕ ਵਿਚ ਸੁਆਮੀ ਜੀ ਨੇ ਉਰਦੂ ਵਿਚ ਖੁਲ੍ਹੀ ਜਾਂ ਸੁਤੰਤਰ ਨਜ਼ਮ ਦੀ ਸ਼ੈਲੀ ਨੂੰ ਅਪਨਾਉਣ ਦਾ ਯਤਨ ਕੀਤਾ ਹੈ। ਇਥੋਂ ਤਕ ਕਿ ਇੰਝ ਜਾਪਦਾ ਹੈ, ਜਿਵੇਂ ਕਵਿਤਾਵਾਂ ਦੇ ਸਿਰਲੇਖ ਵੀ ਉਨ੍ਹਾਂ ਨੇ ਵਾਲਟ ਵਿਟਮੈਨ ਤੋਂ ਪ੍ਰਭਾਵਤ ਹੋ ਕੇ ਦਿਤੇ ਹਨ। ਉਦਾਹਰਣ ਵਜੋਂ ਉਨ੍ਹਾਂ ਨੇ ਇਸ ਪੁਸਤਕ ਦਾ ਆਰੰਭ ਇਕ ਲੰਮੇਰੀ ਕਵਿਤਾ ਜਿਸ ਦਾ ਸਿਰਲੇਖ ਹੈ 'ਤੇਰੀ ਸੇਵਾ ਵਿਚ' ਨਾਲ ਕੀਤਾ ਹੈ। ਇਹ ਕਵਿਤਾ ਇੰਝ ਹੈ:-

ਤੂੰ ਹੀ ਮੇਰਾ ਰਾਮ ਹੈਂ, ਤੂੰ ਹੀ ਮੇਰਾ ਕ੍ਰਿਸ਼ਨ ਹੈਂ।
ਜੇ ਮੈਂ ਪ੍ਰਮਾਤਮਾ ਦੇ ਦਰਸ਼ਨ ਕਰਨਾ ਚਾਹਾਂ ਤਾਂ ਤੇਰੇ ਵਿਚੋਂ ਹੀ ਕਰਾਂਗਾ,
ਮੈਂ ਤੈਨੂੰ ਤੱਕ ਰਿਹਾ ਹਾਂ-ਤੂੰ ਹੀ ਪਰਮਾਤਮਾ ਹੈਂ,
ਇਸ ਤੇਰ ਮੇਰ ਦੇ ਪਰਦੇ ਨੂੰ ਦੂਰ ਕਰੋ,
ਇਨ੍ਹਾਂ ਰੂਪਾਂ, ਰੰਗਾਂ ਤੇ ਨਾਮਾਂ ਦੇ ਬਸਤਰਾਂ ਨੂੰ ਵੀ ਲਾਹ ਸੁਟੋ।
ਦੂਰ ਕਰ ਦਿਉ ਇਨ੍ਹਾਂ ਆਸ਼ਾਵਾਂ ਤੇ ਨਿਰਾਸ਼ਾਵਾਂ ਨੂੰ,
ਜਦੋਂ ਮੈਂ ਤੇਰੇ ਉਪਰੋਂ ਸਭ ਪਰਦੇ ਹਟਾ ਦਿੰਦਾ ਹਾਂ,
ਤਾਂ ਮੇਰੀ ਕਾਮਨਾ ਪ੍ਰਭੂ ਦੇ ਦਰਸ਼ਨ ਕਰਨ ਦੀ ਹੁੰਦੀ ਹੈ,
ਮੈਂ ਵੇਖਦਾ ਹਾਂ ਕਿ ਤੂੰ ਹੀ ਰੱਬ ਹੈਂ।

ਇਕ ਹੋਰ ਕਵਿਤਾ, 'ਬਿਰਧ ਅਵਸਥਾ' ਹੈ:-
ਬਿਰਧ ਵਰੇਸ ਨੂੰ ਧਾਰਣ ਕਰ,
ਮੈਂ ਗਲੀਆਂ ਤੇ ਮਨੁੱਖਾਂ ਵਿਚ
ਬਿਨਾਂ ਕਿਸੇ ਡਰ ਘੁੰਮ ਰਿਹਾ ਹਾਂ,

ਜਿਸ ਨੂੰ ਪਾ ਕੇ ਮੈਂ ਅਦਿਖ ਹੋ ਗਿਆ ਹਾਂ,
ਇਹ ਮੇਰਾ ਭੇਸ ਵਟਾਉਣਾ ਹੈ।
ਇਕ ਹੋਰ ਕਵਿਤਾ 'ਮੁਨਾਖੇ ਦੀਆਂ ਅੱਖਾਂ' ਹਨ:-
ਜਿਸ ਜ਼ਖ਼ਮ ਨੇ ਮੈਨੂੰ ਮਾਰ ਦੇਣਾ ਸੀ,
ਉਸ ਨੇ ਮੈਨੂੰ ਰਾਜ਼ੀ ਕਰ ਦਿਤਾ ਹੈ;
ਮੈਂ ਜੋ ਇਕ ਕੈਦੀ ਤੇ ਗ਼ੁਲਾਮ ਸਾਂ,
ਹੁਣ ਆਜ਼ਾਦ ਹੋ ਗਿਆ ਹਾਂ।
ਸਾਧੂ ਜਨ ਪ੍ਰਮਾਤਮਾ ਦੇ ਪਿਛੇ ਪਿਛੇ ਦੌੜਦੇ ਫਿਰਦੇ ਹਨ
ਅਤੇ ਕਈ ਤਰ੍ਹਾਂ ਦੀ ਸਾਧਨਾ ਕਰਦੇ ਹਨ-
ਆਪਣੇ ਨੈਣ ਮੁੰਦ ਲੈਂਦੇ ਹਨ,
ਮੋਨ ਧਾਰ ਲੈਂਦੇ ਹਨ-
ਪਰ ਮੈਂ ਕੁਦਰਤੀ ਰੂਪ ਵਿਚ ਹੀ ਉਸ ਨੂੰ
ਆਪਣੇ ਹਿਰਦੇ ਅੰਦਰ ਵਸ ਰਿਹਾ ਅਨੁਭਵ ਕਰਦਾ ਹਾਂ।

ਇਕ ਹੋਰ ਕਵਿਤਾ 'ਚੰਦਰਮਾ ਦੀ ਸ਼ਰਾਰਤ' ਵਿਚ ਉਨ੍ਹਾਂ ਨੇ ਬਹੁਤ ਹੀ ਸੁੰਦਰ ਕਾਵਿ-ਪੰਕਤੀਆਂ ਰਚੀਆਂ ਹਨ:-

ਇਕ ਸੰਝ ਨੂੰ ਜਦੋਂ ਮੈਂ ਸੈਰ ਕਰ ਰਿਹਾ ਸਾਂ,
ਝੀਲ ਕੰਢੇ ਮੈਂ ਇਕ ਜੁਲਾਹੇ ਦੀ ਕੁਟੀਆ ਵੇਖੀ,
ਜਿਸ ਦੇ ਇਕ ਕਿਨਾਰੇ ਉਸ ਜੁਲਾਹੇ ਦੀ ਧੀ ਖੜੀ ਸੀ।
ਮਿੱਠੀ ਮਿੱਠੀ ਨਰਮ ਪਵਨ ਦੇ ਰੁਮਕੇ,
ਚੰਨ ਚਾਨਣੀ ਆਪਣਾ ਦੂਧੀਆ ਚਾਨਣ ਖਿਲਾਰ ਰਹੀ ਸੀ
ਅਤੇ ਉਹ ਮੁਟਿਆਰ ਅਚੱਲ ਬੁੱਤ ਬਣੀ ਚੰਨ ਚਾਨਣੀ ਨੂੰ
ਨੈਣਾਂ ਨਾਲ ਪੀ ਰਹੀ ਸੀ।
ਹੈਰਾਨੀ ਵਿਚ ਉਸ ਦਾ ਮੂੰਹ ਅਧ ਖੁਲ੍ਹਾ ਸੀ
ਅਤੇ ਉਸ ਨੇ ਆਪਣੇ ਨੈਣਾਂ ਨਾਲ ਸਾਰੇ ਚੰਨ ਨੂੰ ਅੰਦਰ ਲੰਘਾ ਲਿਆ!
ਚੰਨ ਉਸ ਦੇ ਨੈਣਾਂ ਦੀਆਂ ਬਾਰੀਆਂ ਰਾਹੀਂ ਹੇਠਾਂ ਉਤਰ ਕੇ
ਉਸ ਦੀ ਜਵਾਨੀ ਦੇ ਪਵਿਤਰ ਮੰਦਰ ਵਿਚ ਜਾ ਦਾਖ਼ਲ ਹੋਇਆ
ਅਤੇ ਉਸ ਦੇ ਦਿਲ ਦੀ ਝੀਲ ਦੇ ਨਿਰਮਲ ਪਾਣੀਆਂ ਵਿਚ ਘੁਲ ਗਿਆ।

ਚੋਰ ਚੰਦਰਮਾ! ਰੁਕ! ਕੀ ਕਰ ਰਿਹਾ ਹੈਂ?
ਦੂਜਿਆਂ ਦੇ ਘਰ ਵਿਚ ਬਿਨਾਂ ਆਗਿਆ ਲਏ ਜਾ ਵੜਿਆ ਹੈਂ?
ਇੰਝ ਚੰਦਰਮਾ ਝੀਲ ਵਿਚ ਤਾਂ ਤੇਰਾ ਆਪਣਾ ਪਰਛਾਵਾਂ ਹੀ ਦਿਖਾਈ ਦਿੰਦਾ ਹੈ, .
ਪਰ ਮੁਟਿਆਰ ਦੇ ਦਿਲ ਨੂੰ ਤਾਂ ਤੂੰ ਆਪਣਾ ਘਰ ਹੀ ਬਣਾ ਲਿਆ ਹੈ।
ਕਿੰਨਾ ਕਮਾਲ ਹੈ!
ਕਿ ਜਿਸ ਭੇਦ ਨੂੰ ਵਿਗਿਆਨੀ ਨਹੀਂ ਜਾਣ ਸਕਿਆ,
ਜਿਸ ਦੇ ਰਹੱਸ ਨੂੰ ਉਸ ਦੀ ਦੂਰਬੀਨ ਦਸ ਨਹੀਂ ਸਕੀ,
ਜਿਸ ਪ੍ਰਸ਼ਨ ਦਾ ਗਣਿਤ-ਵਿਗਿਆਨੀ ਕੋਲ ਕੋਈ ਹਲ ਨਹੀਂ ਹੈ,
ਜਿਸ ਗੁੰਝਲ ਨੂੰ ਜੋਤਸ਼, ਵਿਗਿਆਨੀ ਖੋਲ੍ਹ ਨਹੀਂ ਸਕਿਆ,
ਤੂੰ ਉਸ ਰਹੱਸ ਨੂੰ ਇਕ ਗਰੀਬ ਜੁਲਾਹੇ ਦੀ ਕੁਟੀਆ ਵਿਚ ਆ ਕੇ ਸੁਲਝਾ ਦਿਤਾ ਹੈ।[1]
ਹੇ ਚੰਦਰਮਾ! ਇਹ ਤੇਰੀਆਂ ਗਰਦਸ਼ਾਂ ਕਿਹੋ ਜਿਹੀਆਂ ਹਨ?
ਇਸ ਛੋਟੀ ਕੁਟੀਆ ਵਿਚ ਕਿਹੜਾ ਸਹਿਜ ਅਨੰਦ ਹੈ?
ਕਿਉਂ ਤੂੰ ਇਹੋ ਜਿਹਿਆਂ ਗਰੀਬਾਂ ਦੀ ਕੁਟੀਆ ਵਿਚ ਆ ਕੇ
ਨਿਵਾਸ ਕਰ ਲੈਂਦਾ ਹੈਂ?

ਜੋ ਕੁਝ ਉਪਰ ਕਥਨ ਕੀਤਾ ਗਿਆ ਹੈ, ਉਸ ਤੋਂ ਸਪੱਸ਼ਟ ਹੈ ਕਿ ਭਾਵੇਂ ਸੁਆਮੀ ਜੀ ਦਾ ਮੁਖ ਵਿਸ਼ਾ 'ਆਪਾ'-'ਆਤਮਾ' ਜਾਂ 'ਪ੍ਰਮਾਤਮਾ' ਸੀ, ਕਿਉਂਜੋ ਇਨ੍ਹਾਂ ਤਿੰਨਾਂ ਸ਼ਬਦਾਂ ਨੂੰ ਹਿੰਦੂ ਤੇ ਭਾਰਤੀ ਵੇਦਾਂਤ ਦਰਸ਼ਨ ਦੀ ਪਰੰਪਰਾ ਅਨੁਸਾਰ ਇਕੋ ਅਰਥਾਂ ਵਿਚ ਹੀ ਵਰਤਿਆ ਜਾਂਦਾ ਰਿਹਾ ਹੈ। ਫਿਰ ਵੀ ਉਨ੍ਹਾਂ ਦੀ ਆਪਣੀ ਵਿਵਹਾਰਕ ਦ੍ਰਿਸ਼ਟੀ ਪੰਜਾਬ ਦੇ ਲੋਕ ਜੀਵਨ ਤੇ ਸਾਹਿਤਕ ਪਰੰਪਰਾ ਉਤੇ ਪ੍ਰਫੁਲਤ ਹੋਈ, ਜਿਸ ਵਿਚ ਕਿ ਪ੍ਰਬੁੱ ਚੇਤੰਨਤਾ ਰਖਣ ਤੇ ਤੀਬਰ ਅਨੁਭਵ ਰਖਣ ਵਾਲੇ ਬੁਲ੍ਹੇ ਸ਼ਾਹ ਵਰਗੇ ਕਵੀ ਆ ਜਾਂਦੇ ਹਨ। ਇਸ ਤੋਂ ਬਿਨਾਂ ਉਨ੍ਹਾਂ ਦੀ ਰਚਨਾ ਤੇ ਵਿਚਾਰਧਾਰਾ ਉਪਰ ਫ਼ਾਰਸੀ ਦੇ ਮਹਾਨ ਕਵੀਆਂ ਸ਼ਮਸ ਤਬਰੇਜ਼ ਤੇ ਮੌਲਾਨਾ ਜਲਾਲੁਦੀਨ ਰੂਮੀ ਦੀ ਸ਼ਕਤੀਵਰ ਝਾਲ ਵੀ ਚੜ੍ਹੀ ਹੋਈ ਹੈ, ਇਨ੍ਹਾਂ ਪੂਰਬੀ ਕਵੀਆਂ ਤੋਂ ਬਿਨਾਂ ਪਛਮੀ ਸਾਹਿਤਕਾਰਾਂ ਤੇ ਕਵੀਆਂ, ਜਿਨ੍ਹਾਂ ਵਿਚ ਸ਼ੈਲੇ, ਐਮਰਸਨ, ਥੋਰੋ ਤੇ ਗੈਟੇ ਆ ਜਾਂਦੇ ਹਨ, ਦੀਆਂ ਜੀਵਤ ਵਿਚਾਰ-ਤਰੰਗਾਂ ਦੇ ਉਛਾਲੇ ਵੀ ਉਨ੍ਹਾਂ ਦੀਆਂ ਰਚਨਾਵਾਂ ਵਿਚ

1 ਇਥੇ ਸੰਕੇਤ ਕਬੀਰ ਜੀ ਅਤੇ ਉਨ੍ਹਾਂ ਦੀ ਆਤਮ ਗਿਆਤਾ ਪੁਤਰੀ ਵਲ ਹੈ।

ਮੌਜੂਦ ਹਨ। ਉਨ੍ਹਾਂ ਦੀ ਬੌਧਿਕਤਾ ਮੂਲ ਰੂਪ ਵਿਚ ਵਿਦਾਂਤ ਦਰਸ਼ਨ ਦੇ ਰਾਹੀਂ ਪਰਵਾਨ ਚੜ੍ਹੀ ਹੈ, ਜਿਸ ਨੂੰ ਉਨ੍ਹਾਂ ਨੇ ਪਛਮੀ ਸਮਾਲੋਚਕਾਂ ਤੇ ਵਿਆਖਿਆਕਾਰਾਂ ਦੁਆਰਾ ਗ੍ਰਹਿਣ ਕੀਤਾ ਹੈ। ਅਗੇ ਜਾ ਕੇ ਇਹ ਗੱਲ ਹੋਰ ਵੀ ਸਪਸ਼ਟ ਹੋ ਜਾਵੇਗੀ ਕਿ ਉਨ੍ਹਾਂ ਦੇ ਵੇਦਾਂਤ ਦਰਸ਼ਨ ਦਾ ਅਧਿਐਨ ਕਾਂਤ ਦੇ ਚਿੰਤਨ ਅਤੇ ਦਰਸ਼ਨ ਉਤੇ ਆਧਾਰਿਤ ਸੀ, ਜਿਸ ਉਤੇ ਉਨ੍ਹਾਂ ਨੂੰ ਪੂਰਾ ਪੂਰਾ ਅਧਿਕਾਰ ਸੀ। ਉਨ੍ਹਾਂ ਨੇ ਹੀਗਲ ਤੇ ਸਪਿਨੋਜ਼ਾ ਨੂੰ ਵੀ ਪੜ੍ਹਿਆ ਸੀ। ਧਰਮ ਨੂੰ ਵਿਵਹਾਰਕ ਰੂਪ ਵਿਚ ਗ੍ਰਹਿਣ ਕਰਨ ਤੇ ਵਾਚਣ ਦੇ ਦ੍ਰਿਸ਼ਟੀਕੋਣ ਨੂੰ ਵਿਗਿਆਨਕ ਪ੍ਰਵਿਰਤੀ ਅਧੀਨ ਸੁਆਮੀ ਜੀ ਨੇ ਡਾਰਵਿਨ ਤੇ ਹੈਕਲ ਵਰਗੇ ਵਿਗਿਆਨੀਆਂ ਦੇ ਵਿਕਾਸਵਾਦੀ ਸਿਧਾਂਤ ਦੇ ਸਾਹਿਤ ਅਧਿਐਨ ਤੋਂ ਪ੍ਰਭਾਵਤ ਹੋ ਕੇ ਅਪਣਾਇਆ। ਇਕ ਜੀਵਤ ਬਿਰਛ ਦੀ ਤਰ੍ਹਾਂ ਉਨ੍ਹਾਂ ਨੇ ਸਾਰੇ ਸੰਸਾਰ ਦੇ ਸਾਹਿਤ ਅਤੇ ਚਿੰਤਨ ਤੋਂ ਆਪਣੀ ਖ਼ੁਰਾਕ ਪ੍ਰਾਪਤ ਕੀਤੀ। ਭਾਵੇਂ ਭਾਰਤੀ ਚਿੰਤਕਾਂ ਦੇ 'ਮਾਇਆ' ਦੇ ਸਿਧਾਂਤ ਵਿਚ ਉਹ ਵਧੇਰੇ ਰੰਗੇ ਗਏ ਸਨ। ਉਨ੍ਹਾਂ ਦੇ ਕਥਨਾਂ ਤੇ ਪ੍ਰਵਚਨਾਂ ਵਿਚ ਜਿਹੜੀਆਂ ਦ੍ਰਿਸ਼ਟਮਾਨ ਅਸੰਗਤੀਆਂ ਦ੍ਰਿਸ਼-ਟੀਗੋਚਰ ਹੁੰਦੀਆਂ ਹਨ, ਉਹ ਉਨ੍ਹਾਂ ਦੀ ਆਤਮਕ ਪ੍ਰਤਿਭਾ ਨੂੰ ਸਗੋਂ ਹੋਰ ਸ਼ਿੰਗਾਰ ਦਿੰਦੀਆਂ ਹਨ ਅਤੇ ਇਹ ਅਸੰਗਤੀਆਂ ਜਾਂ ਸਵੈ-ਵਿਰੋਧ ਜੀਵਨ ਦੇ ਆਪਣੇ ਮੂਲ ਸਰੂਪ ਵਿਚ ਹੀ ਵਿਆਪਕ ਹਨ।

ਮੁਖ ਰੂਪ ਵਿਚ ਜੀਵਨ ਹੀ ਯਥਾਰਥ ਅਤੇ ਆਤਮ ਅਨੁਭੂਤੀ ਦੇ ਇਨ੍ਹਾਂ ਅਨੰਤ ਸਵੈ-ਵਿਰੋਧਾਂ ਦੀ ਵਿਆਖਿਆ ਕਰ ਸਕਦਾ ਹੈ। ਸਾਡੀਆਂ ਸਭ ਪਰਿਭਾਸ਼ਾਵਾਂ ਅਪੂਰਣ ਹੁੰਦੀਆਂ ਹਨ ਅਤੇ ਇਹ ਸਾਡੀ ਬੁਧੀ ਦੇ ਸਾਪੇਖਕ ਦ੍ਰਿਸ਼ਟੀਕੋਣ ਦੀ ਹੀ ਨਿਆਂਇਕਾਰੀ ਵਿਆਖਿਆ ਹੁੰਦੀ ਹੈ, ਜੋ ਸਮੁਚੀ ਅਨੰਤਤਾ ਦੇ ਕਿਸੇ ਇਕ ਅਗਿਆਤ ਬਿੰਦੂ ਨੂੰ ਹੀ ਛੁਹ ਰਹੀ ਹੁੰਦੀ ਹੈ ਅਤੇ ਜੀਵਨ ਨਾਲ ਇਸ ਦਾ ਦੂਰ ਦਾ ਵੀ ਸਬੰਧ ਨਹੀਂ ਹੁੰਦਾ। ਸੁਆਮੀ ਰਾਮ ਤੀਰਥ ਜੀ ਵਰਗੇ ਕਵੀਆਂ ਦੇ ਕਥਨਾਂ ਦੇ ਸਵੈ-ਵਿਰੋਧ ਕਿਸੇ ਵੀ ਦਾਰਸ਼ਨਿਕ ਪੱਧਤੀ ਅਧੀਨ ਨਹੀਂ ਲਿਆਂਦੇ ਜਾ ਸਕਦੇ ਅਤੇ ਕੋਈ ਵੀ ਦਾਰਸ਼ਨਿਕ ਵਿਚਾਰਧਾਰਾ ਜਾਂ ਪੱਧਤੀ ਕਵੀਆਂ ਦੀਆਂ ਇਨ੍ਹਾਂ ਅਸੰਗਤੀਆਂ ਦੀ ਗੁਥੀ ਨੂੰ ਸੁਲਝਾ ਸਕਣ ਦੇ ਯੋਗ ਨਹੀਂ ਹੋ ਸਕਦੀ। ਇਨ੍ਹਾਂ ਕਵੀਆਂ ਵਿਚਲੇ ਅਜਿਹੇ ਸਵੈ-ਵਿਰੋਧ ਇਨ੍ਹਾਂ ਮਹਾਨ ਆਤਮਾਵਾਂ ਦੇ ਉਤਮ ਆਤਮਕ ਅਨੁਭਵ ਦੇ ਜਿਉਂਦੇ ਜਾਗਦੇ ਪ੍ਰਮਾਣ ਹੁੰਦੇ ਹਨ। ਮਿਸ ਈ. ਅੰਡਰਹਿਲ ਦੇ ਕਥਨ ਅਨੁਸਾਰ, "ਇਹ ਇਨ੍ਹਾਂ ਮਹਾਨ ਵਿਭੂਤੀਆਂ ਦੇ ਆਤਮਕ ਅਨੁਭਵ ਦੀ ਭਰਪੂਰਤਾ ਤੇ ਸੰਤੁਲਨ ਦੇ ਸੂਚਕ ਹਨ।"

----------— — —

ਅਧਿਆਇ ਪੰਜਵਾਂ

ਸੁਆਮੀ ਜੀ ਦੇ ਕਥਨ

ਇਸ ਅਧਿਆਇ ਵਿਚ ਸੁਆਮੀ ਰਾਮ ਤੀਰਥ ਜੀ ਦੀਆਂ ਅੰਗਰੇਜ਼ੀ ਦੀਆ ਰਚਨਾਵਾਂ ਅਥਵਾ ਲੇਖਾਂ ਵਿਚੋਂ ਅਤੇ ਕੁਝ ਉਨ੍ਹਾਂ ਦੀਆਂ ਮੌਲਿਕ, ਅਨੁਵਾਦਿਤ ਜਾਂ ਸੰਖਿਪਤ ਉਰਦੂ ਰਚਨਾਵਾਂ ਵਿਚੋਂ ਚੋਣਵੇਂ ਉਦਾਹਰਣ ਦਿਤੇ ਜਾ ਰਹੇ ਹਨ। ਕੁਝ ਉਨ੍ਹਾਂ ਵਲੋਂ ਅਮਰੀਕਾ ਵਿਚ ਦਿਤੇ ਗਏ ਭਾਸ਼ਣਾਂ ਦੇ ਅੰਸ਼ ਹਨ। ਇਹ ਸਾਰੇ ਉਦਾਹਰਣ ਉਨ੍ਹਾਂ ਦੇ ਆਤਮਕ ਬਾਗ਼ ਦੇ ਮੂਲ ਵਿਸ਼ਿਆਂ ਉਪਰ ਪ੍ਰਕਾਸ਼ ਪਾਉਂਦੇ ਹਨ। ਇਹ ਸੁਆਮੀ ਜੀ ਦੇ ਦੈਵੀ ਆਵੇਸ਼ ਦੇ ਸਦਾ-ਵਿਗਾਸੀ ਖੇੜੇ ਦੇ ਪ੍ਰਤੀਕ ਹਨ.

ਅੰਦਰਲਾ ਰੱਬੀ ਮਾਰਗ

'ਰੱਬੀ ਮਾਰਗ' ਆਪਣੇ ਅੰਦਰਲੀਆਂ ਸਭ ਇਛਾਵਾਂ ਦਾ ਤਿਆਗ ਹੈ। ਸਭ ਇਛਾਵਾਂ ਦਾ ਤਿਆਗ ਕਰ ਦਿਉ ਅਤੇ 'ਓਮ' ਦਾ ਜਾਪ ਕਰੋ।

ਮੋਹ ਦਾ ਤਿਆਗ ਹੀ ਸ਼ੁਧੀ ਹੈ

ਮੂਲ ਤਾਰਨ ਤੋਂ ਬਿਨਾਂ ਤੁਸੀਂ ਪਰਮਾਤਮਾ ਨੂੰ ਪ੍ਰਾਪਤ ਨਹੀਂ ਕਰ ਸਕਦੇ। ਤੁਸੀਂ ਆਪਣੇ ਜਨਮ ਸਿਧ ਅਧਿਕਾਰ ਨੂੰ ਵੀ ਦੁਬਾਰਾ ਨਹੀਂ ਪਾ ਸਕਦੇ। ''ਸ਼ੁਧ ਹਿਰਦੇ ਵਾਲੇ ਵਡਭਾਗੇ ਹਨ, ਕਿਉਂਜੋ ਉਨ੍ਹਾਂ ਨੂੰ ਹੀ ਪ੍ਰਭੂ ਦੇ ਦਰਸ਼ਨ ਹੋਣਗੇ।'' ਦਿਲ ਦੀ ਪਵਿਤਰਤਾ ਤੋਂ ਭਾਵ ਸੰਸਾਰਕ ਵਸਤਾਂ ਦੇ ਮੋਹ ਦਾ ਸੰਪੂਰਨ ਤਿਆਗ ਹੈ। ਤਿਆਗ ਤੋਂ ਘਟ ਕੁਝ ਨਹੀਂ। ਇਸ ਪਵਿਤਰਤਾ ਨੂੰ ਗ੍ਰਹਿਣ ਕਰੋ ਅਤੇ ਫਿਰ ਤੁਸੀਂ ਪਰਮਾਤਮਾ ਦੇ ਦਰਸ਼ਨ ਵੀ ਕਰ ਸਕੋਗੇ।

ਜੇ ਤੁਸੀਂ ਪਰਮਾਤਮਾ ਨੂੰ ਉਸ ਤੋਂ ਅੱਧਾ ਵੀ ਪਿਆਰ ਕਰੋ, ਜਿਹੜਾ ਕਿ ਤੁਸੀਂ ਆਪਣੀ ਪਤਨੀ ਨੂੰ ਕਰਦੇ ਹੋ ਤਾਂ ਤੁਹਾਨੂੰ 'ਸੱਚ' ਦਾ ਅਨੁਭਵ ਤਤਕਾਲ ਹੋ ਜਾਵੇਗਾ।

ਕੌਣ ਤੁਹਾਨੂੰ ਬੰਧਨਾਂ ਵਿਚ ਪਾਉਂਦਾ ਹੈ? ਕੌਣ ਤੁਹਾਨੂੰ ਬੰਦੀ ਬਣਾਉਂਦਾ ਹੈ? ਤੁਹਾਡੀਆਂ ਆਪਣੀਆਂ ਹੀ ਤ੍ਰਿਸ਼ਨਾਵਾਂ, ਬਸ-ਹੋਰ ਕੁਝ ਵੀ ਨਹੀਂ।

ਜਿਸ ਛਿਣ ਤੁਸੀਂ ਇਨ੍ਹਾਂ ਇਛਾਵਾਂ, ਲਾਲਸਾਵਾਂ, ਪ੍ਰੇਮ, ਘਿਰਣਾ ਤੇ ਮੋਹ-ਮਮਤਾ ਨੂੰ ਪਰੇ ਦੂਰ ਸੁਟ ਦਿਉਗੇ, ਇਥੋਂ ਤਕ ਕਿ ਚਾਨਣ ਦੀ ਇੱਛਾ ਵੀ ਤਿਆਗ ਦਿਉ ਅਤੇ ਕੇਵਲ ਇਕ ਪਲ ਲਈ 'ਓਮ' ਦਾ ਜਾਪ ਕਰੋ, ਇਸ ਤਰ੍ਹਾਂ ਤੁਸੀਂ ਆਪਣੇ ਆਪ ਨੂੰ ਸਾਰੇ ਬੰਧਨਾਂ ਤੋਂ ਮੁਕਤ ਕਰ ਲੈਂਦੇ ਹੋ ਅਤੇ ਸੰਤੁਲਤ (ਸਹਿਜ) ਅਵਸਥਾ ਵਿਚ ਆ ਜਾਂਦੇ ਹੋ। ਤੁਹਾਡੇ ਆਪੇ ਦਾ ਕੁਝ ਵੀ ਉਸ ਵਿਅਕਤੀ, ਸਰੀਰ ਤੇ ਵਸਤੂ ਨਾਲ ਜੁੜਿਆ ਬਾਕੀ ਨਾ ਰਹੇ। ਫਿਰ ਅਹਿਲ ਬੈਠ ਜਾਉ, 'ਓਮ' ਦਾ ਜਾਪ ਕਰੋ ਅਤੇ ਉਸਦਾ ਚਿਤਵਨ ਕਰੋ, ਜੋ ਤੁਹਾਡੇ ਅੰਦਰਵਾਰ ਹੈ।

ਆਪਣੀ ਰੱਬਤਾ ਨੂੰ ਅਨੁਭਵ ਕਰੋ ਅਤੇ ਉਸ ਵਿਚੋਂ ਪ੍ਰਸੰਨਤਾ ਪ੍ਰਾਪਤ ਕਰੋ। ਆਪਣੇ ਅੰਦਰੋਂ ਹੀ ਸੁਖ ਦੀ ਕਾਮਨਾ ਕਰੋ। ਆਪਣੀ ਆਤਮਾ ਦੇ ਅਨੰਦ ਨੂੰ ਮਾਣੋ। ਸਭ ਅਸਧਾਰਣ ਇਛਾਵਾਂ ਤੇ ਉਗੜ ਦੁਗੜੀਆਂ ਕਾਮਨਾਵਾਂ ਨੂੰ ਪਰੇ ਸੁਟ ਦਿਉ।

ਸਾਰੇ ਧਰਮ ਸਿਧੇ ਰੂਪ ਵਿਚ ਆਪਣੇ ਆਪੇ ਤੋਂ ਪਰਦਾ ਉਤਾਰਨ ਅਤੇ 'ਆਤਮਾ' ਨੂੰ ਜਾਨਣ ਦੇ ਹੀ ਯਤਨ ਹਨ।

ਜਿਨਾ ਚਿਰ ਤਕ ਉਹ ਰੱਬਤਾ ਨਾਲ ਜੁੜੇ ਰਹਿੰਦੇ ਹਨ, ਉਨਾ ਚਿਰ ਤਕ ਸਾਰੇ ਧਾਰਮਿਕ ਮਤਾਂ ਮਤਾਂਤਰਾਂ ਦੇ ਪੈਰੋਕਾਰ ਆਤਮਕ ਸੰਜੋਗ ਦੀ ਪ੍ਰਾਪਤੀ ਸਮੇਂ ਸਮੇਂ ਸਿਰ ਕਰ ਸਕਦੇ ਹਨ ਅਤੇ ਆਪਣੇ ਨੇਤਰਾਂ ਦੇ ਅਗੋਂ ਉਸ ਪਤਲੇ ਜਾਂ ਮੋਟੇ ਪਰਦੇ ਨੂੰ ਹਟਾ ਸਕਦੇ ਹਨ (ਜੋ ਪ੍ਰਭੂ ਦਰਸ਼ਨ ਦੇ ਰਾਹ ਵਿਚ ਰੋਕ ਹੁੰਦੀ ਹੈ।)

ਇਸ ਸੰਸਾਰ ਦੇ ਸਾਰੇ ਧਾਰਮਿਕ ਮਤ ਇੰਝ ਕਹਿੰਦੇ ਹਨ: "ਮੈਂ ਉਸ ਦਾ ਹਾਂ", "ਮੈਂ ਤੇਰਾ ਹਾਂ", "ਮੈਂ ਤੂੰ ਹਾਂ"। ਇਸ ਤਰ੍ਹਾਂ ਦੀ ਪ੍ਰਭੂ ਵਿਚ ਅਭੇਦਤਾ ਹੀ ਧਰਮ ਹੈ। ਮੇਰਾ ਸ਼ਰੀਰ ਉਸ ਦਾ ਬਣ ਜਾਵੇ ਅਤੇ ਉਸ ਦਾ ਆਪਾ ਮੇਰਾ ਆਪਾ ਬਣ ਜਾਵੇ।

ਆਪਣੇ ਆਪ ਨੂੰ ਕ੍ਰਿਸ਼ਨ ਜੀ ਦੀ ਬੰਸੀ ਬਣਾ ਲਉ

ਸਭ ਲੋੜਾਂ ਤੇ ਇਛਾਵਾਂ ਤੋਂ ਉਪਰ ਉਠੋ। ਇਸ ਤੱਤ ਨੂੰ ਜਾਣ ਲਉ। ਜੇ ਤੁਸੀਂ ਇੰਝ ਕਰ ਲੈਂਦੇ ਹੋ ਤਾਂ ਸਾਰਾ ਬ੍ਰਹਿਮੰਡ ਹੀ ਤੁਹਾਡਾ ਹੋ ਜਾਂਦਾ ਹੈ। ਬਸ 'ਓਮ' ਦਾ ਜਾਪ ਕਰੋ, 'ਓਮ' ਦਾ ਉਚਾਰਣ ਕਰੋ।

ਕ੍ਰਿਸ਼ਨ ਜੀ ਨੇ ਬੰਸੀ ਨੂੰ ਬੁਲ੍ਹਾਂ ਨਾਲ ਛੁਹਾ ਕੇ ਇਹ ਮੁਦਰਾ ਕਿਉਂ ਧਾਰਣ ਕੀਤੀ ਹੈ?

ਬੰਸੀ ਦਾ ਉਤਰ: "ਮੇਰੇ ਵਿਚ ਇਕ ਗੁਣ ਹੈ, ਇਕੋ ਚੰਗਾ ਗੁਣ-ਮੈਂ ਆਪਣੇ ਅੰਦਰੋਂ ਸਾਰੇ ਵਸਤੂ ਪਦਾਰਥ ਨੂੰ ਬਾਹਰ ਕਢ ਦਿਤਾ ਹੈ।"

ਇਸ ਪ੍ਰਕਾਰ ਸਭ ਸੁਆਰਥ ਦਾ ਤਿਆਗ ਕਰੋ, ਸਾਰੇ ਸੁਆਰਥੀ ਸਬੰਧ ਤੋੜ ਦਿਉ, ਮੇਰ ਤੇਰ ਦੇ ਸਾਰੇ ਵਿਚਾਰ ਛੱਡ ਦਿਉ; ਇਨ੍ਹਾਂ ਤੋਂ ਉਪਰ ਉਠੋ, ਪ੍ਰਭੂ ਨਾਲ ਸੰਯੋਗ ਜੋੜੋ, ਉਸ ਨੂੰ ਇਸ ਤਰ੍ਹਾਂ ਪਿਆਰ ਕਰੋ ਜਿਵੇਂ ਕੋਈ ਵੀ ਸੰਸਾਰੀ ਪ੍ਰੇਮੀ ਆਪਣੀ ਪ੍ਰੀਤਮਾ ਨੂੰ ਪਿਆਰ ਕਰਦਾ ਹੈ। ਉਸ ਸੱਚੀ ਆਤਮਾ ਦੇ ਅਨੁਭਵ ਨੂੰ ਪ੍ਰਾਪਤ ਕਰਨ ਦੀ ਮਨ ਵਿਚ ਭੁੱਖ ਤੇ ਪਿਆਸ ਉਤਪੰਨ ਕਰੋ।

ਮਨ ਦੀ ਇਸ ਅਵਸਥਾ ਵਿਚ, ਹਿਰਦੇ ਅਤੇ ਆਤਮਾ ਦੇ ਇਸ ਮੇਲ ਦੀ ਸ਼ਾਂਤੀ ਵਿਚ ਸ਼ੁਧ ਆਤਮਾ 'ਓਮ' ਦੇ ਮੰਤਰ ਦਾ ਉਚਾਰਣ ਕਰਨ ਲਗ ਪੈਂਦੀ ਹੈ-'ਓਮ' ਦੇ ਪਵਿਤਰ ਸ਼ਬਦ ਦਾ ਗਾਇਨ ਕਰਦੀ ਹੈ।

ਕੋਈ ਵੀ ਗ਼ਲਤ ਗੱਲ ਕਰ ਲਵੋ, ਕੋਈ ਵੀ ਸ਼ਰਾਰਤ ਕਰ ਲਵੋ, ਆਪਣੇ ਮਨ ਵਿਚ ਕੋਈ ਬੁਰਾ ਚਿਤਵ ਲਵੋ, ਅਜਿਹੇ ਕੁਕਰਮ ਕਰ ਲਵੋ, ਭਾਵੇਂ ਇਨ੍ਹਾਂ ਗੁਨਾਹਾਂ ਨੂੰ ਤੁਸੀਂ ਕਿਸੇ ਅਜਿਹੇ ਥਾਂ ਕਰੋ, ਜਿਥੇ ਤੁਹਾਨੂੰ ਯਕੀਨ ਹੈ ਕਿ ਕਿਸੇ ਨੇ ਤੁਹਾਨੂੰ ਨਾ ਤਾਂ ਵੇਖਿਆ ਹੈ, ਤੇ ਨਾ ਹੀ ਕੋਈ ਫੜ ਸਕਦਾ ਹੈ.......ਪਰ ਇਸ ਦੇ ਫਲਸਰੂਪ ਤੁਹਾਨੂੰ ਜ਼ਰੂਰ ਦੁੱਖ ਤੇ ਕਸ਼ਟ ਝਲਣੇ ਪੈਣਗੇ।

ਪਾਪ ਦਾ ਫੱਲ ਮੌਤ ਹੈ

ਕਿਸੇ ਇਕਲਵੰਞੀ ਗੁਫਾ ਵਿਚ ਭਾਵੇਂ ਕੋਈ ਪਾਪ ਕਰਕੇ ਵੇਖ ਲਵੋ, ਤੁਸੀਂ ਹੈਰਾਨ ਰਹਿ ਜਾਉਗੇ ਕਿ ਤੁਹਾਡੇ ਪੈਰਾਂ ਹੇਠਲਾ ਘਾਹ ਹੀ ਤੁਹਾਡੇ ਵਿਰੁਧ ਗੁਆਹੀ ਦੇਵੇਗਾ। ਸਮਾਂ ਪਾ ਕੇ ਤੁਸੀਂ ਵੇਖੋਗੇ ਕਿ ਕੰਧਾਂ ਅਤੇ ਦਰਖ਼ਤਾਂ ਨੂੰ ਵੀ ਬੋਲਣ ਲਈ ਜੀਭ ਲਗੀ ਹੋਈ ਹੈ। ''ਨੈਤਿਕ ਨੇਮ ਤਾਂ ਇਹ ਹੈ ਕਿ ਤੁਹਾਨੂੰ ਸ਼ੁਧ ਜਾਂ ਪਵਿਤਰ ਹੋਣਾ ਚਾਹੀਦਾ ਹੈ, ਜਦੋਂ ਤੁਸੀਂ ਅਪਵਿਤਰ ਹੁੰਦੇ ਹੋ ਤਾਂ ਤੁਹਾਨੂੰ ਉਸ ਦਾ ਫੱਲ ਵੀ ਜ਼ਰੂਰ ਭੋਗਣਾ ਪਵੇਗਾ।''

ਸਵਰਗ ਦੀ ਬਾਦਸ਼ਾਹਤ ਤੁਹਾਡੇ ਅੰਦਰਵਾਰ ਹੈ।

'ਓਮ' ਦਾ ਪਵਿਤਰ ਮੰਤਰ

ਅਮਰੀਕਾ ਤੇ ਯੂਰਪ ਦੇ ਲੋਕ ਉਤਨਾ ਚਿਰ ਤਕ ਕਿਸੇ ਵਸਤੂ ਨੂੰ ਪਰਵਾਨ ਨਹੀਂ ਕਰਦੇ ਜਿਤਨਾ ਚਿਰ ਤਕ ਕਿ ਉਹ ਉਨ੍ਹਾਂ ਦੀ ਬੁਧੀ ਨੂੰ ਸੰਤੁਸ਼ਟ ਨਹੀਂ ਕਰਦੀ। ਭਾਵੇਂ ਅਸੀਂ ਸੰਸਾਰ ਭਰ ਦੇ ਤਰਕ-ਸ਼ਾਸਤਰ ਰਾਹੀਂ ਇਸ ਮੰਤਰ ਦੇ ਗੁਣਾਂ ਦੀ ਵਿਆਖਿਆ ਨਹੀਂ ਕਰ ਸਕਦੇ, ਫਿਰ ਵੀ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸ਼ਕਦਾ ਕਿ ਇਸ ਮੰਤਰ ਦਾ ਜੇ ਇਸ ਨੂੰ ਉਚਿਤ ਢੰਗ ਨਾਲ ਉਚਾਰਣ ਕੀਤਾ ਜਾਵੇ ਤਾਂ ਮਨੁੱਖ ਦੇ ਆਚਰਨ ਉਤੇ ਬਹੁਤ ਸ਼ਕਤੀਸ਼ਾਲੀ ਪ੍ਰਭਾਵ ਪੈਂਦਾ ਹੈ।

ਹਿੰਦੂ ਧਰਮ ਗ੍ਰੰਥਾਂ ਦਾ ਸਮੁਚਾ ਗਿਆਨ ਉਸ ਸਮੇਂ ਪ੍ਰਾਪਤ ਹੋਇਆ ਜਦੋਂ ਇਨ੍ਹਾਂ ਪੁਸਤਕਾਂ ਦੇ ਰਚਣਹਾਰਾਂ ਨੇ ਇਸ ਸ਼ਬਦ ਦੀ ਧੁਨੀ ਦੇ ਉਚਾਰਣ ਦੁਆਰਾ ਆਪਣੇ ਆਪ ਨੂੰ ਪਰਮਾਨੰਦ ਦੀ ਅਵਸਥਾ ਵਿਚ ਲਿਵਲੀਨ ਕਰ ਲਿਆ ਸੀ।

ਸਾਰਾ ਵੇਦਾਂਤ ਨਹੀਂ ਨਹੀਂ; ਸਾਰਾ ਹਿੰਦੂ ਦਰਸ਼ਨ ਹੀ ਪ੍ਰਤਖ ਰੂਪ ਵਿਚ ਇਸ ਸ਼ਬਦ 'ਓਮ' ਦੀ ਵਿਆਖਿਆ ਹੀ ਤਾਂ ਹੈ।

'ਓਮ' ਦਾ ਆਪਣਾ ਹੀ ਇਕ ਸੁਆਦ ਹੈ, ਇਕ ਅਜਿਹੀ ਯੋਗਤਾ, ਇਕ ਅਜਿਹਾ ਗੁਣ ਜੋ ਉਸ ਮਨੁੱਖ ਦੇ ਮਨ ਨੂੰ ਕਾਬੂ ਵਿਚ ਲੈ ਆਉਂਦਾ ਹੈ, ਜੋ ਇਸ ਦਾ ਜਾਪ ਕਰਦਾ ਹੈ, ਜਿਸ ਨਾਲ ਸਾਰੇ ਮਨੋਭਾਵ, ਸਾਰੇ ਵਿਚਾਰ ਇਕਮੁਰਤਾ ਵਿਚ ਪਰੋਏ ਜਾਂਦੇ ਹਨ, ਆਤਮਾ ਨੂੰ ਸੁਖ ਤੇ ਅਨੰਦ ਮਿਲਦਾ ਹੈ ਅਤੇ ਮਨ ਇਕ ਅਜਿਹੀ ਅਵਸਥਾ ਵਿਚ ਇਸਥਿਤ ਹੋ ਜਾਂਦਾ ਹੈ, ਜਿਥੇ ਉਹ ਪਰਮਾਤਮਾ ਵਿਚ ਅਭੇਦ ਹੋ ਜਾਂਦਾ ਹੈ........ਸਾਇੰਸ ਭਾਵੇਂ ਇਸ ਦੀ ਵਿਆਖਿਆ ਨਾ ਕਰ ਸਕੇ, ਪਰ ਇਨ੍ਹਾਂ ਤੱਥਾਂ ਨੂੰ ਪ੍ਰਯੋਗ ਦੁਆਰਾ ਵੀ ਸਿਧ ਕੀਤਾ ਜਾ ਸਕਦਾ ਹੈ। ਉਸ ਵਿਗਿਆਨ ਉਪਰ ਖੇਦ ਹੈ ਜੋ ਪਵਿਤਰ ਸ਼ਬਦ 'ਓਮ' ਦੀ ਸਮਰਥਾ ਦੇ ਪ੍ਰਭਾਵ ਨੂੰ ਲੱਖ ਨਹੀਂ ਸਕਦਾ ਅਤੇ ਇਸ ਦੇ ਵਿਪਰੀਤ ਜਾਂਦਾ ਹੈ।

ਮੈਂ ਦਾ ਆਭਾਵ ਹੀ ਪ੍ਰੇਰਨਾ ਦੀ ਘੜੀ ਹੁੰਦੀ ਹੈ

ਜਦੋਂ ਮਨ ਵਿਚ ਕੋਈ ਦਵੈਖ ਨਹੀਂ ਹੁੰਦੀ ਅਤੇ ਸਾਰੇ ਵਿਰੋਧ ਸ਼ਾਂਤ ਹੋ ਜਾਂਦੇ ਹਨ ਤਦੋਂ ਪ੍ਰੇਰਨਾ ਦਾ ਆਵੇਸ਼ ਹੁੰਦਾ ਹੈ। ਜਦੋਂ ਟੈਨੀਸਨ ਦੇ ਮਨ ਵਿਚ ਆਪਣੇ ਲਾਰਡ ਹੋਣ ਦਾ ਭਾਵ ਅਲੋਪ ਹੋ ਜਾਂਦਾ ਹੈ, ਉਦੋਂ ਹੀ ਉਹ ਕਵੀ ਟੈਨੀਸਨ ਹੁੰਦਾ ਹੈ। ਜਦੋਂ ਬਰਕਲੇ ਆਪਣੇ ਮਾਲਕ ਜਾਂ ਕਾਪੀ ਰਾਈਟ ਦਾ ਧਾਰਕ ਅਤੇ ਬਿਸ਼ਪ ਨਹੀਂ ਹੁੰਦਾ ਅਥਵਾ ਇਨ੍ਹਾਂ ਵਿਚਾਰਾਂ ਦੇ ਭਾਵ ਤੋਂ ਮੁਕਤ ਹੁੰਦਾ ਹੈ, ਉਦੋਂ ਹੀ ਉਹ ਚਿੰਤਕ ਬਰਕਲੇ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ। ਜਦੋਂ ਸਾਡੇ ਰਾਹੀਂ ਕੋਈ ਮਹਾਨ ਜਾਂ ਵਚਿਤਰ ਕਾਰਜ ਸਿਰੇ ਚੜ੍ਹ ਰਿਹਾ ਹੁੰਦਾ ਹੈ ਤਾਂ ਉਸਦੀ ਸਿਰਜਣਾ ਦਾ ਸਿਹਰਾ ਆਪਣੇ ਸਿਰ ਲੈਣਾ ਬਹੁਤ ਵਡੀ ਗਲਤੀ ਹੈ, ਕਿਉਂ ਜੋ ਜਦੋਂ ਇਹ ਕਾਰਜ ਹੋ ਰਿਹਾ ਹੁੰਦਾ ਹੈ, ਉਸ ਸਮੇਂ ਹੁਣ ਆਪਣੇ ਸਿਰ ਸਿਹਰਾ ਲੈਣ ਵਾਲਾ 'ਅਹੰਮ' ਭਾਵ ਅਲੋਪ ਹੁੰਦਾ ਹੈ, ਜੇ ਅਜਿਹਾ ਨਾ ਹੁੰਦਾ ਤਾਂ ਇਸ ਕਾਰਜ ਦੀ ਸਾਰੀ ਸੁੰਦਰਤਾ ਹੀ ਦੂਸ਼ਿਤ ਹੋ ਜਾਣੀ ਸੀ।

'ਆਤਮਾ' ਦਾ ਵਾਸਤਵਿਕ ਸਰੂਪ 'ਨਿਰੰਕੁਸ਼ ਗਿਆਨ' ਅਤੇ 'ਨਿਰੰਕੁਸ਼ ਸ਼ਕਤੀ' ਹੀ ਇਕੋ ਇਕ ਠੋਸ 'ਯਥਾਰਥ' ਹੈ, ਜਿਸ ਦੇ ਸਨਮੁਖ ਸੰਸਾਰ ਦਾ ਦ੍ਰਿਸ਼ਟਮਾਨ ਯਥਾਰਥ ਛਾਂਈਂ ਮਾਂਈਂ ਹੋ ਜਾਂਦਾ ਹੈ।

ਇਸ ਯਥਾਰਥ ਦਾ ਨਾਮ 'ਓਮ' ਹੈ।

'ਓਮ'- ਦਾ ਬਾਰਮਬਾਰ ਸਿਮਰਨ

ਇਸ ਦਾ ਅਨੁਭਵ ਕਰੋ ਅਤੇ ਇਸ ਦਾ ਆਪਣੇ ਮਨੋਭਾਵਾਂ ਵਿਚ ਰਚਾ ਕੇ ਗਾਇਨ ਕਰੋ, ਆਪਣੇ ਕਰਮਾਂ ਵਿਚ ਵਸਾ ਕੇ ਇਸ ਦਾ ਗਾਇਨ ਕਰੋ, ਆਪਣੇ ਸਰੀਰ ਦੇ ਰੋਮ ਰੋਮ ਰਾਹੀਂ ਇਸ ਨੂੰ ਗਾਉ। ਤੁਹਾਡੀਆਂ ਨਾੜੀਆਂ ਵਿਚ ਇਹ ਗੇੜਾ ਲਾਵੇ, ਤੁਹਾਡੇ ਸੀਨੇ ਵਿਚ ਇਸ ਦੀ ਧੜਕਣ ਮਹਿਸੂਸ ਹੋਵੇ, ਤੁਹਾਡੇ ਸਰੀਰ ਦੇ ਹਰ ਅੰਗ ਤੇ ਤੁਹਾਡੇ ਖ਼ੂਨ ਦੇ ਹਰ ਕਤਰੇ ਵਿਚ ਇਸ ਦੀ ਟੁਣਕਾਰ ਸੁਣਾਈ ਦੇਵੇ ਕਿ ਤੁਸੀਂ ਚਾਨਣਾਂ ਦੇ ਚਾਨਣ ਹੋ, ਸੂਰਜਾਂ ਦੇ ਸੂਰਜ, ਇਸ ਵਿਸ਼ਵ ਦੇ ਹੁਕਮਰਾਨ, ਨਾਥਾਂ ਦੇ ਨਾਥ, ਸਚੀ ਆਤਮਾ (ਜਾਂ ਸੱਚ ਸਰੂਪ ਪਰਮਾਤਮਾ)!

'ਓਮ' ਤੋਂ ਭਾਵ ਹੈ, 'ਉਹ-ਮੈਂ' ਜਾਂ 'ਮੈਂ ਉਹ ਹਾਂ'। 'ਓਮ' ਤੋਂ ਭਾਵ ਹੈ 'ਮੈਂ ਹਾਂ' ਆਪਣੇ ਸ਼ੁਧ ਸਰੂਪ ਵਿਚ।

ਜੋ ਮਨੁਖ 'ਓਮ' ਸ਼ਬਦ ਦਾ ਇਸ ਵਿਧੀ ਅਨੁਸਾਰ ਗਾਇਨ ਕਰਦਾ ਹੈ, ਆਪਣੇ ਬੁਲ੍ਹਾਂ ਰਾਹੀਂ ਇਸ ਦਾ ਉਚਾਰਣ ਕਰਦਾ ਹੈ, ਆਪਣੇ ਹਿਰਦੇ ਵਿਚ ਇਸ ਨੂੰ ਅਨੁਭਵ ਕਰਦਾ ਹੈ ਅਤੇ ਆਪਣੇ ਕਰਮਾਂ ਦੁਆਰਾ ਗਾਉਂਦਾ ਹੈ ਤਾਂ ਉਸ ਦਾ ਸਾਰਾ ਜੀਵਨ ਨਿਰੰਤਰ ਗੀਤ ਬਣ ਜਾਂਦਾ ਹੈ। ਹਰ ਵਿਅਕਤੀ ਲਈ ਉਹ ਪ੍ਰਭੂ ਹੋ ਜਾਂਦਾ ਹੈ। ਪਰ ਜੇ ਤੁਸੀਂ ਇਸ ਦਾ ਉਚਾਰਣ ਆਪਣੇ ਅਨੁਭਵ ਦੁਆਰਾ ਤੇ ਆਪਣੇ ਕਰਮਾਂ ਦੁਆਰਾ ਨਹੀਂ ਕਰ ਸਕਦੇ ਤਾਂ ਇਸ ਦਾ ਤਿਆਗ ਨਾ ਕਰੋ-ਇਸ ਨੂੰ ਆਪਣੇ ਬੁਲ੍ਹਾਂ ਦੁਆਰਾ ਉਚਾਰੀ ਜਾਉ-ਉਚਾਰੀ ਜਾਉ। ਇਸ ਦਾ ਵੀ ਲਾਭ ਹੁੰਦਾ ਹੈ।.....ਪਰ ਜੇ ਤੁਸੀਂ ਮੂੰਹ ਰਾਹੀਂ ਇਸ ਦਾ ਜਾਪ ਕਰਨ ਲਗ ਪਵੋ ਤਾਂ ਇਹ ਆਪਣੇ ਆਪ ਸਮਾਂ ਪਾ ਕੇ ਤੁਹਾਡੇ ਮਨੋਭਾਵਾਂ ਅਤੇ ਕਰਮਾਂ ਦਾ ਭਾਗ ਬਣ ਜਾਵੇਗਾ।

ਸਾਡਾ ਮਨ (ਆਤਮਾ) ਉਪਰਲੇ ਮੰਡਲਾਂ ਵਿਚ ਕਿਵੇਂ ਪਹੁੰਚੇ ਅਤੇ ਸਾਡੀ ਆਤਮਾ ਰੱਬ ਦੀ ਹਜ਼ੂਰੀ ਤਕ ਕਿਵੇਂ ਪੁਜੇ? ਜਦੋਂ ਚੜ੍ਹਦੇ ਸੂਰਜ ਤੇ ਛਿਪਦੇ ਸੂਰਜ ਦਾ ਦਇਆਵਾਨ ਪ੍ਰਕਾਸ਼ ਸਾਡੇ ਅਰਧ-ਮੁੰਦ ਪਾਰਦਰਸ਼ੀ ਨੇਤਰਾਂ ਤੇ ਪੈਂਦਾ ਹੈ ਅਤੇ ਅਸੀਂ 'ਓਮ' ਸ਼ਬਦ ਦੀ ਧੁਨੀ ਉਚਾਰਣ ਲਗ ਪੈਂਦੇ ਹਾਂ ਤਾਂ ਇਹ ਹੈ ਇਸ ਮੰਤਰ ਦਾ ਮਨੋਭਾਵਾਂ ਵਿਚ ਰਚਾ ਕੇ ਗਾਇਨ ਕਰਨਾ।

ਮੈਂ ਉਹ ਅਦ੍ਰਿਸ਼ਟ ਆਤਮਾ ਹਾਂ, ਜੋ ਸਭ ਸੂਖਮ ਤਤਾਂ ਦਾ ਸਾਰ ਹੁੰਦੀ ਹੈ।

ਮੈਂ ਹੀ ਅਗਨੀ ਵਿਚ ਪ੍ਰਜਵਲਤ ਹਾਂ। ਮੈਂ ਹੀ ਸੂਰਜ ਤੇ ਚੰਦਰਮਾ, ਨਛੱਤਰਾਂ ਅਤੇ ਸਿਤਾਰਿਆਂ ਵਿਚ ਪ੍ਰਕਾਸ਼ਮਾਨ ਹਾਂ।

ਮੈਂ ਹੀ ਪਵਨਾਂ ਵਿਚ ਲਹਿਰ ਰਿਹਾ ਹਾਂ ਅਤੇ ਲਹਿਰਾਂ ਵਿਚ ਤਰੰਗਤ ਹਾਂ।

ਮੈਂ ਹੀ ਇਸਤਰੀ-ਪੁਰਸ਼, ਯੁਵਕ ਤੇ ਯੁਵਤੀ ਹਾਂ।

ਮੈਂ ਹੀ ਨਵ ਜਨਮਿਆਂ ਬਾਲ ਹਾਂ ਅਤੇ ਮੈਂ ਹੀ ਉਹ ਬਿਰਧ ਹਾਂ, ਜੋ ਆਪਣੀ ਲਾਠੀ ਉੱਤੇ ਝੁਕਿਆ ਹੋਇਆ ਹੈ।

ਮੈਂ ਹੀ ਸਭ ਕੁਛ ਹਾਂ।

ਮੈਂ ਹੀ ਕਾਲੀ ਮਧੂ ਮੱਖੀ ਹਾਂ ਤੇ ਮੈਂ ਹੀ ਚੀਤਾ ਹਾਂ, ਮੈਂ ਹੀ ਮਛਲੀ ਹਾਂ।

ਮੈਂ ਹੀ ਲਾਲ ਅੱਖਾਂ ਵਾਲਾ ਸਾਵਾ ਪੰਛੀ ਹਾਂ, ਮੈਂ ਹੀ ਬਿਰਛ ਹਾਂ ਤੇ ਮੈਂ ਹੀ ਘਾਹ ਹਾਂ।

ਮੈਂ ਹੀ ਉਹ ਬੱਦਲ ਹਾਂ, ਜਿਸ ਵਿਚ ਬਿਜਲੀ ਦਾ ਲਿਸ਼ਕਾਰਾ ਹੈ। ਮੈਂ ਹੀ ਸਭ ਰੁੱਤਾਂ ਹਾਂ, ਮੈਂ ਹੀ ਸਾਗਰ ਹਾਂ। ਇਹ ਸਭ ਕੁਝ ਮੇਰੇ ਵਿਚ ਹਨ, ਮੇਰੇ ਨਾਲ ਹੀ ਇਨ੍ਹਾਂ ਦਾ ਆਦਿ ਹੁੰਦਾ ਹੈ ਅਤੇ ਮੇਰੇ ਵਿਚ ਹੀ ਇਨ੍ਹਾਂ ਦਾ ਅੰਤ ਹੁੰਦਾ ਹੈ।

(ਸਰ ਐਡਵਿਨ ਆਰਨਲਡ ਦੇ ਗੀਤਾਂ ਦੇ ਅਨੁਵਾਦ ਵਿਚੋਂ)

ਪ੍ਰਭੂ ਜਾਂ ਕੁਬੇਰ

ਅਮਰੀਕਾ ਅਤੇ ਦੁਨੀਆਂ ਦੇ ਲੋਕੋ! ਸੱਚ ਤਾਂ ਇਹ ਹੈ ਕਿ ਤੁਸੀਂ ਪ੍ਰਭੂ ਅਤੇ ਕੁਬੇਰ ਦੀ ਇਕੋ ਸਮੇਂ ਸੇਵਾ ਨਹੀਂ ਕਰ ਸਕਦੇ। ਦੋ ਮਾਲਕਾਂ ਦੀ ਸੇਵਾ ਨਹੀਂ ਕੀਤੀ ਜਾ ਸਕਦੀ। ਇਹ ਨਹੀਂ ਹੋ ਸਕਦਾ ਕਿ ਤੁਸੀਂ ਇਸ ਸੰਸਾਰ ਦੇ ਸੁਖ ਅਤੇ ਐਸ਼ਵਰਜ਼ ਨੂੰ ਵੀ ਮਾਣੋਂ ਅਤੇ ਸੱਚ ਦਾ ਅਨੁਭਵ ਵੀ ਪ੍ਰਾਪਤ ਕਰ ਲਓ।

ਤੁਸੀਂ ਸੰਸਾਰ ਦੀਆਂ ਖ਼ੁਸ਼ੀਆਂ ਨੂੰ ਨਹੀਂ ਭੋਗ ਸਕਦੇ, ਇਹ ਨਹੀਂ ਹੋ ਸਕਦਾ ਕਿ ਤੁਸੀਂ ਸਰੀਰਕ ਕਾਮਨਾਵਾਂ ਅਤੇ ਇੰਦਰਆਈ ਚੰਮ ਖ਼ੁਸ਼ੀਆਂ ਦੀਆਂ ਨੀਵੀਆਂ ਇਛਾਵਾਂ ਨੂੰ ਵੀ ਭੋਗਦੇ ਰਹੋ ਅਤੇ ਇਸ ਗੱਲ ਦਾ ਦਾਅਵਾ ਵੀ ਕਰੋ ਕਿ ਤੁਹਾਨੂੰ ਰੱਬੀ ਅਨੁਭਵ ਵੀ ਪ੍ਰਾਪਤ ਹੋ ਗਿਆ ਹੈ।

ਪਿਆਰੇ ਬੰਧੂ ਜਨ! ਜਿਨਾ ਚਿਰ ਤੁਸੀਂ ਕੁਹਜ ਵਿਚ ਗ੍ਰਸਤ ਰਹਿੰਦੇ ਹੋ, ਤੁਹਾਨੂੰ ਪ੍ਰੇਮ ਦਾ ਆਭਾਸ ਨਹੀਂ ਹੋ ਸਕਦਾ। ਪ੍ਰੇਮ ਦਾ ਤਾਂ ਭਾਵ ਹੀ ਇਹ ਹੈ ਕਿ ਤੁਸੀਂ ਸੁਹਜ ਨੂੰ ਅਨੁਭਵ ਕਰ ਸਕੋ।

ਹਨੇਰੇ ਵਿਰੁਧ ਸੰਘਰਸ਼ ਕਰਨ ਨਾਲ ਹਨੇਰਾ ਦੂਰ ਨਹੀਂ ਹੋ ਸਕਦਾ। ਚਾਨਣ ਦਾ ਦੀਪ ਲੈ ਕੇ ਆਓ ਤਾਂ ਹਨੇਰਾ ਆਪਣੇ ਆਪ ਦੂਰ ਹੋ ਜਾਵੇਗਾ।

ਗਿਲਾ ਨਾ ਕਰੋ

ਨਾਕਾਰਾਤਮਕ ਆਲੋਚਨਾ ਠੰਢਾ ਕਰ ਦੇਣ ਵਾਲਾ ਅਤੇ ਨਿਰਉਤਸਾਹਿਤ ਕਰ ਦੇਣ ਵਾਲਾ ਵਰਤਾਰਾ ਹੈ, ਇਸ ਨਾਲ ਕੋਈ ਸੁਧਾਰ ਨਹੀਂ ਹੋ ਸਕਦਾ। ਇਸ ਗੱਲ

ਦੀ ਲੋੜ ਹੈ ਕਿ ਜੀਵਨ ਵਿਚ ਸਾਕਾਰਾਤਮਕ, ਖ਼ੁਸ਼ੀ ਭਰਪੂਰ, ਆਸ਼ਾਮਈ, ਪ੍ਰੇਮ-ਪੂਰਬਕ ਅਤੇ ਉਤਸ਼ਾਹ-ਜਨਕ ਰੁਚੀ ਨੂੰ ਅਪਣਾਇਆ ਜਾਵੇ। ਸਭ ਤੋਂ ਚੰਗੀ ਆਲੋਚਨਾ ਤਾਂ ਇਹ ਹੈ ਕਿ ਜੋ ਕੁਝ ਤੁਸੀਂ ਕਿਸੇ ਨੂੰ ਬਾਹਰੋਂ ਬਣਾਉਣਾ ਲੋਚਦੇ ਹੋ, ਉਸ ਦਾ ਉਸ ਨੂੰ ਉਸ ਦੇ ਅੰਦਰੋ ਅਨੁਭਵ ਕਰਵਾਇਆ ਜਾਵੇ। ਸਾਰੇ ਗਿਲੇ ਸ਼ਿਕਵੇ ਨਰਾਰਥਕ ਅਤੇ ਮੂਰਖਤਾ ਦੇ ਸੂਚਕ ਹਨ ਅਤੇ ਇਹ ਇਸ ਤਰ੍ਹਾਂ ਹਨ, ਜਿਵੇਂ ਇਹ ਕਹਿ ਦਿਤਾ ਜਾਵੇ ਕਿ ਲਿਲੀ ਸ਼ਾਹ ਬਲੂਤ ਕਿਉਂ ਨਹੀਂ ਹੈ।

ਪ੍ਰੇਮ ਦਾ ਨੇਮ

ਜੀਵਨ ਬਿਰਛ ਦੇ ਸਾਰੇ ਅੰਗੂਰਾਂ ਤੋਂ ਮੈਂ ਮਿੱਠੀ ਸ਼ਰਾਬ ਕਢਦਾ ਹਾਂ। ਸੋਹਣਾ ਯੂਸਫ਼ ਖਿਮਾਂ ਯਾਚਨਾ ਕਰ ਰਹੇ ਆਪਣੇ ਭਰਾ ਨੂੰ ਕਹਿੰਦਾ ਹੈ: ''ਹਾਲੀ ਮੇਰੇ ਖੂਹ ਵਿਚ ਸੁਟਣ ਦਾ ਸਮਾਂ ਨਹੀਂ ਆਇਆ। ਰੱਬ ਦਾ ਨੇਮ ਤਾਂ ਇਹ ਹੈ ਕਿ ਉਸ ਨੇ ਮੈਨੂੰ ਮਿਸਰ ਵਿਚ ਭੇਜ ਕੇ ਮਾਣ ਬਖ਼ਸ਼ਣਾ ਹੈ ਅਤੇ ਮੇਰੇ ਭਰਾਵਾਂ ਤੋਂ ਵਧੇਰੇ ਮੇਰਾ ਕੋਈ ਵੀ ਹੋਰ ਪ੍ਰੇਮੀ ਨਹੀਂ ਹੋ ਸਕਦਾ।'' ''ਤੁਸੀਂ ਪਾਪ ਦਾ ਖ਼ਿਆਲ ਨਾ ਕਰੋ। ਜੇ ਪ੍ਰੇਮ ਕਿਸੇ ਨੇਮ ਨੂੰ ਤੋੜਦਾ ਹੈ ਤਾਂ ਇਹ ਉਸ ਨੇਮ ਦੀ ਪੂਰਤੀ ਹੀ ਹੁੰਦੀ ਹੈ। ਕੇਵਲ ਪ੍ਰੇਮ ਹੀ ਰੱਬੀ ਨੇਮ ਹੈ। ਪ੍ਰੇਮ ਰਾਹੀਂ ਕੁਝ ਪ੍ਰਾਪਤ ਕਰਨਾ ਰੱਬੀ ਹੈ ਅਤੇ ਕਾਨੂੰਨ ਰਾਹੀਂ ਕੁਝ ਪ੍ਰਾਪਤ ਕਰਨਾ ਗ਼ੈਰ-ਕਾਨੂੰਨੀ ਹੈ।''

ਪ੍ਰੇਰਨਾ ਰੱਬੀ ਕਰਮ ਹੈ ਨਾ ਕਿ ਮਾਨਵੀ

ਜਦੋਂ ਅਸੀਂ ਤ੍ਰਿਪਤੀ ਦੇ ਉਸ ਬਿੰਦੂ ਉਤੇ ਪੁਜ ਜਾਂਦੇ ਹਾਂ, ਜਿਥੇ ਸਾਡਾ ਮਨ ਫੁਰਨਿਆਂ ਤੇ ਵਿਚਾਰਾਂ ਨਾਲ ਭਰਪੂਰ ਹੁੰਦਾ ਹੈ, ਜਦੋਂ ਸਾਡਾ ਸਾਰਾ ਵਜੂਦ ਉਸ ਵਿਚਾਰ ਸੰਕਲਪ ਵਿਚ ਗੁੰਮ ਜਾਂਦਾ ਹੈ, ਤਾਂ ਉਸ ਸਮੇਂ ਉਸ ਮਸ਼ੀਨ, ਯੰਤਰ ਜਾਂ ਸੰਗੀਤਕ ਸਾਜ ਉਤੇ ਮਹਾਨ ਸੰਗੀਤਕਾਰ ਪ੍ਰਭੂ ਆਪ ਜਾਂ ਉਸ ਦੀ ਰੱਬਤਾ ਆ ਬਿਰਾਜਮਾਨ ਹੁੰਦੀ ਹੈ ਅਤੇ ਉਸ ਸਾਜ਼ ਵਿਚੋਂ ਸੁੰਦਰ, ਸ਼ਾਨਦਾਰ ਤੇ ਉਦਾਤ ਸੰਗੀਤਕ ਧੁਨੀਆਂ ਉਤਪੰਨ ਹੁੰਦੀਆਂ ਹਨ। ਸ਼ਾਨਦਾਰ ਸੰਗੀਤ ਦੀਆਂ ਧੁਨਾਂ ਇਸ ਸਾਜ਼ ਵਿਚੋਂ ਉਤਪੰਨ ਹੁੰਦੀਆਂ ਹਨ, ਪਰ ਜਦੋਂ ਬਾਲ (ਅਗਿਆਨ ਵਸ) ਸਾਜ਼ ਨੂੰ ਆਪਣੇ ਕਬਜ਼ੇ ਵਿਚ ਰਖਣਾ ਚਾਹੁੰਦਾ ਹੈ ਅਤੇ ਇਹ ਨਹੀ ਚਾਹੁੰਦਾ ਕਿ ਮਹਾਨ ਸੰਗੀਤਕਾਰ (ਪ੍ਰਭੂ) ਇਸ ਸਾਜ਼ ਨੂੰ ਵਜਾਵੇ ਤਾਂ ਇਸ ਸਾਜ਼ ਵਿਚੋਂ ਬੇਸੁਰਾ ਸ਼ੋਰ ਹੀ ਨਿਕਲੇਗਾ। ਜਿਨਾ ਚਿਰ ਤਕ ਇਹ ਆਪਾ, ਇਹ ਝੂਠਾ ਅਹੰਮ, ਇਹ ਅਣਯਥਾਰਥਕ ਆਪਾ, ਜੋ ਇਸ ਨੂੰ ਭੋਗ ਰਿਹਾ ਹੈ, ਵਰਤਮਾਨ ਰਹਿੰਦਾ ਹੈ, ਇਸ ਸਰੀਰ ਉਤੇ ਮੱਲ ਮਾਰੀ ਰਖਣਾ ਚਾਹੁੰਦਾ ਹੈ ਅਤੇ ਇਸ ਸਰੀਰ ਨੂੰ ਛਡਣਾ ਨਹੀਂ ਚਾਹੁੰਦਾ ਤਾਂ ਇਸ ਅਣ-ਸੰਗੀਤਕ ਸਰੀਰ ਦੇ ਸਾਜ਼ ਵਿਚੋਂ ਬੇਸੁਰੀਆਂ ਧੁਨਾਂ ਹੀ ਨਿਕਲਣਗੀਆਂ।

ਪ੍ਰੇਰਨਾ ਰੱਬੀ ਕਰਮ ਹੈ। ਜਦੋਂ ਲਘੂ-ਆਪਾ ਸਰੀਰ ਉਤੇ ਕਬਜ਼ੇ ਦੀ ਭਾਵਨਾ ਦਾ ਤਿਆਗ ਕਰ ਦਿੰਦਾ ਹੈ, ਉਦੋਂ ਹੀ ਇਹ ਕਿਸੇ ਵਿਅਕਤੀ ਵਿਚ ਪ੍ਰੇਰਨਾ ਜਾਗਰੂਪ ਹੁੰਦੀ ਹੈ।

(ਅਮਰੀਕਾ ਵਿਚ ਦਿਤੇ ਗਏ ਸੁਆਮੀ ਜੀ ਦੇ ਭਾਸ਼ਣਾਂ ਵਿਚੋਂ)

ਕਿਸੇ ਹੋਰ ਥਾਂ ਯਸੂਹ ਮਸੀਹ ਦੇ ਜੀਵਨ ਬਾਰੇ ਹਵਾਲਾ ਦਿੰਦੇ ਹੋਏ ਸ੍ਰੀ ਰਾਮ ਤੀਰਥ ਜੀ ਕਹਿੰਦੇ ਹਨ:

ਹਜ਼ਰਤ ਈਸਾ ਦੇ ਜੀਵਨ ਬਿਰਤਾਂਤ ਨੂੰ ਪੜ੍ਹਨ ਸਮੇਂ ਪ੍ਰੇਰਨਾ ਦੀ ਕਾਂਗ ਦਾ ਅੰਤਮ ਸਿਰਾ

ਆਪ (ਹਜ਼ਰਤ ਈਸਾ) ਬੜੇ ਨੇਕ ਤੇ ਪਵਿਤਰ ਵਿਅਕਤੀ ਸਨ। ਕੀ ਸਨ ਉਹ? ਆਪਣੇ ਜੀਵਨ ਦੇ ਪਹਿਲੇ ਤੀਹਾਂ ਵਰ੍ਹਿਆਂ ਵਿਚ ਤਾਂ ਉਹ ਇਕ ਸਾਧਾਰਣ ਲੋਹੇ ਦੇ ਟੁਕੜੇ ਸਮਾਨ ਸਨ, ਕੋਈ ਉਨ੍ਹਾਂ ਨੂੰ ਜਾਣਦਾ ਨਹੀਂ ਸੀ : ਉਹ ਇਕ ਤਰਖਾਣ ਦੇ ਪੁੱਤਰ ਸਨ, ਬੜੇ ਗਰੀਬੜੇ ਬੱਚੇ ਸਨ, ਇਕ ਅਗਿਆਤ ਮਾਤਾ ਦੇ ਪੁੱਤਰ, ਜਿਨ੍ਹਾਂ ਨੂੰ ਸਤਿਕਾਰ ਨਾਲ ਨਹੀਂ ਸੀ ਵੇਖਿਆ ਜਾਂਦਾ। ਪਰ ਹੁਣ ਇਹੋ ਹੀ ਲੋਹੇ ਦਾ ਟੁਕੜਾ ਆਪਣੇ ਸੱਚੇ-ਆਪੇ (ਪਰਮਾਤਮਾ) ਨਾਲ ਜੁੜ ਗਿਆ,ਉਸ ਆਤਮਾ ਨਾਲ ਜੋ ਇਕ ਮਿਕਨਾਤੀਸ ਹੁੰਦੀ ਹੈ, ਜੋ ਆਕਰਸ਼ਣ ਦਾ ਸਰੋਤ ਹੋ ਨਿਬੜਦੀ ਹੈ, ਜੋ ਸਮੱਸਤ ਜੀਵਨ ਤੇ ਇਸਦੀ ਸੱਤਾ ਦਾ ਕੇਂਦਰ-ਬਿੰਦੂ ਬਣ ਜਾਂਦੀ ਹੈ। ਉਨ੍ਹਾਂ ਦਾ ਸਬੰਧ ਰੱਬਤਾ,ਸੱਚ, ਆਤਮਕ-ਅਨੁਭਵ, ਸ਼ਕਤੀ ਨਾਲ ਜੁੜ ਗਿਆ ਅਤੇ ਉਸ ਨੇ ਕੀ ਸਰੂਪ ਧਾਰਣ ਕਰ ਲਿਆ? ਉਹ ਲੋਹੇ ਦਾ ਟੁਕੜਾ ਹੁਣ ਚੁੰਬਕੀ ਸ਼ਕਤੀ ਗ੍ਰਹਿਣ ਕਰ ਚੁਕਾ ਸੀ ਅਤੇ ਉਹ ਆਪ ਮਿਕਨਾਤੀਸ ਬਣ ਗਿਆ ਸੀ। ਲੋਕ ਆਪ ਵਲ ਖਿਚੇ ਆਉਂਦੇ ਸਨ, ਚੇਲੇ ਤੇ ਅਨੁਯਾਈ ਉਨ੍ਹਾਂ ਕੋਲ ਆ ਜੁੜਦੇ ਸਨ ਅਤੇ ਉਹ ਆਪ ਜੀ ਦੇ ਸਾਹਮਣੇ ਨਮਸਕਾਰ ਕਰਦੇ ਸਨ। ਉਨ੍ਹਾਂ ਦੇ ਜੀਵਨ ਦੇ ਅੰਤ ਵਿਚ ਇਕ ਅਜਿਹਾ ਸਮਾਂ ਵੀ ਆਇਆ ਜਦੋਂ ਇਸ ਲੋਹੇ ਦੇ ਟੁਕੜੇ, ਜਿਸ ਨੂੰ ਕਿ ਅਸੀਂ ਹਜ਼ਰਤ ਈਸਾ ਜੀ ਦਾ ਪ੍ਰਤੀਕ ਕਿਹਾ ਹੈ, ਦਾ ਸਬੰਧ ਮੂਲ ਆਤਮ ਸੱਤਾ ਨਾਲੋਂ ਟੁੱਟ ਗਿਆ। ਉਸ ਸਮੇਂ ਆਤਮਾ ਦੀ ਕੀ ਦਸ਼ਾ ਹੋ ਗਈ? ਉਸੇ ਪਲ ਉਹ ਲੋਹੇ ਦਾ ਟੁਕੜਾ ਜੋ ਉਸ ਅਨਾਦੀ ਸੱਤਾ ਨਾਲ ਜੁੜਿਆ ਹੋਇਆ ਸੀ, ਉਸ ਨਾਲੋਂ ਨਿਖੜ ਗਿਆ, ਆਪ ਦੇ ਸਾਰੇ ਅਨੁਯਾਈ ਛੱਡ ਕੇ ਚਲੇ ਗਏ। ਯੇਰੋਸਲਮ ਦੇ ਵਾਸੀ ਜੋ ਆਪ ਨੂੰ ਪਹਿਲਾਂ ਏਨਾ ਪਿਆਰ ਕਰਦੇ ਸਨ, ਇਤਨਾ ਸਤਿਕਾਰ ਦਿੰਦੇ ਸਨ, ਜੋ ਉਨ੍ਹਾਂ ਦਾ ਸ਼ਾਹਾਨਾ ਸੁਆਗਤ ਕਰਦੇ ਸਨ,ਉਨ੍ਹਾਂ ਦੇ ਸਤਿਕਾਰ ਵਿਚ ਸਾਰੇ ਨਗਰ ਨੂੰ ਸਜਾ ਦਿੰਦੇ ਸਨ,ਸਭ ਉਨ੍ਹਾਂ ਨੂੰ ਛੱਡ ਗਏ, ਉਨ੍ਹਾਂ ਦੀ ਸ਼ਕਤੀ ਜਾਂਦੀ ਰਹੀ, ਜਿਵੇਂ

ਕਿ ਜਦੋਂ ਲੋਹੇ ਦੇ ਟੁਕੜੇ ਵਿਚੋਂ ਚੁੰਬਕੀ ਸ਼ਕਤੀ ਅਲੋਪ ਹੋ ਜਾਂਦੀ ਹੈ ਤਾਂ ਉਸ ਵਿਚ ਮਿਕਨਾਤੀਸ ਵਾਲੇ ਗੁਣ ਬਾਕੀ ਨਹੀਂ ਰਹਿੰਦੇ, ਤਿਵੇਂ ਹੀ ਉਸ ਦੀ ਮਿਕਨਾਤੀਸੀ ਸ਼ਕਤੀ ਜਾਂਦੀ ਰਹਿੰਦੀ ਹੈ।

ਜਦੋਂ ਆਪ ਦੇ ਅਨੁਯਾਈ ਚਲੇ ਗਏ, ਜਦੋਂ ਉਹ ਗਿਆਰ੍ਹਾਂ ਦੇ ਗਿਆਰ੍ਹਾਂ ਹੀ ਚਲੇ ਗਏ ਅਤੇ ਲੋਕ ਉਨ੍ਹਾਂ ਵਲੋਂ ਪਿਠ ਮੋੜ ਗਏ, ਇਥੋਂ ਤਕ ਕਿ ਉਹ ਉਨ੍ਹਾਂ ਤੋਂ ਬਦਲਾ ਲੈਣ ਲਈ ਤੁਲ ਗਏ ਅਤੇ ਉਨ੍ਹਾਂ ਨੂੰ ਸੂਲੀ ਉਤੇ ਚਾੜ੍ਹਨ ਲਗੇ ਤਾਂ ਉਸ ਸਮੇਂ ਹਜ਼ਰਤ ਈਸਾ ਨੇ ਕਿਹਾ: ''ਪ੍ਰਭੂ ਪਿਤਾ! ਤੁਸਾਂ ਮੈਨੂੰ ਕਿਉਂ ਛੱਡ ਦਿਤਾ ਹੈ?'' ਇਸ ਤੋਂ ਗਿਆਤ ਹੁੰਦਾ ਹੈ ਕਿ ਉਹ ਆਤਮਕ ਸਬੰਧ ਟੁੱਟ ਚੁਕਾ ਸੀ। ਹਜ਼ਰਤ ਯਸੂਹ ਮਸੀਹ ਜੀ ਦਾ ਜੀਵਨ ਸਾਨੂੰ ਕੀ ਸਿਖਿਆ ਦਿੰਦਾ ਹੈ? ਇਥੋਂ ਸਾਨੂੰ ਇਹ ਸਿਖਿਆ ਮਿਲਦੀ ਹੈ ਕਿ ਈਸਾ ਜੀ ਦੇ ਗੁਣ ਉਨ੍ਹਾਂ ਦੇ ਸੱਚੀ ਆਤਮਾ ਨਾਲ ਜੁੜਨ ਵਿਚ ਵਿਦਮਾਨ ਸਨ। ਜਦੋਂ ਹਜ਼ਰਤ ਈਸਾ ਜੀ ਦਾ ਸਥੂਲ ਸਰੀਰ ਸੱਚੀ ਆਤਮਾ ਨਾਲ ਜੁੜਿਆ ਹੋਇਆ ਸੀ ਅਰਥਾਤ ਉਸ ਮਿਕਨਾਤੀਸ ਨਾਲ ਇਕਸੁਰ ਸੀ ਤਾਂ ਉਹ ਵੀ ਮਿਕਨਾਤੀਸ ਸਨ, ਪਰ ਜਦੋਂ ਉਨ੍ਹਾਂ ਦਾ ਸਰੀਰ ਉਸ ਸੱਚੀ ਆਤਮਾ ਅਰਥਾਤ ਉਸ ਮਿਕਨਾਤੀਸ ਨਾਲੋਂ ਵਖਰਾ ਹੋ ਗਿਆ ਤਾਂ ਉਨ੍ਹਾਂ ਦੀ ਸ਼ਕਤੀ ਜਾਂਦੀ ਰਹੀ, ਉਨ੍ਹਾਂ ਦੇ ਅਨੁਯਾਈ ਤੇ ਪੈਰੋਕਾਰ ਉਨ੍ਹਾਂ ਨੂੰ ਛੱਡ ਕੇ ਚਲੇ ਗਏ। ਪਰ ਆਪਣੇ ਜੀਵਨ ਦੀ ਸਮਾਪਤੀ ਤੋਂ ਪਹਿਲਾਂ ਉਨ੍ਹਾਂ ਨੇ ਇਸ ਮਹਾਂ ਸ਼ਕਤੀ ਨਾਲ ਮੁੜ ਆਪਣਾ ਸਬੰਧ ਜੋੜ ਲਿਆ।

ਆਪ ਜੀ ਨੂੰ ਗਿਆਤ ਹੀ ਹੈ ਕਿ ਸੂਲੀ ਉਤੇ ਟੰਗੇ ਜਾਣ ਉਪਰੰਤ ਵੀ ਉਨ੍ਹਾਂ ਦੀ ਮਿਰਤੂ ਨਹੀਂ ਸੀ ਹੋਈ। ਇਹ ਇਕ ਅਜਿਹਾ ਤੱਥ ਹੈ,ਜਿਸ ਨੂੰ ਸਿਧ ਕੀਤਾ ਜਾ ਸਕਦਾ ਹੈ। ਉਹ ਸਮਾਧੀ ਦੀ ਅਵਸਥਾ ਵਿਚ ਇਸਥਿਤ ਹੋ ਗਏ, ਜੋ ਇਕ ਅਜਿਹੀ ਅਵਸਥਾ ਹੁੰਦੀ ਹੈ, ਜਿਥੇ ਜੀਵਨ ਦੇ ਸਾਰੇ ਕਰਮ ਰੁਕ ਜਾਂਦੇ ਹਨ, ਜਿਥੇ ਨਬਜ਼ ਖਲੋ ਜਾਂਦੀ ਹੈ, ਜਿਥੇ ਨਾੜੀਆਂ ਵਿਚ ਖ਼ੂਨ ਦੀ ਹਰਕਤ ਵੀ ਰੁਕ ਜਾਂਦੀ ਹੈ, ਜੀਵਨ ਦੀ ਕੋਈ ਨਿਸ਼ਾਨੀ ਵੀ ਬਾਕੀ ਦਿਖਾਈ ਨਹੀਂ ਦਿੰਦੀ ਅਤੇ ਸਰੀਰ ਇਸ ਤਰ੍ਹਾਂ ਹੋ ਜਾਂਦਾ ਹੈ ਜਿਵੇਂ ਸੂਲੀ ਚੜ੍ਹਨ ਤੋਂ ਪਿਛੋਂ ਹੁੰਦਾ ਹੈ।

(ਸੁਆਮੀ ਰਾਮ ਤੀਰਥ ਦੇ ਅਮਰੀਕਾ ਵਿਚ ਦਿਤੇ ਗਏ ਗ਼ੈਰ ਰਸਮੀ ਭਾਸ਼ਣਾਂ ਵਿਚੋਂ)

ਸੱਚਾ ਬਲ

ਗਲਿਲੀ ਸਾਗਰ ਦੇ ਕੰਢੇ ਸੰਝ ਦੇ ਘੁਸਮੁਸੇ ਵਿਚ ਹਜ਼ਰਤ ਈਸਾ ਨੇ ਆਪਣੇ ਪੈਰੋਕਾਰਾਂ ਨੂੰ ਸਖ਼ਤ ਮਿਹਨਤ ਕਰਦੇ, ਬਾਦਬਾਨਾਂ ਨੂੰ ਧੂੰਹਦੇ ਤੇ ਖਿਚਦੇ ਅਤੇ ਕਿਸ਼ਤੀ

ਨੂੰ ਛੇਤੀ ਛੇਤੀ ਧੱਕਦੇ ਵੇਖਿਆ, ਕਿਉਂਜੋ ਹਵਾ ਦਾ ਰੁਖ ਉਨ੍ਹਾਂ ਦੀ ਕਿਸ਼ਤੀ ਦੇ ਉਲਟ ਸੀ। ਪਰ ਈਸਾ ਨੂੰ ਮੁਸ਼ੱਕਤ ਕਰਨ ਤੇ ਖਿਚਣ ਧੂਹਣ ਦੀ ਲੋੜ ਨਹੀਂ ਸੀ ਪਈ। ਅਜਿਹੀ ਮਹਾਨ ਆਤਮਾ ਤਾਂ ਤੂਫ਼ਾਨਾਂ ਵਿਚ ਵੀ ਸ਼ਾਂਤੀ ਨਾਲ ਸੌਂ ਸਕਦੀ ਹੈ, ਕਿਉਂਜੋ ਉਸ ਨੂੰ ਪਤਾ ਹੁੰਦਾ ਹੈ ਕਿ ਉਹ ਸਾਗਰ ਦੀਆਂ ਲਹਿਰਾਂ ਉਪਰ ਤੁਰ ਸਕਦਾ ਹੈ।

ਪ੍ਰੇਮ ਹੀ ਪ੍ਰੇਰਨਾ ਦਾ ਸੋਮਾ ਹੈ

ਸਾਰੇ ਪੈਗੰਬਰਾਂ, ਕਵੀਆਂ, ਖੋਜੀਆਂ, ਈਜਾਦਕਾਰਾਂ, ਕਲਾ ਤੇ ਵਿਗਿਆਨ ਦੇ ਪਥ ਪ੍ਰਦਰਸ਼ਕਾਂ ਅਤੇ ਫ਼ਲਸਫ਼ੇ ਦੇ ਸੁਅਪਨਕਾਰਾਂ ਦਾ ਪ੍ਰੇਰਨਾ ਸਰੋਤ ਪ੍ਰੇਮ ਹੀ ਹੈ। ਕੇਵਲ ਕੁਝ ਹਾਲਤਾਂ ਵਿਚ ਇਹ ਬੜਾ ਪ੍ਰਤਖ ਤੇ ਦ੍ਰਿਸ਼ਟਮਾਨ ਹੁੰਦਾ ਹੈ ਅਤੇ ਕੁਝ ਹਾਲਤਾਂ ਵਿਚ ਅਦ੍ਰਿਸ਼ਟ ਤੇ ਗੌਣ। ਸ੍ਰੀ ਕ੍ਰਿਸ਼ਨ, ਚੇਤੰਨਯ, ਯਸੂਹ ਮਸੀਹ, ਤੁਲਸੀ-ਦਾਸ, ਸ਼ੈਕਸਪੀਅਰ ਅਤੇ ਰਾਮ ਕਿਸ਼ਨ (ਪਰਮਹੰਸ) ਸਭ ਪ੍ਰੇਰਨਾ ਜੁੜੇ ਅਤੇ ਪ੍ਰੇਮ ਰੱਤੜੇ ਜੀਉੜੇ ਸਨ।

ਪ੍ਰੇਮ ਹੀ ਮਹਾਂ ਅਨੰਦ ਹੈ

ਸਾਰੀਆਂ ਸਰੀਰਕ ਕਾਮਨਾਵਾਂ ਤੋਂ ਮੁਕਤ ਪ੍ਰੇਮ ਹੀ ਆਤਮਕ ਪ੍ਰਕਾਸ਼ ਹੁੰਦਾ ਹੈ।

ਉਹ ਕਿੰਨਾ ਸੁਭਾਗਾ ਹੈ, ਜਿਸ ਦੀ ਸੰਪਤੀ ਚੋਰੀ ਹੋ ਗਈ ਹੋਵੇ! ਜਿਸ ਦੀ ਪਤਨੀ ਚਲੀ ਗਈ ਹੋਵੇ-ਉਹ ਤਾਂ ਤੇਹਰਾ ਭਾਗਸ਼ਾਲੀ ਹੈ, ਪਰ ਸ਼ਰਤ ਇਹ ਹੈ ਕਿ ਇਨ੍ਹਾਂ ਦੁਆਰਾ ਉਹ ਸਮੱਸਤ ਪ੍ਰੇਮ ਦੀ ਭਾਵਨਾ ਨਾਲ ਸਿਧਾ ਆ ਜੁੜੇ। ਇਸਲਾਮੀ ਰਵਾਇਤ ਵਿਚ ਆਉਂਦਾ ਹੈ ਕਿ ਇਕ ਵਾਰ ਹਜ਼ਰਤ ਇਬਰਾਹਿਮ ਸਮੁੰਦਰ ਦੀ ਯਾਤਰਾ ਕਰਨਾ ਚਾਹੁੰਦੇ ਸਨ। ਪਾਣੀ ਦੇ ਫ਼ਰਿਸ਼ਤੇ ਖ਼ਿਜ਼ਰ ਨੇ ਭਾਈ ਦੇ ਨਾਤੇ ਆਪਣੀਆਂ ਨਿਰਮਾਣ ਸੇਵਾਵਾਂ ਉਨ੍ਹਾਂ ਦੇ ਹਾਜ਼ਰ ਕੀਤੀਆਂ ਅਤੇ ਕਿਹਾ ਕਿ ਮੈਂ ਤੁਹਾਡੀ ਬੇੜੀ ਦਾ ਮਲਾਹ ਹੋਵਾਂਗਾ। ਪਹਿਲਾਂ ਤਾਂ ਹਜ਼ਰਤ ਇਬਰਾਹਿਮ ਨੇ ਆਪਣੀ ਪਰਵਾਨਗੀ ਦੇ ਦਿਤੀ, ਪਰ ਮੁੜ ਵਿਚਾਰ ਕਰਨ ਉਪਰੰਤ ਉਨ੍ਹਾਂ ਨੇ ਖ਼ਿਜ਼ਰ ਤੋਂ ਮਾਫ਼ੀ ਮੰਗ ਲਈ ਅਤੇ ਕਿਹਾ: "ਮੇਰੇ ਪਰਮ ਕਿਰਪਾਲੂ ਭਾਈ ਸਾਹਿਬ, ਮਾਫ਼ ਕਰਨਾ, ਮੈਂ ਕਪਤਾਨ ਤੋਂ ਬਿਨਾਂ ਵੀ ਆਪਣੇ ਜਹਾਜ਼ ਨੂੰ ਚੰਗਾ ਸਮਝਾਂਗਾ ਅਤੇ ਇਸ ਨੂੰ ਪ੍ਰੇਮ ਦੇ ਆਸਰੇ ਹੀ ਠੇਲ੍ਹ ਲਵਾਂਗਾ। ਜੇ ਤੁਸੀਂ ਪਾਣੀ ਦੇ ਫ਼ਰਿਸ਼ਤੇ ਚੱਪੂ ਆਪਣੇ ਹੱਥ ਵਿਚ ਲੈ ਲਵੋਗੇ ਤਾਂ ਮੇਰੇ ਲਈ ਇਹ ਸਫ਼ਰ ਖ਼ਤਰੇ ਤੋਂ ਰਹਿਤ ਹੋ ਜਾਵੇਗਾ; ਪਰ ਇਹ ਬਹੁਤ ਹੀ ਬਚਾਉ ਵਾਲਾ ਹੋਵੇਗਾ, ਕਿਉਂਜੋ ਮੈਂ ਇਸ ਸਬੰਧ ਵਿਚ ਤੁਹਾਡੇ ਉਤੇ ਟੇਕ ਰਖਾਂਗਾ, ਪਰ ਇਸ ਨਾਲ ਮੈਨੂੰ ਰੱਬ ਉਤੇ ਭਰੋਸਾ ਰਖਣ ਦੇ ਰਾਹ ਵਿਚ ਰੋਕ ਪਵੇਗੀ। ਕਿਰਪਾ ਕਰਕੇ ਮੇਰੇ ਤੇ ਰੱਬ ਵਿਚਕਾਰ ਨਾ ਆਉ। ਰੱਬ ਦੇ ਸੀਨੇ

ਉਪਰ ਸਿਰ ਟਿਕਾਉਣ ਨਾਲ ਮੈਨੂੰ ਆਪਣੇ ਭਰਾ ਖ਼ਿਜ਼ਰ ਦੇ ਸੀਨੇ ਉਤੇ ਸਿਰ ਟਿਕਾਣ ਨਾਲੋਂ ਵਧੇਰੇ ਖ਼ੁਸ਼ੀ ਤੇ ਅਨੰਦ ਪ੍ਰਾਪਤ ਹੋਵੇਗਾ।''

ਇਕ ਨਿਰਾਸ਼ ਤੇ ਇਕੱਲਾ ਪ੍ਰੇਮੀ ਕਹਿੰਦਾ ਹੈ: ''ਬਿਜਲੀ ਤੂੰ ਜ਼ੋਰ ਦੀ ਲਿਸ਼ਕਾਰਾ ਮਾਰ! ਬੱਦਲ ਤੂੰ ਜ਼ੋਰ ਦੀ ਗਰਜ! ਤੂਫ਼ਾਨ ਤੂੰ ਆਪਣੀ ਪੂਰੀ ਵਾਹ ਲਾ ਲੈ! ਹਵਾਉ ਜ਼ੋਰ ਦੀ ਸ਼ੂਕੋ! ਬੱਦਲ ਤੇਰੀ ਗਰਜ ਕਿੰਨੀ ਭਾਗਾਂ ਭਰੀ ਹੈ, ਜਿਸ ਨੇ ਮੇਰੀ ਨਾਜ਼ਕ ਪ੍ਰੀਤ ਨੂੰ ਡਰਾ ਦਿਤਾ ਹੈ ਅਤੇ ਜੋ ਸਹਿਮ ਕੇ ਮੇਰੀ ਛਾਤੀ ਨਾਲ ਆ ਚਿਮਟੀ ਹੈ। ਜੀਵਨ ਦੇ ਕੌੜੇ ਤੱਤ ਵੀ ਕਈ ਵਾਰ ਕਿੰਨੇ ਮਿੱਠੇ ਬਣ ਜਾਂਦੇ ਹਨ! ਅਜਿਹੇ ਸਮੇਂ ਅਸੀਂ ਆਪਣੇ ਪ੍ਰੇਮ ਦੀ ਪੀੜਾ ਭੁਲ ਕੇ ਜੀਵਨ ਦੇ ਅੰਗੂਰਾਂ ਵਿਚੋਂ ਮਿੱਠੀ ਸ਼ਰਾਬ ਕਢ ਲੈਂਦੇ ਹਾਂ।''

ਪ੍ਰਭੂ ਨੂੰ ਅਰਪਣ

ਹੇ ਪ੍ਰਭੂ! ਮੇਰੀ ਜੀਵਨ ਭੇਟ ਪਰਵਾਨ ਕਰੋ
ਅਤੇ ਇਸ ਨੂੰ ਪਵਿਤਰ ਬਣਾ ਕੇ ਆਪਣੇ ਨਮਿਤ ਲੈ ਲਉ।
ਹੇ ਪ੍ਰਭੂ! ਮੇਰੇ ਦਿਲ ਦੀ ਭੇਟ ਪਰਵਾਨ ਕਰੋ
ਅਤੇ ਇਸ ਨੂੰ ਆਪਣੇ ਪ੍ਰੇਮ ਨਾਲ ਨਕੋ ਨਕ ਭਰਪੂਰ ਕਰ ਦਿਉ।
ਹੇ ਪ੍ਰਭੂ! ਮੇਰੇ ਨੈਣਾਂ ਦੀ ਭੇਟ ਪਰਵਾਨ ਕਰੋ
ਅਤੇ ਇਨ੍ਹਾਂ ਨੂੰ ਆਪਣੀ ਮਸਤੀ ਵਿਚ ਰੰਗ ਦਿਉ।
ਹੇ ਪ੍ਰਭੂ! ਮੇਰੇ ਹੱਥਾਂ ਦੀ ਭੇਟ ਪਰਵਾਨ ਕਰੋ
ਤਾਂ ਜੋ ਤੇਰੇ ਸੱਚ ਦੀ ਇਹ ਮੁਸ਼ੱਕਤ ਕਰਨ।

ਪਿਆਰੇ ਪਾਠਕ ਜਨ! ਕਦੀ ਤੁਸੀਂ ਆਪਣੇ ਆਪ ਨੂੰ ਗੁੰਮ ਕਰਨ ਦਾ ਸੁਭਾਗ ਪ੍ਰਾਪਤ ਕੀਤਾ ਹੈ, ਨਹੀਂ-ਨਹੀਂ, ਆਪਣੇ ਆਪ ਦਾ ਕਦੀ ਪ੍ਰੇਮ ਰਾਹੀਂ ਉਥਾਨ ਕੀਤਾ ਹੈ, ਇਕ ਅਜਿਹੀ ਨਿਰਸੁਆਰਥ ਪ੍ਰੇਮ ਭਾਵਨਾ ਵਿਚ, ਜਿਥੇ ਸਭ ਕੁਝ ਪ੍ਰੇਮ ਦੇ ਅਰਪਨ ਹੋ ਜਾਂਦਾ ਹੈ? ਜੇ ਅਜਿਹਾ ਕੀਤਾ ਹੈ ਤਾਂ ਤੁਸੀਂ ਨਿਮਨ ਲਿਖਤ ਭਾਵਨਾਵਾਂ ਦੀ ਯੋਗ ਭਾਂਤ ਪ੍ਰਸ਼ੰਸਾ ਵੀ ਕਰ ਸਕੋਗੇ:-

'ਮੇਰੇ ਇਸ ਨਾਜ਼ਕ ਮਲੂਕ ਸਰੀਰ ਦੇ ਮੌਜੇ ਬਣਾਉ
ਅਤੇ ਮੇਰੇ ਦਿਲ ਦੀਆਂ ਤੰਦੀਆਂ ਦੇ ਇਸ ਵਿਚ ਤਸਮੇ ਪਾ ਲਉ
ਅਤੇ ਮੇਰੇ ਹੋਠਾਂ ਉਤੇ ਤੁਰੋ
ਜੋ ਤੁਹਾਡੇ ਚਰਨਾਂ ਦੀ ਛੁਹ ਲਈ ਲੁਛ ਰਹੇ ਹਨ।''
ਹੇ ਮੇਰੇ ਪ੍ਰਭੂ! ਮੈਨੂੰ ਆਪਣੀ ''ਚਰਨ ਦਾਸੀ'' ਬਣਾ ਕੇ

ਪਰਵਾਨ ਕਰ ਲਓ। (ਉਰਦੂ ਸ਼ਿਅਰ)

ਅਨੁਭਵੀ ਪੁਰਸ਼ ਨੂੰ ਸਾਰਾ ਜਗਤ ਸੁੰਦਰ ਪ੍ਰਤੀਤ ਹੁੰਦਾ ਹੈ

ਜਦੋਂ 'ਪ੍ਰਭੂ-ਆਪੇ' ਦੇ ਰੂਪ ਵਿਚ ਜਗਤ ਨੂੰ ਨਿਹਾਰਿਆ ਜਾਂਦਾ ਹੈ ਤਾਂ ਸਾਰਾ ਜਗਤ ਹੀ ਸੁੰਦਰਤਾ ਦਾ ਪ੍ਰਵਾਹ ਪ੍ਰਤੀਤ ਹੁੰਦਾ ਹੈ। ਇਹ ਖ਼ੁਸ਼ੀ ਦਾ ਪ੍ਰਗਟਾਉ ਹੋ ਨਿਬੜਦਾ ਹੈ, ਜਿਸ ਵਿਚੋਂ ਮਹਾਂ-ਅਨੰਦ ਡੁਲ੍ਹ ਡੁਲ੍ਹ ਪੈਂਦਾ ਹੈ, ਕਿਉਂਜੋ ਦ੍ਰਿਸ਼ਟੀ ਦੀ ਸੀਮਾ ਨੂੰ ਪਾਰ ਕਰ ਲਿਆ ਜਾਂਦਾ ਹੈ, ਇਸ ਲਈ ਕੁਝ ਵੀ ਕੋਝਾ ਪ੍ਰਤੀਤ ਨਹੀਂ ਹੁੰਦਾ। ਜਦੋਂ ਹਰ ਵਸਤੂ ਹੀ ਮੇਰਾ ਆਪਣਾ ਆਪਾ ਹੁੰਦਾ ਹੈ, ਤਾਂ ਇਹ ਮਿੱਠੜੇ ਅਨੁਭਵ ਤੋਂ ਬਿਨਾਂ ਹੋਰ ਕੀ ਹੋ ਸਕਦਾ ਹੈ? ਆਤਮਾ ਹੀ ਅਨੰਦ ਹੈ, ਇਸ ਲਈ ਆਤਮਕ-ਅਨੁਭੂਤੀ ਸਾਰੇ ਸੰਸਾਰ ਦੇ ਮਹਾਂ-ਅਨੰਦ ਦੇ ਪਾਰਦਰਸ਼ੀ ਅਨੁਭਵ ਦੇ ਸਮਾਨ ਹੋ ਜਾਂਦੀ ਹੈ, ਇੰਞ ਪ੍ਰਤੀਤ ਹੁੰਦਾ ਹੈ, ਜਿਵੇਂ ਕੁਦਰਤ ਦੀਆਂ ਸ਼ਕਤੀਆਂ ਮੇਰੇ ਆਪਣੇ ਹੀ ਹੱਥ ਤੇ ਪੈਰ ਹੋਣ ਅਤੇ ਇਹ ਸਾਰਾ ਵਿਸ਼ਵ ਮੇਰਾ ਆਪਣਾ ਹੀ ਸਾਖਸ਼ਾਤ ਸਰੀਰ ਹੋਵੇ।

ਪਵਿਤਰਤਾ

ਸੱਚੀ ਪਵਿਤਰਤਾ ਉਹ ਹੈ, ਜਦੋਂ ਸਾਰੀ ਸੁੰਦਰਤਾ 'ਮੇਰੇ' ਵਿਚ ਆ ਸਮਾਉਂਦੀ ਹੈ ਅਤੇ ਸਭ ਨਾਲ ਆਤਮਕ ਅਭੇਦਤਾ ਅਨੁਭਵ ਕਰਨ ਲਗ ਪੈਂਦਾ ਹਾਂ-ਇਸ ਹਦ ਤਕ ਅਨੁਭਵ ਹੋਣ ਲਗਦਾ ਹੈ ਕਿ ਇਨ੍ਹਾਂ ਵਿਚੋਂ ਜਦੋਂ ਕਿਸੇ ਵਸਤੂ ਬਾਰੇ ਗੱਲ ਕੀਤੀ ਜਾਂਦੀ ਹੈ ਤਾਂ ਉਹ ਮੇਰੇ ਨਾਲੋਂ ਵਿਛੋੜਿਆ ਜਾ ਰਿਹਾ ਹੁੰਦਾ ਹੈ।

ਉਸ ਪ੍ਰਭੂ ਨਾਲ ਗੱਲ ਕਰੋ, ਤਾਂ ਉਹ ਤੁਹਾਡੀ ਗੱਲ ਸੁਣਦਾ ਹੈ-
ਆਤਮਾ ਤੇ ਆਤਮਾ ਦਾ ਸੰਪਰਕ ਹੋ ਜਾਂਦਾ ਹੈ;
ਇਸ ਸਮੇਂ ਉਹ ਸਾਡੇ ਸੁਆਸਾਂ ਤੋਂ ਵੀ ਨੇੜੇ ਹੁੰਦਾ ਹੈ
ਅਤੇ ਸਾਡੇ ਹੱਥਾਂ ਤੇ ਪੈਰਾਂ ਤੋਂ ਵੀ ਵਧੇਰੇ ਨੇੜੇ ਹੁੰਦਾ ਹੈ।
ਸੂਰਜ, ਚੰਨ, ਤਾਰੇ, ਪਰਬਤ ਅਤੇ ਮੈਦਾਨ,
ਇਹ ਨਹੀਂ ਹਨ, ਜੋ ਦਿਖਾਈ ਦਿੰਦੇ ਹਨ,
ਹੇ ਮੇਰੀ ਆਤਮਾ!
ਇਹ ਤਾਂ ਉਸ ਪ੍ਰਭੂ ਦਾ ਦ੍ਰਿਸ਼ਟਮਾਨ ਸਰੂਪ ਹੈ
ਜੋ ਇਨ੍ਹਾਂ ਸਭ ਦਾ ਸੁਆਮੀ ਹੈ। (ਟੈਨੀਸਨ)

ਆਤਮਿਕ ਏਕਤਾ

ਬੱਚਿਆਂ ਦਾ ਤਾਂ ਇਕ ਸਾਂਝਾ ਵਿਵਹਾਰਕ ਧਰਮ ਹੁੰਦਾ ਹੈ, ਖੇਡ ਤੇ ਭੋਲਾ ਪਨ-ਇਹ ਸਾਰੇ ਸੰਸਾਰ (ਦੇ ਬਚਿਆਂ) ਵਿਚ ਵਿਆਪਕ ਹੈ। ਇਹ ਏਕਤਾ ਸਾਰੇ ਬਚਿਆਂ ਵਿਚ ਆਪਣੇ 'ਮਿੱਠੇ ਆਪੇ' ਦੇ ਵਿਸ਼ਵਾਸ ਕਾਰਣ ਆਈ ਹੈ।

ਖ਼ੁਸ਼ੀ ਦੀ ਭਾਲ ਧਰਮ ਹੈ

ਖ਼ੁਸ਼ੀ ਦੀ ਭਾਲ ਕਰਨਾ ਹੀ ਠੀਕ ਅਰਥਾਂ ਵਿਚ ਧਰਮ ਹੈ, ਪਰ ਧਰਮ ਨੂੰ ਲੱਖ ਸਕਣ ਦੀ ਪ੍ਰਕ੍ਰਿਆ ਦੀ ਤੁਲਨਾ ਇਸ ਤਰ੍ਹਾਂ ਕੀਤੀ ਜਾ ਸਕਦੀ ਹੈ, ਜਿਵੇਂ ਕਿ 'ਦਰਬਾਰ' ਦੀ ਸ਼ਾਨ ਨੂੰ ਵੇਖਣ ਲਈ ਅਸੀਂ ਗੰਦੀ ਨਾਲੀ ਦੀ ਜਾਲੀ ਵਿਚੋਂ ਦੀ ਝਾਕੀਏ। ਇਹ ਬਿਜਲੀ ਦੇ ਚਮਕਾਰੇ ਦੀ ਰੌਸ਼ਨੀ ਸਮਾਨ ਹਨ, ਜੋ ਭਾਵੇਂ ਸੂਰਜ ਦੀ ਰੌਸ਼ਨੀ ਦੇ ਬਰਾਬਰ ਹੈ, ਪਰ ਜੋ ਗੁਣਕਾਰੀ ਹੋਣ ਨਾਲੋਂ ਵਧੇਰੇ ਹਾਨੀਕਾਰਕ ਹੁੰਦੀ ਹੈ। ਇਸ ਦੀ ਤੁਲਨਾ ਪਰੋਮਿਥੀਅਸ ਦੇ ਸੁਅਰਗ ਵਿਚੋਂ ਅਗਨੀ ਨੂੰ ਚੋਰੀ ਕਰਕੇ ਲਿਆਉਣ ਨਾਲ ਕੀਤੀ ਜਾ ਸਕਦੀ ਹੈ।

ਅਸੀਂ ਅੰਜੀਲ ਵਿਚ ਪੜ੍ਹਦੇ ਹਾਂ ਕਿ ਫਰੀਸੀ ਲੋਕ ਬੜੇ ਪਾਰਸਾਅ ਸਨ, ਉਨ੍ਹਾਂ ਦੇ ਕਰਮ ਤੇ ਵਿਹਾਰ ਬੜੇ ਪਵਿੱਤਰ ਸਨ, ਪਰ ਉਨ੍ਹਾਂ ਵਿਚ ਕੋਮਲਤਾ ਤੇ ਪ੍ਰੇਮ ਦੇ ਭਾਵਾਂ ਦਾ ਆਭਾਵ ਸੀ। ਇਨ੍ਹਾਂ ਲੋਕਾਂ ਵਿਚ ਦੂਜੇ ਦੇ ਅਤੇ ਆਪਣੇ ਦੋਸ਼ ਲਭਣ ਦੀ ਭਾਵਨਾ ਵਧੇਰੇ ਪ੍ਰਬਲ ਸੀ, ਜੋ ਨਿੰਦਾ ਤੇ ਤਾੜਨਾ ਵਧੇਰੇ ਕਰਦੇ ਸਨ, ਜਿਨ੍ਹਾਂ ਨੇ ਉਨ੍ਹਾਂ ਨੂੰ ਹਜ਼ਰਤ ਈਸਾ ਤੋਂ ਦੂਰ ਰਖਿਆ, ਪਰ ਇਨ੍ਹਾਂ ਦੀ ਤੁਲਨਾ ਵਿਚ ਮੈਰੀ ਮੈਕਡਾਲੀਨ, ਜਿਸ ਦਾ ਆਚਰਣ ਪਵਿੱਤਰ ਨਹੀਂ ਸੀ ਅਤੇ ਜੋ ਭਲੀ ਇਸਤਰੀ ਨਹੀਂ ਸੀ, ਪਰ ਉਸ ਵਿਚ ਦੂਜਿਆਂ ਦੇ ਦੋਸ਼ਾਂ ਨੂੰ ਪੁਣਨ ਵਾਲੀ ਗੱਲ ਨਹੀਂ ਸੀ, ਨਾ ਹੀ ਉਹ ਕਿਸੇ ਦੀ ਨਿੰਦਾ ਕਰਦੀ ਸੀ। ਉਸ ਦੇ ਦਿਲ ਵਿਚ ਪ੍ਰੇਮ ਦੀ ਭਾਵਨਾ ਸੀ, ਇਸ ਲਈ ਉਹ ਸੱਚ ਦੇ ਵਧੇਰੇ ਨੇੜੇ ਸੀ। ਉਹ ਉਨ੍ਹਾਂ ਫਰੀਸੀਆਂ ਨਾਲੋਂ 'ਪ੍ਰਭੂ ਦੀ ਬਾਦਸਾਹਤ' ਦੇ ਵਧੇਰੇ ਨੇੜੇ ਸੀ।

ਇਛਾਵਾਂ ਆਤਮਾ ਨੂੰ ਖੰਡ ਖੰਡ ਕਰ ਦਿੰਦੀਆਂ ਹਨ।

ਜੇ ਤੁਸੀਂ ਇਕ ਛਿਣ ਲਈ ਆਪਣੇ ਆਪ ਨੂੰ ਸਭ ਇਛਾਵਾਂ ਤੋਂ ਮੁਕਤ ਕਰ ਲਵੋ, ਜੇ ਤੁਸੀਂ ਸਾਰੀਆਂ ਸੰਸਾਰਕ ਕਾਮਨਾਵਾਂ ਤੋਂ ਆਪਣੇ ਆਪ ਨੂੰ ਆਜ਼ਾਦ ਕਰ ਲਉ, ਤੁਹਾਨੂੰ ਗਿਆਨ ਹੋਣਾ ਚਾਹੀਦਾ ਹੈ ਕਿ ਹਰ ਇਛਾ ਤੁਹਾਡੀ ਆਤਮਾ ਦੇ ਇਕ ਭਾਗ ਨੂੰ ਵੱਢ ਦਿੰਦੀ ਹੈ ਅਤੇ ਤੁਸੀਂ ਆਪਣੇ ਆਪੇ ਦਾ ਇਕ ਨਿਗੂਣਾ ਅੰਸ਼ ਜਾਂ ਘਟਕ ਹੀ ਰਹਿ ਜਾਂਦੇ ਹੋ। ਅਜਿਹਾ ਬੜਾ ਘੱਟ ਹੁੰਦਾ ਹੈ ਕਿ ਅਸੀਂ ਕਿਸੇ ਮਨੁੱਖ ਨੂੰ ਉਸ ਦੇ ਸੰਪੂਰਨ ਰੂਪ ਵਿਚ ਮਿਲ ਸਕੀਏ। ਸੰਪੂਰਨ ਮਨੁੱਖ ਪ੍ਰੇਰਨਾ ਵਿਚ ਰੱਤਾ

ਹੁੰਦਾ ਹੈ ਅਤੇ ਸੰਪੂਰਨ ਹੀ ਸੱਚ ਹੁੰਦਾ ਹੈ। ਹਰ ਇਛਾ ਤੇ ਕਾਮਨਾ ਇੰਝ ਜਾਪਦਾ ਹੈ, ਜਿਵੇਂ ਤੁਹਾਡੇ ਭੰਡਾਰ ਵਿਚ ਕੋਈ ਵਾਧਾ ਕਰ ਰਹੀ ਹੋਵੇ, ਪਰ ਵਾਸਤਵ ਵਿਚ ਉਹ ਤੁਹਾਨੂੰ ਘਟਾ ਰਹੀ ਹੁੰਦੀ ਹੈ ਅਤੇ ਤੁਹਾਡੇ ਆਪੇ ਵਿਚੋਂ ਕੁਝ ਨਾ ਕੁਝ ਭੇਰ ਰਹੀਂ ਹੁੰਦੀ ਹੈ। ਜਿਸ ਛਿਣ ਤੁਸੀਂ ਇਨ੍ਹਾਂ ਇਛਾਵਾਂ ਤੇ ਕਾਮਨਾਵਾਂ ਨੂੰ ਪਰੇ ਸੁਟ ਪਾਉਂਦੇ ਹੋ, ਮੋਹ, ਪ੍ਰੇਮ, ਈਰਖਾ-ਦਵੈਖ ਤੋਂ ਉਪਰ ਉਠ ਖਲੋਂਦੇ ਹੋ ਅਤੇ ਇਥੋਂ ਤਕ ਕਿ 'ਚਾਨਣ' ਨੂੰ ਪ੍ਰਾਪਤ ਕਰਨ ਦੀ ਇਛਾ ਦਾ ਵੀ ਤਿਆਗ ਕਰਕੇ 'ਓਮ' ਦਾ ਉਚਾਰਣ ਕਰਨ ਲਗਦੇ ਹੋ ਤਾਂ ਤੁਹਾਨੂੰ ਇਕ ਛਿਣ ਵਿਚ ਮੁਕਤੀ ਮਿਲ ਜਾਂਦੀ ਹੈ ਅਤੇ 'ਸਰਵੁਚ ਅਨੰਦ' ਪ੍ਰਾਪਤ ਹੋ ਜਾਂਦਾ ਹੈ।

ਮਨ ਦਾ ਉਥਾਨ ਕਰੋ

ਭਾਰਤ ਵਿਚ ਅਸੀਂ ਗੁਲੀ ਡੰਡਾ ਖੇਡਦੇ ਹਾਂ। ਇਹ ਗੁਲੀ ਵਿਚੋਂ ਮੋਟੀ ਤੇ ਸਿਰਿਆਂ ਤੋਂ ਤਿਖੀ ਹੁੰਦੀ ਹੈ, ਇਸ ਲਈ ਇਸਦੇ ਦੋਵੇਂ ਸਿਰੇ ਧਰਤੀ ਤੋਂ ਉਪਰ ਉਠੇ ਰਹਿੰਦੇ ਹਨ। ਪਹਿਲਾਂ ਡੰਡੇ ਨਾਲ ਗੁਲੀ ਦੇ ਇਕ ਸਿਰੇ ਨੂੰ ਮਾਰ ਕੇ ਇਸ ਨੂੰ ਥੋੜ੍ਹਾ ਉਚਾ ਉਠਾ ਦਿਤਾ ਜਾਂਦਾ ਹੈ ਅਤੇ ਫਿਰ ਡੰਡੇ ਨਾਲ ਜ਼ੋਰ ਦੀ ਦੂਜਾ ਟੁਲ ਮਾਰਿਆ ਜਾਂਦਾ ਹੈ, ਜਿਸ ਨਾਲ ਗੁਲੀ ਉਚੀ ਹੁੰਦੀ ਹੋਈ ਦੂਰ ਜਾ ਡਿਗਦੀ ਹੈ। ਗੁਲੀ ਡੰਡੇ ਦੀ ਖੇਡ ਵਿਚ ਟੁਲ ਮਾਰਨ ਦੇ ਦੋ ਮੌਕੇ ਹੁੰਦੇ ਹਨ। ਪਹਿਲੇ ਟੁਲ ਨੂੰ ਜ਼ਰਾ ਹੌਲੀ ਮਾਰਿਆ ਜਾਂਦਾ ਹੈ ਤੇ ਗੁਲੀ ਨੂੰ ਥੋੜ੍ਹਾ ਉਚਾ ਹੋਣ ਦਿਤਾ ਜਾਂਦਾ ਹੈ ਅਤੇ ਦੂਜੇ ਟੁਲ ਨੂੰ ਜ਼ੋਰ ਦੀ ਮਾਰ ਕੇ ਗੁਲੀ ਨੂੰ ਉਚਾ ਤੇ ਦੂਰ ਭੇਜਿਆ ਜਾਂਦਾ ਹੈ। ਗੁਲੀ ਡੰਡੇ ਦੀ ਖੇਡ ਸਮਾਨ ਮਨ ਨੂੰ ਆਤਮਕ ਅਭੇਦਤਾ ਦੀ ਪ੍ਰਾਪਤੀ ਲਈ ਪਹਿਲਾਂ ਥੋੜ੍ਹਾ ਉਚਾ ਕਰਨਾ ਪੈਂਦਾ ਹੈ ਅਤੇ ਫਿਰ ਜ਼ੋਰ ਨਾਲ ਆਤਮਕ ਮੰਡਲ ਵਿਚ ਭੇਜਣਾ ਪੈਂਦਾ ਹੈ।

ਆਤਮ ਨਸ਼ਿਆਏ ਜਿਗਿਆਸੂ ਦੇ ਕਰਮ

ਵੇਦਾਂਤ ਦਰਸ਼ਨ ਦੀ ਸਿਖਿਆ ਦਾ ਸਾਰ ਇਹ ਹੈ, ''ਕੁਝ ਵੀ ਨਾ ਕਰਦਿਆਂ ਹੋਇਆਂ, ਕੁਝ ਕਰਦਿਆਂ ਰਹਿਣਾ।'' ਪ੍ਰਸੰਨਚਿਤ ਜਿਗਿਆਸੂ, ਜਦੋਂ ਤੁਸੀਂ ਪ੍ਰਾਪਤੀ ਦੀ ਭਾਲ ਛੱਡ ਦਿੰਦੇ ਹੋ ਤਾਂ ਇਹ ਪ੍ਰਾਪਤੀ ਆਪਣੇ ਆਪ ਤੁਹਾਡੀ ਝੋਲੀ ਵਿਚ ਆ ਪੈਂਦੀ ਹੈ।

ਸੱਚ ਦਾ ਅਭਿਲੇਖ

ਹਜ਼ਰਤ ਈਸਾ ਨੇ ਕੇਵਲ ਆਪਣੇ ਗਿਆਰ੍ਹਾਂ ਚੇਲਿਆਂ ਦੇ ਸਨਮੁਖ ਬਚਨ ਕੀਤੇ, ਪਰ ਇਨ੍ਹਾਂ ਸ਼ਬਦਾਂ ਨੂੰ ਸਾਰੇ ਵਾਤਾਵਰਣ ਨੇ ਸੰਭਾਲ ਲਿਆ ਅਤੇ ਆਕਾਸ਼ ਨੇ ਇਨ੍ਹਾਂ ਨੂੰ ਇਕੱਤਰ ਕਰ ਲਿਆ। ਅਜ ਲੱਖਾਂ ਲੋਕ ਇਨ੍ਹਾਂ ਨੂੰ ਪੜ੍ਹਦੇ ਹਨ। ਇਸੇ

ਤਰ੍ਹਾਂ ਉਹ ਸੱਚ ਜੋ ਧਰਤੀ ਉਤੇ ਭੇਜਿਆ ਜਾਂਦਾ ਹੈ, ਉਹ ਜ਼ਰੂਰ ਆਕਾਸ਼ ਵਲ ਉਚਾ ਉਠੇਗਾ।

ਕਠੋਰ ਨਿੰਦਾ ਆਤਮਾ ਨੂੰ ਜ਼ਖ਼ਮੀ ਕਰ ਦਿੰਦੀ ਹੈ

ਚੇਤੇ ਰੱਖੋ! ਜਦੋਂ ਤੁਸੀਂ ਕਿਸੇ ਦਾ ਬੁਰਾ ਚਿਤਵਦੇ ਹੋ, ਕਿਸੇ ਨਾਲ ਈਰਖਾ ਦਵੈਖ ਤੇ ਘ੍ਰਿਣਾ ਕਰਦੇ ਹੋ, ਕਿਸੇ ਦੀ ਆਲੋਚਨਾ ਕਰਦੇ ਹੋ, ਕਿਸੇ ਦੇ ਦੋਸ਼ ਪੁਣਦੇ ਹੋ ਅਤੇ ਸਾੜੇ ਤੇ ਨਫ਼ਰਤ ਦੇ ਵਿਚਾਰ ਨੂੰ ਆਪਣੇ ਮਨ ਵਿਚ ਲਿਆਉਂਦੇ ਹੋ ਤਾਂ ਤੁਹਾਡੇ ਆਪਣੇ ਵਿਚਾਰਾਂ ਉਪਰ ਵੀ ਇਨ੍ਹਾਂ ਦਾ ਪੋਚਾ ਚੜ੍ਹ ਰਿਹਾ ਹੁੰਦਾ ਹੈ। ਜਦੋਂ ਤੁਸੀਂ ਆਪਣੇ ਕਿਸੇ ਭਰਾ ਦੀ ਅੱਖ ਵਿਚ ਤਿਣਕਾ ਲਭਣ ਦਾ ਯਤਨ ਕਰਦੇ ਹੋ ਤਾਂ ਤੁਸੀਂ ਆਪਣੀਆਂ ਅਖਾਂ ਵਿਚ ਛਤੀਰ੍ਹ ਪਾ ਰਹੇ ਹੁੰਦੇ ਹੋ।

ਅਦ੍ਰਿਸ਼ਟ ਸ਼ਕਤੀਆਂ ਵਿਚ ਵਿਲੀਨਤਾ ਹੀ ਧਰਮ ਹੈ

ਆਉ, ਜੰਗ ਦੇ ਮੈਦਾਨ ਵਿਚ ਕਿਸੇ ਬੀਰ ਪੁਰਸ਼ ਦੇ ਕਰਤੱਵ ਨੂੰ ਵਾਚੀਏ। ਉਹ ਸ਼ਕਤੀ ਦੇ ਅਥਾਹ ਭੰਡਾਰ ਨਾਲ ਮਸਤ ਹੋਇਆ ਹੁੰਦਾ ਹੈ। ਉਸ ਦੇ ਸਾਹਮਣੇ ਹਜ਼ਾਰਾਂ ਸ਼ਤਰੂ ਵੀ ਕੋਈ ਗਿਣਤੀ ਨਹੀਂ ਰਖਦੇ। ਉਸ ਨੂੰ ਆਪਣੇ ਤਨ ਦੇ ਯਥਾਰਥ ਸਰੂਪ ਦਾ ਵੀ ਬੋਧ ਨਹੀਂ ਹੁੰਦਾ। ਉਹ ਸਰੀਰ ਤੇ ਮਨ ਨਹੀਂ ਹੁੰਦਾ। ਸੰਸਾਰ ਦੀ ਉਸ ਦੇ ਸਾਹਮਣੇ ਕੋਈ ਹੋਂਦ ਨਹੀਂ ਹੁੰਦੀ। ਸ਼ਕਤੀਆਂ ਉਸ ਦਾ ਪਿੱਛਾ ਕਰ ਰਹੀਆਂ ਹਨ ਅਤੇ ਉਸ ਦੇ ਰੋਮ ਰੋਮ ਵਿਚ ਉਨ੍ਹਾਂ ਦਾ ਸੰਚਾਰ ਹੋ ਰਿਹਾ ਹੁੰਦਾ ਹੈ। ਉਸ ਦੇ ਸਰੀਰ, ਮਨ ਅਤੇ ਇਥੋਂ ਤਕ ਕਿ ਬਾਹਰਲੇ ਜਗਤ ਨੂੰ ਵੀ ਇਨ੍ਹਾਂ ਸ਼ਕਤੀਆਂ ਦੇ ਅਦ੍ਰਿਸ਼ਟ ਸਥਾਨ ਤੇ ਗਰਜਦੀਆਂ ਸ਼ਕਤੀਆਂ ਦਾ ਗਿਆਨ ਨਹੀਂ ਹੁੰਦਾ। ਇਝ ਦਰਸ਼ਕਾਂ ਨੂੰ ਬੀਰ ਯੋਧੇ ਦਾ ਇਹ ਅਜਿਤ ਹੌਸਲਾ ਇਸ ਸੰਸਾਰ ਵਿਚ ਇਕ ਅਜਿਹਾ ਚਮਤਕਾਰ ਹੀ ਲਗਦਾ ਹੈ, ਜਿਵੇਂ ਬਿਜਲੀ ਦਾ ਕੂੰਦਣਾ। ਉਸ ਬੀਰ ਪੁਰਸ਼ (ਕਰਤਾ) ਨੂੰ ਵੀ ਇਹ ਬੀਰਤਾ ਅਚੇਤ ਰੂਪ ਦੀ ਸ਼ਕਤੀ ਹੀ ਪ੍ਰਤੀਤ ਹੁੰਦੀ ਹੈ, ਜਿਸ ਨੂੰ ਦ੍ਰਿਸ਼ਟਮਾਨ ਦੇ ਪਿਛੋਕੜ ਵਿਚ ਕਿਸੇ ਅਦਿਖ ਸ਼ਕਤੀ ਵਿਚ ਵਲੀਨ ਹੋਣ ਦਾ ਨਾਂ ਦਿਤਾ ਜਾ ਸਕਦਾ ਹੈ।

ਸ਼ਬਦ 'ਮਹਾਂ ਅਨੰਦ' (Ecstasy) ਦਾ ਭਾਵ ਹੈ (E, out and sta, Stand) ਅਰਥਾਤ ਆਪੇ ਤੋਂ ਬਾਹਰ ਖੜਾ ਹੋਣਾ। ਇਹ ਭਾਵੇਂ ਕਿਹੋ ਜਿਹਾ ਵੀ (ਮਿੱਠਾ ਅਨੰਦਦਾਇਕ) ਅਨੁਭਵ ਕਿਉਂ ਨਾ ਹੋਵੇ, ਇਸ ਦਾ ਵਾਸਤਵਿਕ ਲਛਣ ਆਪੇ, ਮਨ, ਤਨ ਅਤੇ ਸੰਸਾਰ ਤੋਂ ਬਾਹਰ ਦੂਰ ਖੜਾ ਹੋਣਾ ਹੈ। ਜਦੋਂ ਤੁਸੀਂ ਕਦੀ ਆਪਣੇ ਖ਼ੁਸ਼ੀ ਜਾਂ ਅਨੰਦ ਦੇ ਭਾਵਾਂ ਦੀ ਵਿਆਖਿਆ ਕਰਨ ਲਗਦੇ ਹੋ ਤਾਂ ਇਹ ਕੁਝ ਇਸ

ਪ੍ਰਕਾਰ ਦੀ ਦਵੈਤ ਭਾਵ ਤੋਂ ਮੁਕਤੀ ਜਾਂ ਸੁਤੰਤਰਤਾ ਦੀ ਅਵਸਥਾ ਹੁੰਦੀ ਹੈ। ਜਿਸ ਵਸਤੂ ਦੀ ਇੱਛਾ ਕੀਤੀ ਜਾਂਦੀ ਹੈ ਅਤੇ ਜੋ ਪਾਤਰ ਜਾਂ ਵਿਅਕਤੀ ਇਸ ਦੀ ਇੱਛਾ ਕਰਦਾ ਹੈ, ਜਦੋਂ ਦੋਵੇਂ ਇਕ ਰੂਪ ਹੋ ਜਾਂਦੇ ਹਨ ਤਾਂ ਉਦੋਂ ਅਨੰਦ ਦੀ ਅਵਸਥਾ ਪ੍ਰਾਪਤ ਹੁੰਦੀ ਹੈ।

ਆਤਮਾ-ਨਿਰਭਰਤਾ

ਜੇ ਮੈਨੂੰ ਕੋਈ ਆਪਣੇ ਵਿਚਾਰ ਦਰਸ਼ਨ ਦੀ ਵਿਆਖਿਆ ਇਕ ਸ਼ਬਦ ਦੁਆਰਾ ਕਰਨ ਲਈ ਆਖੇ ਤਾਂ ਮੈਂ ਕਹਾਂਗਾ ''ਆਤਮ-ਨਿਰਭਰਤਾ'',''ਆਤਮ-ਗਿਆਨ''।

ਆਤਮ ਸਨਮਾਨ

ਜਦੋਂ ਤੁਹਾਡੀ ਆਤਮਾ ਵਿਚ ਪ੍ਰਭੂ-ਚੇਤੰਨਤਾ ਜਾਗ ਉਠਦੀ ਹੈ, ਤੁਹਾਡੀ ਅੰਤਰ-ਆਤਮਾ ਪਰਮਾਤਮਾ ਦੇ ਵਿਚਾਰਾਂ ਨਾਲ ਭਰਪੂਰ ਹੁੰਦੀ ਹੈ ਤਾਂ ਤੁਸੀਂ ਆਤਮ-ਸਨਮਾਨ ਦੇ ਭਾਵ ਨੂੰ ਮਾਣ ਰਹੇ ਹੁੰਦੇ ਹੋ। ਪਰ ਸਰੀਰ ਦੀ ਪੂਜਾ ਕਰਕੇ ਤੁਸੀਂ ਇਕ ਤਰ੍ਹਾਂ ਦਾ ਆਤਮ-ਘਾਤ ਕਰ ਰਹੇ ਹੁੰਦੇ ਹੋ, ਆਪਣੀ ਆਤਮਾ ਲਈ ਟੋਆ ਪੁਟ ਰਹੇ ਹੁੰਦੇ ਹੋ।

ਜੀਵਨ ਵਿਚ ਮੌਤ

ਮੁਕਤੀ ਤੇ ਅਨੁਭਵ ਦੇ ਮਾਰਗ ਵਿਚ ਪ੍ਰਤਖ ਰੂਪ ਦੀ ਮੌਤ ਜ਼ਰੂਰੀ ਹੈ ਅਤੇ ਇਹ ਹੀ ਇਕੋ ਇਕ ਮਾਤਰ ਸਾਧਨ ਹੈ। ਆਪਣੇ ਆਪੇ ਦੀ ਮੌਤ, 'ਪ੍ਰੇਰਨਾ' ਨੂੰ ਪ੍ਰਾਪਤ ਕਰਨ ਦਾ ਹੋਰ ਕੋਈ ਮਾਰਗ ਨਹੀਂ ਹੈ।

ਪ੍ਰਭੂ ਦਾ ਰੂਪ ਬਣ ਜਾਓ

ਪ੍ਰਭੂ ਤੁਹਾਡੇ ਰਾਹੀਂ ਕਰਮਸ਼ੀਲ ਹੋ ਜਾਵੇ, ਇਸ ਤੋਂ ਬਿਨਾਂ ਤੁਹਾਡਾ ਹੋਰ ਕੋਈ ਕਰਮ ਧਰਮ ਨਾ ਰਹੇ। ਪ੍ਰਭੂ ਤੁਹਾਡੇ ਰਾਹੀਂ ਜਗਮਗਾਵੇ। ਤੁਹਾਡੇ ਰਾਹੀਂ ਸਾਕਾਰ ਹੋਵੇ। ਪ੍ਰਭੂ ਤੁਹਾਡੇ ਵਿਚ ਵਿਚਰੇ। ਤੁਸੀਂ ਪ੍ਰਭੂ-ਆਹਾਰ ਕਰੋ। ਇਸ ਸੱਚ ਦਾ ਅਨੁਭਵ ਪ੍ਰਾਪਤ ਕਰੋ, ਬਾਕੀ ਗੱਲਾਂ ਆਪਣੇ ਆਪ ਹੁੰਦੀਆਂ ਜਾਣਗੀਆਂ।

ਸਾਦਾ ਵਿਹਾਰ, ਉਚ ਵਿਚਾਰ

ਆਪਣੇ ਆਪ ਨੂੰ ਮਹਾਨ ਤੇ ਚੰਗਾ ਮਨੁੱਖ ਬਣਾਉ। ਆਪਣੀ ਸ਼ਕਤੀ ਨੂੰ ਵਿਅਰਥ ਨਾ ਗੁਆਉ। ਵਡੇ ਵਡੇ ਸ਼ਾਨਦਾਰ ਘਰ ਬਣਾਉਣ ਉਤੇ ਆਪਣੇ ਵਿਚਾਰਾਂ ਨੂੰ ਬਰਬਾਦ ਨਾ ਕਰੋ। ਤੁਹਾਡੇ ਬਹੁਤ ਸਾਰੇ ਘਰ ਬੜੇ ਵੱਡ ਆਕਾਰੀ ਤੇ ਸ਼ਾਨਦਾਰ ਹਨ, ਪਰ ਉਨ੍ਹਾਂ ਵਿਚ ਵਸਦੇ ਮਨੁੱਖ ਬੜੇ ਅਦਨੇ ਤੇ ਨਿਗੂਣੇ ਹਨ। ਭਾਰਤ ਵਿਚ ਨੌਂ-ਗਜ਼ੀਆਂ ਕਬਰਾਂ ਵੀ ਹਨ, ਪਰ ਉਨ੍ਹਾਂ ਵਿਚ ਹੈ ਕੀ? ਕੇਵਲ ਖਾਧੇ ਜਾ ਚੁਕੇ ਕਰੰਗ, ਕੁਰਬਲ ਕੁਰਬਲ ਕਰਦੇ ਕੀੜੇ ਮਕੌੜੇ ਅਤੇ ਰੀਂਗ ਰਹੇ ਸਪ ਆਦਿ।

ਆਪਣੀ ਪਤਨੀ, ਆਪਣੇ ਦੋਸਤਾਂ ਅਤੇ ਆਪਣੇ ਲਈ ਵਡੇ ਵਡੇ ਸ਼ਾਨਦਾਰ ਘਰ ਅਤੇ ਸੁੰਦਰ ਸ਼ਿੰਗਾਰ ਦੇ ਸਮਿਆਨ ਬਣਾ ਕੇ ਆਪਣੀ ਸ਼ਕਤੀ ਨੂੰ ਨਸ਼ਟ ਨਾ ਕਰੋ। ਜੇ ਤੁਹਾਡੇ ਮਨ ਵਿਚ ਇਹ ਵਿਚਾਰ ਦ੍ਰਿੜ੍ਹ ਹੋ ਜਾਵੇ, ਜੇ ਤੁਸੀਂ ਇਸ ਨੂੰ ਅਨੁਭਵ ਕਰ ਲਵੋ, ਜੇ ਤੁਹਾਨੂੰ ਇਸ ਗੱਲ ਦੀ ਪ੍ਰਤੀਤੀ ਹੋ ਜਾਵੇ ਅਤੇ ਤੁਸੀਂ ਇਹ ਜਾਣ ਜਾਓ ਕਿ ਜੀਵਨ ਦਾ ਇਕੋ ਇਕ ਨਿਸ਼ਾਨਾ ਤੇ ਮਨੋਰਥ ਧਨ-ਪਦਾਰਥ ਇਕੱਠਾ ਕਰਕੇ ਸ਼ਕਤੀ ਨੂੰ ਨਸ਼ਟ ਕਰਨ ਵਿਚ ਨਹੀਂ ਸਗੋਂ ਅੰਤਰੀਵ ਸ਼ਕਤੀਆਂ ਨੂੰ ਵਿਕਸਿਤ ਕਰਕੇ ਆਪਣੇ ਆਪ ਨੂੰ ਇਸ ਬੰਨੇ ਸੁਸਿਖਿਅਤ ਕਰਨ ਵਿਚ ਹੈ ਕਿ ਕਿਸਤਰ੍ਹਾਂ ਆਪਣੇ ਆਪ ਨੂੰ ਮੁਕਤ ਕਰਨਾ ਹੈ ਅਤੇ ਪ੍ਰਭੂ ਰੂਪ ਬਣਨਾ ਹੈ। ਜੇ ਤੁਸੀਂ ਇਸ ਗੱਲ ਨੂੰ ਅਨੁਭਵ ਕਰ ਲੈਂਦੇ ਹੋ ਅਤੇ ਆਪਣੀਆਂ ਸ਼ਕਤੀਆਂ ਦਾ ਪ੍ਰਯੋਗ ਇਸ ਦਿਸ਼ਾ ਵਲ ਕਰਦੇ ਹੋ ਤਾਂ ਪਰਿਵਾਰ ਦੇ ਬੰਧਨ ਵੀ ਤੁਹਾਡੇ ਰਾਹ ਵਿਚ ਕੋਈ ਰੋਕ ਨਹੀਂ ਬਣਨਗੇ।

ਇਹ ਗੱਲ ਬੜੀ ਅਜੀਬ ਹੈ ਕਿ ਲੋਕ ਸੰਸਾਰ ਅਤੇ ਧਨ-ਪਦਾਰਥ ਦੀ ਖ਼ਾਤਰ ਤਾਂ ਇਕ ਦੂਜੇ ਨੂੰ ਲੁਟ ਰਹੇ ਹਨ, ਪਰ ਜਦੋਂ ਉਨ੍ਹਾਂ ਨੂੰ ਕੋਈ ਵਿਅਕਤੀ ਅਸਲੀ ਤੇ ਉਚੇਰਾ ਧਨ (ਧਾਰਮਿਕ ਤੇ ਆਤਮਕ ਦੌਲਤ) ਭੇਟ ਕਰਦਾ ਹੈ ਤਾਂ ਇਹ ਆਪਣੇ ਉਸ ਦਾਤੇ ਨੂੰ ਮਾਰਨ ਤਕ ਤੁਲ ਜਾਂਦੇ ਹਨ।

ਸਾਡੇ ਮਿਤਰ ਜਨ ਅਤੇ ਰਿਸ਼ਤੇਦਾਰ ਸਾਡੇ ਲਈ ਪਾਰਦਰਸ਼ੀ ਹੋਣੇ ਚਾਹੀਦੇ ਹਨ। ਉਹ ਸਾਡੇ ਲਈ ਪਰਦੇ ਅਤੇ ਓਹਲੇ ਨਹੀਂ ਬਣਨੇ ਚਾਹੀਦੇ। ਉਨ੍ਹਾਂ ਨੂੰ ਤਾਂ ਬਾਰੀਆਂ ਦੇ ਸ਼ੀਸ਼ਿਆਂ ਸਮਾਨ ਹੋਣਾ ਚਾਹੀਦਾ ਹੈ, ਜੋ ਆਉਂਦੀ ਰੌਸ਼ਨੀ ਨੂੰ ਰੋਕ ਨਾ ਪਾ ਸਕਣ, ਸਗੋਂ ਉਨ੍ਹਾਂ ਨੂੰ ਤਾਂ ਐਣਕਾਂ ਦੇ ਸ਼ੀਸ਼ੇ, ਦੂਰਬੀਨ ਤੇ ਖ਼ੁਰਦਬੀਨ ਬਣ ਕੇ ਵਿਚਰਨਾ ਚਾਹੀਦਾ ਹੈ ਤਾਂ ਜੋ ਉਹ ਰੋਕ ਬਣਨ ਦੀ ਥਾਂ ਸਾਡੇ ਮਾਰਗ ਵਿਚ ਸਹਾਇਕ ਸਿਧ ਹੋ ਸਕਣ।

ਰੱਸੇ ਉਪਰ ਨਚਣ ਵਾਲਾ ਪਹਿਲਾਂ ਇਕੱਲਾ ਹੀ ਰਸੇ ਉਤੇ ਜਾ ਕੇ ਨਚਦਾ ਹੈ। ਜਦੋਂ ਉਸ ਦਾ ਅਭਿਆਸ ਪਕ ਜਾਂਦਾ ਹੈ ਤਾਂ ਉਹ ਆਪਣੇ ਨਾਲ ਇਕ ਹੋਰ ਮੁੰਡੇ ਜਾਂ ਕਿਸੇ ਭਾਰੀ ਵਸਤੂ ਨੂੰ ਵੀ ਨਾਲ ਲਿਜਾ ਕੇ ਨਾਚ ਕਰਦਾ ਹੈ। ਇਸੇ ਤਰ੍ਹਾਂ ਆਤਮਕ-ਜਿਗਿਆਸੂ ਵੀ ਪਹਿਲਾਂ ਆਪ ਅਭਿਆਸ ਕਰਦੇ ਹਨ ਅਤੇ ਫਿਰ ਸੰਗੀ ਸਾਥੀਆਂ ਨੂੰ ਵੀ ਉਸ ਮਾਰਗ ਦਾ ਸਾਂਝੀਵਾਲ ਬਣਾ ਲੈਂਦੇ ਹਨ।

ਮਨੁੱਖ ਨੂੰ ਆਪਣੀਆਂ ਭਾਵਨਾਵਾਂ ਉਤੇ ਜਾਂ ਤਾਂ ਕਾਬੂ ਪਾਉਣਾ ਚਾਹੀਦਾ ਹੈ ਜਾਂ ਅਲੋਪ ਹੋ ਜਾਣਾ ਚਾਹੀਦਾ ਹੈ। ਇਹ ਗੱਲ ਕਲਪਨਾ ਵਿਚ ਲਿਆਉਣਾ ਹੀ ਅਸੰਭਵ ਹੈ ਕਿ ਮਨੁੱਖ ਅੰਦਰ ਉਸਦਾ ਪੇਟ ਤੇ ਕਾਮ ਹੀ ਪ੍ਰਧਾਨ ਹੋਵੇ ਅਤੇ ਬਾਕੀ ਅੰਗਾਂ ਨੂੰ ਉਹ ਖਾਣ ਪੀਣ ਤੇ ਆਪਣੇ ਹਜ਼ਮ ਕਰਨ ਲਈ ਜਿਥੇ ਜਾਵੇ ਨਾਲ ਨਾਲ ਧੂਹੀ ਫਿਰੇ।

ਪੁਸਤਕਾਂ ਨੂੰ ਪੜ੍ਹਨਾ ਅਤੇ ਸਿਖਿਆ ਨੂੰ ਗ੍ਰਹਿਣ ਕਰਨਾ ਹੋਰ ਗੱਲ ਹੈ ਅਤੇ 'ਸੱਚ' ਦਾ ਬੋਧ ਪ੍ਰਾਪਤ ਕਰਨਾ ਹੋਰ ਗੱਲ। ਸੰਭਵ ਹੈ ਕਿ ਤੁਸੀਂ ਸਭ ਪਵਿਤਰ ਧਰਮ ਗ੍ਰੰਥ ਪੜ੍ਹ ਕੇ ਵੀ 'ਸਚ' ਦੇ ਬੋਧ ਤੋਂ ਵਿਹੂਣੇ ਰਹੋ।

ਮੌਤ ਇਹ ਨਹੀਂ ਪੁਛਦੀ, "ਤੁਹਾਡੇ ਕੋਲ ਕੀ ਹੈ?" ਉਹ ਪੁਛਦੀ ਹੈ, "ਤੁਸੀਂ ਕੌਣ ਹੋ?" ਜੀਵਨ ਦਾ ਪ੍ਰਸ਼ਨ ਇਹ ਨਹੀਂ ਹੁੰਦਾ, "ਮੇਰੇ ਕੋਲ ਕੀ ਹੈ?" ਸਗੋਂ ਇਹ ਹੁੰਦਾ ਹੈ, 'ਮੈਂ ਕੀ ਹਾਂ?"

ਥੋਰੋ ਸਜਾਵਟ ਨਾਲੋਂ ਵਿਹਲ ਨੂੰ ਵਧੇਰੇ ਮਹੱਤਤਾ ਦਿੰਦਾ ਸੀ।

ਲੈਣ ਨਾਲੋਂ ਦੇਣਾ ਵਧੇਰੇ ਚੰਗਾ ਵਣਜ ਹੈ।

ਪ੍ਰੇਮ ਉਦੋਂ ਰੋਗ ਬਣ ਜਾਂਦਾ ਹੈ, ਜਦੋਂ ਇਹ ਤੁਹਾਡੀ ਆਤਮਾ ਦੀ ਸੁਤੰਤਰਤਾ ਨੂੰ ਭੰਗ ਕਰ ਦਿੰਦਾ ਹੈ। ਇਸ ਨੂੰ ਆਪਣਾ ਦਾਸ ਬਣਾ ਲਵੋ ਤਾਂ ਸਾਰੀ ਦੁਨੀਆਂ ਦੀਆਂ ਕਰਾਮਾਤਾਂ ਤੁਹਾਡੀ ਮੁੱਠੀ ਵਿਚ ਆ ਜਾਣਗੀਆਂ।

ਪ੍ਰੇਮ ਦੀ ਇਛਾ ਕਰਕੇ ਆਪਣੇ ਆਪ ਨੂੰ ਦੁਫਾੜ ਨਾ ਹੋਣ ਦਿਉ।

ਜਿਹੜਾ ਸਿਪਾਹੀ ਮੁਹਿੰਮ ਨੂੰ ਸਰ ਕਰਨ ਜਾ ਰਿਹਾ ਹੁੰਦਾ ਹੈ, ਉਹ ਇਹ ਭਾਲ ਨਹੀਂ ਕਰਦਾ ਕਿ ਉਸ ਨੇ ਕਿਹੜਾ ਨਵਾਂ ਸਾਮਾਨ ਨਾਲ ਲੈ ਕੇ ਜਾਣਾ ਹੈ, ਸਗੋਂ ਇਹ ਸੋਚਦਾ ਹੈ ਕਿ ਉਸ ਨੇ ਕਿਹੜਾ ਛੱਡ ਕੇ ਜਾਣਾ ਹੈ। ਇਸ ਲਈ ਜੇ ਤੁਸੀਂ ਪ੍ਰਸਿਧੀ ਜਾਂ ਐਸ਼ਵਰਜ ਜਾਂ ਸੁਖ ਅਨੰਦ ਦੀ ਭਾਲ ਵਿਚ ਹੋ ਜਾਂ ਕੋਈ ਹੋਰ ਇਸ ਤਰ੍ਹਾਂ ਦੀ ਵਸਤੂ ਆਪਣੇ ਲਈ ਲੋੜਦੇ ਹੋ ਤਾਂ ਉਹ ਵਸਤੂ ਜਿਹੜੀ ਤੁਸੀਂ ਲਭ ਰਹੇ ਹੁੰਦੇ ਹੋ,

ਉਸ ਦਾ ਬਿੰਬ ਤੁਹਾਡੇ ਨਾਲ ਨਾਲ ਜਾਂਦਾ ਹੈ ਅਤੇ ਤੁਹਾਨੂੰ ਚਿੰਬੜਿਆ ਰਹਿੰਦਾ ਹੈ, ਤੁਹਾਨੂੰ ਇਸ ਨੂੰ ਆਪਣੇ ਨਾਲ ਨਾਲ ਚੁਕ ਕੇ ਲਿਜਾਣਾ ਪੈਂਦਾ ਹੈ-ਉਹ ਸ਼ਕਤੀ ਤੇ ਬਿੰਬ ਜੋ ਤੁਸੀਂ ਜਗਾਇਆ ਸੀ, ਉਹ ਇਕੱਤਰ ਹੋ ਜਾਵੇਗਾ ਅਤੇ ਇਕ ਨਵਾਂ ਰੂਪ ਧਾਰਣ ਕਰ ਲਵੇਗਾ। ਜੋ ਜੀਵਤ ਰਹਿਣ ਲਈ ਅਤੇ ਆਪਣੀ ਤੁਸ਼ਟੀ ਲਈ ਪ੍ਰਯਤਨ ਕਰੇਗਾ। ਇਸ ਲਈ ਉਸ ਤੋਂ ਸੁਚੇਤ ਰਹੋ, ਕਿਉਂਜੋ ਇਹ ਤੁਹਾਡੇ ਉਡਣ-ਖੰਭ ਤੇ ਤੁਹਾਡੇ ਲਈ ਸੁਖ-ਮਹਿਲ ਬਣਨ ਦੀ ਥਾਂ ਤੁਹਾਡੇ ਲਈ ਕਬਰ ਤੇ ਕਾਲ-ਕੋਠੜੀ ਨਾ ਬਣ ਜਾਵੇ।

ਆਪਣੇ ਮਨ ਨੂੰ ਸੁਹਾਵਣੀਆਂ ਯਾਦਾਂ ਅਤੇ ਖ਼ੁਸ਼ੀਦਾਇਕ ਵਿਚਾਰਾਂ ਨਾਲ ਭਰਪੂਰ ਰਖੋ। ਹਰ ਸਮੇਂ ਇਸ ਨੂੰ ਖ਼ੁਸ਼ੀਆਂ ਭਰੇ ਵਿਚਾਰਾਂ ਅਤੇ ਪ੍ਰਭੂ-ਚੇਤੰਨਤਾ ਨਾਲ ਨਕੋ ਨਕ ਭਰਪੂਰ ਕਰ ਦਿਉ, ਤੁਹਾਨੂੰ ਕਦੀ ਵੀ ਕਿਸੇ ਕਸ਼ਟ ਨੂੰ ਝਲਣ ਤੇ ਝੂਰਨ ਦਾ ਮੌਕਾ ਨਹੀਂ ਮਿਲੇਗਾ।

ਮੁਹੰਮਦ ਸਾਹਿਬ ਨੇ ਰੱਬ ਦੇ ਬੰਦੇ ਪ੍ਰਤੀ ਪ੍ਰੇਮ ਨੂੰ ਅਨੁਭਵ ਕੀਤਾ ਅਤੇ ਭਾਵੇਂ ਇਸ ਪ੍ਰੇਮ ਦੇ ਬਹੁਤ ਥੋੜ੍ਹੇ ਅੰਸ਼ਾਂ ਨੂੰ ਅਮਲੀ ਰੂਪ ਦਿਤਾ ਹੋਵੇ, ਪਰ ਇਸ ਨੇ ਸਾਰੇ ਅਰਬ ਜਗਤ ਨੂੰ ਉਤਸ਼ਾਹਤ ਕਰ ਦਿਤਾ ਅਤੇ ਭਿੰਨ ਭਿੰਨ ਕਬੀਲਿਆਂ ਨੂੰ ਇਕੋ ਮਨੁੱਖ ਦੇ ਝੰਡੇ ਥਲੇ ਲਿਆ ਖੜਾ ਕੀਤਾ।

'ਅੰਤਰੀਵ ਆਪਾ' ਹੀ 'ਬਾਹਰੀ ਆਪਾ' ਹੈ। ਇਹ ਸੱਚ ਹੈ, ਪਰ 'ਸੱਚਾ ਆਪਾ', 'ਝੂਠੇ ਆਪੇ' ਦੀ ਨਿਆਂਈਂ ''ਇੰਦਰਆਈ ਕਾਮਨਾਵਾਂ'' ਤੋਂ ਪ੍ਰੇਰਿਤ ਨਹੀਂ ਹੁੰਦਾ।

ਸੱਚਾ ਕਾਰਜ ਤਾਂ ਪ੍ਰਭੂ-ਚੇਤੰਨਤਾ ਦਾ ਆਭਾਸ ਹੈ। ਜੇ ਤੁਸੀਂ ਇਸ ਨੂੰ ਸੁਰਜੀਤ ਰਖ ਸਕਦੇ ਹੋ ਤਾਂ ਸਥਾਨ ਦਾ ਕੋਈ ਫ਼ਰਕ ਨਹੀਂ ਪੈਂਦਾ, ਭਾਵੇਂ ਇਹ ਨਿਯੂਯਾਰਕ ਦੀ ਭੀੜ ਵਾਲੀ ਥਾਂ ਹੋਵੇ ਜਾਂ ਹਿਮਾਲਾ ਦਾ ਕੋਈ ਇਕਾਂਤ ਭਾਗ, ਇਸ ਦਾ ਪ੍ਰਭਾਵ ਇਕ ਸਮਾਨ ਰਹਿੰਦਾ ਹੈ। ਸਥਾਨ, ਰੂਪ ਅਤੇ ਵਿਧੀ-ਵਿਧਾਨ ਨਾਲ ਇਸ ਗੱਲ ਵਿਚ ਕੋਈ ਅੰਤਰ ਨਹੀਂ ਆਉਂਦਾ।

ਉਹ ਮਨੁੱਖ ਉੱਚਾ ਨਹੀਂ ਉਠ ਸਕਦਾ, ਜਿਸ ਨੂੰ ਇਹ ਗਿਆਨ ਨਹੀਂ ਹੁੰਦਾ ਕਿ ਉਹ ਕਿਧਰ ਨੂੰ ਜਾ ਰਿਹਾ ਹੈ।

ਕਸ਼ਟ ਗ੍ਰਸਤ ਵਿਅਕਤੀ ਨੂੰ ਸਾਰੇ ਧੂੰਏਂ ਨੂੰ ਆਪ ਹੀ ਖਪਤ ਕਰਨਾ ਪੈਂਦਾ ਹੈ। ਜੇਕਰ ਤੁਸੀਂ ਇਸ ਨੂੰ ਅਗਨੀ ਦੇ ਰੂਪ ਵਿਚ ਪ੍ਰਜਵਲਤ ਨਹੀਂ ਕਰ ਸਕਦੇ ਤਾਂ ਧੂੰਏਂ ਨੂੰ ਧੁੱਖਦਾ ਰਖਣ ਦਾ ਕੋਈ ਲਾਭ ਨਹੀਂ ਹੈ ਅਰਥਾਤ ਅਲੰਕਾਰਕ ਰੂਪ ਵਿਚ ਸਭ ਪ੍ਰਕਾਰ ਦਾ ਧੂੰਆਂ ਅਗਨੀ ਦਾ ਰੂਪ ਧਾਰਣ ਕਰਨ ਦੇ ਯੋਗ ਹੈ।

ਅਧਿਆਇ ਛੇਵਾਂ

ਸੰਨਿਆਸ ਧਾਰਨ ਤੋਂ ਪਹਿਲਾਂ ਦਾ ਜੀਵਨ (ੳ)

ਵਿਦਿਆਰਥੀ ਅਤੇ ਪ੍ਰੋਫੈਸਰ

(1888 ਤੋਂ 1900)

ਅਸੀਂ ਪਿਛਲੇ ਕਾਂਡਾਂ ਵਿਚ ਸੰਕੇਤ ਕਰ ਚੁਕੇ ਹਾਂ ਕਿ 1903 ਤੋਂ 1906 ਦੇ ਸਾਲਾਂ ਵਿਚ ਸੁਆਮੀ ਰਾਮ ਤੀਰਥ ਜੀ ਦੀ ਆਲੌਕਿਕ ਤੇ ਮਹਾਨ ਚਮਤਕਾਰੀ ਸ਼ਖ਼ਸੀਅਤ ਨੇ ਅਮਰੀਕਾ, ਜਾਪਾਨ ਤੇ ਭਾਰਤ ਦੇ ਲੋਕਾਂ ਨੂੰ ਇਕਦਮ ਅਚੰਭਿਤ ਕਰ ਦਿਤਾ ਸੀ। ਸੰਨਿਆਸੀ ਦੇ ਭਗਵੇ ਬਾਣੇ ਵਿਚ ਸੁਸ਼ੋਭਿਤ, ਸੁਆਮੀ ਵਿਵੇਕਾਨੰਦ ਜੀ ਦੀ ਅਮਰੀਕਾ ਫੇਰੀ ਦੀ ਸਫ਼ਲਤਾ ਤੋਂ ਉਤਸ਼ਾਹਤ ਹੋ ਕੇ, ਆਪਣੀ ਅੰਮ੍ਰਿਤ ਰੂਪੀ ਪਵਿਤਰਤਾ ਨਾਲ ਨਕੋ ਨਕ ਭਰਪੂਰ ਅਤੇ ਅਦੁਤੀ ਪ੍ਰੇਰਨਾ ਵਿਚ ਰੱਤੇ ਤੇ ਮੱਤੇ ਸੁਆਮੀ ਰਾਮ ਤੀਰਥ ਜੀ ਸਾਰੇ ਸੰਸਾਰ ਵਿਚ ਆਪਣੇ ਰੱਬੀ ਵਿਸ਼ਵਾਸਾਂ ਦੀ ਦੌਲਤ ਨੂੰ ਵੰਡਣਾ ਚਾਹੁੰਦੇ ਸਨ। ਸੰਸਾਰ ਨੇ ਸੁਆਮੀ ਰਾਮ ਤੀਰਥ ਜੀ ਨੂੰ ਰੱਬੀ-ਪ੍ਰੇਰਨਾ ਨਾਲ ਭਰਪੂਰ, ਆਪਣੇ ਵੇਦਾਂਤ-ਦਰਸ਼ਨ ਦੇ ਸੱਚੇ ਸੁੱਚੇ ਤੇ ਪ੍ਰੇਰਨਾਸ਼ੀਲ ਵਿਆਖਿਆਕਾਰ ਵਜੋਂ ਤੱਕਿਆ, ਜਿਸ ਨੇ ਸੁਆਮੀ ਰਾਮ ਤੀਰਥ ਜੀ ਦੇ ਉਤਸ਼ਾਹ ਤੇ ਜੋਸ਼ ਨੂੰ ਹੋਰ ਹਲੂਣਾ ਦਿਤਾ ਅਤੇ ਉਹ ਇਕ ਅਕਹਿ ਅਨੰਦ ਦਾ ਸਰੂਪ ਬਣ ਗਏ। ਇਹ ਵੇਦਾਂਤ-ਦਰਸ਼ਨ ਉਨ੍ਹਾਂ ਦਾ ਆਪਣਾ ਮੌਲਿਕ ਸੀ। ਇੰਞ ਪ੍ਰਤੀਤ ਹੁੰਦਾ ਹੈ ਕਿ ਉਨ੍ਹਾਂ ਨੇ ਪ੍ਰਭੂ ਦੇ ਪਰਮ-ਸੁੰਦਰ ਸਰੂਪ ਨੂੰ ਆਪਣੇ ਅੰਤਰ-ਆਤਮੇ ਲਖ ਲਿਆ ਸੀ ਅਤੇ ਕਿਸੇ ਪਵਿਤਰ ਪੁਨੀਤ ਵਿਅਕਤੀਗਤ ਛੁਹ ਨੇ ਉਨ੍ਹਾਂ ਨੂੰ ਮਸਤਾਨਾ ਬਣਾ ਦਿਤਾ, ਜਿਸ ਨਾਲ ਉਹ ਰੱਬੀ-ਮਸਤੀ ਵਿਚ ਮਖ਼ਮੂਰ ਰਹਿੰਦੇ ਸਨ। ਜਿਵੇਂ ਕਿਸੇ ਉਚਤਮ-ਆਤਮਾ ਨੇ ਆਪਣੀ ਛੁਹ ਦੁਆਰਾ ਚੈਤਨਯਾ ਨੂੰ ਉਮਰ ਭਰ ਲਈ ਦੀਵਾਨਾ ਬਣਾ ਦਿਤਾ, ਤਿਵੇਂ ਹੀ ਸੁਆਮੀ ਰਾਮ ਤੀਰਥ ਜੀ ਦੀ ਹਾਲਤ ਵਿਚ ਹੋਇਆ ਪ੍ਰਤੀਤ ਹੁੰਦਾ ਹੈ। ਇਕ ਸ਼ਾਨਦਾਰ ਰੰਗ ਰੱਤੜੀ ਸ਼ਖ਼ਸੀਅਤ ਜੋ ਰੱਬੀ ਅਨੁਭਵ ਨਾਲ ਲਟ ਲਟ ਬਲਦੀ ਹੋ, ਨਿਰੋਲ ਮਨੁੱਖੀ ਘਾਲਣਾ ਦੀ ਦੇਣ ਨਹੀਂ ਹੋ ਸਕਦੀ, ਭਾਵੇਂ ਮਨੁੱਖੀ ਰੂਪ ਵਿਚ ਉਸ ਦੀਆਂ ਪ੍ਰਾਪਤੀਆਂ ਤੇ ਸਫ਼ਲਤਾਵਾਂ ਕਿੰਨੀਆਂ ਵੀ ਮਹਾਨ ਕਿਉਂ ਨਾ ਹੋਣ। ਸੁਆਮੀ ਰਾਮ ਤੀਰਥ ਜੀ ਨੂੰ ਪ੍ਰਭੂ ਹੱਥਾਂ ਨੇ ਆਪ ਸ਼ਿੰਗਾਰਿਆ ਸੀ, ਜਿਵੇਂ

ਕਿ ਇਹ ਰੱਬੀ ਹੱਥ ਲਿਲੀ ਫੁੱਲ ਨੂੰ ਸਫੈਦ, ਗੁਲਾਬ ਨੂੰ ਸੂਹੇ ਅਤੇ ਬਨਫਸ਼ੇ ਦੇ ਫੁੱਲ ਨੂੰ ਊਦੇ ਰੰਗ ਨਾਲ ਸ਼ਿੰਗਾਰਦੇ ਹਨ।

ਸੁਆਮੀ ਰਾਮ ਤੀਰਥ ਜੀ ਅਨੇਕ ਵਾਰ ਪਵਿਤਰ ਮੰਤਰ 'ਓਮ' ਦੇ ਨਿਰੰਤਰ ਜਾਪ ਉਤੇ ਜ਼ੋਰ ਦਿੰਦੇ ਹਨ। ਆਪ ਵੀ ਉਹ 'ਓਮ' ਦੇ ਮੰਤਰ ਦਾ ਨਿਰੰਤਰ ਜਾਪ ਕਰਦੇ ਸਨ। ਉਨ੍ਹਾਂ ਦੇ ਸ਼ਿਸ਼ਾਂ ਵਿਚੋਂ ਕੋਈ ਵੀ ਉਨ੍ਹਾਂ ਸਮਾਨ ਇਸ ਮੰਤਰ ਦੇ ਜਾਪ ਨੂੰ ਆਪਣੇ ਜੀਵਨ ਦਾ ਸਦੀਵੀ ਅੰਗ ਨਾ ਬਣਾ ਸਕਿਆ, ਉਹ ਕੇਵਲ ਉਨਾ ਚਿਰ ਹੀ ਇਹ ਜਾਪ ਕਰਦੇ, ਜਿੰਨੇ ਦਿਨ ਜਾਂ ਘੰਟੇ ਉਹ ਸੁਆਮੀ ਰਾਮ ਤੀਰਥ ਜੀ ਦੀ ਸੰਗਤ ਵਿਚ ਰਹਿੰਦੇ। ਮੈਂ ਉਨ੍ਹਾਂ ਨੂੰ ਇਹ ਕਦੇ ਵੀ ਗਿਲਾ ਕਰਦੇ ਨਹੀਂ ਸੁਣਿਆਂ ਕਿ ਇਸ 'ਓਮ' ਮੰਤਰ ਦੇ ਜਾਪ ਤੇ ਅਭਿਆਸ ਨੇ ਉਨ੍ਹਾਂ ਨੂੰ ਥਕਾ ਦਿਤਾ ਹੈ। ਉਹ ਕਹਿੰਦੇ ਹੁੰਦੇ ਸਨ ਕਿ 'ਓਮ' ਤਾਂ ਰੱਬੀ ਜੀਵਨ ਦਾ ਇਕ ਬਿਸਰਾਮ ਚਿੰਨ੍ਹ ਹੈ। ''ਇਸ ਦੇ ਜਾਪ ਤੋਂ ਬਿਨਾਂ ਮਨੁੱਖ ਅੰਦਰ ਰੱਬੀ-ਸੁਆਸਾਂ ਦਾ ਸੰਚਾਰ ਹੋ ਹੀ ਨਹੀਂ ਸਕਦਾ। ਇਸ ਤੋਂ ਬਿਨਾਂ ਤਾਂ ਪ੍ਰਾਣੀ ਦੀ ਮੌਤ ਹੋ ਜਾਂਦੀ ਹੈ।'' ਉਹ ਉਸ 'ਬਹਾਈ' ਦੀ ਪਸ਼ੰਸਾ ਕਰਦੇ ਹੁੰਦੇ ਸਨ, ਜਿਸ ਦੇ ਭਾਸ਼ਣ ਨੂੰ ਉਨ੍ਹਾਂ ਨੇ ਮਿਸਰ ਜਾਂ ਅਮਰੀਕਾ ਵਿਚ ਸੁਣਿਆਂ ਸੀ। ਉਨ੍ਹਾਂ ਨੇ ਦਸਿਆ, ''ਉਸ ਬਹਾਈ ਸਜਣ ਨੇ ਆਪਣੇ ਭਾਸ਼ਣ ਵਿਚ ਕੋਈ ਕਾਮਾ, ਬਿੰਦੀ ਜਾਂ ਪੂਰਨ-ਵਿਰਾਮ ਨਹੀਂ ਵਰਤਿਆ ਸਗੋਂ ਆਪਣੇ ਪ੍ਰੀਤਮ ਦੇ ਨਾਮ ਬਾਹਾ! ਬਾਹਾ! ਬਾਹਾ!'' ਨੂੰ 'ਰਹਾਉ' ਵਜੋਂ ਵਰਤਦਾ ਰਿਹਾ। 'ਬਾਹਾ ਦੇ ਅਰਥ ਹਨ ਜੋਤੀ ਜਾਂ ਰੌਸ਼ਨੀ।' ਵਸ਼ਿਸ਼ਟ ਆਸ਼ਰਮ ਵਿਚ ਨਿਵਾਸ ਸਮੇਂ ਵੀ ਉਹ ਨਿਰੰਤਰ ਸਿਮਰਨ * ਦੇ ਰੰਗ ਵਿਚ ਰਤੇ ਰਹਿੰਦੇ ਸਨ। ਜੇ ਆਪ ਵਸ਼ਿਸ਼ਟ ਆਸ਼ਰਮ ਦੇ ਪਰਬਤੀ ਘਾਟੀ ਦੇ ਹਰੇ ਘਾਹ ਉਤੋਂ ਕਦੀ ਤਿਲਕ ਪੈਂਦੇ ਤਾਂ ਆਪ ਇੰਞ ਕਹਿੰਦੇ,' ''ਉਹ! ਮੈਂ ਇਸ ਲਈ ਡਿਗਿਆ ਹਾਂ, ਕਿਉਂਕਿ ਮੈਂ-ਆਪਣੇ ਪ੍ਰੀਤਮ ਦੇ ਨਾਮ ਨੂੰ ਭੁਲਾ ਦਿਤਾ ਸੀ! ਤੁਸੀਂ ਮੇਰੇ ਨਾਲ ਆ ਗਏ ਹੋ, ਤੁਸਾਂ ਮੇਰੀ 'ਪ੍ਰਭੂ-ਦ੍ਰਿਸ਼ਟੀ' ਵਿਚ ਵਿਘਨ ਪਾ ਦਿਤਾ ਹੈ। ਮੈਂ ਡਿਗ ਪਿਆ ਹਾਂ, ਮੈਂ ਕੰਮਜ਼ੋਰ ਹੋ ਗਿਆ ਹਾਂ, ਕਿਉਂਜੋ ਮੈਂ ਆਪਣੇ ਪ੍ਰੀਤਮ ਨੂੰ ਭੁਲ ਬੈਠਾ ਹਾਂ।''

ਭਾਵੇਂ ਮਨੁੱਖ ਦੀ ਇੱਛਾ ਸ਼ਕਤੀ ਕਿਨੀ ਵੀ ਬਲਵਾਨ ਕਿਉਂ ਨਾ ਹੋਵੇ, ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸਿਮਰਨ ਦਾ ਵਰਤਾਰਾ ਜਾਂ ਦੂਜੇ ਸ਼ਬਦਾਂ ਵਿਚ ਪਵਿਤਰ ਮੰਤਰ 'ਓਮ' ਦਾ ਬਾਰਮਬਾਰ ਜਾਪ ਰੱਬੀ ਪ੍ਰੇਰਨਾ ਦੁਆਰਾ

1 ਸਿਮਰਨ ਤੋਂ ਭਾਵ 'ਓਮ' ਦੇ ਮੰਤਰ ਦਾ ਨਿਰੰਤਰ ਜਾਪ ਹੈ ਉਸ ਸ਼ਬਦ ਦਾ ਜਾਪ ਜੋ ਆਤਮ-ਅਨੁਭੂਤੀ ਮਨਨ ਜਾਂ ਆਤਮਿਕ ਸਮਾਧੀ ਦੀ ਅਵਸਥਾ ਤਕ ਲੈ ਜਾਂਦਾ ਹੈ।

ਹੀ ਸੰਭਵ ਹੋ ਸਕਦਾ ਹੈ। ਇਹ ਮਨੁੱਖ ਦੀ ਇੱਛਾ ਸ਼ਕਤੀ ਉਤੇ ਨਿਰਭਰ ਨਹੀਂ ਹੁੰਦਾ, ਜਿਹਾ ਕਿ ਸਾਧਾਰਣ ਗਲਬਾਤ ਵਿਚ ਅਸੀਂ ਮੰਨ ਲੈਂਦੇ ਹਾਂ। ਨਹੀਂ, ਇਹ ਇੰਝ ਨਹੀਂ ਹੋ ਸਕਦਾ। ਜੋ ਇਸ ਨੂੰ ਆਪਣੀ ਇੱਛਾ ਸ਼ਕਤੀ ਜਾਂ ਸਵੈ-ਸਾਧਨਾ ਦੇ ਸੰਜਮ ਵਜੋਂ ਕਰਦੇ ਹਨ, ਭਾਵੇਂ ਉਹ ਜੀਵਨ ਭਰ ਵੀ ਇਸ ਸ਼ਬਦ ਦਾ ਜਾਪ ਕਰਦੇ ਰਹਿਣ,ਉਨ੍ਹਾਂ ਨੂੰ ਉਹ ਦੈਵੀ ਪ੍ਰਾਪਤੀ ਨਹੀਂ ਹੋ ਸਕਦੀ। ਆਰੰਭ ਵਿਚ ਇਹ ਸਾਧਨਾ ਵਜੋਂ ਕੀਤਾ ਜਾਂਦਾ ਹੈ ਅਤੇ ਅੰਤ ਵਿਚ ਵੀ ਇਹ ਕੇਵਲ ਸਾਧਨਾ ਹੀ ਰਹਿੰਦੀ ਹੈ। ਪਰ ਦੂਜੇ ਖੰਨੇ ਜੋ ਇਸ ਸਿਮਰਨ ਨੂੰ ਰੱਬੀ ਪ੍ਰੇਰਨਾ ਅਧੀਨ ਆਪਣੇ ਜੀਵਨ ਦਾ ਅੰਗ ਬਣਾਉਂਦੇ ਹਨ, ਉਹ ਤਾਂ ਇਸ ਤੋਂ ਬਿਨਾਂ ਜੀਵਤ ਨਹੀਂ ਰਹਿ ਸਕਦੇ। ਜੇ ਉਨ੍ਹਾਂ ਦੈਵੀ ਪੁਰਸ਼ਾਂ ਵਿਚ ਸਿਮਰਨ ਦਾ ਇਹ ਨਿਰੰਤਰ ਅਭਿਆਸ ਰੁਕ ਜਾਵੇ ਤਾਂ ਉਨ੍ਹਾਂ ਨੂੰ ਇੰਝ ਪ੍ਰਤੀਤ ਹੋਣ ਲਗ ਪੈਂਦਾ ਹੈ, ਜਿਵੇਂ ਉਨ੍ਹਾਂ ਦਾ ਤਨ ਸੜ ਰਿਹਾ ਹੋਵੇ, ਮਨ ਲੁਛ ਰਿਹਾ ਹੋਵੇ ਅਤੇ ਦਿਲ ਅੰਨ੍ਹਾ ਹੋ ਗਿਆ ਹੋਵੇ। ਆਪਣੀ ਆਤਮਾ ਵਿਚ ਗੰਗਾ ਦੇ ਇਸ ਚਲ ਰਹੇ ਪ੍ਰਵਾਹ ਦੇ ਰੁਕ ਜਾਣ ਨਾਲੋਂ ਤਾਂ ਉਹ ਮੌਤ ਨੂੰ ਚੰਗੇਰਾ ਸਮਝਦੇ ਹਨ। ਇਹ ਸਿਮਰਨ ਤਾਂ ਪ੍ਰਭੂ ਦੀ ਮਿਹਰ ਜਾਂ ਨਦਰਿ ਕਰਮ ਦਾ ਫੱਲ ਹੁੰਦਾ ਹੈ। ਇਹ ਤਾਂ ਮਨੁੱਖ ਅੰਦਰ ਉਸ 'ਸਰਵਉਚ ਹਸਤੀ' ਦਾ ਆਭਾਸ ਕਰਾਉਂਦਾ ਹੈ। ਇਹ ਹੈ ਭਾਰਤ ਦੀ ਵਾਸਤਵਿਕ ਆਤਮਾ, ਜੋ ਹਰ ਸੱਚਾ ਭਾਰਤੀ ਭਾਵੇਂ ਉਹ ਹਿੰਦੂ ਹੋਵੇ ਜਾ ਮੁਸਲਮਾਨ ਜਾਂ ਸਿਖ ਜਾਂ ਕੋਈ ਹੋਰ, ਦੀ ਆਤਮਾ ਵਿਚ ਪ੍ਰਵਾਹਤ ਹੁੰਦੀ ਰਹਿਦੀ ਹੈ। ਇਹ ਆਤਮਕ ਅਨੁਭੂਤੀ ਅਨੰਤ ਸਰੂਪੀ ਹੁੰਦੀ ਹੈ ਅਤੇ ਇਸ ਦੈਵੀ ਪ੍ਰੇਰਨਾ ਤੋਂ ਬਿਨਾਂ ਮਨੁੱਖ ਦੇ ਸਾਰੇ ਯਤਨ ਨਿਰਾਸ਼ਾ, ਰੂਹ ਦੀ ਥਕਾਨ ਅਤੇ ਆਤਮਾ ਦੀ ਨਿਰਬਲਤਾ ਵਿਚ ਅੰਤ ਹੋ ਜਾਂਦੇ ਹਨ। ਇਸ ਦੈਵੀ-ਆਵੇਸ਼ ਤੋਂ ਬਿਨਾਂ ਸਭ ਝੂਠਾ ਅਭਿਮਾਨ ਹੈ। ਸੁਆਮੀ ਜੀ ਇਸ ਪ੍ਰੇਰਨਾ ਦੀ ਉਚ ਆਤਕ ਅਵਸਥਾ ਵਿਚ ਵਿਚਰਦੇ ਰਹੇ ਸਨ, ਇਸ ਤੋਂ ਕੋਈ ਵੀ ਇਨਕਾਰ ਨਹੀਂ ਕਰ ਸਕਦਾ।

ਸੁਆਮੀ ਰਾਮ ਤੀਰਥ ਜੀ ਦਾ ਜੀਵਨ ਇਕ ਸੱਚੇ ਸੁਚੇ ਭਗਤ ਦਾ ਜੀਵਨ ਸੀ, ਉਹ ਸਿਮਰਨ ਵਾਲੇ ਵਿਅਕਤੀ ਸਨ, ਉਹ ਆਤਮ-ਨਸ਼ਿਆਏ ਕਵੀ ਸਨ ਅਤੇ ਇਕ ਅਜਿਹੇ ਦੀਵਾਨੇ ਮਸਤਾਨੇ ਦੇਵ ਪੁਰਸ਼ ਸਨ, ਜਿਨ੍ਹਾਂ ਨੂੰ ਪ੍ਰਭੂ ਦੇ ਪਰਮ-ਸੁੰਦਰ ਸਰੂਪ ਨੇ ਖੀਵਾ ਕਰ ਦਿਤਾ ਸੀ। ਉਨ੍ਹਾਂ ਦੇ ਮਨ ਦੀ ਇਹ ਸਤਚਿਤ ਅਨੰਦ ਦੀ ਲਗਾਤਾਰਤਾ ਉਨ੍ਹਾਂ ਦੇ ਜੀਵਨ ਦੀ ਨਿਰੰਤਰ ਸਾਧਨਾ ਅਤੇ ਦੈਵੀ-ਪ੍ਰੇਰਨਾ ਦਾ ਫੱਲ ਸੀ, ਜੋ ਉਨ੍ਹਾਂ ਨੂੰ ਅਨੁਭਵ ਦੇ ਰੂਪ ਵਿਚ ਸਦਾ ਪ੍ਰਾਪਤ ਹੁੰਦੀ ਰਹਿੰਦੀ ਸੀ। ਸੁਆਮੀ ਜੀ ਦੇ ਆਤਮਕ ਜੀਵਨ ਵਿਚ ਇਸ ਦੈਵੀ ਪ੍ਰੇਰਨਾ ਦੇ ਭਰਪੂਰ ਕਾਂਗ-ਉਛਾਲੇ ਆਉਂਦੇ ਰਹੇ ਹਨ, ਇਸ ਦੇ ਪ੍ਰਮਾਣ ਉਨ੍ਹਾਂ ਦੇ ਜੀਵਨ ਦੇ ਕਈ ਸਮਾਚਾਰਾਂ ਤੋਂ

ਮਿਲਦੇ ਹਨ। ਇਸ ਦੈਵੀ ਪ੍ਰੇਰਨਾ ਦੀ ਪ੍ਰਾਪਤੀ ਲਈ ਉਨ੍ਹਾਂ ਦੀ ਸਾਲਾਂ ਬਧੀ ਸਾਧਨਾ ਸਹਾਈ ਹੋਈ। ਜਿਸ ਨੂੰ ਉਹ ਗਣਿਤ-ਵਿਗਿਆਨੀ ਵਾਲੀ ਦ੍ਰਿੜਤਾ, ਪ੍ਰੇਮੀ ਵਾਲੇ ਆਤਮ-ਸਮਰਪਣ, ਦਰਸ਼ਨਵੇਤਾ ਵਾਲੀ ਬੇਪ੍ਰਵਾਹੀ ਅਤੇ ਵਿਜੇਈ ਵਾਲੀ ਇੱਛਾ-ਸ਼ਕਤੀ ਨਾਲ ਨਿਰਾਸ਼ਾ ਦੇ ਪਲਾਂ ਵਿਚ ਵੀ ਆਪਣਾ ਅੰਗੀ ਸੰਗੀ ਬਣਾ ਲੈਂਦੇ ਸਨ। ਸੁਆਮੀ ਰਾਮ ਤੀਰਥ ਜੀ ਇਨ੍ਹਾਂ ਦੈਵੀ ਪ੍ਰੇਰਨਾ ਦੇ ਕਾਂਗ ਉਛਾਲਿਆਂ ਨੂੰ ਘੁੱਟ ਕੇ ਪਕੜ ਲੈਂਦੇ ਸਨ। ਆਪ ਦੀ ਕਵਿਤਾ, ਵਿਸ਼ਾਲ ਅਧਿਐਨ, ਇਕਾਂਤਵਾਸ ਨਾਲ ਪ੍ਰੇਮ ਤੇ ਲਗਾਤਾਰ ਕੰਮ ਕਰਦੇ ਰਹਿਣਾ ਇਸ ਉਦੇਸ਼ ਵਿਚ ਉਨ੍ਹਾਂ ਦੀ ਬੜੀ ਸਹਾਇਤਾ ਕਰਦੇ ਸਨ। ਪਰ ਆਤਮਕ ਅੰਤਰ ਦ੍ਰਿਸ਼ਟੀ ਰਖਣ ਵਾਲਾ ਹਰ ਪ੍ਰਾਣੀ ਇਸ ਨੂੰ ਸਵੀਕਾਰ ਕਰੇਗਾ ਕਿ ਉਨ੍ਹਾਂ ਦੇ ਵਿਅਕਤਿਤਵ ਦਾ ਸੁੰਦਰ ਪ੍ਰਕਾਸ਼ਮਈ ਅਸਤਿਤਵ ਇਕ ਵਾਰ ਤਾਂ ਧੁੰਧਲੇ ਰੂਪ ਵਿਚ ਚੈਤੰਨਯਾ ਦੀ ਯਾਦ ਤਾਜ਼ਾ ਕਰਾ ਦਿੰਦਾ ਹੈ।

ਜਦੋਂ ਸੁਆਮੀ ਰਾਮ ਤੀਰਥ ਜੀ ਦੇ ਆਪਣੇ ਸ਼ਬਦਾਂ ਵਿਚ ਉਹ ਆਪ 'ਪ੍ਰਭੂ ਸਮਾਨ ਜਗਮਗਾ ਰਹੇ ਸਨ', ਉਦੋਂ ਵੀ ਭਗਤੀ ਰਤੀ ਆਤਮਾ ਉਨ੍ਹਾਂ ਦੇ ਅੰਦਰ ਤੀਬਰ ਰੂਪ ਵਿਚ ਧੜਕ ਰਹੀ ਸੀ। ਸਾਂਨਫ਼ਰਾਂਸਿਸਕੋ ਵਿਖੇ ਜਦੋਂ ਉਨ੍ਹਾਂ ਇਹ ਸ਼ਬਦ ਕਹੇ, "ਮੈਂ ਪ੍ਰਭੂ ਹਾਂ" ਤਾਂ ਉਨ੍ਹਾਂ ਦੇ ਮੁੰਦ ਨੇਤਰਾਂ ਵਿਚੋਂ ਮਹਾਂ ਅਨੰਦ ਦੇ ਹੰਝੂ ਵਹਿ ਰਹੇ ਸਨ, ਉਨ੍ਹਾਂ ਦਾ ਚਿਹਰਾ ਜਗਮਗਾ ਰਿਹਾ ਸੀ ਅਤੇ ਉਨ੍ਹਾਂ ਦੀਆਂ ਬਾਹਾਂ ਵਿਚ ਕੁਝ ਇਸ ਪ੍ਰਕਾਰ ਦੀ ਭਾਵਨਾ ਉਭਰ ਰਹੀ ਸੀ, ਜਿਵੇਂ ਉਨ੍ਹਾਂ ਨੇ ਸਾਰੇ ਵਿਸ਼ਵ ਨੂੰ ਹੀ ਆਪਣੇ ਕਲਾਵੇ ਵਿਚ ਬੰਨ ਲੈਣਾ ਹੋਵੇ। ਅਜਿਹੇ ਮਨੋਭਾਵ ਯਕੀਨੀ ਤੌਰ ਤੇ ਕਿਸੇ ਦਾਰਸ਼ਨਿਕ ਜਾਂ ਚਿੰਤਕ ਦੇ ਨਹੀਂ ਹੋ ਸਕਦੇ। ਇਹ ਤਾਂ ਇਕ ਸੱਚੇ ਵੈਸ਼ਨਵ ਭਗਤ ਦੇ ਭਾਵ-ਉਦਗਾਰ ਸਨ। ਉਨ੍ਹਾਂ ਦੇ ਜੀਵਨ ਦੇ ਆਰੰਭਕ ਸਮੇਂ ਵੀ ਜਦੋਂ ਉਹ ਆਪਣੇ ਕਿਸੇ ਵਿਆਖਿਆਨ ਵਿਚ ਕ੍ਰਿਸ਼ਨ ਜੀ ਦਾ ਨਾਮ ਲੈਂਦੇ ਸਨ ਤਾਂ ਘੰਟਿਆਂ ਬੱਧੀ ਉਨ੍ਹਾਂ ਦੀਆਂ ਅਖਾਂ ਵਿਚੋਂ ਹੰਝੂ ਵਹਿੰਦੇ ਰਹਿੰਦੇ ਸਨ। ਹਰਦਵਾਰ ਵਿਖੇ ਗੰਗਾ ਵਿਚ ਇਸ਼ਨਾਨ ਕਰਦਿਆਂ ਉਨ੍ਹਾਂ ਨੂੰ ਇੰਝ ਦਿਖਾਈ ਦਿੰਦਾ ਸੀ, ਜਿਵੇਂ ਕ੍ਰਿਸ਼ਨ ਜੀ ਕਾਦੰਬ ਬਿਰਛ ਹੇਠਾਂ ਹੋਠਾਂ ਨੂੰ ਬੰਸਰੀ ਲਾਈ ਖੜੇ ਹੋਣ ਅਤੇ ਇਸ ਬੰਸਰੀ ਦੀ ਧੁਨ ਉਨ੍ਹਾਂ ਦੇ ਕੰਨਾਂ ਵਿਚ ਸੁਣਾਈ ਦਿੰਦੀ ਹੋਵੇ। ਲਾਹੌਰ ਆਪਣੇ ਘਰ ਵਿਚ ਸੂਰ ਸਾਗਰ ਨੂੰ ਪੜ੍ਹਦਿਆਂ ਤੇ ਗਾਉਂਦਿਆਂ ਹੋਇਆਂ ਉਹ ਡੂੰਘੇ ਭਗਤੀ ਭਾਵਾਂ ਵਿਚ ਰੰਗੇ ਗਏ ਅਤੇ ਬੇਹੋਸ਼ ਹੋ ਗਏ, ਇਸ ਅਵਸਥਾ ਵਿਚ ਉਨ੍ਹਾਂ ਨੂੰ ਭਗਵਾਨ ਕ੍ਰਿਸ਼ਨ ਜੀ ਦੇ ਸਾਖਸ਼ਾਤ ਦਰਸ਼ਨ ਹੋਏ ਸਨ । ਹੋਸ਼ ਆਉਣ ਤੇ ਉਨ੍ਹਾਂ ਨੇ ਵੇਖਿਆ ਕਿ ਉਨ੍ਹਾਂ ਦੇ ਕਮਰੇ ਵਿਚ ਸ਼ੇਸ਼ਨਾਗ ਦੀ ਫਨ ਉਪਰ ਸ੍ਰੀ ਕ੍ਰਿਸ਼ਨ ਜੀ ਨਿਰਤ ਕਰ ਰਹੇ ਹਨ। ਉਨ੍ਹਾਂ ਮੈਨੂੰ ਆਪ ਦਸਿਆ ਕਿ ਕਈ ਦਿਨ ਤੇ ਰਾਤਾਂ ਉਹ ਸ੍ਰੀ ਕ੍ਰਿਸ਼ਨ ਜੀ

ਦੇ ਪ੍ਰੇਮ ਵੈਰਾਗ ਵਿਚ ਰੋਂਦੇ ਰਹੇ ਅਤੇ ਸਵੇਰੇ ਉਠ ਕੇ ਉਨ੍ਹਾਂ ਦੀ ਧਰਮਪਤਨੀ ਹੰਝੂਆਂ ਨਾਲ ਭਿਜੇ ਗਿਲੇ ਸਿਰਹਾਣੇ ਨੂੰ ਵੇਖਦੀ ਰਹੀ।

ਮੈਂ ਉਠਿਆ ਤੇ ਜਾਤਾ,
ਆਪਣਾ ਗਿਲਾ ਸਿਰਹਾਣਾ ਤੱਕਿਆ,
ਸੁਤਿਆਂ ਸੁਤਿਆਂ ਡੂੰਘੇ ਥਾਉਂ
ਅਥਰੂ ਇਹ ਸਨ ਆਏ,
ਕੋਈ ਵੀ ਜੀਵਨ ਦਾ ਗ਼ਮ ਨਹੀਂ ਸੀ,
ਫਿਰ ਵੀ ਅਥਰੂ ਹੌਲੀ ਹੌਲੀ
ਡੂੰਘੀ ਥਾਉਂ ਵਹਿੰਦੇ ਰਹੇ ਸਨ। (ਏ. ਈ.)

ਇਹ ਭਗਤੀ ਰੱਤੇ ਮਨੋਭਾਵ ਸੁਆਮੀ ਜੀ ਦੇ ਜੀਵਨ ਵਿਚ ਸਦਾ ਜੀਵਤ ਰਹੇ। ਇਹ ਉਨ੍ਹਾਂ ਦੀ ਕਵਿਤਾ ਵਿਚ ਵੀ ਮਿਲਦੇ ਹਨ, ਉਨ੍ਹਾਂ ਦੀ ਵਾਰਤਕ ਵਿਚ ਵੀ ਵਿਆਪਕ ਹਨ, ਇਹ ਉਨ੍ਹਾਂ ਦੀ ਬੋਲ ਬਾਣੀ ਵਿਚ ਵੀ ਸਨ, ਮੌਨ-ਮੁਦਰਾ ਵਿਚ ਵੀ ਅਤੇ ਇਥੋਂ ਤਕ ਕਿ ਨੀਂਦ ਦੀ ਅਵਸਥਾ ਵਿਚ ਵੀ ਇਹ ਉਨ੍ਹਾਂ ਦੇ ਸਾਥ ਹੁੰਦੇ ਸਨ। ਮੈਂ ਮਥੁਰਾ ਵਿਖੇ ਉਸ ਸਮੇਂ ਇਨ੍ਹਾਂ ਭਗਤੀ ਰੱਤੇ ਮਨੋਭਾਵਾਂ ਨੂੰ ਤੱਕਿਆ, ਜਦੋਂ ਸੁਆਮੀ ਰਾਮ ਤੀਰਥ ਜੀ ਯਮੁਨਾ ਕੰਢੇ ਰੇਤ ਉਤੇ ਖ਼ੁਸ਼ੀ ਵਿਚ ਨਚ ਰਹੇ ਸਨ। ਵਸ਼ਿਸ਼ਟ ਆਸ਼ਰਮ ਦੇ ਘਾਹਾਂ ਉਤੇ ਮੈਂ ਉਨ੍ਹਾਂ ਨੂੰ ਇਸ ਮਹਾਂ ਅਨੰਦ ਦੇ ਭਾਵਾਂ ਵਿਚ ਰੋਂਦਿਆਂ ਵੇਖਿਆ ਹੈ। ਉਥੇ ਵੀ ਉਨ੍ਹਾਂ ਦੇ ਕੋਲ ਕ੍ਰਿਸਨ ਜੀ ਦੀ ਛੋਟੀ ਮੂਰਤੀ ਸੀ, ਜਿਸ ਵਿਚ ਸ੍ਰੀ ਕ੍ਰਿਸ਼ਨ ਜੀ ਬੰਸਰੀ ਹੱਥ ਵਿਚ ਫੜੀ ਦਿਖਾਈ ਦਿੰਦੇ ਹਨ। ਜਦੋਂ ਮੈਂ ਸੁਆਮੀ ਜੀ ਨੂੰ ਪੁਛਿਆ, "ਸੁਆਮੀ ਜੀ ਇਹ ਕੀ ਹੈ?" ਉਨ੍ਹਾਂ ਨੇ ਹਸਦਿਆਂ ਹੋਇਆਂ ਉਤਰ ਦਿਤਾ, "ਇਹ ਰਾਮ ਸੁਆਮੀ ਦੇ ਜਾਦੂ ਦੀ ਕਰਾਮਾਤ ਹੈ, ਇਹ ਮੈਂ ਤੈਨੂੰ ਨਹੀਂ ਵਿਖਾਉਣੀ" ਪਰ ਉਨ੍ਹਾਂ ਨੇ ਮੈਨੂੰ ਉਸ ਮੂਰਤੀ ਨੂੰ ਵਿਖਾ ਕੇ ਫਿਰ ਆਪਣੇ ਕੋਲ ਸੰਭਾਲ ਲਿਆ।

ਉਨ੍ਹਾਂ ਦੇ ਵਿਅਕਤਿਤਵ ਦਾ ਇਹ ਅਨੰਦਮਈ ਖੇੜਾ ਉਨ੍ਹਾਂ ਦੇ ਬਚਪਨ ਵਿਚ ਗੁਜਰਾਂਵਾਲੇ ਦੇ ਧਨਾ ਭਗਤ ਨੂੰ ਲਿਖੇ ਗਏ ਪੱਤਰਾਂ ਵਿਚੋਂ ਵੀ ਲਭਦਾ ਹੈ। ਇਹ ਪੱਤਰ ਸੁਆਮੀ ਰਾਮ ਤੀਰਥ ਜੀ ਨੇ ਇਸ ਵਿਅਕਤੀ ਨੂੰ ਆਪਣੀ ਕਿਸ਼ੋਰ ਅਵਸਥਾ ਵਿਚ ਲਿਖੇ ਸਨ, ਜਦੋਂ ਉਨ੍ਹਾਂ ਦਾ ਮਨ ਬੜੀ ਸੰਵੇਦਨਸ਼ੀਲ ਦਸ਼ਾ ਵਿਚ ਸੀ। ਜਦੋਂ ਉਹ ਗੁਜਰਾਂਵਾਲੇ ਦੇ ਹਾਈ ਸਕੂਲ ਵਿਚ ਪੜ੍ਹ ਰਹੇ ਸਨ ਤਾਂ ਸੁਆਮੀ ਜੀ ਦੇ ਪਿਤਾ ਨੇ ਉਨ੍ਹਾਂ ਨੂੰ ਉਸ ਸਮੇਂ ਇਸ ਵਿਅਕਤੀ ਦੀ ਸੌਂਪਣਾਂ ਵਿਚ ਸੌਂਪਿਆ ਸੀ। ਬਚਪਨ

ਵਿਚ ਸੁਆਮੀ ਰਾਮ ਤੀਰਥ ਨੂੰ ਧਨਾ ਭਗਤ ਨਾਲ ਉਨ੍ਹਾਂ ਦੇ ਧਾਰਮਿਕ ਵਿਚਾਰਾਂ ਤੇ ਕਿਸੇ ਦੇ ਦਿਲ ਦੀ ਬੂਝ ਲੈਣ ਕਾਰਣ ਬੜਾ ਸਨੇਹ ਅਤੇ ਸਤਿਕਾਰ ਸੀ, ਪਰ ਪਿਛੋਂ ਇਸ ਵਿਅਕਤੀ ਨੇ ਇਨ੍ਹਾਂ ਗੁਣਾਂ ਨੂੰ ਗੁਆ ਲਿਆ। ਸੁਆਮੀ ਰਾਮ ਤੀਰਥ ਜੀ ਨੇ ਵਸ਼ਿਸ਼ਟ ਆਸ਼ਰਮ ਵਿਖੇ ਇਸ ਵਿਅਕਤੀ ਬਾਰੇ ਮੇਰੇ ਨਾਲ ਲੰਬੀ ਗਲਬਾਤ ਕੀਤੀ ਅਤੇ ਦਸਿਆ ਕਿ ਉਸ ਵਿਅਕਤੀ ਵਿਚ ਕਈ ਕਰਾਮਾਤੀ ਸ਼ਕਤੀਆਂ ਮੌਜੂਦ ਸਨ, ਪਰ ਪਿਛੋਂ ਉਹ ਸਾਰੀਆਂ ਖੀਣ ਹੋ ਗਈਆਂ ਅਤੇ ਉਨ੍ਹਾਂ ਵਿਚ ਫਾਥਾ ਹੀ ਉਹ ਆਪਣੀ ਅਧੋਗਤੀ ਤਕ ਪਹੁੰਚ ਗਿਆ।

ਇਹ ਪੱਤਰ ਉਸ ਛੋਟੇ ਲੜਕੇ ਵਲੋਂ ਲਿਖੇ ਗਏ ਹਨ, ਜਿਹੜਾ ਹਾਲੀ ਸਕੂਲ ਵਿਚ ਪੜ੍ਹਦਾ ਹੈ ਅਤੇ ਜਿਸ ਦੇ ਮਾਪੇ ਬੜੇ ਗ਼ਰੀਬ ਹਨ, ਪਰ ਜਿਸ ਦੇ ਮਨ ਵਿਚ ਉਚੇਰੀ ਵਿਦਿਆ ਪ੍ਰਾਪਤ ਕਰਨ ਦੀ ਇੱਛਾ ਬੜੀ ਤੀਬਰ ਹੈ, ਜੋ ਜੀਵਨ ਵਿਚ ਕਿਸੇ ਉਚੀ ਪਦਵੀ ਨੂੰ ਪ੍ਰਾਪਤ ਕਰਨਾ ਚਾਹੁੰਦਾ ਹੈ। ਉਹ ਬਿਨਾਂ ਕਿਸੇ ਦੀ ਸਹਾਇਤਾ ਦੇ ਉਚੀ ਤੋਂ ਉਚੀ ਸਿਖਿਆ ਪ੍ਰਾਪਤ ਕਰਨੀ ਚਾਹੁੰਦਾ ਹੈ, ਜਦੋਂ ਕਿ ਉਸ ਦੇ ਮਾਪੇ ਮੈਟ੍ਰਿਕ ਪਾਸ ਕਰ ਲੈਣ ਪਿਛੋਂ ਵੀ ਉਸ ਨੂੰ ਇਕ ਦਿਹਾੜੀਦਾਰ ਕਿਰਤੀ ਦੇ ਰੂਪ ਵਿਚ ਕੰਮ ਕਰਨ ਲਈ ਮਜਬੂਰ ਕਰ ਰਹੇ ਹਨ ਤਾਂ ਜੋ ਪਰਿਵਾਰ ਦਾ ਗੁਜ਼ਾਰਾ ਚਲ ਸਕੇ। ਇਸ ਲੜਕੇ (ਸੁਆਮੀ ਰਾਮ) ਦੇ ਮਨ ਵਿਚ ਇਕ ਹੋਰ ਇੱਛਾ ਬੜੀ ਪ੍ਰਬਲ ਹੈ ਕਿ ਉਸ ਨੂੰ ਕਿਸੇ ਨਾ ਕਿਸੇ ਤਰ੍ਹਾਂ ਪ੍ਰਭੂ ਪ੍ਰੀਤਮ ਦੀ ਪ੍ਰਾਪਤੀ ਹੋ ਜਾਵੇ ਅਤੇ ਉਹ ਇਕ ਅਜਿਹੇ ਅਧਿਆਤਮਕ ਅਨੁਭਵ ਨੂੰ ਜਗਾ ਸਕੇ, ਜਿਸ ਵਿਚ ਉਹ ਪ੍ਰਭੂ ਪ੍ਰੀਤਮ ਨੂੰ ਜਾਣ ਸਕੇ, ਉਸ ਨੂੰ ਅਨੁਭਵ ਕਰ ਸਕੇ ਅਤੇ ਉਸ ਵਿਚ ਅਭੇਦ ਹੋ ਸਕੇ। ਲੜਕਪਨ ਵਿਚ ਜਿਹੜੇ ਪੱਤਰ ਸੁਆਮੀ ਜੀ ਵਲੋਂ ਇਸ ਵਿਅਕਤੀ ਨੂੰ ਲਿਖੇ ਗਏ ਹਨ, ਉਨ੍ਹਾਂ ਵਿਚੋਂ ਆਤਮ-ਸਮਰਪਣ ਦੀ ਭਾਵਨਾ ਡੁਲ੍ਹ ਡੁਲ੍ਹ ਪੈਂਦੀ ਹੈ, ਕਿਉਂਜੋ ਉਨ੍ਹਾਂ ਦਾ ਇਹ ਵਿਸ਼ਵਾਸ ਸੀ ਕਿ ਇਹ ਵਿਅਕਤੀ ਪ੍ਰਭੂ ਦਰਸ਼ਨ ਵਿਚ ਉਨ੍ਹਾਂ ਦਾ ਸਹਾਇਕ ਜਾਂ ਮੁਰਸ਼ਦ ਬਣ ਸਕੇਗਾ। ਇਨ੍ਹਾਂ ਚਿਠੀਆਂ ਵਿਚ ਸੁਆਮੀ ਜੀ ਦੀ ਸਵੈ-ਜੀਵਨੀ ਦੀਆਂ ਬਹੁਤ ਸਾਰੀਆਂ ਝਲਕਾਂ ਵਿਦਮਾਨ ਹਨ ਕਿ ਕਿਵੇਂ ਇਕ ਨਿਰਧਨ ਪੰਜਾਬੀ ਵਿਦਿਆਰਥੀ ਦੇ ਰੂਪ ਵਿਚ ਉਨ੍ਹਾਂ ਦੇ ਮਨ ਵਿਚ ਕੀ ਇਛਾਵਾਂ ਤੇ ਸੰਕਲਪ ਮੌਜੂਦ ਸਨ ਅਤੇ ਉਹ ਆਪਣੇ ਜੀਵਨ ਦਾ ਨਿਰਬਾਹ ਕਿਸ ਤਰ੍ਹਾਂ ਕਰ ਰਹੇ ਸਨ ਤੇ ਕਿਸ ਤਰ੍ਹਾਂ ਦਾ ਜੀਵਨ ਗੁਜ਼ਾਰ ਰਹੇ ਸਨ, ਕਿਸਤਰ੍ਹਾਂ ਦੀ ਗਲਬਾਤ ਕਰਦੇ ਸਨ, ਕਿਸਤਰ੍ਹਾਂ ਕੰਮ ਕਰਦੇ ਸਨ ਅਤੇ ਕਿਸ ਤਰ੍ਹਾਂ ਸੋਚਦੇ ਸਨ। ਸੁਆਮੀ ਨਾਰਾਇਣ ਨੇ ਇਨ੍ਹਾਂ ਪੱਤਰਾਂ ਨੂੰ ਪੁਸਤਕ ਰੂਪ ਵਿਚ ਸੰਭਾਲ ਕੇ ਬੜਾ ਚੰਗਾ ਉਪਰਾਲਾ ਕੀਤਾ ਹੈ, ਇਨ੍ਹਾਂ ਵਿਚੋਂ ਕੁਝ ਤਾਂ ਡਾਇਰੀ ਦੇ ਰੂਪ ਵਿਚ ਸੁਆਮੀ ਜੀ ਦੇ ਜੀਵਨ

ਦਾ ਬਿਉਰਾ ਹਨ ਅਤੇ ਕੁਝ ਵਿਚ ਉਹ ਮਨੋਭਾਵ ਵਿਅਕਤ ਹਨ, ਜੋ ਸੁਆਮੀ ਜੀ ਨੇ ਇਸ ਧੰਨੇ ਭਗਤ ਨੂੰ ਲਿਖੇ ਪੱਤਰਾਂ ਵਿਚ ਅੰਕਤ ਕੀਤੇ ਹਨ। ਸੁਆਮੀ ਨਾਰਾਇਣ ਨੇ ਇਨ੍ਹਾਂ ਪੱਤਰਾਂ ਨੂੰ ਰਿਪੋਰਟਾਂ ਦੇ ਰੂਪ ਵਿਚ ਸੰਭਾਲ ਕੇ ਸੁਆਮੀ ਰਾਮ ਤੀਰਥ ਜੀ ਨੂੰ ਭੇਜਿਆ ਸੀ। ਇਨ੍ਹਾਂ ਪੱਤਰਾਂ ਤੋਂ ਪਤਾ ਲਗਦਾ ਹੈ ਕਿ ਧੰਨਾ ਭਗਤ ਲਗਾਤਾਰ ਸੁਆਮੀ ਜੀ ਕੋਲੋਂ ਪੈਸੇ ਦੀ ਮੰਗ ਕਰਦਾ ਰਹਿੰਦਾ ਸੀ, ਭਾਵੇਂ ਇਹ ਨਿਗੂਣੀ ਰਕਮ ਸੁਆਮੀ ਜੀ ਨੂੰ ਵਿਦਿਆਰਥੀ ਜੀਵਨ ਸਮੇਂ ਵਜ਼ੀਫ਼ੇ ਦੇ ਰੂਪ ਪ੍ਰਾਪਤ ਹੁੰਦੀ ਜਾਂ ਅਮੀਰ ਘਰਾਂ ਦੇ ਬੱਚਿਆਂ ਦੀ ਟਿਊਸ਼ਨ ਆਦਿ ਕਰਕੇ। ਜਦੋਂ ਉਹ ਪ੍ਰੋਫ਼ੈਸਰ ਬਣ ਕੇ 200 ਰੁਪਏ ਮਹੀਨਾ ਕਮਾ ਲੈਂਦੇ ਸਨ, ਤਦੋਂ ਵੀ ਪਰਿਵਾਰ ਦੇ ਮੈਂਬਰਾਂ ਵਲੋਂ ਤੇ ਧੰਨਾ ਭਗਤ ਵਲੋਂ ਇਹ ਪੈਸੇ ਦੀ ਮੰਗ ਸਦਾ ਬਣੀ ਰਹਿੰਦੀ ਸੀ। ਉਨ੍ਹਾਂ ਦੇ ਮਾਪੇ, ਭਰਾ ਆਦਿ ਉਨ੍ਹਾਂ ਕੋਲੋਂ ਪੈਸਿਆਂ ਦੀ ਮੰਗ ਕਰਦੇ ਸਨ ਅਤੇ ਉਨ੍ਹਾਂ ਦੀ ਆਪਣੀ ਪਤਨੀ ਨੂੰ ਵੀ ਘਰ ਦਾ ਖ਼ਰਚ ਤੋਰਨ ਲਈ ਤੇ ਘਰ ਵਿਚ ਆਏ ਪ੍ਰਾਹੁਣਿਆਂ ਦੀ ਟਹਿਲ ਸੇਵਾ ਲਈ ਪੈਸੇ ਲੋੜੀਂਦੇ ਸਨ ਕਿਉਂਜੋ ਇਹ ਗੱਲ ਮਸ਼ਹੂਰ ਸੀ ਕਿ ਸੁਆਮੀ ਰਾਮ ਲਾਹੌਰ ਦਾ ਇਕ ਵੱਡਾ ਆਦਮੀ ਹੈ, ਪਰ ਧੰਨਾ ਭਗਤ ਵਲੋਂ ਵੀ ਬਾਰ ਬਾਰ ਮੰਗ ਆ ਜਾਂਦੀ ਸੀ। ਸੁਆਮੀ ਰਾਮ ਤੀਰਥ ਸਭ ਤੋਂ ਪਹਿਲਾਂ ਧੰਨਾ ਭਗਤ ਦੀ ਮੰਗ ਹੀ ਪੂਰੀ ਕਰਦੇ ਹੁੰਦੇ ਸਨ। ਸੁਆਮੀ ਜੀ ਨੇ ਇਸ ਵਿਅਕਤੀ ਪ੍ਰਤੀ ਆਤਮ-ਸਮਰਪਣ ਦੀ ਅਜਿਹੀ ਪ੍ਰਤਿਗਿਆ ਕੀਤੀ ਸੀ ਕਿ ਉਹ ਘੱਟ ਹੀ ਉਸ ਦੀ ਸਲਾਹ ਤੇ ਅਗਵਾਈ ਤੋਂ ਬਿਨਾਂ ਕੰਮ ਕਰਦੇ ਸਨ। ਇਹ ਗੱਲ ਵੀ ਬੜੀ ਸਪੱਸ਼ਟ ਹੈ ਕਿ ਜੀਵਨ ਦੇ ਆਰੰਭਿਕ ਕਾਲ ਵਿਚ ਸੁਆਮੀ ਜੀ ਨੂੰ ਆਤਮਕ ਮਾਰਗ ਉਤੇ ਤੋਰਨ ਲਈ ਆਤਮਕ ਜਿਗਿਆਸਾ ਦੀ ਉਤਕੰਠਾ ਜਗਾਉਣ ਲਈ ਉਸ ਸਮੇਂ ਇਸ ਵਿਅਕਤੀ ਨੇ ਪ੍ਰੇਰਨਾ ਤੇ ਅਗਵਾਈ ਕੀਤੀ ਜਦੋਂ ਉਨ੍ਹਾਂ ਨੂੰ ਬਚਪਨ ਵਿਚ ਇਸ ਪ੍ਰੇਰਨਾ ਤੇ ਅਗਵਾਈ ਦੀ ਬੜੀ ਲੋੜ ਸੀ। ਆਪਣੇ ਸੁਵਰਗਵਾਸ ਹੋਣ ਤੋਂ ਥੋੜ੍ਹਾ ਸਮਾਂ ਪਹਿਲਾਂ ਸੁਆਮੀ ਰਾਮ ਤੀਰਥ ਜੀ ਨੇ ਧੰਨਾ ਭਗਤ ਨੂੰ ਮੇਰੇ ਰਾਹੀਂ ਇਕ ਪੱਤਰ ਭੇਜਿਆ ਅਤੇ ਮੈਨੂੰ ਇਹ ਨਿਰਦੇਸ਼ ਵੀ ਦਿਤਾ ਕਿ ਮੈਂ ਉਸ ਨੂੰ ਜਾ ਕੇ ਕੁਝ ਤੁਛ ਰਕਮ ਵੀ ਭੇਟਾ ਕਰ ਦੇਵਾਂ, ਕਿਉਂਜੋ ਸੁਆਮੀ ਜੀ ਦਾ ਕਹਿਣਾ ਸੀ ਕਿ ਉਸ ਵਿਚਾਰੇ ਦਾ ਕੋਈ ਸਹਾਰਾ ਨਹੀਂ ਅਤੇ ਉਹ ਹੁਣ ਬੁਢਾ ਹੋ ਚੁਕਾ ਹੈ। ਆਪਣੀ ਜੀਵਨ ਦੀ ਖੇਡ ਨੂੰ ਸਮਾਪਤ ਕਰਨ ਤੋਂ ਥੋੜ੍ਹੇ ਦਿਨ ਪਹਿਲਾਂ ਹੀ ਸੁਆਮੀ ਜੀ ਨੇ ਧੰਨਾ ਭਗਤ ਨੂੰ ਯਾਦ ਕੀਤਾ ਸੀ।

ਸੁਆਮੀ ਰਾਮ ਤੀਰਥ ਜੀ ਦੇ ਆਰੰਭਿਕ ਜੀਵਨ ਬਾਰੇ ਬਹੁਤ ਥੋੜ੍ਹਾ ਕੁਝ ਦਸਣ ਦੀ ਲੋੜ ਹੈ। ਉਹ 1873 ਵਿਚ ਪੰਜਾਬ ਦੇ ਗੁਜਰਾਂਵਾਲੇ ਜ਼ਿਲੇ ਦੇ ਇਕ ਪਿੰਡ ਮੁਰਾਲੀਵਾਲੇ ਵਿਖੇ ਪੈਦਾ ਹੋਏ। ਆਪ ਥੋੜ੍ਹੇ ਦਿਨਾਂ ਦੇ ਹੀ ਸਨ, ਜਦੋਂ ਆਪ

ਦੀ ਮਾਤਾ ਦਾ ਦੇਹਾਂਤ ਹੋ ਗਿਆ। ਉਨ੍ਹਾਂ ਦੀ ਪਾਲਣਾ ਪੋਸਣਾ ਉਨ੍ਹਾਂ ਦੇ ਵਡੇ ਭਾਈ ਗੋਸੁਆਮੀ ਗੁਰੂਦਾਸ ਅਤੇ ਬੁਢੀ ਤਾਈ ਨੇ ਕੀਤੀ। ਬਚਪਨ ਵਿਚ ਉਨ੍ਹਾਂ ਨੂੰ ਸੰਖ ਦੀ ਆਵਾਜ਼ ਬੜੀ ਚੰਗੀ ਲਗਦੀ ਸੀ। ਉਹ ਬੜੇ ਉਦਾਸ ਰਹਿਣ ਵਾਲੇ ਬੱਚੇ ਸਨ, ਜਿਨ੍ਹਾਂ ਨੂੰ ਇਕਾਂਤ ਬੜੀ ਪਸੰਦ ਸੀ। ਉਹ ਆਪਣੇ ਉਸਤਾਦ ਨੂੰ ਇਹ ਕਹਿ ਕੇ ਛੁਟੀ ਲੈ ਲੈਂਦੇ ਕਿ ਉਹ ਮੰਦਰ ਜਾ ਕੇ ਕੀਰਤਨ ਤੇ ਪਾਠ ਸੁਣ ਆਉਣ। ਰੋਟੀ ਵੇਲੇ ਵੀ ਉਹ ਇਸੇ ਤਰ੍ਹਾਂ ਮੰਦਰ ਚਲੇ ਜਾਂਦੇ ਸਨ। ਇਸ ਸ਼ਰਧਾਵਾਨ ਸ਼ਾਗਿਰਦ ਸਮਾਨ ਉਹ ਆਪਣੇ ਪਿੰਡ ਦੇ ਮੁਸਲਮਾਨ ਮੌਲਵੀ ਦਾ ਵੀ ਬੜਾ ਸਤਿਕਾਰ ਕਰਦੇ ਸਨ। ਇਕ ਵਾਰ ਉਨ੍ਹਾਂ ਨੇ ਆਪਣੇ ਪਿਤਾ ਨੂੰ ਇਹ ਕਿਹਾ ਕਿ ਉਹ ਆਪਣੀ ਸੱਜਰ ਸੂਈ ਮਝ ਮੌਲਵੀ ਜੀ ਨੂੰ ਦੇਣ, ਕਿਉਂਜੋ ਉਹ ਉਨ੍ਹਾਂ ਨੂੰ ਉਚੀ ਰੂਹਾਨੀ ਖੁਰਾਕ (ਵਿਦਿਆ) ਦਿੰਦਾ ਸੀ।

ਪਿੰਡ ਵਿਚ ਸਕੂਲੀ ਵਿਦਿਆ ਸਮਾਪਤ ਕਰਕੇ ਸੁਆਮੀ ਰਾਮ ਤੀਰਥ ਜੀ ਨੂੰ ਗੁਜਰਾਂਵਾਲੇ ਦੇ ਹਾਈ ਸਕੂਲ ਵਿਚ ਮੈਟ੍ਰਿਕ ਪਾਸ ਕਰਨ ਲਈ ਪੜ੍ਹਨੇ ਪਾਇਆ ਗਿਆ। ਇਥੇ ਹੀ ਉਨ੍ਹਾਂ ਦਾ ਸੰਪਰਕ ਧੰਨਾ ਭਗਤ ਵਰਗੇ ਰਹੱਸਮਈ ਵਿਅਕਤੀ ਨਾਲ ਹੋਇਆ, ਜਿਸ ਨੂੰ ਇਹ ਬਾਲ (ਸੁਆਮੀ ਰਾਮ ਤੀਰਥ) ਆਪਣੇ ਗੁਰੂ ਦੇ ਰੂਪ ਵਿਚ ਸਮਝਣ ਲਗ ਪਿਆ। ਇੰਝ ਪ੍ਰਤੀਤ ਹੁੰਦਾ ਹੈ ਕਿ ਡੂੰਘੀ ਆਤਮਕ ਸ਼ਰਧਾ ਅਧੀਨ ਸੁਆਮੀ ਜੀ ਨੇ ਇਸ ਵਿਅਕਤੀ ਦੇ ਸਨਮੁਖ ਆਪਣਾ ਤਨ ਮਨ ਸਮਰਪਤ ਕਰ ਦਿਤਾ ਸੀ।

1888 ਵਿਚ ਸੁਆਮੀ ਰਾਮ ਤੀਰਥ ਨੇ ਮੈਟ੍ਰਿਕ ਪਾਸ ਕੀਤੀ ਅਤੇ ਉਸੇ ਸਾਲ ਮਿਸ਼ਨ ਕਾਲਜ ਲਾਹੌਰ ਵਿਚ ਐਫ.ਏ. ਦੀ ਪੜ੍ਹਾਈ ਲਈ ਗੁਜਰਾਂਵਾਲੇ ਤੋਂ ਆ ਕੇ ਦਾਖ਼ਲ ਹੋ ਗਏ। ਇਸੇ ਕਾਲਜ ਵਿਚੋਂ ਹੀ ਉਨ੍ਹਾਂ ਨੇ ਬੀ. ਏ. ਦਾ ਇਮਤਿਹਾਨ ਪਾਸ ਕੀਤਾ। ਹੇਠ ਲਿਖੇ ਪੱਤਰ ਉਨ੍ਹਾਂ ਨੇ ਉਸ ਸਮੇਂ ਲਿਖੇ ਸਨ, ਜਦੋਂ ਕਿ ਉਹ ਕਾਲਜ ਦੇ ਵਿਦਿਆਰਥੀ ਸਨ।

ਇਨ੍ਹਾਂ ਪੱਤਰਾਂ ਵਿਚੋਂ ਇਹ ਪ੍ਰਗਟ ਹੁੰਦਾ ਹੈ ਕਿ ਕਿਵੇਂ ਇਸ ਸਮੇਂ ਸੁਆਮੀ ਰਾਮ ਤੀਰਥ ਜੀ ਦੀ ਅੰਤਰ ਦ੍ਰਿਸ਼ਟੀ ਜਾਂ ਅੰਦਰਲੀ ਸੁਰਤ ਜਾਗ ਉਠੀ ਸੀ, ਜੋ 'ਕ੍ਰਿਸ਼ਨ ਆਵੇਸ਼' ਦੇ ਫਲਸਰੂਪ ਸੀ ਅਤੇ ਉਨ੍ਹਾਂ ਦੇ ਜੀਵਨ ਵਿਚ ਇਸ ਨਵੇਂ ਖੇੜੇ ਦੀ ਮਹਿਕ ਉਜਾਗਰ ਹੋ ਗਈ ਸੀ। ਉਨ੍ਹਾਂ ਨੂੰ ਇੰਝ ਪ੍ਰਤੀਤ ਹੁੰਦਾ ਸੀ, ਜਿਵੇਂ ਉਚੇ ਮੰਡਲਾਂ ਵਿਚੋਂ ਸ੍ਰੀ ਕ੍ਰਿਸ਼ਨ ਜੀ ਵਲੋਂ ਉਨ੍ਹਾਂ ਨੂੰ ਦੈਵੀ ਪ੍ਰੇਰਨਾ ਪ੍ਰਾਪਤ ਹੋ ਰਹੀ ਹੋਵੇ ਅਤੇ ਉਹ ਆਪ ਉਨ੍ਹਾਂ ਦੀ ਸੁਰਤ ਤੇ ਆਤਮਾ ਦਾ ਉਥਾਨ ਕਰ ਰਹੇ ਹੋਣ।

18 ਮਈ, 1888 : ਮਿਸ਼ਨ ਕਾਲਜ ਵਿਚ ਦਾਖ਼ਲ ਹੋਇਆ। ਇਕ ਰੁਪਏ ਮਹੀਨੇ ਦੇ ਕਿਰਾਏ ਉਤੇ ਮਕਾਨ ਲਿਆ। ਮੈਂ ਮੈਟ੍ਰਿਕ ਦਾ ਇਮਤਿਹਾਨ ਪਾਸ ਕਰ ਲਿਆ ਹੈ ਅਤੇ ਸਾਰੇ ਪੰਜਾਬ ਵਿਚੋਂ ਮੇਰੀ ਅਠੱਤੀਵੀਂ ਪੁਜ਼ੀਸ਼ਨ ਹੈ, ਪਰ ਮੈਨੂੰ ਵਜ਼ੀਫ਼ਾ ਨਹੀਂ ਮਿਲ ਸਕਿਆ। ਇਸ ਕਾਲਜ ਵਿਚ ਮੈਨੂੰ 48 ਰੁਪਏ ਫ਼ੀਸ ਭਰਨੀ ਪੈਣੀ ਹੈ।

10 ਜੂਨ, 1888 : ਤੁਸਾਂ ਪੁਛਿਆ ਹੈ ਕਿ ਮੈਂ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਕੋਲ ਕੁਆਰਟਰ ਵਿਚ ਕਿਉਂ ਨਹੀਂ ਗਿਆ। ਇਸ ਦਾ ਸਭ ਤੋਂ ਵੱਡਾ ਕਾਰਣ ਇਹ ਹੈ ਕਿ ਇਸ ਥਾਂ ਮੈਨੂੰ ਆਪਣੀ ਭਲਾਈ ਲਈ ਨਾ ਇਕਾਂਤ ਮਿਲ ਸਕਦੀ ਹੈ ਤੇ ਨਾ ਹੀ ਸੁਤੰਤਰਤਾ।

14 ਨਵੰਬਰ, 1888 : ਮੈਂ ਆਪਣੇ ਆਪ ਨੂੰ ਅਤੇ ਆਪਣੇ ਸਭ ਕੁਝ ਨੂੰ ਤੁਹਾਡੇ ਚਰਨਾਂ ਤੇ ਅਰਪਣ ਕਰਦਾ ਹਾਂ। ਹੇ ਪ੍ਰਭੂ! ਮੈਂ ਸ਼ਾਇਦ ਵਜ਼ੀਫ਼ਾ ਪ੍ਰਾਪਤ ਕਰ ਲਵਾਂ।

19 ਮਾਰਚ, 1889 : ਹੇ ਪ੍ਰਮਾਤਮਾ! ਤੇਰਾ ਸ਼ੁਕਰ ਹੈ, ਮੈਨੂੰ ਵਜ਼ੀਫ਼ਾ ਮਿਲ ਗਿਆ ਹੈ।

11 ਫ਼ਰਵਰੀ, 1890 : ਇੰਟਰਮੀਡੀਅਟ ਦੇ ਇਮਤਿਹਾਨ ਦੇ ਦਾਖ਼ਲੇ ਲਈ ਮੈਨੂੰ ਫ਼ੀਸ ਭੇਜਣੀ ਲਾਜ਼ਮੀ ਹੈ। ਹਾਲੀ ਤਕ ਮੈਨੂੰ ਭਗਵਾਨ ਦਾਸ ਤੋਂ ਪੈਸੇ ਨਹੀਂ ਮਿਲੇ। ਮੈਨੂੰ ਆਪਣੀ ਮਿਹਨਤ ਉਤੇ ਕੋਈ ਭਰੋਸਾ ਨਹੀਂ, ਮੈਨੂੰ ਤਾਂ ਤੁਹਾਡੀ ਮਿਹਰ ਉਤੇ ਭਰੋਸਾ ਹੈ। ਜੇ ਤੁਸੀਂ ਹੁਕਮ ਕਰੋਗੇ ਤਾਂ ਮੈਂ ਇਮਤਿਹਾਨ ਵਿਚ ਬੈਠਾਂਗਾ, ਜੇ ਹੁਕਮ ਨਹੀਂ ਕਰੋਗੇ ਤਾਂ ਮੈਂ ਇਮਤਿਹਾਨ ਵਿਚ ਨਹੀਂ ਬੈਠਾਂਗਾ ਤੇ ਨਾ ਹੀ ਆਪਣਾ ਦਾਖ਼ਲਾ ਭੇਜਾਂਗਾ।

13 ਫ਼ਰਵਰੀ, 1890 : ਮੈਂ ਗ਼ਲਤ ਸਾਂ ਕਿ ਇਸ ਸਬੰਧ ਵਿਚ ਮੇਰੀ ਕੋਈ ਆਪਣੀ ਮਰਜ਼ੀ ਹੈ। ਕਾਲਜ ਦੇ ਪ੍ਰਿੰਸੀਪਲ ਸਾਹਿਬ ਨੇ ਮੇਰਾ ਨਾਂ ਭੇਜ ਦਿਤਾ ਹੈ ਤੇ ਮੈਨੂੰ ਕਾਗਜ਼ਾਂ ਉਤੇ ਦਸਤਖ਼ਤ ਕਰਨੇ ਪਏ ਹਨ। ਇਸ ਲਈ ਇਮਤਿਹਾਨ ਦੇਣਾ ਜ਼ਰੂਰੀ ਹੋ ਗਿਆ ਹੈ। ਇਸ ਮਨੋਰਥ ਲਈ ਮੈਨੂੰ ਭਗਵਾਨ ਦਾਸ ਤੋਂ ਪੈਸੇ ਪ੍ਰਾਪਤ ਹੋ ਗਏ ਹਨ। ਮੈਨੂੰ ਮਾਫ਼ ਕਰ ਦੇਣਾ, ਖਿਮਾਂ ਕਰ ਦੇਣਾ! ਮੈਂ ਤੁਹਾਡਾ ਦਾਸ ਹਾਂ।

18 ਫ਼ਰਵਰੀ, 1890 : ਮੈਂ ਅਜ ਕਾਲਜ ਤੋਂ ਯੂਨੀਵਰਸਿਟੀ ਆਪਣਾ ਨਤੀਜਾ ਦੇਖਣ ਲਈ ਗਿਆ। ਹਾਲੀ ਇਹ ਨਿਕਲਿਆ ਨਹੀਂ ਸੀ। ਮੈਂ ਮੁਕੰਦ ਲਾਲ ਨੂੰ ਭੇਜਿਆ, ਪਰ ਮੁੰਡਿਆਂ ਨੇ ਗੁਜਰਾਤ, ਹਾਫ਼ਿਜ਼ਾਬਾਦ ਤੇ ਸਿਆਲਕੋਟ ਸੈਂਟਰਾਂ ਦੀਆਂ ਲਿਸਟਾਂ ਪਾੜ ਦਿਤੀਆਂ ਸਨ। ਉਨ੍ਹਾਂ ਨੂੰ ਇਹ ਸਾੜਾ ਸੀ ਕਿ ਇਨ੍ਹਾਂ ਸੈਂਟਰਾਂ ਦੇ ਵਿਦਿਆਰਥੀ ਵਧੇਰੇ ਨੰਬਰ ਕਿਉਂ ਲੈ ਰਹੇ ਹਨ।

10 ਮਾਰਚ, 1890 : ਕਹਿੰਦੇ ਹਨ ਕਿ ਪਰਮਾਤਮਾ ਦਿਆਲੂ ਤੇ ਸ਼ਾਂਤ ਸੁਭਾਅ ਦਾ ਮਾਲਕ ਹੈ। ਫਿਰ ਤੁਸੀਂ ਮੇਰੇ ਨਾਲ ਕਿਉਂ ਨਾਰਾਜ਼ ਹੋ? ਤੁਸੀਂ ਮੈਨੂੰ ਮਾਫ਼ ਕਿਉਂ ਨਹੀਂ ਕਰਦੇ? ਮੈਨੂੰ ਜਾਪਦਾ ਹੈ ਕਿ ਤੁਹਾਨੂੰ 'ਪ੍ਰਭੂ' ਦੇ ਦਰ ਤੋਂ ਇਹ ਪਤਾ ਲਗ ਗਿਆ ਹੈ ਕਿ ਮੇਰੇ ਵਿਚ ਕੁਝ ਔਗੁਣ ਹਨ, ਜਿਨ੍ਹਾਂ ਕਾਰਣ ਮੈਂ ਪ੍ਰਭੂ ਦੇ ਦਰਸ਼ਨ ਨਹੀਂ ਕਰ ਸਕਾਂਗਾ। ਇਸੇ ਕਾਰਣ ਤੁਸੀਂ ਮੈਨੂੰ ਪਰੇ ਕਰ ਦੇਣਾ ਚਾਹੁੰਦੇ ਹੋ, ਕਿਉਂਜੋ ਕਲ੍ਹ ਨੂੰ ਦੁਨੀਆਂ ਤੁਹਾਨੂੰ ਝੇੜਾ ਨਾ ਕਰੇ ਕਿ ਤੁਹਾਡੇ ਤੀਰਥ ਰਾਮ ਨੂੰ ਪ੍ਰਭੂ ਦੇ ਦਰਸ਼ਨ ਨਹੀਂ ਹੋ ਸਕੇ। ਪਰ ਮੇਰੀ ਮਨੋਵਿਰਤੀ ਤਾਂ ਹਾਲੀ ਵੀ ਇਹੋ ਹੈ, ਮੈਨੂੰ ਖਿਮਾਂ ਕਰੋ ਤੇ ਮੇਰੇ ਔਗੁਣਾਂ ਨੂੰ ਨਾ ਚਿਤਾਰੋ।

ਮੈਨੂੰ ਅੰਦਰ ਬੁਲਾਉਗੇ ਤਾਂ ਮੇਰੇ ਲਈ ਇਹੋ ਦਰ ਹੈ।
ਮੈਨੂੰ ਬਾਹਰ ਕਢ ਦਿਉਗੇ ਤਾਂ ਵੀ ਮੇਰੇ ਲਈ ਇਹੋ ਦਰ ਹੈ।
ਮੈਂ ਤਾਂ ਹੋਰ ਕਿਸੇ ਦਰ ਨੂੰ ਜਾਣਦਾ ਹੀ ਨਹੀਂ ਹਾਂ।
ਮੇਰੇ ਸਿਰ ਦੇ ਸਜਦੇ ਕਰਨ ਲਈ ਤਾਂ ਇਕੋ ਹੀ ਸਥਾਨ ਹੈ,
ਉਹ ਇਹੋ ਹੀ ਇਕੋ ਦਰ ਹੈ। (ਫ਼ਾਰਸੀ ਵਿਚੋਂ)

20 ਮਾਰਚ, 1890 : ਫ਼ਾਰਸੀ ਦਾ ਇਮਤਿਹਾਨ ਹੋ ਚੁਕਾ ਹੈ। ਗਣਿਤ ਦਾ ਵੀ ਹੋ ਚੁਕਾ ਹੈ, ਬੜਾ ਮੁਸ਼ਕਲ ਮਜ਼ਮੂਨ ਹੈ। ਪਰ ਜੇ ਤੁਸੀਂ ਮਿਹਰਬਾਨ ਹੋ ਤਾਂ ਕੁਝ ਵੀ ਮੁਸ਼ਕਲ ਨਹੀਂ ਹੈ।

23, ਮਾਰਚ, 1890 : ਅਜ ਬੜਾ ਮੁਸ਼ਕਲ ਪਰਚਾ ਆਇਆ ਹੈ। ਇਹ ਭੌਤਿਕ ਵਿਗਿਆਨ ਦਾ ਹੈ, ਜੋ ਬਹੁਤ ਹੀ ਮੁਸ਼ਕਲ ਮਜ਼ਮੂਨ ਹੈ।

6 ਜੂਨ, 1890 : ਤੁਸੀਂ ਮੈਨੂੰ ਚਿਠੀ ਕਿਉਂ ਨਹੀਂ ਲਿਖਦੇ? ਮੈਂ ਆਪਣੇ ਵਲੋਂ ਬੜਾ ਯਤਨ ਕਰਦਾ ਹਾਂ, ਪਰ ਹਾਲੀਂ ਮੈਂ ਬਹੁਤ ਕੁਛ ਕਰਨਾ ਹੈ। ਮੈਂ ਤੁਹਾਡੇ ਕੋਲ ਨਹੀਂ ਆ ਸਕਦਾ। ਸਾਨੂੰ ਦੋ ਛੁਟੀਆਂ ਬਰਾਏਨਾਮ ਹੀ ਮਿਲੀਆਂ ਹਨ। ਇਨ੍ਹਾਂ ਛੁਟੀਆਂ ਵਿਚ ਕਾਲਜ ਦਾ ਕੰਮ ਇਤਨਾ ਹੈ, ਜੋ ਦੋ ਹਫ਼ਤਿਆਂ ਵਿਚ ਵੀ ਨਹੀਂ ਮੁਕ ਸਕਦਾ। ਪਰ ਮੇਰੀ ਇਸ ਮਜਬੂਰੀ ਤੋਂ ਤੁਹਾਨੂੰ ਗ਼ਲਤ ਮਤਲਬ ਨਹੀਂ ਕਢ ਲੈਣੇ ਚਾਹੀਦੇ ਕਿ ਮੈਂ ਤੁਹਾਡਾ ਆਗਿਆਕਾਰ ਨਹੀਂ ਹਾਂ।

11 ਜੂਨ, 1890 : ਪ੍ਰਿੰਸੀਪਲ ਸਾਹਿਬ ਨੇ ਮੈਨੂੰ ਅੱਖਾਂ ਦੇ ਡਾਕਟਰ ਕੋਲ ਜਾਣ ਲਈ ਇਕ ਚਿੱਠੀ ਦਿਤੀ ਹੈ। ਉਸ ਨੇ ਮੈਨੂੰ ਐਣਕਾਂ ਲਗਾਉਣ ਲਈ ਨੰਬਰ ਦਿਤਾ ਹੈ। ਮੈਨੂੰ 5 ਰੁਪਏ ਭੇਜ ਕੇ ਬੰਬਈ ਤੋਂ ਐਣਕਾਂ ਮੰਗਵਾਉਣੀਆਂ ਪੈਣਗੀਆਂ।

25 ਜੂਨ, 1890 : ਬੰਬਈ ਤੋਂ ਐਣਕਾਂ ਪੁਜ ਗਈਆਂ ਹਨ। ਮੈਂ ਦੁਬਾਰਾ ਅੱਖਾਂ ਦੇ ਡਾਕਟਰ ਕੋਲ ਇਨ੍ਹਾਂ ਦੇ ਸ਼ੀਸ਼ਿਆਂ ਦੇ ਨੰਬਰ ਦੇ ਸਹੀ ਹੋਣ ਦਾ ਪਤਾ ਕਰਨ ਗਿਆ ਹਾਂ। ਡਾਕਟਰ ਨੇ ਦਸਿਆ ਹੈ ਕਿ ਇਹ ਠੀਕ ਨੰਬਰ ਹੈ। ਹੁਣ ਮੈਂ ਬਲੈਕ ਬੋਰਡ ਨੂੰ ਵਧੇਰੇ ਚੰਗੀ ਤਰ੍ਹਾਂ ਵੇਖ ਸਕਦਾ ਹਾਂ। ਪ੍ਰਿੰਸੀਪਲ ਸਾਹਿਬ ਨੇ ਵੀ ਇਹ ਕਿਹਾ ਹੈ ਕਿ ਐਣਕਾਂ ਡਾਕਟਰ ਸਾਹਿਬ ਦੀ ਸਲਾਹ ਅਨੁਸਾਰ ਲਗਾਈ ਰਖਣੀਆਂ ਹਨ, ਇਨ੍ਹਾਂ ਨਾਲ ਮੈਨੂੰ ਦੂਰ ਤੋਂ ਵੀ ਅਗੇ ਨਾਲੋਂ ਚੰਗਾ ਦਿਖਾਈ ਦਿੰਦਾ ਹੈ। ਇਸੇ ਲਈ ਮੈਂ ਇਨ੍ਹਾਂ ਐਣਕਾਂ ਨੂੰ ਮੋੜਿਆ ਨਹੀਂ। ਤੁਹਾਡਾ ਐਣਕਾਂ ਬਾਰੇ ਕੀ ਵਿਚਾਰ ਹੈ?

19 ਜੁਲਾਈ, 1890 : ਸਾਡੀਆਂ ਛੁਟੀਆਂ ਪਹਿਲੀ ਅਗਸਤ ਤੋਂ ਸ਼ੁਰੂ ਹੋਣੀਆਂ ਹਨ। ਅਜ 19 ਜੁਲਾਈ ਹੈ। ਕਿਰਪਾ ਕਰਕੇ ਇਹ ਨਾ ਸੋਚਣਾ ਕਿ ਮੈਂ ਤੁਹਾਡੇ ਵਲੋਂ ਮੂੰਹ ਮੋੜ ਲਿਆ ਹੈ। ਜਦੋਂ ਕੋਈ ਥੋੜ੍ਹੇ ਸਮੇਂ ਲਈ ਕਿਸੇ ਕੰਮ ਨੂੰ ਆਪਣੇ ਜ਼ਿੰਮੇ ਲੈ ਲੈਂਦਾ ਹੈ ਤਾਂ ਉਸ ਨੂੰ ਕਰਦਿਆਂ ਹੋਇਆਂ ਉਸ ਦੇ ਅੰਦਰ ਅੰਤਰ ਦ੍ਰਿਸ਼ਟੀ ਜਾਗ ਪੈਂਦੀ ਹੈ ਅਤੇ ਉਸ ਕਿਰਤੀ ਨੂੰ ਇਹ ਗਿਆਨ ਹੋ ਜਾਂਦਾ ਹੈ ਕਿ ਇਸ ਕੰਮ ਨੂੰ ਮੈਂ ਸਭ ਤੋਂ ਚੰਗੀ ਤਰ੍ਹਾਂ ਕਿਵੇਂ ਕਰ ਸਕਦਾ ਹਾਂ। ਬਿਨਾਂ ਕੁਝ ਬਹੁਤੇ ਸੋਚੇ ਸਮਝੇ ਉਹ ਆਪਣੇ ਆਪ ਹੀ ਉਸ ਕੰਮ ਦੇ ਨੇਮਾਂ ਤੋਂ ਜਾਣੂੰ ਹੋਣ ਲਗ ਪੈਂਦਾ ਹੈ। ਉਹ ਇਸ ਦੇ ਕਾਰਣਾਂ ਆਦਿ ਬਾਰੇ ਤਾਂ ਨਹੀਂ ਦਸ ਸਕਦਾ, ਪਰ ਆਪਣੀ ਕੁਦਰਤੀ ਪ੍ਰਵਿਰਤੀ ਰਾਹੀ ਇਸ ਨੂੰ ਸਮਝਣ ਲਗ ਪੈਂਦਾ ਹੈ। ਮੈਂ ਤੁਹਾਨੂੰ ਕਾਰਣ ਨਹੀਂ ਦਸ ਸਕਦਾ ਕਿਉਂ ਜੋ ਕਾਰਣ ਲਭਣਾ ਤਾਂ ਫ਼ਿਲਾਸਫ਼ਰਾਂ ਦਾ ਕੰਮ ਹੈ। ਹਰ ਕੋਈ ਫ਼ਿਲਾਸਫ਼ਰ ਨਹੀਂ ਹੁੰਦਾ, ਪਰ ਬਿਨਾਂ ਕਾਰਣ ਦਸਣ ਦੇ ਹਰ ਕੋਈ ਇਸ ਕੰਮ ਨਾਲ ਬੜੇ ਚੰਗੇ ਢੰਗ ਨਾਲ ਚਲ ਸਕਦਾ ਹੈ। ਜਦੋਂ ਮੈਂ ਹਾਲੀਂ ਛੋਟਾ ਲੜਕਾ ਸਾਂ ਤਾਂ ਮੈਂ ਬਹੁਤ ਸਾਰੇ ਸ਼ਿਅਰਾਂ ਨੂੰ ਬੜੀ ਚੰਗੀ ਤਰ੍ਹਾਂ ਸਮਝ ਸਕਦਾ ਸਾਂ ਅਤੇ ਉਨ੍ਹਾਂ ਬਾਰੇ ਆਪਣੀ ਰਾਏ ਦੇ ਸਕਦਾ ਸਾਂ, ਪਰ ਮੈਂ ਇਸ ਨਿਰਣੇ ਦੀ ਵਿਆਖਿਆ ਨਹੀਂ ਸਾਂ ਕਰ ਸਕਦਾ। ਪਰ ਹੁਣ ਦਸ ਸਾਲ ਪਿਛੋਂ ਮੈਨੂੰ ਸਮਝ ਆਈ ਹੈ ਕਿ ਮੇਰੀ ਰਾਏ ਠੀਕ ਹੁੰਦੀ ਸੀ, ਕਿਉਂਜੋ ਹੁਣ ਮੈਂ ਛੰਦ ਜਾਂ ਪਿੰਗਲ ਦੇ ਨਿਯਮਾਂ ਤੋਂ ਜਾਣੂੰ ਹੋ ਗਿਆ ਹਾਂ। ਜੇ ਉਸ ਵਕਤ ਮੈਂ ਕੋਈ ਕਾਰਣ ਨਹੀਂ ਸਾਂ ਦਸ ਸਕਦਾ ਤਾਂ ਇਸ ਦਾ ਇਹ ਮਤਲਬ ਨਹੀਂ ਕਿ ਮੇਰੇ ਨਿਰਣੇ ਗ਼ਲਤ ਸਨ। ਇਸ ਦੇ ਕਾਰਣ ਮੇਰੇ ਅੰਦਰ ਤਾਂ ਸਨ, ਪਰ ਮੈਂ ਇਨ੍ਹਾਂ ਨੂੰ ਜਾਣ ਨਹੀਂ ਸਾਂ ਸਕਦਾ। ਇਸ ਤੋਂ ਇਹ ਸਿਟਾ ਨਿਕਲਦਾ ਹੈ ਕਿ ਠੀਕ ਨਿਰਣਾ ਦੇਣ ਵਾਲੇ ਵਿਅਕਤੀ ਲਈ ਇਹ ਜ਼ਰੂਰੀ ਨਹੀਂ ਕਿ ਉਹ ਇਸ ਦੇ ਕਾਰਣ ਵੀ ਦਸੇ। ਇਸ ਲਈ ਕਾਰਣਾਂ ਉਤੇ ਬਹੁਤਾ ਜ਼ੋਰ ਪਾਉਣ ਦੀ ਥਾਂ ਸਾਨੂੰ ਉਸ ਦੇ ਨਿਰਣਿਆਂ ਨੂੰ

ਪਰਵਾਨ ਕਰ ਲੈਣਾ ਚਾਹੀਦਾ ਹੈ। ਸਾਨੂੰ ਕੇਵਲ ਇਤਨਾ ਯਕੀਨ ਹੋਣਾ ਚਾਹੀਦਾ ਹੈ ਕਿ ਇਹ ਆਦਮੀ ਠੀਕ ਹੈ ਅਤੇ ਅੰਤਰ ਦ੍ਰਿਸ਼ਟੀ ਰਖਦਾ ਹੈ।

ਮੇਰਾ ਖ਼ਿਆਲ ਹੈ ਕਿ ਮੈਂ ਕਦੀ ਵੀ ਤੁਹਾਡੀ ਆਗਿਆ ਪਾਲਣ ਤੋਂ ਮੁੱਨਕਰ ਨਹੀਂ ਹੋਇਆ। ਤੁਹਾਨੂੰ ਸਦਾ ਇੰਝ ਸੋਚਣਾ ਚਾਹੀਦਾ ਹੈ ਕਿ ਜੋ ਕੁਝ ਵੀ ਮੈਂ ਕਰਦਾ ਹਾਂ, ਉਹ ਸਚੇ ਅਰਥਾਂ ਵਿਚ ਤੁਹਾਡੇ ਹੁਕਮ ਦੀ ਪਾਲਣਾ ਹੀ ਕਰਦਾ ਹਾਂ।

ਤੁਸੀਂ ਕਹਿੰਦੇ ਹੋ ਕਿ ਮੈਂ ਆਪਣੀਆਂ ਛੁਟੀਆਂ ਜ਼ਰੂਰ ਹੀ ਤੁਹਾਡੇ ਕੋਲ ਗੁਜਰਾਂਵਾਲੇ ਗੁਜ਼ਾਰਾਂ। ਜਿਵੇਂ ਤੁਸੀਂ ਫਰਮਾਇਆ ਹੈ, ਮੈਂ ਉਥੇ ਜ਼ਰੂਰ ਆਵਾਂ ਅਤੇ ਮੈਂ ਸਾਰਾ ਸਮਾਂ ਹੀ ਉਥੇ ਰਹਾਂ, ਇਹ ਮੇਰੇ ਤੋਂ ਹੋ ਸਕਣਾ ਸੰਭਵ ਨਹੀਂ। ਮੈਂ ਇੰਝ ਮਹਿਸੂਸ ਕਰਦਾ ਹਾਂ। ਮੈਂ ਇੰਝ ਕਰਨ ਲਈ ਸੋਚ ਵੀ ਨਹੀਂ ਰਿਹਾ ਹਾਂ। ਮੈਂ ਇਸ ਬਾਰੇ ਤੁਹਾਨੂੰ ਕੁਝ ਦਲੀਲਾਂ ਵੀ ਦੇਣਾ ਚਾਹੁੰਦਾ ਹਾਂ, ਭਾਵੇਂ ਮੈਂ ਇਹ ਵੀ ਸਮਝਦਾ ਹਾਂ ਕਿ ਅਜਿਹਾ ਕਰਨਾ ਉਚਿਤ ਨਹੀਂ ਹੈ ਅਤੇ ਇਹ ਆਪਣੇ ਸਮੇਂ ਨੂੰ ਵਿਅਰਥ ਗੁਆਉਣਾ ਹੈ। ਪਰ ਇਹ ਕੇਵਲ ਮੈਂ ਇਸ ਲਈ ਚਾਹੁੰਦਾ ਹਾਂ, ਕਿਉਂਜੋ ਤੁਹਾਨੂੰ ਕਾਇਲ ਕਰਵਾ ਸਕਾਂ ਤੇ ਇਹ ਦਸ ਸਕਾਂ ਕਿ ਮੈਂ ਸ਼ਰਧਾਹੀਨ ਨਹੀਂ ਹਾਂ ਅਤੇ ਤੁਹਾਨੂੰ ਮੇਰੀ ਤੁਹਾਡੇ ਪ੍ਰਤੀ ਸ਼ਰਧਾ ਉਤੇ ਸ਼ੰਕਾ ਨਹੀਂ ਕਰਨਾ ਚਾਹੀਦਾ।

ਇਹ ਕਾਰਣ ਇਸ ਤਰ੍ਹਾਂ ਹਨ : ਮੈਂ ਹੁਣ ਇਹ ਸਮਝ ਲਿਆ ਹੈ ਕਿ ਮੇਰੇ ਲਾਹੌਰ ਰਹਿਣ ਵਿਚ ਅਤੇ ਆਪਣੇ ਪਿੰਡ ਜਾ ਕੇ ਆਪਣੇ ਦੋਸਤਾਂ ਤੇ ਰਿਸ਼ਤੇਦਾਰਾਂ ਵਿਚ ਰਹਿਣ ਦਾ ਕੀ ਅੰਤਰ ਹੈ। ਇਸ ਦਾ ਇਹ ਮਤਲਬ ਨਹੀਂ ਕਿ ਰਿਸ਼ਤੇਦਾਰਾਂ ਕੋਲ ਜਾ ਕੇ ਮੈਨੂੰ ਪੜ੍ਹਨ ਲਈ ਉਚਿਤ ਮਾਹੌਲ ਨਹੀਂ ਮਿਲੇਗਾ, ਸਗੋਂ ਇਹ ਹੈ ਕਿ ਉਥੇ ਜਾ ਕੇ ਮੇਰਾ ਮਨ ਉਸ ਸੂਖਮ ਮੰਡਲ ਵਿਚ ਨਹੀਂ ਵਿਚਰ ਸਕਦਾ, ਜੋ ਕਠਨ ਪ੍ਰਸ਼ਨਾਂ ਨੂੰ ਹਲ ਕਰਨ ਲਈ ਜ਼ਰੂਰੀ ਹੁੰਦਾ ਹੈ। ਆਪਣੇ ਪਿੰਡ ਜਾ ਕੇ ਆਦਮੀ ਸਥੂਲ ਬਣ ਜਾਂਦਾ ਹੈ ਅਤੇ ਉਹ ਵਿਚਾਰਾਂ ਦੀ ਉਸ ਸੂਖਮ ਤੰਦ ਨੂੰ ਗੁਆ ਬਹਿੰਦਾ ਹੈ, ਜੋ ਸੂਖਮ ਵਿਚਾਰਾਂ ਨੂੰ ਗ੍ਰਹਿਣ ਕਰਨ ਦਾ ਸਾਧਨ ਹੁੰਦੀ ਹੈ। ਇਸ ਦਾ ਕਾਰਣ ਇਹ ਹੈ ਕਿ ਮਨ ਸਰੀਰਕ ਸੁਖਾਂ ਵਿਚ ਗ਼ਲਤਾਨ ਹੋ ਜਾਂਦਾ ਹੈ ਤੇ ਇਹ ਨੀਵਾਂ ਡਿਗ ਪੈਂਦਾ ਹੈ। ਲਾਹੌਰ ਤੋਂ ਬਾਹਰ ਮੈਨੂੰ ਇੰਝ ਲਗਦਾ ਹੈ, ਜਿਵੇਂ ਗ਼ਲਤ ਸੰਪਰਕ ਨਾਲ ਮੇਰੇ ਮਨ ਵਿਚ ਵਿਕਾਰ ਆ ਜਾਵੇਗਾ, ਜਿਸ ਨਾਲ ਮੇਰੇ ਮਨ ਦਾ ਵਿਨਾਸ਼ ਹੋ ਜਾਵੇਗਾ। ਤੁਸੀਂ ਇਹ ਕਹਿ ਸਕਦੇ ਹੋ ਕਿ ਲਾਹੌਰ ਕਿਹੜਾ ਕੋਈ ਇਕਾਂਤ ਜੰਗਲ ਹੈ, ਜਿਥੇ ਮੈਨੂੰ ਕੋਈ ਮਿਲਣ ਗਿਲਣ ਵਾਲਾ ਨਹੀਂ ਹੁੰਦਾ। ਠੀਕ ਹੈ। ਪਰ ਇਥੇ ਸਾਰੇ ਬੰਦੇ ਓਪਰੇ ਹੁੰਦੇ ਹਨ ਅਤੇ ਇਨ੍ਹਾਂ ਨੂੰ ਮੈਂ ਉਸ ਮੋਹ ਪਿਆਰ ਨਾਲ ਨਹੀਂ ਮਿਲਦਾ,

ਜਿਸ ਨਾਲ ਕਿ ਮੈਂ ਆਪਣੇ ਘਰ ਦੇ ਬੰਦਿਆਂ ਨੂੰ ਮਿਲਦਾ ਹਾਂ। ਲਾਹੌਰ ਮੈਂ ਲੋਕਾਂ ਨੂੰ ਤਾਂ ਮਿਲਦਾ ਹਾਂ, ਪਰ ਉਹ ਮੇਰੇ ਧਿਆਨ ਨੂੰ ਮਲ ਨਹੀਂ ਸਕਦੇ। ਇਹ ਇਕ ਓਪਰਾ ਜਿਹਾ ਰਸਮੀ ਮੇਲ ਮਿਲਾਪ ਹੁੰਦਾ ਹੈ। ਪਰ ਆਪਣੇ ਘਰ ਦੇ ਬੰਦਿਆਂ ਨੂੰ ਤਾਂ ਆਪਣਾ ਸਾਰਾ ਮਨ ਉਨ੍ਹਾਂ ਦੇ ਹਵਾਲੇ ਕਰਨਾ ਪੈਂਦਾ ਹੈ। ਦੂਜੀ ਗੱਲ ਇਹ ਹੈ ਕਿ ਲਾਹੌਰ ਵਿਚ ਤਾਂ ਮੇਰੀ ਮੇਲ ਮੁਲਾਕਾਤ ਵਿਦਿਆਰਥੀਆਂ ਨਾਲ ਹੀ ਹੈ ਅਤੇ ਉਨ੍ਹਾਂ ਨੂੰ ਮਿਲ ਕੇ ਸਦਾ ਉਤਸ਼ਾਹ ਮਿਲਦਾ ਹੈ।

ਤੁਸੀਂ ਪੁਛ ਸਕਦੇ ਹੋ ਕਿ ਕੋਈ ਹੋਰ ਵਿਦਿਆਰਥੀ ਵੀ ਮੇਰੇ ਵਾਂਗ ਲਾਹੌਰ ਵਿਚ ਹੀ ਰਹੇਗਾ। ਹਾਂ ਸੁਣੋ! ਰੁਕਨਦੀਨ ਜੋ ਸਾਰੇ ਸੂਬੇ ਪੰਜਾਬ ਵਿਚੋਂ ਅਵਲ ਆਇਆ ਹੈ, ਇਥੇ ਹੀ ਰਹੇਗਾ ਅਤੇ ਉਹ ਇਕ ਦਿਨ ਲਈ ਵੀ ਬਾਹਰ ਨਹੀਂ ਜਾਵੇਗਾ।

ਕੋਈ ਵੀ ਸਖਤ ਮਿਹਨਤ ਕਰਨ ਤੋਂ ਬਿਨਾਂ ਆਪਣਾ ਨਾਂ ਨਹੀਂ ਚਮਕਾ ਸਕਦਾ। ਮੈਂ ਆਪ ਸਖ਼ਤ ਮਿਹਨਤ ਕਰਨੀ ਚਾਹੁੰਦਾ ਹਾਂ। ਇਸ ਵਿਚ ਵੀ ਕੋਈ ਸ਼ਕ ਨਹੀਂ ਕਿ ਕੁਝ ਹੋਣ ਹਾਰ ਵਿਦਿਆਰਥੀ ਆਪਣੇ ਘਰਾਂ ਨੂੰ ਵੀ ਜਾ ਰਹੇ ਹਨ, ਪਰ ਉਨ੍ਹਾਂ ਦੇ ਘਰਾਂ ਵਿਚ ਪੜ੍ਹਾਈ ਕਰਨ ਲਈ ਜ਼ਰੂਰ ਹੀ ਉਚਿਤ ਮਾਹੌਲ ਹੋਵੇਗਾ। ਇਸ ਤੋਂ ਬਿਨਾਂ ਉਨ੍ਹਾਂ ਵਿਚੋਂ ਬਹੁਤ ਸਾਰੇ ਮੇਰੇ ਵਾਂਗ ਵਿਆਹੇ ਹੋਏ ਵੀ ਨਹੀਂ ਹਨ। ਜੇ ਉਹ ਵਿਆਹੇ ਹੋਏ ਵੀ ਹਨ ਤਾਂ ਉਨ੍ਹਾਂ ਦਾ ਮਨ ਬੜਾ ਮਜ਼ਬੂਤ ਹੈ ਅਤੇ ਉਹ ਮੇਰੇ ਵਾਂਗ ਆਪਣੇ ਮਨ ਨੂੰ ਬਾਹਰੀ ਵਸਤਾਂ ਦੀ ਖ਼ੁਸ਼ੀ ਵਿਚ ਗ਼ਲਤਾਨ ਨਹੀਂ ਹੋਣ ਦਿੰਦੇ। ਪਰ ਮੇਰਾ ਮਨ ਬਹੁਤ ਤਕੜਾ ਨਹੀਂ ਹੈ, ਮੈਨੂੰ ਡਰ ਹੈ ਕਿ ਕਿਤੇ ਇਹ ਭਟਕ ਨਾ ਜਾਵੇ।

ਜਿਸ ਨੂੰ ਲੋਕ 'ਦਿਮਾਗ਼' ਕਹਿੰਦੇ ਹਨ, ਉਹ ਵੀ ਅਭਿਆਸ ਨਾਲ ਹੀ ਪ੍ਰਫੁਲਤ ਹੁੰਦਾ ਹੈ ਅਤੇ ਇਸ ਕੰਮ ਲਈ ਬੜੀ ਮਿਹਨਤ ਦੀ ਲੋੜ ਹੈ। ਜੇ ਕੋਈ ਵਿਦਿਆਰਥੀ ਆਪਣੇ ਇਮਤਿਹਾਨ ਨੂੰ ਚੰਗੇ ਨੰਬਰ ਲੈ ਕੇ ਵੀ ਪਾਸ ਕਰ ਜਾਂਦਾ ਹੈ ਤੇ ਉਸ ਨੇ ਸਖ਼ਤ ਮਿਹਨਤ ਨਹੀਂ ਕੀਤੀ ਹੁੰਦੀ ਤਾਂ ਉਹ ਕੇਵਲ ਇਮਤਿਹਾਨ ਨੂੰ ਪਾਸ ਹੀ ਕਰਦਾ ਹੈ, ਉਸ ਨੂੰ ਉਹ ਖ਼ੁਸ਼ੀ ਪ੍ਰਾਪਤ ਨਹੀਂ ਹੁੰਦੀ, ਜੋ ਸਖ਼ਤ ਮਿਹਨਤ ਕਰਕੇ ਪੜ੍ਹਾਈ ਕਰਨ ਸਮੇਂ ਵਿਚੋਂ ਲਭਦੀ ਹੈ। ਇਹ ਕੇਵਲ ਸਖ਼ਤ ਮਿਹਨਤ ਹੀ ਹੈ, ਜੋ ਕਿਸੇ ਵਿਦਿਆਰਥੀ ਨੂੰ ਪੜ੍ਹਾਈ ਕਰਨ ਸਮੇਂ ਸਚੀ ਖ਼ੁਸ਼ੀ ਦਿੰਦੀ ਹੈ। ਤੁਹਾਨੂੰ ਯਾਦ ਹੋਵੇਗਾ ਕਿ ਇਕ ਵਾਰ ਤੁਹਾਥੋਂ ਕਿਸੇ ਆਦਮੀ ਨੇ ਕਵਿਤਾ ਲਿਖਵਾਈ ਸੀ ਅਤੇ ਕਿਹਾ ਸੀ ਕਿ ਹੇਠਾਂ ਉਸ ਦਾ ਨਾਂ ਦੇ ਦਿਤਾ ਜਾਵੇ ਤਾਂ ਜੋ ਉਹ ਲੋਕਾਂ ਨੂੰ ਦਸ ਸਕੇ ਕਿ ਇਹ ਉਸ ਦੀ ਆਪਣੀ ਰਚੀ ਹੋਈ ਕਵਿਤਾ ਹੈ। ਭਾਵੇਂ ਉਹ ਲੋਕਾਂ ਵਿਚ ਐਲਾਨ ਕਰ ਦੇਵੇ ਕਿ ਉਹ ਆਪ ਹੀ ਇਸ ਕਵਿਤਾ ਦਾ ਰਚਣਹਾਰ ਹੈ, ਪਰ ਉਹ ਕੇਵਲ

ਰਚਣਹਾਰ ਹੀ ਰਹੇਗਾ, ਉਸ ਰਚਨਾ ਕਰਨ ਦੀ ਅਸਲੀ ਖ਼ੁਸ਼ੀ ਤਾਂ ਤੁਹਾਡੇ ਹਿਸੇ ਹੀ ਆਏਗੀ। ਉਹ ਤਾਂ ਉਸ ਆਦਮੀ ਦੀ ਤਰ੍ਹਾਂ ਹੈ, ਜਿਸ ਨੂੰ ਧਨ ਦੌਲਤ ਪ੍ਰਾਪਤ ਹੋ ਗਈ ਹੈ, ਪਰ ਉਸ ਨੇ ਉਸ ਨੂੰ ਆਪ ਨਹੀਂ ਕਮਾਇਆ। ਉਸ ਕੋਲ ਦੌਲਤ ਤਾਂ ਹੈ, ਪਰ ਉਹ ਖ਼ੁਸ਼ੀ ਨਹੀਂ। ਧਨ ਦੌਲਤ ਦਾ ਨਸ਼ਾ ਤੇ ਖ਼ੁਸ਼ੀ ਤਾਂ ਉਸ ਨੂੰ ਹੀ ਹੁੰਦੀ ਹੈ, ਜਿਸ ਨੇ ਆਪਣੇ ਲਹੂ ਪਸੀਨੇ ਦੀ ਗਾੜ੍ਹੀ ਕਮਾਈ ਨਾਲ ਇਸ ਨੂੰ ਪ੍ਰਾਪਤ ਕੀਤਾ ਹੁੰਦਾ ਹੈ।

ਕਿਰਪਾ ਕਰਕੇ ਮੈਨੂੰ ਆਪਣੀ ਪੜ੍ਹਾਈ ਤੋਂ ਨਾ ਵਿਛੋੜੋ। ਇੰਝ ਸਮਝੋ ਕਿ ਮੈਂ ਤੁਹਾਡੇ ਕੋਲੋਂ ਆਗਿਆ ਲੈ ਕੇ ਕੁਝ ਸਮੇਂ ਲਈ ਪ੍ਰਦੇਸ ਚਲਾ ਗਿਆ ਹਾਂ। ਮੈਨੂੰ ਦੋ ਸਾਲਾਂ ਦੀ ਛੁੱਟੀ ਦੇ ਦਿਓ। ਜਦੋਂ ਤੁਹਾਡਾ ਬੱਚਾ ਵਾਪਸ ਮੁੜੇਗਾ ਤਾਂ ਉਹ ਤੁਹਾਡਾ ਹੀ ਹੋਵੇਗਾ। ਜਦੋਂ ਕੋਈ ਸਿਪਾਹੀ ਜੰਗ ਦੇ ਮੈਦਾਨ ਵਿਚ ਤਨੋਂ ਮਨੋਂ ਲੜਦਾ ਹੈ, ਭਾਵੇਂ ਉਸ ਨੂੰ ਕਈ ਵਾਰ ਇਹ ਵੀ ਪਤਾ ਨਹੀਂ ਹੁੰਦਾ ਕਿ ਉਹ ਕਿਸ ਦਾ ਸਿਪਾਹੀ ਹੈ, ਬਾਦਸ਼ਾਹ ਕਿਥੇ ਹੈ ਤੇ ਉਸ ਦਾ ਉਸ ਨਾਲ ਕੀ ਰਿਸ਼ਤਾ ਹੈ, ਫਿਰ ਵੀ ਉਹ ਬਾਦਸ਼ਾਹ ਸਲਾਮਤ ਦਾ ਸਿਪਾਹੀ ਅਖਵਾਉਂਦਾ ਹੈ, ਹੋਰ ਕਿਸੇ ਦਾ ਨਹੀਂ । ਉਹ ਆਪਣੇ ਸੱਚੇ ਮਨੋਂ ਸੇਵਾ ਕਰ ਰਿਹਾ ਹੁੰਦਾ ਹੈ ਅਤੇ ਬਾਦਸ਼ਾਹ ਦਾ ਵਫ਼ਾਦਾਰ ਹੁੰਦਾ ਹੈ। ਮੇਰੀ ਵੀ ਇਹੋ ਹੀ ਹਾਲਤ ਹੈ। ਕਿਰਪਾ ਕਰਕੇ ਇਹ ਖ਼ਿਆਲ ਨਾ ਕਰਨਾ ਕਿ ਮੈਂ ਗੁਜਰਾਂਵਾਲੇ ਨਾ ਆ ਕੇ ਤੁਹਾਡੇ ਹੁਕਮਾਂ ਦੀ ਅਵੱਗਿਆ ਕਰ ਰਿਹਾ ਹਾਂ।

2 ਦਸੰਬਰ, 1890 : ਅਜ ਮੈਂ ਕਾਲਜ ਹੋ ਗਿਆ ਹਾਂ, ਮੈਨੂੰ ਸ਼ਕ ਹੈ ਕਿ ਹੁਣ ਮੈਨੂੰ ਕਾਲਜ ਵਲੋਂ ਮੁਫ਼ਤ ਪੜ੍ਹਾਈ ਦੀ ਆਗਿਆ ਨਹੀਂ ਦਿਤੀ ਜਾਵੇਗੀ। ਪ੍ਰੋਫੈਸਰ ਮਿਸਟਰ ਗਿਲਬਰਟਸਨ ਜੋ ਪਹਿਲਾਂ ਮੇਰੀ ਕਾਲਜ ਦੀ ਪੜ੍ਹਾਈ ਦਾ ਅੱਧਾ ਖ਼ਰਚ ਦਿੰਦੇ ਸਨ, ਨੇ ਦਸਿਆ ਹੈ ਕਿ ਹੁਣ ਉਹ ਅਗੇ ਤੋਂ ਅਜਿਹਾ ਨਹੀਂ ਕਰ ਸਕਣਗੇ, ਕਿਉਂਜੋ ਉਨ੍ਹਾਂ ਕੋਲ ਮੈਨੂੰ ਕਾਲਜ ਵਲੋਂ ਦੇਣ ਲਈ ਕੋਈ ਕੰਮ ਨਹੀਂ ਹੈ, ਇਸ ਲਈ ਅਗੇ ਤੋਂ ਉਹ ਮੇਰੀ ਫ਼ੀਸ ਨਹੀਂ ਦੇ ਸਕਣਗੇ। ਪਰ ਜੇ ਉਨ੍ਹਾਂ ਨੂੰ ਮੈਨੂੰ ਦੇਣ ਲਈ ਕੋਈ ਕੰਮ ਮਿਲ ਗਿਆ ਤਾਂ ਉਹ ਜ਼ਰੂਰ ਅਜਿਹਾ ਕਰ ਦੇਣਗੇ।

4 ਦਸੰਬਰ, 1890 : ਤੁਹਾਡਾ ਪੱਤਰ ਮਿਲਿਆ। ਮੈਨੂੰ ਪਤਾ ਹੈ, ਮੈਂ ਤੁਹਾਡੇ ਉਤੇ ਨਿਰਭਰ ਕਰ ਸਕਦਾ ਹਾਂ। ਤੁਸੀਂ ਹੀ ਜਾਂ ਤਾਂ ਆਪ ਮੇਰੀ ਫ਼ੀਸ ਦਿੰਦੇ ਹੋ ਜਾਂ ਕਿਸੇ ਦੇ ਮਨ ਵਿਚ ਪ੍ਰੇਰਨਾ ਜਗਾ ਕੇ ਅਜਿਹਾ ਕਰਨ ਲਈ ਕਹਿੰਦੇ ਹੋ। ਇਸ ਤਰ੍ਹਾਂ ਪ੍ਰਿੰਸੀਪਲ ਸਾਹਿਬ ਅਤੇ ਪ੍ਰੋਫੈਸਰ ਸਾਹਿਬ ਦੀ ਮਿਹਰ ਸਦਕਾ ਮੈਨੂੰ ਹੁਣ ਅਗੇ ਤੋਂ ਫ਼ੀਸ ਨਹੀਂ ਦੇਣੀ ਪਵੇਗੀ।

10 ਜਨਵਰੀ, 1891 : ਕਾਲਜ ਗਿਆ ਹਾਂ। ਫ਼ਾਰਸੀ ਕੋਰਸ ਵਿਚੋਂ ਕਢ ਦਿਤੀ ਗਈ ਹੈ। ਬੜੀ ਖ਼ੁਸ਼ੀ ਦੀ ਗੱਲ ਹੈ। ਇਹ ਪਰਮਾਤਮਾ ਦੀ ਅਪਾਰ ਕਿਰਪਾ ਹੈ।

18 ਜਨਵਰੀ, 1891 : ਪ੍ਰਿੰਸੀਪਲ ਸਾਹਿਬ ਨੇ ਮੈਨੂੰ ਪੜ੍ਹਾਈ ਦੇ ਖ਼ਰਚੇ ਤੋਂ ਮੁਕਤ ਕਰ ਦਿਤਾ ਹੈ, ਇਸ ਦੇ ਬਦਲੇ ਮੈਨੂੰ ਉਨ੍ਹਾਂ ਨੂੰ ਕੁਝ ਲੈਕਚਰਾਂ ਦਾ ਉਤਾਰਾ ਕਰਕੇ ਦੇਣਾ ਹੋਵੇਗਾ।

20 ਫ਼ਰਵਰੀ, 1891 : ਪ੍ਰਿੰਸੀਪਲ ਸਾਹਿਬ ਨੇ ਰੁਕਨਦੀਨ ਦੀ ਡਿਊਟੀ ਲਗਾਈ ਹੈ ਕਿ ਉਹ ਇਹ ਵੇਖੇ ਕਿ ਮੈਂ ਹਰਰੋਜ਼ ਸਰੀਰਕ ਕਸਰਤ ਕਰਕੇ ਕਾਲਜ ਤੋਂ ਜਾਂਦਾ ਹਾਂ। ਪ੍ਰਿੰਸੀਪਲ ਸਾਹਿਬ ਨੇ ਇਹ ਜਾਣ ਲਿਆ ਹੈ ਕਿ ਮੈਂ ਦਿਨੋ ਦਿਨ ਕੰਮਜ਼ੋਰ ਹੁੰਦਾ ਜਾ ਰਿਹਾ ਹਾਂ।

2 ਅਪਰੈਲ, 1891 : ਯੂਨਿਵਰਸਿਟੀ ਵਾਲੇ ਗਣਿਤ ਦੇ ਵਿਸ਼ੇ ਦੇ ਨੰਬਰ 150 ਤੋਂ 130 ਕਰਨ ਦੀ ਸੋਚ ਰਹੇ ਹਨ ਅਤੇ ਦੂਜੇ ਮਜ਼ਮੂਨਾਂ ਦੇ ਨੰਬਰਾਂ ਨੂੰ ਵਧਾਉਣਾ ਚਾਹੁੰਦੇ ਹਨ। ਇਸ ਦਾ ਭਾਵ ਇਹ ਹੈ ਕਿ ਉਹ ਦੂਜੇ ਮਜ਼ਮੂਨਾਂ ਨੂੰ ਹਿਸਾਬ ਦੇ ਬਰਾਬਰ ਉਚਾ ਸਥਾਨ ਦੇਣਾ ਚਾਹੁੰਦੇ ਹਨ। ਇਹ ਬੜੀ ਮਾੜੀ ਗੱਲ ਹੈ, ਇਹ ਇਕ ਤਰ੍ਹਾਂ ਦਾ ਪਾਪ ਹੈ। ਇਸ ਦਾ ਮਤਲਬ ਤਾਂ ਇਹ ਹੈ ਕਿ ਕੰਮ ਕਰਨਾ ਅਤੇ ਨਾ ਕਰਨਾ ਇਕ ਬਰਾਬਰ ਹੈ। ਸਾਡੇ ਹਿਸਾਬ ਦੇ ਪ੍ਰੋਫ਼ੈਸਰ ਸਾਹਿਬ ਕਹਿੰਦੇ ਹਨ ਕਿ ਉਹ ਇਸ ਵਿਰੁੱਧ ਲੜਨਗੇ, ਪਰ ਨਤੀਜਾ ਕੀ ਹੋਵੇਗਾ,ਇਹ ਰੱਬ ਹੀ ਜਾਣਦਾ ਹੈ!

7 ਅਪਰੈਲ, 1891 : ਮੈਂ ਸਵੇਰੇ ਸੈਰ ਲਈ ਬਾਹਰ ਗਿਆ ਸਾਂ। ਵਾਪਸ ਆ ਕੇ ਵੇਖਿਆ, ਜੰਦਰਾ ਟੁੱਟਾ ਹੋਇਆ ਹੈ, ਦਰਵਾਜ਼ਾ ਖੁਲ੍ਹਾ ਹੈ ਅਤੇ ਸਾਰੀਆਂ ਚੀਜ਼ਾਂ ਵਸਤਾਂ ਸਣੇ ਪਿੱਤਲ ਦੀ ਕੌਲੀ ਤੇ ਲੋਟਾ ਚੋਰੀ ਹੋ ਗਿਆ ਹੈ। ਰੱਬ ਦਾ ਸ਼ੁਕਰ ਹੈ ਕਿ ਮੇਰੀਆਂ ਕਿਤਾਬਾਂ ਚੋਰੀ ਨਹੀਂ ਹੋਈਆਂ। ਚੋਰ ਆਪਣੀ ਟੋਪੀ ਲਿਜਾਣੀ ਭੁਲ ਗਿਆ ਹੈ।

9 ਮਈ, 1891 : ਲਾਲਾ ਆਯੁਧਿਆ ਦਾਸ ਜੀ ਨੇ ਮੈਨੂੰ ਦਸਿਆ ਹੈ ਕਿ ਉਨ੍ਹਾਂ ਨੇ ਮੇਰੇ ਲਈ ਦੋ ਘਰ ਦੇਖੇ ਹਨ। ਉਨ੍ਹਾਂ ਵਿਚੋਂ ਪਹਿਲਾ ਮੇਰੇ ਇਸ ਲਈ ਪਸੰਦ ਨਹੀਂ ਕਿ ਉਥੇ ਹਾਕਮ ਰਾਏ ਚੈਲ ਜੋ ਆਰੀਆ ਸਮਾਜੀ ਹੈ, ਰਹਿੰਦਾ ਹੈ। ਦੂਜਾ ਘਰ ਮੇਰੇ ਹੁਣ ਵਾਲੇ ਘਰ ਨਾਲੋਂ ਵਧੇਰੇ ਆਰਾਮਦੇਹ ਨਹੀਂ ਹੈ। ਇਸ ਦੂਜੇ ਘਰ ਦਾ ਇਕ ਵੱਡਾ ਨੁਕਸ ਇਹ ਵੀ ਹੈ ਕਿ ਮਾਲਕ ਮਕਾਨ ਮੈਥੋਂ ਕੋਈ ਕਿਰਾਇਆ ਨਹੀਂ ਲੈਣਾ ਚਾਹੁੰਦਾ। ਇਸ ਦੇ ਇਵਜ਼ ਇਹ ਚਾਹੁੰਦਾ ਹੈ ਕਿ ਮੈਂ ਉਸ ਦੇ ਬੱਚੇ ਨੂੰ ਪੜ੍ਹਾ ਦਿਆ ਕਰਾਂ, ਇਸ ਦਾ ਮਤਲਬ ਇਹ ਹੈ ਕਿ ਉਹ ਕਿਰਾਏ ਦੀ ਇਕ ਰੁਪਏ ਦੀ ਛੋਟ ਕਰਕੇ ਮੈਥੋਂ ਘਟੋ ਘਟ 25 ਰੁਪਏ ਮਹੀਨੇ ਦਾ ਕੰਮ ਲੈਣਾ ਚਾਹੁੰਦਾ ਹੈ

ਅਤੇ ਫਿਰ ਸਾਰੀ ਉਮਰ ਦਾ ਅਹਿਸਾਨ ਵੀ ਕਰਨਾ ਚਾਹੁੰਦਾ ਹੈ ਕਿ ਉਸ ਨੇ ਮੈਨੂੰ ਮੁਫਤ ਮਕਾਨ ਰਹਿਣ ਲਈ ਦਿਤਾ ਹੈ। ਇਸੇ ਲਈ ਮੈਂ ਇਸ ਦੂਜੇ ਘਰ ਵੀ ਜਾਣਾ ਨਹੀਂ ਚਾਹੁੰਦਾ।

11 ਮਈ, 1891 : ਮੇਰੇ ਮੰਜੇ ਦਾ ਸਾਰਾ ਵਾਣ ਟੁੱਟ ਗਿਆ ਸੀ। ਮੈਂ ਪੰਜ ਆਨੇ ਦਾ ਵਾਣ ਲਿਆ ਕੇ ਇਸ ਨੂੰ ਦੁਬਾਰਾ ਉਣਾ ਲਿਆ ਹੈ। ਇਸ ਨਵੇਂ ਉਣੇ ਮੰਜੇ ਦੀ ਚੰਗੀ ਬੁਣਤ ਨੂੰ ਵੇਖ ਕੇ ਮੈਨੂੰ ਬੜੀ ਖ਼ੁਸ਼ੀ ਹੋਈ ਹੈ।

19 ਮਈ, 1891 : ਅਜ ਜਦੋਂ ਮੈਂ ਕਾਲਜ ਗਿਆ ਤਾਂ ਮੇਰੇ ਸਾਰੇ ਜਮਾਤੀ ਮੇਰੇ ਦੁਆਲੇ ਹੋ ਗਏ। ਕਹਿਣ ਲਗੇ, ''ਹੁਣ ਤੈਨੂੰ ਹੋਸਟਲ ਵਿਚ ਆ ਕੇ ਰਹਿਣਾ ਪਵੇਗਾ, ਇਹ ਪ੍ਰਿੰਸੀਪਲ ਸਾਹਿਬ ਦਾ ਹੁਕਮ ਹੈ।'' ਦੋ ਤਿੰਨ ਘੰਟਿਆਂ ਪਿਛੋਂ ਮੈਂ ਕਾਲਜ ਦੇ ਡਾਕਟਰ ਕੋਲ ਗਿਆ, ਉਸ ਨੇ ਵੀ ਕਿਹਾ, ''ਤੈਨੂੰ ਪ੍ਰਿੰਸੀਪਲ ਸਾਹਿਬ ਦੇ ਨਵੇਂ ਹੁਕਮਾਂ ਦਾ ਪਤਾ ਨਹੀਂ ਹੈ?'' ਮੈਂ ਉਨ੍ਹਾਂ ਨੂੰ ਕਿਹਾ ਕਿ ਮੈਨੂੰ ਆਪਣੇ ਮਾਪਿਆਂ ਕੋਲੋਂ ਪੁਛ ਲੈਣ ਦਿਉ (ਮਾਪਿਆਂ ਤੋਂ ਮੇਰਾ ਭਾਵ ਤੁਹਾਥੋਂ ਹੀ ਸੀ)। ਪਰ ਕਾਲਜ ਦੇ ਡਾਕਟਰ ਨੇ ਕਿਹਾ, ''ਪ੍ਰਿੰਸੀਪਲ ਸਾਹਿਬ ਦੇ ਹੁਕਮਾਂ ਦੀ ਤਾਂ ਪਾਲਣਾ ਕਰਨੀ ਹੀ ਪਏਗੀ।''

ਕਾਲਜ ਦੇ ਸਮੇਂ ਤੋਂ ਪਿਛੋਂ ਮੈਨੂੰ ਪ੍ਰਿੰਸੀਪਲ ਸਾਹਿਬ ਨੇ ਦਸਿਆ, ''ਮੈਂ ਇਹ ਹੁਕਮ ਤੇਰੇ ਭਲੇ ਲਈ ਕੀਤਾ ਹੈ, ਇਸ ਲਈ ਤੂੰ ਕਾਲਜ ਹੋਸਟਲ ਵਿਚ ਆ ਕੇ ਰਹਿਣਾ ਸ਼ੁਰੂ ਕਰ ਦੇ।'' ਪਰ ਸੱਚੀ ਗੱਲ ਇਹ ਸੀ ਕਿ ਮੇਰੇ ਕੁਝ ਜਮਾਤੀਆਂ ਨੇ ਮੈਨੂੰ ਭੀੜੀ ਕੋਠੜੀ ਵਿਚ ਰਹਿੰਦਿਆਂ ਦੇਖ ਲਿਆ ਸੀ, ਮੇਰੇ ਰੋਟੀ ਪਾਣੀ ਦੇ ਪ੍ਰਬੰਧ ਬਾਰੇ ਵੀ ਉਨ੍ਹਾਂ ਨੂੰ ਪਤਾ ਸੀ ਅਤੇ ਉਹ ਇਹ ਵੀ ਜਾਣਦੇ ਸਨ ਕਿ ਮੈਨੂੰ ਕਾਲਜ ਆਉਣ ਜਾਣ ਲਈ ਬੜਾ ਲੰਮਾ ਪੰਧ ਕਰਨਾ ਪੈਂਦਾ ਹੈ। ਇਸ ਲਈ ਉਨ੍ਹਾਂ ਨੇ ਇਹ ਸਾਜ਼ਸ਼ ਰਚ ਕੇ ਮੈਨੂੰ ਹੋਸਟਲ ਵਿਚ ਖਿਚ ਖੜਨ ਦੀ ਗੋਂਦ ਗੁੰਦੀ ਸੀ। ਉਹ ਮੈਨੂੰ ਇਥੇ ਨਹੀਂ ਸੀ ਰਹਿਣ ਦੇਣ ਲਗੇ। ਉਨ੍ਹਾਂ ਮੈਨੂੰ ਦਸਿਆ ਕਿ ਰਿਹਾਇਸ਼ ਤੇ ਰੋਟੀ ਸਾਰਾ ਖ਼ਰਚਾ 3-4 ਮਹੀਨਾ ਹੋਵੇਗਾ। ਮੈਨੂੰ ਪਤਾ ਹੈ ਕਿ ਜਿਸ ਵਾਤਾਵਰਣ ਵਿਚ ਵੀ ਕੋਈ ਰਹੇ, ਉਸ ਵਿਚ ਉਹ ਆਪਣੇ ਮਨ ਨੂੰ ਇਕਾਗਰ ਕਰ ਸਕਦਾ ਹੈ। ਹੋਸਟਲ ਵੀ ਪੜ੍ਹਾਈ ਕਰਨ ਲਈ ਕੋਈ ਮਾੜੀ ਥਾਂ ਨਹੀਂ ਹੈ, ਇਥੇ ਰਹਿ ਕੇ ਕਈ ਵਿਦਿਆਰਥੀ ਸਾਰੇ ਸੂਬੇ ਭਰ ਵਿਚ ਅਵੱਲ ਰਹੇ ਹਨ।

ਮੈਂ 12 ਆਨਿਆਂ ਦੀਆਂ ਕੁਝ ਅੰਗਰੇਜ਼ੀ ਕਿਤਾਬਾਂ ਖ਼ਰੀਦ ਕੇ ਲਿਆਇਆ ਹਾਂ। ਇਸ ਵੇਲੇ ਮੇਰੇ ਕੋਲ ਇਕ ਪੈਸਾ ਵੀ ਨਹੀਂ ਹੈ। ਮੈਂ ਅਯੁਧਿਆ ਪ੍ਰਸ਼ਾਦਿ ਕੋਲ ਜਾਵਾਂਗਾ।

ਜੇ ਤੁਸੀਂ ਮੇਰਾ ਹੋਸਟਲ ਜਾਣਾ ਪਸੰਦ ਨਹੀਂ ਕਰਦੇ ਤਾਂ ਮੈਨੂੰ ਦਸਣਾ ਕਿ ਮੈਂ ਪ੍ਰਿੰਸੀਪਲ ਸਾਹਿਬ ਨੂੰ ਕੀ ਜਵਾਬ ਦੇਵਾਂ।

23 ਮਈ, 1891 : ਜਦੋਂ ਮੈਂ ਕਾਲਜ ਤੋਂ ਆਇਆ ਅਤੇ ਆਪਣੇ ਕਮਰੇ ਦਾ ਬੂਹਾ ਖੋਲ੍ਹਣ ਲਗਾ ਤਾਂ ਇਕ ਬਹੁਤ ਹੀ ਜ਼ਹਿਰੀਲਾ ਸੱਪ ਮੇਰੇ ਵਲ ਵਧਿਆ। ਇਹ ਕਰਾਇਤ ਸੱਪ ਸੀ, ਜੋ ਬੜਾ ਖ਼ਤਰਨਾਕ ਤੇ ਜ਼ਹਿਰੀਲਾ ਹੁੰਦਾ ਹੈ। ਮੈਂ ਸਹਾਇਤਾ ਲਈ ਪੁਕਾਰ ਕੀਤੀ, ਲੋਕਾਂ ਨੇ ਆ ਕੇ ਸੱਪ ਨੂੰ ਮਾਰ ਦਿਤਾ। ਕਾਲਜ ਦੇ ਸਾਰੇ ਬੰਦੇ ਮੇਰੇ ਇਸ ਕਮਰੇ ਵਿਚ ਰਹਿਣ ਦੇ ਵਿਰੁਧ ਹਨ, ਉਹ ਮੈਨੂੰ ਕਾਲਜ ਹੋਸਟਲ ਲਿਜਾਣਾ ਚਾਹੁੰਦੇ ਹਨ। ਉਹ ਕਹਿੰਦੇ ਹਨ ਕਿ ਜੇ ਮੈਂ ਹਰ ਥਾਂ ਆਪਣੇ ਮਨ ਨੂੰ ਇਕਾਗਰ ਕਰ ਸਕਣ ਦੀ ਆਦਤ ਨਾ ਬਣਾਈ ਤਾਂ ਮੇਰੇ ਲਈ ਲੋਕਾਂ ਵਿਚ ਰਹਿਣਾ ਮੁਸ਼ਕਲ ਹੋ ਜਾਵੇਗਾ। ਜਿਹੜਾ ਬੰਦਾ ਤਰਨਾ ਸਿਖਣਾ ਚਾਹੁੰਦਾ ਹੈ ਅਤੇ ਪਾਣੀ ਵਿਚ ਛਾਲ ਨਹੀਂ ਮਾਰਦਾ, ਉਹ ਤਰਨਾ ਵੀ ਨਹੀਂ ਸਿਖ ਸਕਦਾ।

ਉਹ ਇਹ ਵੀ ਕਹਿੰਦੇ ਹਨ ਕਿ ਜਿਉਂ ਜਿਉਂ ਆਦਮੀ ਵੱਡਾ ਹੁੰਦਾ ਹੈ, ਤਿਉਂ ਤਿਉਂ ਉਸ ਨੂੰ ਪੂਰਨ ਇਕਾਂਤ ਲਭ ਲੈਣੀ ਮੁਸ਼ਕਲ ਹੋ ਜਾਂਦੀ ਹੈ। ਉਹ ਮੈਨੂੰ ਇਹ ਪ੍ਰੇਰਨਾ ਦੇ ਰਹੇ ਹਨ ਕਿ ਮੈਂ ਇਕੱਲਾ ਤੇ ਆਪਣੇ ਆਪ ਵਿਚ ਮਗਨ ਰਹਿਣ ਦੀ ਆਦਤ ਨੂੰ ਛੱਡ ਦੇਵਾਂ। ਕਾਲਜ ਦੇ ਡਾਕਟਰ ਨੇ ਵੀ ਇਹ ਕਿਹਾ ਹੈ ਕਿ ਮੈਂ ਛੇਤੀ ਹੀ ਹਜੂਮ ਵਿਚ ਵਿਚਰਦਾ ਹੋਇਆ ਵੀ ਆਪਣੇ ਮਨ ਨੂੰ ਇਕਾਗਰ ਕਰ ਸਕਣ ਦਾ ਆਦੀ ਹੋ ਜਾਵਾਂਗਾ। ਮੈਨੂੰ ਕੇਵਲ ਇਸੇ ਗੱਲ ਦਾ ਹੀ ਤੌਖਲਾ ਹੈ, ਨਹੀਂ ਤਾਂ ਕਾਲਜ ਹੋਸਟਲ ਵਿਚ ਮੈਨੂੰ ਸਾਰੇ ਸੁਖ ਆਰਾਮ ਪ੍ਰਾਪਤ ਹਨ। ਮੁਕਦੀ ਗੱਲ ਇਹ ਹੈ ਕਿ ਮੇਰਾ ਹੋਸਟਲ ਵਿਚ ਜਾਣਾ ਜ਼ਰੂਰੀ ਹੋ ਗਿਆ ਹੈ ਅਤੇ ਮੈਂ ਕਿਸੇ ਤਰ੍ਹਾਂ ਵੀ ਹੁਣ ਇਸ ਤੋਂ ਬਚ ਨਹੀਂ ਸਕਦਾ। ਤੁਸੀਂ ਕਿਰਪਾ ਕਰਕੇ ਮੈਨੂੰ ਅਸ਼ੀਰਵਾਦ ਦਿਉ ਕਿ ਮੈਂ ਹੋਸਟਲ ਵਿਚ ਜਾ ਕੇ ਵੀ ਆਪਣੇ ਮਨ ਨੂੰ ਉਸੇ ਤਰ੍ਹਾਂ ਇਕਾਗਰ ਕਰ ਸਕਾਂ, ਜਿਸ ਤਰ੍ਹਾਂ ਕਿ ਇਥੇ ਆਪਣੇ ਕਮਰੇ ਵਿਚ ਕਰਦਾ ਰਿਹਾ ਹਾਂ।

25 ਮਈ, 1891 : ਮੈਂ ਸਾਰੇ ਵੇਰਵੇ ਬਣਾ ਲਏ ਹਨ ਕਿ ਜੇ ਮੈਂ ਹੋਸਟਲ ਗਿਆ ਤਾਂ ਕਿੰਨਾ ਖ਼ਰਚਾ ਆਵੇਗਾ:

(i) ਮੈਨੂੰ ਛੁਟੀਆਂ ਦੇ ਮਹੀਨਿਆਂ ਦਾ ਕੋਈ ਵੀ ਕਿਰਾਇਆ ਆਦਿ ਨਹੀਂ ਦੇਣਾ ਪਵੇਗਾ;

(ii) ਰੋਟੀ ਦਾ ਖ਼ਰਚਾ ਵੀ ਮੈਨੂੰ ਉਨੇ ਦਿਨਾਂ ਦਾ ਹੀ ਦੇਣਾ ਪਵੇਗਾ, ਜਿਨੇ ਦਿਨ ਮੈਂ ਰੋਟੀ ਖਾਵਾਂਗਾ। ਜੇ ਕੋਈ ਮੇਰਾ ਮਹਿਮਾਨ ਆ ਜਾਵੇ ਤਾਂ ਉਸ ਦਾ ਖ਼ਰਚਾ ਵੀ ਮੇਰੀ ਰੋਟੀ ਜਿਨਾ ਹੋਵੇਗਾ।

ਮੈਂ ਹੋਸਟਲ ਦੇ ਸੁਪਰਡੰਟ ਸਾਹਿਬ ਨੂੰ ਦਸਿਆ ਕਿ ਮੇਰੇ ਮਾਪੇ ਹੋਸਟਲ ਦਾ ਖ਼ਰਚਾ ਬਰਦਾਸ਼ਤ ਨਹੀਂ ਕਰ ਸਕਦੇ, ਪਰ ਉਨ੍ਹਾਂ ਨੇ ਮੈਨੂੰ ਹਿਸਾਬ ਕਰਕੇ ਦਸਿਆ ਹੈ ਕਿ ਜੋ ਕੁਝ ਮੈਂ ਹੁਣ ਖ਼ਰਚ ਕਰ ਰਿਹਾ ਹਾਂ, ਹੋਸਟਲ ਵਿਚ ਆ ਕੇ ਉਸ ਨਾਲੋਂ ਕੇਵਲ ਇਕ ਰੁਪਿਆ ਵੱਧ ਖ਼ਰਚ ਆਵੇਗਾ। ਉਨ੍ਹਾਂ ਨੇ ਇਹ ਵੀ ਸਲਾਹ ਦਿਤੀ ਹੈ ਕਿ ਕਿਉਂਜੋ ਹੋਸਟਲ ਵਿਚ ਮੈਨੂੰ ਬਾਹਰ ਨਾਲੋਂ ਚੰਗੀ ਰੋਟੀ ਮਿਲ ਸਕੇਗੀ, ਇਸ ਲਈ ਕਿਸੇ ਹੋਰ ਬੰਨਿਉਂ ਇਕ ਰੁਪਏ ਦੀ ਬਚਤ ਕਰ ਲਵਾਂ। ਉਹ ਮੇਰਾ ਖ਼ਰਚਾ ਕਿਸੇ ਤਰ੍ਹਾਂ ਵੀ ਹੁਣ ਦੇ ਖ਼ਰਚੇ ਨਾਲੋਂ ਨਹੀਂ ਵਧਣ ਦੇਣਗੇ। ਫਿਰ ਉਨ੍ਹਾਂ ਮੈਨੂੰ ਇਹ ਵੀ ਦਸਿਆ ਹੈ ਕਿ ਇਥੇ ਆ ਕੇ ਮੈਂ ਦੂਜੇ ਵਿਦਿਆਰਥੀਆਂ ਕੋਲੋਂ ਕਿਤਾਬਾਂ ਮੰਗ ਕੇ ਵੀ ਪੜ੍ਹ ਸਕਦਾ ਹਾਂ, ਜੋ ਹੁਣ ਮੈਨੂੰ ਖ਼ਰੀਦਣੀਆਂ ਨਹੀਂ ਪੈਣਗੀਆਂ। ਫਿਰ ਉਨ੍ਹਾਂ ਇਹ ਵੀ ਕਿਹਾ ਹੈ ਕਿ ਜੇ ਮੇਰਾ ਇਰਾਦਾ ਫਿਰ ਵੀ ਬਦਲ ਜਾਵੇ ਤਾਂ ਛੁਟੀਆਂ ਤੋਂ ਬਾਦ ਮੈਂ ਮੁੜ ਹੋਸਟਲ ਛੱਡ ਸਕਦਾ ਹਾਂ।

5 ਦਸੰਬਰ, 1891 : ਮੇਰੇ ਕੋਲ ਤੁਹਾਨੂੰ ਲਿਖਣ ਲਈ ਪੋਸਟ ਕਾਰਡ ਮੌਜੂਦ ਸੀ, ਪਰ ਮੈਂ ਗਣਿਤ ਦੇ ਇਕ ਬੜੇ ਕਠਨ ਪ੍ਰਸ਼ਨ ਨੂੰ ਹਲ ਕਰਨ ਵਿਚ ਰੁਝਾ ਹੋਇਆ ਸਾਂ। ਇਸ ਲਈ ਇਸ ਪੋਸਟ ਕਾਰਡ ਨੂੰ ਲਿਖਣ ਲਈ ਮੈਂ ਸਮਾਂ ਨਾ ਕਢ ਸਕਿਆ। ਬਾਕੀ ਮਜ਼ਮੂਨਾਂ ਦਾ ਕਾਲਜ ਦਾ ਕੰਮ ਹਾਲੀ ਕਰਨ ਵਾਲਾ ਪਿਆ ਹੈ। ਮੈਂ 24 ਘੰਟੇ ਪਿਛੋਂ ਉਸ ਪ੍ਰਸ਼ਨ ਨੂੰ ਹਲ ਕਰਨ ਵਿਚ ਸਫਲ ਹੋਇਆ ਹਾਂ, ਪਰ ਹਾਲੀ ਹੋਰ ਕਾਲਜ ਦਾ ਦੂਜਾ ਕੰਮ ਕਰਨਾ ਬਾਕੀ ਹੈ।

11 ਫ਼ਰਵਰੀ, 1892 : ਹਾਲੀ ਮੈਨੂੰ ਕਾਲਜ ਹੋਸਟਲ ਵਿਚ ਜਗ੍ਹਾ ਨਹੀਂ ਮਿਲ ਸਕੀ। ਅਜ ਮੈਂ ਉਥੇ ਚਲਾ ਜਾਵਾਂਗਾ। ਮੇਰੇ ਮਕਾਨ ਵਿਚ ਮੁੜ ਕੇ ਚੋਰੀ ਹੋ ਗਈ ਹੈ। ਮੇਰੀ ਰਜ਼ਾਈ, ਤਲਾਈ, ਦਰੀ ਅਤੇ ਭਾਂਡੇ ਚੋਰੀ ਹੋਏ ਹਨ। ਮੇਰੇ ਕੁਝ ਕਪੜੇ ਜੋ ਬਿਸਤਰੇ ਵਿਚ ਸਨ, ਉਹ ਵੀ ਨਾਲ ਚਲੇ ਗਏ ਹਨ। ਪਰ ਮੇਰੀਆਂ ਸਾਰੀਆਂ ਕਿਤਾਬਾਂ ਬਚ ਗਈਆਂ ਹਨ। ਲਾਲਾ ਜਵਾਲਾ ਪ੍ਰਸ਼ਾਦ ਅਤੇ ਲਾਲਾ ਝੰਡੂਮਲ ਕਹਿੰਦੇ ਹਨ ਕਿ ਉਹ ਮੈਨੂੰ ਨਵੇਂ ਕਪੜੇ ਲੈ ਦੇਣਗੇ। ਉਨ੍ਹਾਂ ਨੇ ਮੈਨੂੰ ਕਿਹਾ, ''ਗੋਸੁਆਮੀ ਜੀ! ਫ਼ਿਕਰ ਨਾ ਕਰੋ, ਅਸੀਂ ਤੁਹਾਡੇ ਲਈ ਸਭ ਕੁਝ ਕਰਾਂਗੇ।''

11 ਜੂਨ, 1892 : ਅਜ ਕਿਸੇ ਭਦਰ ਪੁਰਸ਼ ਨੇ ਆ ਕੇ ਪ੍ਰਿੰਸੀਪਲ ਸਾਹਿਬ ਨੂੰ 53 ਰੁਪਏ ਦੀ ਰਕਮ ਮੈਨੂੰ ਦੇਣ ਲਈ ਦਿਤੀ ਹੈ। ਪ੍ਰਿੰਸੀਪਲ ਸਾਹਿਬ ਨੇ ਮੈਨੂੰ ਬੁਲਾ ਕੇ ਕਿਹਾ ਹੈ, ''ਇਹ ਰਕ਼ਮ ਲੈ ਜਾਉ।'' ਮੈਂ ਪ੍ਰਿੰਸੀਪਲ ਸਾਹਿਬ ਤੋਂ ਉਸ ਦਾਨੀ ਸੱਜਣ ਦਾ ਨਾਮ ਪੁਛਿਆ ਹੈ, ਪਰ ਉਨ੍ਹਾਂ ਨੇ ਨਾਂ ਦਸਣ ਤੋਂ ਇਨਕਾਰ ਕਰ ਦਿਤਾ ਹੈ। ਪਰ ਮੇਰਾ ਵਿਚਾਰ ਹੈ ਕਿ ਇਹ ਰਕਮ ਪ੍ਰਿੰਸੀਪਲ ਸਾਹਿਬ ਆਪ ਹੀ ਮੈਨੂੰ ਦੇ

ਰਹੇ ਹਨ। ਮੈਂ ਪ੍ਰਿੰਸੀਪਲ ਸਾਹਿਬ ਨੂੰ ਬੇਨਤੀ ਕੀਤੀ ਕਿ ਉਹ ਇਸ ਵਿਚੋਂ ਅਧੀ ਰਕਮ ਕਾਲਜ ਲਈ ਰਖ ਲੈਣ ਅਤੇ ਅਧੀ ਮੈਨੂੰ ਦੇ ਦੇਣ, ਪਰ ਉਨ੍ਹਾਂ ਨੇ ਮੇਰੇ ਇਸ ਸੁਝਾ ਨੂੰ ਪਰਵਾਨ ਨਹੀਂ ਕੀਤਾ। ਇਸ ਲਈ ਮੈਂ ਉਹ ਰਕਮ ਲੈ ਕੇ ਲਾਲਾ ਆਯੁਧਿਆ ਪ੍ਰਸ਼ਾਦ ਜੀ ਨੂੰ ਦੇ ਦਿਤੀ ਹੈ।

9 ਜੁਲਾਈ, 1892 : ਕਲ੍ਹ ਰਾਤ ਮੈਂ ਬਾਜ਼ਾਰ ਵਿਚ ਦੁੱਧ ਪੀਣ ਗਿਆ ਸਾਂ, ਰਾਹ ਵਿਚ ਮੇਰਾ ਜੁੱਤੀ ਦਾ ਇਕ ਪੈਰ ਗੁਆਚ ਗਿਆ। ਸ਼ਾਇਦ ਉਹ ਨਾਲੇ ਵਿਚ ਡਿਗ ਪਿਆ ਸੀ। ਮੈਂ ਉਸ ਨੂੰ ਲਭਣ ਦਾ ਬੜਾ ਯਤਨ ਕੀਤਾ, ਪਰ ਲਭ ਨਾ ਸਕਿਆ। ਅਗਲੀ ਭਲਕ ਮੈਂ ਇਕ ਆਪਣੀ ਪੁਰਾਣੀ ਜੁੱਤੀ ਦਾ ਪੈਰ ਅਤੇ ਇਕ ਕਿਸੇ ਔਰਤ ਦੀ ਪੁਰਾਣੀ ਜੁੱਤੀ ਦਾ ਪੈਰ ਪਾ ਕੇ ਕਾਲਜ ਗਿਆ, ਇਹ ਜ਼ਨਾਨਾ ਜੁੱਤੀ ਦਾ ਪੈਰ ਘਰ ਵਿਚ ਪਹਿਲਾਂ ਤੋਂ ਹੀ ਪਿਆ ਸੀ। ਇਹ ਮੇਰੀ ਜੁੱਤੀ ਬੜੀ ਪੁਰਾਣੀ ਸੀ। ਮੈਂ ਨਵੀਂ ਜੁੱਤੀ 9 ਆਨੇ ਤੇ ਤਿੰਨਾਂ ਪੈਸਿਆਂ ਦੀ ਖ਼ਰੀਦ ਲਈ ਹੈ।

2 ਅਗਸਤ, 1892 : ਮੈਂ ਕਾਲਜ ਵਿਚ ਮੁੜ ਦਾਖ਼ਲ ਹੋ ਗਿਆ ਹਾਂ। ਕਾਲਜ ਦੇ ਹਲਵਾਈ ਝੰਡੂਮਲ ਨੇ ਬੜੇ ਪ੍ਰੇਮ ਨਾਲ ਕਿਹਾ ਹੈ ਕਿ ਮੈਂ ਅਗੇ ਤੋਂ ਰੋਟੀ ਉਸ ਦੇ ਘਰੋਂ ਹੀ ਖ਼ਾਇਆ ਕਰਾਂ। ਉਸ ਨੇ ਬੜਾ ਜ਼ੋਰ ਪਾਇਆ ਹੈ, ਇਸ ਲਈ ਮੈਂ ਉਸ ਦੀ ਪ੍ਰਾਹੁਣਚਾਰੀ ਨੂੰ ਪਰਵਾਨ ਕਰ ਲਿਆ ਹੈ। ਮੈਂ ਵੇਖਾਂਗਾ ਕਿ ਇਸ ਦਾ ਮੇਰੇ ਉਤੇ ਕੀ ਅਸਰ ਹੁੰਦਾ ਹੈ। ਜੇ ਮੈਨੂੰ ਇਹ ਗੱਲ ਸੁਖਾਵੀਂ ਲਗੀ ਤਾਂ ਮੈਂ ਉਸ ਦੇ ਘਰ ਹੀ ਰੋਟੀ ਖਾਂਦਾ ਰਹਾਂਗਾ।

9 ਅਗਸਤ, 1892 : ਮੈਂ ਝੰਡੂਮਲ ਦੇ ਘਰ ਹੀ ਰੋਟੀ ਖਾ ਰਿਹਾ ਹਾਂ। ਉਹ ਮੈਨੂੰ ਪ੍ਰੇਮ ਭਾਵ ਨਾਲ ਖਾਣਾ ਖੁਆਉਂਦਾ ਹੈ। ਜਦੋਂ ਤੁਸੀਂ ਆਉਗੇ ਅਤੇ ਇੰਝ ਮਹਿਸੂਸ ਕਰੋਗੇ ਕਿ ਮੈਨੂੰ ਉਸ ਦੇ ਘਰੋਂ ਰੋਟੀ ਨਹੀਂ ਖਾਣੀ ਚਾਹੀਦੀ ਤਾਂ ਮੈਂ ਉਥੋਂ ਰੋਟੀ ਖਾਣੀ ਬੰਦ ਕਰ ਦਿਆਂਗਾ।

9 ਅਕਤੂਬਰ, 1892 : ਅਜ ਕਾਲਜ ਦਾ ਨਵਾਂ ਸੈਸ਼ਨ ਸ਼ੁਰੂ ਹੋਇਆ ਹੈ। ਮੈਂ ਆਪਣੇ ਕਿਸੇ ਪ੍ਰੋਫ਼ੈਸਰ ਨਾਲ ਟਿਊਸ਼ਨ ਲੈ ਸਕਣ ਬਾਰੇ ਗੱਲ ਨਹੀਂ ਕਰ ਸਕਿਆ। ਮੈਂ ਸ੍ਰੀ ਬਹਾਦਰ ਚੰਦ ਨੂੰ ਮਿਲਿਆ ਹਾਂ, ਉਸ ਮੈਨੂੰ ਦਸਿਆ ਹੈ ਕਿ ਐਗਜ਼ੈਕਟਿਵ ਇੰਜੀਨੀਅਰ ਲੱਧਾ ਰਾਮ ਆਪਣੇ ਮੁੰਡੇ ਲਈ ਟਿਊਸ਼ਨ ਰਖਣਾ ਚਾਹੁੰਦਾ ਹੈ, ਇਸ ਲਈ ਇਹ ਟਿਊਸ਼ਨ ਮੈਨੂੰ ਮਿਲ ਜਾਵੇਗੀ। ਪੰਦਰਾਂ ਰੁਪਏ ਮਹੀਨੇ ਵਿਚ ਮੈਨੂੰ ਦੋ ਘੰਟੇ ਰੋਜ਼ ਪੜ੍ਹਾਉਣਾ ਹੋਵੇਗਾ। ਮੈਨੂੰ ਆਸ ਹੈ, ਜ਼ਰੂਰ ਪਰਮਾਤਮਾ ਕੋਈ ਭਲੇ ਦੀ ਗੱਲ ਮੇਰੇ ਲਈ ਕਰ ਦੇਵੇਗਾ।

9 ਅਕਤੂਬਰ, 1892 : ਜਿਹੜੇ ਘਰ ਵਿਚ ਮੈਂ ਹੁਣ ਤਕ ਰਹਿ ਰਿਹਾ ਸਾਂ, ਉਹ ਬਾਰਸ਼ ਨਾਲ ਡਿਗ ਪਿਆ ਹੈ। ਝੰਡੂਮਲ ਨੇ ਮੇਰਾ ਮਾਲ ਅਸਬਾਬ ਅਤੇ ਕਿਤਾਬਾਂ ਬਚਾ ਲਈਆਂ ਹਨ। ਹਾਲੀ ਮੈਨੂੰ ਕੋਈ ਘਰ ਨਹੀਂ ਮਿਲਿਆ। ਕਲ੍ਹ ਰਾਤ ਮੈਂ ਝੰਡੂਮਲ ਦੇ ਹੀ ਸੁੱਤਾ ਸਾਂ ਅਤੇ ਉਸ ਦੇ ਘਰੋਂ ਹੀ ਰੋਟੀ ਖਾਧੀ ਸੀ।

18 ਅਕਤੂਬਰ, 1892 : ਮੈਂ ਆਪਣੇ ਪ੍ਰੋਫ਼ੈਸਰ ਸਾਹਿਬਾਨ ਨਾਲ ਟਿਊਸ਼ਨ ਕਰਨ ਬਾਰੇ ਗੱਲ ਕੀਤੀ ਹੈ। ਉਨ੍ਹਾਂ ਨੇ ਮੈਨੂੰ ਇਹ ਸਲਾਹ ਦਿਤੀ ਹੈ ਕਿ ਇਮਿਤਿਹਾਨ ਬੜੇ ਨੇੜੇ ਆ ਗਏ ਹਨ, ਇਸ ਲਈ ਮੈਨੂੰ ਟਿਊਸ਼ਨ ਪੜ੍ਹਾਉਣ ਵਿਚ ਆਪਣਾ ਸਮਾਂ ਨਸ਼ਟ ਨਹੀਂ ਕਰਨਾ ਚਾਹੀਦਾ। ਉਨ੍ਹਾਂ ਦੀ ਗੱਲ ਬਿਲਕੁਲ ਸੱਚੀ ਹੈ ਕਿ 15 ਰੁਪਏ ਮਹੀਨੇ ਦੀ ਖ਼ਾਤਰ ਮੈਨੂੰ ਆਪਣਾ ਕੀਮਤੀ ਸਮਾਂ ਗੁਆਉਣਾ ਨਹੀਂ ਚਾਹੀਦਾ।

ਮੈਨੂੰ ਬੜੇ ਅਫ਼ਸੋਸ ਨਾਲ ਲਿਖਣਾ ਪੈ ਰਿਹਾ ਹੈ ਕਿ ਮੇਰੇ ਦੋ ਪਿਆਰੇ ਮਿਤਰ ਪਿਛੇ ਜਿਹੇ ਮੌਤ ਦਾ ਸ਼ਿਕਾਰ ਹੋ ਗਏ ਹਨ। ਉਨ੍ਹਾਂ ਵਿਚੋਂ ਇਕ ਖਲੀਲਉਲ ਰਹਿਮਾਨ ਬੀ.ਏ.ਸੀ ਅਤੇ ਦੂਜਾ ਲਾਲਾ ਸ਼ਿਵ ਰਾਮ ਬੀ. ਏ.। ਪਰਮਾਤਮਾ ਉਨ੍ਹਾਂ ਦੇ ਘਰਵਾਲਿਆਂ ਉਤੇ ਰਹਿਮ ਕਰੇ। ਇਹ ਦੋਵੇਂ ਘਟਨਾਵਾਂ ਬੜੀਆਂ ਦੁਖਾਂਤਕ ਹਨ।

31 ਦਸੰਬਰ, 1892 : ਮੇਰੀ ਜਮਾਤ ਦਾ ਇਕ ਮੁੰਡਾ ਮੈਥੋਂ ਗਣਿਤ ਦੇ ਪਾਠ ਪੜ੍ਹਨ ਲਗ ਪਿਆ ਹੈ। ਸੇਵਾਫਲ ਬਾਰੇ ਮੇਰੇ ਨਾਲ ਕੋਈ ਗੱਲ ਨਹੀਂ ਹੋਈ, ਪਰ ਉਹ ਇਕ ਬਹੁਤ ਚੰਗਾ ਆਦਮੀ ਹੈ ਤੇ ਕਿਸੇ ਨਾ ਕਿਸੇ ਰੂਪ ਵਿਚ ਕੁਝ ਸੇਵਾਫਲ ਵਜੋਂ ਦੇਵੇਗਾ।

ਸਰਦਾਰ-ਹੁਣ ਤੋਂ ਕੁਝ ਦਿਨ ਮਗਰੋਂ ਆਪਣਾ ਇਮਤਿਹਾਨ ਮੁਕੰਮਲ ਕਰ ਲਵੇਗਾ। ਆਪਣੇ ਜਿਸ ਜਮਾਤੀ ਨੂੰ ਮੈਂ ਪਾਠ ਪੜ੍ਹਾਉਣੇ ਸ਼ੁਰੂ ਕੀਤੇ ਹਨ, ਉਹ ਮੇਰੇ ਪੜ੍ਹਾਉਣ ਦੇ ਤਰੀਕੇ ਤੋਂ ਬੜਾ ਖ਼ੁਸ਼ ਹੋਇਆ ਹੈ। ਉਹ ਘਟੋ ਘਟ ਮੈਨੂੰ ਇਤਨੀ ਰਕਮ ਦੇ ਦੇਵੇਗਾ, ਜੋ ਮੇਰੇ ਘਰ ਦੇ ਕਿਰਾਏ ਤੇ ਦੁੱਧ ਦੇ ਬਿਲ ਆਦਿ ਦੇ ਭੁਗਤਾਨ ਲਈ ਕਾਫ਼ੀ ਹੋਵੇਗੀ। ਇਸ ਤੋਂ ਛੁਟ ਸਰਦਾਰ ਮੈਨੂੰ ਆਪਣੇ ਕੋਲ ਰਹਿਣ ਲਈ ਵੀ ਕਹਿ ਰਿਹਾ ਸੀ। ਜਦੋਂ ਤੁਸੀਂ ਇਥੇ ਆਉਗੇ ਤਾਂ ਉਸੇ ਤਰ੍ਹਾਂ ਕਰਾਂਗਾ, ਜਿਵੇਂ ਤੁਸੀਂ ਹੁਕਮ ਕਰੋਗੇ।

23 ਜਨਵਰੀ, 1893 : ਜਦੋਂ ਮੈਂ ਕਾਲਜ ਗਿਆ ਤਾਂ ਕਾਲਜ ਦੇ ਚਪੜਾਸੀ ਨੇ ਮੈਨੂੰ ਦਸਿਆ ਕਿ ਪ੍ਰੋਫ਼ੈਸਰ ਗਿਲਬਰਟਨ ਸਾਹਿਬ ਨੇ ਮੈਨੂੰ ਬੁਲਾਇਆ ਹੈ। ਘੰਟੀ ਵਜ ਚੁਕੀ ਸੀ। ਪ੍ਰੋਫ਼ੈਸਰ ਗਿਲਬਰਟਨ ਨੇ ਮੈਨੂੰ ਇਕ ਲਿਫ਼ਾਫ਼ਾ ਦਿਤਾ, ਮੈਂ ਉਹ ਲੈ ਲਿਆ ਅਤੇ ਆਪਣੀ ਜਮਾਤ ਵਲ ਨੱਸ ਪਿਆ। ਅਜ ਮੇਰੇ ਕੋਲ ਇਕ ਪੈਸਾ ਵੀ ਨਹੀਂ ਸੀ। ਤਿੰਨ ਘੰਟਿਆਂ ਪਿਛੋਂ ਜਦੋਂ ਮੈਂ ਉਸ ਲਿਫ਼ਾਫ਼ੇ ਨੂੰ ਖੋਲ੍ਹਿਆ ਤਾਂ ਉਸ ਵਿਚ

30 ਰੁਪਏ ਸਨ। ਮੈਂ ਆਪਣੇ ਮਿਹਰਬਾਨ ਪ੍ਰੋਫੈਸਰ ਸਾਹਿਬ ਕੋਲ ਪੁਜਾ ਤੇ ਬੇਨਤੀ ਕੀਤੀ ਕਿ ਮੈਨੂੰ ਏਨੇ ਰੁਪਿਆਂ ਦੀ ਲੋੜ ਨਹੀਂ ਹੈ। ਮੈਂ ਉਨ੍ਹਾਂ ਵਿਚੋਂ 20 ਰੁਪਏ ਪ੍ਰੋਫੈਸਰ ਸਾਹਿਬ ਨੂੰ ਮੋੜ ਦੇਣਾ ਚਾਹੁੰਦਾ ਸਾਂ, ਪਰ ਉਨ੍ਹਾਂ ਨੇ ਉਸ ਸਾਰੀ ਰਕਮ ਨੂੰ ਰਖ ਲੈਣ ਲਈ ਜ਼ੋਰ ਲਾਇਆ। ਜੇ ਤੁਸੀਂ ਹੁਣ ਆ ਜਾਉ ਤਾਂ ਉਹ 20 ਰੁਪਏ ਮੇਰੇ ਕੋਲੋਂ ਲੈ ਜਾਉ ਅਤੇ ਇਸ ਵਿਚੋਂ ਜਿਨੇ ਤੁਸੀਂ ਚਾਹੋਂ ਮਾਤਾ ਜੀ ਨੂੰ ਦੇ ਦੇਣਾ। ਮੈਂ ਇਹ ਰਕਮ ਡਾਕ ਰਾਹੀਂ ਨਹੀਂ ਭੇਜਣੀ ਚਾਹੁੰਦਾ ਕਿਉਂਜੇ ਮੈਂ ਤੁਹਾਡੇ ਦਰਸ਼ਨ ਕਰਨੇ ਚਾਹੁੰਦੇ ਹਾਂ। ਬਾਕੀ 10 ਰੁਪਏ ਮੈਂ ਇਸ ਲਈ ਰਖਣਾ ਚਾਹੁੰਦਾ ਹਾਂ ਕਿ 2 ਮਹੀਨਿਆਂ ਦੀ ਫ਼ੀਸ ਦੇ ਦੇਵਾਂਗਾ। ਆਪਣੇ ਸਾਧਾਰਣ ਖ਼ਰਚਾਂ ਲਈ ਮੈਂ ਸ੍ਰੀ ਜਵਾਲਾ ਪ੍ਰਸ਼ਾਦ ਜੀ ਤੇ ਨਿਰਭਰ ਕਰ ਸਕਦਾ ਹਾਂ।

12 ਫਰਵਰੀ, 1893 : ਮੈਂ ਹੋਸਟੱਲ ਵਿਚ ਆ ਗਿਆ ਹਾਂ। ਸਵੇਰ ਦਾ ਖਾਣਾ ਮੈਂ ਹੋਸਟਲ ਵਿਚੋਂ ਹੀ ਖਾ ਲਿਆ ਕਰਾਂਗਾ ਅਤੇ ਸ਼ਾਮ ਦਾ ਖਾਣਾ ਝੰਡੂਮਲ ਵਲ ਖਾਵਾਂਗਾ। ਝੰਡੂਮਲ ਜੀ ਨੇ ਮੈਨੂੰ ਬੜੀ ਮੁਸ਼ਕਲ ਨਾਲ ਸਵੇਰ ਦਾ ਖਾਣਾ ਹੋਸਟਲ ਵਿਚ ਖਾਣ ਦੀ ਆਗਿਆ ਦਿਤੀ ਹੈ। ਮੈਂ ਆਪਣੇ ਜਨਮ ਪਿੰਡ ਮੁਰਾਲੀਵਾਲਾ ਨੂੰ ਮੁਰਾਰੀਵਾਲਾ ਲਿਖਣਾ ਚਾਹੁੰਦਾ ਹਾਂ (ਮੁਰਾਰੀ ਦੇ ਅਰਥ ਹਨ ਪ੍ਰਭੂ)।

18 ਫਰਵਰੀ, 1893 : ਝੰਡੂਮਲ ਜੀ ਨੇ ਮੈਨੂੰ 2 ਕੁਰਤੇ ਤੇ 2 ਪਜਾਮੇ ਸੁਆ ਦਿਤੇ ਹਨ। ਮੈਂ ਲਾਲਾ ਜਵਾਲਾ ਪ੍ਰਸ਼ਾਦ ਦੇ ਵੀ ਜਿਤਨੇ ਕਪੜੇ ਚਾਹਾਂ, ਵਰਤ ਸਕਦਾ ਹਾਂ। ਇਸ ਲਈ ਇਹ ਠੀਕ ਹੈ।

11 ਮਾਰਚ, 1893 : ਮੇਰਾ ਰੋਲ ਨੰਬਰ ਮਿਲ ਗਿਆ ਹੈ। ਘਰੇਲੂ ਇਮਤਿਹਾਨ ਦੇ ਗਣਿਤ ਦੇ ਪਰਚੇ ਵਿਚ ਮੈਂ 150 ਵਿਚੋਂ 148 ਨੰਬਰ ਲਏ ਹਨ।

17 ਅਪਰੈਲ, 1893 : (ਇਹ ਇਕ ਦੋਸਤ ਵਲੋਂ ਪੱਤਰ ਹੈ) ਤੀਰਥ ਰਾਮ ਤੁਹਾਨੂੰ ਬਹੁਤ ਵਧਾਈ ਹੋਵੇ! ਬੀ. ਏ. ਦੇ ਇਮਤਿਹਾਨ ਵਿਚ ਤੁਸੀਂ ਸੂਬੇ ਵਿਚੋਂ ਅਵਲ ਆਏ ਹੋ!

11 ਜੁਲਾਈ, 1893 : ਭਾਈ-ਜਿਹੜਾ ਮੈਥੋਂ ਪੜ੍ਹਦਾ ਰਿਹਾ ਹੈ ਅਤੇ ਜਿਸ ਨੇ ਚੀਫ ਕਾਲਜ ਵਿਚ ਮਿਡਲ ਦਾ ਇਮਤਿਹਾਨ ਦਿਤਾ ਹੈ, ਪਹਿਲਾਂ ਤਾਂ ਫੇਲ੍ਹ ਹੋ ਗਿਆ ਸੀ, ਪਰ ਪਿਛੋਂ ਉਸ ਦੇ ਪਰਚਿਆਂ ਨੂੰ ਦੁਬਾਰਾ ਦੇਖਿਆ ਗਿਆ ਤੇ ਉਹ ਪਾਸ ਹੋ ਗਿਆ। ਕਿੰਨੀ ਖ਼ੁਸ਼ੀ ਦੀ ਗੱਲ ਹੈ!

17 ਜੁਲਾਈ, 1893 : ਅਜ ਮੈਂ ਦਰਿਆ ਵਲ ਗਿਆ ਸਾਂ। ਮੈਂ ਬੇੜੀਆਂ ਵਾਲੇ ਪੁਲ ਕੋਲ ਘੁੰਮ ਫਿਰ ਰਿਹਾ ਸਾਂ ਕਿ ਗੌਰਮਿੰਟ ਕਾਲਜ ਦੇ ਪ੍ਰਿੰਸੀਪਲ ਬੈੱਲ ਉਧਰੋਂ ਦੀ ਲੰਘੇ। ਉਹ ਮੈਨੂੰ ਬੜੇ ਤਪਾਕ ਨਾਲ ਮਿਲੇ। ਉਹ ਮੇਰੇ ਨਾਲ ਬਹੁਤ ਚਿਰ ਤਕ

ਗਲਬਾਤ ਕਰਦੇ ਰਹੇ। ਉਨ੍ਹਾਂ ਪਹਿਲਾਂ ਮੇਰੀਆਂ ਐਣਕਾਂ ਬਾਰੇ ਗੱਲਬਾਤ ਕੀਤੀ ਅਤੇ ਫਿਰ ਪੁਛਣ ਲਗ ਪਏ, ਮੈਂ ਛਤਰੀ ਕਿਉਂ ਨਹੀਂ ਲਿਆਇਆ। ਉਸ ਵੇਲੇ ਕਿਣਮਿਣ ਹੋ ਰਹੀ ਸੀ। ਇਸੇ ਲਈ ਉਨ੍ਹਾਂ ਨੇ ਮੈਨੂੰ ਛਤਰੀ ਬਾਰੇ ਪੁਛਿਆ ਸੀ, ਫਿਰ ਉਨ੍ਹਾਂ ਨੇ ਮੈਨੂੰ ਆਪਣੀ ਬੱਘੀ ਵਿਚ ਬਿਠਾ ਲਿਆ ਅਤੇ ਗੌਰਮਿੰਟ ਕਾਲਜ ਤਕ ਲੈ ਆਏ। ਬੱਘੀ ਵਿਚ ਮੈਂ ਉਨ੍ਹਾਂ ਨੂੰ ਅੰਗਰੇਜ਼ੀ ਦੀਆਂ ਕਵਿਤਾਵਾਂ ਦੇ ਕਈ ਹਿਸੇ ਸੁਣਾਉਂਦਾ ਰਿਹਾ, ਜੋ ਮੈਨੂੰ ਜ਼ਬਾਨੀ ਯਾਦ ਸਨ। ਮੈਂ ਉਨ੍ਹਾਂ ਨੂੰ ਇਹ ਵੀ ਦਸਿਆ ਕਿ ਮੈਂ ਪਾਠ ਪੁਸਤਕਾਂ ਤੋਂ ਬਿਨਾਂ ਆਪਣੇ ਵਿਸ਼ੇ ਬਾਰੇ ਪੰਜ ਸੱਤ ਹੋਰ ਕਿਤਾਬਾਂ ਵੀ ਪੜ੍ਹ ਲੈਂਦਾ ਹਾਂ, ਉਨ੍ਹਾਂ ਨੂੰ ਇਹ ਜਾਣ ਕੇ ਬੜੀ ਖ਼ੁਸ਼ੀ ਹੋਈ, ਫਿਰ ਮੈਨੂੰ ਉਨ੍ਹਾਂ ਨੇ ਮੇਰੇ ਮਾਪਿਆਂ ਬਾਰੇ ਪੁਛਿਆ ਕਿ ਕੀ ਉਹ ਅਮੀਰ ਹਨ? ਮੈਂ ਉਤਰ ਦਿਤਾ,ਬੜੇ ਗ਼ਰੀਬ। ਫਿਰ ਉਨ੍ਹਾਂ ਪੁਛਿਆ ਕਿ ਮੈਂ ਇਮਤਿਹਾਨ ਤੋਂ ਪਿਛੋਂ ਕੀ ਕਰਨਾ ਚਾਹੁੰਦਾ ਹਾਂ। ਮੈਂ ਉਤਰ ਦਿਤਾ, ਮੈਨੂੰ ਆਪਣੇ ਭਵਿਖ ਬਾਰੇ ਕੋਈ ਵੀ ਪਤਾ ਨਹੀਂ ਹੈ। ਮੈਂ ਉਨ੍ਹਾਂ ਨੂੰ ਦਸਿਆ ਕਿ ਜੇ ਮੇਰੀ ਕੋਈ ਇਛਾ ਹੈ ਤਾਂ ਉਹ ਇਹ ਹੈ ਕਿ ਮੇਰੀ ਸਾਰੀ ਉਮਰ ਤੇ ਹਰ ਸਵਾਸ ਪ੍ਰਭੂ ਦੀ ਸੇਵਾ ਵਿਚ ਗੁਜ਼ਰੇ, ਮਨੁੱਖਾਂ ਦੀ ਸੇਵਾ ਕਰਨਾ ਹੀ ਰੱਬ ਦੀ ਸਭ ਤੋਂ ਵੱਡੀ ਭਗਤੀ ਹੈ। ਉਨ੍ਹਾਂ ਲਈ ਮੇਰੀ ਸਭ ਤੋਂ ਵੱਡੀ ਸੇਵਾ ਉਨ੍ਹਾਂ ਨੂੰ ਹਿਸਾਬ ਪੜ੍ਹਾਉਣਾ ਹੋਵੇਗਾ।

ਏਨੇ ਚਿਰ ਤਕ ਅਸੀਂ ਉਨ੍ਹਾਂ ਦੇ ਨਿਵਾਸ ਸਥਾਨ ਤੇ ਪੁਜ ਗਏ, ਜੋ ਗੌਰਮਿੰਟ ਕਾਲਜ ਦੇ ਇਹਾਤੇ ਵਿਚ ਹੀ ਸੀ। ਉਹ ਮੈਨੂੰ ਜ਼ੈਮਨੇਜ਼ੀਅਮ ਵਾਲੀ ਥਾਂ ਤੇ ਲੈ ਗਏ। ਉਨ੍ਹਾਂ ਨੇ ਮੈਨੂੰ ਵਿਖਾਇਆ ਕਿ ਉਨ੍ਹਾਂ ਦੇ ਕਾਲਜ ਦੇ ਲੜਕੇ ਕਿਵੇਂ ਵਖ ਵਖ ਸਰੀਰਕ ਕਸਰਤਾਂ ਕਰ ਰਹੇ ਹਨ। ਫਿਰ ਮੈਨੂੰ ਉਨ੍ਹਾਂ ਪੁਛਿਆ , "ਤੂੰ ਕਿਹੜੀ ਕਸਰਤ ਕਰਦਾ ਹੁੰਦਾ ਹੈਂ?" ਮੈਂ ਕਿਹਾ, "ਮੈਂ ਆਪਣੀ ਚਾਰਪਾਈ ਨਾਲ ਕਸਰਤ ਕਰਦਾ ਹਾਂ। ਉਸ ਦੀਆਂ ਬਾਹੀਆਂ ਨੂੰ ਆਪਣੇ ਹੱਥਾਂ ਵਿਚ ਲੈ ਕੇ ਉਸ ਨਾਲ ਡੰਡ ਕਢਦਾ ਹਾਂ। ਪ੍ਰਿੰਸੀਪਲ ਸਾਹਿਬ ਨੇ ਉਥੇ ਇਕ ਚਾਰਪਾਈ ਮੰਗਵਾ ਦਿਤੀ। ਮੈਂ ਆਪਣੇ ਢੰਗ ਨਾਲ ਹੀ ਚਾਰਪਾਈ ਨੂੰ ਬਾਹੀਆਂ ਤੋਂ ਪਕੜਿਆ ਤੇ ਮਿਸਟਰ ਬੈੱਲ ਦੇ ਸਾਹਮਣੇ 100 ਡੰਡ ਕਢ ਦਿਤੇ। ਉਨ੍ਹਾਂ ਦੇ ਕਾਲਜ ਦੇ ਮੁੰਡੇ 20 ਤੋਂ ਵਧ ਨਾ ਕਢ ਸਕੇ। ਸਾਰੇ ਮੁੰਡਿਆਂ ਨੂੰ ਵਰਜ਼ਿਸ਼ ਕਰਦਿਆਂ ਦੇਖ ਕੇ ਉਹ ਹਰ ਇਕ ਨੂੰ ਸਲਾਮ ਕਰਕੇ ਆਪਣੇ ਘਰ ਵਲ ਚਲੇ ਗਏ। ਜਦੋਂ ਉਹ ਘਰ ਜਾ ਰਹੇ ਸਨ ਤਾਂ ਮੈਂ ਅਗੇ ਵੱਧ ਕੇ ਕਿਹਾ: "ਸ੍ਰੀਮਾਨ ਜੀ, ਆਪ ਨੇ ਮੇਰੇ ਉਤੇ ਜੋ ਅਪਾਰ ਕਿਰਪਾ ਦ੍ਰਿਸ਼ਟੀ ਕੀਤੀ ਹੈ, ਮੈਂ ਉਸ ਲਈ ਤੁਹਾਡਾ ਤਹਿ ਦਿਲ ਤੋਂ ਸ਼ੁਕਰ ਗੁਜ਼ਾਰ ਹਾਂ।" ਮੇਰੇ ਧੰਨਵਾਦ ਦਾ ਹੁੰਗਾਰਾ

ਭਰ ਕੇ ਅਤੇ ਮੇਰੀ ਸਲਾਮ ਨੂੰ ਪਰਵਾਨ ਕਰਕੇ ਪ੍ਰਿੰਸੀਪਲ ਸਾਹਿਬ ਅੰਦਰ ਚਲੇ ਗਏ।

4 ਅਗਸਤ, 1893 : ਮੈਨੂੰ ਇਥੇ 'ਅਨਹਦ ਸ਼ਬਦ' ਸੁਣਾਈ ਦਿੰਦੇ ਹਨ। ਇਹ ਸਥਾਨ 'ਦੈਵੀ ਅਨੰਦ' ਨਾਲ ਭਰਪੂਰ ਹੈ।

18 ਅਗਸਤ, 1893 : ਮੈਂ 'ਯੋਗ ਵਸਿਸ਼ਟ' ਪੜ੍ਹਨਾ ਸ਼ੁਰੂ ਕਰ ਦਿਤਾ ਹੈ।

25 ਦਸੰਬਰ, 1893 : ਅਜ ਬ੍ਰਿਟਿਸ਼ ਪਾਰਲੀਮੈਂਟ ਦੇ ਮੈਂਬਰ ਦਾਦਾ ਭਾਈ ਨੌਰੋ ਜੀ ਤਿੰਨ ਵਜੇ ਦੀ ਗੱਡੀ ਇਥੇ ਪੁਜੇ ਹਨ। ਉਨ੍ਹਾਂ ਦਾ ਸ਼ਹਿਰ ਵਲੋਂ ਬੜਾ ਸ਼ਾਨਦਾਰ ਸੁਆਗਤ ਕੀਤਾ ਗਿਆ ਸੀ। ਲੋਕਾਂ ਦਾ ਉਤਸ਼ਾਹ ਠਾਠਾਂ ਮਾਰ ਰਿਹਾ ਸੀ। ਕਾਂਗਰਸ ਵਾਲੇ ਉਨ੍ਹਾਂ ਨੂੰ ਬਰ੍ਹਮਾ ਤੇ ਵਿਸ਼ਨੂੰ ਦੀ ਪਦਵੀ ਦੇ ਰਹੇ ਸਨ। ਸ਼ਹਿਰ ਵਿਚ ਬਹੁਤ ਸਾਰੇ ਥਾਵਾਂ ਤੇ ਸੁੰਦਰ ਦਰਵਾਜ਼ੇ ਬਣਾਏ ਗਏ ਸਨ। ਇਸ ਵੇਲੇ ਵੀ ਉਨ੍ਹਾਂ ਦਾ ਜਲੂਸ ਸ਼ਹਿਰ ਵਿਚ ਘੁੰਮ ਰਿਹਾ ਹੈ। ਹਜ਼ਾਰਾਂ ਲੋਕ ਇਸ ਜਲੂਸ ਵਿਚ ਸ਼ਾਮਲ ਹਨ। ਲੋਕਾਂ ਵਿਚ ਖ਼ੁਸ਼ੀਆਂ ਦਾ ਹੜ੍ਹ ਠਾਠਾਂ ਮਾਰ ਰਿਹਾ ਹੈ। ਪਰ ਇਸ ਦਾ ਮੇਰੇ ਉਤੇ ਕੋਈ ਪ੍ਰਭਾਵ ਨਹੀਂ ਪਿਆ। ਇਹ ਸਭ ਖ਼ੁਸ਼ੀ ਕਿਸ ਲਈ ਹੈ? ਮੈਨੂੰ ਭਗਵਾਨ ਨੇ ਜੋ ਆਪਣੀ ਨਿਵੇਕਲੀ ਮਨੋ-ਦਸ਼ਾ ਬਖ਼ਸ਼ੀ ਹੈ, ਮੈਂ ਉਸ ਲਈ ਉਸ ਦਾ ਬਹੁਤ ਧੰਨਵਾਦੀ ਹਾਂ।

30 ਦਸੰਬਰ, 1893 : ਤੁਸੀਂ ਮੇਰੇ ਨਾਲ ਨਾਰਾਜ਼ ਹੋ। ਮੈਂ ਕੱਚਾ ਪਿਲਾ ਨੌਜਵਾਨ ਹਾਂ, ਮੇਰੇ ਔਗੁਣਾਂ ਵਲ ਨਾ ਵੇਖਣਾ, ਮੈਨੂੰ ਮਾਫ਼ ਕਰ ਦੇਣਾ। ਆਦਮੀ ਡਿਗ ਡਿਗ ਕੇ ਹੀ ਸਵਾਰ ਹੁੰਦਾ ਹੈ, ਤਾਰੂ ਹੀ ਡੁਬਦੇ ਹਨ। ਜੇ ਤੁਹਾਨੂੰ ਕੁਝ ਪੈਸੇ ਚਾਹੀਦੇ ਹਨ ਤਾਂ ਮੈਂ ਭੇਜ ਸਕਦਾ ਹਾਂ। ਤੁਹਾਨੂੰ ਮੇਰੇ ਨਾਲ ਨਾਰਾਜ਼ ਨਹੀਂ ਹੋਣਾ ਚਾਹੀਦਾ। ਇਸ ਸਾਲ ਮੈਂ ਫ਼ਾਲਤੂ ਕਿਤਾਬਾਂ ਉਤੇ ਕੋਈ ਪੈਸਾ ਨਹੀਂ ਖ਼ਰਚਿਆ, ਕੇਵਲ ਪਾਠ-ਪੁਸਤਕਾਂ ਹੀ ਖ਼ਰੀਦੀਆਂ ਹਨ। ਮੈਨੂੰ ਕਿਤਾਬਾਂ ਖ਼ਰੀਦਣ ਦੀ ਚੰਦਰੀ ਆਦਤ ਸੀ, ਪਰ ਹੁਣ ਮੈਂ ਇਹ ਵੀ ਛੱਡ ਦਿਤੀ ਹੈ। ਆਪਣੇ ਉਤੇ ਮੈਂ ਹੋਰ ਘਟ ਖ਼ਰਚ ਕਰਨ ਦੀ ਸੋਚ ਰਿਹਾ ਹਾਂ। ਥੋੜ੍ਹਾ ਜਿਹਾ ਦੁੱਧ ਪੀਣ ਲਈ ਤਾਂ ਖ਼ਰਚਾ ਕਰਨਾ ਹੀ ਪੈਂਦਾ ਹੈ। ਮੈਂ ਕਾਂਗਰਸ ਸੈਸ਼ਨ ਵਿਚ ਇਸ ਲਈ ਗਿਆ ਸਾਂ ਤਾਂ ਜੋ ਹਿੰਦੁਸਤਾਨ ਦੇ ਚੋਟੀ ਦੇ ਭਾਸ਼ਣਕਾਰਾਂ ਨੂੰ ਸੁਣ ਸਕਾਂ, ਜੋ ਕਿ ਇਥੇ ਆਏ ਹੋਏ ਸਨ ਅਤੇ ਉਨ੍ਹਾਂ ਦੀ ਭਾਸ਼ਣ ਕਲਾ ਬਾਰੇ ਮੈਂ ਆਪਣੇ ਕੁਝ ਪ੍ਰਭਾਵ ਬਣਾ ਸਕਾਂ। ਉਸ ਦਿਨ ਮੈਂ ਰੱਬ ਦਾ ਸ਼ੁਕਰ-ਗੁਜ਼ਾਰ ਹਾਂ ਕਿ ਮੈਂ ਦਾਦਾ ਭਾਈ ਨੌਰੋ ਜੀ ਦੇ ਸੁਆਗਤ ਵਾਲੇ ਦਿਨ ਆਮ ਲੋਕਾਂ ਵਾਂਗ ਪ੍ਰਭਾਵਤ ਨਾ ਹੋ ਸਕਿਆ, ਕਿਉਂਜੋ ਉਹ ਖ਼ੁਸ਼ੀ ਦਾ ਪ੍ਰਗਟਾ ਖ਼ਾਲੀ ਸੀ।

ਹੁਣ ਵੀ ਕਾਂਗਰਸੀ ਨੇਤਾਵਾਂ ਦੇ ਭਾਸ਼ਣਾਂ ਨੇ ਮੈਨੂੰ ਨਾ ਕੋਈ ਖ਼ੁਸ਼ੀ ਦਿਤੀ ਹੈ ਤੇ ਨਾ ਕੋਈ ਪ੍ਰੇਰਨਾ ਜਗਾਈ ਹੈ-ਇਹ ਸਭ ਸਖਣੇ ਸਖਣੇ ਸਨ।

10 ਜਨਵਰੀ, 1894 : ਮੈਨੂੰ ਆਪਣੀ ਭੈਣ ਦੀ ਮੌਤ ਦਾ ਪਤਾ ਲਗਾ ਹੈ। ਮੈਨੂੰ ਬਹੁਤ ਦੁਖ ਹੋਇਆ, ਪਰ ਆਪਣੇ ਦੁੱਖਾਂ ਬਾਰੇ ਲਿਖਣਾ ਕੋਈ ਚੰਗੀ ਗੱਲ ਨਹੀਂ ਹੈ। ਮੈਂ ਘੰਟਿਆਂ ਬੱਧੀ ਰੋਂਦਾ ਰਿਹਾ ਹਾਂ। ਮੈਂ ਉਸ ਨੂੰ ਬਹੁਤ ਪਿਆਰ ਕਰਦਾ ਸਾਂ ਏਨਾ ਪਿਆਰ ਮੈਂ ਕਿਸੇ ਹੋਰ ਨੂੰ ਨਹੀਂ ਸਾਂ ਕਰਦਾ।

14 ਜਨਵਰੀ, 1894 : ਮੈਂ ਦੁਬਿਧਾ ਵਿਚ ਫਸ ਗਿਆ ਹਾਂ ਕਿ ਆਪਣੀ ਡਿਗਰੀ ਪ੍ਰਾਪਤ ਕਰਨ ਲਈ ਗਾਊਨ ਖ਼ਰੀਦਾਂ ਜਾਂ ਨਾ। ਇਸ ਉਤੇ 70 ਰੁਪਏ ਲਗਣਗੇ ਗਾਊਨ ਕਿਸੇ ਤੋਂ ਉਧਾਰਾ ਲੈ ਲੈਣਾ ਅਸੰਭਵ ਹੈ। ਇਸ ਸਾਲ ਮੈਂ ਬਹੁਤ ਖ਼ਰਚ ਕੀਤਾ ਹੈ। ਮੈਂ ਚਾਹਲ ਦੇ ਲਛਮਣ ਦਾਸ ਨੂੰ ਵੀ ਮਿਲਿਆ ਹਾਂ। ਉਸ ਕੋਲੋਂ ਵੀ ਮੈਨੂੰ ਗਾਊਨ ਨਹੀਂ ਮਿਲ ਸਕਿਆ। ਜੇ ਸੰਭਵ ਹੋਵੇ ਤਾਂ ਚਾਹਲ ਦੇ ਹਾਕਮ ਰਾਏ ਕੋਲੋਂ ਮੈਨੂੰ ਗਾਊਨ ਮੰਗ ਦਿਉ।

ਮੇਰੇ ਇਕ ਪ੍ਰੋਫ਼ੈਸਰ ਸਾਹਿਬ ਨੇ ਵੀ ਮੈਨੂੰ ਗਾਊਨ ਦੇਣ ਦੀ ਪੇਸ਼ਕਸ਼ ਕੀਤੀ ਹੈ, ਪਰ ਉਨ੍ਹਾਂ ਦਾ ਗਾਊਨ ਅਮਰੀਕਨ ਨਮੂਨੇ ਦਾ ਹੈ। ਪਰ ਇਸ ਨੂੰ ਬਦਲਾਇਆ ਜਾ ਸਕਦਾ ਹੈ ਤੇ ਨਵੀਂ ਹੁਡ ਵੀ ਲਈ ਜਾ ਸਕਦੀ ਹੈ, ਇਸ ਉਤੇ ਪੰਜ ਰੁਪਏ ਲਗਣਗੇ, ਇਸ ਨਾਲ ਮੇਰਾ ਬੁਤਾ ਸਰ ਸਕਦਾ ਹੈ।

11 ਅਪਰੈਲ, 1894 : ਮੈਂ ਹੁਣੇ ਹੁਣੇ ਹੀ ਦਾਗ਼ ਦਾ ਇਕ ਨਵਾਂ ਸ਼ਿਅਰ ਪੜ੍ਹਿਆ ਹੈ, ਜਿਸ ਦਾ ਭਾਵ ਹੈ:-

"ਅਮੀਰਾਂ ਨਾਲੋਂ ਖ਼ਾਲੀ ਹੱਥਾਂ ਵਾਲੇ ਪਦਵੀ ਵਿਚ ਉਚੇ ਹਨ,
ਕਿਉਂਜੋ ਸੁਰਾਹੀ 'ਚੋਂ ਜਾਮ ਪਹਿਲ ਖ਼ਾਲੀ ਪਿਆਲੇ ਵਿਚ ਹੀ ਪੈਂਦਾ ਹੈ।"

ਇਸ ਦਾ ਭਾਵ ਇਹ ਹੈ ਕਿ ਜਦੋਂ ਖ਼ਾਲੀ ਪਿਆਲੇ ਨੂੰ ਭਰਨ ਲਈ ਸ਼ਰਾਬ ਦੀ ਭਰੀ ਹੋਈ ਸੁਰਾਹੀ ਨੂੰ ਨੀਵਾਂ ਕੀਤਾ ਜਾਂਦਾ ਹੈ ਤਾਂ ਉਹ ਖ਼ਾਲੀ ਪਿਆਲੇ ਨੂੰ ਸਲਾਮ ਕਰਦੀ ਹੈ!

30 ਅਪਰੈਲ, 1894 : ਲਾਲਾ ਰਾਮ ਸਰਨ ਦਾਸ ਜੀ ਨੇ ਮੈਨੂੰ ਆਪਣੇ ਘਰ ਜਾ ਕੇ ਰਹਿਣ ਲਈ ਬੜਾ ਜ਼ੋਰ ਪਾਇਆ ਹੈ। ਉਨ੍ਹਾਂ ਨੇ ਕਿਹਾ ਹੈ ਕਿ ਜਿਹੜਾ ਕਮਰਾ ਵੀ ਤੈਨੂੰ ਪਸੰਦ ਹੋਵੇ, ਤੂੰ ਉਸ ਵਿਚ ਰਹਿ ਸਕਦਾ ਹੈਂ। ਲਾਲਾ ਸਾਹਿਬ ਆਪ ਰਾਤ ਨੂੰ ਆਪਣੇ ਸ਼ਹਿਰ ਵਾਲੇ ਘਰ ਚਲੇ ਜਾਂਦੇ ਹਨ ਅਤੇ ਬੰਗਲੇ ਦੀ ਰਾਖੀ ਉਨ੍ਹਾਂ ਦੇ ਨੌਕਰ ਚਾਕਰ ਹੀ ਕਰਦੇ ਹਨ। ਲਾਲਾ ਜੀ ਸਾਧੂ ਸੁਭਾ ਦੇ ਹਨ, ਬੜੇ ਭਲੇ ਪੁਰਸ਼ ਹਨ।

3 ਮਈ, 1894 : ਤੁਸੀਂ ਨਹੀਂ ਆਏ। ਮੇਰੇ ਨਾਲ ਗ਼ੁੱਸੇ ਨਾ ਹੋਵੋ; ਅਜਿਹੀ ਨਾਰਾਜ਼ਗੀ ਦਾ ਕੋਈ ਵੀ ਕਾਰਨ ਨਹੀਂ ਹੈ। ਮੇਰੇ ਇਕ ਸ਼ਾਗਿਰਦ ਨੇ ਬੀ. ਏ. ਪਾਸ ਕਰ ਲਈ ਹੈ। ਮੈਨੂੰ ਬੜੀ ਖ਼ੁਸ਼ੀ ਹੈ।

10 ਮਈ, 1894 : ਇਸ ਸੰਸਾਰ ਵਿਚ ਸਾਡਾ ਕੁਝ ਵੀ ਆਪਣਾ ਨਹੀਂ ਹੈ। ਜੇ ਸਾਨੂੰ ਸ਼ਾਂਤੀ ਚਾਹੀਦੀ ਹੈ ਤਾਂ ਸਾਨੂੰ ਆਪਣੇ ਸਰੀਰ ਨੂੰ ਆਪਣਾ ਨਹੀਂ ਸਗੋਂ ਉਸ ਪ੍ਰਭੂ ਦਾ ਸਮਝਣਾ ਚਾਹੀਦਾ ਹੈ ਅਤੇ ਆਪਣਾ ਜੀਵਨ ਉਸ ਪ੍ਰਭੂ ਦੇ ਕਾਰਜ ਕਰਨ ਵਿਚ ਹੀ ਬਤੀਤ ਕਰਨਾ ਚਾਹੀਦਾ ਹੈ।

5 ਜੂਨ, 1894 : ਮਹਾਰਾਜ ਜੀ! ਭਗਵਾਨ ਬਹੁਤ ਚੰਗਾ ਹੈ। ਮੈਂ ਉਸ ਪ੍ਰਭੂ ਪ੍ਰੀਤਮ ਨੂੰ ਬਹੁਤ ਪਿਆਰ ਕਰਦਾ ਹਾਂ। ਉਹ ਬੜਾ ਮਧੁਰ ਹੈ। ਤੁਹਾਨੂੰ ਉਸ ਪ੍ਰਭੂ ਨਾਲ ਸਹਿਜ ਸ਼ਾਂਤੀ ਦਾ ਸਬੰਧ ਜੋੜਨਾ ਚਾਹੀਦਾ ਹੈ। ਉਹ ਕਦੀ ਕਠੋਰ ਨਹੀਂ ਹੁੰਦਾ। ਕਦੀ ਕਦੀ ਉਹ ਖੇਲ ਰਚਾਉਂਦਾ ਹੈ ਅਤੇ ਜਿਨ੍ਹਾਂ ਨੂੰ ਅਸੀਂ ਆਪਣੇ ਦੁਖੜੇ ਮੰਨਦੇ ਹਾਂ ਉਹ ਅਸਲ ਵਿਚ ਉਸ ਦੀ ਦਿਲਲਗੀ ਹੁੰਦੀ ਹੈ। ਹੁਣ ਮੈਨੂੰ ਉਸ ਬਾਰੇ ਬਹੁਤ ਸਾਰੀਆਂ ਗੱਲਾਂ ਦਾ ਗਿਆਨ ਹੋ ਗਿਆ ਹੈ। ਕਿਸੇ ਦਿਨ ਮੈਂ ਇਹ ਗੱਲਾਂ ਤੁਹਾਨੂੰ ਦਸਾਂਗਾ।

ਇਸ ਮੇਜ਼ ਉਪਰ, ਜਿਸ ਉਤੇ ਮੈਂ ਬੈਠ ਕੇ ਖ਼ਤ ਲਿਖ ਰਿਹਾ ਹਾਂ, ਕੁਝ ਖੰਡ ਦੇ ਦਾਣੇ ਪਏ ਹਨ। ਇਨ੍ਹਾਂ ਦੇ ਦੁਆਲੇ ਤਿੰਨ ਚਾਰ ਕੀੜੀਆਂ ਜੁੜੀਆਂ ਬੈਠੀਆਂ ਹਨ। ਜਦੋਂ ਮੈਂ ਆਪਣੀ ਕਲਮ ਨਾਲ ਕਾਗ਼ਜ਼ ਉਤੇ ਕਾਲੇ ਅਖਰ ਲਿਖ ਰਿਹਾ ਹਾਂ ਤਾਂ ਉਹ ਉਨ੍ਹਾਂ ਵਲ ਵੇਖਣ ਲਗ ਪਈਆਂ ਹਨ। ਉਹ ਆਪਸ ਵਿਚ ਗਲਬਾਤ ਕਰਨ ਲਗ ਪਈਆਂ ਹਨ, ਉਨ੍ਹਾਂ ਦੀ ਕੀ ਗਲਬਾਤ ਹੋਈ ਹੈ, ਮੈਂ ਤੁਹਾਨੂੰ ਦਸਣ ਲਗਾ ਹਾਂ।

ਪਰ ਪਹਿਲਾਂ ਮੈਨੂੰ ਇਹ ਦਸ ਲੈਣ ਦਿਉ ਕਿ ਭਾਵੇਂ ਮੇਰੀ ਹੱਥ ਲਿਖਤ ਬਹੁਤ ਚੰਗੀ ਨਹੀਂ, ਦੋਸ਼ ਪੂਰਣ ਹੈ, ਪਰ ਉਨ੍ਹਾਂ ਕੀੜੀਆਂ ਨੂੰ ਉਹ ਇਤਨੀ ਵਚਿਤਰ ਲਗਦੀ ਹੈ, ਜਿਵੇਂ ਚੀਨ ਦੇ ਚਿਤਰਕਾਰਾਂ ਦੇ ਚਿਤਰ ਹੋਣ।

ਇਨ੍ਹਾਂ ਕੀੜੀਆਂ ਵਿਚੋਂ ਸਭ ਤੋਂ ਛੋਟੀ ਨੇ ਗਲਬਾਤ ਦਾ ਸਿਲਸਿਲਾ ਸ਼ੁਰੂ ਕੀਤਾ ਹੈ, ਇਹ ਛੋਟੀ ਕੀੜੀ ਨੰਨ੍ਹੀ ਬੱਚੀ ਹੀ ਸੀ। ਕਹਿਣ ਲਗੀ, "ਭੈਣਜੀ, ਇਸ ਕਲਮ ਦੀ ਕਲਾ ਨੂੰ ਵੇਖੋ! ਕਿਸ ਤਰ੍ਹਾਂ ਇਹ ਖ਼ੂਬਸੂਰਤ ਤੇ ਗੋਲ ਗੋਲ ਅਖਰ ਲਿਖਦੀ ਜਾ ਰਹੀ ਹੈ! ਜਿਸ ਕਾਗ਼ਜ਼ ਉਤੇ ਇਹ ਕਲਮ ਕੁਝ ਲਿਖ ਰਹੀ ਹੈ, ਉਹ ਇਕ ਪਿਆਰੇ ਪੱਤਰ ਦਾ ਰੂਪ ਧਾਰਣ ਕਰ ਰਿਹਾ ਹੈ; ਦੂਜੇ ਮਨੁੱਖ ਇਸ ਨੂੰ ਚੁਕ ਚੁਕ ਕੇ ਪੜ੍ਹਦੇ

ਹਨ,ਇਹ ਕਾਗਜ਼ ਉਤੇ ਮੋਤੀ ਖਲੇਰਦੀ ਜਾ ਰਹੀ ਹੈ। ਕਿੰਨੇ ਸੋਹਣੇ ਰੰਗ ਤੇ ਨਕਸ਼ੇ ਹਨ! ਕੁਝ ਤਾਂ ਸਾਡੇ ਸਾਥੀ ਕੀੜੀਆਂ ਸਮਾਨ ਹਨ! ਕਿੰਨੇ ਸੁੰਦਰ ਹਨ ਇਹ ਅੱਖਰ!''

ਇਹ ਕਹਿ ਕੇ ਨੰਨ੍ਹੀ ਕੀੜੀ ਚੁੱਪ ਹੋ ਗਈ। ਪਰ ਉਸ ਤੋਂ ਵਡੀ ਉਮਰ ਦੀ ਕੀੜੀ, ਜਿਸ ਦੇ ਨੈਣ ਪਹਿਲੀ ਨਾਲੋਂ ਕੁਝ ਵਡੇਰੇ ਸਨ, ਕਹਿਣ ਲਗੀ, ''ਭੈਣੇ! ਤੂੰ ਵੇਖਦੀ ਨਹੀਂ! ਕਲਮ ਤਾਂ ਇਕ ਨਿਰਜਿੰਦ ਚੀਜ਼ ਹੈ। ਕਲਮ ਵਿਚ ਤਾਂ ਚਿਤਰ ਵਾਹੁਣ ਦੀ ਕੋਈ ਸਮਰਥਾ ਨਹੀਂ ਹੈ। ਇਹ ਤਾਂ ਉਨ੍ਹਾਂ ਦੋਹਾਂ ਉਂਗਲਾਂ ਦੀ ਕਰਾਮਾਤ ਹੈ, ਜਿਨ੍ਹਾਂ ਨੇ ਕਿ ਕਲਮ ਨੂੰ ਫੜਿਆ ਹੋਇਆ ਹੈ।''

ਪਰ ਇਨ੍ਹਾਂ ਦੋਹਾਂ ਤੋਂ ਵਧੇਰੇ ਸਿਆਣੀ ਤੀਜੀ ਕੀੜੀ ਕਹਿਣ ਲਗੀ, ''ਤੁਸੀਂ ਦੋਵੇਂ ਹੀ ਬੇ-ਸਮਝ ਹੋ। ਦੋ ਉਂਗਲਾਂ ਤਾਂ ਦੋ ਪਤਲੀਆਂ ਲਕੜਾਂ ਸਮਾਨ ਹਨ,ਇਹ ਉਂਗਲਾਂ ਕੀ ਕਰ ਸਕਦੀਆਂ ਹਨ? ਇਹ ਤਾਂ ਉਪਰਲਾ ਗੁੱਟ ਤੇ ਹੱਥ ਹੈ, ਜੋ ਇਨ੍ਹਾਂ ਉਂਗਲਾਂ ਨੂੰ ਹਰਕਤ ਵਿਚ ਲਿਆ ਰਿਹਾ ਹੈ।''

ਪਿਛੋਂ ਇਨ੍ਹਾਂ ਕੀੜੀਆਂ ਦੀ ਮਾਤਾ ਬੋਲੀ, ''ਨਹੀਂ-ਨਹੀਂ ਧੀਉ! ਤੁਸੀਂ ਗ਼ਲਤ ਹੋ! ਇਹ ਤਾਂ ਮਨੁੱਖ ਦਾ ਧੜ ਹੈ, ਜੋ ਸਾਰਾ ਕੰਮ ਕਰਾਉਂਦਾ ਹੈ।''

ਜਦੋਂ ਕੀੜੀਆਂ ਨੇ ਆਪਣੀ ਗੱਲ ਮੁਕਾ ਲਈ ਤਾਂ ਮੈਂ ਉਨ੍ਹਾਂ ਨੂੰ ਦਸਿਆ, ''ਮੇਰੇ ਅਹੰਮ ਦੇ ਭਿੰਨ ਭਿੰਨ ਬਦਲਵੇਂ ਰੂਪ ਕੀੜੀਓ! ਮੇਰੇ ਸਰੀਰ ਦੇ ਸਥੂਲ ਪ੍ਰਤੀਕ! ਇਹ ਧੜ ਵੀ ਨਿਰਜਿੰਦ ਹੈ। ਇਸ ਦੀ ਸੰਚਾਲਕ ਤਾਂ ਸਾਡੀ ਆਤਮਾ ਹੈ। ਇਹ ਸਭ ਕੁਝ ਜੋ ਵਰਤਮਾਨ ਹੈ, ਉਹ ਇਸ ਆਤਮਾ ਕਰਕੇ ਹੀ ਹੈ।''

ਜੇ ਤੁਸੀਂ ਇਥੇ ਆ ਕੇ ਰਹਿਣਾ ਚਾਹੁੰਦੇ ਹੋ ਤਾਂ ਤੁਹਾਨੂੰ ਜੀ ਆਇਆਂ ਹੈ। ਜੇ ਤੁਸੀਂ ਉਥੇ ਹੀ ਰਹਿਣਾ ਚਾਹੁੰਦੇ ਹੋ ਅਤੇ ਤੁਹਾਨੂੰ ਨੌਕਰ ਚਾਹੀਦਾ ਹੈ ਤਾਂ ਇਹ ਹੋਰ ਵੀ ਚੰਗਾ ਹੈ। ਮੈਂ ਤੁਹਾਡੀ ਜਿਸ ਤਰ੍ਹਾਂ ਤੁਸੀਂ ਚਾਹੋ ਸੇਵਾ ਕਰਨ ਲਈ ਤਿਆਰ ਹਾਂ।

ਮੈਂ ਤਾਂ ਕਦੀ ਕਿਸੇ ਨਾਲ ਗੁੱਸੇ ਨਹੀਂ ਹੁੰਦਾ। ਮੈਂ ਬੜਾ ਖ਼ੁਸ਼ ਹਾਂ। ਲੋਕ ਤੈਸ਼ ਵਿਚ ਆ ਕੇ ਬਹੁਤ ਵਾਰ ਗ਼ੈਰ ਜ਼ਿੰਮੇਵਾਰੀ ਦੀਆਂ ਗੱਲਾਂ ਮੂੰਹੋਂ ਕਢ ਦਿੰਦੇ ਹਨ। ਸਾਨੂੰ ਉਨ੍ਹਾਂ ਨੂੰ ਖਿਮਾਂ ਕਰ ਦੇਣੀ ਚਾਹੀਦੀ ਹੈ। ਤੁਹਾਨੂੰ ਉਨ੍ਹਾਂ ਨਾਲ ਸੁਲ੍ਹਾ ਕਰਕੇ ਆਪਸ ਵਿਚ ਅਮਨ ਸ਼ਾਂਤੀ ਨਾਲ ਰਹਿਣਾ ਚਾਹੀਦਾ ਹੈ। ਭਾਵੇਂ ਤੁਸੀਂ ਉਨ੍ਹਾਂ ਕੋਲੋਂ ਰੋਟੀਆਂ ਲੈਣੀਆਂ ਪਰਵਾਨ ਕਰੋ ਜਾਂ ਨਾਂਹ, ਇਹ ਇਕ ਵਖਰੀ ਗੱਲ ਹੈ। ਜਿਵੇਂ ਤੁਹਾਡੀ ਮਰਜ਼ੀ ਹੈ, ਕਰੋ, ਪਰ ਆਪੋ ਵਿਚ ਬੰਦੇ ਬੰਦੇ ਦਾ ਪ੍ਰੇਮ ਹੋਣਾ ਚਾਹੀਦਾ ਹੈ। ਸਾਧੂ ਦਾ ਗਹਿਣਾ ਤਾਂ ਖਿਮਾਂ ਕਰਨਾ ਹੀ ਹੁੰਦਾ ਹੈ। ਪਰਮਾਤਮਾ ਤੁਹਾਨੂੰ ਹੋਰ ਸ਼ਾਂਤੀ ਦੇਵੇਗਾ।

6 ਜੂਨ, 1894 : ਆਸ ਹੈ, ਮੈਂ ਇਸ ਸਨਿਚਰਵਾਰ ਤੁਹਾਡੇ ਦਰਸ਼ਨ ਕਰਾਂਗਾ। ਮੈਂ ਆ ਨਹੀਂ ਸਾਂ ਸਕਿਆ। ਪਹਿਲੀ ਗੱਲ ਇਹ ਹੈ ਕਿ ਛੁੱਟੀ ਕੋਈ ਨਹੀਂ ਸੀ। ਦੂਜੇ ਹਾਲੀ ਮੈਨੂੰ ਵਜ਼ੀਫਾ ਨਹੀਂ ਸੀ ਮਿਲਿਆ। ਜੇ ਮੈਂ ਬਿਨਾਂ ਪੈਸੇ ਦੇ ਘਰ ਆਵਾਂ ਤਾਂ ਸਭ ਲਈ ਨਿਰਾਸ਼ਾ ਵਾਲੀ ਗੱਲ ਹੈ, ਇਸ ਨਾਲ ਮੈਨੂੰ ਵੀ ਕੋਈ ਖ਼ੁਸ਼ੀ ਨਹੀਂ ਸੀ ਹੋਣੀ।

8 ਜੂਨ, 1894 : ਅਜ ਮੈਂ ਬੜਾ ਪ੍ਰਸੰਨ ਹਾਂ। ਫ਼ਾਰਸੀ ਦਾ ਇਕ ਸ਼ਿਅਰ ਹੈ, 'ਮੈਂ ਤਾਂ ਇਹ ਚਾਹੁੰਦਾ ਹਾਂ ਕਿ ਉਸ ਦੇ ਚਰਨਾਂ ਦੀ ਧੂੜੀ ਮੇਰੀਆਂ ਅੱਖਾਂ ਦਾ ਸੁਰਮਾ ਬਣ ਜਾਵੇ!''

31 ਅਗਸਤ, 1894 : ਮੈਂ ਇਕਾਂਤ ਵਿਚ ਵਿਚਰਦਾ ਹਾਂ। ਤੁਹਾਨੂੰ ਵੀ ਆਪਣੇ ਘਰ ਦੇ ਕੋਠੇ ਉਤੇ ਜਾ ਕੇ ਇਕਾਂਤ ਵਿਚ ਬੈਠਣਾ ਚਾਹੀਦਾ ਹੈ। ਦੁਨੀਆਂ ਤੋਂ ਦੂਰ ਜਾ ਕੇ ਯੋਗ ਵਸਿਸ਼ਟ ਵਰਗੀ ਪੁਸਤਕ ਨੂੰ ਵਾਚਣਾ ਚਾਹੀਦਾ ਹੈ। ਇਨ੍ਹਾਂ ਪੁਸਤਕਾਂ ਤੋਂ ਜੇ ਇਨ੍ਹਾਂ ਨੂੰ ਕੋਠੇ ਜਿੰਨੀ ਉਚਾਈ ਤੋਂ ਹੇਠਾਂ ਬੈਠ ਕੇ ਪੜ੍ਹੀਏ ਤਾਂ ਕੁਝ ਵੀ ਹਾਸਲ ਨਹੀਂ ਹੁੰਦਾ।

27 ਸਤੰਬਰ, 1894 : ਠੀਕ ਹੈ, ਮਨ ਭਟਕਦਾ ਰਹਿੰਦਾ ਹੈ। ਇਸ ਉਤੇ ਕਾਬੂ ਪਾਉਣਾ ਬੜਾ ਕਠਨ ਹੈ। ਚੰਗਾ ਹੈ, ਅਸੀਂ ਵਰਤ ਰਖੀਏ। ਅਲਪ ਆਹਾਰ ਕਰਨਾ ਅਤੇ ਪਾਚਨ ਸ਼ਕਤੀ ਦਾ ਠੀਕ ਹੋਣਾ ਪ੍ਰਭੂ ਵਰਗਾ ਅਰਧ ਸੱਚ ਹੈ।

13 ਨਵੰਬਰ, 1894 : ਪਿਤਾ ਜੀ ਨੇ ਮੈਨੂੰ ਲਿਖਿਆ ਹੈ ਕਿ ਮੈਂ ਆਪਣੇ ਛੋਟੇ ਵਜ਼ੀਫ਼ੇ ਦੀ ਰਕਮ ਵਿਚੋਂ 25 ਰੁਪਏ ਦੀ ਬੱਚਤ ਕਰਾਂ ਅਤੇ ਦੂਜੇ ਵਜ਼ੀਫ਼ਿਆਂ ਵਿਚੋਂ 5 ਰੁਪਏ ਮਹੀਨੇ ਦੀ ਬੱਚਤ ਕਰਕੇ ਅਗਲੇ ਦੋ ਮਹੀਨਿਆਂ ਵਿਚ 10 ਰੁਪਏ ਹੋਰ ਬਚਾ ਲਵਾਂ। ਇਸ ਤਰ੍ਹਾਂ ਮੇਰੇ ਕੋਲ ਪੈਂਤੀ ਰੁਪਏ ਬਚ ਜਾਣਗੇ, ਬਾਕੀ ਪੰਦਰਾਂ ਰੁਪਏ ਉਹ ਮੈਨੂੰ ਭੇਜ ਦੇਣਗੇ ਤੇ ਇਮਤਿਹਾਨ ਦਾ ਦਾਖ਼ਲਾ ਤਾਰਨ ਲਈ ਮੇਰੇ ਕੋਲ 50 ਰੁਪਏ ਦੀ ਰਕਮ ਹੋ ਜਾਵੇਗੀ। ਪਰ ਮੇਰੀ ਬੇਨਤੀ ਇਹ ਹੈ ਕਿ ਇਨ੍ਹਾਂ ਪੰਜੀ ਰੁਪਿਆਂ ਵਿਚੋਂ 12 ਰੁਪਏ 4 ਆਨੇ ਮੇਰੀ ਮਹੀਨੇ ਦੀ ਫ਼ੀਸ ਚਲੀ ਜਾਣੀ ਹੈ ਅਤੇ 6 ਰੁਪਏ ਮੈਂ ਜੁਰਮਾਨੇ ਦੇ ਦੇਣੇ ਹਨ, ਕਿਉਂਜੋ ਬਿਮਾਰੀ ਦੇ ਦਿਨਾਂ ਦੀ ਮੇਰੀ ਗ਼ੈਰ ਹਾਜ਼ਰੀ ਲਗਦੀ ਰਹੀ ਹੈ। ਫਿਰ ਮੈਂ ਸਰਦੀਆਂ ਦੇ ਕਪੜੇ ਲੈਣੇ ਹਨ ਅਤੇ ਬਾਕੀ ਖ਼ਰਚੇ ਵੀ ਕਰਨੇ ਹਨ। ਇਸ ਲਈ 5 ਰੁਪਏ ਮਹੀਨੇ ਦੀ ਬੱਚਤ ਕਰਨੀ ਬੜੀ ਮੁਸ਼ਕਲ ਹੈ। ਕਲ੍ਹ ਮੈਂ ਸਰਦੀਆਂ ਦੇ ਕਪੜੇ ਖ਼ਰੀਦ ਕੇ ਲਿਆਇਆ ਹਾਂ, ਇਕ ਡਰਿਲ ਦਾ ਪਜਾਮਾ, ਇਕ ਵਾਸਕਟ ਅਤੇ ਇਕ ਕਸ਼ਮੀਰੇ ਦਾ ਕੋਟ। ਇਨ੍ਹਾਂ ਉਤੇ 7 ਰੁਪਏ 12 ਆਨੇ ਲਗੇ ਹਨ।

ਮੈਂ ਪਿਤਾ ਜੀ ਨੂੰ ਇਹ ਸਭ ਕੁਝ ਸਮਝਾ ਨਹੀਂ ਸਕਦਾ। ਆਸ ਹੈ, ਮੇਰੇ ਚਾਚਾ ਜੀ ਅਤੇ ਮੇਰੇ ਸਹੁਰਾ ਸਾਹਬ ਮੇਰੀ ਮਦਦ ਕਰਨਗੇ। ਤੁਸੀਂ ਚਿੰਤਾ ਨਾ ਕਰਨਾ ਪਰਮਾਤਮਾ ਆਪ ਮੇਰੀ ਮਦਦ ਕਰੇਗਾ, ਉਹੋ ਹੀ ਹੁਣ ਤਕ ਮੇਰੀ ਸਹਾਇਤਾ ਕਰਦਾ ਰਿਹਾ ਹੈ।

16 ਨਵੰਬਰ, 1894 : ਮੈਂ ਤੁਹਾਨੂੰ ਲਿਖ ਨਹੀਂ ਸਕਿਆ। ਮੇਰੇ ਕੋਲ ਕਾਰਡ ਖ਼ਰੀਦਣ ਲਈ ਇਕ ਪੈਸਾ ਵੀ ਨਹੀਂ ਸੀ। ਅਜ ਰਾਤ ਦਸ ਵਜੇ ਮੈਂ ਲਾਲਾ ਜੀ ਦੇ ਦਫ਼ਤਰ ਆਇਆ ਹਾਂ ਅਤੇ ਇਹ ਕਾਰਡ ਉਥੋਂ ਲਿਆ ਹੈ। ਮੈਂ ਸਿਲੇ ਸਿਲਾਏ ਕਪੜੇ ਖ਼ਰੀਦ ਲਏ ਹਨ। ਮੈਂ ਇਕ ਵਪਾਰੀ ਨੂੰ ਨਾਲ ਲੈ ਗਿਆ ਸੀ। ਇਹ ਕਪੜੇ ਬੜੇ ਚੰਗੇ ਹਨ।

7 ਦਸੰਬਰ, 1894 : ਤੁਹਾਨੂੰ ਚਿਠੀ ਲਿਖਣ ਵਿਚ ਇਸ ਲਈ ਦੇਰ ਹੋਈ ਹੈ, ਕਿਉਂਜੋ ਮੇਰੀ ਜੇਬ ਵਿਚ ਇਕ ਵੀ ਪੈਸਾ ਨਹੀਂ ਸੀ। ਮੈਂ ਕਿਸੇ ਕੋਲੋਂ ਪੈਸਾ ਉਧਾਰਾ ਵੀ ਨਾ ਮੰਗਿਆ, ਕਿਉਂਜੋ ਮੇਰਾ ਖ਼ਿਆਲ ਸੀ ਕਿ ਮੈਨੂੰ ਵਜ਼ੀਫ਼ਾ ਸਮੇਂ ਸਿਰ ਮਿਲ ਜਾਵੇਗਾ। ਫ਼ਿਰ ਵੀ ਜਦੋਂ ਵਜ਼ੀਫ਼ਾ ਸਮੇਂ ਸਿਰ ਨਹੀਂ ਮਿਲਿਆ ਤਾਂ ਕਾਰਡ ਖ਼ਰੀਦਣ ਲਈ ਇਹ ਪੈਸਾ ਉਧਾਰ ਲੈਣਾ ਪਿਆ ਹੈ।

9 ਦਸੰਬਰ, 1894 : ਮੇਰੀ ਰਾਏ ਵਿਚ ਸਾਨੂੰ ਪੁਸਤਕਾਂ ਖ਼ਰੀਦਣ ਲਗਿਆਂ ਪੈਸੇ ਦਾ ਖ਼ਿਆਲ ਨਹੀਂ ਕਰਨਾ ਚਾਹੀਦਾ। ਇਕ ਕਿਤਾਬ ਦੀ ਭਾਵੇਂ ਕਿੰਨੀ ਵੀ ਵਧੇਰੇ ਕੀਮਤ ਕਿਉਂ ਨਾ ਹੋਵੇ, ਚੰਗੀ ਪੁਸਤਕ ਦੀ ਵਸਤੂ ਸਮੱਗਰੀ ਵੇਖਦਿਆਂ ਇਹ ਬੜੀ ਤੁੱਛ ਹੁੰਦੀ ਹੈ। ਉਨ੍ਹਾਂ ਪੁਰਾਣੇ ਦਿਨਾਂ ਨੂੰ ਯਾਦ ਕਰੋ ਜਦੋਂ ਲੋਕ ਦਰਜਨਾਂ ਰੁਪਏ ਚੰਗੀਆਂ ਛੋਟੀਆਂ ਛੋਟੀਆਂ ਹੱਥ ਲਿਖਤਾਂ ਖ਼ਰੀਦਣ ਲਈ ਖ਼ਰਚ ਕਰ ਦਿੰਦੇ ਸਨ। ਜਿਥੋਂ ਤਕ ਪੈਸੇ ਦਾ ਸਬੰਧ ਹੈ, ਮੇਰੇ ਲਈ ਇਹ ਦਿਨ ਅਤਿ ਕਠਿਨਾਈ ਦੇ ਹਨ।

16 ਦਸੰਬਰ, 1894 : ਤੁਸੀਂ ਫਿਰ ਨਾਰਾਜ਼ ਹੋ। ਮੈਂ ਕੀ ਕਰ ਸਕਦਾ ਹਾਂ। ਮੇਰੇ ਦਿਲ ਉਤੇ ਤਾਂ ਕੋਈ ਦਾਗ ਨਹੀਂ ਪਿਆ, ਜੋ ਤੁਹਾਡੇ ਪ੍ਰਤੀ ਮੇਰਾ ਦ੍ਰਿਸ਼ਟੀਕੋਣ ਬਦਲ ਗਿਆ ਹੈ। ਪਰ ਤੁਸੀਂ ਲਗਾਤਾਰ ਨਾਰਾਜ਼ ਹੁੰਦੇ ਆ ਰਹੇ ਹੋ। ਤੁਹਾਡੇ ਲਈ ਸਦਾ ਇਹੋ ਸ਼ੋਭਦਾ ਹੈ ਕਿ ਮੈਨੂੰ ਸਦਾ ਮਾਫ਼ ਕਰ ਦਿਆ ਕਰੋ। "ਤੁਹਾਡੇ ਕੌੜੇ ਸ਼ਬਦ ਵੀ ਮੇਰੇ ਲਈ ਖੰਡ ਸ਼ਕਰ ਹੁੰਦੇ ਹਨ। ਮੇਰੇ ਪਿਆਰੇ! ਤੁਹਾਡਾ ਗੁੱਸਾ ਮੈਨੂੰ ਕੋਈ ਹਾਨੀ ਨਹੀਂ ਪੁਚਾਉਂਦਾ! ਮੇਰੇ ਪਿਆਰੇ! ਤੁਹਾਡਾ ਭੇਜਿਆ ਜ਼ਹਿਰ ਵੀ ਮੈਨੂੰ ਮਾਰ ਨਹੀਂ ਸਕੇਗਾ!" ਮੈਂ ਤਾਂ ਜੋ ਕੁਝ ਵੀ ਹੁਣ ਤਕ ਸਿਖਿਆ ਹੈ,ਉਸ ਦੇ ਆਧਾਰ ਤੇ ਕਹਿ ਸਕਦਾ ਹਾਂ ਕਿ ਤੁਹਾਡੇ ਮਿਹਦੇ ਵਿਚ ਕੋਈ ਖ਼ਰਾਬੀ ਹੈ। ਤੁਹਾਡਾ ਹਾਜ਼ਮਾ ਵਿਗੜ

ਗਿਆ ਹੈ। ਤੁਸੀਂ ਇਸ ਨੁਸਖੇ ਦੀ ਵਰਤੋਂ ਕਰੋ, ਇਸ ਨਾਲ ਮੈਨੂੰ ਬੜਾ ਫ਼ਾਇਦਾ ਹੋਇਆ ਹੈ।

3 ਜਨਵਰੀ, 1895 : ਅਜ ਮਿਸਟਰ ਗਿਲਬਰਟਸਨ ਨੇ ਮੈਨੂੰ ਚੇਨ ਵਾਲੀ ਘੜੀ ਦਿਤੀ ਹੈ। ਇਹ ਤੁਹਾਡੀ ਹੈ। ਭਾਵੇਂ ਤੁਸੀਂ ਇਹ ਘੜੀ ਲੈ ਲੈਣੀ ਜਾਂ ਮੇਰੇ ਵਾਲਾਂ ਟਾਈਮਪੀਸ, ਜੋ ਵੀ ਤੁਹਾਡੀ ਇੱਛਾ ਹੋਵੇ, ਤੁਸੀਂ ਇਨ੍ਹਾਂ ਦੋਹਾਂ ਵਿਚੋਂ ਲੈ ਸਕਦੇ ਹੋ।

18 ਜਨਵਰੀ, 1895 : ਤੁਹਾਨੂੰ ਚਿੰਤਾ ਕਰਨ ਦੀ ਲੋੜ ਨਹੀਂ। ਭਾਵੇਂ ਮੈਂ ਕਿਸੇ ਹਾਲਤ ਵਿਚ ਵੀ ਹੋਵਾਂ, ਤੁਹਾਨੂੰ ਪੈਸੇ ਦੀ ਥੁੜ੍ਹ ਨਹੀਂ ਹੋਵੇਗੀ। ਮੈਂ ਪੰਡਤ ਗੋਪੀ ਨਾਥ ਨੂੰ ਮਿਲਿਆ ਸਾਂ। ਜੋ ਕੁਝ ਵੀ ਉਹ ਤੁਹਾਡੇ ਲਈ ਕਰ ਸਕੇਗਾ, ਕੁਝ ਨਾ ਕੁਝ ਜ਼ਰੂਰ ਛੇਤੀ ਹੀ ਹੋ ਜਾਵੇਗਾ।

25 ਜੂਨ, 1895 : ਤੁਸੀਂ ਮੈਨੂੰ ਮਿਲਣ ਕਿਉਂ ਨਹੀਂ ਆਉਂਦੇ? ਮੇਰੇ ਲਈ ਆਉਣਾ ਬੜਾ ਮੁਸ਼ਕਲ ਹੈ। ਇਕ ਕਾਰਣ ਤਾਂ ਇਹ ਹੈ ਕਿ ਮੇਰੇ ਕੋਲ ਕੋਈ ਪੈਸਾ ਨਹੀਂ ਹੈ। ਭਾਵੇਂ 2 ਰੁਪਏ ਹੀ ਲਗਣੇ ਹਨ, ਪਰ ਇਹ 2 ਰੁਪਏ ਇਕੱਠੇ ਕਰ ਸਕਣਾ ਵੀ ਮੇਰੇ ਲਈ ਮੁਸ਼ਕਲ ਹੈ।

9 ਜੁਲਾਈ, 1895 : ਮੈਂ ਸੁਣਿਆਂ ਹੈ, ਅੰਮ੍ਰਿਤਸਰ ਕਾਲਜ ਦਾ ਹਿਸਾਬ ਦਾ ਪ੍ਰੋਫ਼ੈਸਰ ਰਿਟਾਇਰ ਹੋ ਰਿਹਾ ਹੈ। ਪਰ ਇਹ ਸੁਣੀ ਸੁਣਾਈ ਗੱਲ ਹੀ ਹੈ। ਮੈਨੂੰ ਕਿਤੇ ਨਾ ਕਿਤੇ ਨੌਕਰੀ ਮਿਲ ਜਾਵੇਗੀ। ਪੰਡਤ ਦੀਨ ਦਿਆਲ ਜੀ ਨੂੰ ਮਿਲਿਆ ਸਾਂ। ਉਨ੍ਹਾਂ ਕਿਹਾ, ''ਮੈਂ ਤੇਰੇ ਬਾਰੇ ਪਹਿਲਾਂ ਹੀ ਜਾਣਦਾ ਹਾਂ।''

15 ਜੁਲਾਈ, 1895 : ਪਿਸ਼ਾਵਰ ਦੇ ਕਿਸੇ ਸਕੂਲ ਵਿਚ ਹੈੱਡ ਮਾਸਟਰ ਦੀ ਥਾਂ ਖ਼ਾਲੀ ਹੈ, ਪਰ ਤਨਖ਼ਾਹ ਬੜੀ ਥੋੜ੍ਹੀ ਹੈ, ਕੁਲ 50-60 ਰੁਪਏ ਮਹੀਨਾ।

16 ਜੁਲਾਈ, 1895 : ਮੈਂ ਪੰਡਤ ਦੀਨ ਦਿਆਲ ਜੀ ਦੇ ਪੰਜ ਲੈਕਚਰ ਸੁਣੇ ਹਨ। ਮੈਂ ਉਨ੍ਹਾਂ ਦਾ ਬੜਾ ਅਨੰਦ ਮਾਣਿਆਂ ਹੈ।

17 ਜੁਲਾਈ, 1895 : ਮੈਂ ਮਿਸਟਰ ਬੈੱਲ ਨਾਲ ਪਿਸ਼ਾਵਰ ਦੇ ਸਕੂਲ ਦੀ ਹੈੱਡਮਾਸਟਰੀ ਬਾਰੇ ਗੱਲ ਕੀਤੀ ਹੈ। ਉਨ੍ਹਾਂ ਨੇ ਮੈਨੂੰ ਸਲਾਹ ਦਿਤੀ ਹੈ ਕਿ ਮੈਂ ਉਥੇ ਨਾ ਜਾਵਾਂ। ਮੈਨੂੰ ਇਸ ਦੇ ਕਾਰਣ ਦਾ ਪਤਾ ਨਹੀਂ ਹੈ। ਤਾਂ ਵੀ ਮੈਂ ਖ਼ੁਸ਼ ਹਾਂ। ਮੈਂ ਤੁਹਾਡੇ ਕੋਲ ਨਹੀਂ ਆ ਸਕਦਾ, ਕਿਉਂਜੋ ਨਾ ਤਾਂ ਮੇਰੇ ਕੋਲ ਵਕਤ ਹੈ, ਨਾ ਪੈਸਾ।

20 ਜੁਲਾਈ, 1895 : ਮਿਸਟਰ ਬੈੱਲ ਨੇ ਮੈਥੋਂ ਅੰਮ੍ਰਿਤਸਰ ਦੀ ਆਸਾਮੀ ਬਾਰੇ ਵੇਰਵੇ ਮੰਗੇ ਹਨ। ਮੈਂ ਆਪਣੇ ਪ੍ਰੋਫ਼ੈਸਰ ਸਾਹਿਬ ਤੋਂ ਸਲਾਹ ਲਵਾਂਗਾ ਕਿ ਮੈਂ ਅੰਮ੍ਰਿਤਸਰ ਜਾ ਕੇ ਇਹ ਵੇਰਵੇ ਲਿਆ ਕੇ ਦੇਵਾਂ ਜਾਂ ਨਾਂਹ। ਮੈਂ ਠੰਢ ਨਾਲ ਬਿਮਾਰ ਹਾਂ। ਪੰਡਤ ਦੀਨ ਦਿਆਲ ਜੀ ਦੇ ਲੈਕਚਰ ਹਾਲੇ ਵੀ ਚਲ ਰਹੇ ਹਨ।

21 ਜੁਲਾਈ, 1895 : ਮੈਨੂੰ ਪਤਾ ਲਗਾ ਹੈ ਕਿ ਅੰਮ੍ਰਿਤਸਰ ਕਾਲਜ ਦਾ ਪ੍ਰੋਫ਼ੈਸਰ ਹਾਲੀ ਇਕ ਸਾਲ ਹੋਰ ਰਿਟਾਇਰ ਨਹੀਂ ਹੋ ਰਿਹਾ। ਮਿਸਟਰ ਬੈੱਲ ਨੇ ਮੇਰੇ ਬਾਰੇ ਡਾਇਰੈਕਟਰ ਸਿਖਿਆ ਵਿਭਾਗ ਨੂੰ ਲਿਖਿਆ ਹੈ। ਜੋ ਵੀ ਈਸ਼ਵਰ ਨੂੰ ਮਨਜ਼ੂਰ ਹੋਵੇਗਾ, ਹੋ ਜਾਵੇਗਾ। ਮੈਂ ਤਾਂ ਖ਼ੁਸ਼ ਹਾਂ।

21 ਅਕਤੂਬਰ, 1895 : (ਸਿਆਲਕੋਟ) ਸਥਾਨਕ ਸਨਾਤਨ ਧਰਮ ਸਭਾ ਦੀ ਸਰਪ੍ਰਸਤੀ ਵਿਚ ਮੈਂ ਅਜ ਇਕ ਧਾਰਮਿਕ ਵਿਆਖਿਆਨ ਦਿਤਾ ਹੈ। ਭਾਵੇਂ ਕੋਈ ਇਸ਼ਤਿਹਾਰ ਨਹੀਂ ਦਿੱਤਾ ਗਿਆ, ਫਿਰ ਵੀ ਸਾਰਾ ਇਹਾਤਾ ਬੰਦਿਆਂ ਨਾਲ ਭਰ ਗਿਆ ਸੀ, ਇਥੋਂ ਤਕ ਕਿ ਡਿਪਟੀ ਕੁਲੈਕਟਰ ਤੇ ਹੋਰ ਵਡੇ ਅਫ਼ਸਰ ਵੀ ਆਏ ਸਨ। ਮੈਂ ਦੇਸ਼ ਭਗਤੀ ਬਾਰੇ ਵੀ ਕੁਝ ਬੋਲਿਆ। ਲੋਕਾਂ ਦੀਆਂ ਅੱਖਾਂ ਵਿਚ ਹੰਝੂ ਸਨ।

2 ਨਵੰਬਰ, 1895 : (ਸਿਆਲਕੋਟ) ਅਜ ਮੈਨੂੰ ਅੰਮ੍ਰਿਤਸਰ ਤੋਂ ਚਿੱਠੀ ਮਿਲੀ ਹੈ ਕਿ ਮੇਰੀ ਦਰਖ਼ਾਸਤ ਦੇ ਉਥੇ ਪੁਜਣ ਤੋਂ ਪਹਿਲਾਂ ਹੀ ਉਹ ਆਸਾਮੀ ਭਰੀ ਜਾ ਚੁਕੀ ਸੀ।

21 ਦਸੰਬਰ, 1895 : ਮੈਨੂੰ ਆਪਣੇ ਹੀ ਮਿਸ਼ਨ ਕਾਲਜ, ਲਾਹੌਰ ਵਿਚ ਹਿਸਾਬ ਦੇ ਪ੍ਰੋਫ਼ੈਸਰ ਵਜੋਂ ਨਿਯੁਕਤ ਕਰ ਲਿਆ ਗਿਆ ਹੈ। ਪਰਮਾਤਮਾ ਦੀ ਇਸ ਮਿਹਰ ਸਦਕਾ ਮੈਨੂੰ ਪ੍ਰਭੂ ਨਾਲ ਹੋਰ ਪ੍ਰੇਮ ਕਰਨਾ ਚਾਹੀਦਾ ਹੈ।

23 ਦਸੰਬਰ, 1895 : (ਸਿਆਲਕੋਟ) ਪਿਛਲੇ ਅੱਠਾਂ ਦਿਨਾਂ ਤੋਂ ਮੈਂ ਦੁੱਧ ਤੋਂ ਬਿਨਾਂ ਕੁਝ ਹੋਰ ਨਹੀਂ ਖਾਧਾ। ਇਸ ਦੇ ਬਾਵਜੂਦ ਮੈਂ ਹੁਣੇ ਹੀ ਤੀਹ ਮੀਲ ਦਾ ਪੰਧ ਕਰਕੇ ਆਇਆ ਹਾਂ, ਮੈਨੂੰ ਕੋਈ ਥਕੇਵਾਂ ਨਹੀਂ ਹੈ।

1 ਜੂਨ, 1896 : ਪਿਤਾ ਜੀ ਮੇਰੇ ਨਾਲ ਬੜੇ ਨਾਰਾਜ਼ ਹਨ। ਕਿਉਂਕਿ ਮੈਂ ਆਪਣੀ ਧਰਮ ਪਤਨੀ ਨੂੰ ਇਥੇ ਨਾਲ ਲੈ ਆਇਆ ਹਾਂ। ਇਕ ਦੋ ਦਿਨਾਂ ਤਕ ਪਿਤਾ ਜੀ ਵੀ ਇਥੇ ਆ ਜਾਣਗੇ। ਪਰ ਰੱਬ ਦੀਆਂ ਰੱਬ ਜਾਣੇ।

5 ਜੂਨ, 1896 : ਤੁਹਾਡੇ-ਪੱਤਰ ਮਿਲੇ। ਮੇਰਾ ਸਭ ਕੁਝ ਤੁਹਾਡਾ ਹੈ। ਮੈਂ ਕਿਸੇ ਵੀ ਚੀਜ਼ ਨੂੰ ਆਪਣੀ ਨਹੀਂ ਮੰਨਦਾ। ਮੈਨੂੰ ਇਸ ਸੰਸਾਰ ਦਾ ਧੰਨ-ਪਦਾਰਥ ਇਕੱਤਰ ਕਰਨ ਦੀ ਕੋਈ ਲਾਲਸਾ ਨਹੀਂ ਹੈ। ਮੈਨੂੰ ਆਪਣੀ ਪਤਨੀ ਲਈ ਗਹਿਣੇ ਖ਼ਰੀਦਣ ਨਾਲ ਵੀ ਕੋਈ ਖ਼ੁਸ਼ੀ ਨਹੀਂ ਹੁੰਦੀ। ਮੈਨੂੰ ਕਿਸੇ ਫ਼ਰਨੀਚਰ ਦੀ ਵੀ ਲੋੜ ਨਹੀਂ ਹੈ। ਮੇਰੇ ਲਈ ਤਾਂ ਕਿਸੇ ਰੁੱਖ ਦੀ ਛਾਂ ਹੀ ਘਰ ਹੈ, ਖ਼ਾਕ ਮੇਰੇ ਬਸਤਰ ਹਨ, ਧਰਤੀ ਮੇਰਾ ਬਿਸਤਰ ਹੈ ਅਤੇ ਕੁਝ ਘਰਾਂ ਤੋਂ ਮੰਗੀ ਭਿਖਿਆ ਮੇਰੀ ਰੋਟੀ-ਜੇ ਮੈਨੂੰ ਇਹ ਸਭ ਕੁਝ ਮਿਲ ਜਾਵੇ ਤਾਂ ਮੈਨੂੰ ਬੜੀ ਖ਼ੁਸ਼ੀ ਹੋਵੇਗੀ। ਫਿਰ ਮੈਂ ਤੁਹਾਨੂੰ ਪੈਸੇ ਦੀ

ਖ਼ਾਤਰ ਨਾਰਾਜ਼ ਕਿਉਂ ਕਰਾਂ? ਜੇ ਤੁਸੀਂ ਹੁਕਮ ਕਰੋ ਤਾਂ ਮੈਂ ਭਿਬੂਤ ਮਲ ਕੇ ਹੁਣੇ ਹੀ ਸਾਧੂ ਬਣ ਜਾਂਦਾ ਹਾਂ। ਨਾਲ ਹੀ ਮੈਂ ਕਾਲਜ ਵਿਚ ਕੰਮ ਜ਼ਰੂਰ ਕਰਦਾ ਰਹਾਂਗਾ। ਜੋ ਕੁਝ ਵੀ ਮੈਨੂੰ ਉਥੋਂ ਤਨਖ਼ਾਹ ਦੇ ਰੂਪ ਵਿਚ ਪ੍ਰਾਪਤ ਹੋਵੇਗਾ,ਉਹ ਸਾਰਾ ਹੀ ਤੁਹਾਡਾ ਹੋਵੇਗਾ। ਜਿਵੇਂ ਤੁਹਾਡੀ ਮਰਜ਼ੀ ਹੋਵੇ, ਖ਼ਰਚ ਲੈਣਾ। ਇਸ ਵਿਚੋਂ ਜੋ ਤੁਹਾਡੀ ਮਰਜ਼ੀ ਹੋਵੇ, ਉਹ ਮੇਰੀ ਪਤਨੀ ਨੂੰ ਦੇ ਦੇਣਾ-ਮੈਂ ਤਾਂ ਤੁਹਾਡਾ ਦਾਸ ਹਾਂ, ਮੇਰਾ ਆਦਰਸ਼ ਤਾਂ ਕੰਮ ਕਰਨਾ ਅਤੇ ਆਪਣੇ ਹਿਰਦੇ ਵਿਚ ਪ੍ਰਭੂ ਦੇ ਮੰਦਰ ਨੂੰ ਸਥਾਪਿਤ ਕਰਨਾ ਹੈ। ਆਤਮਾ ਦੀ ਇਹ ਅੰਦਰਲੀ ਸ਼ਾਂਤੀ ਮੈਨੂੰ ਏਨਾ ਅਨੰਦ ਦਿੰਦੀ ਹੈ, ਜੋ ਬਾਹਰਲੀ ਦੁਨੀਆਂ ਦੇ ਧੰਨ-ਪਦਾਰਥ ਨਹੀਂ ਦੇ ਸਕਦੇ। ਪ੍ਰਭੂ ਨਿਮਤ ਕਾਰਜ ਕਰਕੇ ਜੋ ਮੈਨੂੰ ਆਤਮਕ ਅਨੰਦ ਪ੍ਰਾਪਤ ਹੁੰਦਾ ਹੈ, ਮੇਰੇ ਲਈ ਉਹੋ ਹੀ ਤਨਖ਼ਾਹ ਕਾਫ਼ੀ ਹੈ। ਇਹ ਮੇਰੀ ਕਾਲਜ ਦੀ ਸਾਰੀ ਤਨਖ਼ਾਹ ਤੁਹਾਡੇ ਇਕੱਲਿਆਂ ਨੂੰ ਭੇਟਾ ਹੈ, ਤੁਸੀਂ ਜਿਵੇਂ ਮਰਜ਼ੀ ਹੈ, ਇਸ ਨੂੰ ਵਰਤੋ। ਮੈਂ ਇਸ ਵਿਚ ਨਾ ਕੁਝ ਮਨਫ਼ੀ ਕਰਦਾ ਹਾਂ ਤੇ ਨਾ ਕੁਝ ਜਮ੍ਹਾਂ। ਮੈਂ ਤਾਂ ਪੂਰਨ ਅਨੰਦ ਸਰੂਪ ਹਾਂ। ਪਿਤਾ ਜੀ ਕਲ੍ਹ ਦੇ ਇਥੇ ਆਏ ਹੋਏ ਹਨ, ਇਸ ਲਈ ਮੈਂ ਆ ਨਹੀਂ ਸਕਦਾ।

11 ਜੂਨ, 1896 : ਤੁਹਾਡੇ 2 ਪੱਤਰ ਮਿਲੇ। ਪਿਤਾ ਜੀ ਗੁੱਸੇ ਵਿਚ ਨਹੀਂ ਸਨ। ਉਹ ਹੁੰਦੇ ਵੀ ਕਿਉਂ? ਮੈਂ ਤਾਂ ਆਪਣੇ ਸਰੀਰ ਤੋਂ ਬਾਹਰ ਵਿਚਰਦਾ ਹਾਂ। ਜਿਹੜੇ 50 ਰੁਪਏ ਮੇਰੇ ਕੋਲ ਮਹੀਨੇ ਦੇ ਖ਼ਰਚ ਲਈ ਸਨ, ਉਹ ਮੈਂ ਸਾਰੇ ਉਨ੍ਹਾਂ ਨੂੰ ਦੇ ਦਿਤੇ। ਮੈਂ ਹੁਣ ਲੋਕਾਂ ਕੋਲੋਂ ਨਵਾਂ ਉਧਾਰ ਚੁਕ ਕੇ ਗੁਜ਼ਾਰਾ ਕਰਾਂਗਾ।

20 ਜੂਨ, 1896 : ਮੈਂ ਮਿਸ਼ਨ ਕਾਲਜ ਵਿਚ ਇਕ ਵਿਆਖਿਆਨ ਦਿਤਾ ਹੈ। ਲੋਕ ਬੜੇ ਸੰਤੁਸ਼ਟ ਸਨ। ਪ੍ਰਿੰਸੀਪਲ ਸਾਹਿਬ ਨੇ ਮੈਨੂੰ ਕਿਹਾ ਕਿ ਮੈਂ ਇਸ ਭਾਸ਼ਣ ਨੂੰ ਕਿਤਾਬੀ ਰੂਪ ਵਿਚ ਛਪਵਾ ਦੇਵਾਂ।

20 ਜੁਲਾਈ, 1896 : ਕਲ੍ਹ ਮੈਂ ਇਥੇ ਇਕ ਲੈਕਚਰ ਦਿਤਾ। ਪੰਡਤ ਦੀਨ ਦਿਆਲ, ਗੋਪੀ ਨਾਥ ਅਤੇ ਹੋਰ ਬਹੁਤ ਸਾਰੇ ਹਾਜ਼ਰ ਸਨ, ਉਨ੍ਹਾਂ ਨੂੰ ਬੜੀ ਹੈਰਾਨੀ ਹੋਈ। ਉਹ ਸਾਰੇ ਮੇਰੇ ਉਤੇ ਬੜੇ ਮਿਹਰਬਾਨ ਹਨ।

6 ਜਨਵਰੀ, 1897 : ਅਠਾਈ ਰੁਪਏ ਭੇਜ ਰਿਹਾ ਹਾਂ। ਕਿਰਪਾ ਕਰਕੇ ਇਨ੍ਹਾਂ ਵਿਚੋਂ ਅੱਧੇ ਪਿਤਾ ਜੀ ਨੂੰ ਦੇ ਦੇਣੇ। ਮੈਂ ਉਨ੍ਹਾਂ ਨਾਲ ਵਾਅਦਾ ਕੀਤਾ ਸੀ। ਮੇਰੇ ਕੋਲ ਕੇਵਲ ਤਿੰਨ ਰੁਪਏ ਬਾਕੀ ਬਚੇ ਹਨ ਅਤੇ ਸਾਰਾ ਮਹੀਨਾ ਹਾਲੀ ਬਾਕੀ ਹੈ। ਮੈਂ ਹਾਲੀ ਪਿਛਲੇ ਮਹੀਨੇ ਦੇ ਬਿਲ ਵੀ ਨਹੀਂ ਤਾਰੇ-ਇਕ ਪਾਈ ਵੀ ਕਿਸੇ ਨੂੰ ਨਹੀਂ ਦਿਤੀ। ਨਾ ਹੀ ਕਿਸੇ ਵਿਦਿਆਰਥੀ ਦੀ ਸਹਾਇਤਾ ਕੀਤੀ ਹੈ। ਫਿਰ ਵੀ ਉਹ ਮੇਰੇ

ਨਾਲ ਨਾਰਾਜ਼ ਹਨ। ਗਿਲੇ ਤੇ ਗਿਲਾ ਆ ਰਿਹਾ ਹੈ! ਕਹਿੰਦੇ ਨੇ, 'ਸਾਡੇ ਕੋਲ ਕੋਈ ਰੋਟੀਆਂ ਪਕਾਉਣ ਵਾਲਾ ਨਹੀਂ, ਮੈਂ ਬੜਾ ਪਰੇਸ਼ਾਨ ਹੋ ਰਿਹਾ ਹਾਂ'

17 ਅਪਰੈਲ, 1897 : ਪੈਰ ਦਾ ਛਾਲਾ ਹਾਲੀ ਵੀ ਪੀੜ ਕਰ ਰਿਹਾ ਹੈ। ਬੀ.ਏ. ਦੇ ਇਮਤਿਹਾਨ ਦਾ ਨਤੀਜਾ ਆ ਗਿਆ ਹੈ। ਸਾਰੇ ਪੰਜਾਬ ਵਿਚੋਂ 25% ਵਿਦਿਆਰਥੀ ਵੀ ਪਾਸ ਨਹੀਂ ਹੋਏ। ਮੇਰੇ ਦੋ ਵਿਦਿਆਰਥੀ ਸੂਬੇ ਭਰ ਵਿਚੋ ਤੀਜੇ ਤੇ ਚੌਥੇ ਨੰਬਰ ਤੇ ਆਏ ਹਨ। ਬਹੁਤ ਸਾਰੇ ਮੇਰੇ ਮਜ਼ਮੂਨ ਹਿਸਾਬ ਵਿਚੋਂ ਹੀ ਫੇਲ੍ਹ ਹੋਏ ਹਨ। ਇਸ ਸਾਲ ਮੈਨੂੰ ਕੋਈ ਤਰੱਕੀ ਨਹੀਂ ਮਿਲੇਗੀ। ਮੈਂ ਕਿੰਨੀ ਮਿਹਨਤ ਕਰਵਾਈ ਸੀ, ਪਰ ਉਸ ਦਾ ਕੀ ਫੱਲ ਮਿਲਿਆ ਹੈ! ਮੈਂ ਬੜਾ ਉਪਰਾਮ ਤੇ ਉਦਾਸ ਹਾਂ।

1 ਅਗਸਤ, 1897 : ਮੈਂ ਨਵੇਂ ਘਰ ਵਿਚ ਆ ਗਿਆ ਹਾਂ। ਇਹ ਪ੍ਰਭੂ ਦੇ ਚਰਨਾਂ ਦੀਆਂ ਪੌੜੀਆਂ ਦੇ ਨੇੜੇ ਹੈ (ਹਰ ਚਰਨ ਕੀ ਪੌੜੀਆਂ ਲਾਹੌਰ)। ਇਹ ਉਹ ਸ਼ਾਨਦਾਰ ਗੰਗਾ ਹੈ, ਜੋ ਭਗਵਾਨ ਦੇ ਚਰਨਾਂ ਹੇਠ ਵਗ ਰਹੀ ਹੈ! ਇਹ ਤੀਰਥ ਰਾਮ ਅਰਥਾਤ ਰਾਮ ਦੇ ਤੀਰਥ ਕੋਲੋਂ ਦੀ ਵੀ ਲੰਘਦੀ ਹੈ, ਜਿਸ ਨੂੰ ਉਸ ਦੇ ਚਰਨਾਂ ਵਿਚ ਹੀ ਵਹਿਣਾ ਸ਼ੋਭਦਾ ਹੈ। ਜਦੋਂ ਦਾ ਮੈਂ ਇਥੇ ਆਇਆ ਹਾਂ, ਮੈਂ ਪਭੂ ਦੇ ਚਰਨਾਂ ਵਿਚ ਹੀ ਰਹਿ ਰਿਹਾ ਹਾਂ ਅਤੇ ਆਪਣੀ ਆਤਮਾ ਦੀ ਪਵਿਤਰ ਗੰਗਾ ਵਿਚ ਇਸਨਾਨ ਕਰ ਰਿਹਾ ਹਾਂ।

17 ਅਗਸਤ, 1897 : ਜੇ ਕੰਮ ਧੰਧੇ ਕਰਦੇ ਹੋਇਆਂ ਸਾਡਾ ਮਨ ਪ੍ਰਭੂ ਵਿਚ ਲੀਨ ਰਹਿੰਦਾ ਹੈ ਅਤੇ ਸਾਡੇ ਮਨ ਦੀਆਂ ਭਾਵਨਾਵਾਂ ਉਨ੍ਹਾਂ ਬੇਫ਼ਿਕਰ ਕਰ ਦੇਣ ਵਾਲੀਆਂ ਰੱਬੀ ਉਚਾਈਆਂ ਤੋਂ ਹੇਠਾਂ ਨਹੀਂ ਆਉਂਦੀਆਂ ਤਾਂ ਸਾਡਾ ਜੀਵਨ ਧਨ ਹੈ। ਇਸ ਤੋਂ ਬਿਨਾਂ ਮਨੁੱਖੀ ਜੀਵਨ ਨਿਹਫਲ ਹੈ।

25 ਅਕਤੂਬਰ, 1897 : (ਇਹ ਪੱਤਰ ਉਨ੍ਹਾਂ ਨੇ ਆਪਣੇ ਪਿਤਾ ਜੀ ਨੂੰ ਲਿਖਿਆ ਹੈ।)

ਮੇਰੇ ਪਿਆਰੇ ਪਿਤਾ ਜੀ ! ਚਰਨ ਬੰਧਨਾ! ਤੁਹਾਡੇ ਪੱਤਰ ਮਿਲੇ, ਪੜ੍ਹ ਕੇ ਬੜੀ ਖ਼ੁਸ਼ੀ ਹੋਈ। ਤੁਹਾਡੇ ਪੁਤਰ ਤੀਰਥ ਰਾਮ ਦਾ ਤਨ ਹੁਣ ਵਿਕ ਚੁਕਾ ਹੈ, ਇਹ ਪਰਮਾਤਮਾ ਅਗੇ ਵਿਕ ਚੁਕਾ ਹੈ ! ਇਹ ਹੁਣ ਉਸ ਦਾ ਆਪਣਾ ਸਰੀਰ ਨਹੀਂ ਹੈ। ਅਜ ਦੀਵਾਲੀ ਦਾ ਪਰਬ ਹੈ, ਮੈਂ ਆਪਣਾ ਸਰੀਰ ਜੂਏ ਵਿਚ ਹਾਰ ਚੁਕਾ ਹਾਂ ਅਤੇ ਮੈਂ ਪ੍ਰਭੂ ਨੂੰ ਜਿੱਤ ਲਿਆ ਹੈ। ਮੈਂ ਇਸ ਉਤੇ ਤੁਹਾਨੂੰ ਵਧਾਈ ਦਿੰਦਾ ਹਾਂ। ਹੁਣ ਜੋ ਕੁਝ ਵੀ ਤੁਹਾਨੂੰ ਚਾਹੀਦਾ ਹੈ, ਮੇਰੇ ਮਾਲਕ ਪ੍ਰਭੂ ਤੋਂ ਮੰਗੋ। ਉਹ ਤੁਹਾਨੂੰ ਸਭ ਕੁਝ ਦੇਵੇਗਾ ਜਾਂ ਮੈਨੂੰ ਤੁਹਾਨੂੰ ਭੇਜਣ ਲਈ ਆਖੇਗਾ। ਪਰ ਇਕ ਵਾਰ ਪੂਰੇ ਭਰੋਸੇ ਨਾਲ ਉਸ ਕੋਲੋਂ ਮੰਗ ਵੇਖੋ।

ਪਿਛਲੇ 19-20 ਦਿਨਾਂ ਤੋਂ ਉਸ ਨੇ ਮੇਰੇ ਸਾਰੇ ਕੰਮ, ਫ਼ਰਜ਼ ਤੇ ਕਰਜ਼ੇ ਆਪਣੇ ਜ਼ਿੰਮੇ ਲੈ ਲਏ ਹਨ। ਤੁਹਾਡੇ ਕੰਮ ਵੀ ਉਹ ਪ੍ਰਭੂ ਆਪਣੇ ਜ਼ਿੰਮੇ ਕਿਉਂ ਨਹੀਂ ਲਵੇਗਾ? ਤੁਹਾਨੂੰ ਦਿਲ ਨਹੀਂ ਛਡਣਾ ਚਾਹੀਦਾ। ਉਸ ਦੀ ਰਜ਼ਾ ਅਨੁਸਾਰ ਹੀ ਸਾਰੇ ਬੰਦਿਆਂ ਨੂੰ ਕੰਮ ਕਰਨਾ ਚਾਹੀਦਾ ਹੈ। ਮਹਾਰਾਜ ਜੀ! ਇਹ ਪ੍ਰਭੂ ਦੇ ਅਨੁਭਵ ਦੀ ਦੌਲਤ ਹੀ ਸਾਡੇ ਬ੍ਰਾਹਮਣਾਂ ਦੀ ਰਾਸ ਪੂੰਜੀ ਹੈ। ਇਹ ਸਾਨੂੰ ਸ਼ੋਭਾ ਨਹੀਂ ਦਿੰਦਾ ਕਿ ਅਸੀਂ ਆਪਣੀ 'ਅੰਤਰੀਵ ਦੌਲਤ' ਨੂੰ ਤਿਆਗ ਕੇ 'ਬਾਹਰਲੀ ਸੰਸਾਰਕ ਦੌਲਤ' ਪਿਛੇ ਭਟਕਦੇ ਫਿਰੀਏ। ਇਸ ਲਈ ਆਪਣੇ ਅੰਤਰ ਆਤਮਾ ਦੇ ਅਨੰਦ ਨੂੰ ਮਾਣੋ।

23 ਅਗਸਤ, 1898 : (ਹਰਦੁਆਰ ਤੋਂ ਉਪਰ ਰਿਸ਼ੀਕੇਸ਼ ਦੇ ਸਮੀਪ)[1]

ਆਪਣੇ ਪੱਤਰ ਵਿਚ ਤੁਸਾਂ ਮੈਨੂੰ ਘਰ ਵਾਪਸ ਪਰਤ ਆਉਣ ਲਈ ਉਪਦੇਸ਼ ਕੀਤਾ ਹੈ। ਤੁਹਾਡੇ ਪੱਤਰ ਨੂੰ ਮੈਂ ਗੰਗਾ ਨਦੀ ਦੇ ਵਹਿੰਦੇ ਪਾਣੀਆਂ ਵਿਚ ਸੁਟ ਪਾਇਆ ਹੈ। ਬੜੀ ਅਜੀਬ ਗੱਲ ਹੈ ਕਿ ਤੁਸੀਂ ਮੈਨੂੰ ਪੁਛਿਆ ਹੈ ਕਿ ਘਰ ਤੋਂ ਜਾ ਕੇ ਆਪਣੇ ਕਰਤਵਾਂ ਦੀ ਪਾਲਣਾ ਵਲੋਂ ਬੇਧਿਆਨ ਹੋ ਕੇ ਮੈਨੂੰ ਕੋਈ ਦੁੱਖ ਪ੍ਰਤੀਤ ਨਹੀਂ ਹੁੰਦਾ!

ਕਿਹੋ ਜਿਹਾ ਦੁੱਖ ?

" ਇਨ੍ਹਾਂ ਵਸਤੂਆਂ ਦੇ ਆਦਿ ਬਾਰੇ ਅਸੀਂ ਅਣਜਾਣ ਹਾਂ,
ਇਨ੍ਹਾਂ ਵਸਤੂਆਂ ਦੇ ਅੰਤ ਬਾਰੇ ਅਸੀਂ ਅਣਜਾਣ ਹਾਂ,
ਜੋ ਕੁਝ ਸਾਨੂੰ ਵਰਤਮਾਨ ਵਿਚ ਦਿਖਾਈ ਦਿੰਦਾ ਹੈ,
ਉਹ ਕੇਵਲ ਇਨ੍ਹਾਂ ਦਾ ਥੋੜ੍ਹਾ ਜਿਹਾ ਮੱਧ-ਭਾਗ ਹੀ ਹੈ
ਅਤੇ ਜਦੋਂ ਸਭ ਕੁਝ ਬਾਰੇ ਅਸੀਂ ਅਗਿਆਤ ਹਾਂ,
ਤਾਂ ਦੁੱਖ ਕਿਸ ਗੱਲ ਦਾ ਹੈ?"
ਲੋਕ ਜੋ ਮਰਜ਼ੀ ਹੈ ਪਏ ਕਹਿਣ,
ਮੇਰਾ ਉਤਰ ਤਾਂ ਹੇਠ ਲਿਖੇ ਉਰਦੂ ਦੇ ਸ਼ਿਅਰ ਵਿਚ ਅੰਕਤ ਹੈ:-
"ਮੈਂ ਤਾਂ ਕਫ਼ਨ ਸਿਰ ਤੇ ਬੰਨ ਲਿਆ ਹੈ
ਅਤੇ ਯਾਰ ਦੀ ਗਲੀ ਵਿਚ ਆ ਗਿਆ ਹਾਂ!

---

[1] ਇਹ ਪੱਤਰ ਭਗਤ ਧੰਨਾ ਰਾਮ ਦੇ ਪੱਤਰ ਦੇ ਉੱਤਰ ਵਿਚ ਲਿਖਿਆ ਗਿਆ ਹੈ, ਜਿਸ ਵਿਚ ਸੁਆਮੀ ਜੀ ਨੂੰ ਘਰ ਵਾਪਸ ਪਰਤ ਕੇ ਆਪਣੇ ਸੰਸਾਰਕ ਕਰਤਵਾਂ ਦੀ ਪਾਲਣਾ ਕਰਨ ਲਈ ਕਿਹਾ ਗਿਆ ਸੀ।

ਲੋਕ ਜੋ ਮਰਜ਼ੀ ਹੈ ਤਾਨੇ ਮਿਹਣੇ ਦੇਣ।
ਭਾਵੇਂ ਉਹ ਹਜ਼ਾਰਾਂ ਦੀ ਗਿਣਤੀ ਵਿਚ ਹੋਣ;
ਮੈਨੂੰ ਉਨ੍ਹਾਂ ਦੀ ਕੀ ਪਰਵਾਹ ਹੈ!''

ਤੁਸਾਂ ਮੈਨੂੰ ਆਪਣੀ ਆਗਿਆ ਦਾ ਪਾਲਣ ਕਰਨ ਲਈ ਕਿਹਾ ਹੈ। ਮੈਂ ਤੁਹਾਡੇ ਹੁਕਮਾਂ ਦੀ ਪਾਲਣਾ ਕਰ ਰਿਹਾ ਹਾਂ। ਆਪਣੇ ਪੰਜਾਬ ਰੂਪੀ ਸਰੀਰ ਤੋਂ ਨਿਕਲ ਕੇ ਮੈਂ ਤੇਜ਼ ਚਾਲੇ ਆਪਣੇ ਪ੍ਰਭੂ ਪ੍ਰੀਤਮ ਦੇ ਦਰ ਵਲ ਜਾ ਰਿਹਾ ਹਾਂ। ਮੈਂ 'ਸਚ' ਵਿਚ ਆਪਣੇ ਆਪ ਨੂੰ ਅਭੇਦ ਕਰ ਰਿਹਾ ਹਾਂ।

ਹੁਣ ਅੱਧੀ ਰਾਤ ਦਾ ਸਮਾਂ ਹੈ, ਇਸ ਵੇਲੇ ਮੇਰੇ ਕੋਲ ਨਾ ਕੋਈ ਬੰਦਾ ਹੈ ਤੇ ਨਾ ਉਸ ਦਾ ਭੂਤ। ਮੇਰੇ ਅੰਦਰ ਪਰਮਾਨੰਦ ਦੀਆਂ ਤਰੰਗਾਂ ਦੇ ਕਾਂਗ ਉਛਾਲੇ ਹਨ। ਮੇਰੇ ਬਾਹਰ ਗੰਗਾ ਦਾ ਸ਼ਾਨਦਾਰ ਸੰਗੀਤ ਪ੍ਰਵਾਹਤ ਹੋ ਰਿਹਾ ਹੈ। ਮੇਰੇ ਅੰਦਰਵਾਰ ਸ਼ਾਂਤੀ ਹੈ, ਸ਼ਾਂਤੀ! ਸ਼ਾਂਤੀ! ਸ਼ਾਂਤੀ! ਮੇਰੇ ਬਾਹਰਵਾਰ 'ਖ਼ੁਸ਼ੀ' ਹੈ। ਅਜ ਮੇਰੀ ਸੰਜੋਗ ਦੀ ਰਾਤ ਹੈ। ਇਹ ਕਾਲੀ ਰਾਤ ਨਹੀਂ ਹੈ, ਇਸ ਸੰਜੋਗ ਦੀ ਰਾਤ ਨੇ ਮੇਰੇ ਦੁਆਲੇ ਇਕ ਕਾਲਾ ਪਰਦਾ ਤਾਣ ਦਿਤਾ ਹੈ ਤਾਂ ਜੋ ਮੈਨੂੰ ਇਸ ' ਸੰਜੋਗੀ-ਮਿਲਣੀ' ਲਈ ਪੂਰੀ ਇਕਾਂਤ ਮਿਲ ਸਕੇ।

ਮੇਰਾ ਭਾਵ ਹੈ, ਇਸ 'ਮਿਲਣ-ਰਾਤ' ਨੇ ਮੇਰੇ ਅੰਦਰੋਂ ਤੇ ਬਾਹਰੋਂ ਸੰਸਾਰ ਦੇ ਲੇਪ ਨੂੰ ਪੋਚ ਦਿਤਾ ਹੈ। ਨੇਤਰ ਅੰਮ੍ਰਿਤ ਪ੍ਰਵਾਹ ਦੇ ਦਰਿਆ ਬਣ ਗਏ ਹਨ। ਕਾਸ਼! ਇਸ ਵੇਲੇ ਮੈਨੂੰ ਸੰਸਾਰ ਦੀਆਂ ਖ਼ੁਸ਼ੀਆਂ ਬਾਰੇ ਯਾਦ ਕਰਵਾਉਣ ਦਾ ਕੀ ਲਾਭ!

ਮੇਰੇ ਸਬੰਧੀਆਂ ਨੂੰ ਕਹਿ ਦਿਉ ਕਿ ਉਹ ਮੈਨੂੰ ਮੇਰੇ ਕੇਂਦਰ ਉਤੇ ਮਿਲਣ, ਜਿਥੇ ਮੈਨੂੰ ਸਾਰੇ ਮਿਲਦੇ ਹਨ ਨਾ ਕਿ ਉਸ ਘੇਰੇ ਦੀ ਰੇਖਾ ਉਪਰ ਜਿਥੇ ਕਿ ਮੈਨੂੰ ਕੋਈ ਵੀ ਨਹੀਂ ਮਿਲ ਸਕਦਾ।

''ਜਿਥੇ ਨਿਰਮਲ ਜਲਧਾਰਾ ਚੰਨ ਚਾਨਣੀ ਦੀਆਂ ਚਾਂਦੀ ਰਿਸ਼ਮਾਂ ਵਿਚ ਵਹਿੰਦੀ ਹੈ-

ਉਥੇ ਮੈਂ ਗੰਗਾ ਦਰਿਆ ਦੇ ਕੰਢੇ ਬੈਠਾ ਹੋਵਾਂ,
ਜਿਥੇ ਰਾਤ ਨੂੰ ਸਭ ਆਵਾਜ਼ਾਂ ਉਸ ਵਿਚ ਸਮਾ ਜਾਂਦੀਆਂ ਹਨ,
ਪ੍ਰਭੂ ਪੀਤਮ ਦੀ 'ਲਾਮ' ਅਰਾਧਨਾ ਵਿਚ ਲੀਨ
ਮੇਰੇ ਰੋਮ ਰੋਮ ਲਹਿਰ ਰਹੇ ਹੋਣ, 'ਉਸ ਦੇ ਨਾਮ ਦੀ ਧੁਨੀ ਵਿਚ'
ਸੰਸਾਰਕ ਜੀਵਨ ਦੇ ਬੰਧਨਾਂ ਤੇ ਪੀੜਾ ਤੋਂ ਬਿਲਕੁਲ ਮੁਕਤ

''ਸ਼ਿਵ''! ''ਸ਼ਿਵ''! ਨਾਮ ਨੂੰ ਉਚਾਰਦਾ
ਮੇਰੇ ਨੇਤਰਾਂ ਵਿਚ ਅਨੰਦ ਦੇ ਹੰਝੂ ਵਹਿ ਰਹੇ ਹੋਣ,
ਇਸ ਤਰ੍ਹਾਂ ਮੇਰੇ ਨੈਣਾਂ ਦੀ ਤ੍ਰਿਪਤੀ ਹੋ ਰਹੀ ਹੋਵੇ!
ਹੇ ਪ੍ਰਭੂ ! ਅਜਿਹੀ ਸੋਨ ਸਵੇਰ ਕਦੋਂ ਚੜ੍ਹੇਗੀ ! (ਭਰਥਰੀ ਹਰਰੀ)

ਬਾਦਸ਼ਾਹ ਵੀ ਇਸ ਮਹਾਂ ਅਨੰਦ ਦੇ ਅਨੁਭਵ ਕਰਨ ਲਈ ਰਾਜ ਭਾਗ ਤਿਆਗ ਦਿੰਦੇ ਹਨ! ਦੇਵਤੇ ਵੀ ਗੰਗਾ ਜੀ ਦੇ ਕੰਢਿਆਂ ਉਤੇ ਨਿਵਾਸ ਕਰਨ ਲਈ ਸਹਿਕਦੇ ਰਹਿੰਦੇ ਹਨ। ਜੇ ਇਥੇ ਮੈਂ ਆਪਣੇ ਕੁੜਾਵੇ ਸੰਸਾਰੀ ਕਰਤਵਾਂ ਬਾਰੇ ਸੋਚਾਂ ਤਾਂ ਇਸ ਨਾਲ ਮੇਰਾ ਇਹ ਸੁਭਾਗਾ ਘਟ (ਸਰੀਰ ਰੂਪੀ ਭਾਂਡਾ) ਟੁਕੜੇ ਟੁਕੜੇ ਹੋ ਕੇ ਖਿੰਡ ਪੁੰਡ ਜਾਵੇਗਾ।

ਲੋਕ ਤੀਰਥ ਤੇ ਆਉਂਦੇ ਹਨ, ਤੀਰਥ ਲੋਕਾਂ ਕੋਲ ਨਹੀਂ ਜਾਂਦਾ।[1] ਮੇਰੇ ਘਰ ਵਾਲਿਆਂ ਨੂੰ ਇਹ ਦਸ ਦਿਓ ਕਿ ਉਹ ਤੀਰਥ ਰਾਮ ਦੇ ਚਰਨਾਂ ਦੀ ਭਾਲ ਕਰਨ (ਜੋ ਤੀਰਥਾਂ ਦਾ ਰਾਮ ਹੈ), ਜੋ ਤੀਰਥਾਂ ਵਿਚ ਰਮ ਰਿਹਾ ਹੈ, ਜੋ ਸੋਇਮ ਪ੍ਰਭੂ ਰੂਪ ਹੈ। ਤਾਂ ਹੀ ਉਹ ਭਗਵਾਨ ਤੀਰਥ ਰਾਮ ਦੇ ਦਰਸ਼ਨ ਕਰ ਸਕਦੇ ਹਨ! ਹੋਰ ਕੋਈ ਢੰਗ ਨਹੀਂ! ਜਿਨਾ ਚਿਰ ਸਤ ਦੀ ਗੰਗਾ ਮੇਰੇ ਹਿਰਦੇ ਅੰਦਰ ਨਹੀਂ ਵਹਿੰਦੀ, ਮੈਂ ਉਥੇ ਨਹੀਂ ਰਹਿ ਸਕਦਾ, ਮੇਰੇ ਦਿਲ ਦੀ ਧੜਕਣ ਬੰਦ ਹੋ ਜਾਵੇਗੀ। ਮੈਂ ਉਥੇ ਇਕ ਘੜੀ ਵੀ ਨਹੀਂ ਰੁਕ ਸਕਾਂਗਾ।

ਕੋਈ ਵੀ ਮ੍ਰਿਤਕ ਨੂੰ ਵਾਪਸ ਆਉਣ ਲਈ ਸੰਦੇਸ਼ ਨਹੀਂ ਭੇਜ ਸਕਦਾ, ਜਿਹੜੇ ਉਨ੍ਹਾਂ ਨੂੰ ਮਿਲਣਾ ਚਾਹੁੰਦੇ ਹਨ, ਉਨ੍ਹਾਂ ਨੂੰ ਆਪ ਮਰਨਾ ਪੈਂਦਾ ਹੈ। ਮੈਂ ਤਾਂ ਮਰ ਚੁਕਾ ਹਾਂ, ਮੈਂ ਉਸ ਸਰੀਰ ਵਿਚ ਵਿਚਰਦਾ ਹੋਇਆ ਵੀ ਮਰ ਚੁਕਾ ਹਾਂ। ਮੇਰੇ ਘਰਦਿਆਂ ਨੂੰ ਮੈਨੂੰ ਵਾਪਸ ਬੁਲਾਉਣ ਦੇ ਵਿਅਰਥ ਯਤਨ ਨਹੀਂ ਕਰਨੇ ਚਾਹੀਦੇ। ਪਰ ਜੇ ਉਹ ਮੇਰੇ ਸਮਾਨ ਬਣ ਜਾਣਗੇ ਤਾਂ ਉਹ ਮੈਨੂੰ ਬੜੀ ਆਸਾਨੀ ਨਾਲ ਮਿਲ ਸਕਦੇ ਹਨ।

ਜੇ ਆਪਣੇ ਪਿੰਡ ਮੁਰਾਲੀਵਾਲਾ ਦਾ (ਇਹ ਵਿਅਕਤੀ) ਮੁਰਲੀਵਾਲਾ ਅਤੇ ਫਿਰ ਪ੍ਰਭੂ ਪ੍ਰੀਤਮ ਦਾ ਮੁਰਾਰੀ ਬਣ ਸਕਦਾ ਹੈ ਤਾਂ ਤੀਰਥ (ਪਵਿਤਰ ਧਾਮ) ਵਿਚ ਸਰਵ ਸ਼ਕਤੀਮਾਨ ਵੀ ਆ ਕੇ ਨਿਵਾਸ ਕਰ ਸਕਦਾ ਹੈ। ਜਿਥੇ ਸ਼ਾਂਤੀ ਦੀ ਗੰਗਾ ਨਹੀਂ ਵਹਿੰਦੀ, ਉਥੇ 'ਮੇਰਾ' ਆ ਸਕਣਾ ਅਸੰਭਵ ਹੈ। ਜੇ ਮਰ ਕੇ ਛੇਕੜ ਸਭ

---

1 ਇਹ ਸੁਆਮੀ ਰਾਮ ਤੀਰਥ ਜੀ ਦਾ ਆਪਣੇ ਨਾਮ ਵਲ ਇਸ਼ਾਰਾ ਹੈ।

ਹੱਡੀਆਂ ਨੇ ਗੰਗਾ ਵਿਚ ਆ ਕੇ ਹੀ ਸਮਾਉਣਾ ਹੈ ਤਾਂ ਆਪਣੀ ਸਵੈ ਇੱਛਾ ਅਨੁਸਾਰ ਇਨ੍ਹਾਂ ਹੱਡੀਆਂ ਨੂੰ ਜੀਵਤ ਰੂਪ ਵਿਚ ਹੀ ਕਿਉਂ ਨਾ ਗੰਗਾ ਜੀ ਦੇ ਨਿਕਟ ਲੈ ਆਂਦਾ ਜਾਵੇ?

(ਹੇਠ ਲਿਖਿਆ ਇਕ ਹੋਰ ਪੱਤਰ ਹੈ ਜੋ ਉਪਰੋਕਤ ਪੱਤਰ ਦੀ ਧੁਨੀ ਵਿਚ ਹੀ ਲਿਖਿਆ ਗਿਆ ਹੈ)

ਕੀ ਮੈਂ ਇਕੱਲਾ ਹਾਂ?

ਹੁਣ ਮੇਰੇ ਕੋਲ ਨਾ ਕੋਈ ਸ਼ਾਗਿਰਦ ਹੈ! ਨਾ ਕੋਈ ਨੌਕਰ! ਮਨੁੱਖੀ ਵਾਸਾ ਬੜਾ ਦੂਰ ਰਹਿ ਗਿਆ ਹੈ! ਇਥੇ ਮਨੁੱਖ ਦਾ ਕੋਈ ਪ੍ਰਛਾਵਾਂ ਮਾਤਰ ਵੀ ਨਹੀਂ ਹੈ। ਇਥੇ ਉਜਾੜ ਬੀਆਬਾਨ ਹੈ, ਡੂੰਘੀ ਚੁੱਪ ਦਾ ਵਾਸ ਹੈ। ਰਾਤ ਤਾਰਿਆਂ ਭਰੀ ਹੈ, ਅਧੀ ਰਾਤ ਦਾ ਸਮਾਂ ਹੈ। ਪਰ ਕੀ ਮੈਂ ਇਥੇ ਇਕੱਲਾ ਹਾਂ?

ਨਹੀਂ! ਨਹੀਂ! ਮੈਂ ਇਕੱਲਾ ਨਹੀਂ ਹਾਂ! ਹੁਣੇ ਹੁਣੇ ਮੇਰੀ ਸਖੀ-ਸਹੇਲੀ ਵਰਖਾ ਆਈ ਹੈ ਅਤੇ ਉਸ ਨੇ ਮੈਨੂੰ ਇਸ਼ਨਾਨ ਕਰਵਾ ਦਿਤਾ ਹੈ! ਮੇਰੀ ਬਾਂਦੀ-ਸਖੀ ਪਵਨ ਹਰ ਥਾਂ ਵਗ ਰਹੀ ਹੈ। ਇਹ ਤਾਂ ਮੇਰੀ ਉਸੇ ਤਰ੍ਹਾਂ ਦੀ ਬਾਂਦੀ ਹੈ, ਜਦੋਂ ਮੈਂ ਇਸ ਨੂੰ ਆਵਾਜ਼ ਮਾਰਦਾ ਹਾਂ ਤਾਂ ਇਹ ਹਾਜ਼ਰ ਹੋ ਕੇ ਕਹਿੰਦੀ ਹੈ, "ਜੀ ਹਜ਼ੂਰ-ਦਾਸੀ ਹਾਜ਼ਰ ਹੈ!" "ਭਾਵੇਂ ਸ਼ੇਰ ਹੋਵੇ ਭਾਵੇਂ ਹਾਥੀ, ਹਜ਼ਾਰਾਂ ਮੇਰੇ ਸਾਥੀ ਇਸ ਘਣੇ ਜੰਗਲ ਵਿਚ ਮੇਰੇ ਵਾਂਗ ਹੀ ਇਨ੍ਹਾਂ ਝਾੜੀਆਂ ਵਿਚ ਡੇਰੇ ਲਾਈ ਬੈਠੇ ਹਨ, ਉਹ ਆਪਣੀਆਂ ਆਪਣੀਆਂ ਕੰਦਰਾਂ ਵਿਚ ਬੈਠੇ ਹਨ। ਫਿਰ ਮੈਂ ਕਿਉਂ ਤੇ ਕਿਵੇਂ ਇਕੱਲਾ ਹੋ ਸਕਦਾ ਹਾਂ?

ਪਰੰਤੂ ਨਹੀਂ! ਮੈਂ ਇਕੱਲਾ ਹਾਂ! ਕੋਈ ਦਾਸ ਨਹੀਂ, ਨੌਕਰ ਚਾਕਰ ਨਹੀਂ, ਕੋਈ ਦੋਸਤ ਮਿਤਰ ਨਹੀਂ। ਇਹ ਪਵਨ ਨਹੀਂ, ਇਹ ਤਾਂ ਮੈਂ ਹਾਂ, ਇਹ ਗੰਗਾ ਨਦੀ ਨਹੀਂ। ਇਹ ਤਾਂ ਮੈਂ ਹਾਂ। ਇਹ ਚੰਦਰਮਾ ਨਹੀਂ, ਇਹ ਤਾਂ ਮੈਂ ਹਾਂ। ਇਹ ਤਾਂ ਪ੍ਰਭੂ ਨਹੀਂ, ਮੈਂ ਹਾਂ, ਇਹ ਤਾਂ ਪ੍ਰਭੂ ਪ੍ਰੀਤਮ ਨਹੀਂ, ਇਹ ਤਾਂ ਮੈਂ ਹਾਂ। 'ਮੈਂ ਹਾਂ।" ਅਭੇਦਤਾ ਹੋਰ ਕੀ ਹੈ? ਮੈਂ ਹਾਂ! ਕੇਵਲ ਸੰਸਾਰ ਹੀ ਛਾਈਂ ਮਾਈਂ ਹੋ ਗਿਆ ਹੈ।

ਕੀ ਮੈਂ ਨਿਕੰਮਾ ਹਾਂ?

ਮੇਰੇ ਮਨ ਦਾ ਮਾਨ ਸਰੋਵਰ ਸ਼ਾਂਤੀ ਨਾਲ ਭਰਪੂਰ ਹੈ। ਮੇਰੇ ਹਿਰਦੇ ਖ਼ੁਸ਼ੀ ਦੀ ਨਦੀ ਵਹਿ ਰਹੀ ਹੈ। ਮੇਰਾ ਰੋਮ ਰੋਮ ਪ੍ਰਸੰਨਤਾ ਵਿਚ ਇਸ਼ਨਾਨ ਕਰ ਰਿਹਾ ਹੈ। ਇਸ ਤਰ੍ਹਾਂ ਵਿਸ਼ਣੂੰ ਭਗਵਾਨ ਜੀ ਅਨੰਤ ਸ਼ਾਂਤੀ ਨਾਲ ਇਤਨੇ ਨਕੋ ਨਕ ਭਰਪੂਰ ਹੋ ਗਏ ਸਨ ਕਿ ਉਹ ਇਸ ਮਹਾਂ ਸ਼ਾਂਤੀ ਨੂੰ ਆਪਣੇ ਅੰਦਰ ਨਾ ਸਮਾ ਸਕੇ, ਇਸ

ਤਰ੍ਹਾਂ ਉਨ੍ਹਾਂ ਦੇ ਚਰਨਾਂ ਵਿਚੋਂ ਗੰਗਾ ਜੀ ਦੇ ਰੂਪ ਵਿਚ ਸ਼ਾਂਤੀ ਦਾ ਚਸ਼ਮਾ ਵਹਿ ਤੁਰਿਆ। ਵਿਸ਼ਨੂੰ ਜੀ ਵਾਂਗ ਹੀ ਤੀਰਥ ਰਾਮ (ਨਾਰਾਇਣ) ਵੀ ਉਸ ਪ੍ਰਭੂ ਦੇ ਮਹਾਂ ਅਨੰਦ ਨਾਲ ਭਰਪੂਰ ਹੋ ਗਿਆ ਹੈ। ਉਹ ਆਪਣੇ ਇਸ ਅਨੰਦ ਨੂੰ ਆਪਣੇ ਅੰਦਰ ਰੋਕ ਕੇ ਨਹੀਂ ਰਖ ਸਕਦਾ; ਉਹ ਆਪਣੇ ਵਿਚੋਂ ਇਸ ਗੰਗਾ ਦੀ ਸੰਪੂਰਨ ਧਾਰਾ ਨੂੰ ਲੋਕ ਭਲਾਈ ਅਤੇ ਸਾਰੇ ਸੰਸਾਰ ਦੇ ਕਲਿਆਣ ਲਈ ਪ੍ਰਵਾਹਤ ਕਰ ਰਿਹਾ ਹੈ। ਉਹ ਖ਼ੁਸ਼ਹਾਲੀ ਤੇ ਖ਼ੁਸ਼ੀ ਦੀ ਸੁਮੀਰੀ ਪਵਨ ਨੂੰ ਝੁਲਾ ਰਿਹਾ ਹੈ। ਕੌਣ ਕਹਿੰਦਾ ਹੈ ਕਿ ਉਹ ਨਿਕੰਮਾ ਹੈ? ਮੈਂ ਕਹਿੰਦਾ ਹਾਂ, ਆਉ, ਇਸ ਤੀਰਥ ਰਾਮ ਦੇ ਦਰਸ਼ਨ ਕਰੋ, ਇਸ ਨਾਲ ਤੁਹਾਨੂੰ ਮੁਕਤੀ ਪ੍ਰਾਪਤ ਹੋਵੇਗੀ। ਉਹ ਗੰਗਾ ਰੂਪ ਹੈ, ਉਹ ਸਤ ਚਿਤ ਅਨੰਦ ਦਾ ਰਾਮ ਰੂਪ ਹੈ, ਉਹ ਅਖੰਡ ਸਮਾਧੀ ਹੈ, ਉਹ ਭਗਵਾਨ ਰਾਮ ਦਾ ਰੂਪ ਹੈ।

ਹਰਦੁਆਰ 19 ਸਤੰਬਰ, 1898 : ਜਦੋਂ ਮੈਂ ਆਪਣੇ ਤੋਂ ਬਾਹਰ ਤੱਕਦਾ ਹਾਂ ਤਾਂ ਮੈਨੂੰ ਅਣੂੰ ਅਣੂੰ ਵਿਚੋਂ ਇਹ ਆਵਾਜ਼ ਗੂੰਜਦੀ ਸੁਣਾਈ ਦਿੰਦੀ ਹੈ- "ਤੂੰ ਹੈਂ, ਤੂੰ ਹੈਂ"- ਜਦੋਂ ਮੈਂ ਅੰਤਰ ਆਤਮੇ ਝਾਤੀ ਮਾਰਦਾ ਹਾਂ ਤਾਂ ਮੈਨੂੰ ਆਵਾਜ਼ ਸੁਣਾਈ ਦਿੰਦੀ ਹੈ, "ਮੈਂ ਹਾਂ, ਮੈਂ ਹਾਂ!" ਇਸ ਵਾਜੇ ਤੇ ਢੋਲ ਦੇ ਸੰਗੀਤ ਤੋਂ ਬਿਨਾਂ ਮੈਨੂੰ ਹੋਰ ਕੁਝ ਸੁਣਾਈ ਨਹੀਂ ਦਿੰਦਾ।

ਮੈਂ ਕੀ ਹਾਂ? ਮੈਂ ਕਿਥੇ ਹਾਂ? ਮੇਰੇ ਇਸ ਨਿਜ-ਮਹਿਲ ਵਿਚ ਕਿਸ ਦਾ ਨਿਵਾਸ ਹੈ? ਇਸ ਘਰ ਵਿਚ ਤਾਂ ਕਿਸੇ ਹੋਰ ਦੇ ਦਾਖ਼ਲ ਹੋਣ ਲਈ ਤਾਂ ਕੋਈ ਵੀ ਦਰ ਖੁਲ੍ਹਾ ਨਹੀਂ ਹੈ, ਇਹ ਨਿਜ-ਮਹਿਲ ਕਿਵੇਂ ਹੈ, ਕਿਥੇ ਹੈ, ਕਿਉਂ ਹੈ ਅਤੇ ਕੀ ਹੈ? ਹਰਦੁਆਰ ਦੇ ਬਾਂਦਰਾਂ ਨੇ ਮੇਰੀ ਸੋਚ ਸ਼ਕਤੀ ਨੂੰ ਲੁਟ ਲਿਆ ਹੈ, ਗੰਗਾ ਨੇ ਮੇਰੀ ਬੁਧੀ ਨੂੰ ਆਪਣੀ ਧਾਰਾ ਨਾਲ ਵਹਾ ਲਿਆ ਹੈ, ਇੱਲਾਂ ਨੇ ਮੇਰਾ ਮਨ ਖਾ ਲਿਆ ਹੈ ਅਤੇ ਮੈਂ ਆਪਣੇ 'ਅਹੰਮ' ਤੇ 'ਮੈਂ' ਨੂੰ ਗੰਗਾ ਨਦੀ ਦੀਆਂ ਮੱਛੀਆਂ ਨੂੰ ਭੇਟਾ ਕਰ ਦਿਤਾ ਹੈ। ਹਵਾਵਾਂ ਮੇਰੇ ਪਾਪਾਂ ਨੂੰ ਉਡਾ ਕੇ ਲੈ ਗਈਆਂ ਹਨ।

ਅਧਿਆਇ ਸਤਵਾਂ

ਸੰਨਿਆਸ ਧਾਰਨ ਤੋਂ ਪਹਿਲਾਂ ਦਾ ਜੀਵਨ (ਅ)

ਸੁਆਮੀ ਰਾਮ ਤੀਰਥ ਜੀ ਨੇ ਜੀਵਨ ਦੇ ਕੁਝ ਦਿਨ ਅਜਿਹੇ ਵੀ ਗੁਜ਼ਾਰੇ ਜਦੋਂ ਕੇਵਲ ਤਿੰਨ ਪੈਸੇ ਰੋਜ਼ ਦੇ ਹਿਸਾਬ ਨਾਲ ਉਨ੍ਹਾਂ ਨੂੰ ਪੂਰਾ ਮਹੀਨਾ ਕਟਣਾ ਪੈਂਦਾ ਸੀ। ਉਹ ਕਹਿੰਦੇ, ''ਕੋਈ ਪ੍ਰਵਾਹ ਨਹੀਂ! ਪਰਮਾਤਮਾ ਮੇਰਾ ਇਮਤਿਹਾਨ ਲੈਣਾ ਚਾਹੁੰਦਾ ਹੈ! ਮੇਰੇ ਲਈ ਇਤਨੇ ਪੈਸੇ ਹੀ ਕਾਫ਼ੀ ਹਨ।'' ਇਨ੍ਹਾਂ ਦਿਨਾਂ ਵਿਚ ਉਹ ਇਸ ਪੰਜਾਬੀ ਢਾਬੇ ਤੋਂ ਸਵੇਰੇ ਜਾ ਕੇ ਦੋ ਪੈਸੇ ਦੀ ਰੋਟੀ ਖਾਂਦੇ ਤੇ ਸ਼ਾਮ ਨੂੰ ਇਕ ਪੈਸੇ ਦੀ ਰੋਟੀ ਨਾਲ ਹੀ ਸਾਰ ਲੈਂਦੇ। ਕੁਝ ਦਿਨ ਪਿਛੋਂ ਢਾਬੇ ਵਾਲਾ ਕਹਿਣ ਲਗਾ, ''ਜਾਹ ਚਲਾ ਜਾ, ਤੂੰ ਰੋਜ਼ ਤਿੰਨ ਪੈਸੇ ਦੀਆਂ ਰੋਟੀਆਂ ਖਾ ਜਾਂਦਾ ਹੈਂ, ਦਾਲ ਸਬਜ਼ੀ ਦਾ ਕੁਝ ਨਹੀਂ ਦਿੰਦਾ। ਦਾਲ ਸਬਜ਼ੀ ਮੁਫ਼ਤ ਵਿਚ ਖਾਂਦਾ ਹੈਂ। ਜਾਹ, ਮੈਂ ਤੈਨੂੰ ਰੋਟੀ ਨਹੀਂ ਦੇ ਸਕਦਾ।'' ਫਿਰ ਸੁਆਮੀ ਰਾਮ ਤੀਰਥ ਦਿਨ ਵਿਚ ਇਕੋ ਡੰਗ ਰੋਟੀ ਖਾਣ ਲਗ ਪਏ।

ਇਹੋ ਜਿਹੀ ਗ਼ਰੀਬੀ ਦੀ ਹਾਲਤ ਵਿਚ ਸੁਆਮੀ ਜੀ ਆਪਣੀ ਪੜ੍ਹਾਈ ਨੂੰ ਜਾਰੀ ਰਖਦੇ ਰਹੇ, ਨਿਜੀ ਤੌਰ ਤੇ ਟਿਊਸ਼ਨਾਂ ਪੜ੍ਹਾ ਕੇ ਆਪਣੀ ਪਤਨੀ ਤੇ ਬੱਚਿਆਂ ਦਾ ਗੁਜ਼ਾਰਾ ਚਲਾਉਂਦੇ ਰਹੇ, ਯੂਨੀਵਰਸਿਟੀ ਦੇ ਵਜ਼ੀਫ਼ੇ ਲੈਂਦੇ ਰਹੇ, ਗੁਜਰਾਂਵਾਲੇ ਦੇ ਧੰਨਾ ਭਗਤ ਦੀ ਸੇਵਾ ਕਰਦੇ ਰਹੇ ਅਤੇ ਆਪਣੇ ਮਾਪਿਆਂ ਦੀ ਸਹਾਇਤਾ ਵੀ ਕਰਦੇ ਰਹੇ। ਜਦੋਂ ਸੁਆਮੀ ਜੀ ਵਿਦਿਆਰਥੀ ਸਨ ਤਾਂ ਉਨ੍ਹਾਂ ਦੇ ਪਿਤਾ ਜੀ ਨੇ ਉਨ੍ਹਾਂ ਨੂੰ ਪਤਨੀ ਤੇ ਬੱਚਿਆਂ ਸਮੇਤ ਅੱਡ ਕਰ ਦਿਤਾ ਸੀ, ਇਸ ਦਾ ਕਾਰਣ ਕੇਵਲ ਇਹ ਸੀ ਕਿ ਸੁਆਮੀ ਜੀ ਨੇ ਆਪਣੇ ਪਿਤਾ ਦੀਆਂ ਇਛਾਵਾਂ ਦੀ ਅਵੱਗਿਆ ਕਰਕੇ ਕਾਲਜ ਪੜ੍ਹਨ ਲਈ ਹੱਠ ਕੀਤਾ ਸੀ। ਉਨ੍ਹਾਂ ਦੇ ਪਿਤਾ ਜੀ ਦੀ ਖ਼ਾਹਸ਼ ਸੀ ਕਿ ਤੀਰਥ ਰਾਮ ਕਾਲਜ ਦੀ ਪੜ੍ਹਾਈ ਨਾ ਕਰੇ, ਸਗੋਂ ਦਸਵੀਂ ਪਾਸ ਕਰਨ ਪਿਛੋਂ ਕਿਰਤ ਕਮਾਈ ਕਰਕੇ ਟੱਬਰ ਦੀ ਪਾਲਣਾ ਕਰੇ। ਜਦੋਂ ਸੁਆਮੀ ਜੀ ਦੇ ਦਿਨ ਫਿਰੇ ਤਾਂ ਉਨ੍ਹਾਂ ਦੇ ਲਾਹੌਰ ਵਾਲੇ ਘਰ ਵਿਚ ਪਿੰਡ ਤੋਂ ਆਏ ਪ੍ਰਾਹੁਣਿਆਂ ਦੀ ਭਰਮਾਰ ਲਗ੍ਹੀ ਰਹਿੰਦੀ ਸੀ। ਉਨ੍ਹਾਂ ਦੀ ਟਹਿਲ ਸੇਵਾ ਲਈ ਸੁਆਮੀ ਜੀ ਨੂੰ ਹਰ ਮਹੀਨੇ ਨਵੇਂ ਕਰਜ਼ੇ ਲੈਣੇ ਪੈਂਦੇ ਸਨ। ਆਪ, ਉਹ ਦੁੱਧ ਪੀਣ ਦੇ ਬੜੇ ਸ਼ੌਕੀਨ ਸਨ। ਜਿਹੜਾ

ਵੀ ਕੋਈ ਪ੍ਰਾਹੁਣਾ ਜਾਂ ਮਿਲਣ ਗਿਲਣ ਵਾਲਾ ਉਨ੍ਹਾਂ ਦੇ ਆਉਂਦਾ, ਉਹ ਉਨ੍ਹਾਂ ਨੂੰ ਗਰਮ ਦੁੱਧ ਦੇ ਛੰਨੇ ਪੇਸ਼ ਕਰਦੇ ਸਨ। ਜੋ ਵੀ ਉਨ੍ਹਾਂ ਕੋਲ ਗਿਆਨ ਪ੍ਰਾਪਤ ਕਰਨ ਆਉਂਦਾ, ਉਹ ਸਭ ਨੂੰ ਆਪਣਾ ਹੀ ਸਮਝਦੇ ਸਨ ਅਤੇ ਸਭ ਨੂੰ ਦੁੱਧ ਦੇ ਕਟੋਰੇ ਵੀ ਪਿਆਉਂਦੇ ਸਨ। ਉਹ ਸਾਦੇ ਕਪੜੇ ਪਾਉਂਦੇ ਸਨ ਅਤੇ ਘਰ ਦੇ ਕੱਤੇ ਬੁਣੇ ਖੱਦਰ ਨੂੰ ਬੜਾ ਪਸੰਦ ਕਰਦੇ ਸਨ। ਉਨ੍ਹਾਂ ਦੇ ਕਪੜੇ ਉਨ੍ਹਾਂ ਦੀ ਧਰਮ ਪਤਨੀ ਹੀ ਬਣਾਉਂਦੀ ਤੇ ਸਿਉਂਦੀ ਹੁੰਦੀ ਸੀ। ਆਪਣੇ ਅਲਪ ਜਿਹੇ ਜੀਵਨ ਕਾਲ ਵਿਚ ਉਹ ਸਦਾ ਹੀ ਆਪਣੀ ਆਲੋਚਨਾ ਇਸ ਗੱਲ ਲਈ ਕਰਦੇ ਰਹੇ ਕਿ ਉਨ੍ਹਾਂ ਨੂੰ ਆਪਣੀਆਂ ਨਿਜੀ ਖ਼ਾਹਸ਼ਾਂ ਨੂੰ ਲੋੜ ਤੋਂ ਵਧੇਰੇ ਵਧਾਉਣਾ ਨਹੀਂ ਚਾਹੀਦਾ। ਆਪਣੇ ਉਤੇ ਤਾਂ ਉਹ ਕੁਝ ਵੀ ਖ਼ਰਚ ਨਹੀਂ ਸਨ ਕਰਦੇ। ਜਦੋਂ ਆਪ ਅਮਰੀਕਾ ਜਾ ਕੇ ਹਿੰਦੂ ਮਤ ਬਾਰੇ ਵਿਆਖਿਆਨਾਂ ਦੀ ਤਿਆਰੀ ਕਰ ਰਹੇ ਸਨ ਤਾਂ ਉਹ ਆਪਣੇ ਅਮਰੀਕਨ ਦੋਸਤਾਂ ਨੂੰ ਇਹੋ ਹੀ ਕਹਿੰਦੇ, ''ਖਿਮਾਂ ਕਰਨਾ, ਰਾਮ ਨਿਜੀ ਵਰਤੋਂ ਲਈ ਹਰ ਰੋਜ਼ ਦੁੱਧ ਅਤੇ ਫਲਾਂ ਦਾ ਕੁਝ ਭਾਰ ਤੁਹਾਡੇ ਉਤੇ ਪਾ ਰਿਹਾ ਹੈ।''

ਸੁਆਮੀ ਜੀ ਨੂੰ ਜੀਵਨ ਵਿਚ ਪ੍ਰਵੇਸ਼ ਕਰਨ ਲਈ ਜੋ ਸੰਘਰਸ਼ ਕਰਨਾ ਪਿਆ ਹੈ, ਵਿਸ਼ੇਸ਼ ਤੌਰ ਤੇ ਗਣਿਤ ਦੀ ਐਮ. ਏ. ਕਰਕੇ ਪ੍ਰੋਫੈਸਰ ਬਣਨ ਤਕ, ਉਸ ਤੋਂ ਪ੍ਰਤੱਖ ਹੋ ਜਾਂਦਾ ਹੈ ਕਿ ਭਾਰਤ ਦੇ ਗ਼ਰੀਬ ਵਿਦਿਆਰਥੀਆਂ ਨੂੰ ਆਪਣੇ ਆਪ ਨੂੰ ਸਥਾਪਤ ਕਰਨਾ ਕਿਤਨਾ ਕਠਨ ਹੁੰਦਾ ਹੈ। ਉਨ੍ਹਾਂ ਦੇ ਪੱਤਰਾਂ ਤੋਂ ਵੀ ਇਹੋ ਬੋਧ ਹੁੰਦਾ ਹੈ, ਕਿ ਕਿਵੇਂ ਗਰੀਬ ਘਰਾਂ ਦੇ ਪੜ੍ਹੇ ਲਿਖੇ ਗ੍ਰੈਜੂਏਟਾਂ ਨੂੰ ਆਪਣੀ ਰੋਟੀ ਕਮਾਉਣ ਲਈ ਕਿੰਨੀਆਂ ਮੁਸ਼ਕਲਾਂ ਪੇਸ਼ ਆਉਂਦੀਆਂ ਹਨ। ਭਾਰਤ ਵਿਚ ਵਿਦਿਆ ਇਸ ਉਦੇਸ਼ ਨਾਲ ਆਰੰਭ ਹੋਈ ਕਿ ਵਿਦਿਆਰਥੀਆਂ ਨੂੰ ਵਿਦਿਆ ਪੜ੍ਹਨ ਪਿਛੋਂ ਸਰਕਾਰੀ ਨੌਕਰੀਆਂ ਮਿਲ ਜਾਣਗੀਆਂ, ਪਰ ਸੱਚੀ ਗੱਲ ਇਹ ਸੀ ਕਿ ਇਸ ਧਰਤੀ ਦੇ ਗ਼ਰੀਬ ਵਿਦਿਆਰਥੀਆਂ ਨੂੰ ਤਾਂ ਉਸ ਸਬੰਧ ਵਿਚ ਵੀ 'ਸ਼ਾਹੀ ਸੇਵਾਵਾਂ' ਜਾਂ ਉਚ ਅਧਿਕਾਰੀਆਂ ਦੇ ਸ਼ਾਹਾਨਾ ਮੇਜ਼ਾਂ ਤੋਂ ਬਚੇ ਖੁਚੇ ਕੁਝ ਭੋਰੇ ਤੇ ਟੁਕੜੇ ਹੀ ਪਲੇ ਪੈਂਦੇ ਸਨ ਅਰਥਾਤ ਉਨ੍ਹਾਂ ਦੀ ਰਹਿੰਦ ਖੂੰਹਦ ਨਾਲ ਹੀ ਸੰਤੁਸ਼ਟ ਹੋਣਾ ਪੈਂਦਾ ਸੀ। ਹਾਲੀਂ ਵੀ ਸਿਖਿਆ ਦਾ ਮੁਖ ਕਰਤਵ ਇਸ ਦੇਸ਼ ਵਿਚ ਇਹੋ ਹੀ ਹੈ ਕਿ ਆਕਸਫੋਰਡ ਤੇ ਕੈਂਬਰਿਜ ਦੇ ਪੜ੍ਹੇ ਹੋਏ ਗ੍ਰੈਜੂਏਟਾਂ ਨੂੰ ਉਨ੍ਹਾਂ ਦੀ ਇੱਛਾ ਪੂਰਤੀ ਕਰਨ ਵਾਲੇ ਉਹ ਪੜ੍ਹੇ ਲਿਖੇ ਗ਼ੁਲਾਮ ਮਿਲ ਜਾਣ, ਜੋ ਉਨ੍ਹਾਂ ਦਾ ਪਾਣੀ ਭਰਨ ਅਤੇ ਉਨ੍ਹਾਂ ਦੀ ਮਰਜ਼ੀ ਅਨੁਸਾਰ ਚਲ ਸਕਣ। ਵਿਦੇਸ਼ੀ ਗ਼ੁਲਾਮੀ ਦੇ ਫਲਸਰੂਪ ਉਨ੍ਹਾਂ ਨੂੰ ਮਾਨਸਿਕ ਕਸ਼ਟਾਂ ਤੇ ਦੁੱਖਾਂ ਨੂੰ ਬਰਦਾਸ਼ਤ ਕਰਨਾ ਪੈਂਦਾ ਹੈ। ਇਸ ਲਈ ਇਹ ਵਿਦਿਅਕ ਪ੍ਰਬੰਧ ਇਤਨਾ ਗਲਿਆ ਸੜਿਆ ਹੈ, ਭਾਰਤ ਵਿਚ ਇਹ ਉਦੋਂ ਵੀ ਸੀ ਤੇ ਹੁਣ ਵੀ ਹੈ,

ਇਹ ਹੁਣ ਤਕ ਵੀ ਆਪਣੇ ਉਪਾਸ਼ਕਾਂ ਨੂੰ ਕਿੱਤੇ ਦੀ ਚੋਣ ਦੇ ਸਬੰਧ ਵਿਚ ਉਤਨੀ ਸੁਤੰਤਰਤਾ ਵੀ ਨਹੀਂ ਦੇ ਸਕਿਆ, ਜਿਤਨੀ ਕਿ ਇਕ ਸਾਧਾਰਣ ਮਜ਼ਦੂਰ ਨੂੰ ਪ੍ਰਾਪਤ ਹੁੰਦੀ ਹੈ। ਮਜ਼ਦੂਰ ਤਾਂ ਕੰਮ ਕਰਨ ਦੀ ਇੱਛਾ ਰਖਦਾ ਹੈ ਅਤੇ ਮਜ਼ਦੂਰੀ ਵਜੋਂ ਆਪਣੀ ਦਿਹਾੜੀ ਦੀ ਲੋੜੀਂਦੀ ਰੋਟੀ ਕਮਾ ਲੈਂਦਾ ਹੈ ; ਕੁਝ ਘੰਟੇ ਕੰਮ ਕਰਕੇ ਉਹ ਬਿਲਕੁਲ ਆਜ਼ਾਦ ਤੇ ਆਪਣੇ ਆਪ ਵਿਚ ਖ਼ੁਦ ਮੁਖਤਾਰ ਹੁੰਦਾ ਹੈ, ਉਸਨੂੰ ਪਤਾ ਹੁੰਦਾ ਹੈ ਕਿ ਹੁਣ ਉਹ ਕਿਸੇ ਦਾ ਨੌਕਰ ਨਹੀਂ ਹੈ, ਆਪਣਾ ਆਪ ਮਾਲਕ ਹੈ ਅਤੇ ਉਸ ਨੂੰ ਆਪਣੇ ਮਾਲਕਾਂ ਵਲੋਂ ਕੋਈ ਅਯੋਗ ਗੱਲ ਸਹਾਰਨ ਦੀ ਲੋੜ ਨਹੀਂ। ਇਹ ਗੱਲ ਸ਼ਹਿਰਾਂ ਵਿਚੋਂ ਹੁਣ ਅਲੋਪ ਹੋ ਰਹੀ ਹੈ, ਜਿਥੇ ਕਿ ਮਜ਼ਦੂਰਾਂ ਨੂੰ ਵੀ ਪੂੰਜੀਵਾਦੀ ਸੰਗਠਨਾਂ ਦੇ ਕਿਰਤੀਆਂ ਸਮਾਨ ਗੁਲਾਮ ਬਣਾਇਆ ਜਾ ਰਿਹਾ ਹੈ। ਪਰ ਭਾਰਤੀ ਗ੍ਰੈਜੂਏਟਾਂ ਦੇ ਸਬੰਧ ਵਿਚ ਅਜਿਹੀ ਗੱਲ ਨਹੀਂ ਹੈ। ਭਾਰਤ ਵਿਚ ਦਿਤੀ ਜਾ ਰਹੀ ਵਿਦਿਆ ਦੇ ਇਸ ਉਦੇਸ਼ ਨੂੰ ਲਾਨ੍ਹਤ ਹੈ!

ਸੁਆਮੀ ਰਾਮ ਤੀਰਥ ਜੀ ਦੀ ਕ੍ਰਿਸ਼ਨ ਭਗਤੀ ਤੇ ਸ਼ਰਧਾ ਦੇ ਸਬੰਧ ਵਿਚ ਸੁਆਮੀ ਨਾਰਾਇਣ ਜੋ ਉਨ੍ਹਾਂ ਕੋਲ ਕੁਝ ਦਿਨ ਲਾਹੌਰ ਟਿਕੇ ਸਨ, ਦੇ ਹੇਠ ਲਿਖੇ ਸ਼ਬਦ ਵਰਣਨਯੋਗ ਹਨ। ਚੇਤੇ ਰਹੇ ਕਿ ਸੁਆਮੀ ਨਾਰਾਇਣ ਸੁਆਮੀ ਰਾਮ ਤੀਰਥ ਜੀ ਦੇ ਬੜੇ ਹੀ ਨਿਕਟਵਰਤੀਆਂ ਵਿਚੋਂ ਸਨ। ਸੁਆਮੀ ਨਾਰਾਇਣ ਲਿਖਦੇ ਹਨ:-

''ਸੁਆਮੀ ਜੀ ਰਾਤ ਦਿਨ ਕ੍ਰਿਸ਼ਨ ਜੀ ਦੇ ਧਿਆਨ ਵਿਚ ਲਿਵਲੀਨ ਰਹਿੰਦੇ ਸਨ। ਕੇਵਲ ਕ੍ਰਿਸ਼ਨ ਜੀ ਦਾ ਨਾਮ ਲੈਣ ਨਾਲ ਸੁਆਮੀ ਜੀ ਸਮਾਧੀ ਦੀ ਅਵਸਥਾ ਵਿਚ ਪੁਜ ਜਾਂਦੇ ਸਨ। ਜੇ ਕਦੀ ਉਹ ਕਿਸੇ ਦੀ ਬੰਸਰੀ ਦੀ ਆਵਾਜ਼ ਸੁਣਦੇ ਤਾਂ ਉਨ੍ਹਾਂ ਨੂੰ ਇਹੋ ਹੀ ਭਰਮ ਹੁੰਦਾ ਕਿ ਉਹ ਕ੍ਰਿਸ਼ਨ ਜੀ ਦੀ ਬੰਸਰੀ ਹੀ ਸੁਣ ਰਹੇ ਹਨ। ਲਾਹੌਰ ਵਿਚ ਉਹ ਘੰਟਿਆਂ ਬਧੀ ਧਿਆਨ ਮਗਨ ਰਾਵੀ ਦੇ ਕੰਢਿਆਂ ਉਤੇ ਭਰਮਣ ਕਰਦੇ ਰਹਿੰਦੇ ਸਨ। ਉਹ ਸਦਾ ਗੰਭੀਰ ਤੇ ਸੋਚਵਾਨ ਹੁੰਦੇ ਸਨ।'' ਉਨ੍ਹਾਂ ਦੇ ਇਸ ਸਾਥੀ ਨੇ ਸੁਆਮੀ ਜੀ ਦੇ ਕ੍ਰਿਸ਼ਨ ਜੀ ਪ੍ਰਤੀ ਧਿਆਨ ਮਗਨ ਹੋਣ ਬਾਰੇ ਇਸ ਤਰ੍ਹਾਂ ਦਸਿਆ ਹੈ, ''ਇਕ ਵਾਰ ਮੈਂ ਸੁਆਮੀ ਰਾਮ ਜੀ ਨੂੰ ਰਾਵੀ ਦੇ ਕੰਢੇ ਬੈਠਾ ਦੇਖਿਆ। ਆਕਾਸ਼ ਉਤੇ ਕਾਲੇ ਬੱਦਲ ਛਾਏ ਹੋਏ ਸਨ। ਸੁਆਮੀ ਰਾਮ ਉਚੀ ਉਚੀ ਕੂਕ ਰਹੇ ਸਨ- ਓਹ ਮੇਰੇ ਕ੍ਰਿਸ਼ਨ ਜੀ ਬੈਠੇ ਹਨ! ਕ੍ਰਿਸ਼ਨ ਜੀ ਨੇ ਹੀ ਕਿਰਮਚੀ ਘਟਾਵਾਂ ਦਾ ਰੂਪ ਵਟਾ ਲਿਆ ਹੈ! ਉਦੇ ਬੱਦਲ ਤੇਰਾ ਰੰਗ ਮੇਰੇ ਕ੍ਰਿਸ਼ਨ ਜੀ ਦੇ ਰੰਗ ਵਰਗਾ ਹੈ! ਇਹ ਰੰਗ ਤਾਂ ਮੈਨੂੰ ਦੀਵਾਨਾ ਕਰ ਦਿੰਦਾ ਹੈ। ਤੁਸੀਂ ਲੁਕੇ ਕਿਉਂ ਹੋ? ਤੁਸੀਂ ਕਿਥੇ ਹੋ? ਬੱਦਲ! ਤੂੰ ਮੈਨੂੰ ਦਸਦਾ ਕਿਉਂ ਨਹੀਂ? ਤੂੰ ਉਚੇ ਆਕਾਸ਼ਾਂ ਵਿਚ ਉਡ ਰਿਹਾ ਹੈਂ, ਪਰ ਤੂੰ ਮੈਥੋਂ ਬਹੁਤਾ ਨਹੀਂ ਦੇਖ ਸਕਦਾ। ਮੈਨੂੰ ਦਸ ! ਮੈਨੂੰ

ਦਸ ! ਬੋਲ ਮੇਰੇ ਕ੍ਰਿਸ਼ਨ ਜੀ ਕਿਥੇ ਹਨ? ਆਹ ! ਮੈਂ ਵੇਖਦਾ ਹਾਂ, ਬੱਦਲ ਕਿ ਤੂੰ ਕਾਲਾ ਹੈਂ! ਇਹ ਇਸ ਕਾਰਣ ਤਾਂ ਨਹੀਂ ਕਿ ਤੂੰ ਵੀ ਪ੍ਰੀਤਮ ਤੋਂ ਵਿਛੜਿਆ ਹੋਇਆ ਹੈਂ। ਮੈਂ ਉਸ ਪ੍ਰਭੂ ਪ੍ਰੀਤਮ ਦੇ ਦਰਸ਼ਨ ਨਹੀਂ ਕਰ ਸਕਾਂਗਾ! ਜੇ ਮੈਂ ਆਪਣੇ ਪ੍ਰਭੂ ਪ੍ਰੀਤਮ ਦੇ ਦਰਸ਼ਨ ਨਾ ਕੀਤੇ ਤਾਂ ਇਹ ਸੰਸਾਰ ਮੈਨੂੰ ਵਢ ਵਢ ਖਾਵੇਗਾ। ਹਾਏ! ਮੈਂ ਕਿਸ ਅਗੇ ਜਾ ਕੇ ਆਪਣਾ ਦਿਲ ਫੋਲਾਂ? ਕ੍ਰਿਸ਼ਨ ਜੀ ! ਤੁਹਾਡੀ ਖ਼ਾਤਰ ਤਾਂ ਮੈਂ ਆਪਣੇ ਸਾਰੇ ਸਾਕ ਸਬੰਧੀ ਛੱਡ ਦਿਤੇ ਹਨ, ਮੈਂ ਆਪਣਾ ਨੰਗ-ਨਮੂਜ਼ ਵੀ ਪਰੇ ਸੁਟ ਪਾਇਆ ਹੈ।'' ਜਦੋਂ ਬੱਦਲ ਪਾਟ ਗਏ ਤਾਂ ਉਹ ਫਿਰ ਕੂਕ ਉਠੇ, ''ਮੇਰੇ ਬੰਧੂ ਬੱਦਲ ! ਜੇ ਚਲਿਆ ਹੈਂ ਤਾਂ ਬੇਸ਼ਕ ਚਲਾ ਜਾ, ਪਰ ਮੇਰੇ ਕ੍ਰਿਸ਼ਨ ਜੀ ਨੂੰ ਇਹ ਸੰਦੇਸ਼ ਦੇ ਦੇਣਾ ਕਿ ਉਹ ਆ ਕੇ ਵੇਖ ਜਾਣ ਕਿ ਮੇਰੇ ਨੈਣ ਉਨ੍ਹਾਂ ਦੇ ਵੈਰਾਗ ਵਿਚ ਕਿਵੇਂ ਬਰਸ ਰਹੇ ਹਨ!

ਜਾ ਕੇ ਮੇਰੇ ਪ੍ਰਭੂ ਪ੍ਰੀਤਮ ਨੂੰ ਕਹਿਣਾ,
ਜੇ ਚਾਹੁੰਦੇ ਹੋ ਬਰਖਾ ਦਾ ਨਜ਼ਾਰਾ ਲੈਣਾ,
ਤਾਂ ਆ ਕੇ ਮੇਰੇ ਨੈਣਾਂ ਦੇ ਵਿਚ ਬਹਿਣਾ!
ਕਾਲੇ ਚਿੱਟੇ ਸੂਹੇ ਬੱਦਲ ਇਥੇ ਨੇ ਸਮਾਏ
ਛਮ ਛਮ ਮੀਂਹ ਵਰ੍ਹਾਏ! (ਉਰਦੂ ਸ਼ਿਅਰ)

ਨੀ ਜਿੰਦੇ! ਕਦੋਂ ਤਕ ਤੂੰ ਰਹੇਗੀ ਬੇਕਰਾਰ।
ਬੁਝ ਜਾਏ ਪਿਆਸ ਜਾਂ ਫਿਰ ਪਹੁੰਚਾਂ ਮੌਤ ਦੁਆਰ।
ਤੁਸਾਂ ਸੂਰਜ ਨੂੰ ਬਖ਼ਸ਼ੀ ਸ਼ਾਨ,
ਬਖ਼ਸ਼ੀ ਚੰਦਰਮਾ ਨੂੰ ਸੁੰਦਰਤਾ ਮਹਾਨ,
ਦਿਤਾ ਫੁੱਲ ਨੂੰ ਸ਼ੋਖ਼ ਰੰਗ,
ਭਿੰਨੀ ਮਹਿਕ ਵਿਚ ਕੀਤਾ ਗਲਤਾਨ।
ਕੀ ਨਹੀਂ ਦੇ ਸਕਦੇ ਤੁਸੀਂ ਮੈਨੂੰ
ਉਹ ਪਰਮ-ਦ੍ਰਿਸ਼ਟੀ ਤੇ ਬ੍ਰਹਮ-ਗਿਆਨ!
ਜਿਸ ਨਾਲ ਨਿਹਾਰ ਸਕਾਂ ਮੈਂ
ਪਾਰ ਬ੍ਰਹਮ ਦੀ ਅਨੁਪਮ ਸ਼ਾਨ
ਹੇ ਮੇਰੇ ਕ੍ਰਿਸ਼ਨ ਭਗਵਾਨ

ਫਿਰ ਕ੍ਰਿਸ਼ਨ ! ਕ੍ਰਿਸ਼ਨ! ਉਚਾਰਦੇ ਹੋਏ ਉਹ ਬੇਸੁਧ ਹੋ ਗਏ। ਇਸ ਅਨੁਭਵ ਵਿਚ ਰੱਤੜੇ ਉਹ ਆਪਣੇ ਨੈਣਾਂ ਵਿਚੋਂ ਹੰਝੂਆਂ ਦੀ ਛਹਿਬਰ ਲਾ ਦਿੰਦੇ ਸਨ। ਇਕ ਵਾਰ ਪੰਡਤ ਜੀ ਰਾਮਾਇਣ ਦਾ ਪਾਠ ਕਰ ਰਹੇ ਸਨ, ਸੁਆਮੀ ਜੀ ਦੇ ਮਨ ਉਤੇ ਕੁਝ ਅਜਿਹਾ ਪ੍ਰਭਾਵ ਪਿਆ ਕਿ ਉਹ ਉਚੀ ਉਚੀ ਕੂਕਣ ਲਗ ਪਏ। ਉਨ੍ਹਾਂ ਦੀ ਕੂਕ ਇਤਨੀ ਵੇਦਨਾ ਭਰਪੂਰ ਸੀ ਕਿ ਪੰਡਤ ਜੀ ਨੂੰ ਰਾਮਾਇਣ ਦਾ ਪਾਠ ਬੰਦ ਕਰਨਾ ਪਿਆ।

ਇਕ ਵਾਰ ਸੁਆਮੀ ਜੀ ਨੇ ਇਹ ਕਥਨ ਕੀਤਾ:-

''ਹੇ ਮੇਰੇ ਨੇਤਰੋ!
ਜੇ ਤੁਸੀਂ ਕ੍ਰਿਸ਼ਨ ਜੀ ਨੂੰ ਨਹੀਂ ਵੇਖ ਸਕਦੇ
ਤਾਂ ਮੈਨੂੰ ਤੁਹਾਡਾ ਕੀ ਲਾਭ!
ਇਸ ਤੋਂ ਚੰਗਾ ਹੈ ਕਿ ਤੁਸੀਂ ਸਦਾ ਸਦਾ ਲਈ ਬੰਦ ਹੋ ਜਾਓ!
ਮੇਰੇ ਹਥੋਂ! ਜੇ ਤੁਸੀਂ ਮੇਰੇ ਪ੍ਰੀਤਮ ਦੇ ਚਰਨਾਂ ਨੂੰ ਨਹੀਂ ਪਰਸਦੇ,
ਤਾਂ ਤੁਹਾਡਾ ਮੈਨੂੰ ਕੀ ਲਾਭ ਹੈ !
ਇਸ ਤੋਂ ਚੰਗਾ ਹੈ ਕਿ ਤੁਸੀਂ ਸੁਕ ਜਾਓ!
ਤੁਹਾਨੂੰ ਅਧਰੰਗ ਹੋ ਜਾਏ !
ਹੇ ਭਗਵਨ ! ਜੇ ਜੀਵਨ ਦੀ ਭੇਟ ਚੜ੍ਹਾਇਆਂ ਹੀ
ਤੇਰੇ ਦਰਸ਼ਨ ਹੁੰਦੇ ਹਨ
ਤਾਂ ਮੇਰਾ ਇਹ ਜੀਵਨ ਤੁਹਾਡੇ ਅਰਪਨ ਹੈ।''

ਇਹ ਕਹਿੰਦੇ ਹੋਏ ਸੁਆਮੀ ਜੀ ਦੀਆਂ ਅੱਖਾਂ ਵਿਚੋਂ ਛਮ ਛਮ ਅਥਰੂ ਵਹਿ ਤੁਰੇ ਅਤੇ ਨਦੀ ਦੀ ਧਾਰ ਬਣ ਕੇ ਇਨ੍ਹਾਂ ਹੰਝੂਆਂ ਨੇ ਉਨ੍ਹਾਂ ਦੀ ਕਮੀਜ਼ ਨੂੰ ਭਿਉਂ ਦਿਤਾ। ਉਹ ਇਤਨੇ ਵੈਰਾਗ ਵਿਚ ਆਏ ਕਿ ਬੇਹੋਸ਼ ਹੋ ਗਏ। ਜਦੋਂ ਉਨ੍ਹਾਂ ਦੀ ਹੋਸ਼ ਪਰਤੀ ਤਾਂ ਕੀ ਕੌਤਕ ਵੇਖਦੇ ਹਨ ਕਿ ਉਨ੍ਹਾਂ ਦੇ ਸਾਹਮਣੇ ਸ਼ੇਸ਼ ਨਾਗ ਫੰਨ ਖਿਲਾਰੀ ਬੈਠਾ ਹੈ। ਉਹ ਉਸ ਵਲ ਵਧਦੇ ਹੋਏ ਬੋਲੇ: ''ਆਓ ਮੇਰੇ ਭਗਵਨ! ਤੁਸੀਂ ਮੈਨੂੰ ਸ਼ੇਸ਼ ਨਾਗ ਦੇ ਕਿੰਨੇ ਸੋਹਣੇ ਰੂਪ ਵਿਚ ਦਰਸ਼ਨ ਦਿਤੇ ਹਨ! ਹੇ ਪ੍ਰਭੂ! ਮੈਂ ਤਾਂ ਤੁਹਾਡਾ ਉਸ ਸੁੰਦਰ ਸਰੂਪ ਵਿਚ ਦਰਸ਼ਨ ਕਰਨਾ ਲੋਚਦਾ ਹਾਂ, ਜਿਸ ਵਿਚ ਗੋਪੀਆਂ ਸ਼ਮ੍ਹਾਂ ਉਤੇ ਆਏ ਪਰਵਾਨਿਆਂ ਵਾਂਗ ਮੋਹਿਤ ਹੋਈਆਂ ਆਉਂਦੀਆਂ ਸਨ।'' ਇਹ ਕਹਿ ਕੇ ਆਪ ਫਿਰ ਬੇਸੁਧ ਹੋ ਗਏ।

ਇਕ ਮਿਤਰ ਜੋ ਇਹ ਸਭ ਕੁਝ ਵੇਖ ਰਹੇ ਸਨ, ਉਨ੍ਹਾਂ ਦੇ ਕਮਰੇ ਵਿਚ ਆ ਕੇ ਕਹਿਣ ਲਗੇ, "ਸੁਆਮੀ ਜੀ! ਕ੍ਰਿਸ਼ਨ ਜੀ ਦਾ ਨਿਵਾਸ ਤਾਂ ਤੁਹਾਡੇ ਹਿਰਦੇ ਅੰਦਰ ਹੈ! ਤੁਸੀਂ ਬਾਹਰ ਕੀ ਲਭ ਰਹੇ ਹੋ?"

"ਮੇਰੇ ਵਿਚ ਹੈ !" ਦੀਵਾਨੇ ਬਣੇ ਸੁਆਮੀ ਜੀ ਨੇ ਉੱਤਰ ਦਿਤਾ। ਇਹ ਕਹਿ ਕੇ ਉਨ੍ਹਾਂ ਨੇ ਆਪਣੀ ਕਮੀਜ਼ ਪਾੜ ਦਿਤੀ ਅਤੇ ਨਹੁੰਆਂ ਨਾਲ ਆਪਣੀ ਛਾਤੀ ਪਾੜਣ ਲਗੇ।

ਇਸ ਪਿਛੋਂ ਉਹ ਮੂਰਛਾਗਤ ਹੋ ਗਏ ਅਤੇ ਘੰਟਿਆਂ ਬੱਧੀ ਇਸੇ ਹਾਲਤ ਵਿਚ ਹੀ ਰਹੇ।

ਸੁਆਮੀ ਨਾਰਾਇਣ ਦਾ ਕਥਨ ਹੈ ਕਿ ਉਨ੍ਹਾਂ ਨੇ ਇਕ ਦਿਨ ਸੁਆਮੀ ਰਾਮ ਤੀਰਥ ਜੀ ਨੂੰ ਇਹ ਕਹਿੰਦਿਆਂ ਸੁਣਿਆ ਸੀ, "ਆਹ ! ਅਜ ਮੈਂ ਭਗਵਾਨ ਕ੍ਰਿਸ਼ਨ ਜੀ ਦੇ ਦਰਸ਼ਨ ਕੀਤੇ ਹਨ। ਜਦੋਂ ਮੈਂ ਇਸ਼ਨਾਨ ਕਰ ਰਿਹਾ ਸਾਂ ਤਾਂ ਮੈਨੂੰ ਉਨ੍ਹਾਂ ਦੇ ਪ੍ਰਤਖ ਦਰਸ਼ਨ ਹੋਏ। ਪਰ ਹਾਏ! ਉਹ ਛੇਤੀ ਹੀ ਅਲੋਪ ਹੋ ਗਏ ਅਤੇ ਮੇਰੇ ਰੋਮ ਰੋਮ ਵਿਚ ਰਿਸ ਰਹੇ ਜ਼ਖ਼ਮਾਂ ਦੀ ਪੀੜ ਨੂੰ ਛੱਡ ਗਏ। ਹੁਣ ਮੈਂ ਉਨ੍ਹਾਂ ਦੇ ਦਰਸ਼ਨ ਲਈ ਲੁਛ ਰਿਹਾ ਹਾਂ।" ਸੁਆਮੀ ਜੀ ਨੂੰ ਵੇਖ ਕੇ ਸੁਆਮੀ ਨਾਰਾਇਣ ਕਹਿੰਦੇ ਹਨ, "ਮੈਨੂੰ ਸੂਰਦਾਸ ਤੇ ਮੀਰਾਂ ਬਾਈ ਚੇਤੇ ਆ ਗਏ।"

ਸੁਆਮੀ ਜੀ ਦੇ ਪੱਤਰਾਂ ਨੂੰ ਵਾਚ ਕੇ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਉਹ ਇਕ ਬੜੇ ਹੀ ਸੁਯੋਗ ਵਿਦਿਆਰਥੀ ਸਨ। ਇਕ ਵਾਰ ਸੁਆਮੀ ਰਾਮ ਤੀਰਥ ਜੀ ਨੇ ਮੈਨੂੰ ਆਪਣੇ ਵਿਦਿਆਰਥੀ ਜੀਵਨ ਦੇ ਦਿਨਾਂ ਦੀ ਇਕ ਗੱਲ ਸੁਣਾਈ ਸੀ, ਜਿਸ ਨੂੰ ਇਥੇ ਅੰਕਤ ਕਰਨਾ ਅਨੁਚਿਤ ਨਹੀਂ ਹੋਵੇਗਾ। ਉਨ੍ਹਾਂ ਨੇ ਕਿਹਾ: 'ਰਾਤ ਸਮੇਂ ਰਾਮ ਹਿਸਾਬ ਦਾ ਇਕ ਗੂੜ ਪ੍ਰਸ਼ਨ ਹਲ ਕਰ ਰਿਹਾ ਸੀ। ਇਹ ਉਚੇਰੇ ਗਣਿਤ ਵਿਗਿਆਨ ਦਾ ਅਤੇ ਬਿਖਮ ਪ੍ਰਸ਼ਨ ਸੀ ਅਤੇ ਰਾਮ ਨੇ ਪ੍ਰਤਿਗਿਆ ਕੀਤੀ ਕਿ ਉਹ ਸੂਰਜ ਚੜ੍ਹਣ ਤੋਂ ਪਹਿਲਾਂ ਪਹਿਲਾਂ ਜਾਂ ਤਾਂ ਇਸ ਪ੍ਰਸ਼ਨ ਨੂੰ ਹਲ ਕਰ ਲਵੇਗਾ, ਨਹੀਂ ਤਾਂ ਆਪਣਾ ਸਿਰ ਧੜ ਤੋਂ ਵਖ ਕਰ ਦੇਵੇਗਾ। ਇਸ ਉਦੇਸ਼ (ਸਿਰ ਕਲਮ ਕਰਨ) ਲਈ ਰਾਮ ਨੇ ਇਕ ਖੰਜਰ ਆਪਣੇ ਆਸਣ ਦੇ ਹੇਠਾਂ ਰਖ ਲਿਆ। ਭਾਵੇਂ ਇਹ ਗ਼ਲਤ ਗੱਲ ਹੋਈ ਸੀ, ਪਰ ਰਾਮ ਕਹਿੰਦਾ ਹੈ ਕਿ ਇਸ ਤਰ੍ਹਾਂ ਆਪਣੇ ਆਪ ਨੂੰ ਕਠਨ ਅਨੁਸ਼ਾਸਨ ਵਿਚ ਪਾ ਕੇ ਉਸ ਨੇ ਉਚੇਰਾ ਗਿਆਨ ਹਾਸਲ ਕੀਤਾ ਹੈ। ਅਧੀ ਰਾਤ ਤਕ ਚਾਰਾਂ ਵਿਚੋਂ ਤਿੰਨ ਪ੍ਰਸ਼ਨ ਹਲ ਹੋ ਗਏ। ਪਰ ਚੌਥਾ ਪ੍ਰਸ਼ਨ ਮੁਸੀਬਤ ਦਾ ਕਾਰਣ ਬਣਿਆ ਹੋਇਆ ਸੀ। ਤੜਕਸਾਰ ਜਦੋਂ ਸਵੇਰੇ ਰੌਸ਼ਨੀ ਕਮਰੇ ਦੇ ਅੰਦਰ ਆਉਣ ਲਗੀ ਤਾਂ ਵੀ ਰਾਮ ਨੇ ਹਾਲੀਂ ਉਹ ਪ੍ਰਸ਼ਨ ਹਲ ਨਹੀਂ ਸੀ ਕੀਤਾ। ਆਪਣੀ

ਪ੍ਰਤਿਗਿਆ ਦੀ ਪੂਰਤੀ ਲਈ ਰਾਮ ਨੇ ਉਸ ਤਿੱਖੇ ਪੰਜਰ ਨੂੰ ਹੱਥ ਵਿਚ ਫੜਿਆ ਤੇ ਕੋਠੇ ਦੀ ਛੱਤ ਉਤੇ ਜਾ ਕੇ ਖੰਜਰ ਦੀ ਤਿਖੀ ਨੋਕ ਨੂੰ ਆਪਣੇ ਗਲੇ ਉਤੇ ਰਖ ਦਿਤਾ। ਜਦੋਂ ਖੰਜਰ ਗਲੇ ਵਿਚ ਥੋੜ੍ਹਾ ਜਿਹਾ ਖੁੱਭਿਆ ਤਾਂ ਲਹੂ ਦੇ ਕੁਝ ਤੁਪਕੇ ਰਿਸਦੇ ਬਾਹਰ ਆਏ, ਤਦ ਰਾਮ ਇਹ ਵੇਖ ਕੇ ਅਚੰਭਿਤ ਰਹਿ ਗਿਆ ਕਿ ਉਸ ਪ੍ਰਸ਼ਨ ਦਾ ਹੱਲ ਚਾਨਣ ਦੇ ਅਖਰਾਂ ਦੁਆਰਾ ਆਕਾਸ਼ ਵਿਚ ਲਿਖਿਆ ਗਿਆ ਸੀ। ਰਾਮ ਨੇ ਉਸ ਹਲ ਨੂੰ ਵੇਖਿਆ ਤੇ ਆਪ ਉਤਾਰ ਲਿਆ। ਇਹ ਬਹੁਤ ਹੀ ਮੌਲਿਕ ਰਚਨਾ ਸੀ। ਗੌਰਮਿੰਟ ਕਾਲਜ ਦੇ ਪ੍ਰੋਫੈਸਰ ਮੁਕਰਜੀ ਇਸ ਪ੍ਰਸ਼ਨ ਦੇ ਹਲ ਨੂੰ ਵੇਖ ਕੇ ਚਕ੍ਰਿਤ ਰਹਿ ਗਏ ਸਨ। ਇਸ ਤਰ੍ਹਾਂ ਰਾਮ ਨੇ ਬੜੇ ਕਰੜੇ ਤੇ ਕਠੋਰ ਅਨੁਸਾਸ਼ਨ ਦੁਆਰਾ ਗਣਿਤ ਵਿਗਿਆਨ ਦਾ ਉਚਤਮ ਗਿਆਨ ਪ੍ਰਾਪਤ ਕੀਤਾ ਸੀ।

ਜਦੋਂ ਆਪ ਲਾਹੌਰ ਨੂੰ ਸਦਾ ਲਈ ਛੱਡ ਰਹੇ ਸਨ ਤਾਂ ਉਨ੍ਹਾਂ ਦੀ ਅੰਤਮ ਵਿਦਾਇਗੀ ਦਾ ਦ੍ਰਿਸ਼ ਦਰਦ ਭਿਜਾ ਅਤੇ ਡੂੰਘੀ ਕਰੁਣਾ ਦੇ ਰੰਗ ਵਿਚ ਰੰਗਿਆ ਹੋਇਆ ਸੀ। ਲਾਹੌਰ ਦੇ ਪਲੇਟਫਾਰਮ ਉਤੇ ਉਹ ਇਹ ਬੋਲ ਗਾ ਰਹੇ ਸਨ :

"ਮੇਰੇ ਹਿਸਾਬ ਤੈਨੂੰ ਅਲਵਿਦਾ!
ਮੇਰੀ ਅਰਧੰਗੀ ਤੈਨੂੰ ਅਲਵਿਦਾ!
ਮੇਰੇ ਬੱਚਿਓ ਅਲਵਿਦਾ !
ਮੇਰੇ ਸ਼ਾਗਿਰਦੋ ਤੁਹਾਨੂੰ ਅਲਵਿਦਾ !
ਤੁਹਾਡੇ ਉਸਤਾਦਾਂ ਨੂੰ ਅਲਵਿਦਾ !
ਉਨ੍ਹਾਂ ਦੀ ਪੜ੍ਹਾਈ ਨੂੰ ਅਲਵਿਦਾ !
ਅਲਵਿਦਾ ਮੇਰੇ ਪਭੂ ਜੀ ਤੁਹਾਨੂੰ ਵੀ !
ਤੁਹਾਨੂੰ ਵੀ ਮੈਂ ਅਲਵਿਦਾ ਕਹਿੰਦਾ ਹਾਂ !"

ਇਸ ਤਰ੍ਹਾਂ ਆਪ ਲਾਹੌਰ ਨੂੰ ਆਪਣੇ ਤਰਲ ਨੈਣਾਂ ਨਾਲ ਅਲਵਿਦਾ ਕਹਿ ਕੇ ਸਦਾ ਲਈ ਤੁਰ ਗਏ। ਉਨ੍ਹਾਂ ਨੇ ਆਪਣੇ ਹਿਸਾਬ, ਸਕੂਲ ਤੇ ਪੜ੍ਹਾਈ ਨੂੰ ਵੀ ਸਦਾ ਲਈ ਅਲਵਿਦਾ ਕਹਿ ਦਿਤੀ।

ਇਹ ਇਕ ਪੱਕਾ ਤਿਆਗ ਸੀ, ਆਪਣੀਆਂ ਨਿਜੀ ਵਸਤਾਂ ਦਾ ਪੂਰਨ ਤਿਆਗ-ਇਥੋਂ ਤਕ ਕਿ ਆਪਣੇ ਸਾਰੇ ਨਿਜੀ ਸਬੰਧਾਂ ਨਾਲੋਂ ਤੇ ਆਪਣੇ ਗਣਿਤ ਦੇ ਅਥਾਹ ਪ੍ਰੇਮ ਜੋ ਬੜਾ ਨਿਜੀ ਰੂਪ ਦਾ ਸੀ, ਨਾਲੋਂ ਵੀ ਉਨ੍ਹਾਂ ਨੇ ਪੂਰੀ ਤਰ੍ਹਾਂ ਨਾਤਾ ਤੋੜ ਲਿਆ। ਇਸ ਦੇ ਪਿਛੇ ਸ਼ਾਇਦ ਵੱਡਾ ਕਾਰਣ ਉਨ੍ਹਾਂ ਦੇ ਵਿਅਕਤਿਤਵ ਦੀ ਨਿਜੀ ਪ੍ਰਕਿਰਤੀ ਸੀ। ਉਹ ਇਕਾਂਤ ਨੂੰ ਬਹੁਤ ਪਸੰਦ ਕਰਦੇ ਸਨ ਅਤੇ ਕਈ ਕਈ

ਦਿਨ ਘਣੇ ਬਨਾਂ ਵਿਚ ਅਗਿਆਤ ਰਹਿੰਦੇ ਸਨ। ਉਥੇ ਜਾ ਕੇ ਉਹ ਪ੍ਰਭੂ ਨਾਲ ਅਭੇਦ ਹੋ ਜਾਂਦੇ ਸਨ ਅਤੇ ਧਿਆਨ ਮਗਨ ਅਵਸਥਾ ਵਿਚ ਵਿਚਰਦੇ ਸਨ। ਪਰ ਇਸ ਤਪੱਸਵੀ ਸੁਆਮੀ ਵਿਚ, ਜਿਸ ਦਾ ਸੁਭਾਅ ਬੜਾ ਕੋਮਲ ਭਾਵੀ, ਸੰਵੇਦਨਸ਼ੀਲ ਅਤੇ ਕਵੀਆਂ ਵਾਲਾ ਸੀ, ਵਿਚ ਚਿੰਤਨ ਦਾ ਸਰਵਥਾ ਆਭਾਵ ਕਦੀ ਵੀ ਨਹੀਂ ਹੋਇਆ। ਆਪਣੀ ਕਾਵਿਮਈ ਸ਼ਖ਼ਸੀਅਤ ਦੀ ਤਰਕ ਰਹਿਤ ਅਵਸਥਾ ਤੇ ਮਨ ਦੀਆਂ ਖੁਲ੍ਹੀਆਂ ਅਨੰਤ-ਉਡਾਰੀਆਂ ਨੂੰ ਉਹ ਕਈ ਵਾਰ ਆਪਣੀ ਬੁਧੀ ਦੁਆਰਾ ਕਾਬੂ ਵਿਚ ਰਖਦੇ ਅਤੇ ਸਾਧ ਲੈਂਦੇ ਸਨ। ਆਪਣੇ ਕਰੜੇ, ਅਨਿਜੀ, ਜੀਵਨ ਦੇ ਠੰਢੇ ਬੌਧਿਕ ਦ੍ਰਿਸ਼ਟੀਕੋਣ ਦੁਆਰਾ ਉਸ ਦੀ ਪਰਖ ਕਰ ਲੈਂਦੇ ਸਨ ਅਤੇ ਆਪਣੇ ਕਾਵਿ-ਮਈ ਸੁਭਾ ਦੇ ਪ੍ਰਤੀਕੂਲ ਉਹ ਇਨ੍ਹਾਂ ਦੀ ਅਵੱਗਿਆ ਨਹੀਂ ਸਨ ਕਰਦੇ।

ਸੰਨਿਆਸ ਧਾਰਨ ਤੋਂ ਪਹਿਲਾਂ ਦਾ ਜੀਵਨ (ੲ)

ਮੇਰੇ ਵਿਚਾਰ ਵਿਚ ਸੁਆਮੀ ਰਾਮ ਤੀਰਥ ਜੀ ਦੇ ਭਗਵੇ ਬਾਣੇ ਨੂੰ ਧਾਰਣ ਕਰਨ ਦਾ ਇਕ ਮੁਖ ਕਾਰਣ ਸੁਆਮੀ ਵਿਵੇਕਾਨੰਦ ਜੀ ਦੀ ਲਾਹੌਰ ਫੇਰੀ ਸੀ।

ਲਾਹੌਰ ਵਿਖੇ ਸੁਆਮੀ ਵਿਵੇਕਾਨੰਦ ਜੀ ਦਾ ਆਗਮਨ ਪੰਜਾਬ ਦੇ ਲੋਕਾਂ ਦੀ ਬੜੇ ਵੱਡੇ ਉਤਸ਼ਾਹ ਤੇ ਪ੍ਰੇਰਨਾ ਦਾ ਸੋਮਾ ਸੀ। ਉਨ੍ਹਾਂ ਦੀ ਦੈਵੀ ਗੁਣਾਂ ਵਾਲੀ ਭਾਸ਼ਣ ਸ਼ਕਤੀ, ਸ਼ਰਧਾ ਤੇ ਪ੍ਰਜਵਲਤ ਤਿਆਗ, ਉਨ੍ਹਾਂ ਦੀ ਸ਼ਖਸੀਅਤ ਦੀ ਅਦੁੱਤੀ ਸ਼ਕਤੀ ਤੇ ਸਮਰਥਾ, ਉਨ੍ਹਾਂ ਦੀ ਉਚ ਕੋਟੀ ਦੀ ਬੌਧਿਕਤਾ ਆਦਿ ਸਭ ਗੁਣਾਂ ਨੇ ਮਿਲ ਕੇ ਪੰਜਾਬ ਦੇ ਲੋਕਾਂ ਦੇ ਮਨਾਂ ਉਤੇ ਉਨ੍ਹਾਂ ਦਾ ਡੂੰਘਾ ਪ੍ਰਭਾਵ ਪਾਇਆ। ਸ਼ਾਇਦ ਲਾਹੌਰ ਵਿਖੇ ''ਵੇਦਾਂਤ'' ਉਤੇ ਦਿਤੇ ਗਏ ਉਨ੍ਹਾਂ ਦੇ ਭਾਸ਼ਣ ਉਨ੍ਹਾਂ ਦੀ ਭਾਸ਼ਣ ਕਲਾ ਦੇ ਅਦੁਤੀ ਚਮਤਕਾਰ ਸਨ। ਇਨ੍ਹਾਂ ਦਿਨਾਂ ਵਿਚ ਹੀ ਸੁਆਮੀ ਵਿਵੇਕਾਨੰਦ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਅੰਮ੍ਰਿਤ ਸੰਸਕਾਰ ਨੂੰ ਆਪ ਪ੍ਰਤਖ ਰੂਪ ਵਿਚ ਵੇਖਿਆ ਸੀ ਅਤੇ ਉਸ ਦੀ ਭਰਵੀਂ ਪ੍ਰਸ਼ੰਸਾ ਕੀਤੀ ਸੀ। ਆਪਣੇ ਭਾਸ਼ਣਾਂ ਵਿਚ ਸੁਆਮੀ ਵਿਵੇਕਾਨੰਦ ਜੀ ਨੇ ''ਪੰਜਾਬ ਤੇ ਸ੍ਰੀ ਗੋਬਿੰਦ ਸਿੰਘ ਜੀ ਦੇ ਸ਼ੇਰਾਂ ਵਾਲੇ ਦਿਲ ਤੇ ਬੀਰਤਾ ਦਾ ਜ਼ਿਕਰ ਕੀਤਾ ਸੀ।'' ਸੁਆਮੀ ਵਿਵੇਕਾਨੰਦ ਜੀ ਨੂੰ ਧਿਆਨ ਸਿੰਘ ਦੀ ਹਵੇਲੀ ਵਿਖੇ ਠਹਿਰਾਇਆ ਗਿਆ ਸੀ ਅਤੇ ਇਥੋਂ ਮੈਨੂੰ ਯਾਦ ਹੈ, ਸੁਆਮੀ ਵਿਵੇਕਾਨੰਦ ਜੀ ਦੇ ਭਾਸ਼ਣ ਸੁਣਨ ਲਈ ਮੈਂ ਹਜ਼ਾਰਾਂ ਪਗੜੀਆਂ ਵਾਲੇ ਪੰਜਾਬੀਆਂ ਨੂੰ ਆਉਂਦੇ ਵੇਖਿਆ ਸੀ। ਉਨ੍ਹਾਂ ਦਿਨਾਂ ਵਿਚ ਮੈਂ ਹਾਲੀ ਛੋਟਾ ਲੜਕਾ ਸਾਂ ਅਤੇ ਪੰਜਾਬ ਯੂਨੀਵਰਸਿਟੀ ਦੇ ਇੰਟਰਮੀਡੀਏਟ ਇਮਤਿਹਾਨ ਪਾਸ ਕਰਨ ਲਈ ਲਾਹੌਰ ਦੇ ਕਿਸੇ ਕਾਲਜ ਵਿਚ ਪੜ੍ਹ ਰਿਹਾ ਸਾਂ। ਉਸ ਸਮੇਂ ਦੇ ਇਹ ਦ੍ਰਿਸ਼ ਮੇਰੀ ਯਾਦ-ਸ਼ਿਲ੍ਹਾ ਉਤੇ ਡੂੰਘੀ ਤਰ੍ਹਾਂ ਉਕਰੇ ਹੋਏ ਹਨ ਅਤੇ ਇਨ੍ਹਾਂ ਦੇ ਨਕਸ਼ ਅਮਿੱਟ ਹਨ। ਸਾਰਾ ਹਾਲ ਭਰਿਆ ਹੋਇਆ ਹੁੰਦਾ ਸੀ ਅਤੇ ਲੋਕ ਬਾਹਰ ਵਿਹੜੇ ਵਿਚ ਵੀ ਭਾਰੀ ਗਿਣਤੀ ਵਿਚ ਬੈਠੇ ਹੋਏ ਹੁੰਦੇ ਸਨ। ਹਾਲ ਵਿਚ ਜਾ ਕੇ ਸੁਆਮੀ ਵਿਵੇਕਾਨੰਦ ਦੇ ਦਰਸ਼ਨ ਅਭਿਲਾਸ਼ੀ ਲੋਕ ਇਕ ਦੂਜੇ ਨੂੰ ਮੋਢੇ ਮਾਰ ਕੇ ਅੰਦਰ ਵੜਨ ਦਾ ਯਤਨ ਕਰਦੇ ਸਨ। ਸੁਆਮੀ ਜੀ ਨੇ ਇਨ੍ਹਾਂ ਸੱਚੇ ਸ਼ਰਧਾਲੂਆਂ ਦੀ ਭਾਰੀ ਗਿਣਤੀ ਅਤੇ ਅੰਦਰ

ਦੇ ਪ੍ਰਬੰਧ ਨੂੰ ਕਾਫ਼ੀ ਨਾ ਸਮਝ ਕੇ ਬਾਹਰ ਖੁਲ੍ਹੇ ਥਾਂ ਆ ਕੇ ਹੀ ਭਾਸ਼ਣ ਕਰਨ ਦਾ ਫ਼ੈਸਲਾ ਕਰ ਲਿਆ ਸੀ। ਹਵੇਲੀ ਦਾ ਅੰਦਰਲਾ ਹਾਤਾ ਬਹੁਤ ਵੱਡਾ ਸੀ ਅਤੇ ਇਸ ਦੇ ਵਿਚਕਾਰ ਇਕ ਮੰਦਰ ਸੀ, ਜਿਸ ਦਾ ਇਕ ਵੱਡਾ ਥੜ੍ਹਾ ਵੀ ਸੀ। ਸੁਆਮੀ ਜੀ ਉਸ ਥੜ੍ਹੇ ਉਤੇ ਆ ਕੇ ਖੜ੍ਹੇ ਹੋ ਗਏ। ਉਨ੍ਹਾਂ ਦਾ ਕੱਦ ਕਾਠ ਬੜਾ ਤਕੜਾ ਤੇ ਪ੍ਰਭਾਵਸ਼ਾਲੀ ਸੀ, ਉਨ੍ਹਾਂ ਨੇ ਭਗਵਾ ਵੇਸ਼ ਧਾਰਣ ਕੀਤਾ ਹੋਇਆ ਸੀ ਅਤੇ ਪੁਰਾਤਨ ਯੁਗ ਦੇ ਰਿਸ਼ੀ ਜਾਪਦੇ ਸਨ। ਉਨ੍ਹਾਂ ਦੀਆਂ ਚਮਕਦੀਆਂ ਅੱਖੀਆਂ ਨੇ ਸਾਰੇ ਵਾਯੂਮੰਡਲ ਵਿਚ ਚੁੰਬਕੀ ਸ਼ਕਤੀ ਭਰ ਦਿਤੀ ਸੀ। ਉਨ੍ਹਾਂ ਨੇ ਆਪਣੇ ਗਲ ਵਿਚ ਇਕ ਦੁਪੱਟਾ ਪਾਇਆ ਹੋਇਆ ਸੀ ਤੇ ਸਿਰ ਉਤੇ ਪੰਜਾਬੀ ਢੰਗ ਦੀ ਭਗਵੀ ਪਗੜੀ ਬੰਨੀ ਹੋਈ ਸੀ। ਵੇਦਾਂਤ ਵਿਚਾਰ-ਦਰਸ਼ਨ ਦਾ ਇਹ ਸਿੰਘ ਘੰਟਿਆਂ ਬੱਧੀ ਸ਼ੇਰਾਂ ਦੀ ਗਰਜ ਵਾਂਗ ਭਾਸ਼ਣ ਦਿੰਦਾ ਰਿਹਾ ਸੀ। ਪੰਜਾਬੀ ਸਰੋਤਿਆਂ ਨੂੰ ਉਨ੍ਹਾਂ ਨੇ ਕੀਲ ਲਿਆ ਸੀ ਅਤੇ ਉਹ ਆਪਣੇ ਸਰੋਤਿਆਂ ਦੀਆਂ ਸੁਰਤਾਂ ਨੂੰ ਆਪਣੇ ਉਚੇ ਤੇ ਰਸਦਾਇਕ ਆਤਮਕ ਮੰਡਲ ਵਿਚ ਲੈ ਗਏ ਸਨ।

ਸਾਰਾ ਲਾਹੌਰ ਉਨ੍ਹਾਂ ਦੀ ਪਾਵਨ ਸ਼ਖ਼ਸੀਅਤ ਤੋਂ ਅਚੰਭਿਤ ਹੋ ਉਠਿਆ ਸੀ। ਇਸੇ ਤਰ੍ਹਾਂ ਇਸ ਸ਼੍ਰੋਮਣੀ ਤੇ ਸ਼ਕਤੀਸ਼ਾਲੀ ਸੁਆਮੀ ਦੇ ਵਿਅਕਤਿਤਵ ਤੇ ਬੋਲਾਂ ਤੋਂ ਅਮਰੀਕਾ ਵੀ ਅਚੰਭਿਤ ਹੋਇਆ ਸੀ। ਪਰ ਉਹ ਆਪ ਕਿਹੜੇ ਘੱਟ ਸਨ, ਉਨ੍ਹਾਂ ਨੇ ਸੁਆਮੀ ਪਰਮਹੰਸ ਰਾਮ ਕ੍ਰਿਸ਼ਨ ਜੀ ਵਰਗੇ ਮਹਾਂਪੁਰਖਾਂ ਤੋਂ ਵੇਦਾਂਤ ਦਰਸ਼ਨ ਤੇ ਉਚੀ ਰਹਿਣੀ ਦੀ ਦੀਖਿਆ ਲਈ ਸੀ। ਉਨ੍ਹਾਂ ਦੇ ਦਰਸ਼ਨ ਕਰਕੇ ਉਨ੍ਹਾਂ ਦੇ ਅੰਦਰ ਜਗ ਰਹੀ ਨਿਰੰਤਰ ਜੋਤੀ ਦੇ ਪ੍ਰਕਾਸ਼ ਦਾ ਹਰ ਇਕ ਨੂੰ ਸਹਿਜੇ ਆਭਾਸ ਹੋ ਜਾਂਦਾ ਸੀ। ਲਾਹੌਰ ਵਿਚ ਉਨ੍ਹਾਂ ਦਿਨਾਂ ਵਿਚ ਦੋ ਹੀ ਮੁਖ ਰੁਝੇਵੇਂ ਸਨ, ਇਕ ਭਗਤੀ ਬਾਰੇ ਸੁਆਮੀ ਵਿਵੇਕਾਨੰਦ ਜੀ ਦੀ ਇਹ ਵਿਆਖਿਆਨ ਮਾਲਾ ਚਲ ਰਹੀ ਸੀ ਤੇ ਦੂਜੇ ਬੰਨੇ ਪ੍ਰੋਫ਼ੈਸਰ ਬੋਸ ਦੀ ਸਰਕਸ ਦੀ ਖੇਡ ਵਿਖਾਈ ਜਾ ਰਹੀ ਸੀ। ਬੋਸ ਦੇ ਸਰਕਸ ਦੇ ਸ਼ਾਮਿਆਨੇ ਥਲੇ ਵੀ ਸੁਆਮੀ ਵਿਵੇਕਾਨੰਦ ਜੀ ਦਾ ''ਭਗਤੀ'' ਦੇ ਵਿਸ਼ੇ ਉਤੇ ਲੈਕਚਰ ਕਰਵਾਇਆ ਗਿਆ ਸੀ।

ਉਨ੍ਹਾਂ ਦਿਨਾਂ ਵਿਚ ਮੈਂ ਸੁਆਮੀ ਰਾਮ ਤੀਰਥ ਜੀ ਨੂੰ ਜਾਣਦਾ ਨਹੀਂ ਸਾਂ, ਪਰ ਸੁਆਮੀ ਵਿਵੇਕਾਨੰਦ ਜੀ ਦੇ ਵਿਆਖਿਆਨਾਂ ਦਾ ਪ੍ਰਬੰਧ ਸੁਆਮੀ ਰਾਮ ਤੀਰਥ ਜੀ ਵਲੋਂ ਹੀ ਕਰਵਾਇਆ ਗਿਆ ਸੀ। ਸੁਆਮੀ ਰਾਮ ਤੀਰਥ ਜੀ ਦਾ ਵਿਚਾਰ ਸੀ ਕਿ ਸੁਆਮੀ ਵਿਵੇਕਾਨੰਦ ਵੇਦਾਂਤ-ਦਰਸ਼ਨ ਦੇ ਸਭ ਤੋਂ ਚੰਗੇ ਵਿਆਖਿਆਕਾਰ ਸਨ ਅਤੇ ਇਹੋ ਹੀ ਉਨ੍ਹਾਂ ਦਾ ਮੁਖ ਵਿਸ਼ਾ ਸੀ। ਸੁਆਮੀ ਰਾਮ ਤੀਰਥ ਜੀ ਨੇ ਮੈਨੂੰ ਦਸਿਆ, ''ਜਦੋਂ ਮੈਂ ਇਕ ਦਿਨ ਪ੍ਰੋਫ਼ੈਸਰ ਬੋਸ ਦੀ ਸਰਕਸ ਦੇ ਮੰਡਪ ਵਲੋਂ ਸੁਆਮੀ

ਵਿਵੇਕਾਨੰਦ ਜੀ ਦੇ ਨਾਲ ਧਿਆਨ ਸਿੰਘ ਦੀ ਹਵੇਲੀ ਵਲ ਜਾ ਰਿਹਾ ਸਾਂ ਤਾਂ ਮੈਂ ਉਨ੍ਹਾਂ ਨੂੰ ਕਿਹਾ ਕਿ ਆਪਣੇ ਭਗਤੀ ਬਾਰੇ ਭਾਸ਼ਣ ਵਿਚ ਉਹ ਆਪਣੇ ਅੰਦਰਲੇ ਸਰਵੋਤਮ ਵਿਚਾਰਾਂ ਨੂੰ ਪੂਰੀ ਤਰ੍ਹਾਂ ਨਹੀਂ ਪ੍ਰਗਟਾ ਸਕੇ, ਇਸ ਪਿਛੋਂ ਹੀ ਉਨ੍ਹਾਂ ਨੇ ਆਪਣੇ ਵੇਦਾਂਤ ਬਾਰੇ ਭਾਸ਼ਣ ਦੇਣ ਦਾ ਐਲਾਨ ਕੀਤਾ ਸੀ।'' ਸੁਆਮੀ ਵਿਵੇਕਾਨੰਦ ਦੀ ਇਸ ਲਾਹੌਰ ਯਾਤਰਾ ਨੇ ਨੌਜਵਾਨ ਸੁਆਮੀ ਰਾਮ ਤੀਰਥ ਜੀ ਦੇ ਮਨ ਵਿਚ ਇਹ ਇਛਾ ਪ੍ਰਬਲ ਕਰ ਦਿਤੀ ਕਿ ਉਹ ਵੀ ਸੁਆਮੀ ਵਿਵੇਕਾਨੰਦ ਜੀ ਵਾਂਗ ਰਿਸ਼ੀਆਂ ਮੁੰਨੀਆਂ ਵਰਗਾ ਭਗਵਾ ਬਾਣਾ ਪਾ ਲੈਣ ਅਤੇ ਸਾਰੇ ਜਗਤ ਵਿਚ ਭ੍ਰਮਣ ਕਰਕੇ ਵੇਦਾਂਤ ਦਾ ਪ੍ਰਚਾਰ ਕਰਨ। ਸੁਆਮੀ ਵਿਵੇਕਾਨੰਦ ਜੀ ਨੇ ਵੇਦਾਂਤ ਦਰਸ਼ਨ ਦੀ ਵਿਆਖਿਆ ਵਿਵਹਾਰਕ ਦ੍ਰਿਸ਼ਟੀ ਤੋਂ ਕਰ ਦਿਤੀ ਸੀ। ਜਿਵੇਂ ਭਾਰਤ ਦੇ ਪੜ੍ਹੇ ਲਿਖੇ ਅਤੇ ਆਧੁਨਿਕ ਵਿਚਾਰਾਂ ਵਾਲੇ ਲੋਕਾਂ ਨੇ, ਪਛਮ ਦੇ ਸੰਪਰਕ ਵਿਚ ਆਉਣ ਨਾਲ ਭਾਗਵਦ-ਗੀਤਾ ਦੀ ਕਰਮਯੋਗ ਦੇ ਰੂਪ ਵਿਚ ਵਿਆਖਿਆ ਕੀਤੀ ਹੈ, ਤਿਵੇਂ ਹੀ ਸੁਆਮੀ ਵਿਵੇਕਾਨੰਦ ਜੀ ਨੇ ਸ਼ੰਕਰਾਚਾਰੀਆ ਜੀ ਦੇ ਅਦਵੈਤਵਾਦ ਦੀ ਵਿਆਖਿਆ ਭਗਤੀ,ਕਰਮਯੋਗ, ਦੇਸ਼ ਭਗਤੀ ਅਤੇ ਮਾਨਵਤਾ ਦੇ ਸ਼ਬਦਾਂ ਰਾਹੀਂ ਕੀਤੀ ਹੈ। ਸੁਆਮੀ ਵਿਵੇਕਾਨੰਦ ਜੀ ਹੀ ਪਹਿਲੇ ਵਿਅਕਤੀ ਸਨ, ਜਿਨ੍ਹਾਂ ਨੇ ਵੇਦਾਂਤ ਦਾ ਉਪਯੋਗ ਰਾਜਨੀਤੀ ਦੇ ਰੂਪ ਵਿਚ ਵੀ ਕੀਤਾ ਹੈ। ਸੁਆਮੀ ਵਿਵੇਕਾਨੰਦ ਜੀ ਨੂੰ ਮਿਲਣ ਪਿਛੋਂ ਹੀ ਸੁਆਮੀ ਰਾਮ ਤੀਰਥ ਜੀ ਨੇ ਸੰਨਿਆਸ ਦੇ ਮਾਰਗ ਨੂੰ ਗ੍ਰਹਿਣ ਕਰਨ ਦਾ ਪੱਕਾ ਨਿਸ਼ਚਾ ਕਰ ਲਿਆ ਸੀ। ਸੁਆਮੀ ਰਾਮ ਤੀਰਥ ਜੀ ਨੂੰ ਸੁਆਮੀ ਵਿਵੇਕਾਨੰਦ ਜੀ ਦੇ ਰੂਪ ਵਿਚ ਇਕ ਆਦਰਸ਼ਕ ਪ੍ਰਮਾਣ ਮਿਲ ਗਿਆ ਸੀ, ਜੋ ਕਿ 'ਅਦਵੈਤ-ਵੇਦਾਂਤ' ਦਾ ਪ੍ਰਬੀਣ ਜਾਣਕਾਰ ਅਤੇ ਅਦੁੱਤੀ ਵਿਆਖਿਆਕਾਰ ਸੀ। ਅਜਿਹੇ ਰੂਪ ਵਿਚ ਹੀ ਸੁਆਮੀ ਰਾਮ ਤੀਰਥ ਦਾ ਅੰਦਰਲਾ ਮਨ ਆਪਣੇ ਆਪ ਨੂੰ ਸਹਿਜ ਰੂਪ ਵਿਚ ਵਿਕਸਿਤ ਤੇ ਤਿਆਰ ਕਰ ਰਿਹਾ ਸੀ। ਸੁਆਮੀ ਵਿਵੇਕਾਨੰਦ ਜੀ ਦੇ ਇਸ ਆਦਰਸ਼ਕ ਪ੍ਰਮਾਣ ਨੇ ਹੀ ਸੁਆਮੀ ਰਾਮ ਤੀਰਥ ਜੀ ਦੀ ਮੌਨ ਸਵੈ-ਅਨੁਭੂਤੀ ਨੂੰ ਜੀਭ ਲਾ ਦਿਤੀ। ਫਿਰ ਉਹ ਹਿਮਾਲਾ ਪਰਬਤ ਵਿਖੇ ਭਰਮਣ ਕਰਦੇ ਰਹੇ। ਪਹਾੜਾਂ ਤੋਂ ਹੇਠਾਂ ਆ ਕੇ ਉਨ੍ਹਾਂ ਨੇ ਸੁਆਮੀ ਵਿਵੇਕਾਨੰਦ ਜੀ ਦੀ ਤਰ੍ਹਾਂ ਹੀ ਵਿਵਹਾਰਕ ਵੇਦਾਂਤ ਦਾ ਪ੍ਰਚਾਰ ਕਰਨਾ ਆਰੰਭ ਦਿਤਾ, ਪਰ ਉਨ੍ਹਾਂ ਦੇ ਆਪਣੇ ਅੰਦਰ ਇਕ ਅਜਿਹੀ ਦੀਵਾਨਗੀ ਅਤੇ ਰੱਬੀ ਪ੍ਰੇਰਨਾ ਸੀ, ਜਿਸ ਨੂੰ ਕਿ ਸੁਆਮੀ ਰਾਮ ਤੀਰਥ ਜੀ ਦਾ ਆਪਣਾ ਹੀ ਨਿਵੇਕਲਾ ਰੰਗ ਕਹਿਣਾ ਚਾਹੀਦਾ ਹੈ। ਸੁਆਮੀ ਵਿਵੇਕਾਨੰਦ ਦੀ ਰੀਤੀ ਅਨੁਸਾਰ ਹੀ ਸੁਆਮੀ ਰਾਮ ਤੀਰਥ ਜੀ ਨੇ ਵੇਦਾਂਤ-ਦਰਸ਼ਨ ਦੀ ਵਿਆਖਿਆ ਤੇ ਪ੍ਰਚਾਰ ਕਰਨਾ ਆਰੰਭ ਕਰ ਦਿਤਾ; ਇਸ ਵਿਚ ਇਕ ਤਰ੍ਹਾਂ

ਦੀ ਨਵੀਨਤਾ ਤੇ ਵਿਸ਼ਾਲਤਾ ਵੀ ਸੀ। ਸੁਆਮੀ ਰਾਮ ਤੀਰਥ ਜੀ ਕੋਲ ਭਾਵੇਂ ਵਿਵੇਕਾਨੰਦ ਜੀ ਵਾਲਾ ਭਾਸ਼ਾ ਤੇ ਅਧਿਕਾਰ ਨਹੀਂ ਸੀ ਤੇ ਨਾ ਹੀ ਉਨ੍ਹਾਂ ਕੋਲ ਵਿਵੇਕਾਨੰਦ ਜੀ ਵਾਲੀ ਸ਼ਬਦਾਵਲੀ ਤੇ ਭਾਸ਼ਣ ਸ਼ਕਤੀ ਸੀ, ਨਾ ਹੀ ਉਨ੍ਹਾਂ ਵਾਲਾ ਹਾਸਰਸ ਤੇ ਕਟਾਖ਼ ਜੋ ਕਿਸੇ ਵਿਰੋਧੀ ਵਿਚਾਰ ਦਾ ਇਕਦਮ ਖੰਡਨ ਕਰ ਦਿੰਦਾ ਹੈ, ਨਾ ਹੀ ਸੁਆਮੀ ਰਾਮ ਤੀਰਥ ਕੋਲ ਵਿਵੇਕਾਨੰਦ ਜੀ ਵਾਲੀ ਬਲਵਾਨ ਸਰੀਰਕ ਸ਼ਕਤੀ ਸੀ, ਪਰ ਸੁਆਮੀ ਰਾਮ ਤੀਰਥ ਜੀ ਦੇ ਮਸਤਕ ਉਤੇ ਇਕ ਅਜਿਹੇ ਅਗਿਆਤ ਪ੍ਰਭਾ ਮੰਡਲ ਦਾ ਪ੍ਰਕਾਸ਼ ਲੱਸਦਾ ਸੀ, ਜਿਸ ਦੇ ਫਲਸ੍ਰੂਪ ਉਨ੍ਹਾਂ ਦੀ ਅੰਦਰਲੀ ਦੈਵੀ ਪ੍ਰੇਰਨਾ ਨੇ ਸਵਾਮੀ ਵਿਵਕਾਨੰਦ ਨੂੰ ਵੀ ਫਿਕਾ ਪਾ ਦਿਤਾ ਸੀ। ਸੁਆਮੀ ਰਾਮ ਤੀਰਥ ਵਿਚ ਇਕ ਗੀਤ ਵਰਗੀ ਮਧੁਰਤਾ ਸੀ, ਭਗਤੀ ਭਾਵ ਵਿਚ ਰੱਤਾ ਇਕ ਲੱਜਾਵਾਨ ਕੰਵਾਰਾਪਣ ਸੀ ਜਿਸ ਨੇ ਸੁਆਮੀ ਰਾਮ ਤੀਰਥ ਜੀ ਨੂੰ ਇਕ ਅਜਿਹੇ ਤਰਲ ਭਾਵ ਵਿਚ ਰੰਗ ਦਿਤਾ ਸੀ, ਜਿਸ ਨਾਲ ਸਰੀਰਕ ਮਨੋ-ਕਾਮਨਾਵਾਂ ਅਤੇ ਸੰਸਾਰਕ ਮਲ ਤੇ ਧੂੜ ਸਭ ਧੋਤੇ ਗਏ ਸਨ, ਜਿਸ ਦੇ ਫਲਸਰੂਪ ਉਨ੍ਹਾਂ ਅੰਦਰ ਇਕ ਮੌਨ ਪਰਮਾਨੰਦ ਦੀ ਅਵਸਥਾ ਛਾਈ ਰਹਿੰਦੀ ਸੀ ਅਤੇ ਉਹ ਆਤਮਿਕ ਰੰਗ ਵਿਚ ਸਦਾ ਪ੍ਰਸੰਨ- ਚਿਤ ਨਜ਼ਰੀ ਆਉਂਦੇ ਸਨ। ਸੁਆਮੀ ਵਿਵਕਾਨੰਦ ਜੀ ਸੁਆਮੀ ਰਾਮ ਦੀ ਤੁਲਨਾ ਵਿਚ ਸ੍ਰੇਸ਼ਟ, ਦਰਸ਼ਨਵੇਤਾ ਤੇ ਵਕਤਾ ਸਨ, ਸ਼ੇਰ ਦਿਲ ਸੰਨਿਆਸੀ ਸਨ, ਪਰ ਸੁਆਮੀ ਰਾਮ ਵਿਵੇਕਾਨੰਦ ਜੀ ਨਾਲੋਂ ਗਹਿਰ ਗੰਭੀਰ ਦੈਵੀ ਪ੍ਰੇਰਨਾ ਤੋਂ ਉਪਜੀ ਪਰਮਾਨੰਦ ਦੀ ਅਵਸਥਾ ਵਿਚ ਉਨ੍ਹਾਂ ਤੋਂ ਅਗੇਰੇ ਸਨ ਅਤੇ ਉਨ੍ਹਾਂ ਦੀ ਇਸ ਅਵਸਥਾ ਦੇ ਪਿਛੇ ਉਨ੍ਹਾਂ ਦੀ ਆਪਣੀ ਕਾਵਿਮਈ ਸ਼ਖ਼ਸੀਅਤ ਦਾ ਹੱਥ ਸੀ, ਜਿਸ ਕਾਰਣ ਸੁਆਮੀ ਰਾਮ ਤੀਰਥ ਜੀ ਅੰਦਰ ਪ੍ਰਸੰਨਚਿਤਤਾ, ਸੁਹਾਨੁਭੂਤੀ, ਦਿਆਲੂ ਸ੍ਰਿਸ਼ਟਾਚਾਰ ਅਤੇ ਆਪਣੇ ਵਾਤਾਵਰਣ ਨਾਲ ਪੂਰਨ ਇਕਸੁਰਤਾ ਦੇ ਸਦਗੁਣ ਉਤਪੰਨ ਹੋ ਗਏ ਸਨ। ਪਰ ਇਨ੍ਹਾਂ ਦੋਹਾਂ ਸੁਆਮੀ ਆਤਮਾਵਾਂ ਵਿਚ ਬੌਧਿਕ ਸਾਂਝ ਇਤਨੀ ਵੱਡੀ ਹੈ ਕਿ ਆਪਣੀਆਂ ਜਗਤ ਫੇਰੀਆਂ ਵਿਚ ਇਨ੍ਹਾਂ ਦੋਹਾਂ ਨੇ ਵੇਦਾਂਤ-ਦਰਸ਼ਨ ਦਾ ਸਮਾਨ ਰੂਪ ਦਾ ਸੰਦੇਸ਼ ਦਿਤਾ ਹੈ ਅਤੇ ਆਪਣੇ ਦੇਸ਼ ਵਾਸੀਆਂ ਨੂੰ ਵੀ ਉਨ੍ਹਾਂ ਵਲੋਂ ਦਿਤੇ ਗਏ ਦੇਸ਼ ਭਗਤੀ ਤੇ ਰਾਸ਼ਟਰਵਾਦ ਦੇ ਉਦੇਸ਼ਾਂ ਵਿਚ ਬੜੀ ਸਾਂਝ ਹੈ। ਪਹਿਲਾਂ ਵੀ ਉਲੇਖ ਕੀਤਾ ਜਾ ਚੁਕਾ ਹੈ ਕਿ ਲਾਹੌਰ ਵਿਖੇ ਹੀ ਸੁਆਮੀ ਰਾਮ ਤੀਰਥ ਜੀ ਸੁਆਮੀ ਵਿਵੇਕਾਨੰਦ ਜੀ ਦੇ ਭਗਵੇ ਬਾਣੇ ਤੋਂ ਪ੍ਰੇਰਨਾ ਦੇ ਰੂਪ ਵਿਚ ਆਪਣੇ ਅੰਦਰ ਸੰਨਿਆਸ ਦੀ ਚਿਣਗ ਨੂੰ ਜਗਾ ਚੁਕੇ ਸਨ। ਦੋ ਸਾਲ ਪਿਛੋਂ ਇਸੇ ਪ੍ਰੇਰਨਾ ਅਧੀਨ ਆਪ ਨੇ ਵੀ ਸੰਨਿਆਸ ਨੂੰ ਧਾਰਣ ਕਰ ਲਿਆ। ਉਸ ਸਮੇਂ ਆਪ ਵਿਆਹੇ ਹੋਏ ਤੇ ਗ੍ਰਿਹਸਥੀ ਸਨ, ਜਿਨ੍ਹਾਂ ਦੇ ਅੰਦਰ ਕਵੀ ਦੀ ਮਨੋ

ਭਾਵਨਾ ਜਾਗਰੂਕ ਸੀ। ਪਰ ਉਨ੍ਹਾਂ ਦੇ ਆਪਣੇ ਮਨ ਤੇ ਇਛਾ ਸ਼ਕਤੀ ਇਤਨੇ ਪ੍ਰਬਲ ਸਨ ਕਿ ਆਪ ਇਨ੍ਹਾਂ ਮਨੋਭਾਵਾਂ ਵਿਚ ਪੂਰੀ ਤਰ੍ਹਾਂ ਪਿਘਲ ਚੁਕੇ ਸਨ ਅਤੇ ਇਨ੍ਹਾਂ ਅੰਦਰਲੀ ਤੇਜ਼ ਜਵਾਲਾ ਇਤਨੀ ਵੇਗਮਈ ਸੀ ਕਿ ਆਪ ਸੰਨਿਆਸ ਨੂੰ ਧਾਰਨ ਕਰਨ ਲਈ ਬਿਹਬਲ ਹੋ ਗਏ ਸਨ। ਉਨ੍ਹਾਂ ਦਾ ਇਹ ਕਦਮ ਕਿਸੇ ਬਾਹਰੀ ਪ੍ਰੇਰਨਾ ਕਾਰਣ ਨਹੀਂ, ਸਗੋਂ ਉਨ੍ਹਾਂ ਦੇ ਮਨ ਤੇ ਅੰਤਹਕਰਣ ਦੀ ਅੰਤਰੀਵ ਪ੍ਰੇਰਨਾ ਅਧੀਨ ਚੁਕਿਆ ਗਿਆ ਸੀ, ਜਿਸ ਦਾ ਉਦੇਸ਼ ਆਤਮਿਕ ਜੀਵਨ ਵਿਚ ਮਾਨਸਿਕ ਤੇ ਆਤਮਿਕ ਤੌਰ ਤੇ ਵਿਰੋਧੀ ਕਰਨਾ ਸੀ।

ਇਸ ਪ੍ਰਕਾਰ ਸੁਆਮੀ ਰਾਮ ਤੀਰਥ ਜੀ ਪੰਜਾਬ ਦੇ ਇਕ ਗ਼ਰੀਬ ਬ੍ਰਾਹਮਣ ਪਰਿਵਾਰ ਵਿਚ ਜਨਮ ਲੈ ਕੇ ਆਪਣੇ ਬਾਲਪਨ ਤੋਂ ਯੁਵ ਅਵਸਥਾ ਤਕ ਆਪ ਹੀ ਬੜੇ ਸਬਰ ਨਾਲ ਸਵੈ ਸਾਧਨਾ ਵਿਚ ਜੁਟੇ ਰਹੇ। ਉਨ੍ਹਾਂ ਨੇ ਇਸ ਆਤਮਿਕ ਨਿਰਮਾਣ ਲਈ ਤਿਲ ਤਿਲ ਕਰਕੇ ਹਰ ਛਿਣ ਤੇ ਹਰ ਦਿਨ ਆਪਣੇ ਆਪ ਨੂੰ ਪ੍ਰੌਢ ਕਰਨ ਦਾ ਯਤਨ ਜਾਰੀ ਰਖਿਆ। ਇੰਝ ਕਿਹਾ ਜਾ ਸਕਦਾ ਹੈ ਕਿ ਸ਼ਾਇਦ ਬਚਪਨ ਤੋਂ ਹੀ ਉਨ੍ਹਾਂ ਦੇ ਮਨ ਵਿਚ ਆਪਣੇ ਭਵਿਖ ਦਾ ਇਕ ਸੰਪੂਰਨ ਨਕਸ਼ਾ ਮੌਜੂਦ ਸੀ। ਬਚਪਨ ਤੋਂ ਹੀ ਉਹ ਆਪਣੇ ਆਪ ਨੂੰ ਬੜੀ ਗੰਭੀਰਤਾ ਨਾਲ ਇਕ ਵਿਸ਼ੇਸ਼ ਮਿਸ਼ਨ ਲਈ ਤਿਆਰ ਕਰ ਰਹੇ ਸਨ। ਇਸ ਗ਼ਰੀਬੜੇ ਬ੍ਰਾਹਮਣ ਯੁਵਕ ਦੇ ਮਨ ਵਿਚ ਮਾਨਸਿਕ ਤੇ ਆਤਮਿਕ ਪ੍ਰੌੜਤਾ ਪ੍ਰਾਪਤ ਕਰਨ ਲਈ ਕਦਮ ਕਦਮ ਕਰਕੇ ਅਗੇ ਵਧਣ ਦੀ ਦ੍ਰਿੜਤਾ ਤੇ ਲਗਨ ਸੀ, ਜੋ ਬਿਖਮ ਹਾਲਤਾਂ ਵਿਚ ਵੀ ਕਦੀ ਨਹੀਂ ਸਨ ਡੋਲੇ ਅਤੇ ਜਿਨ੍ਹਾਂ ਨੂੰ ਮੁਸ਼ਕਲਾਂ ਤੇ ਔਕੜਾਂ ਵੀ ਕਦੀ ਨਹੀਂ ਡਰਾ ਸਕੀਆਂ। ਉਹ ਅਨੂਠੇ ਪ੍ਰਕਾਰ ਦੇ ਵਿਦਿਆਰਥੀ ਸਨ, ਜਿਨ੍ਹਾਂ ਦਾ ਵਿਦਿਆ ਨਾਲ ਪ੍ਰੇਮ ਕਿਸੇ ਸੰਸਾਰਕ ਪ੍ਰਾਪਤੀ ਦੀ ਅਭਿਲਾਸ਼ਾ ਕਾਰਣ ਨਹੀਂ ਸੀ, ਸਗੋਂ ਆਪਣੇ ਮਨ ਵਿਚ ਉਪਜੀ ਤੇ ਨਿਰੰਤਰ ਵਧ ਰਹੀ ਗਿਆਨ ਦੀ ਤ੍ਰਿਖਾ ਦੀ ਨਵਿਰਤੀ ਲਈ ਸੀ, ਜੋ ਨਿਤ ਚੜ੍ਹਦੇ ਸੂਰਜ ਨਾਲ ਹੋਰ ਵਧਦੀ ਜਾਂਦੀ ਸੀ। ਉਨ੍ਹਾਂ ਦੀ ਹਰ ਰੋਜ਼ ਕੀਤੀ ਗਈ ਪੜ੍ਹਾਈ ਇਸ ਗਿਆਨ ਦੇ ਹਵਨ ਕੁੰਡ ਦੀ ਵੇਦੀ ਵਿਚ ਪਾਈ ਗਈ ਪਵਿੱਤਰ ਆਹੂਤੀ ਸੀ।

ਪੁਸਤਕਾਂ ਨੂੰ ਪੜ੍ਹਨ ਦੀ ਖ਼ਾਤਰ ਆਪਣੇ ਦੀਪਕ ਵਿਚ ਤੇਲ ਪਾਉਣ ਲਈ ਉਹ ਆਪਣੇ ਲਈ ਨਵੇਂ ਕਪੜੇ ਖ਼ਰੀਦਣ ਅਤੇ ਰੋਟੀ ਖਾਣ ਦਾ ਵੀ ਤਿਆਗ ਕਰ ਦਿੰਦੇ ਸਨ। ਇਹ ਗੱਲ ਬੜੀ ਸਾਧਾਰਣ ਸੀ ਕਿ ਆਪ ਆਪਣੀ ਪੜ੍ਹਾਈ ਦੇ ਦਿਨਾਂ ਵਿਚ ਸੂਰਜ ਅੰਸਤਣ ਤੋਂ ਲੈ ਕੇ ਸੂਰਜ ਦੇ ਚੜ੍ਹਨ ਤਕ ਲਗਾਤਾਰ ਪੜ੍ਹਦੇ ਰਹਿੰਦੇ ਸਨ। ਉਨ੍ਹਾਂ ਦੇ ਦਿਲ ਵਿਚ ਗਿਆਨ ਦੀ ਪ੍ਰਾਪਤੀ ਲਈ ਇਤਨੀ ਵੱਡੀ ਦਿਲੀ ਲਗਨ

ਸੀ ਕਿ ਉਹ ਵਿਦਿਆਰਥੀ ਜੀਵਨ ਲਈ ਲੋੜੀਦੀਆਂ ਸਹੂਲਤਾਂ ਵਲੋਂ ਬਿਲਕੁਲ ਹੀ ਬੇਧਿਆਨ ਹੋ ਜਾਂਦੇ ਸਨ ਅਤੇ ਇਨ੍ਹਾਂ ਦੀ ਕਦੇ ਕੋਈ ਪ੍ਰਵਾਹ ਨਹੀਂ ਸਨ ਕਰਦੇ। ਗਿਆਨ ਲਈ ਉਨ੍ਹਾਂ ਦੇ ਮਨੋਭਾਵ ਇਤਨੇ ਬਲਵਾਨ ਤੇ ਵੇਗਵਾਨ ਸਨ ਕਿ ਭੁੱਖ, ਤ੍ਰੇਹ ਅਤੇ ਸਰਦੀ ਗਰਮੀ ਦੀ ਉਨ੍ਹਾਂ ਨੇ ਕਦੀ ਕੋਈ ਪ੍ਰਵਾਹ ਨਹੀਂ ਸੀ ਕੀਤੀ। ਉਨ੍ਹਾਂ ਦੇ ਵਿਦਿਆਰਥੀ ਜੀਵਨ ਬਾਰੇ ਹਾਲੀ ਵੀ ਲਾਹੌਰ ਤੇ ਗੁਜਰਾਂਵਾਲੇ ਦੇ ਕਈ ਬੰਦੇ ਗੁਆਹ ਹਨ, ਜੋ ਇਹ ਦਸਦੇ ਹਨ ਕਿ ਇਸ ਪਵਿਤਰ ਆਤਮਾ (ਗੋਸੁਆਮੀ) ਨੇ ਦਿਨ ਤੇ ਰਾਤ ਇਕੱਲੇ ਹੀ ਆਪਣੇ ਉਦੇਸ਼ ਦੀ ਪ੍ਰਾਪਤੀ ਲਈ ਸੰਗਰਾਮ ਜਾਰੀ ਰਖਿਆ ਅਤੇ ਇਨ੍ਹਾਂ ਹਥਿਆਰਾਂ ਦੇ ਇਸ ਮੋਰਚੇ ਵਿਚ ਅਗੇ ਵਧਦੇ ਰਹੇ। ਭਾਵੇਂ ਇਸ ਦੇਸ਼ ਵਿਚ ਬ੍ਰਾਹਮਣਾਂ ਤੇ ਗ਼ਰੀਬਾਂ ਨੂੰ ਦਾਨ ਪੁੰਨ ਦੇਣ ਬਾਰੇ ਬੜੀਆਂ ਸ਼ੇਖੀਆਂ ਮਾਰੀਆਂ ਜਾਂਦੀਆਂ ਹਨ, ਫਿਰ ਵੀ ਇਸ ਗ਼ਰੀਬ ਵਿਦਿਆਰਥੀ ਨੇ ਕਈ ਕਈ ਦਿਨ ਭੁੱਖੇ ਤੇ ਮਸਤਾਨੇ ਰਹਿ ਕੇ ਆਪਣੀ ਗਿਆਨ ਪ੍ਰਾਪਤੀ ਦੀ ਇਸ ਸਾਧਨਾ ਨੂੰ ਜਾਰੀ ਰਖਿਆ। ਇਨ੍ਹਾਂ ਹਾਲਤਾਂ ਵਿਚ ਵੀ ਉਨ੍ਹਾਂ ਦੇ ਮੁਖੜੇ ਦੇ ਉਤੇ ਖੇੜਾ ਤੇ ਤਸੱਲੀ ਦੀ ਚਮਕ ਦਿਖਾਈ ਦਿੰਦੀ ਸੀ।

ਆਪਣੇ ਪਿਛਲੇਰੇ ਜੀਵਨ ਵਿਚ ਸੁਆਮੀ ਰਾਮ ਤੀਰਥ ਜੀ ਨੇ ਆਪਣੀ ਸਿਖਿਆ ਤੇ ਉਪਦੇਸਾਂ ਵਿਚ ਜਿਹੜੇ ਗਿਆਨ ਨੂੰ ਸਿੰਚਿਤ ਕੀਤਾ ਹੈ, ਉਹ ਬੜੀ ਕਰੜੀ ਸਾਧਨਾ ਤੇ ਸਖਤ ਮਿਹਨਤ ਨਾਲ ਤਿਲ ਤਿਲ ਕਰਕੇ ਇਕੱਠਾ ਕੀਤਾ ਗਿਆ ਹੈ। ਇਹ ਸਾਡੇ ਸਭ ਲਈ ਆਪਣੇ ਪਿਛੋਕੜ ਵਿਚ ਇਕ ਕਰੁਣ-ਕਥਾ ਵੀ ਲਈ ਬੈਠਾ ਹੈ, ਜੋ ਇਹ ਯਾਦ ਤਾਜ਼ਾ ਕਰਵਾ ਦਿੰਦਾ ਹੈ ਕਿ ਕਿਵੇਂ ਉਨ੍ਹਾਂ ਨੇ ਨਿਰਧਨਤਾ ਤੇ ਕੰਡਿਆਲੇ ਜੀਵਨ ਮਾਰਗ ਉਤੇ ਚਲ ਕੇ ਆਪਣੇ ਅੰਦਰ ਇਕ ਕਵੀ, ਦਰਸ਼ਨਵੇਤਾ, ਵਿਦਵਾਨ ਤੇ ਗਣਿਤ ਵਿਗਿਆਨੀ ਦੀ ਪ੍ਰਤਿਭਾ ਨੂੰ ਚਮਕਾਇਆ। ਜਦੋਂ ਗੌਰਮਿੰਟ ਕਾਲਜ ਦੇ ਪ੍ਰਿੰਸੀਪਲ ਨੇ ਆਪ ਦਾ ਨਾਮ ਸੂਬਾਈ ਸਰਕਾਰੀ ਸੇਵਾ ਲਈ ਭੇਜਣ ਦੀ ਸਿਫ਼ਾਰਸ਼ ਕੀਤੀ ਸੀ ਤਾਂ ਸੁਆਮੀ ਰਾਮ ਤੀਰਥ ਜੀ ਨੇ ਸਿਰ ਝੁਕਾ ਕੇ ਤੇ ਸੇਜਲ ਨੈਣਾਂ ਨਾਲ ਨਿਮਰਤਾ ਸਹਿਤ ਇਹ ਕਿਹਾ ਸੀ, ''ਸ੍ਰੀਮਾਨ ਜੀ, ਮੈਂ ਆਪਣੀ ਮਿਹਨਤ ਨਾਲ ਪੈਦਾ ਕੀਤੀ ਇਸ ਫ਼ਸਲ ਦੇ ਬੋਲ੍ਹ ਨੂੰ ਵੇਚਣ ਲਈ ਨਹੀਂ ਸਗੋਂ ਇਸ ਗਿਆਨ ਦੇ ਭੰਡਾਰੇ ਨੂੰ ਵੰਡਣ ਲਈ ਪੈਦਾ ਕੀਤਾ ਹੈ।'' ਇਸ ਲਈ ਉਹ ਇਕ ਕਾਰਜਕਾਰੀ ਅਧਿਕਾਰੀ ਬਣਨ ਦੀ ਥਾਂ ਅਧਿਆਪਕ ਬਣਨ ਨੂੰ ਵਧੇਰੇ ਤਰਜੀਹ ਦਿੰਦੇ ਸਨ।

ਵਿਦਿਆਰਥੀ ਜੀਵਨ ਦੇ ਸਮੇਂ ਤੋਂ ਹੀ ਸੁਆਮੀ ਰਾਮ ਤੀਰਥ ਜੀ ਆਪਣੇ ਆਲੇ ਦੁਆਲੇ ਤੋਂ ਬਿਲਕੁਲ ਨਿਰਲੇਪ ਹੋ ਜਾਂਦੇ ਸਨ ਅਤੇ ਮਹਾਨ ਆਤਮਾਵਾਂ ਨਾਲ ਉਨ੍ਹਾਂ ਦੀਆਂ ਪੁਸਤਕਾਂ ਰਾਹੀਂ ਸਬੰਧ ਜੋੜ ਲੈਂਦੇ ਸਨ। ਆਪਣੇ ਉਚੇ ਆਦਰਸ਼ਾਂ ਦੀ

ਭਾਲ ਵਿਚ ਪੂਰੀ ਤਰ੍ਹਾਂ ਮਗਨ ਤੇ ਲੀਨ ਹੋ ਕੇ ਉਹ ਨਾ ਸੱਜੇ ਵੇਖਦੇ ਤੇ ਨਾ ਖੱਬੇ। ਉਨ੍ਹਾਂ ਨੇ ਆਪਣੇ ਜੀਵਨ ਨੂੰ ਆਪਣੇ ਆਦਰਸ਼ਾਂ ਨਾਲ ਇਕਸੁਰ ਕਰ ਲਿਆ ਹੋਇਆ ਸੀ। ਉਹ ਸਾਰੇ ਵਿਅਕਤੀ ਜਿਹੜੇ ਉਨ੍ਹਾਂ ਨੂੰ ਵਿਦਿਆਰਥੀ ਜੀਵਨ ਦੇ ਦਿਨਾਂ ਤੋਂ ਹੀ ਜਾਣਦੇ ਸਨ, ਉਨ੍ਹਾਂ ਦੇ ਜੀਵਨ ਦੇ ਨੈਤਿਕ ਪੱਖ ਤੇ ਪਾਰਦਰਸ਼ੀ ਪਵਿੱਤ੍ਰਤਾ ਦੀ ਸਤਿਕਾਰ ਨਾਲ ਸਾਖੀ ਭਰਦੇ ਹਨ। ਆਪਣੇ ਵਿਦਿਆਰਥੀ ਜੀਵਨ ਵਿਚ ਹੀ ਸੁਆਮੀ ਰਾਮ ਜੀ ਦੇ ਜੀਵਨ ਦਾ ਅੰਤਰੀਵ ਵਿਕਾਸ ਹੋ ਰਿਹਾ ਸੀ। ਉਹ ਪੂਰਨਤਾ ਦੇ ਸੱਚੇ ਵਿਚ ਆਪਣੇ ਜੀਵਨ ਨੂੰ ਮੁੜ ਮੁੜ ਢਾਲ ਤੇ ਘੜ ਰਹੇ ਸਨ। ਉਹ ਆਪਣੇ ਜੀਵਨ ਦੇ ਮਾਡਲ ਦੀਆਂ ਰੇਖਾਵਾਂ ਨੂੰ ਛੈਣੀ ਨਾਲ ਛਿਲ ਤਰਾਸ਼ ਰਹੇ ਸਨ ਤਾਂ ਜੋ ਉਸ ਵਿਚਲਾ ਸੁੰਦਰ ਚਿਤਰ ਪ੍ਰਤਖ ਰੂਪ ਵਿਚ ਸਾਹਮਣੇ ਆ ਸਕੇ। ਚੰਗੇਰੇ ਤੋਂ ਹੋਰ ਚੰਗੇਰੇ ਵਲ ਇਸ ਤਰ੍ਹਾਂ ਉਨ੍ਹਾਂ ਦੇ ਜੀਵਨ ਦੀ ਤੋਰ ਨਿਤ ਮੰਜ਼ਲ ਵੱਲ ਅਗੇ ਵਧਦੀ ਰਹੀ। ਜਦੋਂ ਆਪ ਗਣਿਤ ਵਿਗਿਆਨ ਦੇ ਪ੍ਰੋਫ਼ੈਸਰ ਬਣ ਗਏ ਤਾਂ ਉਨ੍ਹਾਂ ਨੇ ਜਿਹੜੀ ਪਹਿਲੀ ਲਘੂ-ਪੁਸਤਕ ਲਿਖੀ ਉਸ ਦਾ ਨਾਮ ਸੀ ''ਗਣਿਤ ਵਿਗਿਆਨ ਕਿਵੇਂ ਪੜ੍ਹਿਆ ਜਾਵੇ।'' ਜਿਹੜੀ ਸਿਖਿਆ ਉਹ ਇਸ ਪੁਸਤਕ ਵਿਚ ਦਿੰਦੇ ਹਨ, ਉਹ ਇਹ ਹੈ ਕਿ ਗਣਿਤ ਦੇ ਵਿਦਿਆਰਥੀ ਨੂੰ ਆਪਣਾ ਪੇਟ ਭਾਰੀ ਖ਼ੁਰਾਕ, ਚਿਕਨਾਈ ਵਾਲੀਆਂ ਵਸਤਾਂ ਨਾਲ ਤੂਸ ਕੇ ਨਹੀਂ ਭਰ ਲੈਣਾ ਚਾਹੀਦਾ, ਇਸ ਨਾਲ ਤਾਂ ਹੋਣਹਾਰ ਵਿਦਿਆਰਥੀ ਦੀ ਬੁਧ ਵੀ ਮਾਂਦੀ ਪੈ ਜਾਂਦੀ ਹੈ, ਪਰ ਇਸ ਦੇ ਉਲਟ ਹਲਕੀ ਗ਼ਜ਼ਾ ਮਨੁੱਖ ਦੇ ਬੁਧ ਬਲ ਨੂੰ ਵਿਕਸਤ ਕਰਦੀ ਹੈ ਤੇ ਵਿਦਿਆਰਥੀ ਦੇ ਦਿਮਾਗ਼ ਵਿਚ ਸੁਤੰਤਰ ਸੋਚ ਲਈ ਉਤਸ਼ਾਹ ਪੈਦਾ ਕਰਦੀ ਹੈ। ਇਹੋ ਹੀ ਵਿਦਿਆਰਥੀ ਜੀਵਨ ਦੀ ਸਫ਼ਲਤਾ ਦਾ ਭੇਦ ਹੈ। ਉਨ੍ਹਾਂ ਦਾ ਇਹ ਕਥਨ ਹੈ ਕਿ ਮਨ ਦੀ ਪਵਿਤਰਤਾ ਵਿਦਿਆਰਥੀ ਜੀਵਨ ਲਈ ਲੋੜੀਂਦਾ ਇਕ ਹੋਰ ਜ਼ਰੂਰੀ ਤੱਤ ਹੈ, ਜਿਸ ਨਾਲ ਕੰਮ ਕਰਨ ਲਈ ਮਨੁੱਖੀ ਮਨ ਵਿਚ ਇਕਾਗਰਤਾ ਆਉਂਦੀ ਤੇ ਕੰਮ ਵਿਚ ਧਿਆਨ ਜੁੜਦਾ ਹੈ, ਇਸ ਇਕ ਤੱਤ ਦੀ ਅਣਹੋਂਦ ਵਿਚ ਵਿਦਿਆਰਥੀ ਦੇ ਮਨ ਨੂੰ ਉਚਿਤ ਦਸ਼ਾ ਵਿਚ ਗਤੀਸ਼ੀਲ ਰਖਣ ਲਈ ਹੋਰ ਕੋਈ ਵੀ ਜੁਗਤ ਕਾਰਗਰ ਸਿਧ ਨਹੀਂ ਹੋ ਸਕਦੀ।

ਇਸ ਪ੍ਰਕਾਰ ਉਨ੍ਹਾਂ ਨੇ ਇਸ ਛੋਟੀ ਜਿਹੀ ਪੁਸਤਕ ਵਿਚ ਆਪਣੇ ਜੀਵਨ ਅਨੁਭਵ ਦੇ ਬਹੁਮੁੱਲੇ ਉਪਦੇਸ਼ਾਂ ਨੂੰ ਬੜੇ ਸਰਲ ਤੇ ਸਪੱਸ਼ਟ ਸ਼ਬਦਾਂ ਵਿਚ ਅੰਕਤ ਕੀਤਾ ਹੈ। ਉਹ ਕੇਵਲ ਲਿਖਣ ਦੀ ਖ਼ਾਤਰ ਨਹੀਂ ਸਨ ਲਿਖਦੇ ਤੇ ਨਾ ਹੀ ਭਾਸ਼ਣ ਦੇਣ ਲਈ ਬੋਲਦੇ ਸਨ, ਸਗੋਂ ਉਹ ਉਸ ਸਮੇਂ ਹੀ ਆਪਣੀ ਕਲਮ ਨੂੰ ਚੁਕਦੇ ਅਤੇ ਉਦੋਂ ਹੀ ਆਪਣੇ ਬੁਲ੍ਹਾਂ ਨੂੰ ਖੋਲ੍ਹਦੇ ਜਦੋਂ ਉਨ੍ਹਾਂ ਨੇ ਲੋਕਾਂ ਨੂੰ ਕੁਝ ਦੇਣਾ ਹੁੰਦਾ ਸੀ।

ਸੁਆਮੀ ਦੇ ਰੂਪ ਵਿਚ ਅਸੀਂ ਉਨ੍ਹਾਂ ਨੂੰ ਦੈਵੀ ਅਨੁਭਵ ਵਿਚ ਵਿਚਰਦੇ ਵੇਖਦੇ ਹਾਂ। ਇਸ ਸਮੇਂ ਵਿਦਿਆਰਥੀ ਜੀਵਨ ਵਾਲਾ ਸੰਗ ਸੰਕੋਚ ਤੇ ਨਿਮਰਤਾ ਭਾਵ ਬਿਲਕੁਲ ਹੀ ਦਿਖਾਈ ਨਹੀਂ ਦਿੰਦਾ। ਉਨ੍ਹਾਂ ਦੀ ਆਵਾਜ਼ ਨੇ ਸ਼ਕਤੀਸ਼ਾਲੀ ਰੂਪ ਧਾਰਣ ਕਰ ਲਿਆ ਸੀ। ਉਨ੍ਹਾਂ ਦਾ ਆਚਰਣ ਪ੍ਰਭਾਵਸ਼ਾਲੀ ਬਣ ਚੁਕਾ ਸੀ। ਉਨ੍ਹਾਂ ਦੇ ਅਨੁਭਵ ਤੋਂ ਪ੍ਰੇਰਨਾ ਮਿਲਦੀ ਸੀ ਅਤੇ ਉਨ੍ਹਾਂ ਦੀ ਸਮੁਚੀ ਸ਼ਖ਼ਸੀਅਤ ਵਿਚ ਚੁੰਬਕੀ ਸ਼ਕਤੀ ਦੇ ਗੁਣ ਵਿਦਮਾਨ ਹੋ ਗਏ ਸਨ। ਉਨ੍ਹਾਂ ਦੀ ਆਪਣੀ ਹੋਂਦ ਆਲੇ ਦੁਆਲੇ ਦੇ ਵਾਤਾਵਰਣ ਨੂੰ ਹੀ ਮਨੋਹਰ ਬਣਾ ਦਿੰਦੀ ਸੀ। ਉਨ੍ਹਾਂ ਦੀ ਸੰਗਤ ਵਿਚ ਮਨ ਦੇ ਸੁਹਾਵਣੇ ਸੁਅਪਨ ਸੁੰਦਰ ਦ੍ਰਿਸ਼ਾਵਲੀ ਦਾ ਰੂਪ ਧਾਰਣ ਕਰ ਲੈਂਦੇ ਸਨ। ਇਕ ਪਲ ਵਿਚ ਉਨ੍ਹਾਂ ਦੀ ਸੁਹਿਰਦਤਾ ਸਰੋਤਿਆਂ ਦੇ ਨੈਣਾਂ ਵਿਚ ਹੰਝੂ ਲਿਆ ਦਿੰਦੀ ਸੀ ਅਤੇ ਦੂਜੇ ਪਲ ਉਹ ਕਿਸੇ ਉਚੇਰੀ ਸੰਤੁਸ਼ਟਤਾ ਵਿਚ ਮੁਸਕਰਾ ਰਹੇ ਹੁੰਦੇ ਸਨ। ਇਕ ਕਵੀ ਵਾਂਗ ਉਹ ਸਾਧਾਰਣ ਵਸਤਾਂ ਨੂੰ ਦੈਵੀ ਅਵਤਾਰਾਂ ਵਾਲੀ ਉਚਤਾ ਪ੍ਰਦਾਨ ਕਰ ਦਿੰਦੇ ਸਨ। ਉਨ੍ਹਾਂ ਦੀ ਛੁਹ ਮਾਤਰ ਨਾਲ ਕਈਆਂ ਵਿਚ ਕਵੀ ਜਾਗ ਉਠਦਾ ਸੀ, ਕਈਆਂ ਵਿਚ ਚਿਤਰਕਾਰ ਤੇ ਕਈ ਹੋਰਾਂ ਵਿਚ ਰਹੱਸਵਾਦੀ ਸੰਤ ਅਤੇ ਕਈ ਬੀਰਤਾ ਦੇ ਪੁੰਜ ਬਣ ਜਾਂਦੇ ਸਨ। ਜਨ ਸਾਧਾਰਣ ਉਨ੍ਹਾਂ ਦੀ ਪ੍ਰੇਰਣਾਸ਼ੀਲ ਛੁਹ ਨਾਲ ਉਤਸਾਹਤ ਮਹਿਸੂਸ ਕਰਦੇ ਸਨ ਅਤੇ ਉਨ੍ਹਾਂ ਨੂੰ ਇੰਝ ਪ੍ਰਤੀਤ ਹੁੰਦਾ ਸੀ, ਜਿਵੇਂ ਉਨ੍ਹਾਂ ਦੀ ਮਾਨਸਿਕ ਸ਼ਕਤੀ ਵਿਚ ਅਥਾਹ ਵਾਧਾ ਹੋ ਗਿਆ ਹੈ।

ਅਧਿਆਇ ਨੌਵਾਂ

ਪਰਬਤਾਂ ਅਤੇ ਇਕਾਂਤ ਨਾਲ ਪ੍ਰੇਮ

ਸੁਆਮੀ ਰਾਮ ਪਰਬਤਾਂ ਨੂੰ ਪ੍ਰੇਮ ਕਰਦੇ ਸਨ। ਉਨ੍ਹਾਂ ਨੇ ਗੰਗਾਂ ਦੀਆਂ ਬੰਦਰ ਪੂਛ ਬਰਫਾਂ ਨੂੰ ਪਾਰ ਕੀਤਾ ਅਤੇ ਜਮਨੋਤਰੀ ਤੇ ਪੁਜ ਕੇ ਉਹ ਫਿਰ ਗੰਗੋਤਰੀ ਦੇ ਵਿਚਾਲੇ ਦੀਆਂ ਸਭ ਹਿਮ ਧਾਰਾਂ ਉਤੇ ਵਿਚਰਦੇ ਰਹੇ। ਅਮਰੀਕਾ ਵਿਚ ਉਨ੍ਹਾਂ ਨੇ ਸ਼ਾਸਤਾ ਪਰਬਤ ਨੂੰ ਸਰ ਕੀਤਾ। ਅਮਰੀਕਾ ਤੋਂ ਵਾਪਸ ਆ ਕੇ ਉਹ ਫਿਰ ਸਹਸਰਾਕੂਰ ਤਾਲ ਦੀ ਉਚਾਈ ਤਕ ਪਹੁੰਚੇ, ਜਿਥੋਂ ਕਿ ਭੀਲਿੰਗ ਗੰਗਾ ਵਹਿੰਦੀ ਹੈ। ਸੁਆਮੀ ਰਾਮ ਜੀ ਆਪਣੇ ਵਿਦਿਆਰਥੀ ਜੀਵਨ ਵਿਚ ਸਰੀਰਕ ਤੌਰ ਤੇ ਬੜੇ ਕਮਜ਼ੋਰ ਤੇ ਪਤਲੇ ਸਨ, ਵਿਚ ਪਹਾੜਾਂ ਉਤੇ ਚੜ੍ਹਨ ਤੇ ਹਿਮਾਲਾ ਦੀਆਂ ਸਦੀਵੀ ਬਰਫਾਂ ਨੂੰ ਸਰ ਕਰਨ ਲਈ ਭਾਰੀ ਉਤਸ਼ਾਹ ਜਾਗ ਪਿਆ ਸੀ। ਇਥੋਂ ਤਕ ਕਿ ਉਹ ਉਚੀਆਂ ਬਰਫਾਨੀ ਸ਼ਿਖਰਾਂ ਉਤੇ ਜਾਣ ਲਗੇ ਬਹੁਤੇ ਚੰਗੇ ਕਪੜਿਆਂ ਵਿਚ ਵੀ ਨਹੀਂ ਸਨ ਹੁੰਦੇ ਤੇ ਕਈ ਵਾਰ ਤਾਂ ਨੰਗ ਮੁਨੰਗ ਹੀ ਹੁੰਦੇ ਸਨ, ਫਿਰ ਵੀ ਉਹ ਬਰਫਾਨੀ ਤੂਫ਼ਾਨਾਂ ਵਿਚ ਜਾ ਵੜਦੇ ਸਨ। ਇਸ ਤੋਂ ਪ੍ਰਗਟ ਹੁੰਦਾ ਹੈ ਕਿ ਆਤਮ ਸਾਧਨਾ ਤੋਂ ਉਪਰੰਤ ਉਨ੍ਹਾਂ ਅੰਦਰ ਇਕ ਅਬੁੱਝ ਜੀਵਨ ਚਿੰਗਿਆੜੀ ਤੀਬਰ ਪ੍ਰੇਰਨਾ ਦੇ ਰੂਪ ਵਿਚ ਮੱਘ ਰਹੀ ਸੀ। ਉਚੇ ਪਰਬਤਾਂ ਉਤੇ ਚੜ੍ਹਨਾ ਉਨ੍ਹਾਂ ਦੇ ਆਤਮਿਕ ਜੀਵਨ ਦਾ ਵੀ ਇਕ ਪ੍ਰਤੀਕ ਬਣ ਗਿਆ ਹੈ, ਜੋ ਇਸ ਗੱਲ ਦਾ ਸੂਚਕ ਹੈ ਕਿ ਹਿਮਾਲਾ ਦੀਆਂ ਅਨਾਦੀ ਤੇ ਬਿਮਲ ਹਿਮ ਸ਼ਿਖਰਾਂ ਨੂੰ ਚੁੰਮਣ ਲਈ ਉਨ੍ਹਾਂ ਦੀ ਆਤਮਾ ਵਿਚ ਕਿੰਨੀ ਪ੍ਰਬਲ ਤਾਂਘ ਮੌਜੂਦ ਸੀ ਅਤੇ ਇਸ ਨਾਲ ਉਨ੍ਹਾਂ ਨੂੰ ਕਿੰਨਾ ਅਨੰਦ ਪ੍ਰਾਪਤ ਹੁੰਦਾ ਸੀ।

ਪਹਾੜਾਂ ਤੋਂ ਹੇਠਾਂ ਉਤਰ ਕੇ ਜਦੋਂ ਉਹ ਲਖਨਊ ਪੁਜੇ ਤਾਂ ਉਥੇ ਉਨ੍ਹਾਂ ਦੀ ਉਸ ਸਮੇਂ ਦੀ ਇਕ ਫ਼ੋਟੋ ਮੌਜੂਦ ਹੈ। ਭਾਵੇਂ ਕੋਈ ਵੀ ਫ਼ੋਟੋ ਕਿਸੇ ਮਨੁੱਖ ਦੀ ਸਮੁਚੀ ਸਖਸ਼ੀਅਤ ਨੂੰ ਪੂਰਨ ਰੂਪ ਵਿਚ ਪ੍ਰਤਿਬਿੰਬਤ ਨਹੀਂ ਕਰ ਸਕਦੀ, ਫਿਰ ਵੀ ਉਨ੍ਹਾਂ ਦੀ ਇਸ ਫ਼ੋਟੋ ਤੋਂ ਪਤਾ ਲਗਦਾ ਹੈ ਕਿ ਕਿਵੇਂ ਹਿਮਾਲਾ ਪਰਬਤ ਦੀ ਨਿਰਮਲ ਬਰਫ ਦੀ ਚਮਕ ਉਨ੍ਹਾਂ ਦੇ ਸਾਰੇ ਮੁਖ ਮੰਡਲ ਤੇ ਲਹਿਰ ਰਹੀ ਹੈ। ਉਨ੍ਹਾਂ ਦਾ ਇਹ ਸਰੂਪ ਦੂਜੇ ਵਿਅਕਤੀਆਂ ਦੇ ਚਿਹਰਿਆਂ ਤੋਂ ਬਿਲਕੁਲ ਵਖਰਾ ਜਾਪਦਾ ਹੈ। ਉਨ੍ਹਾਂ ਦੀ

ਇਸ ਤਸਵੀਰ ਵਿਚ ਉਨ੍ਹਾਂ ਦੀਆਂ ਪੁੜਪੁੜੀਆਂ ਉਤੇ ਬਰਫ਼ਾਨੀ ਲਿਸ਼ਕ ਦਿਖਾਈ ਦਿੰਦੀ ਹੈ। ਉਨ੍ਹਾਂ ਦੇ ਨੈਣਾਂ ਵਿਚ ਅਦ੍ਰਿਸ਼ਟ ਕ੍ਰਿਸ਼ਨ ਆਵੇਸ਼ ਦੇ ਦ੍ਰਿਸ਼ ਨੂੰ ਤੱਕਿਆ ਜਾ ਸਕਦਾ ਹੈ।

ਹਿਮਾਲਾ ਪਰਬਤ ਵਿਚ ਨਿਵਾਸ ਰਖਣ ਸਮੇਂ ਉਨ੍ਹਾਂ ਨੇ ਕੁਝ ਪੱਤਰ ਲਿਖੇ ਸਨ, ਜਿਨ੍ਹਾਂ ਵਿਚੋਂ ਕੁਝ ਇਥੇ ਦਿਤੇ ਜਾ ਰਹੇ ਹਨ:-

ਗੰਗੋਤਰੀ,

ਸਤੰਬਰ, 1901

ਪਵਿੱਤਰ ਗੰਗਾ ਰਾਮ ਦਾ ਵਿਯੋਗ ਨਹੀਂ ਸੀ ਸਹਿ ਸਕਦੀ। ਇਕ ਮਹੀਨੇ ਦੀ ਗ਼ੈਰ ਹਾਜ਼ਰੀ ਪਿਛੋਂ ਉਸ ਨੇ ਫਿਰ ਰਾਮ ਨੂੰ ਆਪਣੇ ਵਲ ਖਿਚ ਲਿਆਂਦਾ ਹੈ। ਆਪਣੇ ਸ਼ਿਸ਼ਟਾਚਾਰ ਦੇ ਨਾਤੇ ਰਾਮ ਦੇ ਮਿਲਾਪ ਦੀ ਖ਼ੁਸ਼ੀ ਵਿਚ ਉਸ ਨੇ ਮਿੱਠੇ ਹੰਝੂ ਕੇਰੇ ਹਨ। ਗੰਗੋਤਰੀ ਦੇ ਸਥਾਨ ਉਤੇ ਪਿਆਰੀ ਗੰਗਾ ਦੀ ਅਛੂਹ ਸੁੰਦਰਤਾ ਤੇ ਮਨ-ਲੁਭਾਉਣੀਆਂ ਤਰੰਗਾਂ ਦਾ ਕੌਣ ਵਰਣਨ ਕਰ ਸਕਦਾ ਹੈ? ਗੰਗਾ ਨਦੀ ਦੇ ਹਮਜੋਲੀ ਚਿੱਟੇ ਪਰਬਤਾਂ ਤੇ ਦਿਉਦਾਰਾਂ ਦੇ ਸਿੱਧੇ ਉਚੇ ਬਿਰਛ ਬੜੇ ਪਸ਼ੰਸਾਯੋਗ ਤੇ ਰਮਣੀਕ ਹਨ। ਦਿਉਦਾਰ ਦੇ ਬਿਰਛ ਉਚੇ ਕੱਦ ਵਿਚ ਕਿਸੇ ਫ਼ਾਰਸੀ ਦੇ ਕਵੀ ਦੀ ਪਰੇਮ-ਮਲਿਕਾ ਨਾਲ ਸ਼ਰਤਾਂ ਲਾਉਂਦੇ ਹਨ ਅਤੇ ਉਨ੍ਹਾਂ ਦੀ ਭਿੰਨੀ ਪਵਨ ਮਨ ਨੂੰ ਉਤਸ਼ਾਹਤ ਕਰਦੀ, ਹੁਲਸਾਉਂਦੀ ਤੇ ਉਛਿਆਉਂਦੀ ਹੈ।

ਆਮ ਤੌਰ ਤੇ ਯਾਤਰੂ ਜਮਨੋਤਰੀ ਤੋਂ ਗੰਗੋਤਰੀ ਤਕ ਪੁਜਣ ਲਈ ਦਸ ਦਿਨ ਲਾਉਂਦੇ ਹਨ, ਪਰ ਰਾਮ ਜਮਨੋਤਰੀ ਤੋਂ ਤਿੰਨਾਂ ਦਿਨਾਂ ਵਿਚ ਹੀ ਗੰਗੋਤਰੀ ਪੁਜ ਗਿਆ। ਉਹ ਉਸ ਰਸਤੇ ਤੋਂ ਪੁਜਾ ਹੈ, ਜਿਸ ਉਤੇ ਹੇਠਾਂ ਮੈਦਾਨਾਂ ਤੋਂ ਆਏ ਕਿਸੇ ਵੀ ਮਨੁੱਖ ਨੂੰ ਲੰਘਣਾ ਨਸੀਬ ਨਹੀਂ ਹੋਇਆ। ਪਹਾੜੀ ਲੋਕ ਇਸ ਨੂੰ 'ਛਾਇਆਂ ਰਸਤਾ' ਆਖਦੇ ਹਨ। ਲਗਾਤਾਰ ਤਿੰਨ ਰਾਤਾਂ ਇਸ ਘਣੇ ਬਨਾਂ ਦੀਆਂ ਕੰਦਰਾਂ ਵਿਚ ਹੀ ਬੀਤੀਆਂ ਹਨ। ਰਾਹ ਵਿਚ ਕੋਈ ਢੋਕ ਜਾਂ ਕੁਟੀਆ ਨਜ਼ਰੀ ਨਹੀਂ ਪਈ। ਕੋਈ ਬੰਦਾ ਵੀ ਸਾਰੇ ਸਫ਼ਰ ਵਿਚ ਨਹੀਂ ਮਿਲਿਆ।

ਇਸ ਨੂੰ 'ਛਾਇਆਂ ਰਾਹ' ਇਸ ਲਈ ਕਹਿੰਦੇ ਹਨ, ਕਿਉਂਜੋ ਸਾਰੇ ਰਾਹ ਬਿਰਛਾਂ ਦੀ ਛਾਂ ਹੈ। ਸਾਰਾ ਰਸਤਾ ਬੱਦਲਾਂ ਨਾਲ ਘਿਰਿਆ ਰਹਿੰਦਾ ਹੈ। ਜਮਨੋਤਰੀ ਤੇ ਗੰਗੋਤਰੀ ਦੇ ਪਿੰਡਾਂ ਦੇ ਆਜੜੀ ਦੋ ਤਿੰਨ ਮਹੀਨੇ ਇਨ੍ਹਾਂ ਬਨਾਂ ਵਿਚ ਆਪਣੇ ਇਜੜਾਂ ਨੂੰ ਚਾਰਦੇ ਹਨ। ਬਰਫ਼ ਢੱਕੀਆਂ ਦੇ ਨੇੜੇ ਤੇੜੇ ਹੀ ਇਹ ਆਜੜੀ ਮਿਲਦੇ ਹਨ, ਜੋ ਬਾਂਦਰ ਪੂਛ ਤੇ ਹਨੂੰਮਾਨ ਮੁਖ ਦੇ ਸਥਾਨਾਂ ਨੂੰ ਇਕ ਦੂਜੇ ਨਾਲ ਜੋੜਦੀਆਂ

ਹਨ, ਇਹ ਦੋਵੇਂ ਸਥਾਨ ਇਨ੍ਹਾਂ ਦੋ ਪ੍ਰਸਿਧ ਨਦੀਆਂ ਜੋ ਦੋ ਭੈਣਾਂ ਦੇ ਰੂਪ ਵਿਚ ਹਨ, ਦੇ ਸਰੋਤ ਸਥਾਨ ਹਨ। ਇਸੇ ਲਈ ਇਹ ਰਸਤਾ ਲਭਿਆ ਗਿਆ ਹੈ। ਪਹਾੜੀ ਫੁੱਲਾਂ ਦੀ ਬਹੁਲਤਾ ਇਸ ਸਥਾਨ ਨੂੰ ਸੱਚਮੁਚ ਹੀ ਸੁਨਹਿਰੀ ਕਪੜੇ ਦਾ ਮੈਦਾਨ ਬਣਾ ਦਿੰਦੀ ਹੈ। ਇਥੇ ਪੀਲੇ, ਨੀਲੇ, ਊਦੇ ਜੰਗਲੀ ਫੂਲ ਬਹੁਤ ਵੱਡੀ ਗਿਣਤੀ ਵਿਚ ਮਿਲਦੇ ਹਨ। ਇਥੇ ਲਿਲੀ, ਖਿਨਫਸੇ, ਗੁਲਬਹਾਰ ਤੇ ਪੋਸਤ ਦੇ ਫੂਲ ਵੰਨ-ਸਵੰਨੇ ਹਨ। ਗੁੱਗਲ ਧੂਪ, ਮਮੀਰੀ ਜੋ ਨਾਨਾ ਪਿਆਰੇ ਰੰਗਾ ਦੇ ਪੌਦੇ ਹਨ, ਕੇਸਰ ਇਤਰਾਸੂ ਅਤੇ ਹੋਰ ਸਭ ਭਿੰਨੀ ਮਹਿਕ ਦੀਆਂ ਲਪਟਾਂ ਛਡਦੇ ਹਨ। ਭੇਰ ਗੱਡਾ, ਬ੍ਰਹਮ ਕੰਵਲ ਦੀਆਂ ਡੋਡੀਆਂ ਵਿਚ ਧੁੰਧ ਦੇ ਹਿੰਮ ਕਣ ਬੜੇ ਸੁੰਦਰ ਲਗਦੇ ਹਨ, ਇਹ ਸਭ ਮਿਲ ਕੇ ਇਸ ਸਥਾਨ ਨੂੰ ਮਾਤ ਲੋਕ ਤੇ ਦੇਵ ਲੋਕ ਦਾ ਨੰਦਨਬਨ ਬਣਾ ਦਿੰਦੇ ਹਨ।

ਇਹ ਭਿੰਨੀ ਮਹਿਕ ਦੀਆਂ ਲਪਟਾਂ ਥਾਂ ਪਰ ਥਾਂ ਇਸ ਤਰ੍ਹਾਂ ਆਉਂਦੀਆਂ ਤੇ ਜਾਂਦੀਆਂ ਸਨ ਕਿ ਰਾਮ ਨੂੰ ਇਹ ਮਧੁਰ ਸੰਗੀਤ ਦਾ ਲਹਿਰਾ ਜਾਪਦਾ ਸੀ। ਇਥੇ ਬੜੀ ਬਹੁਲਤਾ ਵਿਚ ਪਵਨ ਮਿੱਠੀ ਸੁਗੰਧੀ ਨਾਲ ਭਰੀ ਹੋਈ ਸੀ ਜੋ ਬੜੀ ਮਿੱਠੀ ਤੇ ਕੋਮਲ ਹੈ, "ਇਨੀ ਮਿੱਠੀ ਜਿਵੇਂ ਮਿਲਨ ਸਮੇਂ ਦੋ ਪ੍ਰੇਮੀਆਂ ਦੀਆਂ ਮੁਸਕਾਨਾਂ ਅਤੇ ਏਨੀ ਕੋਮਲ ਜਿਵੇਂ ਪ੍ਰੇਮੀਆਂ ਦੇ ਵਿਛੜਨ ਸਮੇਂ ਦੇ ਹੰਝੂ ਹੋਣ।" ਇਨ੍ਹਾਂ ਪਹਾੜਾਂ ਉਤੇ ਸੁੰਦਰ ਖੇਤ ਇਸ ਤਰ੍ਹਾਂ ਲਗਦੇ ਹਨ, ਜਿਵੇ ਸਜਾਵਟ ਲਈ ਗਲੀਚੇ ਵਿਛਾਏ ਹੋਏ ਹੋਣ। ਸ਼ਾਇਦ ਇਹ ਦੇਵਤਿਆਂ ਦੇ ਬ੍ਰਹਮ ਭੋਜ ਲਈ ਮੇਜ਼ ਅਤੇ ਨਾਚ ਲਈ ਮੰਡਪ ਦਾ ਕੰਮ ਦਿੰਦੇ ਹਨ! ਇਨ੍ਹਾਂ ਸੁਹਾਵਣੇ ਦ੍ਰਿਸ਼ਾਂ ਵਿਚ ਕਲ ਕਲ ਕਰਦੀਆਂ ਕੂਲ੍ਹਾਂ ਅਤੇ ਚਟਾਨਾਂ ਦੀਆਂ ਦੰਦੀਆਂ ਉਤੋਂ ਗਰਜਦੇ ਦਰਿਆਵਾਂ ਦੇ ਸ਼ੋਰ ਦੀਆਂ ਆਵਾਜ਼ਾਂ ਵੀ ਸੁਣਾਈ ਦਿੰਦੀਆਂ ਹਨ। ਕੁਝ ਖ਼ਾਸ ਚੋਟੀਆਂ ਦਾ ਦ੍ਰਿਸ਼ ਤਾਂ ਇਤਨਾ ਸੁਤੰਤਰ ਤੇ ਵਿਸ਼ਾਲ ਹੁੰਦਾ ਹੈ ਕਿ ਬਿਨਾਂ ਕਿਸੇ ਰੋਕ ਦੇ ਦੂਰੀ ਨੂੰ ਪਾਰ ਕਰ ਜਾਂਦਾ ਹੈ, ਇਥੋਂ ਤਕ ਕਿ ਕੋਈ ਇਕ ਬਦਲੋਟੀ ਵੀ ਇਸ ਦਾ ਰਾਹ ਨਹੀਂ ਰੋਕਦੀ। ਦ੍ਰਿਸ਼ਟੀ ਚਾਰ ਚੁਫੇਰੇ ਦੂਰ ਦੂਰ ਤਕ ਪਸਰ ਜਾਂਦੀ ਹੈ ਤੇ ਕੋਈ ਵੀ ਪਹਾੜੀ ਇਸ ਦੇ ਰਾਹ ਵਿਚ ਰੋਕ ਨਹੀਂ ਪਾਉਂਦੀ। ਕੁਝ ਬਹੁਤ ਉਚੀਆਂ ਸ਼ਾਨਦਾਰ ਚੋਟੀਆਂ ਤਾਂ ਆਪਣੇ ਜੋਸ਼ ਵਿਚ ਹੀ ਅਸਮਾਨ ਨੂੰ ਚੀਰ ਗਈਆਂ ਹਨ ਅਤੇ ਮਾਨੋ ਬੱਦਲ ਤਾਂ ਉਨ੍ਹਾਂ ਤਕ ਜਾਣਾ ਹੀ ਭੁਲ ਗਏ ਹਨ, ਇੰਝ ਜਾਪਦਾ ਹੈ ਕਿ ਜਿਵੇਂ ਉਹ ਧੁਰ ਆਕਾਸ਼ ਵਿਚ ਪੁਜ ਕੇ ਪਿਘਲ ਜਾਣਗੀਆਂ।

ਰਾਮ ਦਾ ਰਹਿਣਵਾਸ ਛੋਟੀ ਜਿਹੀ ਕੁਟੀਆ ਵਿਚ ਹੈ, ਜੋ ਪਹਾੜਾਂ ਦੀ ਰੰਗਸ਼ਾਲਾ ਵਿਚ ਘਿਰਿਆ ਹੋਇਆ ਹੈ ਅਤੇ ਜਿਸ ਦੇ ਆਲੇ ਦੁਆਲੇ ਇਕਾਂਤ ਕੁਦਰਤੀ ਉਪਬਨ ਹੈ, ਜਿਥੋਂ ਗੰਗਾ ਦਾ ਸੁੰਦਰ ਦ੍ਰਿਸ਼ ਵੇਖਣ ਯੋਗ ਹੈ।... ਇਥੇ ਰਾਮ ਬੂਟੀ ਬੜੀ ਬਹੁਤਾਤ ਵਿਚ ਉਗੀ ਹੋਈ ਹੈ। ਚਿੜੀਆਂ ਤੇ ਹੋਰ ਪੰਛੀ ਸਾਰਾ ਦਿਨ ਚਹਿਚਹਾਉਂਦੇ ਰਹਿੰਦੇ ਹਨ। ਜਲਵਾਯੂ ਬੜਾ ਲੁਭਾਉਣਾ ਹੈ। ਗੰਗਾ ਨਦੀ ਦਾ ਸੰਗੀਤ ਅਤੇ ਪੰਛੀਆਂ ਦੇ ਸਮੂਹਗਾਨ ਇਥੇ ਦੈਵੀ-ਲੀਲਾ ਰਚਾ ਛਡਦੇ ਹਨ। ਇਥੇ ਗੰਗਾ ਘਾਟੀ ਬੜੀ ਵਿਸ਼ਾਲ ਹੈ। ਗੰਗੀ ਵਿਸ਼ਾਲ ਮੈਦਾਨ ਵਿਚ ਵਹਿੰਦੀ ਹੈ, ਪਰ ਇਸ ਦੀ ਧਾਰਾ ਬੜੀ ਤੇਜ਼ ਹੈ। ਫਿਰ ਵੀ ਰਾਮ ਨੇ ਇਸ ਨੂੰ ਕਈ ਵਾਰ ਪਾਰ ਕੀਤਾ ਹੈ। ਕੇਦਾਰ ਤੇ ਬਦਰੀਨਾਥ ਨੇ ਰਾਮ ਬਾਦਸ਼ਾਹ ਨੂੰ ਬੜੇ ਪ੍ਰੇਮ ਨਾਲ ਆਪਣੇ ਕੋਲ ਆਉਣ ਦਾ ਸੱਦਾ ਦਿਤਾ ਹੈ। ਪਰ ਪਿਆਰੀ ਗੰਗੀ ਇਸ ਵਿਯੋਗ ਦੇ ਖ਼ਿਆਲ ਵਿਚ ਉਦਾਸ ਹੋ ਜਾਂਦੀ ਹੈ ਤੇ ਨਿਮੋਝੂਣ ਦਿਖਾਈ ਦਿੰਦੀ ਹੈ। ਰਾਮ ਉਸ ਨੂੰ ਗ਼ਮਗੀਨ ਤੇ ਉਦਾਸ ਨਹੀਂ ਵੇਖਣਾ ਚਾਹੁੰਦਾ।

ਸੁਮੇਰ ਯਾਤਰਾ

ਜਮਨੋਤਰੀ ਕੰਦਰਾ ਦੇ ਨਿਵਾਸ ਸਮੇਂ ਰਾਮ ਦੀ ਰੋਜ਼ਾਨਾ ਖੁਰਾਕ ਮਾਰਸ਼ਾ (ਪਹਾੜੀ ਅਨਾਜ) ਤੇ ਆਲੂ ਸੀ, ਜੋ ਉਹ ਚੌਵੀ ਘੰਟਿਆਂ ਵਿਚ ਇਕ ਵਾਰ ਖਾਂਦਾ। ਇਸ ਨਾਲ ਉਸ ਨੂੰ ਬਦਹਜ਼ਮੀ ਹੋ ਗਈ। ਬਿਮਾਰੀ ਦੇ ਚੌਥੇ ਦਿਨ ਅੰਮ੍ਰਿਤ ਵੇਲੇ ਤੱਤੇ ਚਸ਼ਮਿਆਂ ਵਿਚ ਇਸ਼ਨਾਨ ਕਰਕੇ ਉਹ ਸੁਮੇਰ ਦੀ ਯਾਤਰਾ ਉਤੇ ਤੁਰ ਪਿਆ, ਗਲ ਕੋਈ ਕਪੜਾ ਨਹੀਂ ਕੇਵਲ ਇਕ ਕੁਪੀਨ (ਲੰਗੋਟੀ) ਹੀ ਪਹਿਨੀ ਹੋਈ, ਨਾ ਪੈਰੀਂ ਜੁੱਤੀ, ਨਾ ਸਿਰ ਤੇ ਕੋਈ ਕਪੜਾ ਤੇ ਨਾ ਹੀ ਉਸ ਕੋਲ ਕੋਈ ਛੱਤਰੀ ਹੈ। ਪੰਜ ਤਕੜੇ ਜੁੱਸੇ ਵਾਲੇ ਪਹਾੜੀਏ ਗਰਮ ਕਪੜਿਆਂ ਵਿਚ ਉਸ ਦੇ ਨਾਲ ਜਾ ਰਹੇ ਹਨ। ਨਾਰਾਇਣ ਤੇ ਤੁਲਾ ਰਾਮ ਨੂੰ ਹੇਠਾਂ ਗੜਸਾਲੀ ਭੇਜ ਦਿਤਾ ਗਿਆ ਸੀ।

ਸ਼ੁਰੂ ਵਿਚ ਹੀ ਉਸ ਨੂੰ ਸ਼ਿਸ਼ੂ ਜਮਨਾ ਨੂੰ ਤਿੰਨ ਚਾਰ ਥਾਵਾਂ ਤੋਂ ਪਾਰ ਕਰਨਾ ਪਿਆ ਹੈ। ਫਿਰ ਜਮਨਾ ਘਾਟੀ ਇਕ ਵੱਡੇ ਬਰਫ ਦੇ ਤੋਦੇ ਨਾਲ ਰੁਕੀ ਪਈ ਹੈ ਜਿਸ ਦੀ ਉਚਾਈ ਕੋਈ 45 ਗਜ਼ ਦੇ ਕਰੀਬ ਹੈ ਅਤੇ ਲੰਮਾਈ ਡੇਢ ਫਰਲਾਂਗ ਦੇ ਕਰੀਬ। ਇਸ ਬਰਫ਼ ਦੇ ਤੋਦੇ ਦੇ ਦੋਹਾਂ ਸਿਰਿਆਂ ਤੇ ਉਚੀਆਂ ਪਹਾੜੀਆਂ ਦੀਆਂ ਸਿਧੀਆਂ ਦੀਵਾਰਾਂ ਖੜੀਆਂ ਹਨ। ਕੀ ਉਹ ਰਾਮ ਬਾਦਸ਼ਾਹ ਨੂੰ ਅਗੋਂ ਜਾਣੋਂ ਰੋਕਣ ਵਾਸਤੇ ਇਥੇ ਕੋਈ ਸਾਜ਼ਸ਼ ਰਚ ਰਹੀਆਂ ਹਨ? ਕੋਈ ਪਰਵਾਹ ਨਹੀਂ! ਚਟਾਨ ਵਰਗੀ ਮਜ਼ਬੂਤ ਇੱਛਾ ਸ਼ਕਤੀ ਅਗੇ ਕੋਈ ਵੀ ਰੋਕ ਠਹਿਰ ਨਹੀਂ ਸਕਦੀ। ਅਸੀਂ ਪੱਛਮ ਦੀ ਬਾਹੀ ਵਾਲੇ ਪਹਾੜ ਦੀ ਦੀਵਾਰ ਉਤੇ ਚੜ੍ਹਨ ਲਗ ਪਏ। ਕਈ ਥਾਵਾਂ

ਤੇ ਤਾਂ ਉਸ ਕੰਧ ਉਪਰ ਪੈਰ ਰਖਣ ਨੂੰ ਵੀ ਥਾਂ ਨਹੀਂ ਸੀ, ਸਾਨੂੰ ਸਹਾਰਾ ਲੈਣ ਲਈ ਖ਼ੁਸ਼ਬੂਦਾਰ ਤੇ ਕੰਡਿਆਲੇ ਗ਼ੁਲਾਬਾਂ ਦੀਆਂ ਟਹਿਣੀਆਂ ਨੂੰ ਪਕੜਨਾ ਪੈਂਦਾ ਸੀ ਅਤੇ ਥੋੜ੍ਹਾ ਜਿਹਾ ਸਹਾਰਾ ਪਹਾੜੀ ਘਾਹ, ਜਿਸ ਨੂੰ 'ਚਾ' ਕਹਿੰਦੇ ਹਨ, ਦੀਆਂ ਪੱਤੀਆਂ ਵਿਚ ਪੈਰਾਂ ਦੇ ਪੰਜਿਆਂ ਨੂੰ ਅੜਾ ਕੇ ਲੈਣਾ ਪੈਂਦਾ ਸੀ। ਕਈ ਵਾਰ ਤਾਂ ਮੌਤ ਦੀ ਦੰਦੀ ਉਤੇ ਹੀ ਖੜੇ ਸਾਂ। ਜਮਨਾ ਘਾਟੀ ਵਿਚ ਪਸਰੀ ਬਰਫ਼ ਦੀ ਡੂੰਘੀ ਖੱਡ ਵਿਚੋਂ ਜੇ ਕੋਈ ਵੀ ਡਿਗ ਕੇ ਮਰ ਜਾਂਦਾ ਤਾਂ ਉਸ ਨੂੰ ਇਕ ਸੋਹਣੀ ਕੱਬਰ ਦੇਣ ਲਈ ਤਿਆਰ ਖੜੀ ਸੀ। ਸਾਡੇ ਵਿਚੋਂ ਕਿਸੇ ਇਕ ਦਾ ਪੈਰ ਦੇ ਥੋੜ੍ਹਾ ਜਿਹਾ ਇਧਰ ਉਧਰ ਹੋਣ ਨਾਲ ਮੌਤ ਯਕੀਨੀ ਸੀ। ਹੇਠੋਂ ਧੀਮੀਂ, ਮਧਮ ਤੇ ਕਲ ਕਲ ਕਰਨ ਵਾਲੀ ਜਮਨਾ ਦੀ ਆਵਾਜ਼ ਸਾਡੇ ਕੰਨੀ ਪੈ ਰਹੀ ਸੀ, ਜੋ ਮਾਤਮੀ ਜਲੂਸ ਦੇ ਢਕੇ ਹੋਏ ਢੋਲ ਦੇ ਡਗੇ ਦੀ ਅਲਾਹੁਣੀ ਦੀ ਧੁੰਨ ਵਾਂਗ ਸੀ। ਇਸ ਤਰ੍ਹਾਂ ਅਸੀਂ ਮੌਤ ਦੀਆਂ ਦਾੜ੍ਹਾਂ ਵਿਚੋਂ ਹੀ ਲੰਘਦੇ ਜਾ ਰਹੇ ਸਾਂ; ਇੰਝ ਅਸੀਂ ਪੌਣਾ ਘੰਟਾ ਕਾਲ ਦੀ ਇਸ ਵਾਦੀ ਵਿਚੋਂ ਲੰਘਦੇ ਰਹੇ। ਬੜੀ ਅਜੀਬ ਹਾਲਤ ਸੀ, ਇਕ ਬੰਨੇ ਤਾਂ ਸਾਡੇ ਵਲ ਮੌਤ ਖੜੀ ਝਾਕ ਰਹੀ ਸੀ ਤੇ ਦੂਜੇ ਬੰਨੇ ਭਿੰਨੀ ਮਹਿਕ ਵਾਲੀ ਸੁਗੰਧਿਤ ਪਵਨ ਜੋ ਜੀਵਨ ਦਾਤੀ ਸੀ, ਸਾਡੇ ਸੁਆਗਤ ਲਈ ਖੜੀ ਸੀ। ਇਸ ਵਲੇਵੇਂ ਦਾਰ, ਜੋਖੋ ਵਿਚ ਪਾਉਣ ਵਾਲੇ ਖ਼ਤਰੇ ਨੂੰ ਸਹੇੜ ਕੇ ਅਸੀਂ ਛੇਕੜ ਉਸ ਬਰਫ਼ ਦੇ ਤੋਦੇ ਨੂੰ ਪਾਰ ਕਰ ਗਏ। ਇਥੇ ਆ ਕੇ ਜਮਨਾ ਨਦੀ ਸਾਡਾ ਸਾਥ ਛੱਡ ਗਈ। ਸਾਡੀ ਟੋਲੀ ਨੇ ਇਕ ਸਿੱਧੇ ਪਹਾੜ ਨੂੰ ਚੜ੍ਹਨਾ ਸ਼ੁਰੂ ਕੀਤਾ। ਕੋਈ ਸੜਕ ਨਹੀਂ ਸੀ, ਨਾ ਕੋਈ ਡੰਡੀ ਤੇ ਨਾ ਕੋਈ ਰਾਹ ਸੀ। ਫਿਰ ਇਕ ਘਣਾ ਜੰਗਲ ਆਇਆ, ਜਿਸ ਦੇ ਬਿਰਛਾਂ ਦੀਆਂ ਲਕੜੀਆਂ ਵੀ ਸਾਨੂੰ ਦਿਖਾਈ ਨਹੀਂ ਸਨ ਦਿੰਦੀਆਂ। ਰਾਮ ਦੇ ਸਰੀਰ ਨੂੰ ਕਈ ਝਰੀਟਾਂ ਆਈਆਂ। ਇਕ ਘੰਟੇ ਤੋਂ ਵੀ ਵੱਧ ਸੰਘਰਸ਼ ਪਿਛੋਂ ਅਸੀਂ ਇਸ ਸ਼ਾਹ ਬਲੂਤ ਤੇ ਬਰਚ ਬਿਰਛਾਂ ਵਿਚ ਪੁਜ ਗਏ, ਜਿਸ ਵਿਚ ਬਨਸਪਤੀ ਛੋਟੇ ਆਕਾਰ ਦੀ ਉਗੀ ਹੋਈ ਸੀ। ਸਾਰਾ ਵਾਤਾਵਰਣ ਬੜਾ ਉਤੇਜਨਾ ਭਰਪੂਰ ਸੀ ਤੇ ਚਾਰ ਚੁਫੇਰੇ ਭਿੰਨੀ ਖ਼ੁਸ਼ਬੂ ਪਸਰੀ ਹੋਈ ਸੀ। ਇਸ ਚੜ੍ਹਾਈ ਨੇ ਉਨ੍ਹਾਂ ਪਹਾੜੀ ਨੌਜਵਾਨਾਂ ਨੂੰ ਸਾਹੋ ਸਾਹੀ ਕਰ ਦਿਤਾ ਸੀ। ਰਾਮ ਨੂੰ ਵੀ ਇਹ ਇਕ ਚੰਗੀ ਕਸਰਤ ਮਹਿਸੂਸ ਹੋਈ। ਹਾਲੀ 80 ਡਿਗਰੀ ਦੀਆਂ ਢਲਾਨਾਂ ਨੂੰ ਅਤੇ ਇਸ ਤੋਂ ਵੀ ਵਧੇਰੇ ਉਚੀਆਂ ਚੜ੍ਹਾਈਆਂ ਨੂੰ ਸਰ ਕਰਨਾ ਬਾਕੀ ਸੀ। ਇਹ ਧਰਤੀ ਕਾਫ਼ੀ ਤਿਲਕਵੀਂ ਸੀ, ਪਰ ਆਲੇ ਦੁਆਲੇ ਬੜਾ ਸ਼ਾਨਦਾਰ ਨਜ਼ਾਰਾ ਪਸਰਿਆ ਹੋਇਆ ਸੀ। ਸੁੰਦਰ ਫੁੱਲ ਤੇ ਅਸੰਖ ਪੱਤੇ ਇਸ ਕਠੋਰ ਯਾਤਰਾ ਵਿਚ ਤੁਰਮ ਵਜਾ ਰਹੇ ਸਨ।

ਪਰ ਰਾਮ ਦੀ ਸਿਹਤ ਦਾ ਕੀ ਬਣਿਆਂ ਜੋ ਪਹਿਲਾ ਬੀਮਾਰ ਰਿਹਾ ਸੀ। ਉਸ ਦਿਨ ਉਹ ਬਿਲਕੁਲ ਨੌਂ-ਬਰ-ਨੌਂ ਹੋ ਗਿਆ, ਨਾ ਕੋਈ ਬਿਮਾਰੀ, ਨਾ ਥਕਾਨ ਤੇ ਨਾ ਕੋਈ ਹੋਰ ਗਿਲ੍ਹਾ-ਸ਼ਿਕਵਾ। ਕੋਈ ਵੀ ਪਹਾੜੀਆ ਉਸ ਤੋਂ ਅਗੇ ਨਾ ਲੰਘ ਸਕਿਆ। ਅਸੀਂ ਉਪਰ ਹੋਰ ਉਪਰ ਚੜ੍ਹਾਈ ਚੜ੍ਹਦੇ ਗਏ। ਸਾਡੇ ਵਿਚੋਂ ਹਰ ਕੋਈ ਭੁਖ ਮਹਿਸੂਸ ਕਰ ਰਿਹਾ ਸੀ, ਤਦੋਂ ਤਕ ਅਸੀਂ ਇਕ ਐਸੇ ਸਥਾਨ ਤੇ ਪੁਜ ਚੁਕੇ ਸਾਂ, ਜਿਥੇ ਮੀਂਹ ਨਹੀਂ ਪੈਂਦਾ, ਪਰ ਜਿਥੇ ਬਰਫ਼ ਬਹੁਤ ਡਿਗਦੀ ਹੈ।

ਇਨ੍ਹਾਂ ਨੰਗੀਆਂ ਤੇ ਤਿਖੀਆਂ ਚੋਟੀਆਂ ਉਤੇ ਬਨਸਪਤੀ ਦਾ ਕੋਈ ਨਿਸਾਨ ਨਜ਼ਰ ਨਹੀਂ ਸੀ ਪੈਂਦਾ। ਸਾਡੇ ਉਥੇ ਪੁਜਣ ਤੋਂ ਕੁਝ ਚਿਰ ਪਹਿਲਾਂ ਬਰਫ਼ ਪੈ ਕੇ ਹਟੀ ਸੀ।

ਇਕ ਵਡੇ ਪੱਥਰ ਦੀ ਸਿਲ ਉਤੇ ਰਾਮ ਲਈ ਲਾਲ ਕੰਬਲ ਵਿਛਾ ਦਿਤਾ ਗਿਆ। ਰਾਤ ਦੇ ਉਬਲੇ ਹੋਏ ਆਲੂ ਉਸ ਨੂੰ ਖਾਣ ਲਈ ਦਿਤੇ ਗਏ। ਸਾਥੀਆਂ ਨੇ ਆਪਣਾ ਰੁੱਖਾ ਸੁੱਖਾ ਖਾਣਾ ਬੜਾ ਸ਼ੁਕਰ ਕਰਕੇ ਖਾਧਾ।

... ਰੋਟੀ ਖਾਣ ਪਿਛੋਂ ਅਸੀਂ ਫਿਰ ਚੜ੍ਹਾਈ ਚੜ੍ਹਨ ਲਈ ਤਿਆਰ ਹੋ ਗਏ। ਧੀਰੇ ਧੀਰੇ ਅਸੀਂ ਉਪਰ ਨੂੰ ਚੜ੍ਹਾਈ ਚੜ੍ਹਦੇ ਗਏ। ਇਕ ਨੌਜਵਾਨ ਥਕ ਕੇ ਡਿਗ ਪਿਆ, ਉਸ ਦੀ ਛਾਤੀ ਤੇ ਜੰਘਾਂ ਅਗੇ ਤੁਰਨ ਤੋਂ ਜਵਾਬ ਦੇ ਗਈਆਂ, ਉਸ ਨੇ ਸਿਰ ਭਾਰਾ ਹੋਣ ਦੀ ਵੀ ਸ਼ਿਕਾਇਤ ਕੀਤੀ। ਉਸ ਵੇਲੇ ਉਸ ਨੂੰ ਉਥੇ ਇੱਕਲਿਆਂ ਛੱਡ ਦਿਤਾ ਗਿਆ। ਥੋੜ੍ਹਾ ਹੋਰ ਅਗੇ ਜਾ ਕੇ ਇਕ ਹੋਰ ਸਾਥੀ ਬੇਹੋਸ਼ ਹੋ ਕੇ ਡਿਗ ਪਿਆ। ਕਹਿਣ ਲਗਾ, 'ਮੇਰਾ ਸਿਰ ਘੁੰਮ ਰਿਹਾ ਹੈ।' ਉਸ ਨੂੰ ਵੀ ਹਾਲ ਦੀ ਘੜੀ ਉਥੇ ਛੱਡ ਦਿਤਾ ਗਿਆ। ਬਾਕੀ ਜਣੇ ਅਸੀਂ ਅਗੇ ਤੁਰਦੇ ਗਏ। ਥੋੜਾ ਚਿਰ ਪਿਛੋਂ ਇਕ ਹੋਰ ਸਾਥੀ ਡਿਗ ਪਿਆ। ਉਸ ਦੀ ਨਕਸੀਰ ਫੁਟ ਗਈ। ਦੋ ਆਦਮੀਆਂ ਨੂੰ ਨਾਲ ਲੈ ਕੇ ਰਾਮ ਅਗੇ ਤੁਰਦਾ ਗਿਆ।

ਤਿੰਨ ਸੁੰਦਰ ਪਹਾੜੀ ਮਿਰਗ ਬਰਾੜ ਕੋਲੋਂ ਤੇਜ਼ੀ ਨਾਲ ਲੰਘ ਗਏ।

ਚੌਥੇ ਸਾਥੀ ਦੀਆਂ ਟੰਗਾਂ ਲੜਖੜਾਣ ਲਗ ਪਈਆਂ ਅਤੇ ਉਹ ਵੀ ਬਰਫ਼ ਢੱਕੇ ਪੱਥਰਾਂ ਉਤੇ ਲੇਟ ਗਿਆ। ਜਿਥੇ ਉਹ ਬੰਦਾ ਪਿਆ ਸੀ, ਉਥੇ ਪਾਣੀ ਦੀ ਤਿਪ ਵੀ ਦਿਖਾਈ ਨਹੀਂ ਸੀ ਦਿੰਦੀ, ਪਰ ਉਸ ਪੱਥਰ ਹੇਠੋਂ ਪਾਣੀ ਦੇ ਰਿਸਣ ਦੀ ਮਧਮ ਜਿਹੀ ਆਵਾਜ਼ ਸੁਣਾਈ ਦੇ ਰਹੀ ਸੀ। ਹਾਲੀ ਵੀ ਇਕ ਬ੍ਰਾਹਮਣ ਰਾਮ ਦੇ ਨਾਲ ਸੀ, ਉਸ ਨੇ ਲਾਲ ਕੰਬਲ, ਦੂਰਬੀਨ, ਹਰੀਆਂ ਐਣਕਾਂ ਅਤੇ ਟਕੂਆ ਚੁਕਿਆ ਹੋਇਆ ਸੀ। ਸਾਹ ਲੈਣ ਲਈ ਪਵਨ ਬਹੁਤ ਹੀ ਹਲਕੀ ਸੀ। ਅਚੰਭੇ ਦੀ ਗੱਲ ਇਹ ਸੀ ਕਿ ਸਾਡੇ ਸਿਰਾਂ ਉਪਰ ਦੋ ਗਰੜ ਉਡ ਰਹੇ ਸਨ। ਪੁਰਾਣੀ ਪਈ ਬਰਫ਼

ਜਿਸ ਦਾ ਰੰਗ ਗੂੜ੍ਹਾ ਨੀਲਾ ਸੀ, ਦੀ ਮੁਸ਼ਕਿਲ ਢਲਾਨ ਅਜੇ ਚੜ੍ਹਨੀ ਰਹਿੰਦੀ ਸੀ। ਉਸ ਤਿਲਕਵੀਂ ਢਲਾਨ ਵਿਚ ਮੇਰਾ ਸਾਥੀ ਟਕੂਏ ਨਾਲ ਬਰਫ਼ ਕਟ ਕਟ ਕੇ ਪੈਰ ਧਰਨ ਲਈ ਰਾਹ ਬਣਾਉਣ ਲਗ ਪਿਆ। ਪਰ ਪੁਰਾਣੀ ਬਰਫ਼ ਸ਼ਿਲ੍ਹਾ ਏਨੀ ਮਜ਼ਬੂਤ ਸੀ ਕਿ ਟਕੂਆ ਟੁੱਟ ਗਿਆ। ਉਸੇ ਵੇਲੇ ਸਾਨੂੰ ਬਰਫ਼ ਦੇ ਤੂਫ਼ਾਨ ਨੇ ਘੇਰ ਲਿਆ। ਨਾਲ ਦੇ ਸਾਥੀ ਦੇ ਅਫ਼ਸੋਸੇ ਦਿਲ ਨੂੰ ਰਾਮ ਨੇ ਹੌਸਲਾ ਦਿਤਾ ਅਤੇ ਭਰੋਸਾ ਦਿਵਾਇਆ ਕਿ ਇਸ ਹਿਮ ਪਾਤ ਵਿਚ ਕੁਦਰਤ ਸਾਨੂੰ ਹਾਨੀ ਪੁਚਾਉਣ ਦੀ ਥਾਂ ਸਾਡਾ ਭਲਾ ਕਰ ਰਹੀ ਹੈ। ਇਹ ਇਸੇ ਤਰ੍ਹਾਂ ਹੀ ਹੋਇਆ। ਇਸ ਤਾਜ਼ਾ ਪਈ ਬਰਫ਼ ਨੇ ਅਗੇ ਤੁਰਨ ਲਈ ਸੌਖ ਕਰ ਦਿਤਾ। ਹੇਠੋਂ ਤਿਖੀਆਂ ਐਲਪਾਈਨ ਦੀਆਂ ਸੋਟੀਆਂ ਦੀ ਸਹਾਇਤਾ ਨਾਲ ਅਸੀਂ ਬਰਫ਼ ਦੀ ਢਲਾਨ ਉਪਰ ਚੜ੍ਹਦੇ ਗਏ। ਕੀ ਵੇਖਦੇ ਹਾਂ ਕਿ ਸਾਡੇ ਸਾਹਮਣੇ ਇਕ ਵਿਸ਼ਾਲ, ਪਧਰਾ, ਮੀਲਾਂ ਤਕ ਪਸਰਿਆ ਹੋਇਆ, ਅੱਖਾਂ ਨੂੰ ਚੁੰਧਿਆ ਦੇਣ ਵਾਲਾ ਬਰਫ਼ ਦਾ ਮੈਦਾਨ ਹੈ। ਚਾਰ ਚੁਫੇਰੇ ਜਗਮਗਾਉਂਦਾ ਚਾਂਦੀ ਰੰਗਾ ਬਰਫ਼ ਦਾ ਚਮਕੀਲਾ ਫ਼ਰਸ਼ ਵਿਛਿਆ ਹੋਇਆ ਸੀ। ਖ਼ੁਸ਼ੀ! ਖ਼ੁਸ਼ੀ! ਇਹ ਤਾਂ ਸਾਫ਼ ਸ਼ਫ਼ਾਫ਼ ਖੀਰ ਸਾਗਰ ਹੈ, ਬੜਾ ਸ਼ਾਨਦਾਰ, ਅਦਭੁਤ, ਪਰਮਸੁੰਦਰ, ਵਿਸਮਾਦੀ ਅਨੰਦ ਦੇਣ ਵਾਲਾ। ਰਾਮ ਦੀ ਖ਼ੁਸ਼ੀ ਦੀ ਕੋਈ ਹਦ ਨਾ ਰਹੀ। ਹੁਣ ਉਹ ਪੂਰੇ ਜ਼ੋਰ ਨਾਲ ਉਸ ਹਿਮ ਖੰਡ ਉਤੇ ਦੌੜਨ ਲਗਾ। ਉਸ ਨੇ ਲਾਲ ਕੰਬਲ ਦੀ ਬੁਕਲ ਮਾਰੀ ਹੋਈ ਸੀ ਅਤੇ ਪੈਰੀਂ ਕੈਨਵਸ ਦੇ ਬੂਟ ਪਾਏ ਹੋਏ ਸਨ।

ਇਸ ਵੇਲੇ ਹੋਰ ਕੋਈ ਸਾਥੀ ਉਸ ਦੇ ਨਾਲ ਨਹੀਂ ਸੀ। ਅੰਤ ਉਸ ਦੀ ਹੰਸ-ਆਤਮਾ ਇਕੱਲੀ ਹੀ ਉਡਾਰੀਆਂ ਮਾਰ ਰਹੀ ਸੀ। (ਉਰਦੂ ਵਿਚੋਂ)

ਉਹ ਤਿੰਨ ਮੀਲ ਦੀ ਦੂਰੀ ਤਕ ਬਰਫ਼ ਉਤੇ ਤੁਰਦਾ ਰਿਹਾ। ਕਈ ਵਾਰ ਤਾਂ ਜੰਘਾਂ ਬਰਫ਼ ਵਿਚ ਖੁੱਭ ਜਾਂਦੀਆਂ ਸਨ ਅਤੇ ਪੂਰਾ ਜ਼ੋਰ ਲਾ ਕੇ ਬਾਹਰ ਨਿਕਲਣਾ ਪੈਂਦਾ ਸੀ। ਆਖ਼ਰਕਾਰ ਰਾਮ ਬਰਫ਼ ਦੇ ਟਿਲੇ ਉਤੇ ਕੰਬਲ ਵਿਛਾ ਕੇ ਬੈਠ ਗਿਆ। ਉਹ ਇਕੱਲਾ ਹੀ ਉਥੇ ਬੈਠਾ ਸੀ; ਦੁਨੀਆਂ ਦੇ ਸ਼ੋਰ ਸ਼ਰਾਬੇ ਤੋਂ ਬਹੁਤ ਦੂਰ ਤੇ ਬਹੁਤ ਉਚੇਰਾ, ਜਿਥੇ ਚੁਰਾਸੀ ਦੇ ਗੇੜ ਵਾਲੀ ਨਾ ਕੋਈ ਆਸਾ ਸੀ ਤੇ ਨਾ ਕੋਈ ਤ੍ਰਿਸ਼ਨਾ। ਇਥੇ ਪਰਮ ਸ਼ਾਂਤੀ ਦਾ ਪਹਿਰਾ ਸੀ। ਇਥੇ ਕਿਸ ਸ਼ਕਤੀ ਦੀ ਵਾਸਾ ਹੈ? ਅਨੰਦ ਘਨਘੋਰ ਦੇ ਸਰੋਦ ਤੋਂ ਬਿਨਾਂ ਇਥੇ ਕੋਈ ਨਾਦ ਸੁਣਾਈ ਨਹੀਂ ਦਿੰਦਾ। ਧੁਰੋਂ ਵਰੋਸਾਈ ਹੋਈ ਸ਼ਾਂਤ ਚਿਤ, ਪੁਨੀਤ ਇਕਾਂਤ!

ਮੇਘਲੇ ਦਾ ਪਰਦਾ ਕੁਝ ਥੋੜ੍ਹਾ ਪਤਲਾ ਪੈ ਗਿਆ। ਸੂਰਜ ਦੀਆਂ ਕਿਰਣਾਂ ਉਸ ਵਿਚੋਂ ਛਣ ਕੇ ਹੇਠਾਂ ਪੈਣ ਲਗੀਆਂ, ਦ੍ਰਿਸ਼ ਬਦਲ ਗਿਆ। ਚਾਂਦੀ ਰੰਗੀ ਚਿੱਟੀ ਬਰਫ਼

ਹੁਣ ਸੋਨੇ ਰੰਗੀ ਭਾਹ ਮਾਰ ਕੇ ਜਗਮਗਾ ਰਹੀ ਸੀ। ਇਸੇ ਲਈ ਹੀ ਸ਼ਾਇਦ ਸੁਮੇਰ ਪਰਬਤ ਇਸ ਦਾ ਢੁਕਵਾਂ ਨਾਂ ਹੈ, ਜਿਸ ਦਾ ਅਰਥ ਹੈ ਸੋਨੇ ਦਾ ਪਰਬਤ।

ਸੰਸਾਰ ਦੇ ਲੋਕੋ! ਕਿਸੇ ਵੀ ਸੁੰਦਰੀ ਦੇ ਚਿਹਰੇ ਦਾ ਸੂਹਾ ਖੇੜਾ ਨਾ ਕੋਈ ਉਸ ਦੇ ਪਹਿਨੇ ਸੁੰਦਰ ਅਲੰਕਾਰ ਜਾਂ ਗਹਿਣੇ, ਨਾ ਹੀ ਕੋਈ ਸੁੰਦਰ ਮੋਤੀ ਮਹਿਲ ਇਸ ਸੁਮੇਰ ਪਰਬਤ ਦੀ ਉਚਤਮ ਸੁੰਦਰਤਾ ਦਾ ਕਿਣਕਾ ਮਾਤਰ ਭਾਗ ਵੀ ਹੋ ਸਕਦੇ ਹਨ। ਜਦੋਂ ਤੁਸੀਂ ਆਪਣੇ ਵਾਸਤਵਿਕ ਆਪੇ (ਆਤਮਾ) ਦੀ ਪਛਾਣ ਕਰਕੇ ਉਸ ਦੀ ਅਨੁਭੂਤੀ ਪ੍ਰਾਪਤ ਕਰ ਲਵੋਗੇ ਤਾਂ ਇਸ ਤਰ੍ਹਾਂ ਦੇ ਅਸੰਖ ਸੁਮੇਰ ਤੁਹਾਡੇ ਆਪਣੇ ਅੰਦਰ ਆ ਜਾਣਗੇ। ਸਾਰੀ ਪ੍ਰਕਿਰਤੀ ਤੁਹਾਡਾ ਪਾਣੀ ਭਰੇਗੀ। ਨੀਲੇ ਆਕਾਸ਼ ਤੋਂ ਲੈ ਕੇ ਹਰਿਆਲੀ ਧਰਤੀ ਤਕ ਮਿੱਟੀ ਦਾ ਹਰ ਢੇਲਾ ਅਤੇ ਇਸ ਸ੍ਰਿਸ਼ਟੀ ਦੇ ਸਭ ਪ੍ਰਾਣਧਾਰੀ ਜੀਵ-ਜੰਤੂ ਉਕਾਬ ਤੋਂ ਲੈ ਕੇ ਨਿੱਕੀ ਛਛੂੰਦਰ ਤਕ, ਤੁਹਾਨੂੰ ਸ਼ਰਧਾ ਦੇ ਫੁੱਲ ਭੇਟ ਕਰਨਗੇ। ਕੋਈ ਵੀ ਦੇਵਤਾ ਤੁਹਾਡੀ ਅਵੱਗਿਆ ਨਹੀਂ ਕਰੇਗਾ।

ਭੀਮ ਤਾਲ

ਟੀਹਰੀ ਤੋਂ ਕੂਚ ਕਰਕੇ ਅੱਜ ਉਹ ਅਨੰਦ ਦਾਇਕ ਯਾਤਰਾ ਸੰਪੂਰਨ ਹੋ ਗਈ ਹੈ। ਇਹ ਯਾਤਰਾ ਉਤਰ ਖੰਡ ਦੀਆਂ ਪਹਾੜੀਆਂ ਦੇ 600 ਮੀਲ ਦਾ ਸਫਰ ਸੀ।

ਹੁਣ ਦੁਪਹਿਰ ਹੋ ਗਈ ਹੈ। ਭੀਮ ਤਾਲ ਦੀ ਵਿਸ਼ਾਲ ਝੀਲ ਚਮਕ ਰਹੇ ਸੂਰਜ ਦੀਆਂ ਸੁਨਹਿਰੀ ਰਿਸ਼ਮਾਂ ਨਾਲ ਜਗਮਗਾ ਰਹੀ ਹੈ। ਇਸ ਦੇ ਆਲੇ ਦੁਆਲੇ ਦੀਆਂ ਪਹਾੜੀਆਂ ਮੁਟਿਆਰਾਂ ਦੇ ਰੂਪ ਵਿਚ ਆਪਣੇ ਚਿਹਰਿਆਂ ਨੂੰ ਸਾਵੀ ਸ਼ਾਲ ਨਾਲ ਢਕੀ ਖੜੀਆਂ ਹਨ।

ਇਕ ਚਿੱਟੇ ਰੰਗ ਦਾ ਛੋਟਾ ਮਛੂਆ ਰਾਮ ਨੂੰ ਇਸ ਸ਼ਾਂਤ ਝੀਲ ਦੇ ਪਧਰੇ ਪਾਣੀਆਂ ਉਤੇ ਲੈ ਕੇ ਤਰ ਰਿਹਾ ਹੈ ਅਤੇ ਇੰਞ ਜਾਪ ਰਿਹਾ ਹੈ ਕਿ ਜਿਵੇਂ ਮਹਾਂਦੇਵ ਜੀ ਦੇ ਮਥੇ ਦਾ ਏਕਮ ਦਾ ਚੰਦਰ ਹੋਵੇ।

ਜਦੋਂ ਅਮਰੀਕਾ ਤੋਂ ਪਰਤਣ ਪਿਛੋਂ ਸੁਆਮੀ ਰਾਮ ਤੀਰਥ ਜੀ ਹਿਮਾਲਾ ਪਰਬਤ ਉਤੇ ਮੁੜ ਪੁਜੇ ਤਾਂ ਉਨ੍ਹਾਂ ਨੇ ਉਥੋਂ ਇਹ ਪੱਤਰ ਲਿਖਿਆ ਸੀ

ਵਸ਼ਿਸ਼ਟ ਆਸ਼ਰਮ

ਇਸ ਸ਼ਾਮ ਬਰਖਾ ਥੰਮ ਚੁਕੀ ਹੈ। ਬੱਦਲ ਸਭ ਪ੍ਰਕਾਰ ਦੇ ਵਚਿਤਰ ਰੂਪ ਧਾਰਣ ਕਰ ਰਹੇ ਹਨ ਅਤੇ ਇਹ ਕਿਤੇ ਘਣੇ ਹਨ, ਕਿਤੇ ਪਤਲੇ। ਇਹ ਵਖ ਵਖ ਦਿਸ਼ਾਵਾਂ ਵਿਚ ਫੈਲ ਰਹੇ ਹਨ। ਪ੍ਰਕਾਸ਼ ਪਾਣੀ ਵਿਚ ਝਲਕਾਰੇ ਮਾਰ ਰਿਹਾ ਹੈ ਅਤੇ ਬਾਹਰ ਪ੍ਰਤੀਬਿੰਬਤ ਵੀ ਹੋ ਰਿਹਾ ਹੈ, ਜਿਸ ਨਾਲ ਇਹ ਸਾਰਾ ਦ੍ਰਿਸ਼ ਬੜਾ ਸ਼ਾਨਦਾਰ ਤੇ ਜਲੌ ਭਰਪੂਰ ਬਣ ਗਿਆ ਹੈ। ਆਕਾਸ਼ ਦੇ ਬੱਚਿਆਂ ਨੇ ਆਪਣੀ ਖੇਡ ਨੂੰ ਜਾਰੀ

ਰਖਣ ਲਈ ਰੰਗ ਬਰੰਗੇ ਅਤੇ ਮਨਮੋਹਣੇ ਬਸਤਰ ਪਹਿਨ ਲਏ ਹਨ। ਕੀ ਕੋਈ ਚਿੱਤਰਕਾਰ ਇਸ ਬਦਲ ਰਹੇ ਰੰਗਾਂ ਦੇ ਸੁਹਾਂਗਲੇ ਵਰਤਾਰੇ ਨੂੰ ਚਿਤਰ ਸਕਦਾ ਹੈ, ਜਾਂ ਕੋਈ ਨਿਰੀਖਕ ਇਸ ਸਾਰੀ ਰੰਗ ਲੀਲਾ ਦਾ ਨਿਰੀਖਣ ਇਨ ਬਿਨ ਰੂਪ ਵਿਚ ਕਰ ਸਕਦਾ ਹੈ? ਜਿਧਰ ਵੀ ਤੱਕੋ, ਤੁਹਾਡੇ ਨੈਣ ਸੰਗਤਰੀ, ਊਦੇ, ਕਾਸ਼ਨੀ ਤੇ ਗੁਲਾਬੀ ਰੰਗਾਂ ਦੇ ਅਦਭੁਤ ਦ੍ਰਿਸ਼ਾਂ ਨਾਲ ਖੀਵੇ ਹੋ ਜਾਂਦੇ ਹਨ। ਇਸ ਰੰਗ ਬਰੰਗੀ ਲੀਲਾ ਦੇ ਦੁਆਲੇ ਨੀਲੀ ਪਿਠ ਭੂਮੀ ਪਸਰੀ ਹੋਈ ਹੈ। ਇਸ ਚਮਕੀਲੇ ਤੇ ਸ਼ਾਨਦਾਰ ਨਜ਼ਾਰੇ ਨੇ ਰਾਮ ਨੂੰ ਅਨੰਦ ਦੀ ਅਵਸਥਾ ਵਿਚ ਲੈ ਆਂਦਾ ਹੈ ਅਤੇ ਉਸ ਦੇ ਨੈਣਾਂ ਵਿਚੋਂ ਖ਼ੁਸ਼ੀ ਦੇ ਹੰਝੂ ਵਹਿ ਤੁਰੇ ਹਨ। ਬੱਦਲ ਛੱਡ ਗਏ ਹਨ, ਪਰ ਆਪਣੇ ਪਿਛੇ ਇਕ ਸਦੀਵੀ ਸੰਦੇਸ਼ ਛੱਡ ਗਏ ਹਨ। ਉਹ ਪ੍ਰਭੂ ਦੇ ਦੇਸ਼ ਵਿਚੋਂ ਅੰਮ੍ਰਿਤ ਕਟੋਰਾ ਭਰ ਕੇ ਲਿਆਏ ਸਨ ਅਤੇ ਹੁਣ ਫਿਰ ਵਾਪਸ ਉਸੇ ਦੇਸ਼ ਪਰਤ ਗਏ ਹਨ। ਵਾਸਤਵ ਵਿਚ ਜੋ ਵੀ ਮਨ ਨੂੰ ਲੁਭਾਉਣ ਵਾਲੇ ਵਸਤੂ ਹਨ, ਉਹ ਸਭ ਇਸੇ ਪ੍ਰਕਾਰ ਦੇ ਹੁੰਦੇ ਹਨ। ਉਹ ਰਾਮ ਦੀ ਸ਼ਾਨ ਦੀ ਕੁਝ ਪਲਾਂ ਲਈ ਝਲਕ ਦਿਖਾ ਕੇ ਅਲੋਪ ਹੋ ਜਾਂਦੇ ਹਨ। ਉਹ ਕਿੰਨਾ ਪਾਗਲ ਹੈ, ਜੋ ਛਾਂਈਂ ਮਾਂਈਂ ਹੋ ਜਾਣ ਵਾਲੇ ਬੱਦਲਾਂ ਨਾਲ ਮੋਹ ਲੈਂਦਾ ਹੈ? ਫਿਰ ਵੀ ਲੋਕ ਬੱਦਲਾਂ ਦੇ ਪਰਛਾਵਿਆਂ ਵਰਗੀਆਂ ਵਸਤਾਂ ਪਿਛੇ ਬੱਚਿਆਂ ਵਾਂਗ ਰੋਂਦੇ ਤੇ ਕੂਕਦੇ ਫਿਰਦੇ ਹਨ ਜੋ ਕਿ ਅਸਥਿਰ ਰੂਪ ਦੀਆਂ ਹੁੰਦੀਆਂ ਹਨ ਅਤੇ ਆਪਣੀ ਝਲਕ ਦਿਖਾ ਕੇ ਛੇਤੀ ਹੀ ਅਲੋਪ ਹੋ ਜਾਂਦੀਆਂ ਹਨ। ਉਹ ਇਨ੍ਹਾਂ ਦੇ ਪਰਛਾਵਿਆਂ ਨੂੰ ਪਕੜਨ ਦਾ ਯਤਨ ਕਰਦੇ ਹਨ! ਕਿੰਨੀ ਅਜੀਬ ਗੱਲ ਹੈ! ਮੈਨੂੰ ਤਾਂ ਹਾਸਾ ਆ ਜਾਂਦਾ ਹੈ!

ਕੁਝ ਹੋਰ ਲੋਕ ਅਜਿਹੇ ਵੀ ਹਨ, ਜੋ ਬੱਦਲਾਂ ਦੇ ਇਸ ਪਰਿਵਰਤਨਸ਼ੀਲ ਵਰਤਾਰੇ ਦੇ ਨਿੱਕੇ ਨਿੱਕੇ ਵੇਰਵੇ ਦੀ ਘੋਖ ਕਰਕੇ ਉਸ ਨੂੰ ਅੰਕਤ ਕਰਨ ਦਾ ਯਤਨ ਕਰਦੇ ਹਨ। ਮੇਰੇ ਰੱਬ ਜੀ! ਇਹ ਕਿਸ ਤਰ੍ਹਾਂ ਦੇ ਜੀਵ ਹਨ? ਉਨ੍ਹਾਂ ਦੇ ਆਲੇ ਦੁਆਲੇ ਰੱਬੀ ਸ਼ਾਨ ਦਾ ਹੜ੍ਹ ਵਗ ਰਿਹਾ ਹੁੰਦਾ ਹੈ, ਪਰ ਉਹ ਆਪਣੀ ਨਿਤ ਵਧਦੀ ਪਿਆਸ ਨੂੰ ਬੁਝਾਉਣ ਲਈ ਚਾਨਣ ਦੇ ਇਸ ਧਾਰੇ ਵਲੋਂ ਬੇਧਿਆਨ ਹੀ ਰਹਿੰਦੇ ਹਨ। ਇਹ ਲੋਕ ਆਪਣੇ ਆਪ ਨੂੰ ਵਿਗਿਆਨੀ ਤੇ ਦਰਸ਼ਨ-ਵੇਤਾ ਅਖਵਾਉਂਦੇ ਹਨ ਅਤੇ ਸਦਾ ਵਾਲ ਦੀ ਖਲ ਲਾਹੁਣ ਲਈ ਤਿਆਰ ਰਹਿੰਦੇ ਹਨ। ਪਰ ਉਹ ਇਸ ਵਾਲ ਦੇ ਸਿਰੇ ਉਤੇ ਖਲੋਤੇ ਤੇ ਉਸ ਦੇ ਸਿਰਜਣਹਾਰ ਸੁਆਮੀ ਦੇ ਮੁਖੜੇ ਵਲ ਨੈਣ ਉਘਾੜ ਕੇ ਨਹੀਂ ਤੱਕਦੇ! ਮੈਂ ਤਾਂ ਉਨ੍ਹਾਂ ਦੀ ਇਸ ਮੂਰਖਤਾ ਉਤੇ ਹਾਸਾ ਨਹੀਂ ਰੋਕ ਸਕਦਾ। ਉਹ ਕਿੰਨਾ ਸੁਭਾਗਾ ਤੇ ਖ਼ੁਸ਼ ਹੈ, ਜਿਸ ਦੀ ਦ੍ਰਿਸ਼ਟੀ ਨੂੰ ਨਾਵਾਂ ਤੇ ਰੂਪਾਂ ਦੇ ਬਦਲਾਂ ਨੇ ਨਹੀਂ ਰੋਕਿਆ, ਜੋ ਇਸ ਆਕ੍ਰਸਤ ਪ੍ਰਕਾਸ਼ ਨੂੰ ਇਸ ਦੇ

ਵਾਸਤਵਿਕ ਜਾਂ ਸੱਚੇ ਸਰੋਤ (ਆਤਮਾ) ਵਿਚ ਜਾ ਲਭਦੇ ਹਨ ਅਤੇ ਉਨ੍ਹਾਂ ਨਦੀਆਂ ਤੇ ਨਾਲਿਆਂ ਸਮਾਨ ਆਪਣੇ ਆਦਰਸ਼ ਸਾਗਰ (ਪਰਮਾਤਮਾ) ਤਕ ਪੁਜਣ ਤੋਂ ਪਹਿਲਾਂ ਰਾਹ ਦੇ ਰੇਤੜਾਂ ਵਿਚ ਖੁਸ਼ਕ ਨਹੀਂ ਹੋ ਜਾਂਦੇ । ਮਨ ਨੂੰ ਲੁਭਾਉਣ ਤੇ ਖ਼ੁਸ਼ੀ ਦੇਣ ਵਾਲੇ ਸਬੰਧਾਂ ਦਾ ਅਲੋਪ ਹੋਣਾ ਬੜਾ ਜ਼ਰੂਰੀ ਹੈ। ਇਹ ਤਾਂ ਹਰਕਾਰੇ (ਡਾਕੀਏ) ਹਨ। ਸਾਨੂੰ ਤਾਂ ਉਸ ਪ੍ਰਭੂ ਪ੍ਰੀਤਮ ਦੇ ਪੱਤਰ ਨੂੰ ਪੜ੍ਹਨਾ ਤੇ ਵਾਚਣਾ ਚਾਹੀਦਾ ਹੈ,ਜੋ ਇਹ ਸਾਡੇ ਤਕ ਲੈ ਕੇ ਆਏ ਹਨ। ਦੀਆ ਸਲਾਈ ਤਾਂ ਬਲ ਕੇ ਬੁਝ ਜਾਣੀ ਚਾਹੀਦੀ ਹੈ। ਉਹ ਸੁਭਾਗੇ ਹਨ, ਜਿੰਨਾਂ ਨੇ ਇਸ ਨਾਲ ਆਪਣੇ ਦੀਪਕ ਨੂੰ ਇਸ ਤੀਲ ਨਾਲ ਸਦੀਵੀ ਤੌਰ ਤੇ ਜਗਾ ਲਿਆ ਹੈ। ਅਗਨੀ ਤੇ ਆਹਾਰ ਨੂੰ ਮੰਜ਼ਲ ਤੇ ਪੁਜਣ ਤੋਂ ਪਹਿਲਾਂ ਮੁਕਾ ਲੈਣਾ ਚਾਹੀਦਾ ਹੈ। ਉਹ ਕਿਸ਼ਤੀ ਕਿੰਨੀ ਸੁਭਾਗੀ ਹੈ, ਜੋ ਆਪਣੇ ਵਿਨਾਸ਼ਕਾਰੀ ਅੰਤ ਤੋਂ ਪਹਿਲਾਂ ਆਪਣੀ ਮੰਜ਼ਲ ਦੀ ਬੰਦਰਗਾਹ ਉਤੇ ਪੁਜ ਜਾਂਦੀ ਹੈ। ਉਹ ਜੀਵਤ ਰਹਿੰਦਾ ਹੈ ਜੋ ਰਾਹ ਵਿਚ ਆਉਣ ਵਾਲੀ ਹਰ ਵਸਤੂ ਨੂੰ ਕਦਮ ਟਿਕਾ ਕੇ ਅਗੇ ਵਧਣ ਲਈ ਵਰਤਦਾ ਹੈ, ਜਾਂ ਉਸ ਵਸਤੂ ਵਿਚੋਂ ਦਰਪਣ ਹਾਰ ਪ੍ਰਭੂ ਨੂੰ ਨਿਹਾਰ ਲੈਂਦਾ ਹੈ। ਇਹ ਜਗਤ ਆਪਣੇ ਤਾਰਿਆਂ, ਪਰਬਤਾਂ, ਨਦੀਆਂ, ਸਮਰਾਟਾਂ ਤੇ ਵਿਗਿਆਨੀਆਂ ਆਦਿ ਸੰਗ ਵਿਅਕਤੀ ਲਈ ਰਚਿਆ ਗਿਆ ਹੈ। ਇਹ ਬਿਲਕੁਲ ਸਤ ਹੈ, ਮੈਂ ਤੁਹਾਨੂੰ ਸੱਚ ਆਖ ਰਿਹਾ ਹਾਂ।

ਖੇਤ ਤੇ ਬਾਹਰ ਦੇ ਸੁੰਦਰ ਦ੍ਰਿਸ਼, ਜੋ ਮਨੁੱਖਾਂ ਲਈ ਅਦਭੁਤ ਖਿਚ ਰਖਦੇ ਹਨ, ਇਨ੍ਹਾਂ ਦੀ ਤੁਲਨਾ ਵਿਚ ਸ਼ਹਿਰਾਂ ਦੀਆਂ ਧੂੰਏ ਦਾਰ ਰੋਗ ਗ੍ਰਸਤ ਗਲੀਆਂ ਤੇ ਬਾਜ਼ਾਰ ਅਕੇਵਿਆਂ ਨਾਲ ਭਰਪੂਰ ਹਨ। ਇਨ੍ਹਾਂ ਵਿਚ ਤਾਜ਼ਗੀ ਤੇ ਖ਼ੁਸ਼ੀ ਦੇਣ ਦੀ ਸਮਰਥਾ ਹੈ। ਇਸ ਗੱਲ ਤੇ ਉਤੇਜਿਤ ਨਾ ਹੋਵੋ ਕਿ ਮਨੁੱਖ ਇਕ ਵਿਸ਼ੇਸ਼ ਸੀਮਾ ਵਿਚ ਵਿਚਰਦਾ ਹੈ, ਇਸ ਲਈ ਉਸ ਨੂੰ ਸਰੀਰ ਦੇ ਇਕ ਖੂੰਜੇ ਵਿਚ ਨਾ ਸੁਟ ਪਾਉ। ਮਨੁੱਖ ਹੀ ਆਪਣੇ ਅੰਦਰ ਇਸ 'ਮਹਾਂ ਪ੍ਰਕਾਸ' ਦਾ ਸਾਖੀ ਹੋ ਸਕਦਾ ਹੈ। ਅੰਤਰੀਵ ਰੂਪ ਵਿਚ ਤਾਂ ਬਨਸਪਤੀ ਜਗਤ ਦਾ ਜੀਵਨ ਵੀ ਸੰਘਰਸ਼ਾਂ ਤੇ ਟਕਰਾਂ ਨਾਲ ਭਰਿਆ ਪਿਆ ਹੈ ਤੇ ਉਸ ਵਿਚ ਵੀ ਉਸੇ ਤਰ੍ਹਾਂ ਦੀ ਬੇਚੈਨੀ ਹੈ ਜਿਹੋ ਜਿਹੀ ਕਿ ਨਾਗਰਿਕ ਜੀਵਨ ਵਾਲੀ ਮਨੁਖੀ ਸਭਿਅਤਾ ਵਿਚ ਹੈ। ਇਹ ਉਸ ਵੇਲੇ ਹੋਰ ਵੀ ਦਿਲਚਸਪ ਬਣ ਜਾਂਦੀ ਹੈ, ਜਦੋਂ ਮਨੁੱਖ ਦਿਉਦਾਰ ,ਚੀਲ ਤੇ ਸ਼ਾਹ ਬਲੂਤ ਵਿਚੋਂ ਇਕ ਨਾ ਰਹਿ ਕੇ ਬਾਹਰੋਂ ਨਿਰਲੇਪ ਹੋ ਕੇ ਇਸ ਨੂੰ ਵੇਖਦਾ ਹੈ ਅਤੇ ਆਪਣੇ ਅੰਦਰ ਉਸ 'ਮਹਾਂ ਪ੍ਰਕਾਸ਼' ਦਾ ਸਾਖੀ ਹੋ ਕੇ ਬਾਕੀ ਸਭ ਵਲੋਂ ਨਿਰਲੇਪ ਹੋ ਜਾਂਦਾ ਹੈ। ਜੋ ਭਰੇ ਬਾਜ਼ਾਰਾਂ ਵਿਚ ਵੀ ਨਿਰਲੇਪ ਰਹਿ ਸਕਦਾ ਹੈ, ਉਹ ਇਥੇ ਬਨਾਂ ਵਿਚ ਵੀ ਉਸੇ ਤਰ੍ਹਾਂ ਹੀ ਨਿਰਲੇਪ ਵਿਚਰ ਸਕਦਾ ਹੈ ਅਰਥਾਤ ਉਹ ਆਪਣੇ ਆਪ ਨੂੰ

ਇਨ੍ਹਾਂ ਵਿਚੋਂ ਇਕ ਨਹੀਂ ਸਮਝਦਾ ਅਤੇ ਆਪਣੇ ਆਪ ਨੂੰ ਨਿਰਲੇਪ ਰੂਪ ਵਿਚ ਇਸ 'ਮਹਾਂਪ੍ਰਕਾਸ਼' ਦਾ ਸਾਖੀ ਮੰਨਦਾ ਹੈ। ਇਨ੍ਹਾਂ ਪੌਦਿਆਂ ਵਿਚੋਂ ਆਪਣੇ ਆਪ ਨੂੰ ਇਕ ਪੌਦਾ ਨਹੀਂ ਜਾਣਦਾ, ਉਸ ਲਈ ਤਾਂ ਇਹ ਸਾਰਾ ਬ੍ਰਹਿਮੰਡ ਨੰਦਨਬਨ ਹੋ ਜਾਂਦਾ ਹੈ। ਅਜਿਹੇ ਰੱਬੀ ਜੀਵਨ ਵਾਲੇ ਵਿਅਕਤੀ ਹੀ ਇਸ ਸੰਸਾਰ ਲਈ ਚਾਨਣ ਹਨ। ਇਹ ਪ੍ਰਕਾਸ਼ ਜੋ ਪ੍ਰਤਖ ਰੂਪ ਵਿਚ ਬਾਕੀ ਵਰਤਾਰੇ ਨਾਲੋਂ ਨਿਰਲੇਪ ਜਾਪਦਾ ਹੈ, ਵਾਸਤਵ ਵਿਚ ਜੋ ਕੁਝ ਇਹ ਵੇਖ ਰਿਹਾ ਹੈ, ਸਭ ਦਾ ਜੀਵਨ ਆਧਾਰ ਹੈ।

ਜੀਵਨ ਦਾ ਦਰਿਆ ਵਹਿ ਰਿਹਾ ਹੈ। ਕਿਸੇ ਦੀ ਵੀ ਹੋਂਦ ਨਹੀ ਹੈ, ਕੇਵਲ ਪਰਮਾਤਮਾ ਦੀ ਹੀ ਹੋਂਦ ਹੈ। ਤਾਂ ਫਿਰ ਡਰ ਕਿਸ ਗੱਲ ਦਾ ਹੈ? ਸਭ ਜੀਵਨ ਮੇਰੇ ਰੱਬ ਦਾ ਜੀਵਨ ਹੈ, ਹੋਰ ਕੁਝ ਵੀ ਨਹੀਂ ਹੈ, ਉਹ ਤੇ ਮੈਂ 'ਉਸ' ਦਾ ਰੂਪ ਹੀ ਹਾਂ। ਸਾਰਾ ਜਗਤ ਮੇਰੇ ਆਪਣੇ ਹਿਮਾਲਾ ਦਾ ਹੀ ਬਨ ਹੈ। ਜਦੋਂ ਪ੍ਰਕਾਸ਼ ਹੁੰਦਾ ਹੈ ਤਾਂ ਫੁੱਲ ਮੁਸਕਰਾਉਂਦੇ ਹਨ, ਪੰਛੀ ਗਾਉਂਦੇ ਹਨ ਅਤੇ ਨਦੀਆਂ ਖ਼ੁਸ਼ੀ ਵਿਚ ਨਚ ਉਠਦੀਆਂ ਹਨ! ਵਾਹ! ਇਹ ਚਾਨਣਾਂ ਦਾ ਚਾਨਣ 'ਮਹਾਂ ਪ੍ਰਕਾਸ਼' , ਅਦਭੁਤ ਹੈ ਇਸ ਦੀ ਲੀਲਾ; ਚਾਨਣ ਦਾ ਸਾਗਰ ਉਛਲ ਰਿਹਾ ਹੈ ; ਅਨੰਦ ਦੀ ਸਮੀਰੀ ਪੌਣ ਇਸ ਉਤੇ ਲਹਿਰ ਰਹੀ ਹੈ।

ਇਸ ਸੁੰਦਰ ਨੰਦਨਬਨ ਵਿਚ ਮੈਂ ਹਸਦਾ ਤੇ ਗਾਉਂਦਾ ਹਾਂ, ਤਾੜੀਆਂ ਵਜਾ ਕੇ ਤਾਲ ਦਿੰਦਾ ਹਾਂ ਤੇ ਨਾਚ ਨਚਦਾ ਹਾਂ'

ਕੀ ਉਹ ਮੇਰੇ ਤੇ ਹਸਦੇ ਹਨ? ਨਹੀਂ; ਇਹ ਤਾਂ ਸਮੀਰੀ ਪੌਣ ਦਾ ਰੁਮਕਣਾ ਹੈ। ਕੀ ਉਹ ਮੇਰੇ ਉਤੇ ਨਕ ਚੜ੍ਹਾਉਂਦੇ ਹਨ? ਨਹੀ ਨਹੀਂ, ਇਹ ਤਾਂ ਪੱਤਿਆਂ ਦੀ ਸਰਸਰਾਹਟ ਹੈ। ਕੀ ਮੇਰਾ ਆਪਣਾ ਹੀ ਜੀਵਨ ਜੋ ਨਦੀਆਂ, ਦਿਉਦਾਰ ਬਿਰਛਾਂ, ਪੰਛੀਆਂ ਤੇ ਪਵਨਾਂ ਵਿਚ ਧੜਕ ਰਿਹਾ ਹੈ, ਮੇਰੇ ਉਤੇ ਪਰਛਾਵੇਂਹਾਰ ਛਾ ਜਾਵੇਗਾ?

ਬੈਸੂਨ ਦੀ ਚੋਟੀ – ਵਸ਼ਿਸ਼ਟ ਆਸ਼ਰਮ

ਚੰਨ ਚਮਕ ਰਿਹਾ ਹੈ। ਚੰਨ-ਚਾਨਣੀ ਦਾ ਸਾਗਰ ਲਹਿਰ ਰਿਹਾ ਹੈ। ਚੰਨ-ਚਾਨਣੀ ਰਾਮ ਦੇ ਕੁਸ਼ਾ ਦੇ ਵਿਛਾਉਣੇ ਉਤੇ ਪੈ ਰਹੀ ਹੈ। ਪਰਛਾਵੇਂ ਸਾਧਾਰਣ ਨਾਲੋਂ ਵਧੇਰੇ ਲੰਮੇ ਹਨ, ਚਿੱਟੇ ਗ਼ੁਲਾਬ ਦੀਆਂ ਝਾੜੀਆਂ ਬੇ-ਖ਼ਤਰ ਆਪਣੇ ਜਾਂਗਲੀ ਰੂਪ ਵਿਚ ਸੁਤੰਤਰ ਉਗੀਆਂ ਹੋਈਆਂ ਹਨ ਅਤੇ ਪਹਾੜ ਉਤੋਂ ਡਿਗ ਰਹੀ ਚਾਨਣੀ ਦੇ ਰਾਹ ਨੂੰ ਰੋਕ ਰਹੀਆਂ ਹਨ। ਇਹ ਇਸ ਤਰ੍ਹਾਂ ਹਿਲ ਰਹੀਆਂ ਹਨ , ਜਿਵੇਂ ਇਹ ਕਿਸੇ ਸ਼ਾਂਤ ਸੁਅਪਨ ਦ੍ਰਿਸ਼ ਦੀ ਸੁੰਦਰੀ ਦੇ ਅਦਭੁਤ ਦ੍ਰਿਸ਼ ਹੋਣ, ਜੋ ਕਿ ਰਾਮ ਦੇ ਸਾਹਮਣੇ ਸੁਖ-ਨੀਂਦੇ ਸੁੱਤੀ ਪਈ ਹੈ।

ਸੌਂ ਜਾ, ਮੇਰੀ ਬਚੜੀ ਸੌਂ ਜਾ.

ਆਪਣੇ ਗੁਲਾਬੀ ਸੁਪਨਿਆਂ ਵਿਚ ਮੁਸਕਰਾ!

ਜਮਨੋਤਰੀ, ਗੰਗੋਤਰੀ, ਸੁਮੇਰ, ਕੇਦਾਰ ਤੇ ਬਦਰੀ ਦੀਆਂ ਹਿੰਮ ਸ਼ਿਲ੍ਹਾ ਇਤਨੀਆਂ ਨੇੜੇ ਲਗਦੀਆਂ ਹਨ, ਜਿਵੇਂ ਹੱਥਾਂ ਨਾਲ ਇਨ੍ਹਾਂ ਨੂੰ ਛੂਹਿਆ ਜਾ ਸਕਦਾ ਹੈ। ਇਸ ਵਸ਼ਿਸ਼ਟ ਆਸ਼ਰਮ ਨੂੰ ਜੌਹਰੀ ਦੇ ਤਿਹਾਰੇ ਦੀ ਨਿਆਈਂ ਇਨ੍ਹਾਂ ਹਿੰਮ ਸਿਖਰਾਂ ਨੇ ਸ਼ਿੰਗਾਰਿਆ ਹੋਇਆ ਹੈ। ਚੰਨ ਚਾਨਣੀ ਦੇ ਦੁੱਧ ਚਿੱਟੇ ਸਾਗਰ ਵਿਚ ਇਹ ਪਰਬਤੀ ਹਿੰਮ ਚੋਟੀਆਂ ਇਸ਼ਨਾਨ ਕਰ ਰਹੀਆਂ ਹਨ ਅਤੇ ਉਨ੍ਹਾਂ ਤੋਂ ਭਿੰਨੀ ਸੁਗੰਧੀ ਵਾਲੀ ਸੁਮੀਰੀ ਪਵਨ ਦਾ ਅਨਹਦ ਨਾਦ ਸੁਣਾਈ ਦਿੰਦਾ ਹੈ।

ਇਸ ਪਹਾੜ ਦੀ ਬਰਫ਼ ਹੁਣ ਢਲ ਚੁਕੀ ਹੈ, ਇਸ ਸਮੇਂ ਇਨ੍ਹਾਂ ਪਰਬਤਾਂ ਦੇ ਵੱਡੇ ਖੇਤ ਨੀਲੇ, ਗੁਲਾਬੀ, ਪੀਲੇ ਤੇ ਚਿਟੇ ਫੁੱਲਾਂ ਨਾਲ ਲੱਦੇ ਗਏ ਹਨ, ਜਿਨ੍ਹਾਂ ਵਿਚੋਂ ਕਈ ਭਿੰਨੀ ਮਹਿਕ ਦੀਆਂ ਲਪਟਾਂ ਛੱਡ ਰਹੇ ਹਨ। ਲੋਕ ਇਥੇ ਆਉਣ ਤੋਂ ਡਰਦੇ ਹਨ। ਉਨ੍ਹਾਂ ਦਾ ਵਿਸ਼ਵਾਸ ਹੈ ਕਿ ਇਥੇ ਪਰੀਆਂ ਦਾ ਉਪਬਨ ਹੈ। ਇਸ ਵਿਸ਼ਵਾਸ ਨੇ ਦੇਵਤਿਆਂ ਦੇ ਇਸ ਉਪਬਨ ਨੂੰ ਕੁਦਰਤ ਦੀ ਸੁੰਦਰਤਾ ਨੂੰ ਨਸ਼ਟ ਕਰਨ ਵਾਲਿਆਂ ਦੀ ਬੇਅਦਬੀ ਤੋਂ ਸੁਰਖਿਅਤ ਰਖਿਆ ਹੋਇਆ ਹੈ। ਰਾਮ ਫੁੱਲਾਂ ਦੀ ਇਸ ਕਿਆਰੀ ਉਪਰ ਬੜੀ ਸਾਵਧਾਨੀ ਨਾਲ ਚਲਦਾ ਫਿਰਦਾ ਹੈ, ਮਤਾਂ ਕਿਤੇ ਉਸ ਦੇ ਸਖ਼ਤ ਕਦਮਾਂ ਥਲੇ ਕੋਈ ਕੋਮਲ ਮੁਸਕਰਾਉਂਦਾ ਫੁੱਲ ਮਿਧਿਆ ਨਾ ਜਾਵੇ।

ਕੋਇਲਾਂ, ਘੁਗੀਆਂ ਤੇ ਅਣਗਿਣਤ ਗੀਤ ਗਾਉਣ ਵਾਲੇ ਪੰਛੀ ਤੜਕਸਾਰ ਆਪਣੇ ਗੀਤਾਂ ਰਾਹੀਂ ਰਾਮ ਦਾ ਮੰਨੋਰੰਜਨ ਕਰਦੇ ਹਨ। ਕਈ ਵਾਰ ਰਾਮ ਦੀ ਗੁਫ਼ਾ ਦੀ ਛੱਤ ਉਤੇ ਭੰਬੀਰੀਆਂ ਆ ਕੇ ਭੂੰ-ਭੂੰ ਕਰਨ ਲਗ ਪੈਂਦੀਆਂ ਹਨ, ਜਿਨ੍ਹਾਂ ਦੀ ਆਵਾਜ਼ ਵਗਦੇ ਗੇੜੂ ਖੂਹ ਦੀ ਆਵਾਜ਼ ਨਾਲ ਮਿਲਦੀ ਜੁਲਦੀ ਹੁੰਦੀ ਹੈ। ਉਕਾਬ (ਗਰੜ ਸਮਰਾਟ) ਦੁਪਿਹਰ ਸਮੇਂ ਉਚੇ ਉਡਦੇ ਹਨ, ਜੋ ਕਾਲੇ ਬੱਦਲਾਂ ਨੂੰ ਜਾ ਛੂੰਹਦੇ ਹਨ। ਇਹੋ ਹੀ ਤਾਂ ਉਹ ਵਾਹਨ ਹਨ, ਜਿਨ੍ਹਾਂ ਦੀ ਪਿੱਠ ਉਤੇ ਸ਼੍ਰੀ ਵਿਸ਼ਣੂੰ ਜੀ ਸਵਾਰੀ ਕਰ ਰਹੇ ਹਨ।

ਉਸ ਪਰਬਤੀ ਛੰਭ ਤੋਂ ਪਰੇ ਦਾ ਸੁੰਦਰਬਨ ਕਿਸ ਤਰ੍ਹਾਂ ਦੀ ਅਦਭੁਤ ਬਸਤੀ ਸਜਾਈ ਬੈਠਾ ਹੈ! ਇਨ੍ਹਾਂ ਸਭ ਨੂੰ ਕਿਸ ਸੂਤਰ ਨੇ ਬੰਨਿਆ ਹੋਇਆ ਹੈ? ਇਨ੍ਹਾਂ ਦਾ ਆਪਸ ਵਿਚ ਕੋਈ ਵੀ ਸਬੰਧ ਨਜ਼ਰੀਂ ਨਹੀਂ ਪੈਂਦਾ, ਨਾ ਹੀ ਇਨ੍ਹਾਂ ਦਾ ਕੋਈ ਨਿਜੀ ਰਿਸ਼ਤਾ ਹੈ। ਫਿਰ ਵੀ ਇਨ੍ਹਾਂ ਦਾ ਕੋਈ ਸਮਾਜਕ ਸੰਗਠਨ ਹੈ। ਕਿਉਂਜੋ ਜਲ ਸਰੋਤ ਦਾ ਪ੍ਰੇਮ ਹੀ ਇਨ੍ਹਾਂ ਸਭ ਨੂੰ ਇਕ ਸੂਤਰ ਵਿਚ ਪਰੋ ਰਿਹਾ ਹੈ। ਅਸੀਂ ਵੀ

ਸ਼ਰਧਾ ਭਗਤੀ ਵਿਚ ਅਜਿਹੇ ਹੀ ਸੱਚ ਨਾਲ ਜੁੜੀਏ, ਇਸ ਆਕਾਸ਼ ਵਿਚ ਆਪਣੇ ਹਿਰਦੇ ਰਾਹੀਂ ਰਾਮ ਵਿਚ ਜਾ ਸਮਾਈਏ।

ਜਗਦੇਵੀ ਦਾ ਮੈਦਾਨ

ਬੈਸੂਨ ਪਰਬਤ ਦੀਆਂ ਚੋਟੀਆਂ ਦੀਆਂ ਸਭ ਕੰਦਰਾਂ ਬਰਖਾ ਵਿਚ ਘਿਰ ਜਾਣ ਕਾਰਨ, ਰਾਮ ਨੂੰ ਇਸ ਉਚੇ ਸਿਖਰ ਵਾਲੇ ਪਰੀ ਬਾਗ਼ ਨੂੰ ਛੱਡਣਾ ਪਿਆ ਹੈ। ਹੁਣ ਉਹ ਹੇਠਾਂ ਇਕ ਖੁਲ੍ਹੇ ਮੈਦਾਨ ਵਿਚ ਆ ਗਿਆ ਹੈ, ਜੋ ਬੜਾ ਪਿਆਰਾ, ਉਚਾ, ਪਧਰਾ ਤੇ ਵਿਸ਼ਾਲ ਹੈ, ਜਿਥੇ ਪਵਨ ਸਦਾ ਅਠਖੇਲੀਆਂ ਕਰਦੀ ਰਹਿੰਦੀ ਹੈ। ਇਥੇ ਚਿਟੇ ਤੇ ਪੀਲੇ ਮੋਤੀਏ ਦੇ ਜੰਗਲੀ ਫੁੱਲ ਆਪਣੇ ਬੇਸ਼ੁਮਾਰ ਹੋਰ ਸਾਥੀ ਫੁੱਲਾਂ ਨਾਲ ਭਿੰਨੀ ਸੁਗੰਧੀ ਵੰਡ ਰਹੇ ਹਨ। ਰਸ ਭਰੀਆਂ ਤੇ ਚੈਰੀ ਦੇ ਫੁੱਲ ਬਹੁਲਤਾ ਵਿਚ ਮਿਲ ਜਾਂਦੇ ਹਨ। ਨਵੀਂ ਬਣੀ ਘਾਹ ਫੂਸ ਦੀ ਕੁਟਿਆ ਦੇ ਇਕ ਪਾਸੇ ਸਾਵੇ ਘਾਹ ਦੇ ਕਿਆਰੇ ਦੋਹਾਂ ਨਦੀਆਂ ਦੀਆਂ ਧਾਰਾਂ ਵਿਚਕਾਰ ਧੀਰੇ ਧੀਰੇ ਉਚਾਈ ਵਲ ਜਾ ਰਹੇ ਹਨ। ਸਾਹਮਣੇ ਬੜੀ ਮਨੋਹਰ ਝਾਕੀ ਹੈ। ਵਗਦੇ ਪਾਣੀ ਦੀਆਂ ਧਾਰਾਂ ਪਹਾੜ, ਖੇਤ ਨਵਨੀਤ ਪੱਤਿਆਂ ਵਾਲੀ ਬਨਸਪਤੀ ਸਭ ਲਹਿਰੀਏ ਵਾਂਗ ਫੈਲੇ ਹੋਏ ਹਨ। ਸਾਫ਼ ਪਧਰੀਆਂ ਸ਼ਿਲ੍ਹਾ, ਰਾਮ ਲਈ ਸ਼ਾਹੀ ਮੇਜ਼ਾਂ ਤੇ ਬੈਠਣ ਲਈ ਆਸਣਾਂ ਦਾ ਕੰਮ ਦੇ ਰਹੀਆਂ ਹਨ। ਜੇ ਛਾਂ ਦੀ ਲੋੜ ਪਵੇ ਤਾਂ ਬਿਰਛਾਂ ਦੀਆਂ ਝੰਗੀਆਂ ਰਮਣੀਕ ਸਥਾਨ ਬਣਾ ਦਿੰਦੀਆਂ ਹਨ।

ਬਨ ਵਿਚ ਨਿਵਾਸ ਕਰ ਰਹੇ ਆਜੜੀਆਂ ਨੇ ਤਿੰਨਾਂ ਘੰਟਿਆਂ ਵਿਚ ਹੀ ਕੁਟੀਆ ਬਣਾ ਦਿਤੀ ਹੈ। ਆਪਣੀ ਸੂਝ ਤੇ ਸੰਮਰਥਾ ਅਨੁਸਾਰ ਉਨ੍ਹਾਂ ਨੇ ਇਸ ਨੂੰ ਬਰਖਾ ਤੋਂ ਸੁਰੱਖਿਅਤ ਕਰ ਦਿਤਾ ਹੈ। ਪਰ ਰਾਤ ਸਮੇਂ ਮੋਹਲੇਧਾਰ ਮੀਂਹ ਵਰ੍ਹਨ ਲਗ ਪਿਆ ਹੈ। ਹਰ ਤਿੰਨ ਮਿੰਟ ਪਿਛੋਂ ਬਿਜਲੀ ਚਮਕਦੀ ਹੈ, ਬੱਦਲ ਗਰਜਦਾ ਹੈ ਅਤੇ ਪਹਾੜ ਕੰਬਦੇ ਤੇ ਡੋਲਦੇ ਹਨ। ਇੰਦਰ ਦਾ ਬਜਰ ਸ਼ਸਤਰ ਤਿੰਨ ਘੰਟੇ ਤਕ ਆਪਣੇ ਵਾਰ ਕਰਦਾ ਰਿਹਾ ਹੈ। ਬੇਹਿਸਾਬ ਪਾਣੀ ਚੋਂਦਾ ਰਿਹਾ ਹੈ। ਇਹ ਕੁਟੀਆ ਚੋਣ ਤੋਂ ਨਹੀਂ ਬਚ ਸਕੀ ਅਤੇ ਮੀਂਹ ਅਗੇ ਪੂਰੀ ਤਰ੍ਹਾਂ ਬੇ-ਅਸਰ ਸਾਬਤ ਹੋਈ ਹੈ। ਇਥੋਂ ਤਕ ਕਿ ਇਸ ਦੇ ਅੰਦਰਵਾਰ ਛਤਰੀ ਖੋਲ੍ਹ ਕੇ ਬੈਠਣਾ ਪਿਆ ਹੈ ਤਾਂ ਜੋ ਪੁਸਤਕਾਂ ਨੂੰ ਭਿਜਣ ਤੋਂ ਬਚਾਇਆ ਜਾ ਸਕੇ। ਸਾਰੇ ਬਸਤਰ ਭਿਜ ਗਏ ਹਨ। ਹੇਠਲੀ ਜ਼ਮੀਨ ਘਾਹਦਾਰ ਹੋਣ ਕਰਕੇ ਚਿਕੜ ਤਾਂ ਨਹੀਂ ਹੋਇਆ, ਪਰ ਇਸ ਛੱਤ ਤੋਂ ਡਿਗਦੇ ਪਾਣੀ ਨੂੰ ਲਗਾਤਾਰ ਪੀਤਾ ਹੈ। ਰਾਮ ਨੇ ਇਸ ਜੀਵਨ ਨੂੰ 'ਕੱਛ' ਤੇ 'ਮੱਛ' ਸਮਾਨ ਮਾਣਿਆ ਹੈ! ਰਾਤ ਭਰ ਮਾਣੀ ਇਸ ਜਲ-ਕ੍ਰੀੜਾ ਦਾ ਵੀ ਆਪਣੀ ਹੀ ਕਿਸਮ ਦਾ ਨਿਵੇਕਲਾ ਤਜਰਬਾ ਹੈ।

ਆਪਣੇ ਜੀਵਨ ਦੀ ਅਵੱਧੀ ਵਿਚੋਂ ਇਕ ਰਾਤ ਮਨਫੀ ਕਰ ਦਿਉ, ਜਿਸ ਵਿਚ ਤੁਹਾਨੂੰ ਅੱਖ ਲਾਉਣੀ ਬਿਲਕੁਲ ਨਸੀਬ ਨਹੀਂ ਹੋਈ।

ਪਰ ਇਹ ਘਨਘੋਰ ਬਰਖਾ ਕਿੰਨੀ ਭਾਗ ਭਰੀ ਸੀ, ਜਿਸ ਨੇ ਸਾਨੂੰ ਰਾਮ ਦੀ ਸੰਗਤ ਵਿਚ ਜੋੜੀ ਰਖਿਆ।[1]

ਪਰਬਤ ਨੂੰ ਹਿਲਾ ਦੇਣ ਵਾਲੇ ਪ੍ਰਭੂ, ਮੈਂ ਤੈਨੂੰ ਕਿਸੇ ਕੀਮਤ ਤੇ ਵੀ ਨਹੀਂ ਭੁਲਾ ਸਕਦਾ, ਭਾਵੇਂ ਤੇਰੀ ਗਰਜ ਹਜ਼ਾਰ ਗੁਣਾਂ ਤੇ ਦਸ ਹਜ਼ਾਰ ਗੁਣਾਂ ਵੱਧ ਕਿਉਂ ਨਾ ਹੋ ਜਾਵੇ। ਹੇ ਪ੍ਰਭੂ, ਤੂੰ ਤਾਂ ਅਗਿਣਤ ਭੰਡਾਰਾਂ ਦਾ ਸੁਆਮੀ ਹੈਂ।[2]

ਭਾਵੇਂ ਸਰਬ ਸ਼ਕਤੀਮਾਨ ਸੁਕਰ ਪ੍ਰਭੂ ਤੂੰ ਬਹੁਤ ਦੂਰ ਹੋਵੇਂ, ਗੱਜ ਰਹੇ ਮੇਘਲਿਆਂ ਵਿਚਕਾਰ ਜਾਂ ਵਰਿਤਰਾ ਸ਼ਤਰੂ ਸੰਕਿਆਂ ਨੂੰ ਚੂਰ ਕਰਨ ਵਾਲੇ ਤੂੰ ਮੇਰੇ ਨਿਕਟ ਕਿਉਂ ਨਾ ਹੋਵੇਂ. ਇਨ੍ਹਾਂ ਵਗ ਰਹੀਆਂ ਹਵਾਵਾਂ ਵਿਚ, ਜਿਥੇ ਆਕਾਸ਼ ਨੂੰ ਚੀਰਨ ਵਾਲਾ ਮਹਾਂ ਸੰਗੀਤ ਤੇਜ਼ ਘੋੜਿਆਂ ਉਤੇ ਸਵਾਰ ਹੋ ਕੇ ਤੈਨੂੰ ਸੰਦੇਸ਼ ਦੇਣ ਜਾ ਰਿਹਾ ਹੈ ਕਿ ਉਸ ਪ੍ਰਾਣੀ ਲਈ ਛੇਤੀ ਬਹੁੜ ਜਿਸ ਨੇ ਆਪਣੇ ਜੀਵਨ ਦਾ ਸਾਰਾ ਰਸ ਨਿਚੋੜ ਲਿਆ ਹੈ ਅਤੇ ਤੇਰੇ ਅਰਪਨ ਕਰ ਦਿਤਾ ਹੈ। ਆ ਪ੍ਰਭੂ, ਮੇਰੇ ਹਿਰਦੇ ਵਿਚ ਆ ਕੇ ਸਮਾ ਜਾ ਅਤੇ ਮੇਰੇ ਜੀਵਨ ਦੇ ਸੋਮ ਰਸ ਨੂੰ ਡੀਕ ਲਾ ਕੇ ਪੀ ਜਾ।[3]

ਮਨੁੱਖ ਆਪਣੇ ਜੀਵਨ ਕਾਲ ਨੂੰ ਨਿਕਿਆਂ ਨਿਕਿਆਂ ਤੁੱਛ ਤੌਖਲਿਆਂ ਵਲੋਂ ਸਾਵਧਾਨੀ ਅਤੇ ਡਰਦੇ ਰਹਿਣ ਕਾਰਣ ਵਿਅਰਥ ਨਸ਼ਟ ਕਰਨ ਲਈ ਪੈਦਾ ਨਹੀਂ ਹੋਇਆ ਹੈ। ਮੈਂ ਕਿਵੇਂ ਰਹਾਂਗਾ ਅਤੇ ਮੇਰਾ ਕੀ ਬਣੇਗਾ! ਇਸੇ ਤਰ੍ਹਾਂ ਦੀਆਂ ਕਈ ਹੋਰ ਵਾਹਯਾਤ ਗਲਾਂ ਉਸ ਦਾ ਸਮਾਂ ਨਸ਼ਟ ਕਰਨ ਵਾਲੀਆਂ ਹੀ ਹਨ। ਘਟੋ ਘਟ ਉਸ ਵਿਚ ਮੱਛੀਆਂ ਤੇ ਪਸ਼ੂ ਪੰਛੀਆਂ ਜਿੰਨੀ ਸਵੈਮਾਣ ਦੀ ਭਾਵਨਾ ਤਾਂ ਹੋਣੀ ਹੀ ਚਾਹੀਦੀ ਹੈ। ਉਹ ਸੁਨਹਿਰੀ ਧੁਪ ਜਾਂ ਝੱਖੜ ਦਾ ਗਿਲਾ ਸ਼ਿਕਵਾ ਨਹੀਂ ਕਰਦੇ, ਸਗੋਂ ਪ੍ਰਕਿਰਤੀ ਨਾਲ ਆਪਣਿਆਂ ਵਾਂਗ ਰਹਿੰਦੇ ਹਨ। ਮੇਰੀ ਆਤਮਾ ਮੇਰਾ ਨਿਜ ਅਤੇ ਵਰ੍ਹਦਾ ਮੀਂਹ ਸਭ ਵਿਚ ਸਾਂਝ ਹੈ। ਮੈਂ ਹੀ ਬਿਜਲੀ ਦੇ ਰੂਪ ਵਿਚ ਲਿਸ਼ਕਾਰੇ ਮਾਰਦਾ ਹਾਂ। ਮੈਂ ਹੀ ਬੱਦਲ ਦੇ ਰੂਪ ਵਿਚ ਗਰਜਦਾ ਹਾਂ। ਮੈਂ ਭਿਅੰਕਰਤਾ ਵਿਚ ਵੀ ਕਿੰਨਾ ਸੁੰਦਰ ਤੇ ਤਕੜਾ ਹਾਂ! ਸ਼ਿਵ ਸਰੂਪ ਗੀਤ ਹਿਰਦੇ ਵਿਚੋਂ ਫੁਟ ਨਿਕਲਦਾ ਹੈ।

---

1 ਫ਼ਾਰਸੀ ਤੋਂ ਅਨੁਵਾਦ

2 ਸੰਸਕ੍ਰਿਤ ਤੋਂ ਅਨੁਵਾਦ

3 ਸੰਸਕ੍ਰਿਤ ਤੋਂ ਅਨੁਵਾਦ -ਸੁਆਮੀ ਰਾਮ ਦੀ ਵਿਆਖਿਆ

ਕੋਈ ਵੀ ਦਿਨ ਜਾਂ ਰਾਤ ਭਾਰੀ ਬਰਖਾ ਤੋਂ ਬਿਨਾਂ ਨਹੀਂ ਲੰਘਦੀ। ਜਾਂ ਜਿਵੇਂ ਉਪਰੋਕਤ ਕਾਲੀਦਾਸ ਦੇ ਸ਼ਲੋਕ ਵਿਚ ਉਲੇਖ ਕੀਤਾ ਗਿਆ ਹੈ ਕਿ ਰਾਮ ਤਾਂ ਹਰ ਰੋਜ਼ ਪਹਾੜੀਆਂ ਉਤੇ ਚੜ੍ਹਨ ਸਮੇਂ ਬਰਖਾ ਦੀ ਬੁਛਾੜ ਵਿਚ ਘਿਰ ਜਾਂਦਾ ਹੈ ਕਿਉਂਜੋ ਨੇੜੇ ਤੇੜੇ ਕੋਈ ਗੁਫਾ ਜਾਂ ਕੰਦਰ ਨਹੀਂ ਹੁੰਦੀ, ਇਸ ਲਈ ਰਾਮ ਨੂੰ ਬੱਦਲਾਂ ਦੀ ਛੱਤਰੀ ਥਲੇ ਹੀ ਮੀਂਹ ਦਾ ਅਨੰਦ ਮਾਣਨਾ ਪੈਂਦਾ ਹੈ।

ਉਹ ਦਿਉਦਾਰ ਤੇ ਚੀਲ ਦੇ ਬ੍ਰਿਛ ਕਿੰਨੇ ਖ਼ੁਸ਼ਨਸੀਬ ਹਨ, ਜੋ ਡਰਦੇ ਤੇ ਕੰਬਦੇ ਹੋਏ ਆਪਣੇ ਆਪ ਨੂੰ ਗੰਗਾ ਰੂਪੀ ਅੰਮ੍ਰਿਤ ਬਰਖਾ ਦੀ ਫੁਹਾਰ ਅਗੇ ਨਿਸ਼ਾਨਾ ਬਣਾ ਦਿੰਦੇ ਹਨ ਅਤੇ ਸਭ ਕੁਝ ਆਪਣੇ ਸਿਰ ਝੁਲਦੇ ਹਨ।

ਕਿੰਨੀ ਸੁਭਾਗੀ ਗੱਲ ਹੈ ਕਿ ਅਸੀਂ ਆਪਣੀ ਛਾਤੀ ਨੂੰ ਇਸ ਠੰਢੀ ਤੇ ਝਖੜਾਂ ਭਰੀ ਨਦਰ ਕਰਮ ਅਗੇ ਖੁਲ੍ਹੇ ਦਿਲ ਅਰਪਣ ਕਰ ਦਈਏ!

ਸਹਿਸਰਤਾਰੂ ਤਾਲ (ਜੁਲਾਈ, 1906)

ਉਚੀਆਂ ਆਕਾਸ਼ੀ ਚੋਟੀਆਂ ਦੀਆਂ ਢੰਦੀਆਂ ਉਪਰ ਮੀਲਾਂ ਬੱਧੀ ਤੁਰਦੇ ਜਾਣਾ, ਹੇਠਾਂ ਬਰਚ ਤੇ ਜੁਨੀਪਰ ਦੇ ਬਿਰਛਾਂ ਦੀਆਂ ਹਵਾ ਵਿਚ ਲਹਿਰ ਰਹੀਆਂ ਲਹਿਰਾਂ ਨੂੰ ਨਿਹਾਰਨਾ, ਸੱਜੇ ਤੇ ਖੱਬੇ ਫੁੱਲਾਂ ਲੱਦੀਆਂ ਨੁਕੀਲੀਆਂ ਤਿਖੀਆਂ ਅੱਸੀਆਂ ਵਾਲੀਆਂ ਚਟਾਨਾਂ ਦੀ ਮੌਜੂਦਗੀ ਅਤੇ ਵਿਸ਼ਾਲ ਖੇਤਾਂ ਵਿਚ ਨੰਗੇ ਪੈਰੀਂ ਭਿੰਨੀ ਸੁਗੰਧੀ ਵਾਲੇ ਫੁੱਲਾਂ ਤੇ ਮਖਮਲੀ ਘਾਹਾਂ ਉਤੇ ਤੁਰਨਾ, ਜਿਨ੍ਹਾਂ ਦੀਆਂ ਡੰਡੀਆਂ ਤੁਹਾਡੇ ਪੰਜਿਆਂ ਵਿਚ ਅੜ ਜਾਂਦੀਆਂ ਹਨ ਅਤੇ ਦੂਰ ਕੈਲਾਸ਼ ਦੀਆਂ ਚੋਟੀਆਂ ਉਤੇ ਦੋਹੀਂ ਬੰਨੀ ਵਹਿ ਰਹੀਆਂ ਚਾਂਦੀ ਧਾਰਾਂ ਨੂੰ ਤੱਕਣਾ ਤੇ ਸਾਹਮਣਿਉਂ ਕਸਤੂਰੇ ਮਿਰਗਾਂ ਦਾ ਬਿਜਲੀ ਦੀ ਤੇਜ਼ ਰਫ਼ਤਾਰ ਵਿਚ ਲੰਘ ਜਾਣਾ, ਉਪਰ ਚੰਦਰਮਾ ਦਾ ਦੌੜਦਿਆਂ ਗੁਜ਼ਰ ਜਾਣਾ, ਗਰੜ ਜਾਂ ਸ਼ਾਹੀ ਉਕਾਬ ਦੀ ਤੇਜ਼ ਤਰਾਰ ਉਡਾਰੀ ਨਾਲ ਭੈਭੀਤ ਹੋ ਜਾਣਾ, ਜੋ ਆਪਣੇ ਬਲਵਾਨ ਖੰਭਾਂ ਨੂੰ ਫੜਫੜਾਉਂਦੇ ਹੋਏ ਕਦੀ ਇਧਰ ਉਡਦੇ ਹਨ ਤੇ ਕਦੀ ਉਧਰ, ਉਨ੍ਹਾਂ ਦਾ ਹੇਠਾਂ ਝਪਟ ਮਾਰ ਕੇ ਕੈਲਾਸ਼ ਵਿਚੋਂ ਬ੍ਰਹਮ ਕੰਵਲ ਦੀਆਂ ਪੱਤੀਆਂ ਨੂੰ ਤੋੜ ਲਿਆਉਣਾ, ਜਿਨ੍ਹਾਂ ਦੀਆਂ ਪੱਤੀਆਂ ਦੇ ਸੁਨਹਿਰੀ ਰੰਗ ਵਿਚ ਭਿੰਨੀ ਸੁਗੰਧੀ ਭਰੀ ਪਈ ਹੈ। ਇਥੋਂ ਦੇ ਠੰਢੇ ਸੁਗੰਧੀ ਭਰੇ ਗੁਗਲ, ਧੂਪ ਤੇ ਹੋਰ ਵਖ ਵਖ ਪ੍ਰਕਾਰ ਦੇ ਧੂਪ ਪੱਤਰਾਂ ਦੇ ਵਾਤਾਵਰਣ ਨਾਲ ਮਨ ਹਰਸ਼ ਵਿਚ ਤਰੰਗਤ ਹੋ ਉਠਦਾ ਹੈ ਅਤੇ ਸਾਰਾ ਸਮਾਂ 'ਓਮ' ਦੇ ਮੰਤਰ ਨੂੰ ਉਚਾਰਣ ਵਿਚ ਲਗਾ ਰਹਿੰਦਾ ਹੈ। ਜਗਤ ਦੇ ਸ਼ੋਰ ਸ਼ਰਾਬੇ ਤੋਂ ਬਹੁਤ ਦੂਰ ਤੇ ਉਚੇਰੇ ਜਾ ਕੇ ਡੂੰਘੀਆਂ ਨੀਲੀਆਂ ਝੀਲਾਂ ਦੇ ਸਾਫ਼ ਪਾਣੀਆਂ ਨੂੰ ਡਲਕਾਂ ਮਾਰਦਿਆਂ ਤੱਕਣਾ ਜੋ ਕੈਲਾਸ਼ ਪਰਬਤ ਦੀਆਂ ਖੁਲ੍ਹੀਆਂ ਪੌਣਾਂ ਵਿਚ ਲਹਿਰਾਂ ਉਤਪੰਨ ਕਰ ਰਹੇ ਹਨ ਅਤੇ ਜਿਨ੍ਹਾਂ

ਦੇ ਆਲੇ ਦੁਆਲੇ ਅਛੂਹ ਕੁਆਰੀਆਂ ਬਰਫ਼ਾਂ ਦੀਆਂ ਚੋਟੀਆਂ 'ਸੂਰਜ' ਨੂੰ ਸ਼ੀਸ਼ਾ ਵਿਖਾ ਰਹੀਆਂ ਹਨ। ਅਜਿਹੀ ਉਚੇਰੀ ਗੰਭੀਰ ਸ਼ਾਂਤਚਿਤ ਇਕਾਂਤ ਵਿਚ 'ਮਹਾਂ ਸੂਰਜ' ਆਪਣੇ ਮਨ ਨੂੰ ਮੋਹ ਲੈਣ ਵਾਲੀ ਸੂਰਜੀ ਸ਼ਾਨ ਦਾ ਅਨੰਦ ਮਾਣ ਰਿਹਾ ਹੈ। ਅਜਿਹੀਆਂ ਉਚਾਈਆਂ ਉਪਰ ਨਾ ਕਿਸੇ ਢੋਕ ਦੀ ਆਸ ਰਖੀ ਜਾ ਸਕਦੀ ਹੈ ਤੇ ਨਾ ਕਿਸੇ ਕੁਟੀਆ ਦੀ ; ਰਾਤ ਤਾਂ ਕੰਦਰਾਂ ਗੁਫ਼ਾਵਾਂ ਵਿਚ ਹੀ ਬਿਤਾਉਣੀ ਪੈਂਦੀ ਹੈ, ਜਿਥੇ ਕਿ ਹਵਾਵਾਂ ਸੁਤੀਆਂ ਪਈਆਂ ਹੁੰਦੀਆਂ ਹਨ।

ਹੇਠਾਂ ਮੈਦਾਨਾਂ ਵਿਚ ਉਸ ਅਕਾਊ ਜੀਵਨ ਨੂੰ ਛੱਡ ਕੇ ਆਉਣ ਦੀ ਖ਼ੁਸ਼ੀ ਹੁੰਦੀ ਹੈ, ਜੋ ਤੁਹਾਡੇ ਮਨ ਅੰਤਰ ਦੀ ਚੇਤਨਾ ਨੂੰ ਲੂਹ ਦਿੰਦਾ ਹੈ! ਦੂਜੇ ਬੰਨੇ ਸੂਰਜ ਤੇ ਸੁਮੀਰੀ ਪਵਨ ਨਾਲ ਭਿਆਲੀ ਪਾਉਣ ਦੀ ਵੀ ਖ਼ੁਸ਼ੀ ਹੁੰਦੀ ਹੈ! ਇਕ ਹੋਰ ਖ਼ੁਸ਼ੀ ਇਸ ਗੱਲ ਦੀ ਵੀ ਹੁੰਦੀ ਹੈ ਕਿ ਘਣੇ, ਵਿਸ਼ਾਲ ਤੇ ਅਨੰਤ ਬਨਾਂ ਵਿਚ ਭ੍ਰਮਣ ਕਰਨ ਦੀ ਜੋ ਇਕਮਵੇਦਿਤਯਮ ਦੀ ਅਵਸਥਾ ਵਿਚ ਲੈ ਜਾਂਦਾ ਹੈ, ਜਿਸ ਦਾ ਭਾਵ ਹੈ, ਇਕ ਛਿਣ ਲਈ ਵੀ ਉਸ ਪ੍ਰਭੂ ਤੋਂ ਵੱਖ ਨਾ ਹੋਣਾ!

ਅਧਿਆਇ ਦਸਵਾਂ

ਸੁਆਮੀ ਰਾਮ ਤੀਰਥ ਜੀ ਦੇ ਆਰੰਭਿਕ ਜੀਵਨ ਦਾ ਸੰਖੇਪ ਬਿਊਰਾ

ਸੁਆਮੀ ਰਾਮ ਤੀਰਥ ਕਿਸੇ ਕਾਲਜ ਵਿਚ ਯੂਨੀਵਰਸਿਟੀ ਦੀ ਉਚੇਰੀ ਵਿਦਿਆ ਪ੍ਰਾਪਤ ਕਰਨ ਦੇ ਉਦੇਸ਼ ਨਾਲ ਆਪਣੇ ਪਿਤਾ ਦੀ ਆਗਿਆ ਦੀ ਉਲੰਘਣਾ ਕਰਦੇ ਹੋਏ ਲਾਹੌਰ ਆ ਗਏ। ਭਾਰਤ ਵਿਚ ਉਸ ਸਮੇਂ ਵਡੇ ਸ਼ਹਿਰਾਂ ਵਿਚ ਹੀ ਇਸ ਉਚੇਰੀ ਵਿਦਿਆ ਦਾ ਪ੍ਰਬੰਧ ਮੌਜੂਦ ਸੀ। ਪੂਰਾ ਇਕ ਸਾਲ ਉਹ ਆਪਣੇ ਪਿੰਡ ਮੁਰਾਲੀਵਾਲਾ ਨਹੀਂ ਗਏ। ਇਸ ਸਾਹਸ ਪੂਰਵਕ ਕਾਰਜ ਵਿਚ ਸੁਆਮੀ ਜੀ ਦੀ ਸਹਾਇਤਾ ਉਨ੍ਹਾਂ ਦੇ ਮਾਮਾ ਜੀ ਰਘੂਨਾਥ ਮਲ ਅਤੇ ਉਨ੍ਹਾਂ ਦੇ ਗੁਜਰਾਂ ਵਾਲੇ ਦੇ ਅਨੋਖੇ ਮਿਤਰ ਤੇ ਫਿਲਾਸਫਰ ਧੰਨਾ ਭਗਤ ਕਰਦੇ ਰਹੇ। ਕਾਲਜ ਦੀ ਪੜ੍ਹਾਈ ਦੇ ਦੂਜੇ ਸਾਲ ਉਨ੍ਹਾਂ ਨੇ ਆਪਣੇ ਮਾਮਾ ਜੀ ਨੂੰ ਲਿਖਿਆ, ''ਮੇਰੀ ਸਭ ਤੋਂ ਵੱਡੀ ਲੋੜ ਪੜ੍ਹਾਈ ਕਰਨ ਲਈ ਇਕਾਂਤ ਤੇ ਸਮੇਂ ਦੀ ਹੈ। ਹੇ ਪ੍ਰਭੂ! ਮੇਰੇ ਲਈ ਤਿੰਨ ਚੀਜ਼ਾਂ ਦਾ ਕਦੀ ਕਾਲ ਨਾ ਹੋਵੇ (i) ਇਕਾਂਤ (ii) ਸਮਾਂ ਅਤੇ (iii) ਗਿਆਨ ਨੂੰ ਗ੍ਰਹਿਣ ਕਰਨ ਦੀ ਇੱਛਾ ਸ਼ਕਤੀ! ਮਾਮਾ ਜੀ ! ਇਹ ਮੇਰੀ ਅੰਤਰੀਵ ਕਾਮਨਾ ਹੈ, ਬਾਕੀ ਗੱਲਾਂ ਦਾ ਪਰਮਾਤਮਾ ਨੂੰ ਪਤਾ ਹੈ।''

1890 ਵਿਚ ਉਨ੍ਹਾਂ ਨੇ ਸੂਬੇ ਭਰ ਵਿਚ ਪੰਝੀਵੀਂ ਪਦਵੀ ਪ੍ਰਾਪਤ ਕਰਕੇ ਇੰਟਰਮੀਡੀਅਟ ਦਾ ਇਮਤਿਹਾਨ ਪਾਸ ਕਰ ਲਿਆ।

ਕੁਝ ਚਿਰ ਪਿਛੋਂ ਹੀ ਸੁਆਮੀ ਜੀ ਦਾ ਪਿਤਾ ਜੋ ਉਨ੍ਹਾਂ ਨੂੰ ਜੀਵਨ ਦੇ ਕਾਰ ਵਿਹਾਰ ਵਿਚ ਪਾਉਣ ਲਈ ਬੜਾ ਉਤਾਵਲਾ ਸੀ, ਇਸ ਹਠੀਲੇ ਵਿਦਿਆਰਥੀ ਨੂੰ ਆਪਣਾ ਕਹਿਣਾ ਨਾ ਮੰਨਦਾ ਵੇਖ ਕੇ ਸੁਆਮੀ ਜੀ ਦੀ ਪਤਨੀ ਨੂੰ ਉਨ੍ਹਾਂ ਕੋਲ ਲਾਹੌਰ ਹੀ ਛੱਡ ਗਿਆ ਅਤੇ ਉਨ੍ਹਾਂ ਨੂੰ ਉਚੇਰੀ ਪੜ੍ਹਾਈ ਕਰਨ ਲਈ ਸਭ ਸਹਾਇਤਾ ਦੇਣੀ ਬੰਦ ਕਰ ਦਿਤੀ। ਸੁਆਮੀ ਰਾਮ ਤੀਰਥ ਹਾਲੀ ਛੋਟੀ ਉਮਰ ਦੇ ਹੀ ਸਨ, ਜਦੋਂ ਉਨ੍ਹਾਂ ਦੀ ਸ਼ਾਦੀ ਬਚਪਨ ਵਿਚ ਹੀ ਪਿੰਡ ਵੀਰੋਕੇ ਵਿਚ ਕਰ ਦਿਤੀ ਗਈ ਸੀ।

ਉਨ੍ਹਾਂ ਨੇ ਆਪਣਾ ਬੀ. ਏ. ਦਾ ਇਮਤਿਹਾਨ 1893 ਵਿਚ ਪਾਸ ਕੀਤਾ। ਇਹ ਉਨ੍ਹਾਂ ਦਾ ਦੂਜਾ ਅਵਸਰ ਸੀ, ਕਿਉਂ ਜੋ ਪਹਿਲਾ ਅਵਸਰ ਯੂਨੀਵਰਸਿਟੀ ਦੇ ਕਿਸੇ ਨੇਮ ਦੀ ਉਲੰਘਣਾ ਕਾਰਣ ਹਥੋਂ ਜਾਂਦਾ ਰਿਹਾ ਸੀ।

ਕਿਹਾ ਜਾਂਦਾ ਹੈ ਕਿ ਇਸ ਪ੍ਰੀਖਿਆ ਵਿਚ ਪ੍ਰੀਖਿਆਕਾਰ ਨੇ ਤੇਰਾਂ ਪ੍ਰਸ਼ਨ ਪਾਏ ਸਨ ਤੇ ਉਨ੍ਹਾਂ ਵਿਚੋਂ 9 ਪ੍ਰਸ਼ਨਾਂ ਨੂੰ ਹਲ ਕਰਨ ਲਈ ਕਿਹਾ ਗਿਆ ਸੀ। ਸੁਆਮੀ ਰਾਮ ਤੀਰਥ ਜੀ ਨੇ ਇਹ ਤੇਰਾਂ ਪ੍ਰਸ਼ਨ ਹੀ ਹਲ ਕਰ ਦਿਤੇ ਸਨ ਅਤੇ ਆਪਣੇ ਪਰਚੇ ਵਿਚ ਪ੍ਰੀਖਿਆਕਾਰ ਨੂੰ ਇਹ ਨੋਟ ਲਿਖ ਦਿਤਾ ਸੀ ਕਿ ਇਹ ਕੋਈ ਵੀ 9 ਪ੍ਰਸ਼ਨ ਵਾਚ ਸਕਦੇ ਹਨ।

ਫਿਰ ਉਨ੍ਹਾਂ ਨੇ ਆਪਣੇ ਪਿਤਾ ਜੀ ਨੂੰ ਲਿਖਿਆ, "ਤੁਹਾਡਾ ਸਪੁੱਤਰ ਸੂਬੇ ਭਰ ਵਿਚੋਂ ਅਵਲ ਆਇਆ ਹੈ ਅਤੇ ਉਸ ਨੂੰ 60 ਰੁਪਏ ਪ੍ਰਤੀ ਮਹੀਨਾ ਵਜ਼ੀਫ਼ਾ ਵੀ ਮਿਲਿਆ ਹੈ। ਇਹ ਸਭ ਪ੍ਰਭੂ ਦੀ ਕਿਰਪਾ ਦੇ ਕਾਰਣ ਹੈ। ਅਜਿਹੇ ਨਤੀਜੇ ਕਿਸੇ ਦੇ ਨਿਜੀ ਯਤਨਾਂ ਦਾ ਫੱਲ ਨਹੀਂ ਹੋ ਸਕਦੇ।"

ਇਸੇ ਸਮੇਂ ਉਨ੍ਹਾਂ ਨੇ ਆਪਣੇ ਸੱਚੇ ਸਰਪ੍ਰਸਤ ਮਾਮਾ ਜੀ ਨੂੰ ਲਿਖਿਆ, "ਮੈਨੂੰ ਦੋ ਵਜ਼ੀਫ਼ੇ ਮਿਲਣਗੇ, ਇਕ 25 ਰੁਪਏ ਮਹੀਨਾ ਤੇ ਦੂਜਾ 35 ਰੁਪਏ ਮਹੀਨਾ। ਇਹ ਸਭ ਪਰਮਾਤਮਾ ਦੀ ਮਿਹਰ ਸਦਕਾ ਹੈ।"

ਆਪ ਗਣਿਤ ਵਿਗਿਆਨ ਦੀ ਐਮ. ਏ. ਸ੍ਰੇਣੀ ਵਿਚ ਗੌਰਮਿੰਟ ਕਾਲਜ ਲਾਹੌਰ ਵਿਚ ਦਾਖਲ ਹੋ ਗਏ। ਉਦੋਂ 1893 ਵਿਚ ਆਪ ਸਾਢੇ 19 ਸਾਲਾਂ ਦੇ ਸਨ। ਉਨ੍ਹਾਂ ਨੇ ਇੰਗਲੈਂਡ ਜਾ ਕੇ ਗਣਿਤ ਵਿਗਿਆਨ ਦੀ ਪੜ੍ਹਾਈ ਕਰਨ ਲਈ ਬਿਲਿਉ ਰਿਬਨ ਵਜ਼ੀਫ਼ੇ ਲਈ ਬਿਨੈ-ਪੱਤਰ ਭੇਜਿਆ, ਪਰ ਇਹ ਵਜ਼ੀਫ਼ਾ ਕਿਸੇ ਹੋਰ ਨੂੰ ਮਿਲ ਗਿਆ। ਪਿਛੋਂ ਉਨ੍ਹਾਂ ਨੇ ਮੈਨੂੰ ਦਸਿਆ, "ਰਾਮ ਆਨਰਜ਼ ਦੀ ਪੜ੍ਹਾਈ ਪਿਛੋਂ ਗਣਿਤ ਵਿਗਿਆਨ ਦਾ ਉਚੇਰਾ ਵਜ਼ੀਫ਼ਾ ਪ੍ਰਾਪਤ ਕਰਨਾ ਚਾਹੁੰਦਾ ਸੀ, ਪਰ ਸਰੀਰ ਵਜੋਂ ਹਿੰਦੁਸਤਾਨੀ ਹੋਣ ਕਰਕੇ ਉਹ ਅਜਿਹਾ ਨਾ ਕਰ ਸਕਿਆ ਅਤੇ ਉਹ ਕਿਸੇ ਹੋਰ ਵਿਦੇਸ਼ੀ (ਮਿਸਟਰ ਪਰਾਨਜਪਾਈ) ਨੂੰ ਮਿਲ ਗਿਆ। ਇਸ ਲਈ ਨਿਸ਼ਕਾਮ ਭਾਵਨਾ ਰਖਣ ਵਾਲੇ ਵਿਅਕਤੀ ਦੀਆਂ ਹੀ ਮਨੋ ਕਾਮਨਾਵਾਂ ਪੂਰੀਆਂ ਹੁੰਦੀਆਂ ਹਨ।"

18 ਫ਼ਰਵਰੀ, 1894 : ਸੁਆਮੀ ਜੀ ਨੇ ਲਿਖਿਆ, "ਇਸ ਸੰਸਾਰ ਵਿਚ ਸਾਨੂੰ ਕਿਸੇ ਉਤੇ ਭਰੋਸਾ ਨਹੀਂ ਰਖਣਾ ਚਾਹੀਦਾ। ਉਹ ਸੁਭਾਗੇ ਹਨ ਜੋ ਕੇਵਲ ਪਰਮਾਤਮਾ ਉਤੇ ਭਰੋਸਾ ਰਖਦੇ ਹਨ। ਉਹ ਹੀ ਸੱਚੇ ਸੰਤ ਹਨ। ਇਨ੍ਹਾਂ ਪਵਿੱਤਰ ਮਹਾਂਪੁਰਸ਼ਾਂ ਦੇ ਚਰਨਾਂ ਉਤੇ ਆਤਮ ਸਮਰਪਣ ਕਰਕੇ ਹੀ ਇਸ ਸੰਸਾਰ ਦੇ ਮਨੁੱਖਾਂ ਤੇ ਉਨ੍ਹਾਂ ਦੇ ਸਬੰਧੀਆਂ ਦਾ ਕਲਿਆਣ ਹੁੰਦਾ ਹੈ।"

ਗੌਰਮਿੰਟ ਕਾਲਜ ਵਿਚ ਨਿਵਾਸ ਸਮੇਂ ਉਹ ਕੇਵਲ ਦੁਧਾਧਾਰੀ ਹੀ ਸਨ ਅਤੇ ਉਨ੍ਹਾਂ ਨੇ ਕਣਕ ਦੀ ਰੋਟੀ ਖਾਣੀ ਬੰਦ ਕਰ ਦਿਤੀ ਸੀ, ਕਦੀ ਕਦਾਈਂ ਇਹ ਦੁੱਧ ਚਾਵਲ ਜ਼ਰੂਰ ਖਾ ਲੈਂਦੇ ਸਨ। ਉਨ੍ਹਾਂ ਦਾ ਆਹਾਰ ਬੜਾ ਅਲਪ ਹੁੰਦਾ ਸੀ ਅਤੇ ਉਨ੍ਹਾਂ ਦੀ ਪੁਸ਼ਾਕ ਹੋਰ ਵੀ ਸਾਦਾ ਹੁੰਦੀ ਸੀ-ਉਹ ਮੋਟਾ ਤੇ ਸਸਤਾ ਖ਼ਦਰ ਪਹਿਨਦੇ ਸਨ।

1895 ਵਿਚ ਆਪ ਸਿਆਲਕੋਟ ਦੇ ਇਕ ਸਕੂਲ ਵਿਚ ਮਾਸਟਰ ਲਗ ਗਏ। ਫਿਰ ਇਥੋਂ ਦੇ ਮਿਸ਼ਨ ਹਾਈ ਸਕੂਲ ਵਿਚ ਸੈਕੰਡ ਮਾਸਟਰ ਬਣ ਗਏ। ਇਥੇ ਹੀ ਉਨ੍ਹਾਂ ਨੇ ਇਕ ਮਿਤਰ ਕੋਲੋਂ ਦਸ ਰੁਪਏ ਦੀ ਤੁੱਛ ਰਕਮ ਉਧਾਰ ਲਈ, ਜਿਸ ਨੇ ਖ਼ੁਸ਼ੀ ਖ਼ੁਸ਼ੀ ਉਨ੍ਹਾਂ ਨੂੰ ਇਹ ਰਕਮ ਦੇ ਦਿਤੀ। ਜਿੰਨਾ ਚਿਰ ਤਕ ਉਹ ਸਿਆਲਕੋਟ ਰਹੇ, ਆਪਣੇ ਇਸ ਦਿਆਲੂ ਮਿਤਰ ਨੂੰ ਦਸ ਰੁਪਏ ਮਹੀਨਾ ਦਿੰਦੇ ਰਹੇ।

ਸਿਆਲਕੋਟ ਤੋਂ ਹੀ ਉਨ੍ਹਾਂ ਨੇ ਆਪਣੇ ਮਾਮਾ ਜੀ ਨੂੰ ਇਸ ਤਰ੍ਹਾਂ ਲਿਖਿਆ "ਮੇਰਾ ਇਥੇ ਆਉਣ ਨਾਲ ਸਿਆਲਕੋਟ ਦੀ ਸਨਾਤਨ ਧਰਮ ਸਭਾ ਵਿਚ ਨਵੀਂ ਜਾਨ ਪੈ ਗਈ ਹੈ। ਇਸ ਸਭਾ ਲਈ ਜੋ ਕੁਝ ਵੀ ਮੈਂ ਤੁੱਛ ਮਾਤਰ ਕਰਦਾ ਹਾਂ, ਉਸ ਨਾਲ ਮੈਨੂੰ ਬੜਾ ਅਨੰਦ ਮਿਲਦਾ ਹੈ। ਇਸ ਅਨੰਦ ਦੇ ਟਾਕਰੇ ਬਾਦਸ਼ਾਹਤ ਵੀ ਹੇਚ ਲਗਦੀ ਹੈ। ਸਾਰੇ ਸੁਦੇਸ਼ੀ ਤੇ ਵਿਦੇਸ਼ੀ ਅਰਥਾਤ ਅੰਗਰੇਜ਼ ਮਿਤਰ ਜਨ ਮੇਰੇ ਉਤੇ ਬੜੇ ਪ੍ਰਸੰਨ ਤੇ ਦਿਆਲੂ ਹਨ।"

1896 ਵਿਚ ਉਹ ਇਸ ਸਕੂਲ ਦੇ ਹੋਸਟਲ ਦੇ ਸੁਪਰਡੰਟ ਬਣ ਗਏ। ਉਨ੍ਹਾਂ ਨੇ ਧੰਨਾ ਭਗਤ ਨੂੰ ਇਹ ਪੱਤਰ ਲਿਖਿਆ, "ਮੁਸਲਮਾਨ ਸੁਪਰਡੰਟ ਨੇ ਇਕ ਗਲਤ ਗੱਲ ਕੀਤੀ। ਹੋਸਟਲ ਦੇ ਹਾਤੇ ਵਿਚ ਉਸ ਨੇ ਗੌ-ਮਾਸ ਬਣਾਇਆ, ਜਿਸ ਨਾਲ ਹਿੰਦੂ ਵਿਦਿਆਰਥੀ ਨਾਰਾਜ਼ ਹੋ ਗਏ। ਉਸ ਨੂੰ ਹਟਾ ਦਿਤਾ ਗਿਆ ਹੈ ਅਤੇ ਹੁਣ ਉਸ ਦੀ ਥਾਂ ਮੈਨੂੰ ਦੇ ਦਿਤੀ ਗਈ ਹੈ।

1896 ਵਿਚ ਆਪ ਨੂੰ ਮਿਸ਼ਨ ਕਾਲਜ ਲਾਹੌਰ ਵਿਖੇ ਗਣਿਤ ਵਿਭਾਗ ਦਾ ਪ੍ਰੋਫ਼ੈਸਰ ਬਣਾ ਦਿਤਾ ਗਿਆ।

ਗਰਮੀਆਂ ਦੀਆਂ ਛੁਟੀਆਂ ਵਿਚ ਆਪ ਪਹਾੜਾਂ ਉਤੇ ਚਲੇ ਜਾਂਦੇ ਸਨ ਅਤੇ ਇਹ ਸਮਾਂ ਕਸ਼ਮੀਰ ਤੇ ਅਮਰਨਾਥ ਵਿਖੇ ਗੁਜ਼ਾਰਦੇ ਸਨ। ਉਹ ਹਰਦੁਆਰ ਤੇ ਰਿਸ਼ੀਕੇਸ਼ ਵੀ ਅਕਸਰ ਜਾਂਦੇ ਰਹਿੰਦੇ ਸਨ ਅਤੇ ਪੂਰਣ ਇਕਾਂਤ ਵਿਚ ਜਾ ਕੇ ਕੁਝ ਸਮਾਂ ਬਤੀਤ ਕਰਦੇ ਸਨ। ਕੁਝ ਚਿਰ ਪਿਛੋਂ ਉਨ੍ਹਾਂ ਨੇ ਇਸ ਪ੍ਰੋਫ਼ੈਸਰ-ਸ਼ਿਪ ਦਾ ਤਿਆਗ ਕਰ ਦਿਤਾ ਕਿਉਂਜੋ ਉਨ੍ਹਾਂ ਦੀ ਭਗਤੀ ਸਾਧਨਾ ਤੇ ਕੁਦਰਤ ਨਾਲ ਇਕਸੁਰਤਾ ਪ੍ਰਾਪਤ ਕਰਨ ਲਈ ਇਹ ਕਾਰਜ ਉਨ੍ਹਾਂ ਨੂੰ ਵਿਘਨਕਾਰੀ ਲਗਦਾ ਸੀ।

ਫਿਰ ਆਪ ਓਰੀਐਂਟਲ ਕਾਲਜ ਵਿਚ ਰੀਡਰ ਬਣ ਗਏ, ਜਿਥੇ ਕੇਵਲ 2 ਘੰਟੇ ਦਾ ਸਮਾਂ ਹੀ ਕਾਫ਼ੀ ਸੀ ਅਤੇ ਉਨ੍ਹਾਂ ਨੂੰ ਮੰਨ ਦੀ ਇੱਛਾ ਅਨੁਸਾਰ ਭਗਤੀ ਸਾਧਨਾ ਲਈ ਖੁਲ੍ਹਾ ਸਮਾਂ ਮਿਲ ਜਾਂਦਾ ਸੀ।

1900 ਵਿਚ ਉਨ੍ਹਾਂ ਨੇ ਆਪਣਾ ਅਨੋਖਾ ਪੱਤਰ 'ਅਲਿਫ਼' (ਜੋ ਫ਼ਾਰਸੀ ਵਰਣਮਾਲਾ ਦਾ ਪਹਿਲਾ ਅੱਖਰ ਹੈ) ਜਾਰੀ ਕੀਤਾ। ਉਨ੍ਹਾਂ ਦੇ ਪਰੈੱਸ ਦਾ ਨਾਮ ਵੀ 'ਅਨੰਦ ਪਰੈੱਸ' ਸੀ। ਜੁਲਾਈ, 1900 ਵਿਚ ਆਪ ਨੇ ਲਾਹੌਰ ਨੂੰ ਸਦਾ ਲਈ ਛੱਡਣ ਤੇ ਹਿਮਾਲਾ ਪਰਬਤ ਉਤੇ ਜਾਣ ਦਾ ਫ਼ੈਸਲਾ ਕਰ ਲਿਆ।

ਇਸ ਸਮੇਂ ਉਨ੍ਹਾਂ ਦੇ ਬਹੁਤ ਸਾਰੇ ਮਿਤਰ ਤੇ ਪ੍ਰਸ਼ੰਸਕ ਲਾਹੌਰ ਦੇ ਰੇਲਵੇ ਸਟੇਸ਼ਨ ਦੇ ਪਲੇਟਫਾਰਮ ਉਤੇ ਉਨ੍ਹਾਂ ਨੂੰ ਵਿਦਾਇਗੀ ਦੇਣ ਲਈ ਹਾਜ਼ਰ ਸਨ। ਜਦੋਂ ਸੁਆਮੀ ਰਾਮ ਉਨ੍ਹਾਂ ਤੋਂ ਵਿਦਾਇਗੀ ਲੈ ਰਹੇ ਸਨ ਤਾਂ ਉਹ ਸੁਆਮੀ ਰਾਮ ਤੀਰਥ ਜੀ ਦੀ ਰਚੀ ਹੋਈ ਗ਼ਜ਼ਲ ਦੇ ਸ਼ਿਅਰ ਹੀ ਬੋਲ ਰਹੇ ਸਨ।

ਮੇਰੇ ਹਿਸਾਬ ਤੈਨੂੰ ਅਲਵਿਦਾ!
ਮੇਰੇ ਰਾਵੀ ਚਨਾਬ ਤੈਨੂੰ ਅਲਵਿਦਾ!
ਮੇਰੀ ਪਤਨੀ ਤੈਨੂੰ ਅਲਵਿਦਾ!
ਮੇਰੇ ਬਚਿਓ ਤੁਹਾਨੂੰ ਅਲਵਿਦਾ !
ਮੇਰੇ ਮਿਤਰੋ ਤੁਹਾਨੂੰ ਅਲਵਿਦਾ!
ਮੇਰੇ ਦੁਸ਼ਮਣੋਂ ਤੁਹਾਨੂੰ ਵੀ ਅਲਵਿਦਾ!
ਮੇਰੀ ਕਿਤਾਬੋ ਤੁਹਾਨੂੰ ਅਲਵਿਦਾ!
ਮੇਰੇ ਅਧਿਆਪਨ ਦੇ ਕਾਰਜ ਤੈਨੂੰ ਅਲਵਿਦਾ!
ਮੇਰੀ ਆਤਮਾ ਤੈਨੂੰ ਅਲਵਿਦਾ!
ਮੇਰੇ ਪਰਮਾਤਮਾ ਤੈਨੂੰ ਅਲਵਿਦਾ!
ਸਭ ਨੂੰ ਅਲਵਿਦਾ! ਅਲਵਿਦਾ! ਅਲਵਿਦਾ!
ਮੇਰੇ ਮਿਤਰੋ! ਮੈਂ ਆਪਣੇ ਦੇਸ਼ ਵਿਚ ਅਭੇਦ ਹੋ ਗਿਆ ਹਾਂ।[1]
ਮੇਰਾ ਦੇਸ਼ ਮੇਰੇ ਵਿਚ ਅਭੇਦ ਹੋ ਗਿਆ ਹੈ,
ਹੁਣ ਮੈਂ ਬਨਾਂ ਵਿਚ ਨਿਵਾਸ ਰਖਾਂਗਾ

---

1 'ਅਲਿਫ਼' ਪਤ੍ਰਕਾ ਵਿਚ ਇਸ ਕਵਿਤਾ ਸਮਾਨ ਹੀ ਆਪਣੇ ਦੇਸ਼ ਬਾਰੇ ਵਿਚਾਰ ਪ੍ਰਗਟਾਏ ਗਏ ਹੁੰਦੇ ਸਨ, ਪਰ ਸੁਦੇਸ਼ ਦਾ ਖ਼ਿਆਲ ਉਨ੍ਹਾਂ ਦੇ ਮਨ ਨੂੰ ਸਦਾ ਹੀ ਮਲੀ ਬੈਠਾ ਰਿਹਾ।

ਅਤੇ ਸਭ ਤੋਂ ਨਿਵੇਕਲਾ ਰਹਿ ਕੇ ਪ੍ਰਭੂ ਪ੍ਰੀਤਮ ਦੇ ਪ੍ਰੇਮ ਵਿਚ ਅਭੇਦ ਹੋ ਜਾਵਾਂਗਾ।

1901 ਦੇ ਆਰੰਭ ਵਿਚ ਉਨ੍ਹਾਂ ਨੇ ਇਕ ਸਾਲ ਪਰਬਤਾਂ ਵਿਚ ਭਰਮਣ ਕਰਨ ਪਿਛੋਂ ਭਗਵੇ ਵੇਸ ਨੂੰ ਧਾਰਣ ਕਰ ਲਿਆ।

ਅਗਸਤ, 1901 ਵਿਚ ਉਨ੍ਹਾਂ ਨੇ ਇਕ ਲੰਮੀ ਯਾਤਰਾ ਕੀਤੀ ਅਤੇ ਗੰਗੋਤਰੀ, ਜਮਨੋਤਰੀ, ਕਿਦਾਰਨਾਥ, ਬਦਰੀ ਨਾਰਾਇਣ ਵਿਖੇ ਜਾ ਕੇ ਹਿਮਾਲਿਆ ਪਰਬਤ ਦੀਆਂ ਹਿਮ-ਸਿਖਰਾਂ ਉਤੇ ਪੁਜ ਕੇ ਕੁਦਰਤ ਦੇ ਵਿਸਮਾਦੀ ਅਨੰਦ ਨੂੰ ਮਾਣਿਆਂ।

1901 ਵਿਚ ਬਦਰੀ ਨਾਰਾਇਣ ਦੀ ਯਾਤਰਾ ਕਰਨ ਪਿਛੋਂ ਸੁਆਮੀ ਰਾਮ ਤੀਰਥ ਮਥੁਰਾ ਪੁਜ ਗਏ, ਜਿਥੇ ਸੁਆਮੀ ਸ਼ਿਵ ਗੁਣਾ ਆਚਾਰੀਆ ਵਲੋਂ ਬੁਲਾਏ ਗਏ ਲਘੂ ਵਿਸ਼ਵ ਧਰਮ ਸੰਮੇਲਨ ਦੀਆਂ ਦੋ ਬੈਠਕਾਂ ਦੀ ਉਨ੍ਹਾਂ ਨੇ ਪ੍ਰਧਾਨਗੀ ਕੀਤੀ।

1902 ਵਿਚ ਆਪ ਜਾਪਾਨ ਚਲੇ ਗਏ। ਅਮਰੀਕਾ ਵਿਚ 2 ਸਾਲ ਗੁਜ਼ਾਰਨ ਪਿਛੋਂ 8 ਦਸੰਬਰ, 1904 ਨੂੰ ਭਾਰਤ ਵਾਪਸ ਪਰਤ ਆਏ।

ਅਧਿਆਇ ਗਿਆਰ੍ਹਵਾਂ

ਸੁਆਮੀ ਰਾਮ ਤੀਰਥ ਦੀ ਜਾਪਾਨ ਯਾਤਰਾ

1893 ਵਿਚ ਸ਼ਿਕਾਗੋ ਵਿਖੇ ਵਿਸ਼ਵ ਧਰਮ ਸੰਮੇਲਨ ਹੋਇਆ। ਇਸ ਵਿਚ ਕਈ ਉਜਲ ਤੇ ਮਹਾਨ ਸ਼ਖਸੀਅਤਾਂ ਨੇ ਭਾਗ ਲਿਆ। ਪੂਰਬ ਦੇ ਧਰਮ-ਵੇਤਾਵਾਂ ਵਿਚੋਂ ਕਲਕੱਤੇ ਦੇ ਸੁਆਮੀ ਵਿਵੇਕਾਨੰਦ ਜੀ ਸਭ ਤੋਂ ਪ੍ਰਮੁਖ ਸਨ। ਇਸੇ ਤਰ੍ਹਾਂ ਸ੍ਰੀ ਲੰਕਾ ਦੇ ਅਨਾਗਰਿਕਾ ਧਰਮਪਾਲ ਅਤੇ ਜਾਪਾਨ ਦੇ ਮਿਸਟਰ ਕਾਂਜ਼ੋ ਹਿਰਾਏ ਤੇ ਜੇਨਸ਼ੀਰੋ ਨੋਗੁਚੀ ਵੀ ਇਨ੍ਹਾਂ ਪ੍ਰਸਿਧ ਹਸਤੀਆਂ ਵਿਚੋਂ ਸਨ। ਸਾਰੇ ਸੰਸਾਰ ਦੇ ਧਾਰਮਿਕ ਨੇਤਾ ਇਸ ਤਰ੍ਹਾਂ ਦੇ ਦੂਜੇ ਧਰਮ ਵਿਸ਼ਵ ਸੰਮੇਲਨ ਦੀ ਬੜੀ ਤੀਬਰਤਾ ਨਾਲ ਉਡੀਕ ਕਰ ਰਹੇ ਸਨ, ਪਰ ਅਜਿਹੇ ਦੂਜੇ ਅੰਤਰ ਰਾਸ਼ਟਰੀ ਸੰਮੇਲਨ ਦਾ ਹੋ ਸਕਣਾ ਸ਼ਾਇਦ ਕੁਦਰਤ ਨੂੰ ਮਨਜ਼ੂਰ ਨਹੀਂ ਸੀ।

ਜਾਪਾਨ ਦੇ ਉਕਾਕੁਰਾ ਦੇ ਕੁਝ ਬੰਗਾਲੀ ਮਿਤਰਾਂ ਵਲੋਂ ਜਦੋਂ ਉਕਾਕੁਰਾ ਭਾਰਤ ਵਿਚ ਆਇਆ ਹੋਇਆ ਸੀ, ਇਹ ਐਲਾਨ ਕਰ ਦਿਤਾ ਗਿਆ ਕਿ ਅਗਲਾ ਵਿਸ਼ਵ ਧਰਮ ਸੰਮੇਲਨ ਜਾਪਾਨ ਦੀ ਰਾਜਧਾਨੀ ਟੋਕੀਓ ਵਿਚ ਕੀਤਾ ਜਾ ਰਿਹਾ ਹੈ। ਸ਼ਾਇਦ ਇਹ ਐਲਾਨ ਕੁਝ ਅਗੇਤਰਾ ਕਰ ਦਿਤਾ ਗਿਆ ਸੀ। ਉਸ ਸਮੇਂ ਉਕਾਕੁਰਾ ਭਾਰਤ ਦੀ ਸੰਖੇਪ ਯਾਤਰਾ ਉਤੇ ਸੀ ਅਤੇ ਭੈਣ ਨਿਵੇਦਿਤਾ ਦੀ ਇੱਛਾ ਉਤੇ ਫੁੱਲ ਚੜ੍ਹਾਉਣ ਲਈ ਉਸ ਨੇ ਜਾਪਾਨ ਵਿਖੇ ਇਸ ਧਰਮ ਸੰਮੇਲਨ ਨੂੰ ਕਰਨ ਦੇ ਸੁਝਾ ਨੂੰ ਮੰਨ ਲਿਆ ਸੀ, ਪਰ ਇਸ ਦਾ ਪ੍ਰਬੰਧ ਸ਼ਾਇਦ ਉਸ ਨੇ ਆਪਣੇ ਦੇਸ਼ ਵਿਚ ਜਾ ਕੇ ਕਰਨਾ ਸੀ। ਪਰ ਜਦੋਂ ਇਹ ਖ਼ਬਰ ਜਾਪਾਨ ਦੀਆਂ ਅਖ਼ਬਾਰਾਂ ਵਿਚ ਛੱਪੀ ਤਾਂ ਉਕਾਕੁਰਾ ਆਪ ਹਾਲੀ ਕਲਕੱਤੇ ਹੀ ਸੀ, ਇਸ ਲਈ ਜਾਪਾਨ ਵਿਚ ਇਸ ਧਰਮ ਸੰਮੇਲਨ ਨੂੰ ਕਰਨ ਬਾਰੇ ਭਰਵਾਂ ਹੁੰਗਾਰਾ ਮਿਲਣ ਦੀ ਥਾਂ ਇਸ ਦਾ ਵਿਰੋਧ ਹੋਇਆ ਅਤੇ ਇਸ ਲਈ ਇਹ ਪ੍ਰਸਤਾਵ ਸਿਰੇ ਨਾ ਚੜ੍ਹ ਸਕਿਆ। ਇਸ ਦਾ ਵੱਡਾ ਕਾਰਣ ਉਕਾਕੁਰਾ ਦਾ ਉਸ ਸਮੇਂ ਜਾਪਾਨ ਵਿਚ ਨਾ ਹੋਣਾ ਸੀ।

ਉਨ੍ਹਾਂ ਦਿਨਾਂ ਵਿਚ ਸੁਆਮੀ ਰਾਮ ਤੀਰਥ ਜੀ ਟੀਹਰੀ ਗੜ੍ਹਵਾਲ ਦੇ ਨੇੜੇ ਨਿਵਾਸ ਰਖ ਰਹੇ ਸਨ। ਰਾਤ ਦਿਨ ਉਹ ਨਿਰੰਤਰ ਧਿਆਨ ਮਗਨ ਵਿਚਰਦੇ ਸਨ। ਉਹ ਵੇਦਾਂਤੀ ਚੇਤਨਾ ਦੇ ਸਹਿਜ ਤੇ ਅਖੰਡ ਪਰਵਾਹ ਦੇ ਪਰਮ ਅਨੰਦ ਨੂੰ ਮਾਣ

ਰਹੇ ਸਨ। ਉਨ੍ਹਾਂ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਇਸੇ ਸਮੇਂ ਦੀਆਂ ਹੀ ਰਚਨਾਵਾਂ ਹਨ, ਪਰ ਸਭ ਤੋਂ ਮਹਾਨ ਕਵਿਤਾ ਤਾਂ ਸੁਆਮੀ ਜੀ ਆਪ ਸਨ।

ਉਹ ਬਹੁਤ ਥੋੜ੍ਹੇ ਸ਼ਬਦ ਬੋਲਦੇ ਸਨ, ਪਰ ਜੋ ਕੋਈ ਵੀ ਉਨ੍ਹਾਂ ਦੇ ਦਰਸ਼ਨ ਕਰਦਾ, ਉਸ ਨੂੰ ਉਨ੍ਹਾਂ ਦੇ ਅੰਦਰੋਂ ਰੱਬੀ ਸੁਗੰਧੀ ਆਉਂਦੀ। ਉਨ੍ਹਾਂ ਦੇ ਨੇਤਰਾਂ ਵਿਚ ਸ਼ੁਧ ਵਿਚਾਰ ਦੀ ਚਮਕ ਦਮਕਾਂ ਮਾਰਦੀ ਸੀ। ਉਨ੍ਹਾਂ ਦੇ ਮੁਖੜੇ ਉਤੇ ਉਚ ਕੋਟੀ ਦੇ ਪਰਮ ਸੁੰਦਰ ਤੇ ਉਦਾਤ ਮਨੋਭਾਵ ਦੁੱਧ ਚਿੱਟੀ ਬਰਫ਼ ਦੇ ਹਾਰ ਚਮਕਦੇ ਦਿਖਾਈ ਦਿੰਦੇ ਸਨ। ਜਦੋਂ ਉਹ ਆਪਣੇ ਪੈਰਾਂ ਹੇਠਲੇ ਘਾਹ ਨੂੰ ਵੀ ਛੂੰਹਦੇ ਸਨ ਤਾਂ ਉਨ੍ਹਾਂ ਨਾਲ ਵੀ ਅਨੋਖਾ ਹਿਤ ਦਰਸਾਉਂਦੇ ਸਨ। ਉਹ ਗੰਗਾ ਨਦੀ ਨੂੰ ਵੀ ''ਮੇਰੀ ਗੰਗੀ'' ਕਰਕੇ ਬੁਲਾਉਂਦੇ ਸਨ। ਉਨ੍ਹਾਂ ਨੇ ਆਪਣੇ ਕਾਗ਼ਜ਼ਾਂ, ਆਪਣੀ ਕਲਮ ਤੇ ਹੋਰ ਚੀਜ਼ਾਂ ਵਸਤਾਂ ਨੂੰ ਆਪਣੇ ਹੀ ਪਿਆਰੇ ਨਾਂ ਦਿਤੇ ਹੋਏ ਸਨ ਅਤੇ ਇੰਝ ਸੁਆਮੀ ਰਾਮ ਤੀਰਥ ਜੀ ਆਪਣੀ ਹੀ ਰਚੀ ਹੋਈ ਨਵ-ਸਿਰਜਣਾ ਵਿਚ ਲਿਵਲੀਨ ਰਹਿੰਦੇ ਸਨ।

ਉਨ੍ਹਾਂ ਦੀ ਆਤਮਾ ਦੀ ਮਿਠੀ ਕੰਬਣੀ ਦੀ ਛੁਹ ਸਦਕਾ ਸੁਆਮੀ ਜੀ ਦੇ ਅੰਦਰ ਖ਼ੁਸ਼ੀ ਦੇ ਹੜ੍ਹ ਠਾਠਾਂ ਮਾਰ ਰਹੇ ਹੁੰਦੇ ਅਤੇ ਜਦੋਂ ਵੀ ਸੁਆਮੀ ਜੀ ਨੂੰ ਆਪਣੇ ਅੰਦਰੋਂ ਹੀ ਇਕਾਂਤ ਵਿਚਰਨ ਦੀ ਪ੍ਰੇਰਨਾ ਹੁੰਦੀ ਤਾਂ ਉਹ ਸਾਰੇ ਕੰਮ ਛੱਡ ਕੇ ਹਿਰਨਾਂ ਵਾਂਗ ਚੁੰਗੀਆਂ ਮਾਰਦੇ ਨੱਠ ਜਾਂਦੇ। ਉਹ ਬਰਫ਼ਾਂ ਉਤੇ ਚੜ੍ਹ ਜਾਂਦੇ, ਹਿਮਾਲਾ ਦੀਆਂ ਗੁਫ਼ਾਵਾਂ ਵਿਚ ਦੌੜਦੇ ਫਿਰਦੇ, ਵਹਿੰਦੀਆਂ ਨਦੀਆਂ ਵਿਚ ਇਸ਼ਨਾਨ ਕਰਨ ਲਗ ਪੈਂਦੇ। ਹਨੇਰੀਆਂ ਰਾਤਾਂ ਨੂੰ ਸੜਕਾਂ ਉਤੇ ਤੁਰਦੇ ਫਿਰਦੇ। ਮੌਤ ਤੇ ਖ਼ਤਰਿਆਂ ਨੂੰ ਸਵੈਇੱਛਾ ਨਾਲ ਇਕ ਸਰੀਰਕ ਅਭਿਆਸ ਸਮਝ ਕੇ ਜਾਨ ਜੋਖੋਂ ਵਿਚ ਪਾ ਦਿੰਦੇ। ਉਨ੍ਹਾਂ ਦਾ ਇਹ ਅੰਤਰੀਵ ਅਨੰਦ ਦੈਵੀ ਸਰੂਪ ਵਾਲਾ ਸੀ। ਕੁਦਰਤ ਦੇ ਇਨ੍ਹਾਂ ਦ੍ਰਿਸ਼ਾਂ ਦੀ ਸੰਗਤ ਨੂੰ ਮਾਨਣਾ ਉਨ੍ਹਾਂ ਲਈ ਬੜੀ ਮਨ ਲੁਭਾਉਣੀ ਲੀਲਾ ਸੀ। ਕਈ ਵਾਰ ਲੋਕਾਂ ਨੇ ਉਨ੍ਹਾਂ ਨੂੰ ਇਸ ਅਨੰਦ ਵਿਚ ਖੀਵੇ ਤੇ ਮਸਤਾਨੇ ਬੇਸੁਧ ਹੋਏ ਤੱਕਿਆ ਹੈ। ਕਈ ਵਾਰ ਤਾਂ ਉਹ ਕਿਸੇ ਦੂਰ ਦੁਰਾਡੀ ਲੁਕਵੀਂ ਗੁਫ਼ਾ ਵਿਚ ਬਿਨਾਂ ਕੁਝ ਖਾਧੇ ਤੇ ਪੀਤੇ ਕਈ ਕਈ ਰਾਤਾਂ ਤੇ ਕਈ ਕਈ ਦਿਨ ਗੁਜ਼ਾਰ ਦਿੰਦੇ ਸਨ।

ਉਹ ਗੰਗਾ ਦੇ ਕੰਢੇ ਵਿਸਮਾਦੀ ਅਵਸਥਾ ਵਿਚ ਬੈਠ ਜਾਂਦੇ, ਉਨ੍ਹਾਂ ਦੇ ਨੈਣਾਂ ਵਿਚ ਜਲ ਦੀਆਂ ਦੋ ਨਦੀ ਧਾਰਾਂ ਵਹਿ ਰਹੀਆਂ ਹੁੰਦੀਆਂ ਤੇ ਸੁਆਮੀ ਜੀ ਪਿਆਰ ਨਾਲ ਕਹਿੰਦੇ ਕਿ ਇਹ ਤਿੰਨ ਨਦੀਆਂ ਹਨ, ਦੋ ਮੇਰੇ ਨੇਤਰਾਂ ਵਿਚੋਂ ਵਹਿ ਰਹੀਆਂ ਹਨ ਤੇ ਤੀਜੀ ਆਕਾਸ਼ ਦੇ ਨੇਤਰਾਂ ਵਿਚੋਂ ਪ੍ਰਵਾਹਤ ਹੋਈ ਹੈ। ਇਹ ਤਿੰਨੇ ਹੀ ਟੀਹਰੀ ਵਿਖੇ ਆ ਕੇ ਇਕ ਦੂਜੇ ਨਾਲ ਘੁਲਮਿਲ ਗਈਆਂ ਹਨ।

ਹੋਰ ਮਨੁੱਖ ਸੁਆਮੀ ਜੀ ਦੇ ਦਰਸ਼ਨ ਕਰਨ ਤਾਂ ਉਨ੍ਹਾਂ ਕੋਲ ਪੁਜ ਜਾਂਦੇ ਸਨ, ਪਰ ਉਹ ਆਪ ਕਿਸੇ ਮਨੁੱਖ ਕੋਲ ਨਹੀਂ ਸਨ ਜਾਂਦੇ। ਉਸ ਸਮੇਂ ਦਾ ਟੀਹਰੀ ਦਾ ਰਾਜਾ ਉਨ੍ਹਾਂ ਦਾ ਅਨਿਨ ਸ਼ਰਧਾਲੂ ਸੀ। ਉਹ ਉਨ੍ਹਾਂ ਦੀ ਖ਼ੁਸ਼ੀ ਦੀ ਸੁਨਹਿਰੀ ਧੁੱਪ ਅਤੇ ਮਸਤਾਨੀ ਕਵਿਤਾ ਦਾ ਅਨੰਦ ਮਾਣਦਾ, ਪਰ ਆਪ ਸੁਆਮੀ ਜੀ ਰਾਜੇ ਨੂੰ ਵੀ ਬਿਨਾਂ ਕਿਸੇ ਉਚੇਚ ਦੇ ਇਸਤਰ੍ਹਾਂ ਮਿਲਦੇ ਸਨ, ਜਿਵੇਂ ਉਹ ਕਿਸੇ ਸੁੰਦਰ ਘੋੜੇ ਨੂੰ ਮਿਲ ਰਹੇ ਹੋਣ। ਲਾਹੌਰ ਤੋਂ ਆਉਣ ਪਿਛੋਂ ਸੁਆਮੀ ਜੀ ਨੇ ਤਿੰਨ ਸਾਲ ਹਿਮਾਲਾ ਪਰਬਤ ਦੀਆਂ ਗੋਦੀਆਂ ਵਿਚ ਗੁਜ਼ਾਰੇ ਸਨ। ਇਥੇ ਉਨ੍ਹਾਂ ਦਾ ਬਹੁਤਾ ਸਮਾਂ ਕੁਦਰਤ ਦੀ ਖੁਲ੍ਹੀ ਸੁੰਦਰਤਾ ਨੂੰ ਮਾਨਣ ਵਿਚ ਬੀਤਿਆ ਸੀ। ਕੁਦਰਤ ਨਾਲ ਉਨ੍ਹਾਂ ਦੀ ਨੇੜ੍ਹਤਾ ਏਨੀ ਵਧ ਗਈ ਸੀ ਕਿ ਜਦੋਂ ਉਹ ਹੇਠਾਂ ਮੈਦਾਨਾਂ ਵਿਚ ਗਏ ਤਾਂ ਉਹ ਕੁਦਰਤ ਦੇ ਰਹੱਸ ਵਿਚ ਪੂਰੀ ਤਰ੍ਹਾਂ ਰੰਗੇ ਹੋਏ ਸਨ। ਉਹ ਕਹਿੰਦੇ ਸਨ, "ਕੁਦਰਤ ਦੇ ਗੁਪਤ ਭੇਦਾਂ ਦਾ ਉਨ੍ਹਾਂ ਨੂੰ ਗਿਆਨ ਹੈ, ਪ੍ਰਕਿਰਤੀ ਦੇ ਮੂਲ ਤੱਤ ਉਨ੍ਹਾਂ ਦੇ ਪਰਮ ਮਿਤਰ੍ਹ ਹਨ ਅਤੇ ਕੁਦਰਤ ਖ਼ੁਸ਼ੀ ਖ਼ੁਸ਼ੀ ਸਵੈ ਇੱਛਾ ਅਨੁਸਾਰ ਉਨ੍ਹਾਂ ਦੀ ਆਗਿਆ ਦਾ ਪਾਲਣ ਕਰਦੀ ਹੈ। ਇਹ ਤਾਂ ਮੇਰਾ ਆਪਣਾ ਸਰੀਰ ਬਣ ਚੁਕੀ ਹੈ, ਨਦੀਆਂ ਮੇਰੀਆਂ ਨਾੜੀਆਂ ਹਨ, ਪਰਬਤ ਮੇਰੀਆਂ ਹੱਡੀਆਂ ਹਨ। ਜਿਵੇਂ ਮੇਰੇ ਆਪਣੇ ਹੱਥ ਮੇਰੇ ਸਰੀਰ ਉਤੇ ਲਗੀ ਕਿਸੇ ਰਗੜ ਤਕ ਪਹੁੰਚ ਜਾਂਦੇ ਹਨ, ਤਿਵੇਂ ਹੀ ਕੁਦਰਤ ਮੇਰੀ ਆਤਮਾ ਦੀਆਂ ਲੋੜਾਂ ਦੀ ਪੂਰਤੀ ਕਰਨ ਲਈ ਆ ਬਹੁੜਦੀ ਹੈ। ਹਿਮਾਲਾ ਪਰਬਤ ਦੀਆਂ ਸਿਖ਼ਰਾਂ ਉਤੇ ਆਉਂਦੇ ਬਰਫ਼ਾਨੀ ਤੂਫ਼ਾਨ ਭਾਵੇਂ ਹੋਰਨਾਂ ਲਈ ਮੌਤ ਦਾ ਸੱਦਾ ਹੁੰਦੇ ਹਨ, ਪਰ ਮੇਰੇ ਲਈ ਤਾਂ ਇਹ ਨਾਚ ਨਚਣ ਲਈ ਕੁਦਰਤ ਵਲੋਂ ਚਿੱਟਾ ਗ਼ਲੀਚਾ ਵਿਛਾਇਆ ਹੁੰਦਾ ਹੈ। ਪਰਬਤ ਦੀਆਂ ਇਨ੍ਹਾਂ ਨੁਕੀਲੀਆਂ ਚਟਾਨਾਂ ਉਤੇ ਬੂਟ ਜਰਾਬਾਂ ਪਾ ਕੇ ਘੁੰਮਣਾ ਇਨ੍ਹਾਂ ਦੀ ਪਵਿਤਰਤਾ ਦਾ ਅਪਮਾਨ ਕਰਨਾ ਹੈ। ਇਨ੍ਹਾਂ ਚਟਾਨਾਂ ਉਤੇ ਨੰਗੇ ਪੈਰੀਂ ਤੁਰ ਕੇ ਇਨ੍ਹਾਂ ਦੇ ਜਿਸਮ ਦੀ ਛੁਹ ਪ੍ਰਾਪਤ ਕਰਨ ਨਾਲ ਪ੍ਰਾਣੀ ਸਰਵਗਤਾ ਪ੍ਰਾਪਤ ਕਰ ਲੈਂਦਾ ਹੈ। ਮੇਰੇ ਸਰੀਰ ਨੂੰ ਇਨ੍ਹਾਂ ਦੇ ਸਰੀਰ ਦੀ ਪੂਰੀ ਪੂਰੀ ਛੁਹ ਦਾ ਆਭਾਸ ਹੋਣਾ ਚਾਹੀਦਾ ਹੈ ਤਾਂ ਹੀ ਅਸੀਂ ਇਕ ਦੂਜੇ ਨੂੰ ਪੂਰੀ ਤਰ੍ਹਾਂ ਜਾਣ ਸਕਦੇ ਹਾਂ। ਅਸੀਂ ਇਕ ਦੂਜੇ ਨਾਲ ਗੱਲਾਂ ਕਰਦੇ ਹਾਂ। ਇਕ ਦੂਜੇ ਦੇ ਦਿਲ ਦੀ ਬੁਝਦੇ ਹਾਂ ਅਤੇ ਸਾਡੇ ਦੋਹਾਂ ਦੇ ਸੀਨਿਆਂ ਅੰਦਰ ਪ੍ਰੇਮ ਦੀ ਤਾਰ ਆਰ ਪਾਰ ਹੋ ਜਾਂਦੀ ਹੈ। ਜੇ ਮਨੁੱਖ ਆਪਣੀ ਨਿੱਕੀ 'ਮੈਂ' ਅਤੇ ਇਸ ਦੀਆਂ ਮਨੋ ਕਾਮਨਾਵਾਂ ਨੂੰ ਵਗ ਰਹੀ ਗੰਗਾ ਦੀ ਧਾਰਾ ਵਿਚ ਪਰੇ ਸੁਟ ਪਾਵੇ ਤਾਂ ਉਹ ਆਪ ਬ੍ਰਹਮ ਹੈ। ਮਨੁੱਖ ਉਦੋਂ ਪ੍ਰਭੂ ਬਣ ਜਾਂਦਾ ਹੈ, ਜਦੋਂ ਉਸ ਦੇ ਅੰਦਰਲੀ ਖ਼ੁਸ਼ੀ ਦੀ ਤਰੰਗ ਉਚੇ ਮੰਡਲਾਂ ਨੂੰ ਜਾ ਛੁਹਦੀ ਹੈ ਅਤੇ ਉਥੋਂ ਬਖ਼ਸ਼ਸ਼ ਪ੍ਰਾਪਤ ਕਰਕੇ

ਇਹ ਦੂਣ ਸਵਾਏ ਰੂਪ ਵਿਚ ਉਸੇ ਪ੍ਰਾਣੀ ਕੋਲ ਵਾਪਸ ਆ ਜਾਂਦੀ ਹੈ। ਸੁਆਮੀ ਜੀ ਕਹਿੰਦੇ, 'ਮੈਂ ਸ਼ਿਵ ਹਾਂ, ਮਾਲਾਬਾਰ ਤੇ ਕੰਨਿਆ ਕੁਮਾਰੀ ਮੇਰੀਆਂ ਲੱਤਾਂ ਹਨ। ਰਾਜਪੁਤਾਨਾ ਦਾ ਮਾਰੂਥਲ ਮੇਰਾ ਸੀਨਾ ਹੈ। ਵਿੰਦਿਆਂਚਲ ਪਰਬਤ ਮਾਲਾ ਮੇਰੀ ਕਮਰ ਹੈ। ਮੈਂ ਪੂਰਬ ਤੇ ਪੱਛਮ ਵਿਚ ਆਪਣੀਆਂ ਬਾਹਾਂ ਪਸਾਰ ਰਿਹਾ ਹਾਂ। ਹਿਮਾਲਾ ਮੇਰੇ ਕੇਸਾਂ ਦੀਆਂ ਜਟਾਂ ਹਨ ਅਤੇ ਇਨ੍ਹਾਂ ਵਿਚੋਂ ਪਵਿੱਤਰ ਚਾਂਦੀ ਰੰਗੀ ਗੰਗਾ ਵਹਿੰਦੀ ਹੈ। ਮੈਂ ਭਾਰਤ ਹਾਂ, ਮੈਂ ਮਨੁੱਖ ਹਾਂ, ਮੈਂ ਪੰਛੀ ਹਾਂ, ਮੈਂ ਪਸ਼ੂ ਹਾਂ, ਮੈਂ ਪ੍ਰਭੂ ਹਾਂ।'' ਅਜਿਹੀ ਸੀ ਸੁਆਮੀ ਜੀ ਦੀ ਭਾਸ਼ਾ। ਉਨ੍ਹਾਂ ਦੇ ਬੋਲਾਂ ਵਿਚ ਹੰਝੂਆਂ ਦੀ ਬਰਖਾ ਹੁੰਦੀ ਰਹਿੰਦੀ ਸੀ ਤੇ ਉਨ੍ਹਾਂ ਦੇ ਉਚੇ ਹਾਸੇ ਵਿਚ ਸੁਨਹਿਰੀ ਧੁੱਪ ਦੀ ਸ਼ਾਨ ਸਮਾਈ ਹੋਈ ਹੁੰਦੀ ਸੀ। ਇਨ੍ਹਾਂ ਬੋਲਾਂ ਵਿਚ ਹੀ ਸ਼ਾਂਤ, ਗੰਭੀਰ, ਆਤਮ ਚਿੰਤਨ ਦੀ ਹਿੰਮ ਸ਼ਾਂਤੀ ਵਰ੍ਹਦੀ ਸੀ ਅਤੇ ਕਈ ਵਾਰ ਪਤਝੜ ਦੀ ਰੁਤ ਵਿਚ ਬਿਨਾਂ ਖੜਾਕ ਕੀਤੇ ਬਿਰਛ ਪੱਤਿਆਂ ਦੇ ਟੁੱਟ ਕੇ ਇਧਰ ਉਧਰ ਉਡਦੇ ਫਿਰਨ ਦੀ ਉਦਾਸੀਨਤਾ ਵੀ ਮੌਜੂਦ ਹੁੰਦੀ ਸੀ। ਉਹ ਮੇਰੇ ਵਲੋਂ ਹੇਠਾਂ ਧਰਤੀ ਵਿਚ ਜਾ ਕੇ ਜੜ੍ਹਾਂ ਨੂੰ ਲਗਾਉਣ ਅਤੇ ਉਗਣ ਲਈ ਕੀਤੀ ਗਈ ਉਸ ਕਰੜੀ ਮਿਹਨਤ ਨੂੰ ਨਹੀਂ ਤੱਕਦੇ, ਜਿਨਾਂ ਦੇ ਸਿੱਟੇ ਵਜੋਂ ਮੇਰੇ ਅੰਦਰਲੀ ਇਹ ਬਸੰਤ ਦੀ ਬਹਾਰ ਦਾ ਖੇੜਾ ਹੋਂਦ ਵਿਚ ਆਉਂਦਾ ਹੈ। ਉਹ ਕਹਿੰਦੇ, ''ਦੁਨੀਆਂ ਮੇਰੀ ਖ਼ੁਸ਼ੀਆਂ ਦੀ ਭਾਈਵਾਲ ਤਾਂ ਬਣਨਾ ਚਾਹੁੰਦੀ ਹੈ, ਪਰ ਉਹ ਇਨ੍ਹਾਂ ਦੀਆਂ ਪ੍ਰਸੂਤ ਪੀੜਾਂ ਤੋਂ ਜਾਣੂੰ ਹੋਣਾ ਨਹੀਂ ਚਾਹੁੰਦੀ।''

ਸੁਆਮੀ ਜੀ ਕੋਲ ਦੁਨੀਆਂ ਨੂੰ ਦੇਣ ਲਈ ਇਕ ਵਿਸ਼ੇਸ਼ ਸੰਦੇਸ਼ ਸੀ। ਉਹ ਸਾਰੇ ਸੰਸਾਰ ਨਾਲ ਆਪਣੀਆਂ ਖ਼ੁਸ਼ੀਆਂ ਸਾਂਝੀਆਂ ਕਰਨੀਆਂ ਚਾਹੁੰਦੇ ਸਨ। ਸਚਿਆਰਤਾ ਪ੍ਰਤੀ ਉਨ੍ਹਾਂ ਦੀ ਲਗਨ ਉਨ੍ਹਾਂ ਦੇ ਅੰਦਰ ਧੜਕ ਰਹੀ ਸੀ ਅਤੇ ਉਹ ਇਸ ਸੱਚੇ ਧਰਮ ਪ੍ਰਚਾਰਕ ਵਾਂਗ ਆਪਣਾ ਕਰਤੱਵ ਨਿਭਾਉਣਾ ਚਾਹੁੰਦੇ ਸਨ।

ਆਪਣੇ ਵੇਦਾਂਤ ਦਰਸ਼ਨ ਦੀ ਵਿਆਖਿਆ ਤੇ ਪ੍ਰਚਾਰ ਲਈ ਸੁਆਮੀ ਜੀ ਬਹੁਤ ਹੀ ਉਤਾਵਲੇ ਸਨ। ਪਰ ਉਨ੍ਹਾਂ ਦਾ ਵੇਦਾਂਤ ਦਰਸ਼ਨ ਕੀ ਸੀ? ਇਹ ਵੇਦਾਂਤ ਦੇ ਪਰੰਪਰਾਵਾਦੀ ਸਰੂਪ ਵਾਲਾ ਨਹੀਂ ਹੈ। ਇਹ ਤਾਂ ਮੋਮਨ ਦੀ ਨਮਾਜ਼ (ਇਬਾਦਤ) ਹੈ। ਭਾਗਵਤ ਦੀ ਸੱਚੀ ਭਗਤੀ ਹੈ। ਸ਼ਹੀਦ ਦਾ ਨਦਰਿ ਕਰਮ ਹੈ। ਦੇਸ਼ ਭਗਤ ਬੀਰ ਨਾਇਕ ਦੀ ਸੁਹਿਰਦ ਭਾਵਨਾ ਹੈ। ਸ਼ੈਲੇ ਦੀ ਕਵਿਤਾ ਵਾਲਾ ਪ੍ਰਗੀਤ ਹੈ। ਸ਼ਮਸ ਤਬਰੇਜ਼ ਤੇ ਸਪੀਨੋਜ਼ਾ ਵਾਲਾ ਜੀਵਨ ਦਰਸ਼ਨ ਹੈ। ਇਹ ਪ੍ਰੇਮ ਰਤੜੀ ਇਸਤਰੀ ਦਾ ਪ੍ਰੇਮ ਗੀਤ ਹੈ-ਬਸ ਇਹੋ ਸਭ ਕੁਝ ਤਾਂ ਹੈ ਸੁਆਮੀ ਰਾਮ ਤੀਰਥ ਜੀ ਦਾ ਵੇਦਾਂਤ ਦਰਸ਼ਨ। ਜੋ ਕੁਛ ਉਨ੍ਹਾਂ ਦੇ ਅੰਦਰਵਾਰ ਹੁਣ ਤਕ ਸਿੰਚਿਤ ਹੁੰਦਾ ਰਿਹਾ ਸੀ, ਉਹ ਹੁਣ ਆਪਣੇ ਕੜ ਤੋੜ ਕੇ ਬਾਹਰ ਆਉਣ ਲਈ ਬਿਹਬਲ ਸੀ ਅਤੇ

ਉਸ ਅੰਤਰੀਵ ਅਨੁਭਵ ਨੇ ਹੀ ਸੁਆਮੀ ਜੀ ਦੀ ਕਵਿਤਾ ਤੇ ਨਿਬੰਧਾਂ ਦਾ ਰੂਪ ਧਾਰਨ ਕਰ ਲਿਆ ਸੀ। ਉਨ੍ਹਾਂ ਦੀ ਇਸ ਕਾਲ ਦੀ ਸਵੈ-ਜੀਵਨੀ ਉਨ੍ਹਾਂ ਵਲੋਂ ਜਾਰੀ ਕੀਤੇ ਗਏ ਪੱਤਰ 'ਅਲਿਫ' ਦੇ ਪਹਿਲੇ ਪੰਜਾਂ ਅੰਕਾਂ ਵਿਚੋਂ ਮਿਲ ਜਾਂਦੀ ਹੈ। 'ਅਲਿਫ' ਜੋ ਫ਼ਾਰਸੀ ਵਰਣਮਾਲਾ ਦਾ ਪਹਿਲਾ ਅੱਖਰ ਹੈ, ਤੋਂ ਸੁਆਮੀ ਜੀ ਦਾ ਇਹ ਭਾਵ ਸੀ ਕਿ ਉਨ੍ਹਾਂ ਲਈ ਬਸ ਇਕੋ ਅਲਿਫ ਦਾ ਗਿਆਨ ਪ੍ਰਾਪਤ ਕਰ ਲੈਣਾ ਹੀ ਕਾਫ਼ੀ ਹੈ। (ਬੁਲ੍ਹੇ ਸ਼ਾਹ ਵੀ ਆਪਣੀ ਇਕ ਕਾਫ਼ੀ ਵਿਚ 'ਇਲਮੋ ਬਸ ਕਰੀਂ ਓ ਯਾਰ-ਇਕੋ ਅਲਫ਼ ਤੇਰੇ ਦਰਕਾਰ ਕਹਿੰਦਾ ਹੈ।)

ਟੀਹਰੀ ਦਾ ਰਾਜਾ ਸੁਆਮੀ ਜੀ ਕੋਲ ਇਹ ਸਮਾਚਾਰ ਲੈ ਕੇ ਪੁਜਾ ਕਿ 1893 ਦੇ ਸ਼ਿਕਾਗੋ ਵਿਚ ਹੋਏ ਵਿਸ਼ਵ ਧਰਮ ਸੰਮੇਲਨ ਵਾਂਗ ਟੋਕੀਓ ਵਿਚ ਵੀ ਇਕ ਅਜਿਹਾ ਵਿਸ਼ਵ ਧਰਮ ਸੰਮੇਲਨ ਹੋ ਰਿਹਾ ਹੈ। ਇਹ 1902 ਦੀ ਗੱਲ ਹੈ। ਟੀਹਰੀ ਦੇ ਰਾਜੇ ਨੇ ਸੁਆਮੀ ਜੀ ਨੂੰ ਦਸਿਆ ਕਿ ਇਸ ਸੰਮੇਲਨ ਦੀਆਂ ਨਿਸ਼ਚਿਤ ਤਾਰੀਖਾਂ ਉਤੇ ਉਹ ਸਮੇਂ ਸਿਰ ਪੁਜ ਕੇ ਇਸ ਵਿਚ ਸ਼ਾਮਲ ਹੋ ਸਕਦੇ ਹਨ। ਪਰ ਇਸ ਲਈ ਉਨ੍ਹਾਂ ਨੂੰ ਛੇਤੀ ਤਿਆਰੀ ਕਰਕੇ ਜਾਣਾ ਪਵੇਗਾ ਤੇ ਪੂਰਬ ਵਲ ਜਾ ਰਹੇ ਸਭ ਤੋਂ ਪਹਿਲੇ ਜਹਾਜ਼ ਵਿਚ ਸਵਾਰ ਹੋਣਾ ਪਵੇਗਾ। ਸੁਆਮੀ ਜੀ ਨੇ ਤਿਆਰੀ ਆਰੰਭ ਦਿਤੀ ਤੇ ਆਪ ਹਫ਼ਤੇ ਦੇ ਅੰਦਰ ਅੰਦਰ ਹੀ ਜਾਪਾਨ ਨੂੰ ਜਾਣ ਵਾਲੇ ਜਹਾਜ਼ ਵਿਚ ਸਵਾਰ ਹੋ ਗਏ।

ਰਾਹ ਵਿਚ ਕਈ ਬੰਦਰਗਾਹਾਂ ਉਤੇ ਉਨ੍ਹਾਂ ਨੂੰ ਵਖ ਵਖ ਹਿੰਦੂ ਵਪਾਰੀ ਜੋ ਉਥੇ ਰਹਿ ਕੇ ਕਾਰੋਬਾਰ ਕਰ ਰਹੇ ਸਨ, ਮਿਲੇ। ਜਾਪਾਨ ਪੁਜ ਕੇ ਉਹ ਇਕ ਦਿਨ ਯੋਕੋਹਾਮਾ ਵਿਖੇ ਮੈਸਰਜ਼ ਵੈਸਾਮਲ ਆਸੋਮਲ ਦੇ ਪ੍ਰਾਹੁਣੇ ਰਹੇ। ਅਗਲੇ ਦਿਨ ਉਹ ਇਸ ਫ਼ਰਮ ਦੇ ਇਕ ਕਰਮਚਾਰੀ ਨੂੰ ਨਾਲ ਲੈ ਕੇ ਟੋਕੀਓ ਪੁਜੇ। ਇਥੇ ਉਹ ਉਸ ਘਰ ਪਹੁੰਚੇ, ਜਿਸ ਦਾ ਨਾਂ ਉਸ ਸਮੇਂ ਇੰਡੋ ਜੈਪਨੀਜ਼ ਕੱਲਬ ਸੀ। ਮੈਂ ਇਸ ਦਾ ਸਕੱਤਰ ਸਾਂ ਅਤੇ ਇਸ ਸੰਸਥਾ ਦਾ ਨਿਵਾਸੀ ਸੱਦਸ ਹੋਣ ਦੇ ਨਾਤੇ ਇਸ ਘਰ ਵਿਚ ਹੀ ਰਹਿੰਦਾ ਸਾਂ। ਹੁਣ ਇਸ ਕਲੱਬ ਦਾ ਨਾਂ ਇੰਡੋ ਜੈਪਨੀਜ਼ ਸੁਸਾਇਟੀ ਰਖ ਦਿਤਾ ਗਿਆ ਹੈ ਅਤੇ ਇਸ ਦਾ ਕਾਰਜ ਖੇਤਰ ਵੀ ਵਧਾ ਦਿਤਾ ਗਿਆ ਹੈ।

ਯੋਕੋਹਾਮਾ ਤੋਂ ਆਏ ਸੱਜਣ ਨੇ ਜਦੋਂ ਨਾਲ ਆਏ ਦੋ ਭਗਵੇ ਕਪੜਿਆਂ ਵਾਲੇ ਸਨਿਆਸੀਆਂ ਨਾਲ ਜਾਣ ਪਛਾਣ ਕਰਵਾਈ ਤਾਂ ਸਾਰੇ ਵਾਯੂਮੰਡਲ ਵਿਚ ਨਵਾਂ ਉਤਸ਼ਾਹ ਤੇ ਜੋਸ਼ ਭਰ ਗਿਆ। ਸਭ ਨੂੰ ਖ਼ੁਸ਼ੀ ਦਾ ਹੁਲਾਰਾ ਮਹਿਸੂਸ ਹੋਇਆ। ਸਭ ਤੋਂ ਮਨੋਹਰ ਪ੍ਰਭਾਵ ਉਸ ਵੱਡੇ ਸਵਾਮੀ ਦੇ ਬੋਲਾਂ ਦਾ ਸੀ, ਜੋ ਪੰਛੀ ਹਾਰ ਮਧੁਰ ਧੁਨ ਵਿਚ 'ਓਮ-ਓਮ' ਦਾ ਨਿਰੰਤਰ ਉਚਾਰਨ ਕਰ ਰਿਹਾ ਸੀ। ਉਸ ਸਮੇਂ ਸੁਆਮੀ

ਰਾਮ ਦੇ ਨਾਲ ਉਨ੍ਹਾਂ ਦਾ ਸ਼ਿਸ਼ ਨਾਰਾਇਣ ਸੁਆਮੀ ਸੀ। ਭਾਵੇਂ ਮੈਂ ਇਨ੍ਹਾਂ ਦੋਹਾਂ ਸੁਆਮੀ ਆਤਮਾਵਾਂ ਨੂੰ ਪਹਿਲਾਂ ਨਹੀਂ ਸਾਂ ਜਾਣਦਾ, ਪਰ ਇਨ੍ਹਾਂ ਨੂੰ ਮਿਲ ਕੇ ਮੈਂ ਤਾਂ ਖ਼ੁਸ਼ੀ ਵਿਚ ਬਊਰਾ ਹੀ ਹੋ ਗਿਆ ਸਾਂ। ਇਨ੍ਹਾਂ ਦੋਹਾਂ ਸੁਆਮੀਆਂ ਦੀ ਭਾਸ਼ਾ ਬੜੀ ਵਚਿੱਤਰ ਸੀ ਅਤੇ ਇਨ੍ਹਾਂ ਦੇ ਚਿਹਰਿਆਂ ਉਤੇ ਆਤਮਿਕ ਪ੍ਰਕਾਸ਼ ਇਸ ਤਰ੍ਹਾਂ ਲੱਸ ਰਿਹਾ ਸੀ ਕਿ ਚੁਪ ਚਾਪ ਇਨ੍ਹਾਂ ਅਗੇ ਨਮਸਕਾਰ ਕਰਨ ਨੂੰ ਚਿਤ ਕਰਦਾ ਸੀ।

ਛੋਟੇ ਸੁਆਮੀ ਨੇ ਮੈਨੂੰ ਪੁਛਿਆ, ''ਤੁਹਾਡਾ ਦੇਸ਼ ਕਿਹੜਾ ਹੈ?'' ਮੇਰੇ ਨੈਣ ਤਰਲ ਹੋ ਗਏ ਅਤੇ ਮੇਰੇ ਬੋਲਾਂ ਵਿਚ ਕੋਮਲਤਾ ਆ ਗਈ। ਮੈਂ ਸਨਿਮਰ ਉਤਰ ਦਿਤਾ, 'ਸਾਰਾ ਸੰਸਾਰ ਮੇਰਾ ਦੇਸ਼ ਹੈ।''

ਇਸ ਉਤੇ ਵੱਡੇ ਸੁਆਮੀ ਨੇ ਮੇਰੀਆਂ ਅੱਖਾਂ ਵਿਚ ਤੱਕਿਆ ਤੇ ਮੁਸਕਰਾ ਕੇ ਕਿਹਾ, ''ਸ਼ਿਵ ਕਰਮ ਕਰਨਾ ਮੇਰਾ ਪਰਮ ਧਰਮ ਹੈ।''

ਇਕ ਤਰ੍ਹਾਂ ਅਸੀਂ ਇਕ ਦੂਜੇ ਨਾਲ ਇਨ੍ਹਾਂ ਉਪਰੋਕਤ ਦੋ ਵਾਕਾਂ ਦੁਆਰਾ ਮਿਲੇ।

ਉਸ ਦਿਨ ਮੈਂ ਬੋਧੀ ਵਿਸ਼ਵ ਵਿਦਿਆਲੇ ਵਿਚ ਜਾ ਕੇ ਵਿਸ਼ਾਲ ਇਕੱਠ ਵਿਚ ਭਾਸ਼ਣ ਦੇਣਾ ਸੀ। ਮੈਂ ਸੁਆਮੀ ਜੀ ਨੂੰ ਵੀ ਆਪਣੇ ਨਾਲ ਜਾਣ ਲਈ ਬੇਨਤੀ ਕੀਤੀ ਅਤੇ ਕਿਹਾ, ''ਆਪ ਵੀ ਆਪਣੇ ਵਿਚਾਰ ਪ੍ਰਗਟਾਉਣ ਦੀ ਖੇਚਲ ਕਰੋ।'' ਉਹ ਮੰਨ ਗਏ। ਅਸੀਂ ਸਾਰੇ ਟਰੈਮ ਕਾਰ ਵਿਚ ਬੈਠ ਗਏ। ਮੈਂ ਖਿੜਕੀ ਦੇ ਸ਼ੀਸ਼ੇ ਨਾਲ ਢੋਅ ਲਾ ਕੇ ਮੂਕ ਸੁਰ ਵਿਚ ਆਪਣੇ ਦਿਲ ਦੀ ਧੜਕਣ ਦੇ ਤਾਲ ਨਾਲ 'ਓਮ' ਸ਼ਬਦ ਦੀ ਧੁਨੀ ਨੂੰ ਗਾਉਂਦਾ ਰਿਹਾ। ਆਪਣੇ ਭਾਸ਼ਣ ਦੀ ਮੈਂ ਹੋਰ ਕੋਈ ਤਿਆਰੀ ਨਾ ਕੀਤੀ। ਮੈਂ ਉਥੇ ਪਹੁੰਚਿਆ, ਉਠ ਕੇ ਮੰਚ ਉਤੇ ਗਿਆ, ਮੈਂ ਆਪਣਾ ਵਿਆਖਿਆਨ ਦਿਤਾ ਅਤੇ ਸਰੋਤਿਆਂ ਨੂੰ ਬਹੁਤ ਪ੍ਰਭਾਵਤ ਕੀਤਾ। ਫਿਰ ਮੈਂ ਸਰੋਤਿਆਂ ਨੂੰ ਸੁਆਮੀ ਰਾਮ ਤੀਰਥ ਜੀ ਦਾ ਪ੍ਰੀਚੈ ਕਰਵਾਇਆ। ਉਨ੍ਹਾਂ ਦਾ ਭਾਸ਼ਣ ਕੀ ਸੀ, ਬਸ ਅੱਗ ਦੀਆਂ ਚਿੰਗਾੜੀਆਂ ਸਨ, ਜਿਨ੍ਹਾਂ ਦੀ ਬਰਖਾ ਉਹ ਆਪਣੇ ਵਿਆਖਿਆਨ ਦੁਆਰਾ ਕਰ ਰਹੇ ਸਨ। ਇਸ ਸਭਾ ਵਿਚ ਬੋਧੀ ਵੀ ਸਨ ਅਤੇ ਆਸਟਰੇਲੀਆ ਦੇ ਅਧਿਆਤਮਵਾਦੀ ਵੀ। ਸਭ ਉਤੇ ਸੁਆਮੀ ਜੀ ਦੇ ਭਾਸ਼ਣ ਦਾ ਡੂੰਘਾ ਪ੍ਰਭਾਵ ਪਿਆ। ਸਭ ਨੇ ਉਨ੍ਹਾਂ ਦੇ ਪ੍ਰਵਚਨਾਂ ਨੂੰ ਉਚੇਚੇ ਧਿਆਨ ਨਾਲ ਸੁਣਿਆਂ। ਇਸ ਮੰਚ ਤੋਂ ਸੁਆਮੀ ਜੀ ਤੋਂ ਪਿਛੋਂ ਮਿਸਟਰ ਕਾਂਜ਼ੋ ਉਕੀਮੁਰਾ ਤੇ ਜਾਪਾਨ ਦੇ ਕਾਰਲਾਇਲ ਵਰਗੀਆਂ ਪ੍ਰਸਿਧ ਹਸਤੀਆਂ ਨੇ ਭਾਸ਼ਣ ਦਿਤੇ। (ਇਹ ਇਕ ਤਰ੍ਹਾਂ ਦਾ ਛੋਟਾ ਵਿਸ਼ਵ ਧਰਮ ਸੰਮੇਲਨ ਹੀ ਬਣ ਗਿਆ ਸੀ।)

ਜਦੋਂ ਅਸੀਂ ਸ਼ਾਮ ਵੇਲੇ ਵਾਪਸ ਘਰ ਪੁਜੇ ਤਾਂ ਸੁਆਮੀ ਜੀ ਕਹਿਣ ਲਗੇ, ''ਮੈਨੂੰ ਤੇਰੇ ਵਰਗੇ ਬੰਦੇ ਦੀ ਹੀ ਲੋੜ ਸੀ, ਜਿਸ ਨੇ ਟੋਕੀਓ ਦੇ ਭੀੜ ਭੜੱਕੇ ਵਾਲੇ ਬਾਜ਼ਾਰ ਗਾਂਜ਼ਾ ਵਿਚ ਘੁੰਮਦੇ ਹੋਏ ਵੀ ਆਪਣੇ ਮਨ ਦੀ ਇਕਾਗਰਤਾ ਦੁਆਰਾ ਬੜੇ ਸ਼ਾਨਦਾਰ ਭਾਸ਼ਣ ਦੀ ਤਿਆਰੀ ਕਰ ਲਈ ਸੀ। ਅਸਲ ਵਿਚ ਅਜਿਹਾ ਆਤਮ ਚਿਤਵਨ ਹੀ ਜੀਵਨ ਦਾ ਮੂਲ ਰਹੱਸ ਹੈ। ਇਹ ਹੀ ਮਨ ਦੀ ਇਕਾਗਰਤਾ ਹੁੰਦੀ ਹੈ, ਇਹ ਇਕ ਤਰ੍ਹਾਂ ਦਾ ਪ੍ਰਗੀਤਕ ਮੌਨ ਹੁੰਦਾ ਹੈ, ਇਥੋਂ ਹੀ ਮਨੁੱਖਤਾ ਦੇ ਕਲਿਆਣ ਤੇ ਉਥਾਨ ਦੇ ਸਾਰੇ ਮਹਾਨ ਵਿਚਾਰ, ਸੁਪਨੇ ਤੇ ਆਦਰਸ਼ ਜਨਮਦੇ ਹਨ। ਇਸੇ ਮਹਾਂ ਅਨੰਦ ਦੇ ਮੰਡਲ ਵਿਚੋਂ ਹੀ ਉਚੀ ਪ੍ਰੇਰਨਾ ਜਾਗਦੀ ਹੈ। ਇਹ ਮਨ ਦੀ ਪੂਰਨ ਨਿਸਲਤਾ ਤੇ ਸਰੀਰਕ ਤੌਰ ਤੇ ਪੂਰਨ ਵਿਸ਼ਰਾਮ ਦੀ ਅਵਸਥਾ ਹੁੰਦੀ ਹੈ, ਇਹੋ ਹੀ ਵੇਦਾਂਤ ਦਾ ਯੋਗ ਹੈ। ਇਹ ਬੜੀ ਮਹਾਨ ਵਸਤ ਹੈ'' ਸੁਆਮੀ ਜੀ ਨੇ ਇਹ ਸਭ ਕੁਝ ਬੜੇ ਉਤਸਾਹ ਪੂਰਵਕ ਲਹਿਜੇ ਵਿਚ ਕਿਹਾ।

ਮੈਂ ਉਨ੍ਹਾਂ ਦੀ ਗੱਲ ਸੁਣੀ ਅਣਸੁਣੀ ਕਰ ਦਿਤੀ ਕਿਉਂ ਜੋ ਮੇਰਾ ਆਪਣਾ ਦਿਲ ਕਿਸੇ ਅਨੂਠੇ ਉਤਸ਼ਾਹ ਵਿਚ ਧੜਕ ਰਿਹਾ ਸੀ। ਮੇਰੀ ਹਾਲਤ ਉਸ ਤਰ੍ਹਾਂ ਦੀ ਸੀ ਜਿਵੇਂ ਕਿਸੇ ਇਸਤਰੀ ਨੂੰ ਆਪਣੀ ਪਹਿਲੀ ਪ੍ਰੀਤ ਦੀ ਦਾਤ ਪ੍ਰਾਪਤ ਹੋਈ ਹੋਵੇ ਅਤੇ ਉਹ ਵੀ ਆਪਣੇ ਸੁਪਨਿਆਂ ਦੇ ਪ੍ਰੀਤਮ ਕੋਲੋਂ। ਮੇਰੇ ਅੰਦਰ ਦੇ ਜਜ਼ਬੇ ਇਸ ਤਰ੍ਹਾਂ ਮਚਲ ਉਠੇ ਸਨ ਕਿ ਮੇਰੇ ਕੋਲ ਉਨ੍ਹਾਂ ਦੇ ਸਾਰੇ ਬਚਨ ਸੁਣ ਸਕਣਾ ਸੰਭਵ ਹੀ ਨਹੀਂ ਸੀ। ਮੈ ਆਪਣੇ ਮਨੋਭਾਵਾਂ ਵਿਚ ਲਰਜ਼ ਰਿਹਾ ਸਾਂ। ਮੈਂ ਕਦੀ ਇਧਰ ਜਾਂਦਾ ਤੇ ਕਦੀ ਉਧਰ ਜਾਂਦਾ। ਕਦੀ ਬਿਨਾਂ ਕਿਸੇ ਮਤਲਬ ਤੋਂ ਉਨ੍ਹਾਂ ਦੇ ਕਮਰੇ ਦੇ ਅੰਦਰ ਚਲਾ ਜਾਂਦਾ ਤੇ ਕਦੇ ਬਾਹਰ ਆ ਜਾਂਦਾ। ਨਾ ਹੀ ਮੈਂ ਸੁਆਮੀ ਜੀ ਕੋਲ ਬਹੁਤਾ ਚਿਰ ਰੁਕ ਸਕਦਾ ਸਾਂ ਤੇ ਨਾ ਹੀ ਆਪਣੇ ਆਪ ਨੂੰ ਉਨ੍ਹਾਂ ਕੋਲ ਜਾਣੋ ਰੋਕ ਸਕਦਾ ਸਾਂ। ਮੈ ਉਨ੍ਹਾਂ ਨੂੰ ਪ੍ਰੇਮ ਕਰਦਾ ਸਾਂ, ਉਨ੍ਹਾਂ ਨੂੰ ਚਾਹੁੰਦਾ ਸਾਂ, ਜੇ ਮੈਂ ਕਦੀ ਕੰਜ ਕੁਆਰੀ ਮੁਟਿਆਰ ਹੁੰਦਾ ਤਾਂ ਮੈਂ ਉਨ੍ਹਾਂ ਅਗੇ ਆਪਣਾ ਸਭ ਕੁਝ ਸਮਰਪਣ ਕਰ ਦਿੰਦਾ। ਇਕ ਗੱਲ ਬੜੀ ਯਕੀਨੀ ਹੈ ਕਿ ਉਨ੍ਹਾਂ ਵਲੋਂ ਬੋਲੇ ਗਏ ਬਚਨ ਮੈ ਸੁਣੇ ਨਹੀਂ ਸਨ, ਫਿਰ ਵੀ ਉਨ੍ਹਾਂ ਦੇ ਸਾਰੇ ਬੋਲ ਮੇਰੇ ਮਨ ਵਿਚ ਸੁਰੱਖਿਅਤ ਸਨ। ਜੋ ਕੁਝ ਮੈ ਹੁਣ ਵੀ ਆਪਣੀ ਯਾਦ ਦੇ ਸਹਾਰੇ ਲਿਖ ਰਿਹਾ ਹਾਂ, ਉਹ ਅੱਖਰ ਅੱਖਰ ਸੱਚ ਹੈ।

ਦੂਜੇ ਦਿਨ ਮੈ ਇਕ ਕਿਤਾਬਾਂ ਦੀ ਪੁਰਾਣੀ ਦੁਕਾਨ ਤੋਂ ਦੋ ਵੱਡੀਆਂ ਪੁਸਤਕਾਂ

ਬਾਰੇ ਸਨ। ਮੈਂ ਉਨ੍ਹਾਂ ਪੁਸਤਕਾਂ ਨੂੰ ਲਿਆ ਕੇ ਸੁਆਮੀ ਜੀ ਦੇ ਮੇਜ਼ ਉਤੇ ਧਰ ਦਿਤਾ।

ਸੁਆਮੀ ਰਾਮ ਤੀਰਥ ਜੀ ਇਨ੍ਹਾਂ ਪੁਸਤਕਾਂ ਨੂੰ ਦੇਖ ਕੇ ਬੋਲੇ, ''ਵਾਹ! ਵਾਹ! ਰਾਮ ਨੂੰ ਇਨ੍ਹਾਂ ਪੁਸਤਕਾਂ ਦੀ ਹੀ ਲੋੜ ਸੀ। ਤੁਸੀਂ ਇਹ ਕਿਸ ਤਰ੍ਹਾਂ ਲੈ ਆਏ ਹੋ? ਕਿਸ ਤਰ੍ਹਾਂ ਰਾਮ ਦੀ ਇੱਛਾ ਪੂਰੀ ਕਰਨ ਲਈ ਕੁਦਰਤ ਆਪਣੇ ਆਪ ਹੀ ਬਿਧ ਬਣਾ ਦਿੰਦੀ ਹੈ।''

ਇਸ ਉਪਰੰਤ ਅਸਾਂ ਟੋਕੀਓ ਵਿਚ ਹੋਣ ਵਾਲੇ ਵਿਸ਼ਵ ਧਰਮ ਸੰਮੇਲਨ ਬਾਰੇ ਲੰਮੀ ਗੱਲਬਾਤ ਕੀਤੀ। ਜਦੋਂ ਸੁਆਮੀ ਜੀ ਨੂੰ ਇਹ ਪਤਾ ਲਗਾ ਕਿ ਇਥੇ ਟੋਕੀਓ ਵਿਚ ਅਜਿਹੀ ਇਕੱਤਰਤਾ ਨੂੰ ਬੁਲਾਉਣ ਬਾਰੇ ਕੋਈ ਵੀ ਗੱਲਬਾਤ ਨਹੀਂ ਚਲ ਰਹੀ ਹੈ ਤਾਂ ਸੁਆਮੀ ਰਾਮ ਤੀਰਥ ਜੀ ਨੇ ਮੁਸਕਰਾਉਂਦਿਆਂ ਹੋਇਆਂ ਕਿਹਾ, ''ਕੁਦਰਤ ਨੇ ਕਿਹੋ ਜਿਹੀ ਚਾਲ ਚਲ ਕੇ ਰਾਮ ਨੂੰ ਆਪਣੀਆਂ ਹਿਮਾਲਾ ਦੀਆਂ ਇਕਾਂਤ ਕੰਦਰਾਂ ਵਿਚੋਂ ਕਢ ਕੇ ਇਸ ਸੰਸਾਰ ਵਿਚ ਲੈ ਆਂਦਾ ਹੈ। ਕਈ ਵਾਰ ਕੋਈ ਝੂਠੀ ਖ਼ਬਰ ਵੀ ਕਿੰਨੀ ਉਪਜਾਊ ਸਿਧ ਹੁੰਦੀ ਹੈ! ਰਾਮ ਆਪਣੇ ਆਪ ਹੀ ਵਿਸ਼ਵ ਧਰਮ ਸੰਮੇਲਨ ਦਾ ਰੂਪ ਹੈ। ਜੇ ਟੋਕੀਓ ਵਿਚ ਇਹ ਧਰਮ ਸੰਮੇਲਨ ਨਹੀਂ ਹੋ ਰਿਹਾ ਤਾਂ ਨਾ ਹੋਵੇ; ਰਾਮ ਆਪ ਹੀ ਇਕ ਅਜਿਹਾ ਵਿਸ਼ਵ ਧਰਮ ਸੰਮੇਲਨ ਰਚੇਗਾ।''

ਸੁਆਮੀ ਰਾਮ ਤੀਰਥ ਦੇ ਟੋਕੀਓ ਪੁਜਣ ਤੋਂ ਅਗਲੇ ਦਿਨ ਪੂਨੇ ਦੇ ਪ੍ਰੋਫੈਸਰ ਛਾਤਰੇ ਵਲੋਂ ਸਰਕਸ ਦਾ ਖੇਲ ਆਰੰਭ ਹੋਣਾ ਸੀ। ਸਾਰੇ ਭਾਰਤੀ ਵਿਦਿਆਰਥੀ ਤੇ ਸੁਆਮੀ ਰਾਮ ਜੀ ਇਸ ਖੇਲ ਨੂੰ ਵੇਖਣ ਗਏ। ਇਥੇ ਹੀ ਟੋਕੀਓ ਦੀ ਸ਼ਾਹੀ ਯੂਨੀਵਰਸਿਟੀ ਦੇ ਸੰਸਕ੍ਰਿਤ ਦ ਪ੍ਰੋਫੈਸਰ ਟਾਕਾਕੁਤਸੂ ਨੇ ਮੈਨੂੰ ਦਸਿਆ, 'ਮੈਂ ਇੰਗਲੈਂਡ ਵਿਚ ਪ੍ਰੋਫੈਸਰ ਮੈਕਸ ਮੂਲਰ ਦੇ ਘਰ ਤੇ ਹੋਰ ਕਈ ਥਾਵਾਂ ਤੇ ਵਡੇ ਪੰਡਤਾਂ ਤੇ ਦਰਸ਼ਨਵੇਤਾਵਾਂ ਨੂੰ ਮਿਲਿਆ ਹਾਂ, ਪਰ ਸੁਆਮੀ ਰਾਮ ਤੀਰਥ ਜੀ ਦੀ ਸ਼ਖ਼ਸੀਅਤ ਸਭ ਤੋਂ ਨਿਆਰੀ ਹੈ। ਮੈਂ ਇਹੋ ਜਿਹੇ ਵਿਅਕਤੀ ਦੇ ਪਹਿਲਾਂ ਕਦੀ ਦਰਸ਼ਨ ਨਹੀਂ ਕੀਤੇ, ਜੋ ਇਨਾ ਜ਼ਿੰਦਾ ਦਿਲ, ਮਹਾਨ ਤੇ ਆਪਣੇ ਜੀਵਨ ਫ਼ਲਸਫ਼ੇ ਦਾ ਸਾਖਸ਼ਾਤ ਪ੍ਰਮਾਣ ਹਨ। ਉਸ ਵਿਚ ਬੁੱਧਮਤ ਤੇ ਵੇਦਾਂਤ ਮਤ ਦਾ ਸੰਗਮ ਹੋ ਜਾਂਦਾ ਹੈ। ਆਪ ਸੱਚੇ ਧਰਮ ਦਾ ਸਰੂਪ ਹਨ। ਆਪ ਇਕ ਸੱਚੇ ਕਵੀ ਤੇ ਸੱਚੇ ਦਰਸ਼ਨਵੇਤਾ ਹਨ।

ਮਿਸਟਰ ਕੇ. ਹਿਰਾਏ ਨੂੰ ਵੀ ਸੁਆਮੀ ਜੀ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਉਨ੍ਹਾਂ ਨੇ ਸੁਆਮੀ ਜੀ ਦੇ ਤੈਗੁਣਾਂ ਅਤੀਤਵਾਦ ਦੀ ਰਜ ਕੇ

ਪ੍ਰਸ਼ੰਸਾ ਕੀਤੀ। ਉਨ੍ਹਾਂ ਦਾ ਕਥਨ ਸੀ ਕਿ ਸੁਆਮੀ ਜੀ ਦੇ ਇਸ ਦਰਸ਼ਨ ਨੇ ਉਨ੍ਹਾਂ ਦੇ ਆਪਣੇ ਸਾਰੇ ਸਰੀਰ ਨੂੰ ਤ੍ਰੈਗੁਣਾ ਅਤੀਤ ਅਵਸਥਾ ਵਿਚ ਬਦਲ ਦਿਤਾ ਹੈ।

ਮੈਂ ਸੁਆਮੀ ਰਾਮ ਤੀਰਥ ਜੀ ਦੇ ਨਾਲ ਦੂਜੀ ਪੰਕਤੀ ਦੇ ਵਿਚ ਬੈਠਾ ਸਰਕਸ ਦਾ ਖੇਲ ਵੇਖ ਰਿਹਾ ਸਾਂ, ਸਾਡੇ ਤੋਂ ਅਗਲੀ ਪੰਕਤੀ ਵਿਚ ਉਚ ਕੁਲੀਨ ਜਾਪਾਨੀ ਸੁੰਦਰੀਆਂ ਆਪਣੇ ਸੁੰਦਰ ਕੀਮਾਨੂੰਆਂ ਤੇ ਸ਼ੋਖ ਪਟਕੇ ਪਹਿਨੀ ਸਜੀਆਂ ਧਜੀਆਂ ਬੈਠੀਆਂ ਸਨ, ਉਨ੍ਹਾਂ ਦੀਆਂ ਬਰਫ ਦੇ ਗੋਹੜੇ ਵਰਗੀਆਂ ਸਫੈਦ ਗਰਦਨਾਂ ਬਹੁਤ ਹੀ ਸੁੰਦਰ ਦਖ ਦੇ ਰਹੀਆਂ ਸਨ। ਮੈਂ ਚੋਰ ਅਖੀਂ ਇਸ ਸੁੰਦਰਤਾ ਦੇ ਅਦਭੁਤ ਦ੍ਰਿਸ਼ ਨੂੰ ਤੱਕ ਵੀ ਰਿਹਾ ਸਾਂ ਤੇ ਇਸ ਗੱਲ ਤੋਂ ਡਰਦਾ ਵੀ ਸਾਂ ਕਿ ਸੁਆਮੀ ਜੀ ਮੇਰੇ ਮਨ ਦੀ ਇਸ ਦਸ਼ਾ ਨੂੰ ਤਾੜ ਨਾ ਜਾਣ।

ਪਰ ਸੁਆਮੀ ਜੀ ਨੇ ਆਪ ਹੀ ਇੰਝ ਕਹਿਣਾ ਸ਼ੁਰੂ ਕਰ ਦਿਤਾ, ''ਪੂਰਨ ਜੀ! ਉਹ ਦੇਖੋ, ਇਨ੍ਹਾਂ ਸੁੰਦਰ ਗਰਦਨਾਂ ਦੀਆਂ ਕਤਾਰਾਂ, ਇੰਝ ਦਿਖਾਈ ਦੇ ਰਹੀਆਂ ਹਨ, ਜਿਵੇਂ ਸਾਵੀਆਂ ਕਾਲੀਆਂ ਚਟਾਨਾਂ ਵਿਚੋਂ ਗੰਗਾ ਦੀਆਂ ਅਨੇਕ ਚਾਂਦੀ ਧਾਰਾਂ ਪ੍ਰਵਾਹਤ ਹੋ ਰਹੀਆਂ ਹੋਣ।'' ਸੁਆਮੀ ਜੀ ਨੇ ਮੇਰਾ ਸੰਕੋਚ ਤੋੜ ਦਿਤਾ ਸੀ ਅਤੇ ਮੇਰੇ ਮਨ ਦੀ ਕਾਵਿਕ-ਤਰੰਗ ਦੀ ਪੁਸ਼ਟੀ ਕਰ ਦਿਤੀ।

ਜਦੋਂ ਅਸੀਂ ਬਾਹਰ ਆਏ ਤਾਂ ਡੂੰਘਾ ਹਨੇਰਾ ਹੋ ਚੁਕਾ ਸੀ। ਵਾਪਸ ਜਾਣ ਨੂੰ ਕੋਈ ਰਿਕਸ਼ਾ ਜਾਂ ਕਾਰ ਨਾ ਮਿਲ ਸਕੀ। ਸੁਆਮੀ ਜੀ ਪੈਦਲ ਹੀ ਤੁਰ ਪਏ, ਅਸੀਂ ਉਨ੍ਹਾਂ ਦੇ ਪਿਛੇ ਪਿਛੇ ਹੋ ਤੁਰੇ। ਉਹ ਬਹੁਤ ਤੇਜ਼ ਚਲਦੇ ਸਨ। ਸਾਡੇ ਵਿਚੋਂ ਕੋਈ ਵੀ ਉਨ੍ਹਾਂ ਨਾਲ ਕਦਮ ਨਾਲ ਕਦਮ ਮੇਲਣ ਤੋਂ ਅਸਮਰਥ ਸੀ।

ਹਰ ਸ਼ਾਮ ਲੋਕ ਸੁਆਮੀ ਜੀ ਦੇ ਦੁਆਲੇ ਜੁੜ ਬੈਠਦੇ ਸਨ। ਇਨ੍ਹਾਂ ਵਿਚੋਂ ਕੁਝ ਹਿੰਦੁਸਤਾਨੀ ਹੁੰਦੇ ਸਨ ਤੇ ਕੁਝ ਜਾਪਾਨੀ, ਜੋ ਪ੍ਰਵਚਨ ਸੁਆਮੀ ਜੀ ਕਰਦੇ, ਸਾਰੇ ਉਸਨੂੰ ਇਕਾਗਰ ਚਿਤ ਹੋ ਕੇ ਸੁਣਦੇ, ਕੇਵਲ ਮੈਂ ਹੀ ਇਕ ਅਜਿਹਾ ਸਾਂ, ਜੋ ਇਕ ਵੇਗਵਾਨ ਉਤਸ਼ਾਹ ਵਿਚ ਰੱਤਾ ਹੁੰਦਾ ਸਾਂ। ਮੇਰੇ ਨੈਣ ਮੁੰਦ ਜਾਂਦੇ ਸਨ ਅਤੇ ਮੇਰੇ ਬੁਲ 'ਓਮ-ਓਮ' ਦੇ ਜਾਪ ਨੂੰ ਉਚਾਰ ਰਹੇ ਹੁੰਦੇ ਅਤੇ ਹੋਰ ਮੈਨੂੰ ਕੁਝ ਵੀ ਸੁਣਾਈ ਨਾ ਦਿੰਦਾ, ਪਰ ਸਭ ਕੁਝ ਸੁਣਾਈ ਵੀ ਦਿੰਦਾ ਸੀ।

ਸੁਆਮੀ ਰਾਮ ਤੀਰਥ ਜੀ ਨੇ ਟੋਕੀਓ ਕਾਲਜ ਆਫ ਕਾਮਰਸ ਵਿਖੇ ''ਸਫਲਤਾ ਦਾ ਭੇਦ'' ਦੇ ਵਿਸ਼ੇ ਉਤੇ ਮਹਾਨ ਭਾਸ਼ਣ ਦਿਤਾ ਅਤੇ ਇਸ ਕਾਰਣ ਲੋਕਾਂ ਦਾ ਉਨ੍ਹਾਂ ਵਲ ਵਿਸ਼ੇਸ਼ ਧਿਆਨ ਖਿਚਿਆ ਗਿਆ।* ਰੂਸੀ ਸਫੀਰ ਨੇ ਇਸ ਭਾਸ਼ਣ ਦੀ ਅਖ਼ਬਾਰਾਂ ਵਿਚ ਰਿਪੋਰਟ ਪੜ੍ਹ ਕੇ ਸੁਆਮੀ ਜੀ ਨਾਲ ਮੁਲਾਕਾਤ ਕਰਨੀ ਚਾਹੀ, ਪਰ ਤਦੋਂ ਤਕ ਆਪ ਸਾਨਫਰਾਂਸਿਸਕੋ ਜਾ ਚੁਕੇ ਸਨ।

"ਮੈਂ ਜਾਪਾਨ ਵਿਚ ਪੂਰਨਾਮਧਹ, ਪੂਰਨਮਿਧਮ ਗਾਉਂਦਾ ਆਇਆ ਸਾਂ ਅਤੇ ਪੂਰਨਾਮਧਹ ਤੇ ਪੂਰਨਾਮਿਧਮ ਗਾਉਂਦਾ ਜਾ ਰਿਹਾ ਹਾਂ।" ਇਸ ਸੰਸਕ੍ਰਿਤ ਕਵਿਤਾ ਦਾ ਭਾਵ ਇਹ ਸੀ, "ਅਨੰਤ ਉਹ ਹੈ, ਅਨੰਤ ਇਹ ਹੈ ਅਤੇ ਸਭ ਵਿਚ ਅਪ੍ਰਵਰਤਨਸ਼ੀਲ ਅਨੰਤ ਵਿਦਮਾਨ ਹੈ।" ਇਸ ਪ੍ਰਕਾਰ ਸੁਆਮੀ ਜੀ ਨੇ ਉਪਰੋਕਤ ਸ਼ਲੋਕ ਦੇ ਰੂਪ ਵਿਚ ਬੜੀ ਮਿਹਰ ਤੇ ਉਦਾਰਤਾ ਨਾਲ ਮੇਰੇ ਨਾਮ (ਪੂਰਨ) ਵਲ ਵਾਰ ਵਾਰ ਸੰਕੇਤ ਕੀਤਾ ਸੀ, ਜੋ ਉਨ੍ਹਾਂ ਦੇ ਮੇਰੇ ਪ੍ਰਤੀ ਦਿਲੀ ਪ੍ਰੇਮ ਦਾ ਸੂਚਕ ਸੀ। ਉਨ੍ਹਾਂ ਕਿਹਾ, "ਮੈਂ ਇਥੇ ਵਿਸ਼ਵ ਧਰਮ ਸੰਮੇਲਨ ਲਈ ਨਹੀਂ ਸਾਂ ਆਇਆ। ਮੈਂ ਤਾਂ ਪੂਰਨ ਨੂੰ ਦੀਖਿਆ ਦੇਣ ਆਇਆ ਸਾਂ।" ਸੁਆਮੀ ਜੀ ਦੇ ਪ੍ਰੇਮ ਵਿਚ ਹੀ ਮੈਂ ਇਕਦਮ ਘੋਨ ਮੋਨ ਸੰਨਿਆਸੀ ਬਣ ਗਿਆ। ਉਨ੍ਹਾਂ ਨੇ ਮੈਨੂੰ ਕੁਝ ਵੀ ਨਹੀਂ ਸਿਖਾਇਆ, ਨਾ ਹੀ ਮੈਂ ਸਮਝਦਾ ਹਾਂ ਕਿ ਹੁਣ ਵੀ ਮੈਨੂੰ ਸਭ ਕੁਝ ਆਉਂਦਾ ਹੈ।

ਸੁਆਮੀ ਜੀ ਦੇ ਅਮਰੀਕਾ ਚਲੇ ਜਾਣ ਤੋਂ ਦੋ ਮਹੀਨੇ ਪਿਛੋਂ, ਜਦੋਂ ਟੋਕੀਓ ਵਿਚ ਮੇਰੀ ਫੋਟੋ ਉਤਾਰੀ ਗਈ, ਤਾਂ ਬਹੁਤ ਸਾਰੇ ਮਿਤਰਾਂ ਨੇ ਇਹ ਕਿਹਾ ਕਿ ਤੂੰ ਸੁਆਮੀ ਜੀ ਦੇ ਸਾਰੇ ਚਿਹਨ ਚਕਰ ਆਪਣੇ ਵਿਚ ਸਮੋ ਲਏ ਹਨ। ਜਾਪਾਨ ਵਿਚ ਜਿਹੜੇ ਮੈਂ ਦੋ ਚਾਰ ਵਿਆਖਿਆਨ ਕੀਤੇ, ਉਨ੍ਹਾਂ ਦੇ ਵਿਸ਼ੇ ਤੇ ਸ਼ਬਦਾਂ ਵਿਚ ਇਤਨੀ ਸਾਂਝ ਸੀ ਕਿ ਇਹ ਸੁਆਮੀ ਰਾਮ ਤੀਰਥ ਜੀ ਦੇ ਅਮਰੀਕਾ ਵਿਚ ਦਿਤੇ ਗਏ ਭਾਸ਼ਣਾਂ ਨਾਲ ਬਿਲਕੁਲ ਮਿਲਦੇ ਜੁਲਦੇ ਸਨ। ਇਨ੍ਹਾਂ ਵਿਆਖਿਆਨਾਂ ਨੂੰ ਜਾਪਾਨ ਤੇ ਅਮਰੀਕਾ ਦੇ ਅਖਬਾਰਾਂ ਨੇ ਛਾਪਿਆ ਸੀ। ਫਿਰ ਮੈਂ ਭਾਰਤ ਵਿਚ ਆ ਕੇ ਬਹੁਤ ਸਾਰੀਆਂ ਥਾਵਾਂ ਤੇ ਜਿਹੜੇ ਭਾਸ਼ਣ ਦਿਤੇ, ਉਨ੍ਹਾਂ ਦੀਆਂ ਟਾਈਪ ਕੀਤੀਆਂ ਕਾਪੀਆਂ ਸੁਆਮੀ ਜੀ ਨੂੰ ਅਮਰੀਕਾ ਵਿਚ ਭੇਜ ਦਿਤੀਆਂ। ਇਨ੍ਹਾਂ ਵਿਚ ਸੁਆਮੀ ਜੀ ਵਲੋਂ ਅਮਰੀਕਾ ਵਿਚ ਦਿਤੇ ਜਾਣ ਵਾਲੇ ਭਾਸ਼ਣਾਂ ਦੇ ਕੁਝ ਅੰਸ਼ ਰਹੱਸਮਈ ਰੂਪ ਵਿਚ ਵਿਦਮਾਨ ਸਨ।

ਉਨ੍ਹਾਂ ਮੈਨੂੰ ਦਸਿਆ ਕਿ ਮੈਂ ਸੁਣਿਆ ਹੈ ਕਿ ਜਾਪਾਨ ਵਾਲਿਆਂ ਨੇ ਇਕ ਅਜਿਹੀ ਸੋਟੀ ਬਣਾਈ ਹੈ, ਜੋ ਲੋੜ ਪੈਣ ਉਤੇ ਛੱਤਰੀ ਤੇ ਸਟੂਲ ਵਿਚ ਬਦਲੀ ਜਾ ਸਕਦੀ ਹੈ। ਮੈਂ ਅਜਿਹੀ ਸੋਟੀ ਬਾਰੇ ਕਦੀ ਨਹੀਂ ਸੀ ਸੁਣਿਆਂ। ਮੈਂ ਬੜਾ ਹੈਰਾਨ ਹੋਇਆ ਅਤੇ ਸੁਆਮੀ ਜੀ ਨੂੰ ਕਾਨਕੋਬਾ ਪਾਰਕ (ਜਾਪਾਨੀ ਬਾਜ਼ਾਰ) ਲੈ ਗਿਆ। ਉਥੇ ਸਾਨੂੰ ਉਹ ਅਨੋਖੀ ਸੋਟੀ ਮਿਲ ਗਈ। ਉਹ ਇਸ ਨੂੰ ਲੈ ਕੇ ਬੱਚਿਆਂ ਵਾਂਗ ਬੜੇ ਖ਼ੁਸ਼ ਹੋਏ ਅਤੇ ਕਈ ਘੰਟੇ ਇਸ ਨਾਲ ਇੰਝ ਖੇਡਦੇ ਰਹੇ ਜਿਵੇਂ ਇਹ ਕੋਈ ਖਿਡੌਣਾ ਹੋਵੇ। ਕਦੀ ਉਹ ਹੱਸ ਕੇ ਇਸ ਨੂੰ ਸਟੂਲ ਬਣਾ ਲੈਂਦੇ, ਕਦੀ ਖਿੜਖਿੜਾ ਕੇ ਇਸ ਨੂੰ ਛੱਤਰੀ ਵਿਚ ਬਦਲ ਲੈਂਦੇ ਅਤੇ ਫਿਰ ਇਸ ਨੂੰ ਮੋੜ ਕੇ ਸੋਟੀ ਵਿਚ

ਬਦਲ ਕੇ ਤੁਰਨ ਲਗਦੇ ਜਿਵੇਂ ਉਹ ਸੈਰ ਕਰ ਰਹੇ ਹੋਣ। ਜਦੋਂ ਉਹ ਕਾਨਕੋਬਾ ਵਿਖੇ ਇਸ ਸੋਟੀ ਨੂੰ ਖ਼ਰੀਦ ਰਹੇ ਸਨ ਤਾਂ ਉਥੇ ਕਈ ਜਾਪਾਨੀ ਯੁਵਤੀਆਂ ਖੜੀਆਂ ਸਨ। ਜਦੋਂ ਉਹ ਕਦੀ ਇਧਰ ਤੇ ਕਦੀ ਉਧਰ ਜਾਂਦੇ ਤਾਂ ਉਹ ਬਹੁਤ ਪ੍ਰਭਾਵਤ ਹੋਈਆਂ। ਸਾਰੀਆਂ ਆਪੋ ਆਪਣੇ ਸਟਾਲਾਂ ਦੇ ਕਾਰੋਬਾਰ ਨੂੰ ਛੱਡ ਕੇ ਸੁਆਮੀ ਜੀ ਦੇ ਪਿਛੇ ਲਗ ਤੁਰੀਆਂ। ਉਨ੍ਹਾਂ ਨੇ ਸੁਆਮੀ ਜੀ ਦੇ ਬਸਤਰਾਂ ਨੂੰ ਛੋਹਿਆ, ਉਨ੍ਹਾਂ ਦੇ ਚਿਹਰੇ ਵਲ ਤੱਕਿਆ ਅਤੇ ਕਹਿਣ ਲਗੀਆਂ, ''ਇਹ ਅਨੋਖਾ ਬੰਦਾ ਤਾਂ ਸਾਡੇ ਤੋ ਵੀ ਸੋਹਣਾ ਹੈ!'' ਉਨ੍ਹਾਂ ਨੇ ਮੈਨੂੰ ਜਾਪਾਨੀ ਭਾਸ਼ਾ ਵਿਚ ਕਿਹਾ ਜੋ ਸੁਆਮੀ ਜੀ ਨਹੀਂ ਸਨ ਸਮਝਦੇ। ਉਹ ਕਹਿਣ ਲਗੀਆਂ, ''ਹੈ ਤਾਂ ਬੜੀ ਅਜੀਬ ਗੱਲ, ਪਰ ਅਸੀਂ ਸਾਰੀਆਂ ਇਸ ਸੁੰਦਰ ਮਨੁੱਖ ਨੂੰ ਪਰਨਾਉਣਾ ਚਾਹੁੰਦੀਆਂ ਹਾਂ।'' ਉਹ ਮੁਸਕੜੀਆਂ ਲੈ ਰਹੀਆਂ ਸਨ ਤੇ ਸੁਆਮੀ ਜੀ ਨਾਲ ਚੁਹਲ ਮੁਹਲ ਕਰ ਰਹੀਆਂ ਸਨ ਅਤੇ ਹਾਸੇ ਠੱਠੇ ਦਾ ਮਾਹੌਲ ਬਣ ਗਿਆ। ਜਾਪਾਨੀ ਭਾਸ਼ਾ ਨਾ ਸਮਝਣ ਕਰਕੇ ਸੁਆਮੀ ਜੀ ਥੋੜ੍ਹਾ ਸੰਕੋਚਵਾਨ ਸਨ। ਮੈਂ ਜਾਣ ਬੁਝ ਕੇ ਸੁਆਮੀ ਜੀ ਨੂੰ ਕਿਹਾ, ''ਇਹ ਮੁਟਿਆਰਾਂ ਤੁਹਾਡੇ ਵੇਦਾਂਤ ਬਾਰੇ ਭਾਸ਼ਣ ਨੂੰ ਸੁਣਨਾ ਚਾਹੁੰਦੀਆਂ ਹਨ ਅਤੇ ਇਹ ਵੇਦਾਂਤ ਦੀ ਸਿਖਿਆ ਪ੍ਰਾਪਤ ਕਰਨ ਲਈ ਤੁਹਾਡੀ ਜਮਾਤ ਵਿਚ ਆਉਣਾ ਚਾਹੁੰਦੀਆਂ ਹਨ।'' ਸੁਆਮੀ ਜੀ ਨੇ ਨਿਮਰਤਾ ਪੂਰਵਕ ਉਤਰ ਦਿਤਾ, ''ਇਨ੍ਹਾਂ ਨੂੰ ਕਹਿ ਦਿਉ ਕਿ ਉਹ ਬੜੀ ਖ਼ੁਸ਼ੀ ਨਾਲ ਆ ਸਕਦੀਆਂ ਹਨ। ਰਾਮ ਜਿਨਾ ਹੋਰ ਕਿਸੇ ਦਾ ਹੈ, ਉਤਨਾ ਇਨ੍ਹਾਂ ਦਾ ਵੀ ਹੈ।''

ਪੰਦਰਾਂ ਦਿਨ ਜਾਪਾਨ ਰਹਿਣ ਪਿਛੋਂ ਸੁਆਮੀ ਜੀ ਉਸੇ ਜਹਾਜ਼ ਵਿਚ ਬੈਠ ਕੇ ਅਮਰੀਕਾ ਚਲੇ ਗਏ, ਜਿਸ ਨੂੰ ਆਪਣੀ ਸਰਕਸ ਦੇ ਢੋਣ ਲਈ ਪੂਨੇ ਦੇ ਪ੍ਰੋਫ਼ੈਸਰ ਛਾਤਰੇ ਨੇ ਭਾੜੇ ਤੇ ਕੀਤਾ ਸੀ।

ਸਫ਼ਲਤਾ ਦਾ ਭੇਦ

'ਸਫ਼ਲਤਾ ਦਾ ਭੇਦ' ਬਾਰੇ ਸੁਆਮੀ ਰਾਮ ਤੀਰਥ ਜੀ ਨੇ ਹੇਠ ਲਿਖਿਆ ਵਿਆਖਿਆਨ ਟੋਕੀਉ ਵਿਖੇ ਦਿਤਾ ਸੀ।

''ਕੀ ਇਹ ਗੱਲ ਬੜੀ ਅਜੀਬ ਪ੍ਰਤੀਤ ਨਹੀਂ ਹੁੰਦੀ ਕਿ ਭਾਰਤ ਵਿਚੋਂ ਆਇਆ ਇਕ ਅਜਨਬੀ ਉਸ ਵਿਸ਼ੇ ਉਤੇ ਬੋਲੇ, ਜਿਸ ਨੂੰ ਭਾਰਤ ਨਾਲੋਂ ਜਾਪਾਨ ਨੇ ਵਧੇਰੇ ਸੂਝ ਬੂਝ ਨਾਲ ਜਾਣ ਲਿਆ ਹੈ। ਇਹ ਠੀਕ ਹੋਵੇਗਾ, ਪਰ ਮੈਂ ਤਾਂ ਤੁਹਾਡੇ ਸਾਹਮਣੇ ਇਕ ਅਧਿਆਪਕ ਦੇ ਤੌਰ ਤੇ ਕਈ ਕਾਰਣਾਂ ਕਰਕੇ ਕੁਝ ਕਹਿਣ ਲਈ ਖੜਾ ਹੋਇਆ ਹਾਂ।

ਕਿਸੇ ਵਿਚਾਰ ਨੂੰ ਹੁਨਰੀ ਢੰਗ ਨਾਲ ਅਮਲ ਦੇ ਰੂਪ ਵਿਚ ਢਾਲ ਲੈਣਾ ਹੋਰ ਗੱਲ ਹੈ ਤੇ ਉਸ ਵਿਚਾਰ ਦੇ ਬੁਨਿਆਦੀ ਅਰਥਾਂ ਨੂੰ ਸਮਝਣਾ ਬਿਲਕੁਲ ਹੋਰ। ਭਾਵੇਂ ਕੋਈ ਕੌਮ ਕਿਸੇ ਸਾਧਾਰਨ ਅਸੂਲਾਂ ਉਪਰ ਚਲ ਕੇ ਖ਼ੁਸ਼ਹਾਲੀ ਦੇ ਮਾਰਗ ਤੇ ਵੱਧ ਰਹੀ ਹੈ, ਪਰ ਜੇ ਉਨ੍ਹਾਂ ਅਸੂਲਾਂ ਨੂੰ ਰਾਸ਼ਟਰੀ-ਮਨ ਚੰਗੀ ਤਰ੍ਹਾਂ ਨਹੀਂ ਸਮਝਦਾ ਤੇ ਉਨ੍ਹਾਂ ਦੇ ਪਿਛੇ ਕਿਸੇ ਵਿਸ਼ੇਸ਼ ਸਿਧਾਂਤ ਨੂੰ ਨਹੀਂ ਉਸਾਰਦਾ ਤਾਂ ਉਸ ਦੇ ਪਤਨ ਦਾ ਖ਼ਤਰਾ ਸਦਾ ਬਣਿਆਂ ਰਹਿੰਦਾ ਹੈ। ਇਕ ਕਿਰਤੀ ਜਿਹੜਾ ਰਸਾਇਣਿਕ ਅਮਲ ਨੂੰ ਨੇਪਰੇ ਚਾੜ੍ਹ ਰਿਹਾਂ ਹੈ, ਉਹ ਰਸਾਇਣ ਵਿਗਿਆਨੀ ਨਹੀਂ ਕਿਉਂਜੋ ਉਸ ਦੇ ਕੰਮ ਪਿਛੇ ਕੋਈ ਸਿਧਾਂਤ ਪੁਸ਼ਟੀ ਕਰਨ ਵਾਲਾ ਨਹੀਂ। ਇਕ ਸਟੀਮ ਇੰਜਣ ਦੀ ਭੱਠੀ ਵਿਚ ਕੋਇਲੇ ਪਾਣ ਵਾਲਾ ਇੰਜੀਨੀਅਰ ਨਹੀਂ ਅਖਵਾ ਸਕਦਾ ਕਿਉਂਜੋ ਉਸ ਦਾ ਕੰਮ ਸਾਧਾਰਣ ਢੰਗ ਦਾ ਮਸ਼ੀਨੀ ਹੈ। ਉਸ ਡਾਕਟਰ ਦੀ ਗੱਲ ਵੇਖੋ ਜਿਹੜਾ ਆਪਣੇ ਮਰੀਜ਼ ਦੇ ਰੋਗੀ-ਅੰਗ ਦੇ ਜ਼ਖ਼ਮਾਂ ਉਤੇ ਇਕ ਹਫਤੇ ਲਈ ਪੱਟੀ ਬੰਨ੍ਹ ਦਿੰਦਾ ਸੀ ਤੇ ਰੋਜ਼ ਨੰਗਾ ਕਰਕੇ ਤਲਵਾਰ ਛੂਹਾ ਦਿੰਦਾ ਸੀ। ਜ਼ਖਮ ਰਾਜ਼ੀ ਹੋ ਗਿਆ ਕਿਉਂਜੋ ਪੱਟੀ ਜ਼ਖਮ ਨੂੰ ਬਾਹਰਲੇ ਖ਼ਤਰਿਆਂ ਤੋਂ ਸੁਰਖਿਅਤ ਰਖਦੀ ਸੀ। ਪਰ ਉਹ ਕਹਿੰਦਾ ਸੀ ਕਿ ਜ਼ਖ਼ਮ ਤਲਵਾਰ ਦੀ ਛੋਹ ਕਾਰਣ ਰਾਜ਼ੀ ਹੋਏ ਹਨ। ਰੋਗੀ ਵੀ ਇਵੇਂ ਖ਼ਿਆਲ ਕਰਦੇ ਸਨ। ਇਹ ਖ਼ਬਤੀ ਸਿਧਾਂਤ ਉਸ ਸਮੇਂ ਅਸਫਲਤਾ ਤੇ ਸਫਲਤਾ ਨੂੰ ਜਨਮ ਦਿੰਦਾ ਗਿਆ ਜਦੋਂ ਕਿ ਇਸ ਦੀ ਵਰਤੋਂ ਉਨ੍ਹਾਂ ਫੱਟਾਂ ਨੂੰ ਰਾਜ਼ੀ ਕਰਨ ਲਈ ਕੀਤੀ ਗਈ, ਜਿਹੜੇ ਪੱਟੀ ਤੋਂ ਉਪਰੰਤ ਵੀ ਕਿਸੇ ਉਪਚਾਰ ਦੀ ਮੰਗ ਕਰਦੇ ਹਨ। ਇਸ ਲਈ ਇਹ ਪੂਰਨ ਤੌਰ ਤੇ ਆਵੱਸ਼ਕ ਹੈ ਕਿ ਉਚਿਤ ਵਿਚਾਰ-ਸੰਕਲਪ ਤੇ ਉਚਿਤ ਅਮਲ ਕਦਮ ਨਾਲ ਕਦਮ ਮੇਲ ਕੇ ਚਲਣ।

ਦੂਜਾ ਮੈਂ ਜਾਪਾਨ ਨੂੰ ਆਪਣਾ ਦੇਸ਼ ਮੰਨਦਾ ਹਾਂ ਤੇ ਇਥੋਂ ਦੇ ਵਸਨੀਕਾਂ ਨੂੰ ਆਪਣੇ ਹਮਵਤਨੀ। ਮੈਂ ਯੋਗ ਪ੍ਰਮਾਣਾਂ ਦੁਆਰਾ ਸਿੱਧ ਕਰ ਸਕਦਾ ਹਾਂ ਕਿ ਤੁਹਾਡੇ ਪਿਤਾਮੇ ਆਰੰਭ ਵਿਚ ਭਾਰਤ ਵਿਚੋਂ ਚਲ ਕੇ ਆਏ ਸਨ। ਤੁਹਾਡੇ ਵਡੇਰੇ ਮੇਰੇ ਵਡੇਰੇ ਹਨ। ਇਸ ਲਈ ਮੈਂ ਤੁਹਾਡਾ ਇਕ ਵੀਰ ਹੋਣ ਦੇ ਨਾਤੇ ਤੁਹਾਡੇ ਨਾਲ ਹੱਥ ਮਿਲਾਉਣ ਆਇਆ ਹਾਂ, ਨਾ ਕਿ ਓਪਰਾ ਬਣ ਕੇ। ਇਕ ਏਡਾ ਵਡਾ ਕਾਰਣ ਹੋਰ ਵੀ ਹੈ, ਜਿਸ ਕਰਕੇ ਮੈਂ ਆਪਣੇ ਆਪ ਨੂੰ ਇਸ ਗੱਲ ਦਾ ਅਧਿਕਾਰੀ ਸਮਝਦਾ ਹਾਂ। ਆਪਣੇ ਸੁਭਾ, ਰੁਚੀਆਂ, ਆਦਤਾਂ ਤੇ ਹਮਦਰਦੀਆਂ ਕਾਰਣ ਮੈਂ ਜਨਮ ਤੋਂ ਹੀ ਜਾਪਾਨੀ ਹਾਂ। ਇਸ ਪ੍ਰਸਤਾਵਨਾ ਨਾਲ ਹੁਣ ਮੈਂ ਆਪਣੇ ਵਿਸ਼ੇ ਵਲ ਆਉਂਦਾ ਹਾਂ।

ਸਫਲਤਾ ਦਾ ਭੇਦ, ਪ੍ਰਗਟ ਰਹੱਸ ਹੈ। ਹਰ ਵਿਅਕਤੀ ਇਸ ਵਿਸ਼ੇ ਉਤੇ ਕੁਝ ਨਾ ਕੁਝ ਕਹਿ ਸਕਦਾ ਹੈ ਤੇ ਸ਼ਾਇਦ ਤੁਸਾਂ ਵੀ ਇਸ ਦੇ ਸਾਧਾਰਣ ਨਿਯਮਾਂ ਨੂੰ

ਵਾਚਿਆ ਹੋਵੇਗਾ। ਪਰ ਵਿਸ਼ੇ ਦੀ ਸਜੀਵ ਮਹਾਨਤਾ ਲਈ ਉਚਿਤ ਹੈ ਕਿ ਇਸ ਵਿਸ਼ੇ ਨੂੰ ਲੋਕਾਂ ਦੇ ਮਨ ਵਿਚ ਬਿਠਾਉਣ ਲਈ ਵੱਧ ਤੋਂ ਵੱਧ ਜ਼ੋਰ ਦਿਤਾ ਜਾਵੇ।

1. ਸਫਲਤਾ ਦਾ ਪਹਿਲਾ ਨੇਮ-ਕੰਮ

ਸਭ ਤੋਂ ਪਹਿਲਾਂ ਆਓ, ਆਪਣੇ ਆਲੇ ਦੁਆਲੇ ਦੀ ਕੁਦਰਤ ਉਤੇ ਪ੍ਰਸ਼ਨ ਕਰੀਏ। ਵਗਦੀਆਂ ਨਦੀਆਂ ਵਿਚ, ਦ੍ਰਿਸ਼ਟੀ-ਗੋਚਰ ਸਭ ਪੁਸਤਕਾਂ ਤੇ ਪਥਰਾਂ ਵਿਚ ਅੰਕਤ ਸਭ ਉਪਦੇਸ਼ ਅਚੁੱਕ ਆਵਾਜ਼ ਵਿਚ ਲਗਾਤਾਰ ਤੇ ਨਿਰੰਤਰ ਕੰਮ ਦੇ ਸਿਧਾਂਤ ਦੀ ਮਹਾਂ ਬਾਣੀ ਦਾ ਪ੍ਰਚਾਰ ਕਰ ਰਹੇ ਹਨ। ਰੌਸ਼ਨੀ ਸਾਨੂੰ ਵੇਖਣ ਦੀ ਸ਼ਕਤੀ ਦਿੰਦੀ ਹੈ। ਰੌਸ਼ਨੀ ਸਭ ਜੀਵਾਂ ਨੂੰ ਮੁਖ ਸੋਮਾ ਬਖਸ਼ਦੀ ਹੈ। ਆਓ ਵੇਖੀਏ ਕਿ ਇਸ ਪ੍ਰਸ਼ਨ ਉਤੇ ਰੌਸ਼ਨੀ ਆਪ ਕੀ ਪ੍ਰਕਾਸ਼ ਪਾਉਂਦੀ ਹੈ। ਉਦਾਹਰਣ ਲਈ ਸਾਧਾਰਣ ਲੈਂਪ ਦਾ ਦ੍ਰਿਸ਼ਟਾਂਤ ਲੈਂਦਾ ਹਾਂ। ਲੈਂਪ ਦੀ ਜੋਤੀ ਵਿਚ ਵਿਆਪਕ ਵੱਡਾ ਭੇਦ ਇਹ ਹੈ ਕਿ ਉਹ ਆਪਣੀ ਬੱਤੀ ਤੇ ਤੇਲ ਦਾ ਵੀ ਲਿਹਾਜ਼ ਨਹੀਂ ਕਰਦਾ। ਬੱਤੀ ਤੇਲ ਜਾਂ ਲਘੂ-ਆਪਾ ਲਗਾਤਾਰ ਖਾਧਾ ਜਾ ਰਿਹਾ ਹੈ ਅਤੇ ਪ੍ਰਕਾਸ਼ ਇਸ ਦਾ ਕੁਦਰਤੀ ਸਿੱਟਾ ਹੁੰਦਾ ਹੈ। ਵੇਖੋ! ਲੈਂਪ ਕਹਿ ਰਿਹਾ ਹੈ ਕਿ ਜੇ ਤੁਸੀਂ ਆਪਣੇ ਆਪ ਦੀ ਆਹੂਤੀ ਨਹੀਂ ਦਿਉਗੇ ਤਾਂ ਬੁਝ ਜਾਵੋਗੇ। ਜੇ ਤੁਸੀਂ ਆਪਣੇ ਸਰੀਰ ਲਈ ਸੁਖ ਤੇ ਆਰਾਮ ਭਾਲੋਗੇ ਅਤੇ ਆਪਣਾ ਸਮਾਂ ਭੋਗ-ਵਿਲਾਸ ਤੇ ਐਸ਼ਵਰਜ ਵਿਚ ਨਸ਼ਟ ਕਰੋਗੇ ਤਾਂ ਤੁਹਾਡੇ ਲਈ ਕੋਈ ਆਸ ਨਹੀਂ ਹੈ। ਕਰਮਹੀਣਤਾ ਦੂਜੇ ਸ਼ਬਦਾਂ ਵਿਚ ਤੁਹਾਡੀ ਮੌਤ ਬਣ ਜਾਵੇਗੀ ਅਤੇ ਕਰਮਸ਼ੀਲਤਾ ਹੀ ਕੇਵਲ ਜ਼ਿੰਦਗੀ ਹੈ। ਖੜੇ ਛੱਪੜ ਅਤੇ ਵਗਦੀ ਨਦੀ ਵਲ ਵੇਖੋ! ਨਦੀ ਦਾ ਵਹਿੰਦਾ ਨਿਰਮਲ ਬਲੌਰੀ ਪਾਣੀ, ਸੱਚਾ, ਤਾਜ਼ਾ, ਸਾਫ਼ ਤੇ ਪੀਣ ਯੋਗ ਅਤੇ ਆਕਰਸ਼ਕ ਹੈ, ਪਰ ਦੂਜੇ ਬੰਨੇ ਤੱਕੋ ਖੜੋਤੇ ਛੱਪੜ ਦਾ ਪਾਣੀ ਕਿੰਨਾ ਬਦਬੂਦਾਰ, ਘਿਰਣਾ ਜਨਕ, ਗੰਦਾ, ਸੜਿਹਾਂਦ ਛੱਡਦਾ ਹੁੰਦਾ ਹੈ! ਜੇ ਤੁਸੀਂ ਸਫਲਤਾ ਪ੍ਰਾਪਤ ਕਰਨਾ ਚਾਹੁੰਦੇ ਹੋ ਤਾਂ ਵਹਿੰਦੀ ਨਦੀ ਦੇ ਪੂਰਨਿਆਂ ਤੇ ਚਲੋ। ਉਸ ਆਦਮੀ ਲਈ ਕੋਈ ਆਸ ਨਹੀਂ ਹੋ ਸਕਦੀ, ਜਿਹੜਾ ਆਪਣੇ ਲੈਂਪ ਦੀ ਬੱਤੀ ਤੇ ਤੇਲ ਨੂੰ ਵਰਤੇ ਜਾਣ ਤੋਂ ਬਚਾਉਂਦਾ ਹੈ। ਸਦਾ ਨਦੀ ਦੀ ਨੀਤੀ ਉਤੇ ਅਮਲ ਕਰੋ ਜੋ ਸਦਾ ਅਗੇ ਵਧਦੀ ਸਭ ਕੁਝ ਆਪਣੇ ਵਿਚ ਰਲਾਂਦੀ ਅਤੇ ਹਰ ਵਾਤਾਵਰਣ ਦੇ ਆਪਣੇ ਆਪ ਨੂੰ ਅਨੁਕੂਲ ਬਣਾਂਦੀ ਤੁਰੀ ਜਾਂਦੀ ਹੈ। ਕੰਮ!ਕੰਮ! ਤੇ ਲਗਾਤਾਰ ਕੰਮ ਹੀ ਸਫਲਤਾ ਦਾ ਪਹਿਲਾ ਅਸੂਲ ਹੈ। "ਚੰਗੀ ਤੋਂ ਹੋਰ ਚੰਗੇਰੇ ਵਲ ਹਰ ਰੋਜ਼ ਆਪਣੇ ਆਪੇ ਨੂੰ ਲਿਜਾਓ!" ਜੇ ਤੁਸੀਂ ਇਸ ਅਸੂਲ ਤੇ ਅਮਲ ਕਰੋ ਤਾਂ ਤੁਹਾਨੂੰ ਪਤਾ ਲਗ ਜਾਵੇਗਾ ਕਿ ਆਪਣੇ ਆਪ ਨੂੰ ਵੱਡਾ ਤੇ ਛੋਟਾ ਬਣਾ ਲੈਣਾ ਕਿੰਨਾ ਸਹਿਲ ਹੈ।

2 . ਆਤਮ ਬਲੀਦਾਨ

ਹਰ ਆਦਮੀ ਚਿੱਟੀਆਂ ਵਸੂਤਆਂ ਨੂੰ ਪਿਆਰ ਕਰਦਾ ਹੈ। ਆਓ, ਇਨ੍ਹਾਂ ਵਸਤਾਂ ਦੇ ਸਰਵ-ਪ੍ਰਿਯ ਹੋਣ ਦੇ ਕਾਰਨਾਂ ਦਾ ਨਿਰੀਖਣ ਕਰੀਏ। ਚਿੱਟੀ ਵਸਤੂ ਦੀ ਸਫਲਤਾ ਦਾ ਨਿਰਣਾ ਕਰੀਏ। ਕਾਲੀਆਂ ਵਸਤੂਆਂ ਨੂੰ ਸਦਾ ਤ੍ਰਿਸਕਾਰਿਆ, ਰੱਦਿਆ ਤੇ ਘਿਰਣਾ ਦੀ ਦ੍ਰਿਸ਼ਟੀ ਤੋਂ ਵੇਖਿਆ ਜਾਂਦਾ ਹੈ। ਆਓ, ਇਸ ਤੱਥ ਨੂੰ ਇਸੇ ਤਰ੍ਹਾਂ ਲੈ ਕੇ ਇਸ ਬਾਰੇ ਵਿਚਾਰ ਕਰੀਏ। ਭੌਤਿਕ-ਵਿਗਿਆਨ ਸਾਨੂੰ ਰੰਗਾਂ ਦੇ ਵਰਤਾਰੇ ਦੀ ਵਾਸਤਵਿਕਤਾ ਦਾ ਬੋਧ ਕਰਾਉਂਦਾ ਹੈ। ਲਾਲ ਲਾਲ ਨਹੀਂ ਹੈ। ਹਰਾ ਹਰਾ ਨਹੀਂ ਹੈ। ਕਾਲਾ ਕਾਲਾ ਨਹੀਂ ਹੈ। ਸਾਰੇ ਜੋ ਕੁਝ ਜਾਪਦੇ ਹਨ, ਉਹ ਨਹੀਂ ਹਨ। ਲਾਲ ਗੁਲਾਬ ਆਪਣਾ ਪਿਆਰਾ ਰੰਗ ਉਸ ਰੰਗ ਨੂੰ ਪ੍ਰਤਿਬਿੰਬਤ ਕਰਕੇ ਪ੍ਰਾਪਤ ਕਰਦਾ ਹੈ। ਸੂਰਜ ਦੇ ਬਾਕੀ ਸਾਰੇ ਰੰਗਾਂ ਨੂੰ ਗੁਲਾਬ ਆਪਣੇ ਵਿਚ ਸਮੋ ਲੈਂਦਾ ਹੈ ਅਤੇ ਕੋਈ ਵੀ ਉਨ੍ਹਾਂ ਰੰਗਾਂ ਨੂੰ ਗੁਲਾਬ ਦੀ ਵਿਸ਼ੇਸ਼ਤਾ ਨਹੀਂ ਸਮਝਦਾ। ਹਰੇ ਪੱਤੇ ਹਰੇ ਰੰਗ ਤੋਂ ਬਿਨਾਂ ਸਾਰੇ ਰੰਗਾਂ ਨੂੰ ਆਪਣੇ ਵਿਚ ਸਮਾ ਲੈਂਦੇ ਹਨ ਅਤੇ ਕੇਵਲ ਹਰੇ ਰੰਗ ਨੂੰ ਹੀ ਪ੍ਰਤਿਬਿੰਬਤ ਕਰਦੇ ਹਨ। ਕਾਲੇ ਰੰਗ ਦੀਆਂ ਵਸਤੂਆਂ ਵਿਚ ਸਾਰੇ ਰੰਗਾਂ ਨੂੰ ਆਪਣੇ ਵਿਚ ਸਮਾ ਲੈਣ ਦਾ ਗੁਣ ਹੈ ਅਤੇ ਇਹ ਕਿਸੇ ਵੀ ਰੋਸ਼ਨੀ ਦੇ ਰੰਗ ਨੂੰ ਪਰਤਾਉਂਦੇ ਨਹੀਂ। ਉਨ੍ਹਾਂ ਵਿਚ ਨਾ ਤਾਂ ਆਤਮ-ਬਲੀਦਾਨ ਦੀ ਭਾਵਨਾ ਹੈ ਨਾ ਦਾਨ ਕਰਨ ਦੀ। ਉਹ ਇਕ ਰਿਸ਼ਮ ਦਾ ਵੀ ਤਿਆਗ ਨਹੀਂ ਕਰ ਸਕਦੇ। ਜੋ ਕੁਝ ਵੀ ਉਹ ਪ੍ਰਾਪਤ ਕਰਦੇ ਹਨ, ਉਸ ਵਿਚੋਂ ਉਹ ਤਿਲ-ਮਾਤਰ ਵੀ ਦੇਣ ਲਈ ਤਿਆਰ ਨਹੀਂ। ਕੁਦਰਤ ਤੁਹਾਨੂੰ ਦੱਸਦੀ ਹੈ ਕਿ ਕਾਲਾ 'ਕੋਇਲੇ ਵਰਗਾ ਕਾਲਾ,' ਉਹ ਵਿਅਕਤੀ ਬਣ ਜਾਵੇਗਾ ਜਿਹੜਾ ਆਪਣੇ ਹਮਸਾਇਆਂ ਨੂੰ ਆਪਣੀ ਪ੍ਰਾਪਤੀ ਵਿਚੋਂ ਕੁਝ ਵੀ ਨਹੀਂ ਦੇ ਸਕਦਾ। ਪ੍ਰਾਪਤੀ ਦਾ ਰਸਤਾ ਦੇਣ ਤੇ ਤਿਆਗ ਕਰਨ ਦਾ ਰਸਤਾ ਹੈ। ਚਿੱਟਾ ਹੋਣ ਦਾ ਭੇਦ ਸਮੁੱਚੇ ਤਿਆਗ ਵਿਚ ਲੁਕਿਆ ਹੋਇਆ ਹੈ-ਆਪਣੇ ਹਮਸਾਇਆਂ ਨੂੰ ਆਪਣੀ ਪ੍ਰਾਪਤੀ ਦਾ ਸਭ ਕੁਝ ਤੁਰੰਤ ਵਾਪਸ ਪਰਤਾ ਦੇਣਾ। ਚਿੱਟੀਆਂ ਵਸਤਾਂ ਦੇ ਇਸ ਗੁਣ ਨੂੰ ਗ੍ਰਹਿਣ ਕਰੋ। ਤੁਸੀਂ ਅਵੱਸ਼ ਸਫਲਤਾ ਪ੍ਰਾਪਤ ਕਰੋਗੇ। ਮੇਰਾ ਚਿੱਟੇ ਹੋਣ ਤੋਂ ਕੀ ਭਾਵ ਹੈ ? ਕੀ ਯੋਰਪੀ? ਕੇਵਲ ਯੋਰਪੀਅਨ ਹੀ ਨਹੀਂ, ਚਿੱਟਾ ਸ਼ੀਸ਼ਾ, ਚਿੱਟਾ ਮੋਤੀ, ਚਿੱਟੀ ਘੁੱਗੀ, ਚਿੱਟੀ ਬਰਫ ਪਵਿੱਤਰਤਾ ਤੇ ਨੇਕੀ ਦੇ ਚਿੰਨ੍ਹ ਸਾਡੇ ਵੱਡੇ ਮਾਰਗ-ਦਰਸ਼ਕ ਹਨ। ਇਸ ਲਈ ਆਤਮ-ਬਲੀਦਾਨ ਦੀ ਭਾਵਨਾ ਨੂੰ ਗ੍ਰਹਿਣ ਕਰੋ ਤੇ ਜੋ ਕੁਝ ਵੀ ਤੁਹਾਨੂੰ ਪ੍ਰਾਪਤ ਹੁੰਦਾ ਹੈ, ਉਸ ਨੂੰ ਖੁਲ੍ਹੇ ਦਿਲ ਮੋੜੋ। ਸਵਾਰਥ ਭਰਪੂਰ ਤੁਸ਼ਟੀ ਦੇ ਮਗਰ ਨਾ ਲਗੋ, ਤਾਂ ਤੁਸੀਂ ਚਿੱਟੇ ਬਣ ਜਾਵੋਗੇ। ਬੀਜ ਨੂੰ ਬਿਰਛ ਰੂਪ ਵਿਚ ਮੌਲਣ ਲਈ ਆਪਣੇ ਆਪ ਨੂੰ ਤਬਾਹ ਕਰਨਾ

ਪੈਂਦਾ ਹੈ। ਇਸ ਪ੍ਰਕਾਰ ਸਫਲਤਾ ਸੰਪੂਰਨ ਆਤਮ-ਬਲੀਦਾਨ ਦਾ ਹੀ ਅੰਤਮ-ਫਲ ਹੁੰਦੀ ਹੈ। ਸੰਸਾਰ ਦੇ ਸਾਰੇ ਪੱਥ-ਪ੍ਰਦਰਸ਼ਕ ਮੇਰੇ ਇਸ ਕਥਨ ਦੀ ਪੁਸ਼ਟੀ ਕਰਨਗੇ ਕਿ ਜਿੰਨਾ ਵਧੇਰੇ ਗਿਆਨ ਅਸੀਂ ਵੰਡਾਂਗੇ ਉਨਾ ਵਧੇਰੇ ਅਸੀਂ ਪ੍ਰਾਪਤ ਕਰਾਂਗੇ।

3. ਆਤਮ-ਵਿਸਿਮਰਤੀ

ਵਿਦਿਆਰਥੀਆਂ ਨੂੰ ਗਿਆਨ ਹੈ ਕਿ ਜਦੋਂ ਸਾਹਿਤਕ ਸੰਸਥਾਵਾਂ ਵਿਚ ਭਾਸ਼ਣ ਦੇਣ ਸਮੇਂ ਉਨ੍ਹਾਂ ਦੇ ਮਨ ਵਿਚ ਇਹ ਵਿਚਾਰ ਪ੍ਰਮੁਖ ਹੋ ਜਾਂਦਾ ਹੈ ਕਿ ਮੈਂ ਭਾਸ਼ਣ ਦੇ ਰਿਹਾ ਹਾਂ, ਉਨ੍ਹਾਂ ਦਾ ਵਿਆਖਿਆਨ ਫਿੱਕਾ ਪੈ ਜਾਂਦਾ ਹੈ। ਕੰਮ ਵਿਚ ਆਪਣੇ ਛੋਟੇ ਆਪੇ ਬਾਰੇ ਭੁੱਲ ਜਾਵੋ ਤੇ ਆਪਣਾ ਸਾਰਾ ਆਪਾ ਇਸ ਵਿਚ ਸੁੱਟ ਦਿਓ। ਤੁਸੀਂ ਸਫਲ ਹੋ ਜਾਵੋਗੇ। ਜੇ ਤੁਸੀਂ ਸੋਚ ਰਹੇ ਹੋ ਤਾਂ ਵਿਚਾਰ ਦਾ ਸਰੂਪ ਬਣ ਜਾਵੋ। ਤੁਸੀਂ ਸਫਲ ਹੋ ਜਾਵੋਗੇ। ਜੇ ਤੁਸੀਂ ਕੰਮ ਕਰ ਰਹੇ ਹੋ ਤਾਂ ਕੰਮ ਦਾ ਰੂਪ ਧਾਰ ਲਵੋ, ਇਸ ਤਰ੍ਹਾਂ ਤੁਸੀਂ ਸਫਲ ਹੋ ਜਾਵੋਗੇ।

''ਕਦੀ ਮੈਂ ਹੋਵਾਂਗਾ ਵਿਮੁਕਤ
ਜਦੋਂ ਮੈਂ ਮੁਕਣ ਦੀ ਪਾਵਾਂਗਾ ਜੁਗਤ''

ਇਥੇ ਮੈਂ ਦੋ ਭਾਰਤੀ ਰਾਜਪੂਤਾਂ ਦਾ ਕਥਾ ਸੁਣਾਉਣੀ ਉਚਿਤ ਸਮਝਾਂਗਾ, ਜਿਹੜੇ ਹਿੰਦੁਸਤਾਨ ਦੇ ਮਹਾਨ ਸਮਰਾਟ ਅਕਬਰ ਦੇ ਦਰਬਾਰ ਵਿਚ ਗਏ। ਉਸ ਕੋਲ ਉਨ੍ਹਾਂ ਨੇ ਮੁਲਾਜ਼ਮਤ ਲਈ ਦਰਖ਼ਾਸਤ ਕੀਤੀ। ਅਕਬਰ ਨੇ ਉਨ੍ਹਾਂ ਕੋਲੋਂ ਉਨ੍ਹਾਂ ਦੀਆਂ ਯੋਗਤਾਵਾਂ ਬਾਰੇ ਪੁਛਗਿਛ ਕੀਤੀ। ਉਨ੍ਹਾਂ ਕਿਹਾ ਕਿ ਉਹ ਯੋਧੇ ਹਨ। ਅਕਬਰ ਨੇ ਹੁਕਮ ਦਿਤਾ ਕਿ ਉਹ ਆਪਣੇ ਕਥਨ ਦੀ ਪੁਸ਼ਟੀ ਕਰਕੇ ਦਸਣ। ਦੋਹਾਂ ਨੇ ਆਪਣੇ ਆਪਣੇ ਮਿਆਨਾਂ ਵਿਚੋਂ ਤਲਵਾਰਾਂ ਸੂਤ ਲਈਆਂ। ਅਕਬਰ ਦੇ ਦਰਬਾਰ ਵਿਚ ਦੋ ਬਿਜਲੀਆਂ ਚਮਕੀਆਂ। ਤਲਵਾਰਾਂ ਦੀ ਦਾਮਨੀ ਦਮਕ ਉਨ੍ਹਾਂ ਵਿਚਲੀ ਸੱਚੀ ਬੀਰਤਾ ਦਾ ਪ੍ਰਤੀਕ ਸੀ। ਝਟਪਟ ਦੋਹਾਂ ਬਿਜਲੀਆਂ ਨੇ ਦੋ ਸਰੀਰਾਂ ਨੂੰ ਇਕੱਠਾ ਕਰ ਦਿਤਾ। ਦੋਹਾਂ ਨੇ ਇਕ ਦੂਜੇ ਦੀ ਛਾਤੀ ਵਿਚ ਖੰਜਰ ਖੋਭ ਦਿਤੇ। ਦੋਹਾਂ ਨੇ ਵੈਰਾਗੀਆਂ ਵਾਲੀ ਸ਼ਾਂਤੀ ਵਿਚ ਆਪਣੇ ਸਰੀਰਾਂ ਦੀ ਆਹੂਤੀ ਦੇ ਕੇ ਆਪਣੀ ਆਪਣੀ ਬੀਰਤਾ ਨੂੰ ਸਿਧ ਕਰ ਦਿਤਾ। ਉਨ੍ਹਾਂ ਦੇ ਧੜ ਢਹਿ ਪਏ। ਰੂਹਾਂ ਮਿਲ ਗਈਆਂ ਅਤੇ ਉਨ੍ਹਾਂ ਦੀ ਬੀਰਤਾ ਦਾ ਪ੍ਰਮਾਣ ਮਿਲ ਗਿਆ। ਮੈਂ ਇਸ ਉਨਤ ਜਗਤ ਵਿਚ ਇਸ ਕਥਾ ਦੀ ਭਿਅੰਕਰਤਾ ਦਾ ਉਲੇਖ ਨਹੀਂ ਕਰਦਾ, ਪਰ ਉਸ ਉਪਦੇਸ਼ ਵਲ ਸੰਕੇਤ ਕਰਦਾ ਹਾਂ, ਜਿਹੜਾ ਇਸ ਤੋਂ ਮਿਲਦਾ ਹੈ। ਉਪਦੇਸ਼ ਇਹ ਹੈ ਕਿ ਆਪਣੇ ਛੋਟੇ ਆਪੇ ਨੂੰ ਕੁਰਬਾਨ ਕਰ ਦਿਓ ਅਤੇ ਸਫਲਤਾ ਤੁਹਾਡੀ ਹੋਵੇਗੀ। ਇਹ ਹੋਰ ਤਰ੍ਹਾਂ ਨਹੀਂ ਹੋ ਸਕੇਗੀ। ਕੀ ਮੈਂ ਨਹੀਂ ਕਹਿ ਸਕਦਾ ਕਿ ਸਫਲਤਾ ਨੂੰ ਪ੍ਰਾਪਤ

ਕਰਨ ਤੋਂ ਪਹਿਲਾ ਤੁਹਾਡੀ ਸਫਲਤਾ ਦੀ ਇੱਛਾ ਤੁਹਾਡੇ ਕਰਮ ਵਿਚ ਗੁੰਮ ਹੋ ਜਾਣੀ ਚਾਹੀਦੀ ਹੈ।

4. ਵਿਸ਼ਵ-ਵਿਆਪੀ ਪ੍ਰੇਮ:

ਪ੍ਰੇਮ ਸਫਲਤਾ ਦਾ ਇਕ ਹੋਰ ਨੇਮ ਹੈ। ਪਿਆਰ ਕਰੋ ਅਤੇ ਆਪ ਪਿਆਰੇ ਜਾਵੋ। ਇਹ ਲਖ਼ਸ਼ ਹੈ- ਜ਼ਿੰਦਾ ਰਹਿਣ ਲਈ ਹੱਥਾਂ ਨੂੰ ਹੋਰ ਸਾਰੇ ਸਰੀਰ ਦੇ ਅੰਗਾਂ ਨੂੰ ਪ੍ਰੇਮ ਕਰਨਾ ਚਾਹੀਦਾ ਹੈ। ਜੇ ਉਹ ਆਪਣੇ ਆਪ ਨੂੰ ਅੱਡਰਾ ਕਰ ਦੇਣ ਕਿ ਸਾਡੀ ਕਮਾਈ ਤੋਂ ਸਾਰੇ ਸਰੀਰ ਨੂੰ ਕਿਉਂ ਲਾਭ ਪਹੁੰਚੇ ਤਾਂ ਉਹ ਆਪ ਵੀ ਜ਼ਿੰਦਾ ਨਹੀਂ ਰਹਿ ਸਕਦੇ। ਅਜਿਹੀ ਹਾਲਤ ਵਿਚ ਹੱਥਾਂ ਦੀ ਕੋਈ ਸਹਾਇਤਾ ਨਹੀਂ ਕਰ ਸਕਦਾ ਅਤੇ ਉਹ ਅਵੱਸ਼ ਮਰ ਜਾਣਗੇ। ਕਿਉਂਜੋ ਆਪਣੇ ਸਵਾਰਥੀ ਭਾਵਨਾਂ ਦੇ ਅਧੀਨ ਹੋ ਕੇ, ਹੱਥ ਮੂੰਹ ਵਿਚ ਮਾਸ ਤੇ ਰੋਟੀ, ਪਾਣੀ ਨਹੀਂ ਪਾਉਣਗੇ ਕਿਉਂਜੋ ਇਹ ਕੁਝ ਕੇਵਲ ਹੱਥਾਂ ਦੀ ਹੀ ਮਿਹਨਤ ਸੀ। ਭਾਵੇਂ ਉਹ ਤਲਵਾਰ ਚਲਾਉਣ ਦੀ ਸੀ ਜਾਂ ਕਲਮ ਨਾਲ ਲਿਖਣ ਦੀ ਇਤਿਆਦਿ ਤੇ ਜੇ ਉਹ ਆਪ ਹੀ ਨਿਰੋਲ ਆਪਣੇ ਹਿਸੇ ਲਈ ਖ਼ੁਰਾਕ ਟੀਕਿਆਂ ਦੁਆਰਾ ਲੈਣ ਲਗ ਪੈਣ ਅਤੇ ਆਪਣੀ ਕਮਾਈ ਦੇ ਫੱਲ ਨੂੰ ਸਰੀਰ ਦੇ ਦੂਜੇ ਅੰਗਾਂ ਤਕ ਨਾ ਪੁਜਣ ਦੇਣ। ਹਾਂ ਠੀਕ ਹੈ, ਟੀਕੇ ਦੀ ਸੂਈ ਦੇ ਚੁੱਭਣ ਨਾਲ ਜਾਂ ਭੂੰਡ ਜਾਂ ਸ਼ਹਿਦ ਦੀ ਮੱਖੀ ਦੇ ਡੰਗ ਮਾਰਨ ਨਾਲ ਹੱਥ ਤੇ ਸੋਜ ਪੈ ਸਕਦੀ ਹੈ, ਪਰ ਉਹ ਸੋਜ ਲਾਭ ਪੁਚਾਉਣ ਨਾਲੋਂ ਹਾਨੀ ਵਧੇਰੇ ਪਹੁੰਚਾਉਂਦੀ ਹੈ। ਸੋਜ ਠੀਕ ਨਹੀਂ ਹੋ ਸਕਦੀ ਤੇ ਸੁੱਜੇ ਹੋਏ ਹੱਥ ਅਵੱਸ਼ ਆਪਣੇ ਸਵਾਰਥ ਕਾਰਣ ਮਰ ਜਾਂਦੇ ਹਨ। ਹੱਥ ਕੇਵਲ ਤਦੋਂ ਹੀ ਵੱਧ ਫੁਲ ਸਕਦੇ ਹਨ ਜਦੋਂ ਉਹ ਅਮਲੀ ਰੂਪ ਵਿਚ ਆਪਣੇ ਆਪੇ ਦੀ ਤਦਰੂਪਤਾ ਨੂੰ ਜਿਸਮ ਦੇ ਦੂਜੇ ਅੰਗਾਂ ਦੇ ਆਪੇ ਦੀ ਤਦਰੂਪਤਾ ਨਾਲ ਅਭੇਦ ਕਰ ਲੈਣ ਅਤੇ ਆਪਣੀ ਭਲਾਈ ਨੂੰ ਸਮੁਚੇ ਸਰੀਰ ਦੀ ਭਲਾਈ ਨਾਲੋਂ ਵਖਰਿਆ ਨਾ ਲੈਣ।

ਸਹਿਯੋਗ ਪਿਆਰ ਦੇ ਪ੍ਰਗਟਾਵੇ ਬਿਨਾਂ ਹੋਰ ਕੁਝ ਵੀ ਨਹੀਂ। ਤੁਸੀਂ ਸਹਿਯੋਗ ਦੇ ਉਪਯੋਗੀ ਹੋਣ ਬਾਰੇ ਇਨਾ ਕੁਝ ਸੁਣਦੇ ਹੋ ਕਿ ਮੈਨੂੰ ਇਸ ਦੀ ਵਿਆਖਿਆ ਕਰਨ ਦੀ ਲੋੜ ਪ੍ਰਤੀਤ ਨਹੀਂ ਹੁੰਦੀ। ਇਹ ਸਹਿਯੋਗ ਦੀ ਭਾਵਨਾ ਤੁਹਾਡੇ ਅੰਦਰਲੀ ਪ੍ਰੇਮ-ਭਾਵਨਾ ਵਿਚੋਂ ਫੁਟਣੀ ਚਾਹੀਦੀ ਹੈ। ਪ੍ਰੀਤ ਦਾ ਰੂਪ ਧਾਰਨ ਕਰ ਲਵੋ ਤੇ ਤੁਸੀਂ ਸਫਲ ਹੋ ਜਾਵੋਗੇ। ਉਹ ਸੁਦਾਗਰ ਜਿਹੜਾ ਆਪਣੇ ਗਾਹਕਾਂ ਦੇ ਹਿਤਾਂ ਨੂੰ ਆਪਣੇ ਜਿਹਾ ਨਹੀਂ ਸਮਝਦਾ, ਉਹ ਸਫਲ ਨਹੀਂ ਹੋ ਸਕਦਾ। ਆਪਣੇ ਵਿਉਪਾਰਕ ਵਾਧੇ ਲਈ ਉਸ ਨੂੰ ਆਪਣੇ ਗਾਹਕਾਂ ਨਾਲ ਪਿਆਰ ਹੋਣਾ ਚਾਹੀਦਾ ਹੈ। ਉਹ ਆਪਣੇ ਸਾਰੇ ਦਿਲ ਨਾਲ ਉਨ੍ਹਾਂ ਦੇ ਹਿਤਾਂ ਦਾ ਧਿਆਨ ਰਖੇ।

5. ਪ੍ਰਸੰਨਚਿਤਤਾ

ਇਕ ਹੋਰ ਸੂਤਰ ਜਿਹੜਾ ਮਹੱਤਵਪੂਰਣ ਰੋਲ ਅਦਾ ਕਰਦਾ ਹੈ, ਉਹ ਪ੍ਰਸੰਨ-ਚਿੱਤਤਾ ਹੈ। ਭਰਾਵੋ! ਤੁਸੀਂ ਆਪਣੀ ਪ੍ਰਕਿਰਤੀ ਕਾਰਣ ਹੀ ਪ੍ਰਸੰਨਚਿਤ ਹੋ। ਮੈਂ ਤੁਹਾਡੇ ਟਹਿਕਦੇ ਚਿਹਰਿਆਂ ਉਤੇ ਮੁਸਕਰਾਹਟ ਵੇਖ ਕੇ ਪ੍ਰਸੰਨ ਹੋ ਰਿਹਾ ਹਾਂ। ਤੁਸੀਂ ਮੁਸਕਰਾ ਰਹੇ ਫੁੱਲ ਹੋ। ਤੁਸੀਂ ਮਨੁੱਖਤਾ ਦੇ ਹਸੂੰ ਹਸੂੰ ਕਰਦੇ ਗੁੰਚੇ ਹੋ। ਤੁਸੀਂ ਪ੍ਰਸੰਨਚਿਤਤਾ ਦਾ ਮਾਨਵੀ ਸਰੂਪ ਹੋ। ਇਸ ਲਈ ਜੋ ਕੁਝ ਮੈਂ ਤੁਹਾਨੂੰ ਦਸਣਾ ਚਾਹੁੰਦਾ ਹਾਂ, ਉਹ ਇਹ ਕਿ ਆਪਣੇ ਇਸ ਗੁਣ ਨੂੰ ਆਪਣੀ ਸਾਰੀ ਜ਼ਿੰਦਗੀ ਦੇ ਅਖ਼ੀਰੀ ਦਮ ਤਕ ਸੁਰਜੀਤ ਰਖੋ। ਆਓ ਵੇਖੀਏ ਕਿ ਇਸ ਨੂੰ ਕਿਵੇਂ ਸੁਰਖਿਅਤ ਰਖਿਆ ਜਾ ਸਕਦਾ ਹੈ।

ਆਪਣੀ ਮਿਹਨਤ ਦੇ ਫੱਲ ਬਾਰੇ ਚਿੰਤਾਤੁਰ ਨਾ ਹੋਵੋ। ਭਵਿੱਖ ਦਾ ਤੌਖਲਾ ਨਾ ਕਰੋ। ਵਿਸਵਿਸੇ ਨਾ ਰਖੋ ਅਤੇ ਸਫ਼ਲਤਾ ਅਸਫ਼ਲਤਾ ਬਾਰੇ ਨਾ ਸੋਚੋ। ਕਰਮ ਦੀ ਖ਼ਾਤਰ ਕੰਮ ਕਰੋ। ਕਰਮ ਹੀ ਇਸ ਦਾ ਫੱਲ ਹੈ। ਭੂਤ ਦੀਆਂ ਮਾਯੂਸੀਆਂ ਨੂੰ ਭੁਲਾਂਦੇ ਹੋਏ ਤੇ ਭਵਿੱਖ ਦੇ ਤੌਖਲਿਆਂ ਨੂੰ ਦੂਰ ਰਖਦੇ ਹੋਏ, ਜੀਵਨ ਵਰਤਮਾਨ ਵਿਚ ਕੰਮ-ਕੰਮ-ਕੰਮ ਕਰਦੇ ਚਲੋ। ਇਹ ਭਾਵਨਾ ਤੁਹਾਨੂੰ ਸਾਰੀਆਂ ਹਾਲਤਾਂ ਵਿਚ ਪ੍ਰਸੰਨਚਿੱਤ ਰਖੇਗੀ। ਇਕ ਬੀਜ ਨੂੰ ਸਮਰੂਪਤਾ ਦੇ ਅਟੁੱਟ ਨਿਯਮ ਅਨੁਸਾਰ ਪੌਣ ਪਾਣੀ, ਮਿੱਟੀ ਆਦਿ ਦੇ ਸਾਰੇ ਤੱਤ ਆਪਣੇ ਫੁਲਣ ਫਲਣ ਲਈ ਆਪਣੇ ਵੱਲ ਖਿਚਣੇ ਚਾਹੀਦੇ ਹਨ। ਇਸੇ ਪ੍ਰਕਾਰ ਪ੍ਰਕਿਰਤੀ ਹਰ ਪ੍ਰਸੰਨ-ਚਿੱਤ ਸਰਗਰਮ ਕਾਮੇ ਨੂੰ ਹਰ ਸਹੂਲਤ ਪ੍ਰਦਾਨ ਕਰਦੀ ਹੈ। ਵਧੇਰੇ ਪ੍ਰਕਾਸ਼ ਪ੍ਰਾਪਤ ਕਰਨ ਦਾ ਮਾਰਗ ਆਪਣੇ ਵਿਚਲੇ ਸਭ ਕੁਝ ਦਾ ਸੁਹਿਰਦ ਸਦਉਪਯੋਗ ਹੈ। ਜੇ ਹਨੇਰੀ ਰਾਤ ਵਿਚ ਤੁਸਾਂ ਵੀਹ ਮੀਲ ਦਾ ਪੰਧ ਕਰਨਾ ਹੈ ਤੇ ਤੁਹਾਡੇ ਹੱਥਾਂ ਵਿਚ ਚਾਨਣ ਕੇਵਲ ਦਸਾਂ ਫੁੱਟਾਂ ਤਕ ਹੀ ਜਾਂਦਾ ਹੈ ਤਾਂ ਸਾਰੇ ਰਸਤੇ ਦੇ ਹਨੇਰ ਹੋਣ ਬਾਰੇ ਕਦੇ ਨਾ ਸੋਚੋ। ਸਾਰੇ ਹਨੇਰੇ ਰਸਤੇ ਵਿਚ ਤੁਸੀਂ ਕਿਧਰੇ ਵੀ ਹਨੇਰਾ ਨਹੀਂ ਪਾਵੋਗੇ। ਇਸ ਤਰ੍ਹਾਂ ਇਕ ਸੱਚਾ ਸੁਹਿਰਦ ਕਾਮਾ ਆਵਸ਼ਕ ਨੇਮ ਦੁਆਰਾ ਰਸਤੇ ਵਿਚ ਕਿਸੇ ਵੀ ਧੁੰਦਲੀ ਥਾਂ ਨਾਲ ਨਹੀਂ ਟਕਰਾਉਂਦਾ। ਇਸ ਲਈ ਅਸੀਂ ਕਿਉਂ ਘਟਨਾਵਾਂ ਬਾਰੇ ਆਪਣੀ ਪ੍ਰਸੰਨ-ਚਿੱਤਤਾ ਨੂੰ ਸਿਲ੍ਹਾ ਹੋਣ ਦੇਈਏ। ਇਕ ਝੀਲ ਵਿਚ ਕੁੱਦ ਕੇ ਉਹ ਵਿਅਕਤੀ ਜਿਹੜੇ ਤਰਨ ਨਹੀਂ ਜਾਣਦੇ, ਕੇਵਲ ਸੰਤੁਲਤ ਰਹਿ ਕੇ ਆਪਣੇ ਆਪ ਨੂੰ ਬਚਾ ਸਕਦੇ ਹਨ। ਮਨੁੱਖ ਦੀ ਵਿਸ਼ੇਸ਼ ਆਕਰਸ਼ਣ ਸ਼ਕਤੀ ਪਾਣੀ ਤੋਂ ਘੱਟ ਹੋਣ ਕਰਕੇ ਉਹ ਪਾਣੀ ਦੀ ਸਤ੍ਹਾ ਉਤੇ ਤਰਦਾ ਰਹੇਗਾ, ਪਰ ਸਾਧਾਰਣ ਮਨੁੱਖ ਆਪਣੇ ਮਨ ਦੇ ਅਸੰਤੁਲਤ ਹੋ ਜਾਣ ਦੇ ਕਾਰਣ ਅਤੇ ਪਾਣੀ ਵਿਚੋਂ ਬਚ ਨਿਕਲਣ ਦੀ ਜਦੋ-ਜਹਿਦ

ਵਿਚ ਹਾਰ ਕੇ 'ਤਰਨ ਦੀ ਥਾਂ ਡੁੱਬ ਜਾਂਦੇ ਹਨ।' ਇਸ ਤਰ੍ਹਾਂ ਕਈ ਵਾਰ ਭਵਿੱਖ ਬਾਰੇ ਕੀਤੇ ਤੌਖਲੇ ਅਸਫਲਤਾ ਦਾ ਕਾਰਣ ਬਣਦੇ ਹਨ।

ਆਓ, ਜ਼ਰਾ ਉਸ ਵਿਚਾਰ ਦੀ ਪ੍ਰਕਿਰਤੀ ਉਤੇ ਝਾਤੀ ਮਾਰੀਏ, ਜਿਹੜਾ ਭਵਿੱਖ ਨਾਲ ਚੰਬੜਿਆ ਹੋਇਆ ਹੈ ਅਤੇ ਸਫਲਤਾ ਦੇ ਪਿਛੇ ਨਠਦਾ ਫਿਰਦਾ ਹੈ। ਇਹ ਇਸ ਤਰ੍ਹਾਂ ਹੁੰਦਾ ਹੈ ਕਿ ਮਨੁੱਖ ਆਪਣੇ ਹੀ ਪਰਛਾਵੇਂ ਨੂੰ ਫੜਨ ਲਈ ਜਾਂਦਾ ਹੈ। ਉਸ ਨੂੰ ਅੰਤਾਂ ਤਕ ਦੌੜ ਲੈਣ ਦਿਓ। ਕਦੀ ਵੀ ਉਹ ਇਸ ਨੂੰ ਪਕੜ ਨਹੀਂ ਸਕੇਗਾ। ਪਰ ਉਸ ਨੂੰ ਪਰਛਾਵੇਂ ਵਲੋਂ ਪਿਠ ਮੋੜ ਕੇ ਸੂਰਜ ਵਲ ਮੂੰਹ ਕਰਨ ਦਿਓ। ਵੇਖੋ, ਉਹੀ ਪਰਛਾਵਾਂ ਉਸ ਦੇ ਪਿਛੇ ਪਿਛੇ ਆ ਰਿਹਾ ਹੈ। ਜਿਸ ਛਿੰਨ ਤੁਸੀਂ ਸਫਲਤਾ ਵਲੋਂ ਆਪਣੀ ਪਿਠ ਮੋੜ ਲੈਂਦੇ ਹੋ, ਜਿਸ ਛਿੰਣ ਤੁਸੀਂ ਨਤੀਜਿਆਂ ਬਾਰੇ ਸੋਚਣਾ ਛੱਡ ਦਿੰਦੇ ਹੋ ਅਤੇ ਜਿਸ ਛਿੰਣ ਤੁਸੀ ਆਪਣੀ ਸ਼ਕਤੀ ਨੂੰ ਵਰਤਮਾਨ ਕਰਤੱਵ ਨਾਲ ਜੋੜ ਦਿੰਦੇ ਹੋ, ਉਸੇ ਪਲ ਸਫਲਤਾ ਤੁਹਾਡੇ ਪਿਛੇ ਪਿਛੇ ਨਠਦੀ ਆਉਂਦੀ ਹੈ। ਇਸ ਲਈ ਸਫਲਤਾ ਦਾ ਪਿਛਾ ਨਾ ਕਰੋ। ਸਫਲਤਾ ਨੂੰ ਆਪਣਾ ਨਿਸ਼ਾਨਾ ਨਾ ਬਣਾਓ, ਕੇਵਲ ਤਦੋਂ ਹੀ ਸਫਲਤਾ ਤੁਹਾਨੂੰ ਢੂੰਡਦੀ ਫਿਰੇਗੀ। ਅਦਾਲਤੀ ਕਟਹਿਰੇ ਵਿਚ ਕਚੈਹਿਰੀ ਲਾਉਣ ਲਈ ਮੈਜਿਸਟਰੇਟ ਨੂੰ ਵਿਰੋਧੀ ਧਿਰਾਂ, ਵਕੀਲਾਂ ਤੇ ਅਰਦਲੀਆਂ ਨੂੰ ਬੁਲਾਉਣ ਦੀ ਲੋੜ ਨਹੀਂ ਹੁੰਦੀ, ਪਰ ਜਦੋਂ ਮੈਜਿਸਟਰੇਟ ਅਦਾਲਤ ਦੀ ਕੁਰਸੀ ਤੇ ਬੈਠ ਜਾਂਦਾ ਹੈ ਤਾਂ ਇਹ ਸਾਰੇ ਉਸ ਕੋਲ ਹਾਜ਼ਰ ਹੋ ਜਾਂਦੇ ਹਨ। ਇਸ ਲਈ ਮੇਰੇ ਪਿਆਰੇ ਦੋਸਤੋ! ਆਪਣੇ ਕਰਤਵ ਨੂੰ ਗੂੜ੍ਹੀ ਪ੍ਰਸੰਨ-ਚਿੱਤਤਾ ਨਾਲ ਨਿਭਾਈ ਚਲੋ ਅਤੇ ਜੋ ਵੀ ਸਫਲਤਾ ਲਈ ਚਾਹੀਦਾ ਹੈ, ਉਹ ਤੁਹਾਡੇ ਕਦਮਾਂ ਤੇ ਆ ਡਿਗੇਗਾ।

6. ਨਿਰਭੈਤਾ

ਅਗਲਾ ਨੁਕਤਾ ਜਿਹੜਾ ਮੈਂ ਤੁਹਾਡੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਅਤੇ ਜਿਸ ਨੂੰ ਤੁਸੀ ਆਪਣੇ ਤਜਰਬੇ ਦੀ ਕਸਵੱਟੀ ਉਤੇ ਪਰਖ ਵੀ ਸਕਦੇ ਹੋ, ਉਹ ਨਿਰਭੈਤਾ ਹੈ। ਸ਼ੇਰ ਕੇਵਲ ਇਕ ਤਕਣੀ ਨਾਲ ਸਾਧੇ ਜਾ ਸਕਦੇ ਹਨ। ਕੇਵਲ ਇਕ ਤੱਕਣੀ ਨਾਲ ਦੁਸ਼ਮਣ ਸ਼ਾਂਤ ਹੋ ਸਕਦੇ ਹਨ। ਨਿਰਭੈਤਾ ਦੇ ਇਕ ਹੱਲੇ ਨਾਲ ਜਿਤ ਪ੍ਰਾਪਤ ਕੀਤੀ ਜਾ ਸਕਦੀ ਹੈ। ਮੈਂ ਹਿਮਾਲੀਆ ਦੀਆਂ ਘਣੀਆਂ ਵਾਦੀਆਂ ਵਿਚ ਘੁੰਮਿਆਂ ਹਾਂ। ਮੈਨੂੰ ਸ਼ੇਰ, ਚੀਤੇ, ਰਿੱਛ, ਬਘਿਆੜ ਤੇ ਜ਼ਹਿਰੀਲੇ ਜਾਨਵਰ ਮਿਲੇ ਹਨ। ਮੈਨੂੰ ਕੋਈ ਹਾਨੀ ਨਹੀਂ ਪੁਜੀ। ਜੰਗਲੀ ਜਾਨਵਰਾਂ ਵਲ ਸਿੱਧਾ ਖੜੋ ਕੇ ਤੱਕਿਆ, ਨਿਗਾਹਾਂ ਮਿਲੀਆਂ, ਖ਼ੌਫਨਾਕ ਜਾਨਵਰ ਦਹਿਲ ਗਏ ਅਤੇ ਖ਼ਤਰਨਾਕ

ਜਾਨਵਰ ਖਿਸਕ ਗਏ। ਸੋ, ਇਸ ਤਰ੍ਹਾਂ ਨਿਰਭੈ ਬਣੋ, ਕੋਈ ਵੀ ਤੁਹਾਨੂੰ ਨੁਕਸਾਨ ਨਹੀਂ ਪੁਜਾ ਸਕੇਗਾ।

ਸ਼ਾਇਦ ਤੁਸਾਂ ਵੇਖਿਆ ਹੋਵੇਗਾ ਕਿ ਕਬੂਤਰ ਕਿਸ ਤਰ੍ਹਾਂ ਬਿੱਲੀ ਨੂੰ ਵੇਖ ਕੇ ਅੱਖਾਂ ਬੰਦ ਕਰ ਲੈਂਦਾ ਹੈ। ਸ਼ਾਇਦ ਉਹ ਸੋਚਦਾ ਹੈ, ਜਿਵੇਂ ਉਹ ਬਿੱਲੀ ਨੂੰ ਵੇਖ ਨਹੀਂ ਰਿਹਾ ਹੁੰਦਾ, ਬਿੱਲੀ ਵੀ ਉਸ ਨੂੰ ਨਹੀਂ ਵੇਖਦੀ। ਪਰ ਹੁੰਦਾ ਕੀ ਹੈ, ਬਿੱਲੀ ਕਬੂਤਰ ਉਤੇ ਝਪਟ ਪੈਂਦੀ ਹੈ, ਉਸ ਨੂੰ ਨਿਘਾਰ ਲੈਂਦੀ ਹੈ। ਸ਼ੇਰ ਨੂੰ ਵੀ ਨਿਰਭੈਤਾ ਨਾਲ ਵਸ ਵਿਚ ਕੀਤਾ ਜਾ ਸਕਦਾ ਹੈ ਤੇ ਡਰੂ ਬੰਦੇ ਨੂੰ ਤਾਂ ਬਿੱਲੀ ਵੀ ਖਾ ਸਕਦੀ ਹੈ।

ਤੁਸਾਂ ਵੇਖਿਆ ਹੋਵੇਗਾ ਕਿ ਕੰਬਦੇ ਹੱਥਾਂ ਨਾਲ ਇਕ ਬੋਤਲ ਵਿਚੋਂ ਦੂਜੀ ਬੋਤਲ ਵਿਚ ਕੋਈ ਤਰਲ ਪਦਾਰਥ ਨਹੀਂ ਪਾਇਆ ਜਾ ਸਕਦਾ। ਇਹ ਅਵੱਸ਼ ਡੁਲ੍ਹ ਜਾਵੇਗਾ। ਪਰ ਕਿੰਨੇ ਸੁਖੈਨ ਢੰਗ ਨਾਲ ਨਿਰਭੈ ਹੱਥ ਮਹਿੰਗੇ ਤਰਲ ਪਦਾਰਥ ਦੀ ਇਕ ਬੂੰਦ ਨੂੰ ਡੋਲ੍ਹੇ ਬਿਨਾਂ ਇਕ ਬੋਤਲ ਤੋਂ ਦੂਜੀ ਵਿਚ ਪਾ ਸਕਦੇ ਹਨ। ਕੁਦਰਤ ਤੁਹਾਨੂੰ ਇਕ ਵਾਰ ਫੇਰ ਜ਼ੋਰਦਾਰ ਸ਼ਬਦਾਂ ਵਿਚ ਸਿਖਿਆ ਦੇ ਰਹੀ ਹੈ।

ਇਕ ਵਾਰ ਇਕ ਪੰਜਾਬੀ ਸਿਪਾਹੀ ਜਹਾਜ਼ ਵਿਚ ਕਿਸੇ ਭਿਅੰਕਰ ਬੀਮਾਰੀ ਦਾ ਸ਼ਿਕਾਰ ਹੋ ਗਿਆ। ਡਾਕਟਰ ਨੇ ਉਸ ਨੂੰ ਜਾਹਜ਼ ਦੇ ਤਖ਼ਤੇ ਤੋਂ ਸਮੁੰਦਰ ਵਿਚ ਵਗਾਹ ਮਾਰਨ ਦੀ ਮੌਤ ਦੀ ਸਜ਼ਾ ਸੁਣਾ ਦਿਤੀ। ਕਈ ਵਾਰ ਇਹ ਡਾਕਟਰ ਮੌਤ ਦੀ ਸਜ਼ਾ ਵੀ ਸੁਣਾ ਦਿੰਦੇ ਹਨ। ਸਿਪਾਹੀ ਨੂੰ ਇਸ ਦਾ ਪਤਾ ਲਗ ਗਿਆ। ਜਦੋਂ ਸਾਧਾਰਣ ਬੰਦਿਆਂ ਨੂੰ ਵੀ ਕੋਈ ਹੋਰ ਰਾਹ ਨਾ ਸੁਝੇ ਤਾਂ ਉਨ੍ਹਾਂ ਵਿਚ ਵੀ ਨਿਰਭੈਤਾ ਦੀ ਚਮਕ ਆ ਜਾਂਦੀ ਹੈ। ਉਹ ਅਸੀਮ ਸ਼ਕਤੀ ਨਾਲ ਝਪਟਿਆ ਅਤੇ ਨਿਰਭੈ ਹੋ ਗਿਆ। ਉਸ ਨੇ ਆਪਣਾ ਪਸਤੌਲ ਡਾਕਟਰ ਵਲ ਤਾਣ ਕੇ ਕਿਹਾ: "ਕੀ ਮੈਂ ਬੀਮਾਰ ਹਾਂ? ਕੀ ਤੂੰ ਕਹਿੰਦਾ ਹੈਂ? ਮੈਂ ਤੈਨੂੰ ਗੋਲੀ ਮਾਰ ਦੇਵਾਂਗਾ?" ਡਾਕਟਰ ਨੇ ਤੁਰੰਤ ਉਸ ਨੂੰ ਅਰੋਗ ਹੋਣ ਦਾ ਸਰਟੀਫੀਕੇਟ ਦੇ ਦਿਤਾ। ਮਾਯੂਸੀ ਕਮਜ਼ੋਰੀ ਹੈ, ਇਸ ਤੋਂ ਬਚੋ। ਸਭ ਸ਼ਕਤੀ ਨਿਰਭੈਤਾ ਤੋਂ ਆਉਂਦੀ ਹੈ। ਮੇਰੇ ਸ਼ਬਦਾਂ ਨੂੰ ਚੇਤੇ ਰਖੋ, ਨਿਰਭੈਤਾ, ਨਿਰਭੈ ਬਣੋ।

7. ਆਤਮ ਨਿਰਭਰਤਾ

ਅੰਤਮ ਪਰ ਧਿਆਨ ਯੋਗ ਨੁਕਤਾ ਜੋ ਸਫਲਤਾ ਦਾ ਭੇਦ ਹੈ, ਉਹ ਹੈ ਆਤਮ-ਨਿਰਭਰਤਾ-ਆਤਮ ਵਿਸ਼ਵਾਸ। ਜੇ ਮੈਨੂੰ ਕੋਈ ਪੁਛੇ ਕਿ ਆਪਣੇ ਦਰਸ਼ਨ ਨੂੰ ਇਕ ਸ਼ਬਦ ਵਿਚ ਦਸੋ ਤਾਂ ਮੈਂ ਕਹਾਂਗਾ ਕਿ "ਆਤਮ-ਨਿਰਭਰਤਾ"-ਆਪੇ ਦਾ ਗਿਆਨ। ਹੇ ਮਨੁੱਖ ਸੁਣ! ਆਪਣੇ ਆਪੇ ਨੂੰ ਜਾਣ। ਇਹ ਠੀਕ ਹੀ ਅੱਖਰ ਅੱਖਰ

ਸੱਚ ਹੈ ਕਿ ਜਦੋਂ ਤੁਸੀਂ ਆਪਣੀ ਸਹਾਇਤਾ ਆਪ ਕਰਦੇ ਹੋ ਤਾਂ ਪਰਮਾਤਮਾ ਵੀ ਤੁਹਾਡੀ ਸਹਾਇਤਾ ਕਰਦਾ ਹੈ। ਗਗਨ-ਮੰਡਲ ਅਵੱਸ਼ ਤੁਹਾਡੀ ਸਹਾਇਤਾ ਕਰੇਗਾ। ਇਸ ਨੂੰ ਸਿਧ ਕੀਤਾ ਜਾ ਸਕਦਾ ਹੈ। ਇਸ ਨੂੰ ਅਨੁਭਵ ਕੀਤਾ ਜਾ ਸਕਦਾ ਹੈ। ਤੁਹਾਡਾ ਆਪਣਾ ਆਪਾ ਹੀ ਪ੍ਰਭੂ ਹੈ। ਜੋ ਅਨੰਤ ਤੇ ਸਰਬ ਸ਼ਕਤੀਮਾਨ ਹੈ। ਇਹ ਇਕ ਅਜਿਹਾ ਸੱਚ ਹੈ, ਜਿਸ ਨੂੰ ਪ੍ਰਯੋਗ ਰਾਹੀਂ ਵੀ ਪੜਤਾਲਿਆ ਜਾ ਸਕਦਾ ਹੈ। ਨਿਰਸੰਦੇਹ, ਆਪਣੇ ਆਪ ਉਤੇ ਭਰੋਸਾ ਰੱਖੋ, ਤੁਸੀਂ ਹਰ ਚੀਜ਼ ਪ੍ਰਾਪਤ ਕਰ ਸਕਦੇ ਹੋ। ਕੁਝ ਵੀ ਤੁਹਾਡੇ ਸਾਹਮਣੇ ਅਸੰਭਵ ਨਹੀਂ ਹੈ।

ਸ਼ੇਰ ਜੰਗਲ ਦਾ ਬਾਦਸ਼ਾਹ ਹੈ। ਉਹ ਆਪਣੇ ਆਪ ਤੇ ਨਿਰਭਰ ਹੁੰਦਾ ਹੈ। ਉਹ ਬਹਾਦਰ, ਤਕੜਾ ਤੇ ਸਭ ਮੁਸ਼ਕਲਾਂ ਨੂੰ ਸਰ ਕਰ ਲੈਣ ਵਾਲਾ ਹੈ। ਕਿਉਂਕਿ ਉਹ ਆਪਣੇ ਆਪ ਵਿਚ ਰਹਿੰਦਾ ਹੈ। ਹਾਥੀ, ਜਿਨ੍ਹਾਂ ਨੂੰ ਸਭ ਤੋਂ ਪਹਿਲੇ ਭਾਰਤ ਵਿਚ ਜਦੋਂ ਯੂਨਾਨੀਆਂ ਨੇ ਤੱਕਿਆ ਸੀ ਤਾਂ ਚਲਦੇ ਫਿਰਦੇ ਪਹਾੜ ਕਹਿ ਦਿਤਾ ਸੀ, ਪਰ ਉਹ ਸਦਾ ਆਪਣੇ ਸ਼ਤਰੂਆਂ ਤੋਂ ਡਰਦੇ ਰਹਿੰਦੇ ਹਨ ਅਤੇ ਜਦੋਂ ਸੌਂਦੇ ਹਨ ਤਾਂ ਆਪਣੇ ਵਿਚੋਂ ਕੁਝ ਨੂੰ ਖ਼ਬਰਦਾਰੀ ਲਈ ਪਹਿਰੇ ਤੇ ਬਿਠਾ ਦਿੰਦੇ ਹਨ। ਉਨ੍ਹਾਂ ਵਿਚੋਂ ਕੋਈ ਵੀ ਆਪਣੇ ਆਪ ਜਾਂ ਆਪਣੀ ਯੋਗਤਾ ਉਤੇ ਭਰੋਸਾ ਨਹੀਂ ਰਖਦਾ। ਉਹ ਆਪਣੇ ਆਪ ਨੂੰ ਕਮਜ਼ੋਰ ਸਮਝਦੇ ਹਨ ਅਤੇ ਹਾਥੀਆਂ ਦੇ ਸਾਰੇ ਝੁੰਡ ਨੂੰ ਪਰੇਸ਼ਾਨ ਕੀਤਾ ਜਾ ਸਕਦਾ ਹੈ, ਹਾਲਾਂ ਕਿ ਇਕ ਇਕੱਲਾ ਹਾਥੀ ਵੀਹਾਂ ਸ਼ੇਰਾਂ ਨੂੰ ਲਿਤਾੜ ਸਕਦਾ ਹੈ।

ਦੋ ਭਰਾਵਾਂ ਦੀ ਕਥਾ ਬੜੀ ਸਿਖਿਆ ਪੂਰਣ ਹੈ, ਜਿਨ੍ਹਾਂ ਨੇ ਕਿ ਆਪਣੀ ਜੱਦੀ ਜਾਇਦਾਦ ਇਕੋ ਜਿਹੀ ਵੰਡੀ ਸੀ, ਪਰ ਕੁਝ ਸਾਲਾਂ ਪਿਛੋਂ ਇਕ ਤਾਂ ਕੰਗਲਾ ਬਣ ਗਿਆ ਅਤੇ ਦੂਜੇ ਦੀ ਜਾਇਦਾਦ ਦਸ ਗੁਣਾਂ ਹੋ ਗਈ। ਕਿਵੇਂ ਤੇ ਕਿਉਂ? ਜਦੋਂ ਇਹ ਪ੍ਰਸ਼ਨ ਉਸ ਭਰਾ ਨੂੰ ਪੁਛਿਆ ਜਾਂਦਾ, ਜਿਹੜਾ ਲੱਖਾਂਪਤੀ ਬਣ ਗਿਆ ਸੀ, ਉਹ ਉਤਰ ਦਿੰਦਾ ਕਿ ਮੇਰਾ ਭਰਾ ਤਾਂ ਕਹਿੰਦਾ ਹੈ ਜਾਓ! ਜਾਓ! ਪਰ ਮੈਂ ਕਹਿੰਦਾ ਹਾਂ ਆਓ! ਆਓ! ਭਾਵ ਇਹ ਸੀ ਕਿ ਇਕ ਭਰਾ ਤਾਂ ਆਪਣੇ ਨੌਕਰਾਂ ਨੂੰ ਹੁਕਮ ਦਿੰਦਾ ਸੀ ਜਾਵੋ, ਜਾਵੋ ਅਤੇ ਇਹ ਕੰਮ ਕਰੋ, ਜਦੋਂ ਕਿ ਆਪ ਉਹ ਆਪਣੇ ਨਰਮ ਫਰਦਾਰ ਗਦੇਲਿਆਂ ਉਤੇ ਲੇਟਿਆ ਰਹਿੰਦਾ ਸੀ ਅਤੇ ਦੂਜਾ ਸਦਾ ਆਪਣੇ ਪੈਰਾਂ ਤੇ ਖੜੋਤਾ ਕੰਮ ਵਿਚ ਰੁਝਾ ਹੁੰਦਾ ਸੀ। ਉਹ ਆਪਣੇ ਨੌਕਰਾਂ ਨੂੰ ਆਪਣੀ ਸਹਾਇਤਾ ਲਈ ਬੁਲਾਉਂਦਾ ਸੀ: "ਆਓ! ਆਓ! ਇਹ ਕੰਮ ਕਰੋ।" ਇਕ ਨੇ ਆਪਣੀ ਤੇ ਆਪਣੇ ਨੌਕਰਾਂ ਦੀ ਸ਼ਕਤੀ ਉਤੇ ਨਿਰਭਰ ਕੀਤਾ ਤੇ ਉਸ ਦੀ ਸੰਪਤੀ ਕਈ ਗੁਣਾਂ ਵਧ ਗਈ। ਦੂਜਾ ਆਪਣੇ ਨੌਕਰਾਂ ਨੂੰ ਜਾਓ, ਜਾਓ ਦਾ ਹੁਕਮ ਹੀ ਦਿੰਦਾ ਰਿਹਾ।

ਉਹ ਤਾਂ ਜਾਂਦੇ ਰਹੇ, ਪਰ ਨਾਲ ਹੀ ਦੌਲਤ ਵੀ ਉਸ ਦਾ ਹੁਕਮ ਮੰਨ ਕੇ ਜਾਂਦੀ ਰਹੀ ਅਤੇ ਇਉਂ ਉਹ ਇਕੱਲਾ ਰਹਿ ਗਿਆ। ਰਾਮ ਆਖਦਾ ਹੈ ਆਓ! ਆਓ! ਤੇ ਮੇਰੀ ਸਫਲਤਾ ਤੇ ਖ਼ੁਸ਼ੀ ਦੇ ਭਾਈਵਾਲ ਬਣੋ। ਸੋ ਇਹ ਗੱਲ ਹੈ ਭਰਾਵੋ, ਦੋਸਤੋ ਤੇ ਹਮਵਤਨੋ! ਮਨੁੱਖ ਆਪਣੀ ਹੋਣੀ ਦਾ ਆਪ ਸਵਾਮੀ ਹੈ। ਜੇ ਜਾਪਾਨ ਦੇ ਲੋਕ ਮੈਨੂੰ ਵਿਚਾਰ ਦਸਣ ਦਾ ਹੋਰ ਮੌਕਾ ਦੇਣਗੇ ਤਾਂ ਮਿਥਿਹਾਸਕ ਕਥਾ-ਕਹਾਣੀਆਂ ਉਤੇ, ਵਿਸ਼ਵਾਸ ਕਰਦਾ ਕੋਈ ਨਿਆਇਪੂਰਵਕ ਕਾਰਣ ਨਹੀਂ ਹੈ ਅਤੇ ਆਪਣੇ ਆਪ ਤੋਂ ਬਾਹਰ ਆਪਣੇ ਕੇਂਦਰ ਨੂੰ ਰਖਣ ਦਾ ਕੋਈ ਆਧਾਰ ਨਹੀਂ ਹੋ ਸਕਦਾ। ਇਕ ਆਜ਼ਾਦ ਮਨੁੱਖ ਵੀ ਗ਼ੁਲਾਮ ਹੋ ਸਕਦਾ ਹੈ। ਕਿਉਂਕਿ ਉਹ ਆਜ਼ਾਦ ਹੈ। ਸੁਤੰਤਰਤਾ ਵਿਚੋਂ ਸਾਨੂੰ ਕੁਸ਼ਲਤਾ ਪ੍ਰਾਪਤ ਹੁੰਦੀ ਹੈ ਅਤੇ ਆਪਣੇ ਆਪੇ ਦੀ ਸੁਤੰਤਰਤਾ ਤੋਂ ਉਖੜ ਕੇ ਅਸੀਂ ਗ਼ੁਲਾਮ ਬਣ ਜਾਂਦੇ ਹਾਂ। ਇਸ ਲਈ ਅਸੀਂ ਕਿਉਂ ਬੁੜ ਬੁੜ ਕਰੀਏ ਤੇ ਕੁੜ੍ਹੀਏ ਅਤੇ ਕਿਉਂ ਨਾ ਆਪਣੀ ਵਾਸਤਵਿਕ ਸੁਤੰਤਰਤਾ ਦੀ ਵਰਤੋਂ ਆਪਣੇ ਆਪ ਨੂੰ ਸਰੀਰਕ ਤੇ ਸਮਾਜਕ ਤੌਰ ਤੇ ਸੁਤੰਤਰ ਕਰਨ ਲਈ ਕਰੀਏ।

ਧਰਮ ਜੋ ਰਾਮ ਜਾਪਾਨ ਵਿਚ ਲੈ ਕੇ ਆਇਆ ਹੈ, ਉਹ ਉਹੀ ਹੈ ਜੋ ਸਦੀਆਂ ਪਹਿਲਾਂ ਬੁਧ ਦੇ ਉਪਾਸ਼ਕਾਂ ਨੇ ਲਿਆਂਦਾ ਸੀ। ਪਰ ਉਸ ਧਰਮ ਨੂੰ ਵਰਤਮਾਨ ਯੁਗ ਦੀਆਂ ਲੋੜਾਂ ਅਨੁਸਾਰ ਢਾਲਣ ਲਈ ਬਿਲਕੁਲ ਵਖਰੇ ਦ੍ਰਿਸ਼ਟੀਕੋਣ ਤੋਂ ਵਿਚਾਰਨ ਦੀ ਲੋੜ ਹੈ। ਇਸ ਨੂੰ ਪਛਮੀ ਦਰਸ਼ਨ ਤੇ ਵਿਗਿਆਨ ਦੀ ਰੌਸ਼ਨੀ ਵਿਚ ਚਮਕਾਉਣ ਦੀ ਲੋੜ ਹੈ। ਮੇਰੇ ਧਰਮ ਦੇ ਬੁਨਿਆਦੀ ਤੇ ਜ਼ਰੂਰੀ ਨੇਮਾਂ ਨੂੰ ਗੇਇਟੇ ਦੇ ਸ਼ਬਦਾਂ ਵਿਚ ਪੇਸ਼ ਕੀਤਾ ਜਾ ਸਕਦਾ ਹੈ:

"ਮੈਂ ਤੁਹਾਨੂੰ ਦਸਦਾ ਹਾਂ ਕਿ ਮਨੁੱਖ ਦੀ ਸਰਵੁੱਚ ਕਿਰਤ ਕੀ ਹੈ।'ਮੇਰੇ'ਤੋਂ ਪਹਿਲਾਂ ਕੋਈ ਸੰਸਾਰ ਨਹੀਂ ਸੀ। ਇਹ ਮੇਰੀ ਸਿਰਜਨਾ ਹੈ। ਮੈਂ ਹੀ ਸੂਰਜ ਨੂੰ ਸਾਗਰ ਤੋਂ ਉਪਰ ਲਿਆਂਦਾ ਤੇ ਚੰਦਰਮਾ ਨੇ ਆਪਣਾ ਪਰਿਵਰਤਨ ਵਾਲਾ ਮਾਰਗ ਵੀ 'ਮੇਰੇ' ਨਾਲ ਹੀ ਆਰੰਭ ਕੀਤਾ ਹੈ।"

ਇਸ ਨੂੰ ਅਨੁਭਵ ਕਰੋ ਅਤੇ ਤੁਸੀਂ ਤੁਰੰਤ ਸੁਤੰਤਰ ਹੋ ਜਾਂਦੇ ਹੋ। ਇਸ ਨੂੰ ਇਕ ਵਾਰ ਅਨੁਭਵ ਕਰਕੇ ਤੁਸੀਂ ਸਫ਼ਲ ਹੋ ਜਾਂਦੇ ਹੋ ਅਤੇ ਹਨੇਰੀਆਂ ਕਾਲ ਕੋਠੜੀਆਂ ਉਸੇ ਛਿਣ ਮਿਹਰ-ਭਰੇ ਬੈਕੁੰਠ ਧਾਮ ਵਿਚ ਵਟ ਜਾਂਦੀਆਂ ਹਨ।

ਸੁਆਮੀ ਰਾਮ ਤੀਰਥ ਦੀ ਅਮਰੀਕਾ ਯਾਤਰਾ

ਅਮਰੀਕਾ ਦੇ ਉਸ ਭਾਗ ਵਿਚ ਜਿਥੇ ਸੁਆਮੀ ਰਾਮ ਤੀਰਥ ਜੀ ਵਿਚਰਦੇ ਰਹੇ ਹਨ, ਹਾਲੀ ਵੀ ਕਈ ਅਜਿਹੇ ਬੰਦੇ ਮੌਜੂਦ ਹਨ, ਜਿਨ੍ਹਾਂ ਨੇ ਸੁਆਮੀ ਰਾਮ ਤੀਰਥ ਜੀ ਦੀ ਯਾਦ ਨੂੰ ਆਪਣੇ ਦਿਲਾਂ ਵਿਚ ਸੰਭਾਲਿਆ ਹੋਇਆ ਹੈ। ਉਹ ਦਸਦੇ ਹਨ ਕਿ ਸੁਆਮੀ ਜੀ ਇਕ ਸੱਚੇ ਤਿਆਗੀਆਂ ਵਾਲਾ ਜੀਵਨ ਗੁਜ਼ਾਰਦੇ ਸਨ। ਉਨ੍ਹਾਂ ਨੇ ਕੈਲੇਫੋਰਨੀਆਂ ਦੀ ਪਰਬਤ ਘਾਟੀ ਵਿਚ ਅਖੜ ਪੇਂਡੂ ਲੋਕਾਂ ਦੇ ਦਿਲਾਂ ਨੂੰ ਜਿੱਤ ਲਿਆ ਹੋਇਆ ਸੀ। ਉਨ੍ਹਾਂ ਵਲੋਂ ਦਿਤੇ ਗਏ ਵਿਆਖਿਆਨਾਂ ਦੀਆਂ ਜਿਹੜੀਆਂ ਪ੍ਰਸ਼ੰਸਾ ਭਰਪੂਰ ਟਿਪਣੀਆਂ ਸਮਾਚਾਰ ਪੱਤਰਾਂ ਵਿਚ ਛਪਦੀਆਂ ਸਨ, ਉਨ੍ਹਾਂ ਨੂੰ ਉਹ ਸਮੁੰਦਰ ਵਿਚ ਸੁੱਟ ਦਿੰਦੇ ਸਨ। ਉਹ ਇਸ ਗੱਲ ਬਾਰੇ ਹੱਠ ਕਰਦੇ ਸਨ ਕਿ ਉਨ੍ਹਾਂ ਦੇ ਭਾਸ਼ਣਾਂ ਦੀ ਸਰੋਤਿਆਂ ਕੋਲੋਂ ਕੋਈ ਫੀਸ ਨਾ ਉਗਰਾਹੀ ਜਾਵੇ। ਜਦੋਂ ਇਕ ਧਨਵਾਨ ਮਿਤਰ ਨੇ ਉਨ੍ਹਾਂ ਕੋਲ ਸ਼ਿਕਾਇਤ ਕੀਤੀ, ''ਸੁਆਮੀ ਜੀ, ਇਸ ਤਰ੍ਹਾਂ ਇਨ੍ਹਾਂ ਇਕੱਤਰਤਾਵਾਂ ਦਾ ਖ਼ਰਚਾ ਕਿਵੇਂ ਪੂਰਾ ਹੋਵੇਗਾ?'' ਤਾਂ ਸੁਆਮੀ ਰਾਮ ਤੀਰਥ ਜੀ ਨੇ ਉਤਰ ਦਿਤਾ ਸੀ, ''ਤੁਸੀਂ ਇਨ੍ਹਾਂ ਇਕੱਤਰਤਾਵਾਂ ਦਾ ਖ਼ਰਚਾ ਯਕੀਨੀ ਤੌਰ ਤੇ ਪੂਰਾ ਕਰ ਸਕਦੇ ਹੋ।'' ਉਹ ਇਕ ਮਹਾਨ ਹਿੰਦੂ ਮਹਾਂਪੁਰਸ਼ ਸਨ, ਜੋ ਅਮਰੀਕਾ ਵਿਚ ਗਏ, ਉਹ ਸੱਚੇ ਸੰਤ ਤੇ ਰਿਸ਼ੀ ਮੁੰਨੀ ਸਨ, ਜੋ ਹਿੰਦੂ ਆਤਮਕ ਜੀਵਨ ਦੇ ਵਿਅਕਤੀਗਤ ਰੂਪ ਵਿਚ ਸੱਚੇ ਸੁੱਚੇ ਦਰਪਣ ਸਨ। ਉਨ੍ਹਾਂ ਦੀ ਆਤਮਾ ਉਸ 'ਵਿਸ਼ਵ ਆਤਮਾ' ਦੇ ਪ੍ਰੇਮ ਦਾ ਸਾਖਿਆਤ ਸਰੂਪ ਸੀ, ਜਿਸ ਦਾ ਕਿ ਉਨ੍ਹਾਂ ਨੂੰ ਸਵੈ-ਅਨੁਭਵ ਪ੍ਰਾਪਤ ਹੋ ਚੁਕਾ ਸੀ।

(ਲਾਲਾ ਹਰਦਿਆਲ ਜੀ ਨੇ ਮਾਡਰਨ ਰੀਵਿਊ ਦੇ ਜੁਲਾਈ 1911 ਦੇ ਅੰਕ ਵਿਚ ਅਮਰੀਕਾ ਤੋਂ ਇਸ ਤਰ੍ਹਾਂ ਲਿਖਿਆ ਸੀ।)

ਜਦੋਂ ਸੁਆਮੀ ਰਾਮ ਤੀਰਥ ਸ਼ਾਸਤਾ ਚਸ਼ਮਿਆਂ ਦੇ ਇਲਾਕੇ ਵਿਚ ਰਹਿੰਦੇ ਸਨ, ਤਾਂ ਉਹ ਆਪਣੇ ਮੇਜ਼ਬਾਨ ਡਾ. ਹਿਲੇਰ ਦੇ ਰਸੋਈ ਘਰ ਲਈ ਪਹਾੜਾਂ ਵਿਚੋਂ ਮਜ਼ਦੂਰਾਂ ਵਾਂਗ ਕੰਮ ਕਰਕੇ ਲਕੜੀਆਂ ਕੱਟ ਕੇ ਲਿਆਇਆ ਕਰਦੇ ਸਨ। ਸੁਆਮੀ ਰਾਮ ਤੀਰਥ ਜੀ ਨੇ ਲਾਲਾ ਹਰਦਿਆਲ ਨੂੰ ਦਸਿਆ ਸੀ, ''ਸ਼ਾਸਤਾ ਵਿਖੇ ਰਾਮ ਨੂੰ

ਸਖ਼ਤ ਕੰਮ ਕਰਨਾ ਪੈਂਦਾ ਸੀ। ਰਾਮ ਅਮਰੀਕਾ ਵਰਗੇ ਦੇਸ਼ ਵਿਚ ਸਰੀਰਕ ਕਿਰਤ ਕਰਨ ਤੋਂ ਬਿਨਾਂ ਨਹੀਂ ਰਹਿਣਾ ਚਾਹੁੰਦਾ ਤੇ ਇਸਤਰ੍ਹਾਂ ਆਪਣਾ ਹਿੱਸਾ ਪਾਉਣਾ ਚਾਹੁੰਦਾ ਹੈ। ਰਾਮ ਨੂੰ ਇਥੋਂ ਦੀ ਇਕਾਂਤ ਪਸੰਦ ਸੀ। ਰਾਮ ਨੇ ਬਹੁਤ ਸਾਰੇ ਅਮਰੀਕਨ ਪ੍ਰਤਿਯੋਗੀਆਂ ਨਾਲ ਸ਼ਾਸਤਾ ਪਰਬਤ ਦੀਆਂ ਸ਼ਿਖਰਾਂ ਉਤੇ ਚੜ੍ਹਨਾ ਆਰੰਭ ਕੀਤਾ ਸੀ ਅਤੇ ਉਹੋ ਹੀ ਸਭ ਤੋਂ ਪਹਿਲਾਂ ਇਸ ਉਚੀ ਚੋਟੀ ਨੂੰ ਸਰ ਕਰਨ ਵਿਚ ਸਫਲ ਹੋਏ ਸਨ, ਪਰ ਸੁਆਮੀ ਜੀ ਨੇ ਇਸ ਸਬੰਧ ਵਿਚ ਪਹਿਲੇ ਸਥਾਨ ਦੇ ਇਨਾਮ ਨੂੰ ਸ਼ਵੀਕਾਰ ਕਰਨ ਤੋਂ ਨਾਂਹ ਕਰ ਦਿਤੀ ਸੀ। ਉਨ੍ਹਾਂ ਦੀ ਸ਼ਾਸਤਾ ਪਰਬਤ ਉਤੇ ਇਸ ਚੜ੍ਹਾਈ ਦਾ ਬਿਉਰਾ ਦੇਣ ਵਾਲੇ ਸਮਾਚਾਰਾਂ ਦੀਆਂ ਪ੍ਰਤੀਆਂ ਹੱਥੋ ਹੱਥ ਵਿਕ ਗਈਆਂ ਅਤੇ ਇਸ ਨੂੰ ਬਹੁਤ ਵੱਡੀ ਵਿਕਰੀ ਖ਼ਿਆਲ ਕੀਤਾ ਜਾਂਦਾ ਸੀ। ਰਾਮ ਨੇ ਮੈਰਾਥਨ ਦੌੜ ਵਿਚ ਵੀ ਭਾਗ ਲਿਆ। ਇਹ ਦੌੜ ਕੇਵਲ ਦੌੜਨ ਲਈ ਉਨ੍ਹਾਂ ਦੇ ਦਿਲੀ ਉਤਸ਼ਾਹ ਤੇ ਪ੍ਰੇਮ ਦੀ ਸੂਚਕ ਸੀ। ਇਹ ਤੀਹ ਮੀਲ ਦੀ ਦੌੜ ਸੀ ਅਤੇ ਇਸ ਵਿਚ ਵੀ ਸੁਆਮੀ ਰਾਮ ਪਹਿਲੇ ਸਥਾਨ ਤੇ ਆਏ।'' ਇਥੇ ਇਹ ਗੱਲ ਚੇਤੇ ਕਰਨੀ ਬੜੀ ਧਿਆਨ ਯੋਗ ਹੈ ਕਿ ਕਦੀ ਉਹ ਵੀ ਸਮਾਂ ਸੀ ਜਦੋਂ ਸੁਆਮੀ ਰਾਮ ਤੀਰਥ ਦੇ ਵਿਦਿਆਰਥੀ ਤੇ ਅਧਿਆਪਕ ਜੀਵਨ ਵਿਚ ਲਾਹੌਰ ਵਿਖੇ ਇਹ ਖ਼ਿਆਲ ਕੀਤਾ ਜਾਂਦਾ ਸੀ ਕਿ ਉਨ੍ਹਾਂ ਦੀ ਸਿਹਤ ਬਹੁਤ ਹੀ ਕਮਜ਼ੋਰ ਹੈ ਅਤੇ ਉਹ ਸਰੀਰਕ ਤੌਰ ਤੇ ਬਿਲਕੁਲ ਹੀ ਰਹਿ ਚੁਕੇ ਹਨ। ਜਵਾਨੀ ਵੇਲੇ ਉਨ੍ਹਾਂ ਦੀ ਸਿਹਤ ਬਹੁਤ ਹੀ ਕਮਜ਼ੋਰ ਹੁੰਦੀ ਸੀ। ਪਰ ਆਪਣੇ ਆਤਮ ਬਲ ਸਦਕਾ ਕੁਝ ਸਾਲਾਂ ਵਿਚ ਹੀ ਉਸ ਵਿਚ ਬੜਾ ਸੁਧਾਰ ਹੋ ਗਿਆ ਸੀ।

ਸ਼ਾਸਤਾ ਨਦੀ ਦੀ ਤੇਜ਼ ਵਹਿੰਦੀ ਧਾਰਾ ਉਪਰ ਸੁਆਮੀ ਰਾਮ ਤੀਰਥ ਜੀ ਨੇ ਆਪਣੇ ਰਹਿਣ ਲਈ ਝੂਲਾ ਬਣਾ ਲਿਆ ਸੀ। ਇਸ ਝੂਲੇ ਉਪਰ ਬੈਠ ਕੇ ਉਹ ਪੰਛੀਆਂ ਹਾਰ ਚਹਿਚਹਾਉਂਦੇ ਤੇ ਗੁਟਕੂੰ ਗੁਟਕੂੰ ਕਰਦੇ ਰਹਿੰਦੇ ਸਨ। ਉਹ ਕਿਹਾ ਕਰਦੇ ਸਨ, 'ਮੈਂ ਅਮਰੀਕਾ ਦੇ ਸਾਰੇ ਪ੍ਰਧਾਨਾਂ ਨਾਲੋ ਵਧੇਰੇ ਖ਼ੁਸ਼ੀ ਅਨੁਭਵ ਕਰ ਰਿਹਾ ਹਾਂ।'' ਕਦੀ ਕਦੀ ਉਹ ਆਪਣੀ ਇਸ ਪਰਬਤੀ ਇਕਾਂਤਵਾਸ ਵਿਚੋਂ ''ਵੇਦਾਂਤ'' ਬਾਰੇ ਭਾਸ਼ਣ ਦੇਣ ਲਈ ਬਾਹਰ ਆ ਜਾਂਦੇ ਸਨ। ਉਹ ਭਾਰਤ ਬਾਰੇ ਵੀ ਆਪਣੇ ਵਿਚਾਰ ਪ੍ਰਗਟਾਉਂਦੇ ਰਹਿੰਦੇ ਸਨ। ਉਨ੍ਹਾਂ ਨੇ ਭਾਰਤ ਵਾਸੀਆਂ ਵਲੋਂ ਅਮਰੀਕਨ ਲੋਕਾਂ ਨੂੰ ਇਕ ਅਪੀਲ ਜਾਰੀ ਕੀਤੀ ਸੀ, ਜਿਸ ਨੇ ਅਮਰੀਕਾ ਵਾਸੀਆਂ ਦਾ ਉਚੇਚਾ ਧਿਆਨ ਖਿਚਿਆ।

ਸੁਆਮੀ ਰਾਮ ਤੀਰਥ ਜੀ ਨੇ ਮੈਨੂੰ ਦਸਿਆ, "ਡਾਕਟਰ ਹਿਲੇਰ ਤੇ ਉਸ ਦੀ ਪਤਨੀ ਬੜੇ ਚੰਗੇ ਮਹਿਮਾਨ ਨਿਵਾਸ ਸਨ, ਪਰ ਬਿਰਧ ਵਰੇਸ ਵਿਚ ਹੋਣ ਕਾਰਣ ਰਾਮ ਨੂੰ ਉਨ੍ਹਾਂ ਨੂੰ ਉਤਸ਼ਾਹਤ ਕਰਨਾ ਪੈਂਦਾ ਸੀ। ਇਹ ਬਿਰਧ ਦੰਪਤੀ ਰਾਮ ਨੂੰ ਬੜਾ ਪਿਆਰ ਕਰਦੇ ਸਨ। ਉਨ੍ਹਾਂ ਦੀ ਦਿਲੀ ਇੱਛਾ ਸੀ ਕਿ ਰਾਮ ਉਨ੍ਹਾਂ ਕੋਲ ਸਦਾ ਲਈ ਟਿਕਿਆ ਰਹੇ।"

ਸੁਆਮੀ ਜੀ ਨੇ ਮੈਨੂੰ ਇਹ ਵੀ ਦਸਿਆ, "ਇਕਵਾਰ ਉਥੇ ਬੜੀ ਧਨਵਾਨ ਅਮਰੀਕਨ ਸੁਆਣੀ ਆਈ, ਜਿਸ ਦਾ ਨਾਮ ਸੁਆਮੀ ਰਾਮ ਨੇ ਪਿਆਰ ਵਿਚ 'ਗੰਗਾ' ਰਖ ਦਿਤਾ ਸੀ। ਇਸ ਨੇਕ ਸੁਆਣੀ ਨੇ ਆਪਣਾ ਸਭ ਕੁਝ ਸੁਆਮੀ ਰਾਮ ਅਗੇ ਅਰਪਨ ਕਰ ਦਿਤਾ ਸੀ- ਆਪਣੀ ਧਨ ਦੌਲਤ, ਆਪਣੀ ਜ਼ਮੀਨ, ਘਰ ਅਤੇ ਇਥੋਂ ਤਕ ਬੇਨਤੀ ਕੀਤੀ ਸੀ ਕਿ ਉਹ ਸੰਨਿਆਸੀ ਦੇ ਭਗਵੇ ਬਾਣੇ ਨੂੰ ਧਾਰਣ ਕਰਨ ਲਈ ਆਗਿਆ ਮੰਗਦੀ ਸੀ, ਪਰ ਸੁਆਮੀ ਰਾਮ ਨੂੰ ਤਾਂ ਕਿਸੇ ਵਸਤੂ ਦੀ ਲੋੜ ਨਹੀਂ ਸੀ। ਇਸ ਇਸਤਰੀ ਦਾ ਹਿਰਦਾ ਬਹੁਤ ਵਿਸ਼ਾਲ ਸੀ। ਪਰਮਾਤਮਾ ਉਸ ਉਤੇ ਮਿਹਰ ਕਰੇ। ਉਹ ਇਕ ਮਹਾਨ ਇਸਤਰੀ ਸੀ।

ਮੈਂ ਪ੍ਰਸ਼ਨ ਕੀਤਾ, "ਸੁਆਮੀ ਜੀ! ਕੀ ਤੁਹਾਡੇ ਖ਼ਿਆਲ ਵਿਚ ਅਮਰੀਕਾ ਨੂੰ ਭਾਰਤ ਨਾਲੋਂ ਤੁਹਾਡੇ ਵੇਦਾਂਤ ਦਰਸ਼ਨ ਦੀ ਵਧੇਰੇ ਲੋੜ ਹੈ?"

ਸੁਆਮੀ ਜੀ ਨੇ ਉਤਰ ਦਿਤਾ, "ਨਹੀਂ ! ਅਮਰੀਕਾ ਇਸ ਦਰਸ਼ਨ ਨੂੰ ਭੌਤਿਕ ਪੱਧਰ ਉਤੇ ਮਾਣਨਾ ਚਾਹੁੰਦਾ ਹੈ, ਪਰ ਮੈਂ ਚਾਹੁੰਦਾ ਹਾਂ ਕਿ ਸੰਸਾਰ ਦੇ ਸਾਰੇ ਰਾਸ਼ਟਰ ਇਸ ਨੂੰ ਮਾਨਸਿਕ ਤੇ ਆਤਮਿਕ ਧਰਾਤਲ ਉਤੇ ਅਨੁਭਵ ਕਰਨ। ਅਮਰੀਕਾ ਤੇ ਸਾਰਾ ਪਛਮੀ ਜਗਤ ਇਤਨੇ ਵਿਸ਼ਾਲ ਪਸਾਰੇ ਦੇ ਬਾਵਜੂਦ ਸ਼ਿਕੰਜੇ ਵਿਚ ਕਸਿਆ ਹੋਇਆ ਜੀਵਨ ਬਤੀਤ ਕਰ ਰਿਹਾ ਹੈ, ਪਰ ਭਾਰਤ ਨੇ ਮਾਨਸਿਕ ਤੇ ਆਤਮਿਕ ਪੱਧਰ ਉਤੇ ਵੀ ਸਦੀਆਂ ਤੋਂ 'ਘੁਟਣ' ਦਾ ਜੀਵਨ ਜੀਵਿਆ ਹੈ, ਇਸ ਲਈ ਭਾਰਤ ਪਛਮੀ ਦੇਸ਼ਾਂ ਦੀ ਤੁਲਨਾ ਵਿਚ ਵਧੇਰੇ ਰੋਗੀ ਦਿਖਾਈ ਦਿੰਦਾ ਹੈ। ਭਾਰਤ ਨੇ ਤਾਂ ਆਤਮਿਕ ਜੀਵਨ ਲਈ ਆਪਣਾ ਦਰਵਾਜ਼ਾ ਬਿਲਕੁਲ ਭੀੜ ਲਿਆ ਹੈ, ਸਰੀਰਕ ਜੀਵਨ ਨੂੰ ਮਾਣਨ ਲਈ ਵੀ ਉਸ ਨੇ ਇਸ ਦਰਵਾਜ਼ੇ ਦੇ ਇਕ ਤਖ਼ਤੇ ਦਾ ਥੋੜ੍ਹਾ ਜਿਹਾ ਹਿੱਸਾ ਹੀ ਖੋਲ੍ਹਿਆ ਹੋਇਆ ਹੈ। ਮਾਨਸਿਕ ਪੱਧਰ ਤੇ ਤਾਂ ਉਹ ਪੂਰੀ ਤਰ੍ਹਾਂ ਤਬਾਹ ਹੋ ਚੁਕਾ ਹੈ। ਵੇਦਾਂਤ ਤਾਂ ਜੀਵਨ ਦਾ ਸੰਪੂਰਨ ਸੱਚ ਹੈ, ਜੇ ਇਸ ਸੰਪੂਰਨ ਸੱਚ ਨੂੰ ਨਾ ਜੀਵਿਆ ਜਾਵੇ ਤਾਂ ਇਹ ਮਾਰ ਦਿੰਦਾ ਹੈ। ਇਸ ਸਬੰਧ ਵਿਚ ਜਾਂ ਤਾਂ

ਸੰਪੂਰਣ ਸੱਚ ਨੂੰ ਪਕੜਨਾ ਹੋਵੇਗਾ ਜਾਂ ਫਿਰ ਮੌਤ ਹੈ, ਇਨ੍ਹਾਂ ਦੇ ਵਿਚਕਾਰ ਕੋਈ ਮੱਧ ਮਾਰਗ ਨਹੀਂ ਹੈ। ਸੁਆਮੀ ਰਾਮ ਇਹ ਨਹੀਂ ਕਹਿੰਦਾ ਕਿ ਭਾਰਤ ਵਿਚ ਇਸ ਸੱਚ ਦੀ ਪ੍ਰਾਪਤੀ ਲਈ ਭੁੱਖ ਨਹੀਂ ਹੈ, ਪਰ ਇਹ ਤਾਂ ਇਕ ਬਦਹਜ਼ਮੀ ਦੇ ਪੱਕੇ ਰੋਗੀ ਵਾਲੀ ਕ੍ਰਿਤਰਮ ਭੁੱਖ ਹੈ। ਭਾਰਤ ਵਿਚ ਇਹ ਭੁਖ ਕੇਵਲ ਦਾਰਸ਼ਨਿਕ ਪੱਧਰ ਉਤੇ ਹੀ ਹੈ। ਭਾਰਤ ਵਿਚ ਪ੍ਰਚਲਤ ਸਭ ਪਰਪਾਟੀਆਂ ਰਹੁ-ਰੀਤਾਂ, ਮਹਿਜਾਦਾਵਾਂ, ਜਾਤਾਂ-ਫਿਰਕੇ, ਵਹਿਮ-ਭਰਮ ਅਤੇ ਧਾਰਮਿਕ ਵਿਸ਼ਵਾਸ ਆਦਿ ਸਭ ਆਤਮਿਕ ਸੰਤਾਪ ਦੇ ਮੁਰਦਾ ਚਿੰਨ੍ਹ ਬਣ ਚੁਕੇ ਹਨ। ਮਾਨਸਿਕ ਤੌਰ ਤੇ ਇਕੋ ਤਰ੍ਹਾਂ ਦੀ ਪਰੰਪਰਾ ਦੀ ਵਲਗਣ ਵਿਚ ਸੀਮਤ ਹੋ ਜਾਣ ਨਾਲ ਜੋ ਭਾਵੇਂ ਸ਼ੁਰੂ ਵਿਚ ਬੜੀ ਆਕਰਸ਼ਕ ਪ੍ਰਤੀਤ ਹੁੰਦੀ ਹੈ, ਜੋ ਇਸ ਪ੍ਰਕਾਰ ਦਾ ਅਗਿਆਨ ਦਾ ਛਲਾਵਾ ਮਾਤਰ ਤੇ ਮਾਨਸਿਕ ਮਨੌਤਾਂ ਦਾ ਦੰਭਾਚਾਰ ਦਾ ਰੂਪ ਧਾਰਣ ਕਰਕੇ ਹੁਣ ਆਪਣੀ ਵਿਕਰਤ ਦਸ਼ਾ ਨੂੰ ਪ੍ਰਾਪਤ ਕਰ ਚੁਕਾ ਹੈ।''

''ਆਤਮਿਕ ਜਾਂ ਮਾਨਸਿਕ ਤੌਰ ਤੇ ਵੱਖ ਵੱਖ ਦੇਸ਼ਾਂ ਨੂੰ ਉਨ੍ਹਾਂ ਦੇ ਸੁਭਾਅ ਕਾਰਣ ਚੰਗੇ ਜਾਂ ਮੰਦੇ ਵਰਗਾਂ ਵਿਚ ਨਹੀਂ ਵੰਡਿਆ ਜਾ ਸਕਦਾ। ਇਨ੍ਹਾਂ ਸਭ ਦੇਸ਼ਾਂ ਵਿਚ ਕੁਝ ਗਿਣਤੀ ਭਰ ਦੇ ਇਸਤਰੀ ਪੁਰਸ਼ ਹੀ ਹੁੰਦੇ ਹਨ, ਜਿਨ੍ਹਾਂ ਦਾ ਜੀਵਨ ਕਿਸੇ ਗਿਣਤੀ ਵਿਚ ਆਉਂਦਾ ਹੈ ਦੂਜੇ ਤਾਂ ਕਿਸੇ ਗਿਣਤੀ ਵਿਚ ਨਹੀਂ ਆਉਂਦੇ। ਹਰ ਦੇਸ਼ ਵਿਚ ਇਹ ਤਾਂ ਦੇਵ ਨੈਤ ਦੀ ਗੱਲ ਹੁੰਦੀ ਹੈ ਕਿ ਤੁਹਾਡਾ ਨਿਜੀ ਤੌਰ ਤੇ ਇਨ੍ਹਾਂ ਉਪਰੋਕਤ ਸ਼੍ਰੇਣੀਆਂ ਵਿਚ ਕਿਹੜੀ ਸ਼੍ਰੇਣੀ ਦੇ ਲੋਕਾਂ ਨਾਲ ਵਾਹ ਵਧੇਰੇ ਪੈਂਦਾ ਹੈ। ਅਜਿਹੇ ਨਿਜੀ ਮੇਲ ਮਿਲਾਪਾਂ ਦੇ ਆਧਾਰ ਤੇ ਬਣਾਏ ਗਏ ਸਾਰੇ ਅਨੁਮਾਨ ਨਿਜੀ ਹੀ ਮੰਨੇ ਜਾ ਸਕਦੇ ਹਨ। ਸੁਅਰਗ ਤੇ ਨਰਕ ਇਕੋ ਛੱਤ ਥਲੇ ਹੋ ਸਕਦੇ ਹਨ। ਨਹੀਂ ਨਹੀਂ, ਇਹ ਤਾਂ ਇਕੋ ਸਰੀਰ ਅੰਦਰ ਵੀ ਹੋ ਸਕਦੇ ਹਨ। ਇਹੀ ਹਾਲ ਇਨ੍ਹਾਂ ਦਾ ਸਭ ਦੇਸ਼ਾਂ ਤੇ ਹਰ ਤਰ੍ਹਾਂ ਦੇ ਜਲਵਾਯੂ ਵਿਚ ਹੈ, ਹਰ ਤਰ੍ਹਾਂ ਦੇ ਪ੍ਰਾਣੀਆਂ ਵਿਚ ਹੈ। ਇਸ ਲਈ ਤੁਹਾਡੇ ਆਪਣੇ ਨਿਜੀ ਸੰਪਰਕ ਦੇ ਆਧਾਰ ਉਤੇ ਹੀ ਉਸ ਦੇਸ਼ ਦੇ ਬਾਰੇ ਤੁਹਾਡਾ ਨਿਜੀ ਦ੍ਰਿਸ਼ਟੀਕੋਣ ਹੋਂਦ ਵਿਚ ਆਉਂਦਾ ਹੈ। ਜੇ ਤੁਸੀਂ ਕਿਸੇ ਦੇਸ਼ ਦੇ ਸ੍ਰੇਸ਼ਟ ਭਾਗ ਅਥਵਾ ਉਥੋਂ ਦੇ ਸ੍ਰੇਸ਼ਟ ਨਰਨਾਰੀਆਂ ਦੇ ਸੰਪਰਕ ਵਿਚ ਆਉਂਦੇ ਹੋ, ਜੋ ਆਤਮਿਕ ਤੌਰ ਤੇ ਜਾਗੇ ਹੋਏ ਤੇ ਭਲੇ ਹਨ ਤਾਂ ਤੁਹਾਨੂੰ ਸਭ ਦੇਸ਼ਾਂ ਦੇ ਨਰ ਨਾਰੀ ਇਕ ਸਮਾਨ, ਆਤਮਿਕ ਤੌਰ ਤੇ ਜਾਗੇ ਹੋਏ ਭਲੇ ਤੇ ਰੱਬੀ ਗੁਣਾਂ ਵਾਲੇ ਦਿਖਾਈ ਦੇਣਗੇ।''

ਫਿਰ ਮੈਂ ਸੁਆਮੀ ਜੀ ਤੋਂ ਪੁਛਿਆ, ''ਫਿਰ ਤੁਸੀਂ ਕਿਸ ਹਿੰਦੂ-ਦਰਸ਼ਨ ਦਾ ਪ੍ਰਚਾਰ ਕਰਦੇ ਸੀ?''

''ਹਾਂ-ਹਾਂ, ਅਮਰੀਕਾ ਦੇ ਲੋਕਾਂ ਨਾਲ ਇਸ ਵਿਸ਼ੇ ਉਤੇ ਗੱਲ ਕਰਨ ਲਈ ਤੁਹਾਨੂੰ ਬਹੁਤ ਵਡੇ ਪਧਰ ਤੇ ਤਿਆਰੀ ਕਰਨੀ ਪੈਂਦੀ ਹੈ। ਇਹ ਕੋਈ ਅਨਾੜੀਆਂ ਵਾਲੀ ਖੇਡ ਨਹੀਂ ਹੈ। ਤੁਹਾਨੂੰ ਅਮਰੀਕਾ ਦੇ ਬੁਧੀਜੀਵੀ, ਯੂਨੀਵਰਸਿਟੀ ਦੇ ਵਿਦਵਾਨ ਤੇ ਸਾਂਸਕ੍ਰਿਤਕ ਤੌਰ ਤੇ ਜਾਗਰੂਪ ਵਿਅਕਤੀ ਸੁਣਨ ਆਉਂਦੇ ਹਨ। ਇਸ ਲਈ ਉਨ੍ਹਾਂ ਨੂੰ ਪ੍ਰਭਾਵਿਤ ਕਰ ਸਕਣਾ ਕੋਈ ਸੌਖੀ ਗੱਲ ਨਹੀਂ ਹੈ। ਕਈ ਵਾਰ ਤਾਂ ਧਨਵਾਨ ਇਸਤਰੀਆਂ ਜਿਨ੍ਹਾਂ ਨੂੰ ਘਰਾਂ ਵਿਚ ਕੋਈ ਕੰਮ ਨਹੀਂ ਹੈ, ਉਹ ਵੀ ਤੁਹਾਡੀਆਂ ਵਚਿੱਤਰ ਗੱਲਾਂ ਸੁਣਨ ਅਤੇ ਤੁਹਾਨੂੰ ਇਕ ਵਚਿਤਰ ਵਿਅਕਤੀ ਜਾਣ ਕੇ ਵੇਖਣ ਆ ਜਾਂਦੀਆਂ ਹਨ, ਪਰ ਉਹ ਤਾਂ ਇਕ ਉਤਸੁਕਤਾ ਮਾਤਰ ਹੁੰਦਾ ਹੈ। ਇਹੋ ਜਿਹੀਆਂ ਹਜ਼ਾਰਾਂ ਇਸਤਰੀਆਂ ਵਿਚੋਂ ਕੇਵਲ ਇਕ ਅੱਧ ਹੀ ਹੁੰਦੀ ਹੈ, ਜਿਸ ਨੂੰ ਆਤਮਕ ਤ੍ਰਿਪਤੀ ਦੀ ਅਭਿਲਾਸ਼ੀ ਹੁੰਦੀ ਹੈ। ਰਾਮ ਨੂੰ ਤਾਂ ਵਿਦੇਸ਼ਾਂ ਵਿਚ ਤੇ ਆਪਣੇ ਦੇਸ਼ ਵਿਚ ਵੀ ਕੇਵਲ ਦੋ ਇਸਤਰੀਆਂ ਹੀ ਅਜਿਹੀਆਂ ਮਿਲੀਆਂ ਹਨ, ਉਨ੍ਹਾਂ ਵਿਚੋਂ ਵੀ ਕੇਵਲ ਇਕੋ 'ਗੰਗਾ' (ਸੁਆਮੀ ਰਾਮ ਨੇ ਇਹ ਨਾਂ ਇਕ ਅਮਰੀਕਨ ਸੁਆਣੀ ਨੂੰ ਦਿਤਾ ਸੀ।) ਹੀ ਸੀ, ਜਿਸ ਵਿਚ ਆਤਮਕ ਜਾਗ੍ਰਤੀ ਦੇ ਚਿੰਨ ਤੇ ਰੱਬੀ ਜੋਤ ਜਗ ਰਹੀ ਸੀ।

ਇਕ ਦਿਨ ਅਮਰੀਕਾ ਦੀ ਇਕ ਸੁਪ੍ਰਸਿਧ ਅਭਿਨੇਤਰੀ ਨੇ ਸੁਆਮੀ ਰਾਮ ਤੋਂ ਮੁਲਾਕਾਤ ਲਈ ਆਗਿਆ ਮੰਗੀ। ਸੁਆਮੀ ਰਾਮ ਨੇ ਇਹ ਆਗਿਆ ਦੇ ਦਿਤੀ। ਉਹ ਹੀਰੇ ਮੋਤੀਆਂ ਨਾਲ ਸਜੀ ਫੱਬੀ ਹੋਈ ਸੀ ਤੇ ਉਸ ਨੇ ਇਤਰ ਫਲੇਲ ਦੀ ਇਸ ਤਰ੍ਹਾਂ ਵਰਤੋਂ ਕੀਤੀ ਹੋਈ ਸੀ ਕਿ ਇੰਝ ਪ੍ਰਤੀਤ ਹੁੰਦਾ ਸੀ ਜਿਵੇਂ ਉਹ ਸੁਆਣੀ ਸੁਗੰਧੀ ਦਾ ਹੀ ਸਾਖਿਆਤ ਸਰੂਪ ਹੋਵੇ। ਉਸ ਦੀਆਂ ਬੁਲੀਆਂ ਉਤੇ ਰਹੱਸਮਈ ਮੁਸਕਾਣ ਲਹਿਰ ਰਹੀ ਸੀ, ਜਿਸ ਦੀ ਹਰ ਅਦਾ ਨਵੀਂ ਸੀ।

ਪਰ ਜਦੋਂ ਉਹ ਸੁਆਮੀ ਜੀ ਦੇ ਸਮੀਪ ਆਈ ਤਾਂ ਉਨ੍ਹਾਂ ਦੇ ਸਾਹਮਣੇ ਢਹਿ ਪਈ ਤੇ ਫੁਟ ਫੁਟ ਕੇ ਰੋਣ ਲਗ ਪਈ। ਕਹਿਣ ਲਗੀ, ''ਸੁਆਮੀ ਜੀ! ਮੈਂ ਬੜੀ ਦੁੱਖੀ ਹਾਂ, ਮੈਨੂੰ ਖ਼ੁਸ਼ੀ ਬਖ਼ਸ਼ੋ। ਮੇਰਾ ਬਾਹਰ ਦੇ ਭੂਸ਼ਣਾਂ ਤੇ ਗਹਿਣਿਆਂ ਨੂੰ ਨਾ ਤੱਕੋ ਤੇ ਨਾ ਹੀ ਮੇਰੀਆਂ ਮੁਸਕਾਨਾਂ ਵਲ ਜਾਓ, ਇਹ ਤਾਂ ਮੇਰੇ ਬਾਹਰਲੇ ਸੁਭਾਅ ਦਾ ਅੰਗ ਬਣ ਚੁਕੇ ਹਨ। ਮੈਂ-ਮੇਰਾ ਅੰਦਰਲਾ ਮਨ ਸਭ ਇਸ ਤੋਂ ਜਿਚ ਹੋ ਗਏ ਹਾਂ। ਇਨ੍ਹਾਂ ਤੋਂ ਮੈਂ ਉਪਰਾਮ ਹੋ ਚੁਕੀ ਹਾਂ।'' ਸੁਆਮੀ ਰਾਮ ਨੇ ਉਸ ਨੂੰ ਦਿਲਾਸਾ ਦਿਤਾ। ਸੁਆਮੀ ਰਾਮ ਨੂੰ ਉਸ ਦਾ ਪ੍ਰਾਸਚਿਤ ਪਛਮੀ ਦੇਸ਼ਾਂ ਦੀ ਸੰਸਕ੍ਰਿਤੀ ਦੇ ਗੁਨਾਹਾਂ ਨੂੰ ਇਕਬਾਲ ਕਰਨ ਦੇ ਤੁਲ ਪ੍ਰਤੀਤ ਹੋਇਆ। ....

ਇਕ ਹੋਰ ਸੁਆਣੀ ਆਈ, ਜੋ ਬਹੁਤ ਬਿਪਤਾ ਮਾਰੀ ਸੀ। ਉਸ ਦਾ ਬੱਚਾ ਜਾਂਦਾ ਰਿਹਾ ਸੀ, ਉਹ ਵੀ ਖ਼ੁਸ਼ੀ ਦੀ ਜਾਚਕ ਸੀ। ਸੁਆਮੀ ਰਾਮ ਨੇ ਕਿਹਾ, ''ਰਾਮ ਖ਼ੁਸ਼ੀ ਵੇਚਦਾ ਹੈ, ਤੁਹਾਨੂੰ ਇਸ ਦਾ ਮੁਲ ਤਾਰਨਾ ਪਵੇਗਾ।''

''ਸੁਆਮੀ! ਜੋ ਮਰਜ਼ੀ ਹੈ ਮੁਲ ਲੈ ਲਉ। ਕੋਈ ਚੀਜ਼, ਕੋਈ ਵੀ ਮੂੰਹ ਮੰਗੀ ਕੀਮਤ।'' ਉਸ ਇਸਤਰੀ ਨੇ ਉਤਰ ਦਿਤਾ।

ਰਾਮ ਨੇ ਕਿਹਾ, ''ਖ਼ੁਸ਼ੀ ਦੀ ਬਾਦਸ਼ਾਹਤ ਵਿਚ ਵਖਰਾ ਹੀ ਸਿੱਕਾ ਚਲਦਾ ਹੈ। ਇਸ ਲਈ ਤੁਹਾਨੂੰ ਰਾਮ ਦੀ ਬਾਦਸ਼ਾਹਤ ਵਾਲੇ ਸਿੱਕਿਆਂ ਵਿਚ ਹੀ ਮੁਲ ਤਾਰਨਾ ਹੋਵੇਗਾ।''

''ਹਾਂ ਸੁਆਮੀ, ਜੋ ਹੁਕਮ ਕਰੋ-ਦੇਣ ਨੂੰ ਤਿਆਰ ਹਾਂ।''

''ਅੱਛਾ ਫਿਰ। ਇਸ ਨੀਗਰੋ ਬੱਚੇ ਨੂੰ ਲੈ ਜਾਉ ਤੇ ਇਸ ਨੂੰ ਆਪਣਾ ਬੱਚਾ ਸਮਝ ਕੇ ਪਿਆਰ ਕਰੋ। ਇਹ ਮੁਲ ਤੁਹਾਨੂੰ ਤਾਰਨਾ ਪਵੇਗਾ।''

''ਇਹ ਤਾਂ ਡਾਢੀ ਮੁਸ਼ਕਲ ਗੱਲ ਹੈ।'' ਉਸ ਸੁਆਣੀ ਨੇ ਉਤਰ ਦਿਤਾ।

''ਫਿਰ ਖ਼ੁਸ਼ੀ ਵੀ ਮਿਲਣੀ ਮੁਸ਼ਕਲ ਹੈ।'' ਸੁਆਮੀ ਰਾਮ ਨੇ ਕਿਹਾ।

ਪਰ ਉਸ ਸੁਆਣੀ ਨੂੰ ਖ਼ੁਸ਼ੀ ਪ੍ਰਾਪਤ ਹੋ ਚੁਕੀ ਸੀ ਤੇ ਅਗੋ ਨਾਲੋਂ ਉਸ ਦੀ ਹਾਲਤ ਵਿਚ ਕਾਫ਼ੀ ਸੁਧਾਰ ਆ ਗਿਆ ਸੀ।

ਅਮਰੀਕਾ ਵਿਚ ਸੁਆਮੀ ਰਾਮ ਦੇ ਕੰਮ ਵਿਚ ਬੜਾ ਵਾਧਾ ਹੋਇਆ। ਸੁਆਮੀ ਜੀ ਦੇ ਅਕਾਲ ਚਲਾਣੇ ਪਿਛੋਂ ਇਸ ਕੰਮ ਦੇ ਜਿਹੜੇ ਵੇਰਵੇ ਪ੍ਰਾਪਤ ਹੋਏ ਹਨ, ਉਨ੍ਹਾਂ ਤੋਂ ਇਹ ਵੀ ਪ੍ਰਗਟ ਹੁੰਦਾ ਹੈ ਕਿ ਆਪ ਨੇ ਭਾਰਤੀ ਵਿਦਿਆਰਥੀਆਂ ਦੀ ਸਹਾਇਤਾ ਦੇ ਉਦੇਸ਼ ਤੋਂ ਵੀ ਕੁਝ ਕੰਮ ਕੀਤਾ ਸੀ ਅਤੇ ਇਸ ਵਿਚ ਉਨ੍ਹਾਂ ਨੂੰ ਸਫ਼ਲਤਾ ਵੀ ਹੋਈ ਸੀ। ਆਪ ਭਾਰਤ ਵਿਚਲੀ ਜਾਤ ਪਾਤ ਦੀ ਮਰਿਆਦਾ ਦਾ ਖੰਡਨ ਕਰਦੇ ਸਨ। ਉਨ੍ਹਾਂ ਦੇ ਅਕਾਲ ਚਲਾਣੇ ਪਿਛੋਂ ਇਕ ਅਮਰੀਕਨ ਸੁਆਣੀ ਵਲੋਂ ਭੇਜੀਆਂ ਗਈਆਂ ਸਮਾਚਾਰ ਪੱਤਰਾਂ ਦੀਆਂ ਟੂਕਾਂ ਤੋਂ ਭਲੀ-ਭਾਂਤ ਸਪੱਸ਼ਟ ਹੋ ਜਾਂਦਾ ਹੈ ਕਿ ਭਾਰਤੀ ਵਿਦਿਆਰਥੀਆਂ ਦੀ ਸਹਾਇਤਾ ਦੇ ਕਾਰਜ ਵਿਚ ਸੁਆਮੀ ਰਾਮ ਤੀਰਥ ਜੀ ਨੂੰ ਕਿਤਨੀ ਵੱਡੀ ਸਫ਼ਲਤਾ ਮਿਲੀ ਸੀ।

ਸੁਆਮੀ ਰਾਮ ਤੀਰਥ ਜੀ ਨੇ ਇਕ ਅਮਰੀਕਨ ਯੂਨੀਵਰਸਿਟੀ ਵਿਚ ਜਾ ਕੇ 'ਵਿਸ਼ਵ ਦਾ ਭਾਰਤ ਪ੍ਰਤੀ ਰਿਣ', ਦੇ ਵਿਸ਼ੇ ਉਤੇ ਭਾਸ਼ਣ ਦਿਤਾ। ਇਸ ਯੂਨੀਵਰਸਿਟੀ ਦੇ ਪ੍ਰਧਾਨ ਆਚਾਰੀਆ ਨੇ ਪਛਮੀ ਸੰਸਕ੍ਰਿਤੀ ਦੇ ਸੰਧਰਭ ਵਿਚ ਇਸ ਨੂੰ ਵੇਦਾਂਤ-ਦਰਸ਼ਨ ਦੇ ਸੂਤਰ ਦਾ ਇਕ ਨਵਾਂ ਕਾਂਡ ਦਰਸਾਇਆ। ਯੂਨੀਵਰਸਿਟੀ ਦੇ

ਕਰਮਚਾਰੀ ਵਲੋਂ ਸੁਆਮੀ ਰਾਮ ਤੀਰਥ ਜੀ ਨੂੰ ਕੁਝ ਪੁਸਤਕਾਂ ਭੇਟ ਕਰਨ ਲਈ ਲਿਆਂਦੀਆਂ ਗਈਆਂ। ਇਨ੍ਹਾਂ ਵਿਚੋਂ ਇਕ ਪੁਸਤਕ ਦੀ ਜਿਲਦ ਕੁਝ ਖ਼ਰਾਬ ਸੀ। ਪ੍ਰਧਾਨ ਆਚਾਰੀਆ ਨੇ ਉਸ ਕਰਮਚਾਰੀ ਨੂੰ ਝਾੜ ਪਾਉਂਦਿਆਂ ਹੋਇਆਂ ਕਿਹਾ, "ਤੂੰ ਹੁਣੇ ਹੁਣੇ ਸੁਆਮੀ ਜੀ ਦਾ ਵਿਆਖਿਆਨ ਨਹੀ ਸੁਣਿਆ? ਤੈਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਹ ਪੁਸਤਕਾਂ ਤੂੰ ਕਿਸ ਵਿਅਕਤੀ ਨੂੰ ਭੇਟ ਕਰ ਰਿਹਾ ਹੈਂ? ਇਹ ਤਾਂ ਪੁਸਤਕਾਂ ਯੂਨੀਵਰਸਿਟੀ ਵਲੋਂ ਰੱਬੀ ਜੋਤ ਸੁਆਮੀ ਰਾਮ ਜੀ ਨੂੰ ਅਰਪਨ ਕੀਤੀਆਂ ਜਾ ਰਹੀਆਂ ਹਨ। ਜਾਉ, ਜਾ ਕੇ ਹੋਰ ਪੁਸਤਕਾਂ ਲਿਆਉ।"

ਸੁਆਮੀ ਰਾਮ ਤੀਰਥ ਜੀ ਇਕ ਹੋਰ ਯੂਨੀਵਰਸਿਟੀ ਵਿਚ ਗਏ, ਉਥੇ ਉਨ੍ਹਾਂ ਨੇ ਗਣਿਤ ਵਿਗਿਆਨ ਜਾਂ ਕਿਸੇ ਹੋਰ ਵਿਗਿਆਨਕ ਵਿਸ਼ੇ ਉਤੇ ਭਾਸ਼ਣ ਨਹੀਂ ਸੀ ਦਿਤਾ, ਸਗੋਂ ਉਹ ਪੂਰਬ ਦੇ ਇਕ ਅਜਿਹੇ ਦਰਸ਼ਨ ਵੇਤਾ (ਚਿੰਤਕ) ਵਜੋਂ ਪਧਾਰੇ ਸਨ, ਜਿਨ੍ਹਾਂ ਨੇ ਆਪਣੇ ਹਥ ਵਿਚ ਵੇਦਾਂਤ ਦੀ ਮਸ਼ਾਲ ਪਕੜੀ ਹੋਈ ਸੀ। ਉਹ ਗਣਿਤ ਦੇ ਵੀ ਬੜੇ ਪ੍ਰੇਮੀ ਸਨ, ਪਰ ਵੇਦਾਂਤ ਉਨ੍ਹਾਂ ਨੂੰ ਸਭ ਤੋਂ ਪਿਆਰਾ ਸੀ। ਜਿਥੇ ਵੀ ਆਪ ਗਏ ਹਨ, ਉਥੇ ਉਨ੍ਹਾਂ ਨੂੰ ਲੋਕਾਂ ਵਲੋਂ ਆਪ-ਮੁਹਾਰਾ ਪਿਆਰ ਤੇ ਸਤਿਕਾਰ ਮਿਲਿਆ ਹੈ। ਆਪਣੀ ਇਸ ਯਾਤਰਾ ਸਮੇਂ ਉਨ੍ਹਾਂ ਨੇ ਜਿਹੜੇ ਵਿਆਖਿਆਨ ਤੇ ਆਦੇਸ਼ ਅਵਸਥਾ ਦੇ ਪ੍ਰਵਚਨ ਕੀਤੇ, ਉਨ੍ਹਾਂ ਨੇ ਵੇਦਾਂਤ ਦੀ ਲਹਿਰ ਨੂੰ ਬਹੁਤ ਹੀ ਅਗੇ ਵਧਾਇਆ ਹੈ। ਇਸ ਸਬੰਧ ਵਿਚ ਜੋ ਵੀ ਕਾਰਜ ਉਨ੍ਹਾਂ ਨੇ ਕੀਤਾ, ਉਹ ਇਕ ਸੰਗਠਿਤ ਰੂਪ ਦਾ ਧਰਮ-ਪ੍ਰਚਾਰਕਾਂ ਵਾਲਾ ਕਾਰਜ ਨਹੀਂ ਸੀ, ਨਾ ਹੀ ਉਨ੍ਹਾਂ ਨੇ ਵੇਦਾਂਤ ਦੇ ਆਦਰਸ਼ ਨੂੰ ਅਗੇ ਫੈਲਾਉਣ ਲਈ ਕਿਸੇ ਮਾਲੀ ਸਹਾਇਤਾ ਦੀ ਮੰਗ ਕੀਤੀ ਹੈ, ਨਾ ਹੀ ਇਸ ਦਾ ਮਹੱਤਵ ਇਸ ਗੱਲ ਵਿਚ ਹੈ ਕਿ ਉਹ ਕਿੰਨੇ ਵੱਡੇ ਫੰਡ ਇਕੱਤਰ ਕਰ ਗਏ, ਸਗੋਂ ਇਸ ਦਾ ਮਹੱਤਵ ਇਸ ਗੱਲ ਵਿਚ ਹੈ ਕਿ ਉਨ੍ਹਾਂ ਦੀ ਪ੍ਰਭਾਵਸ਼ਾਲੀ ਤੇਜਸਵੀ ਤੇ ਪ੍ਰਕਾਸ਼ਮਾਨ ਸ਼ਖ਼ਸੀਅਤ ਨੇ ਕਿਸ ਤਰ੍ਹਾਂ ਸਭ ਉਪਰ ਅਮਿਟ ਪ੍ਰਭਾਵ ਪਾਇਆ ਹੈ।

ਇਸ ਸਮੇਂ ਉਨ੍ਹਾਂ ਨੇ ਜਿਹੜੇ ਵਿਆਖਿਆਨ ਅਮਰੀਕਾ ਵਿਚ ਦਿਤੇ ਤੇ ਪ੍ਰਵਚਨ ਕੀਤੇ, ਉਹ ਉਨ੍ਹਾਂ ਦੀ ਮਿਰਤੂ ਉਪਰੰਤ ਛਪੀਆਂ ਪੁਸਤਕਾਂ "ਪ੍ਰਭੂ-ਅਨੁਭਵ ਦੇ ਬਨਾਂ ਵਿਚ" ਸੰਕਲਿਤ ਹਨ। ਇਹ ਭਾਸ਼ਣ ਤੇ ਪ੍ਰਵਚਨ ਉਨ੍ਹਾਂ ਦੀ ਸਟੈਨੋ ਟਾਈਪਿਸਟ ਤੇ ਅਨਿਨ ਸ਼ਰਧਾਲੂ ਮਿਸੇਜ਼ ਪੀ. ਵਿਟਮੈਨ ਦੁਆਰਾ ਸੁਰਖਿਅਤ ਕੀਤੇ ਗਏ ਹਨ, ਜੋ ਸੁਆਮੀ ਜੀ ਦੇ ਭਾਸ਼ਣਾਂ ਤੇ ਪ੍ਰਵਚਨਾਂ ਨੂੰ ਉਸੇ ਸਮੇਂ ਨਾਲੋ ਨਾਲ ਨੋਟ ਕਰਦੀ ਰਹਿੰਦੀ ਸੀ। ਸੁਆਮੀ ਜੀ ਦੇ ਅਕਾਲ ਚਲਾਣੇ ਪਿਛੋਂ ਇਨ੍ਹਾਂ ਪੁਸਤਕਾਂ ਨੂੰ ਬਿਨਾਂ

ਕਿਸੇ ਸੁਧਾਈ ਦੇ ਹੀ ਛਾਪ ਦਿਤਾ ਗਿਆ ਹੈ। ਇਹ ਵੱਡੇ ਆਕਾਰ ਦੀਆਂ ਤਿੰਨ ਜਿਲਦਾਂ ਹਨ ਅਤੇ ਹਰ ਪੁਸਤਕ ਦੇ ਪੰਜ ਸੌ ਦੇ ਕਰੀਬ ਪੰਨੇ ਹਨ।

ਸੁਆਮੀ ਰਾਮ ਜੀ ਦੀ ਮਿਰਤੂ ਪਿਛੋਂ ਕੈਲੀਫੋਰਨੀਆਂ ਲੋਸ-ਏਂਜਲਸ ਦੀ ਸ੍ਰੀਮਤੀ ਵੈਲਮੈਨ ਵਲੋਂ ਭੇਜਿਆ ਹੋਇਆ ਨਿਮਨ ਲਿਖਤ ਪੱਤਰ ਇਸ ਗੱਲ ਦੀ ਸਾਖੀ ਭਰਦਾ ਹੈ ਕਿ ਸੁਆਮੀ ਰਾਮ ਤੀਰਥ ਜੀ ਦੀ ਮਹਾਨ ਸ਼ਖ਼ਸੀਅਤ ਤੋਂ ਨਾ ਕੇਵਲ ਉਨ੍ਹਾਂ ਨੂੰ ਖ਼ੁਸ਼ੀ ਹੀ ਪ੍ਰਾਪਤ ਹੋਈ ਸਗੋਂ ਉਨ੍ਹਾਂ ਨੂੰ ਸ੍ਰੇਸ਼ਟ ਵਿਚਾਰ ਤੇ ਸੰਕਲਪ ਵੀ ਪ੍ਰਾਪਤ ਹੋਏ। ਮੈਂ ਇਸ ਸ਼ਰਧਾਲੂ ਸੁਆਮੀ ਸ੍ਰੀਮਤੀ ਵੈਲਮੈਨ ਨੂੰ ਦੇਹਰਾਦੂਨ ਵਿਚ ਮਿਲਿਆ ਸਾਂ। ਉਦੋਂ ਉਹ ਭਾਰਤ ਦੀ ਯਾਤਰਾ ਉਤੇ ਆਈ ਸੀ ਤੇ ਅਸੀਂ ਦੋਵੇਂ ਰਲ ਕੇ ਟੀਹਰੀ ਦੀ ਯਾਤਰਾ ਉਤੇ ਗਏ ਸਾਂ ਅਤੇ ਪੰਜਾਬ ਦੇ ਮੈਦਾਨਾਂ ਵਿਚ ਵੀ ਵਿਚਰੇ ਸਾਂ।

ਸ੍ਰੀਮਤੀ ਵੈਲਮੈਨ ਆਪਣੇ ਪੱਤਰ ਵਿਚ ਲਿਖਦੀ ਹੈ:

1903 ਦੇ ਆਰੰਭ ਦਾ ਸਮਾਂ ਸੀ ਜਦੋਂ ਮੈਨੂੰ ਇਸ ਮਹਾਨ ਆਤਮਾ ਦੇ ਦਰਸ਼ਨ ਹੋਏ। ਉਹ ਸਾਨਫਰਾਂਸਿਸਕੋ ਵਿਖੇ ਵਿਆਖਿਆਨ ਦੇ ਰਹੇ ਸਨ। ਮੈਂ ਝਿਜਕਦੀ ਝਿਜਕਦੀ ਇਹ ਭਾਸ਼ਣ ਸੁਣਨ ਗਈ। ਪਰ ਜਿਸ ਤਰ੍ਹਾਂ ਉਨ੍ਹਾਂ ਨੇ 'ਓਮ' ਦੀ ਸੰਗੀਤਮਈ ਧੁਨੀ ਨੂੰ ਅਲਾਪਿਆ, ਮੇਰਾ ਮਨ ਉਚੇ ਮੰਡਲਾਂ ਤੇ ਜਾ ਪੁਜਾ ਅਤੇ ਮੈਨੂੰ ਉਹ ਖ਼ੁਸ਼ੀ ਪ੍ਰਾਪਤ ਹੋਈ, ਜਿਹੜੀ ਕਿ ਪਹਿਲਾਂ ਮੈਂ ਕਦੀ ਅਨੁਭਵ ਨਹੀਂ ਸੀ ਕੀਤੀ। ਮੇਰਾ ਸਾਰਾ ਵਜੂਦ ਖ਼ੁਸ਼ੀ ਵਿਚ ਲਰਜ਼ ਉਠਿਆ ਸੀ। ਧੁਰੋਂ ਵਰੋਸਾਈ ਰੱਬੀ ਜ਼ਾਕੀ ਨੇ ਮੇਰਾ ਅੰਦਰ ਜਗਮਗਾ ਦਿਤਾ।

ਇਸ ਪਿਛੋਂ ਮੈਂ ਉਸ ਆਤਮਿਕ ਤੋਸ਼ੇ (ਖ਼ੁਰਾਕ) ਨੂੰ ਪ੍ਰਾਪਤ ਕਰਨ ਲਈ, ਜਿਸ ਨੂੰ ਕਿ ਇਹ ਮਹਾਂਪੁਰਸ਼ ਖੁਲ੍ਹੇ ਦਿਲ ਨਾਲ ਵੰਡਦੇ ਸਨ, ਕਦੀ ਮੌਕਾ ਹਥੋਂ ਨਹੀਂ ਗੁਆਇਆ। ਸੁਆਮੀ ਰਾਮ ਜੀ ਨੇ ਅਮਰੀਕਨ ਲੋਕਾਂ ਨੂੰ ਬੇਨਤੀ ਕੀਤੀ ਕਿ ਉਹ ਭਾਰਤ ਵਿਚ ਜਾ ਕੇ ਉਥੋਂ ਦੇ ਪਰਿਵਾਰਾਂ ਵਿਚ ਉਥੋਂ ਦੇ ਲੋਕਾਂ ਵਰਗਾ ਜੀਵਨ ਬਤੀਤ ਕਰਨ। ਬਹੁਤ ਸਾਰੇ ਲੋਕਾਂ ਨੇ ਕਿਹਾ ਕਿ ਅਸੀਂ ਜ਼ਰੂਰ ਜਾਵਾਂਗੇ। ਪਰ ਉਨ੍ਹਾਂ ਵਿਚੋਂ ਕੋਈ ਵੀ ਭਾਰਤ ਨਾ ਗਿਆ। ਇਕ ਦਿਨ ਮੈਂ ਸੁਆਮੀ ਜੀ ਨੂੰ ਬੇਨਤੀ ਕੀਤੀ, "ਸੁਆਮੀ ਜੀ, ਤੁਸਾਂ ਮੇਰੇ ਉਤੇ ਜੋ ਉਪਕਾਰ ਕੀਤਾ ਹੈ, ਮੈਂ ਉਸ ਦੇ ਇਵਜ਼ ਵਿਚ ਤੁਹਾਡੇ ਲੋਕਾਂ ਲਈ ਕੀ ਕਰ ਸਕਦੀ ਹਾਂ?"

ਉਨ੍ਹਾਂ ਨੇ ਉਤਰ ਦਿਤਾ, "ਜੇ ਤੁਸੀਂ ਭਾਰਤ ਚਲੇ ਜਾਉ ਤਾਂ ਬਹੁਤ ਕੁਝ ਕਰ ਸਕਦੇ ਹੋ।"

ਮੈਂ ਕਿਹਾ, "ਮੈਂ ਜ਼ਰੂਰ ਜਾਵਾਂਗੀ" ਪਰ ਮੈਨੂੰ ਮੇਰੇ ਮਿਤਰ ਹੋੜਦੇ ਰਹੇ ਅਤੇ ਮੇਰਾ ਮਜ਼ਾਕ ਉਡਾਉਂਦੇ ਰਹੇ। ਕੁਝ ਕਹਿੰਦੇ ਸਨ ...

ਕੋਲ ਉਸ ਸਮੇਂ ਵਾਪਸ ਆਉਣ ਲਈ ਕਾਫ਼ੀ ਪੈਸਾ ਵੀ ਨਹੀਂ ਸੀ। ਪਰ ਸੁਆਮੀ ਰਾਮ ਕਹਿੰਦੇ ਸਨ, "ਜੇ ਤੁਹਾਨੂੰ ਵੇਦਾਂਤ ਦਾ ਗਿਆਨ ਹੈ ਤਾਂ ਤੁਹਾਡੇ ਮਨ ਵਿਚ ਕੋਈ ਤੌਖਲਾ ਨਹੀਂ ਹੋਣਾ ਚਾਹੀਦਾ। ਹਰ ਥਾਂ ਤੁਸੀਂ ਰੱਬ ਦਾ ਇਕੋ ਰੂਪ ਹੀ ਵੇਖੋਗੇ, ਜਿਹੋ ਜਿਹਾ ਰੱਬ ਅਮਰੀਕਾ ਵਿਚ ਹੈ, ਉਹੋ ਹੀ ਭਾਰਤ ਵਿਚ ਵੀ ਤੁਹਾਡਾ ਪਾਲਣਹਾਰ ਹੈ।" ਇਸ ਤਰ੍ਹਾਂ ਪਰਮਾਤਮਾ ਜੋ ਰੱਬੀ ਨੇਮਾਂ ਦੁਆਰਾ ਸਭ ਥਾਂ ਹਰ ਇਕ ਦੀ ਪਾਲਣਾ ਕਰਦਾ ਹੈ, ਮੇਰੇ ਹਿੰਦੂ ਭੈਣਾਂ ਭਰਾਵਾਂ ਦੇ ਪ੍ਰੇਮ ਤੇ ਸੇਵਾ ਭਾਵ ਦੇ ਰੂਪ ਵਿਚ ਤੁਹਾਡਾ ਖ਼ਿਆਲ ਰਖੇਗਾ। ਪੰਜ ਮਹੀਨੇ ਲੰਘਣ ਪਿਛੋਂ ਹੀ ਮੈਂ ਆਪਣੇ ਉਪਕਾਰੀ ਸੁਆਮੀ ਰਾਮ ਦੀ ਇੱਛਾ ਤੇ ਫੁੱਲ ਚੜ੍ਹਾ ਸਕੀ। ਮੈਂ ਇਕੱਲੀ ਹੀ ਉਸ ਦੇ ਦੇਸ਼ ਨੂੰ ਜਹਾਜ਼ ਤੇ ਸਵਾਰ ਹੋ ਗਈ ਸਾਂ। ਮੇਰੀ ਉਸ ਦੇਸ਼ ਵਿਚ ਕਿਸੇ ਵਿਅਕਤੀ ਨਾਲ ਵੀ ਕੋਈ ਜਾਣ ਪਛਾਣ ਨਹੀਂ ਸੀ। ਪਰ ਮੈਨੂੰ ਪੱਕਾ ਭਰੋਸਾ ਸੀ ਕਿ ਜਿਵੇਂ ਸੁਆਮੀ ਰਾਮ ਕਹਿੰਦੇ ਹਨ, "ਅਨੰਤ ਪ੍ਰਭੂ ਦਾ ਅਦ੍ਰਿਸ਼ਟ ਹੱਥ ਤੁਹਾਡੀ ਸਦਾ ਪਾਲਣਾ ਕਰਦਾ ਹੈ" ਇਹੋ ਆਸਰਾ ਹੀ ਇਸ ਸਮੇਂ ਮੇਰੀ ਰਖਿਆ ਕਰ ਰਿਹਾ ਸੀ।

ਸ਼੍ਰੀਮਤੀ ਪੌਲਾਈਨ ਵਿਟਮੈਨ[1] ਜੋ ਸੁਆਮੀ ਜੀ ਦੀ ਅਨੁਯਾਈ ਸੀ, ਨੇ ਉਨ੍ਹਾਂ ਦੀ ਮਿਰਤੂ ਸਮੇਂ ਮੈਨੂੰ ਇਕ ਲੰਬੀ ਚਿੱਠੀ ਲਿਖੀ ਸੀ,ਜਿਸ ਨੂੰ ਇਥੇ ਦਿਤਾ ਜਾ ਰਿਹਾ ਹੈ:-

ਸ਼ਬਦ ਮੇਰਾ ਸਾਥ ਨਹੀਂ ਦੇ ਰਹੇ ਹਨ। ਮੈਂ ਯਤਨ ਕਰ ਰਹੀ ਹਾਂ ਕਿ ਉਨ੍ਹਾਂ ਦ੍ਰਿਸ਼ਟਮਾਨ ਮਨੋਭਾਵਾਂ ਨੂੰ ਸ਼ਬਦਾਂ ਰਾਹੀਂ ਪ੍ਰਗਟਾ ਸਕਾਂ, ਪਰ ਇਹ ਬੜਾ ਕਠਨ ਕਾਰਜ ਹੈ। ਸੁਆਮੀ ਰਾਮ ਦੀ ਭਾਸ਼ਾ ਤਾਂ ਭੋਲੇ ਭਾਲੇ ਬੱਚੇ ਦੀ ਮਿੱਠੀ ਬੋਲੀ ਹੈ, ਇਹ ਪੰਛੀਆਂ, ਫੁੱਲਾਂ, ਵਹਿੰਦੀਆਂ ਨਦੀਆਂ, ਦਰਖ਼ਤਾਂ ਦੀਆਂ ਹਿਲ ਰਹੀਆਂ ਟਹਿਣੀਆਂ, ਸੂਰਜ, ਚੰਦ ਤੇ ਤਾਰਿਆਂ ਦੀ ਭਾਸ਼ਾ ਹੈ। ਉਨ੍ਹਾਂ ਦੀ ਭਾਸ਼ਾ ਲੋਕਾਂ ਦੀ ਭਾਸ਼ਾ ਦੇ ਉਪਰਲੇ ਸ਼ਬਦਾਂ ਤੋਂ ਬਹੁਤ ਡੂੰਘੀ ਹੈ।

ਸਾਗਰਾਂ ਤੋਂ ਹੇਠਾਂ ਦੇ ਮਹਾਂਦੀਪ, ਖੇਤਾਂ ਤੇ ਘਾਹਾਂ ਦੀਆਂ ਜੜ੍ਹਾਂ ਤੋਂ ਬਹੁਤ ਹੇਠਾਂ, ਖਿਰਛਾਂ ਤੋਂ ਵੀ ਹੇਠਾਂ ਉਹ ਜੀਵਨ ਦੀ ਹੇਠਲੀ ਕੁਦਰਤ ਦੀ ਜੀਵਨ ਧਾਰਾ ਤਕ ਪਹੁੰਚ ਜਾਂਦੇ ਸਨ। ਉਹ ਤਾਂ ਕੁਦਰਤ ਦੇ ਜੀਵਨ ਧਾਰਾ ਦਾ ਹੀ ਸਾਰ ਰੂਪ ਸਨ। ਉਨ੍ਹਾਂ ਦੀ ਭਾਸ਼ਾ ਮਨੁੱਖ ਦੇ ਲਘੂ ਵਿਚਾਰਾਂ ਤੇ ਲਘੂ ਸੁਪਨਿਆਂ ਤੋਂ ਬਹੁਤ ਹੇਠਾਂ ਡੂੰਘੀ ਉਤਰ ਜਾਂਦੀ ਸੀ। ਦੁਨੀਆਂ ਵਿਚ ਕਿੰਨੇ ਥੋੜ੍ਹੇ ਲੋਕ ਹਨ, ਜੋ ਇਸ ਮਧੁਰ

---

1 ਸੁਆਮੀ ਰਾਮ ਨੇ ਮਿਸਿਜ਼ ਪੌਲਾਇਨ ਵਿਟਮੈਨ ਨੂੰ ਕਮਲਾਨੰਦਾ ਦਾ ਭਾਰਤੀ ਨਾਮ ਦਿਤਾ ਸੀ।

ਸੰਗੀਤ ਨੂੰ ਸੁਣ ਸਕਦੇ ਹਨ। ਪਰ ਸੁਆਮੀ ਰਾਮ ਇਸ ਨੂੰ ਸਰਵਣ ਕਰਦੇ ਸਨ, ਇਸ ਨੂੰ ਜਿਉਂਦੇ ਸਨ, ਸੁਆਸ ਸੁਆਸ ਵਿਚ ਰਚਾਉਂਦੇ ਸਨ, ਇਸ ਦਾ ਗਿਆਨ ਵੰਡਦੇ ਸਨ ਅਤੇ ਉਨ੍ਹਾਂ ਦੀ ਸਮੁਚੀ ਆਤਮਾ ਇਸ ਵਿਚ ਰੰਗੀ ਹੋਈ ਸੀ। ਉਹ ਤਾਂ ਅਨੰਦ ਸਰੂਪ ਸਨ ਅਤੇ ਇਸ ਪਰਮਾਨੰਦ ਦੇ ਦੂਤ ਸਨ।

ਆਪ ਵਿਮੁਕਤ ਆਤਮਾ ਸਨ, ਜਿਸ ਨੇ ਆਪਣੇ ਸਰੀਰਕ ਸਬੰਧਾਂ ਨੂੰ ਸੰਪੂਰਨ ਕਰ ਲਿਆ ਹੋਇਆ ਸੀ। ਉਨ੍ਹਾਂ ਦੀ ਆਤਮਾ ਸੁਤੰਤਰ ਰੂਪ ਵਿਚ ਬਹੁਤ ਉਚੇ ਮੰਡਲਾਂ ਵਿਚ ਉਡਾਰੀਆਂ ਮਾਰਦੀ ਸੀ ਅਤੇ ਪਰਲੋਕ ਤਕ ਜਾ ਪੁਜਦੀ ਸੀ। ਹੇ! ਮੁਕਤ ਤੇ ਸੁਤੰਤਰ ਆਤਮਾ, ਤੈਨੂੰ ਸਾਡੀ ਨਮਸਕਾਰ ਹੈ!

ਉਹ ਬੜੇ ਸੁਸ਼ੀਲ, ਸਥਿਰ, ਬੱਚਿਆਂ ਹਾਰ ਭੋਲੇ ਭਾਲੇ, ਪਵਿੱਤਰ ਤੇ ਪੁਨੀਤ, ਸੱਚੇ ਤੇ ਸੁਹਿਰਦ ਅਤੇ ਨਿਮਰਤਾ ਦੇ ਪੁੰਜ ਸਨ। ਜੋ ਵੀ ਉਨ੍ਹਾਂ ਦੇ ਸੰਪਰਕ ਵਿਚ ਆਉਂਦਾ ਤੇ ਜਿਸ ਦਾ ਹਿਰਦਾ 'ਸਤ' ਦੀ ਪ੍ਰਾਪਤੀ ਲਈ ਲੁਛਦਾ ਰਹਿੰਦਾ ਸੀ, ਉਹ ਉਨ੍ਹਾਂ ਕੋਲੋਂ ਅਪਾਰ ਲਾਭ ਪ੍ਰਾਪਤ ਕਰਦਾ ਸੀ। ਹਰ ਵਿਆਖਿਆਨ ਪਿਛੋਂ ਉਹ ਆਪਣੇ ਵਿਦਿਆਰਥੀਆਂ ਨੂੰ ਪ੍ਰਸ਼ਨਾਂ ਦੇ ਉਤਰ ਦੇ ਕੇ ਉਨ੍ਹਾਂ ਦੇ ਸ਼ੰਕਿਆਂ ਦਾ ਸਮਾਧਾਨ ਕਰਦੇ ਹੁੰਦੇ ਸਨ। ਇਹ ਉਤਰ ਬੜੇ ਸਪੱਸ਼ਟ, ਸੰਖੇਪ, ਮਿੱਠੇ ਤੇ ਪਿਆਰੇ ਹੁੰਦੇ ਸਨ। ਉਹ ਸਦਾ ਸ਼ਾਂਤੀ, ਅਨੰਦ ਤੇ ਖ਼ੁਸ਼ੀ ਨਾਲ ਭਰਪੂਰ ਰਹਿੰਦੇ ਸਨ। ਜਦੋਂ ਉਹ ਕੋਈ ਬਚਨ ਨਾ ਕਰ ਰਹੇ ਹੁੰਦੇ ਅਤੇ ਪੜ੍ਹਨ ਜਾਂ ਲਿਖਣ ਵਿਚ ਮਗਨ ਨਾ ਹੁੰਦੇ ਤਾਂ ਨਿਰੰਤਰ 'ਓਮ' ਦਾ ਜਾਪ ਕਰਦੇ ਰਹਿੰਦੇ ਸਨ। ਉਹ ਹਰ ਇਕ ਵਿਚ ਤੇ ਸਭ ਵਿਚ ਰੱਬਤਾ ਨੂੰ ਵਿਆਪਕ ਵੇਖਦੇ ਸਨ। ਉਹ ਹਰ ਇਕ ਨੂੰ 'ਵਰੋਸਾਈ ਰੱਬਤਾ' ਕਹਿ ਕੇ ਸੰਬੋਧਨ ਕਰਦੇ ਸਨ।

ਸੁਆਮੀ ਰਾਮ ਅਨੰਦ ਦਾ ਕਲ ਕਲ ਕਰਦਾ ਤੇ ਨਿਰੰਤਰ ਵਹਿੰਦਾ ਚਸ਼ਮਾ ਸਨ। ਉਹ ਪਰਮਾਤਮਾ ਨਾਲ ਅਭੇਦ, ਉਸ ਦੇ ਸੰਗ ਵਿਚਰਦੇ ਰਹਿੰਦੇ ਅਤੇ ਰੱਬ ਦਾ ਹੀ ਰੂਪ ਸਨ। ਇਕ ਵਾਰ ਉਨ੍ਹਾਂ ਨੇ ਮੈਨੂੰ ਲਿਖਿਆ ਸੀ, "ਜਿਨ੍ਹਾਂ ਦੇ ਅੰਦਰ ਪਰਮਾਨੰਦ ਨੂੰ ਮਾਣਨ ਦੀ ਪ੍ਰਬਲ ਇੱਛਾ ਹੈ, ਉਹ ਇਸ ਅਨੰਦ ਨੂੰ ਮਾਣ ਸਕਦੇ ਹਨ। ਤਾਰਿਆਂ ਭਰੇ ਆਕਾਸ਼ ਵਿਚ ਜੋ ਹੀਰੇ ਚਮਕ ਰਹੇ ਹਨ ਤੇ ਮੁਸਕਰਾ ਰਹੇ ਬਨਾਂ ਵਿਚੋਂ ਅਨੰਦ ਲਭਿਆ ਜਾ ਸਕਦਾ ਹੈ। ਨਚ ਰਹੀਆਂ ਨਦੀਆਂ ਤੇ ਸੀਤਲ ਪਵਨਾਂ ਦੇ ਬੁਲਿਆਂ ਵਿਚੋਂ ਖ਼ੁਸ਼ੀ ਢੂੰਡੀ ਜਾ ਸਕਦੀ ਹੈ। ਕੁਦਰਤ ਨੇ ਨਿੱਘੀ ਧੁੱਪ ਅਤੇ ਸੁਖਦਾਈ ਚੰਨ ਚਾਨਣੀ ਹਰ ਇਕ ਦੇ ਮਾਣਨ ਲਈ ਖੁਲ੍ਹੇ ਭੰਡਾਰ ਦੇ ਰੂਪ

ਵਿਚ ਸੁਰੱਖਿਅਤ ਕਰ ਦਿਤੀ ਹੈ। ਜਿਹੜੇ ਇਸ ਗੱਲ ਵਿਚ ਵਿਸ਼ਵਾਸ ਰਖਦੇ ਹਨ ਕਿ ਉਨ੍ਹਾਂ ਨੂੰ ਖ਼ੁਸ਼ੀ ਕੁਝ ਵਿਸ਼ੇਸ਼ ਹਾਲਤਾਂ ਤੇ ਵਿਸ਼ੇਸ਼ ਵਸਤੂਆਂ ਦੁਆਰਾ ਹੀ ਪ੍ਰਾਪਤ ਹੋ ਸਕਦੀ ਹੈ, ਉਨ੍ਹਾਂ ਤੋਂ ਖ਼ੁਸ਼ੀ ਸਦਾ ਛਲੇਡੇ ਹਾਰ ਦੂਰ ਨਠਦੀ ਰਹਿੰਦੀ ਹੈ। ਇਸ ਸੰਸਾਰ ਦੇ ਅਖਾਉਤੀ ਧਨ ਪਦਾਰਥ, ਖ਼ੁਸ਼ੀ ਦਾ ਸਾਧਨ ਬਣਨ ਦੀ ਥਾਂ ਪਰਦੇ ਦੇ ਸਾਧਨ ਬਣਦੇ ਹਨ ਅਤੇ ਉਹ ਕੁਦਰਤ ਦੀ ਖ਼ੁਸ਼ੀ ਦੇਣ ਵਾਲੀ ਸ਼ਾਨਦਾਰ ਦ੍ਰਿਸ਼ਾਵਲੀ ਤੋਂ ਓਹਲੇ ਲੈ ਜਾਂਦੇ ਹਨ। ਇਸ ਤਰ੍ਹਾਂ ਉਹ ਰੱਬੀ ਮੰਡਲਾਂ ਤੋਂ ਵੀ ਦੂਰ ਕਰ ਦਿੰਦੇ ਹਨ।

ਸੁਆਮੀ ਰਾਮ ਪਹਾੜੀ ਤੇ ਤੰਬੂ ਲਗਾ ਕੇ ਰਹਿੰਦੇ ਸਨ ਤੇ ਕਿਸੇ ਫ਼ਾਰਮ ਦੇ ਪਸ਼ੂਘਰ (Ranch) ਤੋਂ ਪ੍ਰਸਾਦਿ ਛੱਕਦੇ ਸਨ। ਇਹ ਬੜਾ ਸੁੰਦਰ ਸਥਾਨ ਸੀ, ਜਿਸ ਦੇ ਦ੍ਰਿਸ਼ ਬੜੇ ਮਨੋਹਰ ਸਨ। ਦੋਹਾਂ ਬਾਹੀਆਂ ਤੇ ਉਚੇ ਪਰਬਤ ਸਨ, ਜਿਨ੍ਹਾਂ ਉਤੇ ਬੜੀ ਸੁੰਦਰ ਬਨਸਪਤੀ ਮੌਲ ਰਹੀ ਸੀ ਅਤੇ ਸੰਘਣੀਆਂ ਝਾੜੀਆਂ ਸਨ। ਇਸ ਵਾਦੀ ਵਿਚੋਂ ਸੈਕਰੇਮੈਂਟੋ ਨਦੀ ਸ਼ੋਰ ਪਾਉਂਦੀ ਵਹਿੰਦੀ ਸੀ। ਇਥੇ ਹੀ ਸੁਆਮੀ ਰਾਮ ਨੇ ਬਹੁਤ ਸਾਰੀਆਂ ਪੁਸਤਕਾਂ ਪੜ੍ਹੀਆਂ, ਆਪਣੀ ਉਦਾਤ ਕਵਿਤਾ ਦੀ ਰਚਨਾ ਕੀਤੀ ਅਤੇ ਘੰਟਿਆਂ ਬੱਧੀ ਲਗਾਤਾਰ ਪ੍ਰਭੂ ਧਿਆਨ ਵਿਚ ਜੁੜੇ ਰਹਿੰਦੇ ਸਨ। ਨਦੀ ਦੀ ਤੇਜ਼ ਧਾਰਾ ਵਿਚ ਉਹ ਉਥੇ ਇਕ ਚਟਾਨ ਉਤੇ ਦਿਨ ਰਾਤ ਬੈਠੇ ਰਹਿੰਦੇ ਸਨ, ਕਈ ਕਈ ਹਫ਼ਤੇ ਇਸ ਤਰ੍ਹਾਂ ਗੁਜ਼ਾਰ ਦਿੰਦੇ ਸਨ, ਕੇਵਲ ਖਾਣਾ ਖਾਣ ਸਮੇਂ ਹੀ ਉਥੋਂ ਆਉਂਦੇ ਸਨ ਅਤੇ ਅਜਿਹੇ ਮੌਕਿਆਂ ਉਤੇ ਬਹੁਤ ਸੁੰਦਰ ਬਚਨ ਬਿਲਾਸ ਕਰਦੇ ਸਨ। ਖ਼ਾਸਤਾ ਚਸ਼ਮਿਆਂ ਤੋਂ ਬਹੁਤ ਸਾਰੇ ਮਿਲਣ ਵਾਲੇ ਵਿਅਕਤੀ ਦਰਸ਼ਨਾਂ ਲਈ ਆਉਂਦੇ ਸਨ ਅਤੇ ਆਪ ਸਭ ਨੂੰ ਬੜੀ ਉਦਾਰਤਾ ਤੇ ਖ਼ੁਸ਼ੀ ਨਾਲ ਨਿਵਾਜਦੇ ਸਨ। ਸਭ ਦੇ ਮਨਾਂ ਉਤੇ ਆਪ ਦੇ ਵਿਚਾਰਾਂ ਦਾ ਬੜਾ ਡੂੰਘਾ, ਵਿਆਪਕ ਤੇ ਅਮਿਟ ਪ੍ਰਭਾਵ ਪਿਆ ਹੈ। ਜਿਹੜੇ ਕੇਵਲ ਉਤਸੁਕਤਾ ਕਾਰਣ ਆਉਂਦੇ ਸਨ, ਉਨ੍ਹਾਂ ਦੀ ਉਤਸੁਕਤਾ ਸ਼ਾਂਤ ਹੋ ਜਾਂਦੀ ਸੀ ਅਤੇ ਉਨ੍ਹਾਂ ਦੇ ਦਿਲਾਂ ਵਿਚ ਸੱਚ ਦੇ ਬੀਜ ਸਦਾ ਲਈ ਬੀਜੇ ਜਾਂਦੇ ਸਨ। ਭਾਵੇਂ ਉਹ ਕੁਝ ਚਿਰ ਅਚੇਤ ਰੂਪ ਵਿਚ ਹੀ ਹੁੰਦੇ ਸਨ, ਪਰ ਸਮਾਂ ਪਾ ਕੇ ਇਨ੍ਹਾਂ ਬੀਜਾਂ ਦੇ ਸੋਏ ਬਹੁਤ ਵੱਡੇ ਬਿਰਛ ਵਿਚ ਉਹ ਖਲੋਂਦੇ ਸਨ, ਜਿਨ੍ਹਾਂ ਦਾ ਆਕਾਰ ਤੇ ਪਸਾਰ ਬਹੁ-ਦਿਸ਼ਾਵੀ ਹੋ ਜਾਂਦਾ ਸੀ-ਜਿਨ੍ਹਾਂ ਦੀਆਂ ਟਹਿਣੀਆਂ ਧਰਤ ਦੇ ਸਭ ਪਾਸਿਆਂ ਤੋਂ ਇਕ ਦੂਜੇ ਨਾਲ ਆ ਰਲਦੀਆਂ ਸਨ ਅਤੇ ਇਸ ਸਾਂਝੇ ਭਾਈਚਾਰੇ ਤੇ ਰੱਬੀ ਪ੍ਰੇਮ ਵਿਚ ਪਰੁਚ ਜਾਂਦੀਆਂ ਸਨ। ਸੱਚ ਦੇ ਬੀਜ ਸਦਾ ਉਗਦੇ ਹਨ।

ਉਹ ਲੰਬੀ ਸੈਰ ਕਰਦੇ ਹੁੰਦੇ ਸਨ। ਇਸ ਪ੍ਰਕਾਰ ਉਹ ਸ਼ਾਸਤਾ ਚਸ਼ਮਿਆਂ ਉਤੇ ਬੜੀ ਰੁਝੇਵੇਂ ਭਰਪੂਰ, ਸਾਦਾ, ਆਜ਼ਾਦ ਤੇ ਖ਼ੁਸ਼ੀਆਂ ਲੱਦੀ ਜ਼ਿੰਦਗੀ ਗੁਜ਼ਾਰਦੇ ਸਨ। ਉਹ ਬਹੁਤ ਹੀ ਪ੍ਰਸੰਨ ਸਨ। ਉਹ ਆਪ ਮੁਹਾਰੇ ਹੀ ਖਿੜਖਿੜਾ ਕੇ ਹੱਸ ਪੈਂਦੇ ਸਨ ਅਤੇ ਉਨ੍ਹਾਂ ਦੇ ਹਾਸੇ ਦੀ ਗੂੰਜ ਉਸ ਘਰ ਵਿਚ ਦੂਰ ਦੂਰ ਤਕ ਸੁਣਾਈ ਦਿੰਦੀ ਸੀ। ਉਸ ਸਮੇਂ ਆਪ ਨਦੀ ਕਿਨਾਰੇ ਖੜੇ ਹੁੰਦੇ ਸਨ। ਆਜ਼ਾਦ, ਉਹ ਬਿਲਕੁਲ ਬੱਚੇ ਤੇ ਸੰਤਾਂ ਹਾਰ ਆਜ਼ਾਦ ਸਨ। ਉਹ ਕਈ ਕਈ ਦਿਨ ਰੱਬੀ-ਚੇਤੰਨਤਾ ਵਿਚ ਰੱਤੇ ਰਹਿੰਦੇ ਸਨ। ਉਨ੍ਹਾਂ ਦੀ ਭਾਰਤ ਨੂੰ ਉਨੱਤ ਕਰਨ ਦੀ ਅਡਿੱਗ ਲਗਨ ਤੇ ਸੰਯੁਕਤ ਰੂਪ ਵਿਚ ਉਥੋਂ ਦੇ ਲੋਕਾਂ ਦੇ ਉਥਾਨ ਦੀ ਇੱਛਾ ਨੇ ਉਨ੍ਹਾਂ ਅੰਦਰ ਸੰਜਮ ਤੇ ਤਿਆਗ ਦੀ ਭਾਵਨਾ ਉਤਪੰਨ ਕਰ ਦਿਤੀ ਸੀ।

ਮੈਂ ਜਦੋਂ ਉਥੇ ਆ ਗਈ ਤਾਂ ਉਨ੍ਹਾਂ ਦਾ ਇਕ ਪੱਤਰ ਮੈਨੂੰ ਮਿਲਆ, ਜੋ ਨਿਸਚੇ ਹੀ ਉਸ ਸਮੇਂ ਲਿਖਿਆ ਗਿਆ ਸੀ, ਜਦੋਂ ਕਿ ਆਪ ਸਖ਼ਤ ਬਿਮਾਰ ਸਨ। "ਇਸ ਅਵਸਥਾ ਵਿਚ ਵੀ ਉਚ ਕੋਟੀ ਦਾ ਵਿਸਮਾਦੀ ਰੰਗ ਆਪਣੇ ਸਿਖ਼ਰ ਉਤੇ ਸੀ। ਦੈਵੀ-ਚੇਤੰਨਤਾ ਦਾ ਹੜ੍ਹ ਆਇਆ ਹੋਇਆ ਸੀ। ਕਿਉਂਜੋ ਸਾਡਾ ਸਰੀਰ ਬੜਾ ਚੰਚਲ ਤੇ ਪਰਿਵਰਤਨਸ਼ੀਲ ਮਨੋਭਾਵਾਂ ਦਾ ਸ਼ਿਕਾਰ ਹੋ ਜਾਂਦਾ ਹੈ, ਇਸ ਲਈ ਮੈਂ ਕਦੀ ਇਸ ਚੰਚਲ ਤੇ ਛਲੇਡੇ ਦੇ ਪਿਛੇ ਨਹੀਂ ਲਗਾ। ਬਿਮਾਰੀ ਦੀ ਹਾਲਤ ਵਿਚ ਤਾਂ ਅੰਤਰੀਵ ਧਿਆਨ ਤੇ ਦੈਵੀ ਸ਼ਾਂਤੀ ਬੜੀ ਤੀਬਰ ਅਤੇ ਸਿਖ਼ਰ ਉਤੇ ਹੁੰਦੀ ਹੈ। ਉਹ ਨਰ ਨਾਰੀ ਤਾਂ ਬਹੁਤ ਹੀ ਕੰਜੂਸ ਤੇ ਸੌੜੇ ਦਿਲ ਵਾਲਾ ਹੋਵੇਗਾ, ਜਿਹੜਾ ਆਪਣੇ ਕੋਲ ਆਉਣ ਵਾਲੇ ਸਾਥੀਆਂ ਨੂੰ ਆਪਣੀਆਂ ਹੀ ਤੰਗੀਆਂ ਬਾਰੇ ਦਸੀ ਜਾਂਦਾ ਹੈ।"

ਪਰ ਸੁਆਮੀ ਰਾਮ ਵਰਗੀ ਆਤਮਾ ਸਦਾ ਇਹ ਸੰਦੇਸ਼ ਦਿੰਦੀ ਰਹਿੰਦੀ ਹੈ ਅਤੇ ਅਨੁਭਵ ਕਰਦੀ ਹੈ, "ਸੂਰਜ, ਚੰਨ ਤੇ ਤਾਰਿਆਂ ਵਿਚ ਸਦਾ ਇੱਕੋ ਸਰਵੁੱਚ ਸ਼ਕਤੀ ਵਿਦਮਾਨ ਤੇ ਵਿਆਪਕ ਹੈ। ਮੈਂ ਸਦਾ ਇਸੇ ਇਕਸਾਰ ਹਾਲਤ ਵਿਚ ਰਹਿੰਦਾ ਹਾਂ, ਤੁਸੀਂ ਵੀ ਸਦਾ ਇਕਸਾਰ ਇਸ ਅਵਸਥਾ ਵਿਚ ਵਿਚਰ ਸਕਦੇ ਹੋ। ਆਪਣੇ ਇਸ ਸੱਚੇ ਆਪੇ ਨਾਲ ਸਦਾ ਜੁੜੇ ਰਹੋ, ਇਹੋ ਹੀ ਤੁਹਾਡੀ ਸ਼ਾਨ ਹੈ, ਇਸ ਸਦੀਵੀ ਜੀਵਨ ਸਤਾ ਉਤੇ ਧਿਆਨ ਜੋੜੋ ਅਤੇ ਆਪਣੇ ਲਘੂ ਸਰੀਰ ਦੇ ਸਾਰੇ ਸਰੀਰਕ ਬੰਧਨਾਂ ਨੂੰ ਪੂਰੀ ਤਰ੍ਹਾਂ ਭੁਲ ਜਾਉ। ਇਸ ਸਰੀਰ ਦੇ ਇਨ੍ਹਾਂ ਲਘੂ ਸਬੰਧਾਂ ਤੋਂ ਆਪਣੇ ਆਪ ਨੂੰ ਸਾਫ਼ ਕਰੋ ਅਤੇ ਇਨ੍ਹਾਂ ਨੂੰ ਤੁਛ ਤੇ ਪਰਛਾਂਵੇਂ ਮਾਤਰ ਜਾਣੋ। ਇਨ੍ਹਾਂ ਤੋਂ ਉਚੇ ਉਠੋ। ਇਸ ਤਰ੍ਹਾਂ ਨਾ ਕੋਈ ਮੌਤ, ਨਾ ਕੋਈ ਦੁੱਖ, ਨਾ ਕੋਈ ਚਿੰਤਾ ਤੁਹਾਨੂੰ

ਘੇਰੇਗੀ। ਇਸ ਤਰ੍ਹਾਂ ਆਪਣੇ ਆਪ ਨੂੰ ਪੂਰਨ ਅਨੰਦ ਦੀ ਅਵਸਥਾ ਵਿਚ ਲੈ ਜਾਉ, ਜੋ ਪੂਰਨ ਪਰਮਾਨੰਦ ਦੀ ਅਵਸਥਾ ਹੈ ਅਤੇ ਆਤਮਿਕ ਸ਼ਾਂਤੀ ਨਾਲ ਸਦਾ ਭਰਪੂਰ ਰਹਿੰਦੀ ਹੈ। ਆਪਣੇ ਲਘੂ ਆਪੇ ਨਾਲੋਂ ਆਪਣੀ ਆਤਮਾ ਨੂੰ ਸਦਾ ਉਚੇਰੇ ਰਖੋ।'' ਇਹੋ ਸਿਖਿਆ ਹੀ ਸੁਆਮੀ ਰਾਮ ਸਭ ਨੂੰ ਦਿੰਦੇ ਹਨ।

ਜਦੋਂ ਮੈਂ ਇਹ ਸੋਚਦੀ ਹਾਂ ਕਿ ਮੇਰਾ ਕਿੱਡਾ ਵੱਡਾ ਸੁਭਾਗ ਸੀ, ਜੋ ਮੈਂ ਸੁਆਮੀ ਰਾਮ ਵਰਗੀ ਮਹਾਨ ਆਤਮਾ ਦੇ ਦਰਸ਼ਨ ਕੀਤੇ। ਉਨ੍ਹਾਂ ਦੇ ਪ੍ਰਵਚਨਾਂ ਨੂੰ ਸੁਣਿਆਂ ਤਾਂ ਮੇਰੇ ਅੰਦਰ ਇਕ ਵਿਸਮਾਦੀ ਹੁਲਾਰਾ ਆ ਜਾਂਦਾ ਹੈ। ਉਹ ਤਾਂ ਚੜ੍ਹਦੀ ਪ੍ਰਭਾਤ ਦੀ ਲਾਲੀ ਸਮਾਨ ਸਨ, ਜੋ ਸੂਰਜ ਦੇ ਉਗਮਨ ਤੋਂ ਲੈ ਕੇ ਅਸਤਣ ਤਕ ਸੰਗੀਤ ਵੰਡਦੇ ਰਹਿੰਦੇ ਸਨ। ਉਹ ਇਸ ਗਲੋਂ ਬੜੇ ਬੇਧਿਆਨ ਸਨ ਕਿ ਹੁਣ ਘੜੀ ਕੀ ਕਹਿੰਦੀ ਹੈ ਤੇ ਮਜ਼ਦੂਰ ਲੋਕ ਕਿਹੜੀ ਮੁਸ਼ੱਕਤ ਕਰ ਰਹੇ ਹਨ। ਉਨ੍ਹਾਂ ਦੇ ਵਿਚਾਰ ਤਾਂ ਸੂਰਜ ਨਾਲ ਕਦਮ ਮੇਲ ਕੇ ਅਗੇ ਤੁਰਦੇ ਸਨ ਅਤੇ ਉਨ੍ਹਾਂ ਉਤੇ ਤਾਂ ਸਦਾ ਸਵੇਰ ਵਰਗੀ ਚੜ੍ਹਦੀ ਲਾਲੀ ਵਾਲੀ ਅਵਸਥਾ ਹੁੰਦੀ ਸੀ। ''ਕਰੋੜਾਂ ਲੋਕ ਤਾਂ ਵਨੇ ਵਨ ਦੀ ਕਿਰਤ ਕਰਨ ਲਈ ਜਾਗਦੇ ਹਨ, ਪਰ ਲੱਖਾਂ ਵਿਚੋਂ ਕੋਈ ਇਕ ਕਾਵਿਮਈ ਅਨੁਭਵ ਤੇ ਦੈਵੀ ਕਿਰਤ ਲਈ ਜਾਗਰੂਪ ਹੁੰਦਾ ਹੈ।'' ਇੰਝ ਥੋਰੋ ਦਾ ਕਥਨ ਹੈ। ਸੁਆਮੀ ਰਾਮ ਵੀ ਉਨ੍ਹਾਂ ਵਿਰਲੀਆਂ ਆਤਮਾਵਾਂ ਵਿਚੋਂ ਸਨ, ਜੋ ਕਦੀ ਕਦਾਂਈ ਹੀ ਇਸ ਧਰਤੀ ਉਤੇ ਅਵਤਾਰ ਧਾਰਦੇ ਹਨ।

ਕਹਿੰਦੇ ਹਨ ਹੈ ਸੂਰਜ ਉਸ ਦੀ ਫ਼ੋਟੋ,
ਆਖਣ ਸਭੇ ਮਾਨਵ ਹੈ ਉਸ ਦਾ ਬਿੰਬ ਮਾਤਰ,
ਕਹਿੰਦੇ ਹਨ ਉਹ ਤਾਰਿਆਂ ਵਿਚ ਵੀ ਚਮਕੇ,
ਆਖਣ ਸਭੇ ਫੁੱਲਾਂ ਵਿਚ ਹੈ ਉਸੇ ਦੀ ਮਹਿਕਾਰ,
ਕਹਿੰਦੇ ਹਨ ਉਹ ਬੁਲਬੁਲ ਬਣ ਕੇ ਗਾਵੇ,
ਆਖਣ ਸਭੇ ਪਵਨਾਂ ਵਿਚ ਹੀ ਉਸ ਦੇ ਸਵਾਸ ਰਮੇ,
ਕਹਿੰਦੇ ਹਨ ਉਹ ਰੋਂਦਾ ਵਿਚ ਸਿਆਲੀ ਰਾਤਾਂ,
ਆਖਣ ਸਭੇ ਉਹ ਕਲ ਕਲ ਕਰਦੀਆਂ ਨਦੀਆਂ ਅੰਦਰ ਦੌੜੇ,
ਕਹਿੰਦੇ ਹਨ ਉਹ ਸਤਰੰਗੀ ਪੀਂਘ ਦੇ ਵਿਚ ਗਾਉਂਦਾ,
ਰੌਸ਼ਨੀਆਂ ਦੇ ਹੜ੍ਹਾਂ ਵਿਚ ਹੈ ਵਧਦਾ ਆਉਂਦਾ।
ਰਾਮ ਸੁਆਮੀ ਇਹ ਸੱਚ ਦੇ ਬਚਨ ਅਲਾਵੇ।
(ਸਚ ਦੇ ਸਚੇ ਰੂਪ ਨੂੰ ਪਿਆ ਪ੍ਰਗਟਾਵੇ।)

ਹੇਠ ਲਿਖੀਆਂ ਅਖ਼ਬਾਰਾਂ ਦੀਆਂ ਟੂਕਾਂ ਤੇ ਪੱਤਰ ਇਸ ਗੱਲ ਦੀ ਸਾਖੀ ਭਰਦੇ ਹਨ ਕਿ ਸੁਆਮੀ ਰਾਮ ਤੀਰਥ ਜੀ ਨੇ ਅਮਰੀਕਾ ਵਿਚ ਜਾ ਕੇ ਭਾਰਤੀ ਨੌਜਵਾਨਾਂ ਨੂੰ ਸਿਖਿਆ ਦੇਣ ਦਾ ਕਿੱਡਾ ਵੱਡਾ ਉਪਰਾਲਾ ਕੀਤਾ ਅਤੇ ਉਨ੍ਹਾਂ ਨੇ ਇਸ ਦਿਸ਼ਾ ਵਿਚ ਇਕ ਬਹੁਤ ਵੱਡੀ ਲਹਿਰ ਜਥੇਬੰਦ ਕੀਤੀ ਕਿ ਭਾਰਤ ਦੇ ਲੋਕਾਂ ਵਿਚੋਂ ਬੇਇਨਸਾਫ਼ੀ ਤੇ ਮਨੁਖਤਾ ਰਹਿਤ ਭਾਵਨਾਵਾਂ ਨੂੰ ਦੂਰ ਕੀਤਾ ਜਾਵੇ ਅਤੇ ਪ੍ਰਚਲਤ ਜਾਤ ਪਾਤ ਦੇ ਬੰਧਨਾਂ ਨੂੰ ਤੋੜ ਦਿਤਾ ਜਾਵੇ। ਇੰਝ ਪ੍ਰਤੀਤ ਹੁੰਦਾ ਹੈ ਕਿ ਆਪ ਨੇ ਇਕ ਅਮਰੀਕਨ ਦੀ ਤਰ੍ਹਾਂ ਇਸ ਕਾਰਜ ਨੂੰ ਭਾਰਤ ਵਿਚ ਆਰੰਭਿਆ। ਉਨ੍ਹਾਂ ਨੇ ਭਾਰਤੀ ਸਾਧੂਆਂ ਦੀ ਤਰ੍ਹਾਂ ਇਸ ਖੇਤਰ ਵਿਚ ਕਾਰਜ ਕੀਤਾ। ਉਹ ਅਮਰੀਕਾ ਜਾਣ ਤੋਂ ਪਹਿਲਾਂ ਜਾਤ ਪਾਤ ਦੇ ਇਤਨੇ ਵਿਰੋਧੀ ਨਹੀਂ ਸਨ, ਨਾ ਹੀ ਉਹ ਪਿਛੋਂ ਭਾਰਤ ਵਿਚ ਆ ਕੇ ਇਸ ਦਾ ਤੀਖਣ ਵਿਰੋਧ ਕਰਦੇ ਰਹੇ।

ਅਮਰੀਕਾ ਵਿਚ ਉਨ੍ਹਾਂ ਨੇ ਵਿਆਹੁਤਾ ਜੀਵਨ ਤੇ ਗ੍ਰਿਹਸਥੀ ਜੀਵਨ ਦੀ ਵੇਦਾਂਤ ਅਨੁਸਾਰ ਵਿਆਖਿਆ ਕੀਤੀ। ਪਰ ਭਾਰਤ ਵਿਚ ਗ੍ਰਿਹਸਥੀ ਜੀਵਨ ਵਲ ਵਧੇਰੇ ਖਚਤ ਹੋਣ ਕਾਰਣ ਉਹ ਸੰਨਿਆਸ ਨੂੰ ਵਧੇਰੇ ਉਤਮ ਮੰਨਦੇ ਸਨ। ਇਸ ਸਮੇਂ ਉਨ੍ਹਾਂ ਨੇ ਇਸ ਗੱਲ ਉਤੇ ਪੁਨਰ ਵਿਚਾਰ ਕੀਤਾ ਤੇ ਸੰਨਿਆਸੀ ਜੀਵਨ ਨੂੰ ਉਚੇਰਾ ਦਰਸਾਇਆ। ਪਰ ਉਨ੍ਹਾਂ ਦਾ ਸੰਨਿਆਸ ਤਾਂ "ਕਰਮ ਮਾਰਗ ਦੀ ਹੀ ਪ੍ਰੇਮ ਸਾਧਨਾ ਸੀ।"

ਸੁਆਮੀ ਰਾਮ ਉਸ ਸਮੇਂ ਹੀ ਪੂਰਨ ਤੌਰ ਤੇ ਸਹਿਜ ਅਵਸਥਾ ਵਿਚ ਹੁੰਦੇ ਸਨ, ਜਦੋਂ ਆਪ ਪਰਮਾਤਮਾ ਤੇ ਪ੍ਰੇਮ ਦੇ ਅਨੰਦਮਈ ਰਹੱਸ ਦੀ ਵਿਆਖਿਆ ਕਰਦੇ ਸਨ, ਪਰੰਤੂ ਦੂਜੇ ਵਿਸ਼ਿਆਂ ਬਾਰੇ ਤਾਂ ਉਨ੍ਹਾਂ ਦੀ ਗਲਬਾਤ ਕਦੀ ਕਦਾਈਂ ਤੇ ਵਿਭਿੰਨ ਪ੍ਰਸਥਿਤੀਆਂ ਨੂੰ ਮੁਖ ਰਖ ਕੇ ਪ੍ਰਸੰਗ ਵਸ ਹੀ ਹੁੰਦੀ ਸੀ।

ਉਨ੍ਹਾਂ ਦਾ ਇਕ ਪ੍ਰਮੁਖ ਵਿਸ਼ਾ ਇਹ ਸੀ ਕਿ ਕਿਵੇਂ ਪਰਮਾਨੰਦ ਦੀ ਅਵਸਥਾ ਵਿਚ ਵਿਚਰਨ ਵਾਲਾ ਵਿਅਕਤੀ ਜਿਸ ਦਾ ਕਿ ਕੋਈ ਨਿਜੀ ਨਿਸ਼ਾਨਾ, ਇੱਛਾ ਤੇ ਸੰਕਲਪ ਨਹੀਂ ਹੈ, ਕਿਸ ਤਰ੍ਹਾਂ ਕਦੀ ਕਦਾਈਂ ਦੂਜੇ ਵਿਅਕਤੀਆਂ ਦੀਆਂ ਅਰਦਾਸਾਂ ਦਾ ਮਾਧਿਅਮ ਬਣ ਜਾਂਦਾ ਹੈ ਅਤੇ ਇਨ੍ਹਾਂ ਇਛਾਵਾਂ ਨੂੰ ਆਪਣੇ ਨਿਜ ਨਾਲ ਜੋੜਨ ਤੋਂ ਬਿਨਾਂ ਦੂਜਿਆਂ ਦੀਆਂ ਮਨੋਕਾਮਨਾਵਾਂ ਦੀ ਪੂਰਤੀ ਦਾ ਸਾਧਨ ਬਣ ਜਾਂਦਾ ਹੈ। ਇਸ ਤ੍ਰੈਗੁਣ ਅਤੀਤ ਦਰਸ਼ਨ ਦਾ ਉਨ੍ਹਾਂ ਦਾ ਆਪਣਾ ਨਿਜੀ ਜੀਵਨ ਇਕ ਢੁਕਵਾਂ ਪ੍ਰਤੀਕ ਹੈ, ਜੋ ਅਮਰੀਕਾ ਤੇ ਭਾਰਤ ਦੋਹਾਂ ਦੀਆਂ ਹੀ ਵਿਭਿੰਨ ਪ੍ਰਸਥਿਤੀਆਂ ਵਿਚ ਉਚੇਰੇ ਤੇ ਨਿਰਲੇਪ ਰੂਪ ਵਿਚ ਵਿਚਰ ਰਿਹਾ ਹੈ।

ਹੇਠ ਲਿਖੇ ਪੱਤਰ ਸੁਆਮੀ ਰਾਮ ਤੀਰਥ ਜੀ ਦੇ ਅਕਾਲ ਚਲਾਣੇ ਸਮੇਂ ਸ੍ਰੀਮਤੀ ਪੀ. ਵਿਟਮੈਨ ਨੂੰ ਲਿਖੇ ਗਏ ਸਨ।

814 ਫਿਡਲਿਟੀ ਬਿਲਡਿੰਗ,
ਬਫਲੋ ਐਨ. ਵਾਈ.
ਜਨਵਰੀ 18, 1907

ਮੇਰੀ ਪਿਆਰੀ ਸ੍ਰੀਮਤੀ ਵਿਟਮੈਨ,

ਰਾਮ ਸੁਸਾਇਟੀ. ਜਿਸ ਨੂੰ ਕਿ ਤੁਹਾਡਾ 24 ਦਸੰਬਰ ਦਾ ਪੱਤਰ ਸੰਬੋਧਤ ਸੀ, ਹੁਣ ਹੋਂਦ ਵਿਚ ਨਹੀਂ ਰਹੀ, ਪਰ ਇਸ ਸੰਸਥਾ ਦੇ ਸਾਬਕਾ-ਸਕੱਤਰ ਹੋਣ ਦੇ ਨਾਤੇ ਇਹ ਤੁਹਾਡਾ ਪੱਤਰ ਮੈਨੂੰ ਮਿਲਿਆ ਹੈ। ਸੁਆਮੀ ਜੀ ਦੇ ਅਕਾਲ ਚਲਾਣੇ ਦਾ ਸਮਾਚਾਰ ਮੇਰੇ ਲਈ ਬੜਾ ਹੈਰਾਨੀ ਭਰਿਆ ਸੀ, ਪਰ ਮੈਂ ਮਹਿਸੂਸ ਕਰਦੀ ਹਾਂ ਕਿ ਕੀ ਇਹ ਉਨ੍ਹਾਂ ਲਈ ਮੰਦਭਾਗੀ ਗੱਲ ਸੀ? ਇਸ ਸੰਸਾਰ ਵਿਚ ਸੁਆਮੀ ਜੀ ਦੀ ਸੰਖੇਪ ਯਾਤਰਾ ਨੇ ਅਨੁਭਵ ਦੇ ਰੂਪ ਵਿਚ ਉਨ੍ਹਾਂ ਨੂੰ ਭਰਪੂਰ ਫ਼ਸਲ ਦੀ ਉਪਜ ਦਿਤੀ ਹੈ। ਇਸ ਨਾਲ ਸ਼ਾਇਦ ਉਨ੍ਹਾਂ ਦਾ ਕਾਰਜ ਪੂਰੀ ਤਰ੍ਹਾਂ ਸੰਪੂਰਨ ਹੋ ਗਿਆ ਹੈ। ਪਰਮਾਤਮਾ ਉਨ੍ਹਾਂ ਦੀ ਆਤਮਾ ਨੂੰ ਸ਼ਾਂਤੀ ਬਖ਼ਸ਼ੇ।

1904 ਦੀਆਂ ਗਰਮੀਆਂ ਦੇ ਆਰੰਭ ਵਿਚ ਸੁਆਮੀ ਜੀ ਨੇ ਤਿੰਨ ਹਫ਼ਤੇ ਦੇ ਲਗਭਗ ਸਮਾਂ ਬਫ਼ਲੋ ਨਗਰ ਤੇ ਇਨ੍ਹਾਂ ਚਸ਼ਮਿਆਂ ਦੇ ਇਲਾਕੇ ਵਿਚ ਗੁਜ਼ਾਰਿਆ ਸੀ। ਉਨ੍ਹਾਂ ਨੇ ਭਾਰਤ ਦੇ ਜੀਵਨ ਦੇ ਚੰਗੇ ਤੇ ਮੰਦੇ ਦੋਹਾਂ ਪੱਖਾਂ ਅਤੇ ਵੇਦਾਂਤ-ਦਰਸ਼ਨ ਬਾਰੇ ਹੀ ਕਈ ਭਾਸ਼ਣ ਦਿਤੇ ਸਨ। ਆਪਣੇ ਭਾਰਤੀ ਜੀਵਨ ਬਾਰੇ ਦਿਤੇ ਗਏ ਭਾਸ਼ਣਾਂ ਵਿਚ ਉਨ੍ਹਾਂ ਨੇ ਜਾਤ ਪਾਤ ਦੀ ਪ੍ਰਥਾ ਨੂੰ ਦੂਰ ਕਰਨ ਉਤੇ ਬੜਾ ਬਲ ਦਿਤਾ ਸੀ। ਉਨ੍ਹਾਂ ਨੇ ਭਾਰਤ ਵਲੋਂ ਧੜਲੇਦਾਰ ਅਪੀਲਾਂ ਕੀਤੀਆਂ ਸਨ ਤੇ ਉਨ੍ਹਾਂ ਦੇ ਫਲਸਰੂਪ ਉਹ ਬਹੁਤ ਸਾਰੇ ਨਗਰਾਂ ਵਿਚ ਅਜਿਹੀ ਇਕ ਸੰਸਥਾ ਬਣਾਉਣ ਵਿਚ ਸਫਲ ਹੋ ਗਏ ਸਨ, ਜਿਸ ਦਾ ਉਦੇਸ਼ ਭਾਰਤ ਤੋਂ ਹਿੰਦੂ ਵਿਦਿਆਰਥੀਆਂ ਨੂੰ ਬੁਲਾ ਕੇ ਉਨ੍ਹਾਂ ਦੀ ਉਚੇਰੀ ਸਿਖਿਆ ਦਾ ਪ੍ਰਬੰਧ ਕਰਨਾ ਸੀ। ਉਹ ਇਸ ਆਦਰਸ਼ ਦੇ ਬੜੇ ਪੱਕੇ ਤੇ ਤਕੜੇ ਸਮਰਥਕ ਸਨ ਅਤੇ ਜਿਨ੍ਹਾਂ ਨੇ ਉਨ੍ਹਾਂ ਦੇ ਭਾਸ਼ਣਾਂ ਨੂੰ ਸੁਣਿਆਂ ਉਨ੍ਹਾਂ ਦੇ ਮਨਾਂ ਵਿਚ ਉਨ੍ਹਾਂ ਨੇ ਇਸ ਆਦਰਸ਼ ਦੇ ਪ੍ਰਤੀ ਬੜਾ ਉਤਸ਼ਾਹ ਜਗਾ ਦਿਤਾ ਸੀ। ਬਫ਼ਲੋ ਇਕ ਛੋਟਾ ਜਿਹਾ ਤੇ ਸਨਾਤਨੀ ਵਿਚਾਰਾਂ ਵਾਲਾ ਨਗਰ ਹੈ, ਇਸ ਲਈ ਇਥੇ ਜਿਨ੍ਹਾਂ ਲੋਕਾਂ ਨੂੰ ਸੁਆਮੀ ਰਾਮ ਦੇ ਮਿਸ਼ਨ ਦੇ ਪ੍ਰਚਾਰ ਨੂੰ ਇਕ ਸੰਸਥਾ ਦੇ ਰੂਪ ਵਿਚ ਹੱਥ ਵਿਚ ਲਿਆ ਸੀ, ਉਹ ਵਧੇਰੇ ਕਰਕੇ ਕਾਰੋਬਾਰੀ ਅਤੇ ਦਰਮਿਆਨੇ ਸਾਧਨਾਂ ਵਾਲੇ ਵਿਅਕਤੀ ਸਨ, ਜਿਸ ਕਾਰਣ ਉਨ੍ਹਾਂ ਦਾ ਇਸ

ਸੰਸਥਾ ਦੇ ਕੰਮ ਨੂੰ ਜਾਰੀ ਰਖ ਸਕਣਾ ਉਨ੍ਹਾਂ ਦੀ ਸਮਰਥਾ ਤੋਂ ਬਾਹਰ ਦੀ ਗੱਲ ਸੀ। ਇਸ ਲਈ ਬਫਲੋ ਨਗਰ ਵਿਖੇ ਇਸ ਸੰਸਥਾ ਲਈ ਜਿਹੜੀ ਮਾਇਆ ਇਕੱਤਰ ਕੀਤੀ ਗਈ ਸੀ, ਉਹ ਪੋਰਟਲੈਂਡ ਦੀ ਸੰਸਥਾ ਨੂੰ ਭੇਜ ਦਿਤੀ ਗਈ ਸੀ, ਜੋ ਉਸ ਸਮੇਂ ਬੜੀ ਸਰਗਰਮ ਤੇ ਆਸ਼ਾ ਬੰਧਾਊ ਸੰਸਥਾ ਸੀ; ਬਫਲੋ ਨਗਰ ਵਾਲੀ ਸੰਸਥਾ ਸੁਆਮੀ ਜੀ ਦੀ ਮਿਰਤੂ ਪਿਛੋਂ ਬਹੁਤ ਚਿਰ ਤਕ ਚਲ ਨਹੀਂ ਸੀ ਸਕੀ ਅਤੇ ਸਮਾਪਤ ਹੋ ਗਈ ਸੀ।

ਜਿਵੇਂ ਆਪ ਜਾਣਦੇ ਹੀ ਹੋ ਕਿ ਸੁਆਮੀ ਰਾਮ ਤੀਰਥ ਜੀ ਨੇ ਸਾਰੇ ਅਮਰੀਕਾ ਵਿਚ ਬਹੁਤ ਸਾਰੀਆਂ ਥਾਵਾਂ ਉਤੇ ਵਿਆਖਿਆਨ ਦਿਤੇ ਸਨ। ਮੈਨੂੰ ਇਸ ਗੱਲ ਦੀ ਪੂਰੀ ਜਾਣਕਾਰੀ ਨਹੀਂ ਕਿ ਬਫਲੋ ਨਗਰ ਪਹੁੰਚਣ ਤੋਂ ਪਹਿਲਾਂ ਸੁਆਮੀ ਜੀ ਕਿਹੜੀਆਂ ਕਿਹੜੀਆਂ ਥਾਵਾਂ ਤੋਂ ਹੋ ਕੇ ਆਏ ਸਨ। ਪਰ ਇਥੋਂ ਆਪ ਕਈ ਸਥਾਨਾਂ ਉਤੇ ਗਏ ਸਨ-ਯਥਾ ਲਿਲੀਡੇਲ (ਜੋ ਅਮਰੀਕਾ ਦਾ ਪ੍ਰਮੁਖ ਅਧਿਆਤਮਿਕ ਕੇਂਦਰ ਹੈ), ਸ਼ੀਕਾਗੋ, ਬੋਸਟਨ, ਗਰੀਨਏਕਰ, ਮੇਨ (ਜਿਥੇ ਹਰ ਗਰਮੀਆਂ ਦੀ ਰੁੱਤ ਵਿਚ ਵਿਭਿੰਨ ਧਾਰਮਿਕ ਮਤਾਂ ਵਿਚ ਵਿਸ਼ਵਾਸ ਰਖਣ ਵਾਲੇ ਭਾਸ਼ਣ ਦਿੰਦੇ ਹਨ) ਨਿਊਯਾਰਕ ਸ਼ਹਿਰ ਅਤੇ ਉਹ ਸਭ ਤੋਂ ਅਖ਼ੀਰ ਵਿਚ ਇਸ ਰਾਜ ਦੇ ਨਗਰ ਫਲੋਰਿਡਾ ਵਿਖੇ ਗਏ, ਜਿਥੇ ਉਨ੍ਹਾਂ ਨੇ ਆਪਣੀ ਯਾਤਰਾ ਤੇ ਕੰਮ ਦੇ ਭਾਰ ਦਾ ਥਕੇਵਾਂ ਲਾਹਿਆ ਤੇ ਆਰਾਮ ਕੀਤਾ।

ਸੁਆਮੀ ਜੀ ਨੇ ਇਥੇ ਬਹੁਤ ਸਾਰੇ ਲੋਕਾਂ ਨੂੰ ਆਕਰਸ਼ਤ ਕੀਤਾ। ਇਸ ਖਿਚ ਦਾ ਕਾਰਣ ਕੇਵਲ ਉਨ੍ਹਾਂ ਦੀ ਵਿਦਵਤਾ ਤੇ ਅਧਿਆਤਮਿਕ-ਚਿੰਤਨ ਹੀ ਨਹੀਂ ਸੀ, ਸਗੋਂ ਉਨ੍ਹਾਂ ਦੀ ਪ੍ਰਬੁਧਤਾ, ਉਨ੍ਹਾਂ ਦਾ ਸੁਸ਼ੀਲ ਤੇ ਦਿਆਲੂ ਵਿਵਹਾਰ ਵੀ ਸੀ। ਆਪਣੇ ਸਾਦਾ ਤੇ ਲੋਕਪਖੀ ਵਿਵਹਾਰ ਕਾਰਣ ਸੁਆਮੀ ਜੀ ਆਪਣੇ ਆਲੇ ਦੁਆਲੇ ਦੀਆਂ ਵਿਆਪਕ ਪ੍ਰਸਥਿਤੀਆਂ ਅਨੁਸਾਰ ਆਪਣੇ ਆਪ ਨੂੰ ਬਹੁਤ ਛੇਤੀ ਢਾਲ ਲੈਂਦੇ ਸਨ। ਭਾਵੇਂ ਇਸ ਵਿਚ ਵੀ ਕੋਈ ਸੰਦੇਹ ਨਹੀਂ ਹੈ ਕਿ ਆਪ ਇਕ ਸਨਾਤਨ ਵਿਚਾਰਾਂ ਵਾਲੇ ਦੇਸ਼ ਵਿਚੋਂ ਆਏ ਸਨ ਅਤੇ ਆਪ ਵੀ ਉਚ ਕੁਲ ਬ੍ਰਾਹਮਣ ਵੰਸ਼ ਵਿਚੋਂ ਸਨ। ਉਹ ਆਪ ਘੰਟਿਆਂ ਬੱਧੀ ਪੂਰਬ ਦੀ ਵਿਧੀ ਅਨੁਸਾਰ ਭਗਤੀ ਸਾਧਨਾ ਵਿਚ ਮਗਨ ਰਹਿੰਦੇ ਸਨ ਅਤੇ ਬੜੀ ਖ਼ੁਸ਼ੀ ਨਾਲ ਫ਼ਿਲਾਸਫ਼ੀ ਉਤੇ ਵਿਚਾਰ-ਵਟਾਂਦਰਾ ਕਰਦੇ ਹੁੰਦੇ ਸਨ। ਕਈ ਵਾਰ ਮਿਲਣ ਆਏ ਲੋਕਾਂ ਨਾਲ ਹਾਸਾ ਠੱਠਾ ਵੀ ਕਰ ਲੈਂਦੇ ਸਨ ਅਤੇ ਗੇਂਦ ਆਦਿ ਵੀ ਖੇਡਣ ਲਗ ਪੈਂਦੇ ਸਨ। ਜਿਹੋ ਜਿਹਾ ਮੌਕਾ ਹੁੰਦਾ, ਆਪ ਉਸੇ ਤਰ੍ਹਾਂ ਹੀ ਆਪਣੇ ਆਪ ਨੂੰ ਢਾਲ ਲੈਂਦੇ ਸਨ।

ਉਹ ਅਮਰੀਕਾ ਦੀਆਂ ਸੰਸਥਾਵਾਂ ਤੇ ਆਤਮਵੇਤਾਵਾਂ ਦੇ ਜੀਵਨ ਨੂੰ ਪੂਰੀ ਤਰ੍ਹਾਂ ਘੋਖਦੇ ਸਨ ਅਤੇ ਉਨ੍ਹਾਂ ਦੀਆਂ ਅਸਫਲਤਾਵਾਂ ਤੇ ਤਰੁਟੀਆਂ ਤੋਂ ਵੀ ਜਾਣੂੰ ਸਨ। ਉਨ੍ਹਾਂ ਨੇ ਇਸ ਗੱਲ ਨੂੰ ਵੀ ਅਨੁਭਵ ਕਰ ਲਿਆ ਸੀ ਕਿ ਹਿੰਦੁਸਤਾਨ ਦੇ ਲੋਕਾਂ ਨੂੰ "ਪੱਛਮ ਦੇ ਨੌਜਵਾਨਾਂ" ਕੋਲੋਂ ਬਹੁਤ ਕੁਝ ਗ੍ਰਹਿਣ ਕਰਨ ਦੀ ਲੋੜ ਹੈ। ਦੂਜੇ ਬੰਨੇ ਅਮਰੀਕਾ ਨੂੰ ਵੀ ਨਿਮਰਤਾ ਸਹਿਤ ਭਾਰਤ ਦੇ ਉਨ੍ਹਾਂ ਵਿਚਾਰਾਂ ਨੂੰ ਸਰਵਣ ਕਰਨਾ ਚਾਹੀਦਾ ਹੈ, ਜੋ ਕਿ ਭਾਰਤ ਉਨ੍ਹਾਂ ਨੂੰ ਸਿਖਾ ਸਕਦਾ ਹੈ। ਇਸ ਦੇਸ਼ ਵਿਚ ਉਹ ਇਸਤਰੀ ਜਾਤੀ ਦੀ ਸੁਤੰਤਰਤਾ ਤੋਂ ਬਹੁਤ ਪ੍ਰਭਾਵਤ ਹੋਏ ਸਨ, ਵਿਸ਼ੇਸ਼ ਕਰਕੇ ਇਸ ਤੱਥ ਤੋਂ ਕਿ ਉਨ੍ਹਾਂ ਦੀ ਸੁਤੰਤਰਤਾ ਨੇ ਉਨ੍ਹਾਂ ਨੂੰ ਨਿਰਉਤਸ਼ਾਹਤ ਨਹੀਂ ਸੀ ਕੀਤਾ। ਉਹ ਇਸ ਬਾਰੇ ਅਕਸਰ ਬੜੀ ਖ਼ੁਸ਼ੀ ਨਾਲ ਗੱਲ ਕਰਦੇ ਹੁੰਦੇ ਸਨ।

ਮੇਰਾ ਵਿਚਾਰ ਹੈ ਕਿ ਆਪ ਕੋਲ ਉਨ੍ਹਾਂ ਸਭ ਵਿਅਕਤੀਆਂ ਦੇ ਪੱਕੇ ਪਤੇ ਹੋਣਗੇ, ਜਿਨ੍ਹਾਂ ਕੋਲ ਕਿ ਸਾਡੇ ਦੇਸ਼ ਵਿਚ ਸੁਆਮੀ ਰਾਮ ਤੀਰਥ ਜੀ ਨਿਵਾਸ ਰਖਦੇ ਰਹੇ ਹਨ। ਹੋ ਸਕਦਾ ਹੈ ਕਿ ਉਹ ਵਿਅਕਤੀ ਮੇਰੇ ਨਾਲੋਂ ਤੁਹਾਨੂੰ ਉਨ੍ਹਾਂ ਬਾਰੇ ਤੇ ਉਨ੍ਹਾਂ ਵਲੋਂ ਕੀਤੇ ਗਏ ਕਾਰਜ ਸਬੰਧੀ ਵਧੇਰੇ ਜਾਣਕਾਰੀ ਦੇ ਸਕਣ। ਆਪ ਜੀ ਨੂੰ ਪਤਾ ਹੀ ਹੈ ਕਿ ਪੋਰਟਲੈਂਡ ਦੀ ਸੰਸਥਾ ਦੇ ਸਕੱਤਰ ਮਿਸਟਰ ਵਿਲੀਅਮ ਐਚ. ਗਿਲਵਾਨੀ ਸਨ (ਜਾਂ ਹੁਣ ਵੀ ਸ਼ਾਇਦ ਹੋਣ) ਉਹ ਤੁਹਾਨੂੰ ਸੁਆਮੀ ਜੀ ਦੇ ਸਬੰਧ ਵਿਚ ਨਿਸਚੇ ਹੀ ਵਧੇਰੇ ਸੂਚਨਾ ਦੇ ਸਕਦੇ ਹਨ। ਸਾਡਾ ਬਫਲੋ ਨਗਰ ਦੇ ਨਿਵਾਸੀਆਂ ਦਾ ਖ਼ਿਆਲ ਹੈ ਕਿ ਸੁਆਮੀ ਜੀ ਨੂੰ ਜਿਸ ਗੱਲ ਦੀ ਕਲਪਨਾ ਵੀ ਨਹੀਂ ਸੀ ਕਿ ਉਨ੍ਹਾਂ ਵਲੋਂ ਅਮਰੀਕਾ ਵਿਚ ਉਨ੍ਹਾਂ ਦੇ ਮਿਸ਼ਨ ਦਾ ਸੌਂਪਿਆ ਗਿਆ ਕਾਰਜ ਕਿੰਨਾ ਵੱਡਾ ਹੈ ਅਤੇ ਇਸ ਨੂੰ ਕਿਹੋ ਜਿਹੇ ਵਿਅਕਤੀ ਸਿਰੇ ਚਾੜ੍ਹ ਸਕਦੇ ਹਨ। ਇਹ ਸ਼ਾਇਦ ਇਸ ਕਾਰਣ ਸੀ ਕਿ ਉਨ੍ਹਾਂ ਦੇ ਆਪਣੇ ਨਿਜੀ ਸੋਚਣ ਢੰਗ ਤੇ ਇਸ ਦੇਸ਼ ਵਿਚ ਕਾਰਜ ਕਰਨ ਦੇ ਤਰੀਕੇ ਵਿਚ ਬਹੁਤ ਵੱਡਾ ਅੰਤਰ ਹੈ।

ਐਨੀ. ਐਫ. ਹੇਸਟਿੰਗਜ਼

ਡੇਨਵਰ, ਕੋਲੋ,

25 ਜਨਵਰੀ, 1907

ਮੇਰੀ ਪਿਆਰੀ ਮਿਸੇਜ਼ ਵਿਟਮੈਨ,

ਤਿੰਨ ਸਾਲ ਪਹਿਲਾਂ ਮੈਂ ਇਕ ਅਜਿਹੀ ਪਰਮ ਸੁੰਦਰ ਆਤਮਾ ਦੇ ਦਰਸ਼ਨ ਕੀਤੇ ਸਨ, ਜਿਸ ਵਰਗਾ ਮਹਾਂ ਪੁਰਸ਼ ਮੈਨੂੰ ਪਹਿਲਾਂ ਕਦੀ ਨਹੀਂ ਸੀ ਮਿਲਿਆ। ਉਨ੍ਹਾਂ ਦੀ ਹੋਂਦ ਨੇ ਮੈਨੂੰ ਪਰਮਾਤਮਾ ਦੇ ਸਮੀਪ ਲੈ ਆਂਦਾ, ਜੋ ਇਕ ਨਿਰੰਤਰ ਵਹਿ

ਰਿਹਾ ਚਸ਼ਮਾ ਸਨ ਅਤੇ ਜਿਨ੍ਹਾਂ ਦੇ ਸ਼ਬਦ ਬੜੇ ਸਾਦਾ ਸਨ, ਪਰ ਉਨ੍ਹਾਂ ਵਿਚ ਇਕ ਵਿਸ਼ਵਾਸ ਤੇ ਭਰੋਸਾ ਭਰਿਆ ਹੋਇਆ ਸੀ, ਉਹ ਇਹ ਕਿ ਉਹ ਸਭ ਕੁਝ ਜਾਣਦੇ ਹਨ। ਇਹ ਮਹਾਂ ਪੁਰਸ਼ ਜਦੋਂ ਸਾਡੇ ਸੰਪਰਕ ਵਿਚ ਆਏ ਤਾਂ ਆਪਣੇ ਹਸਤਾਖ਼ਰ ''ਸੁਆਮੀ ਰਾਮਾ'' ਕਰਕੇ ਕਰਦੇ ਸਨ।

ਪਰ ਇਹ ਸ਼ਬਦ ਉਨ੍ਹਾਂ ਦੇ ਆਪਣੇ ਸ਼ਬਦ ਨਹੀਂ ਸਨ ਹੁੰਦੇ, ਨਾ ਹੀ ਉਹ ਆਪ ਕੇਵਲ ਆਪਣਾ ਦਿਸਦਾ ਪਿਸਦਾ ਨਿਜ ਸਰੂਪ ਸਨ। ਉਨ੍ਹਾਂ ਦੀ ਮਹਾਨ ਸ਼ਖ਼ਸੀਅਤ ਵਿਚ ਪਰਮਾਤਮਾ ਆਪ ਵਿਦਮਾਨ ਸੀ। ਜੋ ਕੋਈ ਵੀ ਸਾਡੇ ਵਿਚੋਂ ਉਨ੍ਹਾਂ ਦੇ ਸੰਪਰਕ ਵਿਚ ਆਉਂਦਾ, ਉਸ ਨੂੰ ਇਸ ਗੱਲ ਦੀ ਪੂਰਣ ਰੂਪ ਵਿਚ ਪਛਾਣ ਹੋ ਜਾਂਦੀ ਸੀ ਅਤੇ ਉਸ ਨੂੰ ਸੰਪੂਰਨ ਗਿਆਨ ਹੋ ਜਾਂਦਾ ਸੀ।

ਉਹ ਦੂਰ ਪੂਰਬ ਵਿਚੋਂ ਆਏ ਸਨ, ਛੋਟੇ ਕੱਦ ਤੇ ਕਣਕ ਵੰਨੇ ਰੰਗ ਦੇ ਸਨ, ਪਰ ਉਨ੍ਹਾਂ ਨੇ ਪਛਮ ਦੇ ਵੱਡੇ ਤੇ ਵਿਆਪਕ ਪੁਰਸ਼ ਦੇ ਸਥਾਨ ਦੀ ਪੂਰਤੀ ਕਰ ਦਿਤੀ ਸੀ। ਜਿਥੋਂ ਕਿਤੋਂ ਵੀ ਉਹ ਲੰਘਦੇ, ਫੁੱਲ ਉਗ ਪੈਂਦੇ ਅਤੇ ਉਨ੍ਹਾਂ ਫੁੱਲਾਂ ਦੇ ਬੀਜ ਚਾਰ ਚੁਫੇਰ ਖਿਲਰ ਜਾਂਦੇ। ਇਥੋਂ ਤਕ ਕਿ ਇਹ ਸਾਰਾ ਸੰਸਾਰ ਇਕ ਉਪਬਨ ਦਾ ਰੂਪ ਧਾਰਣ ਕਰ ਲੈਂਦਾ। ਇਸ ਫੁੱਲ ਦਾ ਨਾਮ 'ਪ੍ਰੇਮ' ਸੀ।

ਉਨ੍ਹਾਂ ਨੇ ਸਾਨੂੰ ਈਸਾ ਜੀ ਦੇ ਪ੍ਰੇਮ ਬਾਰੇ ਦਸਿਆ, ਉਨ੍ਹਾਂ ਨੇ ਸਾਨੂੰ ਕ੍ਰਿਸ਼ਨ ਜੀ ਦੇ ਪ੍ਰੇਮ ਬਾਰੇ ਦਸਿਆ ਅਤੇ ਉਨ੍ਹਾਂ ਨੇ ਸਾਨੂੰ ਪਰਮਾਤਮਾ ਦੇ ਪ੍ਰੇਮ ਬਾਰੇ ਦਸਿਆ। ਇਸ ਪ੍ਰੇਮ ਬਾਰੇ ਇਸ ਤਰ੍ਹਾਂ ਦਸਿਆ ਕਿ ਸਾਨੂੰ ਸਭ ਨੂੰ ਇਸ ਦੀ ਸਮਝ ਪੈ ਗਈ। ਉਨ੍ਹਾਂ ਨੇ ਸਾਡੇ ਹਿਰਦਿਆਂ ਵਿਚ ਇਸ ਪ੍ਰੇਮ ਰੂਪੀ ਫੁੱਲ ਨੂੰ ਬੀਜ ਦਿਤਾ, ਸਾਡੇ ਅੰਦਰ ਮੌਲਣ ਦੀ ਰੀਝ ਜਾਗ ਪਈ, ਅਸੀ ਆਪਣੀਆਂ ਹਿਰਦੇ ਰੂਪੀ ਫੁੱਲ ਪੱਤੀਆਂ ਨੂੰ ਸੁਨਹਿਰੀ ਧੁੱਪ ਅਗੇ ਖੋਲ੍ਹ ਦਿਤਾ ਅਤੇ ਆਪਣੇ ਅੰਦਰਲੀ ਸੁਗੰਧੀ ਨੂੰ ਪਸਾਰ ਦਿਤਾ ਤਾਂ ਜੋ ਜਿਸ ਸੰਸਾਰ ਵਿਚ ਅਸੀ ਵਿਚਰ ਰਹੇ ਹਾਂ, ਉਹ ਹੋਰ ਚੰਗੇਰਾ ਬਣ ਸਕੇ।

ਜੇ ਸਾਡੇ ਵਲ ਕੋਈ ਤੂਫ਼ਾਨ ਆਵੇ ਤਾਂ ਸਾਨੂੰ ਖ਼ੁਸ਼ ਹੋਣਾ ਚਾਹੀਦਾ ਹੈ। ਵਰਖਾ ਤੋਂ ਪਿਛੋਂ ਫੁੱਲਾਂ ਦੀ ਸੁਗੰਧੀ ਹੋਰ ਵੀ ਭਿਨੀ ਹੋ ਜਾਂਦੀ ਹੈ। ਜੇ ਇਸਤਰ੍ਹਾਂ (ਤੂਫ਼ਾਨਾਂ ਵਿਚ) ਜੀਉਣਾ ਵੀ ਪਵੇ ਤਾਂ ਇਹ ਵਿਅਰਥ ਨਹੀਂ ਹੁੰਦਾ।

''ਪਾਣੀ ਦਾ ਇਕ ਬੁਲਬੁਲਾ ਫਟਦਾ ਹੈ ਅਤੇ ਵਿਸ਼ਾਲ ਸਾਗਰ ਬਣ ਜਾਂਦਾ ਹੈ।'' ਮੇਰੇ ਸੁਣਨ ਵਿਚ ਆਇਆ ਹੈ ਕਿ ਸੁਆਮੀ ਰਾਮ ਜੀ ਨੇ ਸਰੀਰਕ ਰੂਪ ਵਿਚ ਆਪਣੀ ਖੇਡ ਸਮਾਪਤ ਕਰ ਲਈ ਹੈ। ਹੁਣ ਉਹ ਸਗਲ ਬ੍ਰਹਿਮੰਡ ਦਾ ਰੂਪ ਬਣ ਗਏ ਹਨ। ਉਹ ਸਭ ਵਿਚ ਸਮਾ ਗਏ ਹਨ। ਜੇ ਅਸੀਂ ਉਨ੍ਹਾਂ ਨੂੰ ਢੂੰਡਣਾ ਚਾਹੀਏ

ਤਾਂ ਉਨ੍ਹਾਂ ਨੂੰ ਆਸਾਨੀ ਨਾਲ ਲਭਿਆ ਜਾ ਸਕਦਾ ਹੈ। ਉਹ ਬਰਫ਼ਾਨੀ ਝੱਖੜਾਂ ਵਿਚ ਹਨ, ਪੈ ਰਹੀ ਬਰਫ਼ ਦੇ ਹਰ ਨਿੱਕੇ ਗੋਹੜੇ ਵਿਚ ਹਨ, ਪਰ ਬਰਫ਼ ਦੇ ਨਿਕੇ ਗੋਹੜੇ ਇਸ ਤਰ੍ਹਾਂ ਚੁਪਚਾਪ ਆ ਕੇ ਧਰਤੀ ਤੇ ਡਿਗਦੇ ਹਨ ਕਿ ਸਾਨੂੰ ਧਿਆਨ ਨਾਲ ਤੱਕਣਾ ਪੈਂਦਾ ਹੈ, ਨਹੀ ਤਾਂ ਇਨ੍ਹਾਂ ਦਾ ਪਤਾ ਹੀ ਨਹੀਂ ਲਗਦਾ।

ਉਨ੍ਹਾਂ ਨੇ ਸਭ ਕੁਝ ਨਿਛਾਵਰ ਕਰ ਦਿਤਾ;
ਹਾਲੀ ਵੀ ਉਨ੍ਹਾਂ ਕੋਲ ਦੇਣ ਲਈ ਬਹੁਤ ਕੁਝ ਹੈ,
ਸਾਗਰ ਦੇ ਬੇਚੈਨ ਕੰਢਿਆਂ ਉੱਤੇ ਉਹ ਆਰਾਮ ਕਰ ਰਹੇ ਹਨ।
ਉਨ੍ਹਾਂ ਨੇ ਉਸ ਪ੍ਰਭੂ ਨੂੰ ਰੁਮਕਦੀਆਂ ਪਵਾਨਾਂ ਵਿਚ ਤੱਕਿਆ,
ਘਾਹ ਦੀਆਂ ਨਿੱਕੀਆਂ ਪੱਤੀਆਂ ਵਿਚ ਨਿਹਾਰਿਆ,
ਆਪਣੀਆਂ ਤੱਕਣੀਆਂ ਨੂੰ ਉਨ੍ਹਾਂ ਸਭ ਵਿਚ ਸਮੋ ਦਿੱਤਾ,
ਜੋ ਇਸ ਰੱਬੀ ਸੱਦ ਦਾ ਹੁੰਗਾਰਾ ਭਰ ਸਕਦੀਆਂ ਸਨ,
ਇਸ ਤਰ੍ਹਾਂ ਸਭ ਦੇ ਹੁੰਗਾਰੇ ਉਨ੍ਹਾਂ ਕੋਲ ਵਾਪਸ ਪੁਜ ਜਾਂਦੇ ਹਨ।

ਉਨਾਂ ਨੇ ਸਾਨੂੰ ਉਸ ਸ਼ਕਤੀ ਤੋਂ ਜਾਣੂੰ ਕਰਵਾਇਆ, ਜੋ ਬਿਰਛਾਂ ਨੂੰ ਉਗਾਉਂਦੀ ਹੈ; ਨਦੀਆਂ ਨੂੰ ਪ੍ਰਵਾਹਤ ਕਰਦੀ ਹੈ, ਉਹੋ ਸ਼ਕਤੀ ਹੀ ਸਾਡੇ ਅੰਦਰ ਰੋਮ ਰੋਮ ਵਿਚ ਵਿਦਮਾਨ ਹੈ, ਸਾਡੇ ਵਿਕਾਸ ਵਿਚ ਸਹਾਈ ਹੁੰਦੀ ਹੈ ਅਤੇ ਸਾਡੇ ਰਕਤ ਵਿਚ ਸਿੰਚਿਤ ਹੋ ਰਹੀ ਹੈ-ਇਹ ਉਹ ਮਹਾਨ ਤੇ ਇਕ ਮਾਤਰ ਸ਼ਕਤੀ ਹੈ, ਜੋ ਸਮੱਸਤ ਜੀਵਨ ਧਾਰਾ ਵਿਚ ਵਿਆਪਕ ਹੈ-ਜਦੋਂ ਸਾਨੂੰ ਇਸ ਸ਼ਕਤੀ ਦਾ ਆਭਾਸ ਹੁੰਦਾ ਹੈ ਤਾਂ ਸਾਡੀ ਸ਼ਕਤੀ ਅਸੀਮ ਹੋ ਜਾਂਦੀ ਹੈ।

ਸੂਰਜ ਨੂੰ ਸਾਨੂੰ ਇਹ ਦਸਣ ਦੀ ਲੋੜ ਨਹੀਂ ਪੈਂਦੀ ਕਿ ਉਹ ਚਮਕ ਰਿਹਾ ਹੈ। ਸਾਨੂੰ ਉਸ ਦੀਆਂ ਨਿਘੀਆਂ ਕਿਰਣਾਂ ਦਾ ਆਭਾਸ ਆਪਣੇ ਆਪ ਹੀ ਹੋ ਜਾਂਦਾ ਹੈ। ਇਸੇ ਤਰ੍ਹਾਂ ਜਿਹੜੇ ਸਾਡੇ ਸੰਪਰਕ ਵਿਚ ਆਉਂਦੇ ਹਨ, ਉਹ ਵੀ ਸਾਡੇ ਅੰਦਰੋਂ ਵਿਤਰਿਤ ਹੋ ਰਹੀਆਂ ਕਿਰਣਾਂ ਦਾ ਆਭਾਸ ਕਰ ਲੈਣਗੇ। ਉਹ ਵੀ ਉਸ ਸੁਗੰਧੀ ਨੂੰ ਪ੍ਰਾਪਤ ਕਰ ਲੈਣਗੇ, ਜੋ ਇਸ ਵੇਲੇ ਸਾਡੇ ਅੰਦਰ ਸੁਆਮੀ ਰਾਮ ਦੀ ਯਾਦ ਦੇ ਰੂਪ ਵਿਚ ਲਹਿਰ ਰਹੀ ਹੈ।

ਫਲੋਰੈਂਸ-ਕੇ

ਹੋਨੋਲੂਲੂ, T.H

10-1-1907

ਪਿਆਰੇ ਸ੍ਰੀਮਤੀ ਜੀ,

ਪਿਛਲੇ ਮਹੀਨੇ ਦੀ 26 ਤਾਰੀਖ਼ ਦਾ ਤੁਹਾਡਾ ਕਿਰਪਾ-ਪੱਤਰ ਮਿਲਿਆ। ਮੈਂ ਤੁਹਾਨੂੰ ਸੁਆਮੀ ਰਾਮ ਜੀ ਦੇ ਇਥੇ ਕੀਤੇ ਗਏ ਸਾਰੇ ਕਾਰਜਾਂ ਦਾ ਵੇਰਵਾ ਦੇਵਾਂ, ਮੇਰੇ ਖ਼ਿਆਲ ਵਿਚ ਹਾਲਾਤ ਤੇ ਸਮਾਂ ਇਸ ਦੀ ਆਗਿਆ ਨਹੀਂ ਦਿੰਦੇ। ਸੁਆਮੀ ਰਾਮ ਇਥੇ 1903 ਦੇ ਨਵੰਬਰ ਤੇ ਦਸੰਬਰ ਵਿਚ ਰਹੇ। ਇਥੋਂ ਦੇ ਨਿਵਾਸ ਸਮੇਂ ਜਿਸ ਕਿਸੇ ਨੂੰ ਵੀ ਉਹ ਮਿਲੇ, ਉਸ ਲਈ ਉਹ ਬੜੇ ਪਿਆਰੇ ਵਿਅਕਤੀ ਬਣ ਗਏ। ਇਨ੍ਹਾਂ ਵਿਚੋਂ ਬਹੁਤ ਸਾਰੇ ਲੋਕ ਤਾਂ ਉਨ੍ਹਾਂ ਦੀ ਆਪਣੀ ਜਾਤੀ ਦੇ ਹੀ ਇਸਤਰੀ ਪੁਰਸ਼ ਸਨ, ਜੋ ਇਥੋਂ ਦੇ ਪ੍ਰਤਿਸ਼ਠ ਵਿਅਕਤੀ ਹਨ। ਇਹ ਜ਼ਰੂਰੀ ਹੈ ਕਿ ਅਸੀਂ ਸਾਰੇ ਜੋ ਉਨ੍ਹਾਂ ਨੂੰ ਜਾਣਦੇ ਸਾਂ, ਉਨ੍ਹਾਂ ਦੇ ਅਚਾਨਕ ਅਕਾਲ ਚਲਾਣੇ ਉੱਤੇ ਬੜਾ ਸ਼ੋਕ ਅਨੁਭਵ ਕਰ ਰਹੇ ਹਾਂ। ਅਸੀਂ ਇਹ ਵੀ ਮਹਿਸੂਸ ਕਰ ਰਹੇ ਹਾਂ ਕਿ ਉਸ ਸੰਸਾਰ ਵਿਚ ਬਹੁਤ ਕੁਝ ਅਟਲ ਨਿਜਮਾਂ ਅਧੀਨ ਵਾਪਰ ਰਿਹਾ ਹੈ! ਜਿਨ੍ਹਾਂ ਗੱਲਾਂ ਨੂੰ ਅਸੀਂ ''ਹਾਦਸੇ'' ਦਾ ਨਾਂ ਦਿੰਦੇ ਹਾਂ, ਉਹ ਤਾਂ ਕੇਵਲ ਇਕ ਵਿਸ਼ੇਸ਼ ਸ਼ਬਦ ਮਾਤਰ ਹੈ। ਵਾਸਤਵ ਵਿਚ ਇਨ੍ਹਾਂ ਸਭ ਘਟਨਾਵਾਂ ਦੇ ਕਾਰਣ ਲੁਪਤ ਤੇ ਵਿਆਪਕ ਹੁੰਦੇ ਹਨ। ਕੇਵਲ ਇਨ੍ਹਾਂ ਕਰਮਾਂ ਦੇ ਕਾਰਣਾਂ ਦਾ ਸਾਨੂੰ ਬੋਧ ਨਹੀਂ ਹੁੰਦਾ।

ਸਾਡੀ ਸੰਸਥਾ ਉਸ ਕਾਰਜ ਨੂੰ ਜਾਰੀ ਰੱਖਣ ਲਈ ਬੜੀ ਸੁਹਿਰਦ ਹੈ, ਜਿਸ ਨੂੰ ਸੁਆਮੀ ਰਾਮ ਨੇ ਆਰੰਭ ਕੀਤਾ ਸੀ। ਸਾਡੀ ਇਹ ਪ੍ਰਤੀਬਧਤਾ ਤੁਸੀਂ ਇਸ ਪੱਤਰ ਨਾਲ ਨਥੀ ਸੰਸਥਾ ਦੇ ਪਰਵਾਣਤ ਮਤਿਆਂ ਤੋਂ ਦੇਖ ਸਕਦੇ ਹੋ। ਮੈਂ ਕੁਝ ਸਮਾਚਾਰ-ਪੱਤਰਾਂ ਦੀਆਂ ਟੂਕਾਂ ਤੇ ਆਪਣੀ ਸੰਸਥਾ ਦੇ ਰਿਕਾਰਡਾਂ ਵਿਚੋਂ ਕੁਝ ਸਮੱਗਰੀ ਤੁਹਾਡੀ ਯੋਗ ਵਰਤੋਂ ਲਈ ਭੇਜ ਰਿਹਾ ਹਾਂ- ਇਹ ਸਮੱਗਰੀ ਤੁਹਾਨੂੰ ਬੜੀ ਰੋਚਿਕ ਤੇ ਉਪਯੋਗੀ ਸਿਧ ਹੋ ਸਕੇਗੀ। ਜਦੋਂ ਸੁਆਮੀ ਰਾਮ ਇਥੇ ਸਨ, ਤਾਂ ਬਹੁਤ ਸਾਰੀ ਸਮੱਗਰੀ ਸਥਾਨਕ ਸਮਾਚਾਰ ਪੱਤਰਾਂ ਵਿਚ ਛਪਦੀ ਰਹੀ ਹੈ, ਪਰ ਦੁੱਖ ਦੀ ਗੱਲ ਇਹ ਹੈ ਕਿ ਇਨ੍ਹਾਂ ਸਮਾਚਾਰ ਪੱਤਰਾਂ ਦੀਆਂ ਸੰਪੂਰਣ ਕਾਪੀਆਂ ਹੁਣ ਉਪਲਬਧ ਨਹੀਂ ਹਨ। ਇਸ ਕਾਰਣ ਉਨ੍ਹਾਂ ਤੋਂ ਨਵੀਆਂ ਟੂਕਾਂ ਕਟੀਆਂ ਨਹੀਂ ਜਾ ਸਕਦੀਆਂ।

ਜੇ ਮੈਂ ਇਸ ਸਬੰਧ ਵਿਚ ਤੁਹਾਡੇ ਲਈ ਕੁਝ ਹੋਰ ਕਰ ਸਕਾਂ ਤਾਂ ਕਿਰਪਾ ਕਰਕੇ ਮੈਨੂੰ ਜ਼ਰੂਰ ਲਿਖ ਦੇਣਾ।

ਸਤਿਕਾਰ ਤੇ ਸੁਭ ਕਾਮਨਾਵਾਂ ਸਹਿਤ,

ਡਬਲਿਯੂ. ਐਮ. ਐਚ. ਗਿਲਵਾਨੀ।

ਸਮਾਚਾਰ ਪੱਤਰਾਂ ਵਿਚੋਂ ਲਈਆਂ ਗਈਆਂ ਟੂਕਾਂ ਦੇ ਉਤਾਰੇ

ਦੀ ਰੋਕੀ ਮਾਊਨਟੇਨ ਨਿਊਜ਼, 4 ਜਨਵਰੀ, 1904 ਡੈਨਵਰ ਕੋਲੋ ਨੇ ਇਸ ਤਰ੍ਹਾਂ ਲਿਖਿਆ:-

ਕਲ੍ਹ ਦੁਪਹਿਰ ਪਿਛੋਂ ਯੂਨਿਟੀ ਚਰਚ ਵਿਖੇ ਹਿੰਦੂ ਪ੍ਰੋਫੈਸਰ ਸੁਆਮੀ ਰਾਮ ਜੋ ਇਸ ਸਮੇਂ ਡੈਨਵਰ ਵਿਖੇ ਹਨ, ਨੇ ਆਪਣੇ ਦਰਸ਼ਨ ਦੇ ਸਿਧਾਤਾਂ ਉੱਪਰ ਭਾਸ਼ਣ ਦਿੱਤਾ। ਪ੍ਰੋਫੈਸਰ ਰਾਮ ਦਾ ਅਮਰੀਕਾ ਵਿਚ ਮੁਖ ਨਿਸ਼ਾਨਾ ਹਿੰਦੂ ਸਮਾਜ ਦੀ ਜਾਤਪਾਤ ਪ੍ਰਥਾ ਦੇ ਵਿਰੁੱਧ ਆਵਾਜ਼ ਜਥੇਬੰਦ ਕਰਨਾ ਹੈ। ਉਨ੍ਹਾਂ ਦਾ ਇਕ ਨੈਤਿਕ ਦਰਸ਼ਨ ਵੀ ਹੈ, ਜਿਸ ਦੁਆਰਾ ਉਹ ਇਕ ਵਿਸ਼ੇਸ਼ ਧਰਮ ਦਾ ਪ੍ਰਚਾਰ ਕਰਦੇ ਹਨ, ਜਿਸ ਨੂੰ ਸੁਆਮੀ ਰਾਮ ''ਸਾਂਝਾ ਮਾਰਗ'' ਦਸਦੇ ਹਨ। ਉਹ ਜਿਥੇ ਜਾਂਦੇ ਹਨ, ਇਸ ਧਰਮ ਬਾਰੇ ਦਿਲਚਸਪੀ ਲੈਣ ਵਾਲੇ ਲੋਕਾਂ ਨੂੰ ਖੋਲ੍ਹ ਕੇ ਸਮਝਾਉਂਦੇ ਹਨ। ਅਜ ਸਵੇਰ ਸੁਆਮੀ ਰਾਮ ਮਨਿਸਟੀਰੀਅਲ ਅਲਾਂਇਸ ਵਿਖੇ ਭਾਰਤ ਦੀ ਜਾਤਪਾਤ ਪ੍ਰਥਾ ਉੱਤੇ ਭਾਸ਼ਣ ਦੇਣਗੇ। ਕਲ੍ਹ ਬਾਅਦ ਦੁਪਹਿਰ ਉਹ ਯੂਨਿਟੀ ਚਰਚ ਵਿਖੇ ਆਪਣੇ ਧਰਮ ਸਬੰਧੀ ਵਿਸ਼ੇਸ਼ ਭਾਸ਼ਣ ਲੜੀ ਨੂੰ ਆਰੰਭ ਕਰਨਗੇ। ਇਹ ਭਾਸ਼ਣ 2 ਵਜੇ ਬਾਅਦ ਦੁਪਹਿਰ ਹੋਵੇਗਾ ਅਤੇ ਇਸ ਦਾ ਵਿਸ਼ਾ ਹੈ ''ਸਫਲਤਾ ਦਾ ਭੇਦ''। ਹੋਰ ਵਿਸ਼ੇ ਇਸ ਪ੍ਰਕਾਰ ਹਨ: ''ਪ੍ਰੇਮ ਦੁਆਰਾ ਪ੍ਰਭੂ ਦਾ ਅਨੁਭਵ ਪ੍ਰਾਪਤ ਕਰਨਾ'', ''ਤੁਸੀ ਕੌਣ ਹੋ?'' ''ਖ਼ੁਸ਼ੀ ਦਾ ਇਤਿਹਾਸ ਤੇ ਨਿਵਾਸ'', ''ਪਾਪ ਦੀ ਪਛਾਣ, ਇਸ ਦੇ ਕਾਰਣ ਤੇ ਇਸ ਦਾ ਇਲਾਜ।'' ਆਪਣੇ ਕਲ੍ਹ ਲੌਢੇ ਪਹਿਰ ਦੇ ਭਾਸ਼ਣ ਵਿਚ ਸੁਆਮੀ ਰਾਮ ਨੇ ਇਹ ਵਿਚਾਰ ਪ੍ਰਗਟਾਏ ਹਨ:-

ਇਸ ਦਰਸ਼ਨ ਦਾ ਮੁਖ ਉਦੇਸ਼ ਵਰਤਮਾਨ ਜੀਵਨ ਦੇ ਆਚਰਣ ਨੂੰ ਨਿਯਮਤ ਕਰਨਾ ਹੈ। ਅਜ ਦੀਆਂ ਚੀਜ਼ਾਂ ਅਤੇ ਸਮਾਚਾਰਾਂ ਉਪਰ ਇਸ ਦਾ ਸਪੱਸ਼ਟ ਪ੍ਰਭਾਵ ਪੈਂਦਾ ਹੈ। ਭਾਵੇਂ ਇਹ ਗੱਲ ਤੁਹਾਨੂੰ ਕੁਝ ਨਿਰਾਸ਼ ਵੀ ਕਰ ਦੇਵੇਗੀ, ਪਰ ਇਹ ਸੱਚ ਹੈ ਕਿ ਹਿਮਾਲਾ ਦੇ ਘਣੇ ਬਨਾਂ ਵਿਚੋਂ ਆਉਣ ਦੇ ਬਾਵਜੂਦ ਮੇਰੇ ਕੋਲ ਨਾ ਕੁਝ ਰਹੱਸਮਈ ਹੈ, ਨਾ ਹੀ ਕੋਈ ਕਰਾਮਾਤੀ ਸ਼ਕਤੀ। ਸ਼ਕਤੀ ਨੂੰ ਨਸ਼ਟ ਹੋਣ ਤੋਂ ਵੱਧ ਤੋਂ ਵੱਧ ਰੂਪ ਵਿਚ ਸੁਰੱਖਿਅਤ ਕਰਨਾ, ਸਰੀਰ ਦੀ ਤੋੜ ਫੋੜ ਨੂੰ ਖ਼ਤਮ ਕਰਨਾ ਅਤੇ ਸਭ ਪ੍ਰਕਾਰ ਦੇ ਵਿਗਠਨਾਂ ਤੋਂ ਮਨ ਨੂੰ ਆਜ਼ਾਦ ਕਰਨਾ, ਜੋ ਸਾੜੇ, ਅਭਿਮਾਨ, ਕ੍ਰੋਧ ਤੇ ਹੋਰ ਅਚਿੰਤੇ ਬਾਜ਼ਾਂ ਕਾਰਨ ਹੋਂਦ ਵਿਚ ਆਉਂਦੇ ਹਨ। ਮਾਨਸਿਕ ਬਦਹਜ਼ਮੀ ਦਾ ਇਲਾਜ, ਬੌਧਿਕ ਕੰਗਲਾਪਣ ਦਾ ਨਿਖੇਧ, ਆਤਮਕ ਗ਼ੁਲਾਮੀ ਤੋਂ ਨਿਵਰਤੀ, ਸਫ਼ਲ ਕਾਰਜਾਂ ਨੂੰ ਨੇਪਰੇ ਚਾੜ੍ਹਨ ਦਾ ਰਹੱਸ; ਪ੍ਰੇਮ ਦੁਆਰਾ ਪ੍ਰਭੂ ਦਾ ਅਨੁਭਵ ਪ੍ਰਾਪਤ ਕਰਨਾ; ਗਿਆਨ ਦੇ ਸੋਮਿਆਂ ਨਾਲ ਸੰਪਰਕ, ਮਨ ਦੀ ਸ਼ਾਂਤੀ ਤੇ ਸੰਤੁਲਨ

ਨੂੰ ਕਿਵੇਂ ਸਥਿਰ ਰਖਿਆ ਜਾਵੇ, ਇਹ ਉਹ ਵਿਸ਼ੇ ਹਨ, ਜਿਨ੍ਹਾ ਬਾਰੇ ਮੈਂ ਸਿਖਿਆ ਦਿੰਦਾ ਹਾਂ।

ਮੇਰਾ ਧਰਮ ਹਿੰਦੂ ਮਤ, ਇਸਲਾਮ, ਈਸਾਈ ਮਤ, ਕੈਥੋਲਿਕ ਮਤ ਜਾਂ ਪਰੋਟੈਸਟੈਂਟਮਤ ਨਹੀਂ ਹੈ, ਪਰ ਇਨ੍ਹਾਂ ਵਿਚੋਂ ਕਿਸੇ ਦਾ ਵਿਰੋਧੀ ਵੀ ਨਹੀਂ ਹੈ। ਪ੍ਰਕਾਸ਼," ਸੂਰਜ, ਤਾਰੇ, ਨਦੀਆਂ ਆਕਰਸ਼ਣ ਸ਼ਕਤੀ ਦੇ ਕਈ ਖੇਤਰ ਪ੍ਰਸਪਰ ਰੂਪ ਵਿਚ ਰਗਲਡ ਹੋ ਜਾਂਦੇ ਹਨ। ਇਸੇ ਤਰ੍ਹਾਂ ਮਨ ਤੇ ਸਰੀਰ, ਇਹ ਸਭ ਕੁਝ ਮੇਰੇ ਧਰਮ ਖੇਤਰ ਵਿਚ ਆਉਂਦੇ ਹਨ। ਕੀ ਪਰੈਸੂਬਾਈਟੀਰੀਅਨ ਲਿਲੀ ਫੁੱਲ ਕੋਈ ਵਖਰੇ ਹੁੰਦੇ ਹਨ? ਕੀ ਮੈਥੋਡਿਸਟ ਭੂ-ਭਾਗ ਕੋਈ ਨਿਵੇਕਲੇ ਹਨ? ਇਸੇ ਤਰ੍ਹਾਂ ਮੈਂ ਕਿਸੇ ਵਰਗ ਜਾਂ ਸ੍ਰੇਣੀ ਦੇ ਵਿਤਕਰੇ ਵਿਚ ਕੋਈ ਵਿਸ਼ਵਾਸ ਨਹੀਂ ਰਖਦਾ ਤੇ ਨਾ ਹੀ ਰੰਗ, ਨਸਲ ਅਤੇ ਵਿਸ਼ੇਸ਼ ਵਿਚਾਰਧਾਰਾ ਦਾ ਕੋਈ ਮਤਭੇਦ ਮੇਰੇ ਸਹਿ-ਧਰਮੀਆਂ ਵਿਚ ਹੋ ਸਕਦਾ ਹੈ। ਸੂਰਜ ਦੀਆਂ ਕਿਰਣਾਂ, ਤਾਰਿਆਂ ਦੀਆਂ ਰਿਸ਼ਮਾਂ, ਦਰਖ਼ਤਾਂ ਦੇ ਪੱਤੇ, ਘਾਹ ਦੇ ਤਿਣਕੇ, ਰੇਤ ਦੇ ਕਿਣਕੇ, ਸ਼ੇਰ, ਹਾਥੀ, ਲੇਲੇ, ਕੀੜੀ, ਨਰ ਨਾਰੀਆਂ ਤੇ ਬੱਚਿਆਂ ਦੇ ਦਿਲਾਂ ਵਿਚ ਕੋਈ ਅੰਤਰ ਨਹੀਂ ਕੀਤਾ ਜਾ ਸਕਦਾ। ਮੇਰਾ ਧਰਮ ਅਜਿਹਾ ਧਰਮ ਹੈ, ਜਿਸ ਦਾ ਕੋਈ ਵਿਸ਼ੇਸ਼ ਨਾਮ ਨਹੀਂ ਹੈ। ਇਹ ਕੁਦਰਤ ਦਾ ਧਰਮ ਹੈ। ਮੈਂ ਕਿਸੇ ਉੱਤੇ ਕੋਈ ਲੇਬਲ ਨਹੀਂ ਲਾਉਂਦਾ, ਕੋਈ ਠੱਪਾ ਜਾਂ ਮਾਰਕਾ ਨਹੀਂ ਜੋੜਦਾ, ਨਾ ਹੀ ਮਾਲਕੀ ਦਾ ਕੋਈ ਦਾਅਵਾ ਕਰਦਾ ਹਾਂ, ਪਰ ਰੋਸ਼ਨੀ ਤੇ ਸੂਰਜ ਸਮਾਨ ਸਭ ਦੀ ਸੇਵਾ ਕਰੀ ਜਾਂਦਾ ਹਾਂ। ਇਸੇ ਲਈ ਮੈਂ ਇਸ ਨੂੰ "ਸਾਂਝਾ ਮਾਰਗ" ਕਿਹਾ ਹੈ।

ਇਸ "ਸਾਂਝੇ ਮਾਰਗ" ਦੇ ਪ੍ਰਮੁਖ ਉਪਦੇਸ਼ਾਂ ਨੂੰ ਮੈਂ ਇਕ ਕਵਿਤਾ ਦੇ ਰੂਪ ਵਿਚ ਅੰਕਤ ਕੀਤਾ ਹੈ:-

ਛੋਟੇ ਫੁੱਲ ਬਨਫਸ਼ੇ, ਤ੍ਰੇਲੇ ਨੈਣਾਂ ਵਾਲੇ,
ਮੈਨੂੰ ਦਸੋ ਨੈਣ ਉਠਾ ਕੇ, ਨੈਣ ਮਿਲਾ ਕੇ ਸੱਚੀ ਸੱਚੀ ਗੱਲ,
ਕੋਈ ਵੀ ਕੋਲ ਨਹੀਂ ਹੈ ਸਾਡੇ, ਅੰਦਰ ਇਸ ਇਕੱਲ,
ਦਸੋ ਕੀ ਹੈ ਤੁਹਾਡੀ ਹਸਤੀ?
ਵਿਚ ਉਦਾਸੀ ਸੁਰ, ਫੁੱਲ ਬਨਫਸ਼ੇ ਇੰਝ ਅਲਾਇਆ:
"ਪੁਛੋ ਜੇਕਰ ਵਿਚ ਇਕੱਲ,
ਇਸ ਪ੍ਰਸ਼ਨ ਦਾ ਕੋਈ ਹੱਲ,
ਦਸ ਨਾ ਸਕਾਂ ਤਦ ਮੈਂ
ਹੈ ਇਹ ਵੀ ਇਕ ਰਹੱਸ

ਕੀ ਹੈ ਮੇਰੀ ਹਸਤੀ ਜਾਂ ਮੇਰਾ ਯਥਾਰਥ,
ਕਿਉਂਜੋ ਕੋਲ ਖੜੇ ਹਨ ਵਿਚ ਹਵਾ ਦੇ ਧਰਤੀ ਉਤੇ
ਮੇਰੇ ਸਭ ਬੰਧੂ,
ਜਿਨ੍ਹਾਂ ਵਿਚ ਤੇ ਮੇਰੇ ਅੰਦਰ ਹੈ ਨਹੀਂ ਕੋਈ ਭੇਦ
ਸਭ ਹਾਂ ਇਕ ਸਰੂਪ, ਇਕ ਹਸਤੀ ਦੇ ਚਿੰਨ ਜਾਂ ਜੀਵਨ ਨਿਸ਼ਾਨ।''

ਸੁਆਮੀ ਰਾਮ ਜੋ ਆਪਣੇ ਦੇਸ਼ ਦੇ ਰਾਜਿਆਂ ਤੇ ਸ਼ਹਿਜ਼ਾਦਿਆਂ ਨਾਲੋਂ ਵੀ ਉੱਚੀ ਜਾਤ ਦੇ ਹਨ, ਨੇ ਆਪਣੇ ਦੇਸ਼ ਦੇ ਲੋਕਾਂ ਦੀ ਭਲਾਈ ਲਈ ਆਪਣਾ ਜੀਵਨ ਸਮਰਪਤ ਕੀਤਾ ਹੋਇਆ ਹੈ। ਛੋਟੇ, ਪਤਲੇ, ਕਾਲੀਆਂ, ਫੁਰਤੀਲੀਆਂ ਤੇ ਚਮਕੀਲੀਆਂ ਅੱਖਾਂ ਵਾਲੇ ਕਣਕਵੰਨੇ ਰੰਗ ਦੇ, ਜੋ ਕਾਲਾ ਸੂਟ ਪਹਿਨਦੇ ਹਨ ਅਤੇ ਸਿਰ ਉੱਤੇ ਲਾਲ ਪਗੜੀ ਬੰਨਦੇ ਹਨ, ਇਹ ਉਨ੍ਹਾਂ ਦਾ ਦਿਸਦਾ ਸਰੂਪ ਹੈ। ਇਹ ਭਾਰਤ ਤੋਂ ਆਏ ਹਨ ਅਤੇ ਹੁਣ ਪੋਰਟਲੈਂਡ ਵਿਚ ਠਹਿਰੇ ਹੋਏ ਹਨ। ਉਹ ਕੇਵਲ ਭਾਰਤ ਦੇ ਵਾਸੀ ਹੀ ਨਹੀਂ ਹਨ। ਭਾਰਤ ਵਿਚੋਂ ਤਾਂ ਇਥੇ ਬਹੁਤ ਵਿਅਕਤੀ ਆਉਂਦੇ ਹਨ। ਪਰ ਇਸਤਰ੍ਹਾ ਦੇ ਵਿਦਵਾਨ ਪੁਰਸ਼, ਜਿਨ੍ਹਾਂ ਵਿਚ ਮਾਨਵਤਾ ਲਈ ਵਿਸ਼ਾਲ ਹਮਦਰਦੀ ਹੋਵੇ ਅਤੇ ਨਿਰਸੁਆਰਥ ਭਾਵਨਾ ਲੈ ਕੇ ਆਏ ਹੋਣ, ਘੱਟ ਹੀ ਮਿਲਦੇ ਹਨ।

ਦੋ ਹਫਤੇ ਤੋਂ ਵੀ ਵਧੇਰੇ ਸਮੇਂ ਤਕ ਸੁਆਮੀ ਰਾਮ ਪੋਰਟਲੈਂਡ ਵਿਖੇ ਬੜੇ ਸ਼ਾਂਤ ਮਾਹੌਲ ਵਿਚ ਆਪਣੀਆਂ ਸ੍ਰੋਣੀਆਂ ਨੂੰ ਸਿਖਿਆ ਦਿੰਦੇ ਰਹੇ ਹਨ। ਉਨ੍ਹਾਂ ਦੇ ਸਰੋਤਾ ਮੰਡਲ ਤੇ ਧਾਰਮਿਕ ਸੰਗਤ ਵਿਚ ਭਿੰਨ ਭਿੰਨ ਵਰਗਾਂ ਦੇ ਇਸਤਰੀ ਪੁਰਸ਼ ਸ਼ਾਮਲ ਹੁੰਦੇ ਸਨ। ਇਹ ਵਿਮਨ ਕਲੱਬ, ਬਿਸ਼ਪ ਸਕਾਟ ਅਕੈਡਮੀ, ਵਾਈ. ਐਮ. ਸੀ. ਏ. ਦੇ ਯੂਨੀਟੇਰੀਅਨ ਚਰਚ, ਸਪਿਰਚੂਲਿਸਟਸ, ਦੀ ਕ੍ਰਿਸਚੀਅਨ ਯੂਨੀਅਨ ਅਤੇ ਹੋਰ ਸੰਸਥਾਵਾਂ ਸਭ ਸਮਿਲਤ ਸਨ। ਸੁਆਮੀ ਰਾਮ ਜੀ ਦਾ ਜੀਵਨ ਦਰਸ਼ਨ ਇਤਨਾ ਵਿਸ਼ਾਲ ਤੇ ਵਿਆਪਕ ਹੈ ਕਿ ਉਹ ਕਈ ਪ੍ਰਕਾਰ ਦੇ ਮਤਾਂ-ਮਤਾਂਤਰਾਂ ਨੂੰ ਆਪਣੀ ਗਲਵਕੜੀ ਵਿਚ ਲੈ ਸਕਦੇ ਹਨ। ਇਹ ਤਾਂ ਉਸ ਵਿਸ਼ਾਲ ਬੂਰੇ ਜਾਂ ਕੰਬਲ ਦੀ ਨਿਆਈਂ ਹੈ, ਜਿਸ ਦੀ ਵਿਸ਼ਾਲਤਾ ਵਿਚ ਹਰ ਮਨੁੱਖੀ ਧਰਮ ਆ ਸ਼ਰਨ ਲੈਂਦਾ ਹੈ ਅਤੇ ਇਸਦੇ ਨਿੱਘ ਵਿਚ ਹੋਰ ਵੀ ਬਹੁਤ ਸਾਰੇ ਮੱਤ-ਅਵਾਲੰਬੀ ਨਿਘ ਮਾਣ ਸਕਦੇ ਹਨ। ਇਸ ਲਈ ਸੁਆਮੀ ਜੀ ਇਹ ਖ਼ਿਆਲ ਨਹੀਂ ਕਰਦੇ ਕਿ ਉਨ੍ਹਾਂ ਦੀ ਵਿਚਾਰਧਾਰਾ ਕਿਸ ਵਿਸ਼ੇਸ਼ ਮੱਤ ਜਾਂ ਸੰਸਥਾ ਦੇ ਰਾਸ ਆਉਂਦੀ ਹੈ। ਉਹ ਕਿਸੇ ਸੰਸਥਾ ਨਾਲ ਜੁੜੇ ਹੋਏ ਨਹੀਂ ਹਨ। ਜਦੋਂ ਕੋਈ ਸੰਸਥਾ ਉਨ੍ਹਾਂ ਨੂੰ ਆਪਣੇ ਵਿਚਾਰ ਪ੍ਰਗਟਾਉਣ ਲਈ ਸੱਦਾ ਦਿੰਦੀ ਹੈ ਤਾਂ ਉਹ ਬੜੀ ਖ਼ੁਸ਼ੀ ਨਾਲ ਉਸ ਨੂੰ ਪਰਵਾਨ ਕਰ ਲੈਂਦੇ ਹਨ ਅਤੇ ਜਦੋਂ ਉਨ੍ਹਾਂ ਨੂੰ ਇਸ ਗੱਲ ਦਾ ਪਤਾ ਲਗਦਾ ਹੈ ਕਿ ਇਸ ਨਾਲ ਕਈ ਵਿਰੋਧ

ਉਤਪੰਨ ਹੋ ਜਾਣਗੇ ਤਾਂ ਉਹ ਥੋੜਾ ਪ੍ਰਾਸ਼ਚਿਤ ਕਰਕੇ ਅਗੇ ਚਲੇ ਜਾਂਦੇ ਹਨ। ਆਪਣੇ ਉਨ੍ਹਾਂ ਮਿਤਰਾਂ ਨਾਲ ਜੋ ਉਨ੍ਹਾਂ ਵਲੋਂ ਵਰੋਸਾਏ ਗਏ ਹਨ, ਉਹ ਆਪਣੇ ਵਿਵਹਾਰਕ ਕਾਰਜ ਨੂੰ ਸੰਗਠਿਤ ਕਰਨ ਵਿਚ ਰੁਝੇ ਰਹਿੰਦੇ ਹਨ। ਉਹ ਸਵੇਰੇ, ਲੌਢੇ ਪਹਿਰ ਤੇ ਸ਼ਾਮ ਨੂੰ ਜਦੋਂ ਵੀ ਮੌਕਾ ਮਿਲੇ ਵਿਆਖਿਆਨ ਦੇਣ ਲਈ ਤਤਪਰ ਰਹਿੰਦੇ ਹਨ। ਜਿਥੇ ਤੇ ਜਦੋਂ ਉਨ੍ਹਾਂ ਨੇ ਲੋਕਾਂ ਨੂੰ ਸੰਬੋਧਨ ਕੀਤਾ ਹੈ, ਭਾਵੇਂ ਸਰੋਤਾ ਮੰਡਲ ਦੇ ਰੂਪ ਵਿਚ ਜਾਂ ਵਿਸ਼ੇਸ਼ ਸ਼੍ਰੇਣੀ ਦੇ ਰੂਪ ਵਿਚ, ਉਥੇ ਉਨ੍ਹਾਂ ਨੇ ਆਪਣੇ ਉਦੇਸ਼ ਨੂੰ ਸਦਾ ਸਨਮੁਖ ਰਖਿਆ ਹੈ ਤੇ ਡੂੰਘਾ ਪ੍ਰਭਾਵ ਪਾਇਆ ਹੈ। ਆਪਣੇ ਭਾਸ਼ਣਾਂ ਦੁਆਰਾ ਉਨ੍ਹਾਂ ਨੇ ਮਨੁੱਖਤਾ ਨੂੰ ਆਪਣੀ ਲਘੁਤਾ ਵਿਚੋਂ ਬਾਹਰ ਆਉਣ ਦੀ ਪ੍ਰੇਰਨਾ ਦਿਤੀ ਹੈ। ਮੰਤਰੀਗਣ, ਜੱਜ, ਵਕੀਲ, ਪ੍ਰਸ਼ਨਕਰਤਾ, ਸ਼ੰਕਾਵਾਦੀ ਆਦਿ ਸਭ ਵਰਗਾਂ ਦੇ ਲੋਕਾਂ ਨੂੰ ਉਨ੍ਹਾਂ ਦੇ ਭਾਸ਼ਣ ਬੜੇ ਰੌਚਿਕ ਪ੍ਰਤੀਤ ਹੋਏ ਹਨ।

ਵਿਸ਼ਾਲ ਤੇ ਸੰਖੇਪ ਰੂਪ ਵਿਚ ਸੁਆਮੀ ਰਾਮ ਜੀ ਦਾ ਦ੍ਰਿਸ਼ਟੀਕੋਣ ਉਸ ਨੁਕਤੇ ਉਤੇ ਕੇਂਦਰਤ ਹੈ, ਜਿਥੇ ਦਰਸ਼ਨ ਅਤੇ ਵਿਵਹਾਰਕ-ਵਿਗਿਆਨ ਇਕ ਦੂਜੇ ਨਾਲ ਆ ਕੇ ਮਿਲ ਜਾਂਦੇ ਹਨ। ਆਪ ਇਕ ਨਿਪੁੰਨ ਭਾਸ਼ਾ ਸ਼ਾਸਤਰੀ ਹਨ, ਜਿਨ੍ਹਾਂ ਨੂੰ ਸਨਾਤਨੀ ਤੇ ਆਧੁਨਿਕ ਭਾਸ਼ਾਵਾਂ ਦਾ ਸਗਵਾਂ ਬੋਧ ਪ੍ਰਾਪਤ ਹੈ। ਇਨ੍ਹਾਂ ਨੇ ਸਨਾਤਨ ਰਹੱਸਵਾਦ ਅਤੇ ਧਰਮ ਸ਼ਾਸਤਰਾਂ ਦਾ ਵਿਸਥਾਰ ਪੂਰਵਕ ਅਧਿਐਨ ਕੀਤਾ ਹੋਇਆ ਹੈ ਅਤੇ ਉਹ ਆਧੁਨਿਕ ਇਤਿਹਾਸ, ਸਾਹਿਤ, ਲੋਕਧਾਰਾ ਅਤੇ ਸਾਰੇ ਦੇਸ਼ਾਂ ਦੇ ਦਰਸ਼ਨ ਸ਼ਾਸਤਰਾਂ ਦੇ ਵੀ ਵਿਸ਼ੇਸ਼ ਗਿਆਤਾ ਹਨ। ਉਹ ਲਾਹੌਰ ਦੀ ਮਹਾਨ ਪੰਜਾਬ ਯੂਨੀਵਰਸਿਟੀ ਦੇ ਇਕ ਕਾਲਜ ਦੇ ਗਣਿਤ ਵਿਗਿਆਨ ਤੇ ਧਰਮ ਸ਼ਾਸਤਰ ਦੇ ਪ੍ਰਾਅਧਿਆਪਕ ਰਹਿ ਚੁਕੇ ਹਨ। ਜਦੋਂ ਅਸੀਂ ਉਨ੍ਹਾਂ ਨਾਲ ਉਨ੍ਹਾਂ ਦੇ ਨਿਜੀ ਧਰਮ ਬਾਰੇ ਗੱਲ ਕੱਥ ਕਰਦੇ ਹਾਂ ਤਾਂ ਉਹ ''ਵੇਦਾਂਤ ਦਰਸ਼ਨ'' ਵਲ ਸੰਕੇਤ ਕਰਦੇ ਹਨ, ਜਿਸ ਦਾ ਸਾਰ ਤੱਤ ਮਨੁੱਖ ਦੇ ਆਪਣੀ ਅੰਤਰ ਆਤਮਾ ਵਿਚ ਦੈਵੀ ਪ੍ਰੇਰਨਾ ਦਾ ਕੇਂਦਰ ਬਿੰਦੂ ਹੋਣਾ ਹੈ।

ਅਮਰੀਕਾ ਵਿਚ ਉਨ੍ਹਾਂ ਦਾ ਮਿਸ਼ਨ ਦੋ-ਪੱਖਾ ਹੈ। ਪਹਿਲਾ ਪੱਖ ਇਹ ਹੈ ਕਿ ਅਮਰੀਕਾ ਦੇ ਲੋਕਾਂ ਨੂੰ ਉਨ੍ਹਾਂ ਆਪਣੇ ਦੇਸ਼ ਵਾਸੀਆਂ ਵਲ ਰੁਚਿਤ ਕੀਤਾ ਜਾਵੇ ਤਾਂ ਜੋ ਉਹ ਹਿੰਦੂ ਵਿਦਿਆਰਥੀਆਂ ਦੀ ਸਹਾਇਤਾ ਕਰ ਸਕਣ। ਉਨ੍ਹਾਂ ਦਾ ਮਨੋਰਥ ਇਹ ਹੈ ਕਿ ਇਨ੍ਹਾਂ ਵਿਦਿਆਰਥੀਆਂ ਨੂੰ ਅਮਰੀਕਾ ਦੇ ਕਾਲਜਾਂ ਵਿਚ ਦਾਖਲ ਕਰਵਾਇਆ ਜਾਵੇ, ਜਿਥੇ ਕੇਵਲ ਉਹ ਉਚੇਰੀ ਸਿੱਖਿਆ ਹੀ ਗ੍ਰਹਿਣ ਨਾ ਕਰਨ ਸਗੋਂ ਅਮਰੀਕਾ ਦੇ ਲੋਕਾਂ ਵਾਲਾ ਜੋਸ਼ ਤੇ ਉਤਸ਼ਾਹ ਅਤੇ ਸੁਤੰਤਰਤਾ ਦੀ ਭਾਵਨਾ ਦਾ ਆਭਾਸ ਕਰ ਸਕਣ। ਅਮਰੀਕਾ ਦੀ ਇਸ ਸੁਤੰਤਰਤਾ ਦੀ ਭਾਵਨਾ ਨੂੰ ਉਹ

ਆਪਣੇ ਨਾਲ ਆਪਣੇ ਦੇਸ਼ ਲਿਜਾ ਕੇ ਆਪਣੇ ਲੋਕਾਂ ਵਿਚ ਇਸ ਦੀ ਜਾਗ ਲਾ ਸਕਣ। ਇਸ ਪ੍ਰਕਾਰ ਉਨ੍ਹਾਂ ਦਾ ਵਿਸ਼ਵਾਸ ਹੈ ਕਿ ਇਸ ਤਰ੍ਹਾਂ ਕਰਨ ਨਾਲ ਵਰਣ-ਭੇਦ ਤੇ ਜਾਤਪਾਤ ਦੀ ਪ੍ਰਥਾ ਨੂੰ ਤੋੜਨ ਵਿਚ ਬਹੁਤ ਸਹਾਇਤਾ ਮਿਲੇਗੀ।

ਉਨ੍ਹਾਂ ਦਾ ਦੂਜਾ ਮੁਖ ਉਦੇਸ਼ ਆਪਣੇ ਵਿਸ਼ਵ ਦਰਸ਼ਨ ਜਾਂ ਸ਼ਾਨਦਾਰ ਧਾਰਮਿਕ ਮਤ ਦਾ ਸੰਦੇਸ਼ ਦੇਣਾ ਹੈ, ਜੋ ਸਾਰੇ ਮਨੁੱਖਾਂ ਨੂੰ ਸਦੀਵਤਾ ਦੇ ਇਕ ਸੂਤਰ ਵਿਚ ਪਰੋ ਦਿੰਦਾ ਹੈ।

ਹੋਰ ਗੱਲਾਂ ਦੇ ਨਾਲ ਨਾਲ ਉਨ੍ਹਾਂ ਨੂੰ ਇਸ ਗੱਲ ਦੀ ਵੀ ਆਸ ਹੈ ਕਿ ਉਹ ਆਰਗਨ ਤੇ ਹੋਰ ਰਾਜਾਂ ਦੇ ਕਾਲਜਾਂ ਨੂੰ ਹਿੰਦੂ ਵਿਦਿਆਰਥੀਆਂ ਨੂੰ ਵੱਡੀ ਗਿਣਤੀ ਵਿਚ ਵਜ਼ੀਫੇ ਦੁਆ ਸਕਣਗੇ।

ਸਾਂਨਫਰਾਂਸਿਸਕੋ ਵਿਖੇ ਜਿਥੇ ਉਨ੍ਹਾਂ ਨੇ ਬਹੁਤ ਸਾਰੇ ਪ੍ਰਭਾਵਸ਼ਾਲੀ ਵਿਅਕਤੀਆਂ ਨਾਲ ਸੰਪਰਕ ਸਥਾਪਤ ਕੀਤਾ। ਆਪ ਉਥੇ ਦੋ ਮਹੀਨੇ ਰਹੇ ਤੇ ਕੁਝ ਲੋਕਾਂ ਨੂੰ ਆਪਣੇ ਇਸ ਉਦੇਸ਼ ਲਈ ਪ੍ਰੇਰਣ ਵਿਚ ਸਫਲ ਹੋ ਗਏ ਅਤੇ ਉਨ੍ਹਾਂ ਨੇ ਇਕ ਭਾਰਤੀ ਵਿਦਿਆਰਥੀ ਨੂੰ ਵਜ਼ੀਫ਼ਾ ਦਿੱਤਾ। ਪੋਰਟਲੈਂਡ ਤੋਂ ਪਿਛੋਂ ਆਪ ਹੋਰ ਵੱਡੇ ਮਹਾਂਨਗਰਾਂ ਵਿਚ ਵੀ ਜਾਣਾ ਚਾਹੁੰਦੇ ਹਨ, ਜਿਥੇ ਉਨ੍ਹਾਂ ਦਾ ਖ਼ਿਆਲ ਹੈ ਕਿ ਉਹ ਹੋਰ ਲੋਕਾਂ ਨੂੰ ਵੀ ਇਸ ਉਦੇਸ਼ ਲਈ ਪ੍ਰੇਰ ਸਕਣਗੇ।

ਪੋਰਟਲੈਂਡ ਪਤ੍ਰਕਾ ਨੇ ਇਸ ਤਰ੍ਹਾਂ ਲਿਖਿਆ ਸੀ:-

ਸੁਆਮੀ ਰਾਮ ਜੋ ਭਾਰਤ ਦੇ ਉਚ ਧਾਰਮਿਕ ਨੇਤਾ ਹਨ, ਪਿਛਲੇ ਵੀਹਾਂ ਦਿਨਾਂ ਤੋਂ ਪੋਰਟਲੈਂਡ ਵਿਚ ਭਾਸ਼ਣ ਦੇ ਰਹੇ ਹਨ। ਉਨ੍ਹਾਂ ਨੇ ਬਹੁਤ ਸਾਰੇ ਲੋਕਾਂ ਵਿਚ ਆਪਣੀਆਂ ਯੋਜਨਾਵਾਂ ਲਈ ਰੁਚੀ ਉਤਪੰਨ ਕਰ ਦਿਤੀ ਹੈ ਅਤੇ ਇਸ ਸਬੰਧ ਵਿਚ ਉਹ ਆਪਣੇ ਦੇਸ਼ ਵਿਚ ਇਸ ਉਦੇਸ਼ ਲਈ ਖ਼ਰਚ ਕੀਤੀ ਜਾ ਰਹੀ ਰਕਮ ਦੀ ਤੁਲਨਾ ਵਿਚ ਬਹੁਤ ਥੋੜੀ ਪੂੰਜੀ ਨਾਲ ਵਿਸ਼ੇਸ਼ ਪ੍ਰਭਾਵ ਉਤਪੰਨ ਕਰਨ ਵਿਚ ਸਫਲ ਹੋ ਗਏ ਹਨ।

ਇਸ ਕਾਰਜ ਨੂੰ ਭਾਰਤ ਵਿਚ ਪ੍ਰਭਾਵਕਾਰੀ ਢੰਗ ਨਾਲ ਚਲਾਉਣ ਲਈ ਸੁਆਮੀ ਰਾਮ ਲੋਕਾਂ ਦੇ ਸਾਹਮਣੇ ਆਪਣੇ ਭਾਸ਼ਣ ਵਿਚ 'ਭਾਰਤ ਦੇ ਲੋਕਾਂ ਦੀ ਹਾਲਤ' ਬਾਰੇ ਪ੍ਰਕਾਸ਼ ਪਾਉਣਗੇ। ਇਹ ਭਾਸ਼ਣ ਮਾਰਕੁਏਨ ਥੀਏਟਰ ਵਿਚ 20 ਦਸੰਬਰ ਨੂੰ 3 ਵਜੇ ਬਾਅਦ ਦੁਪਹਿਰ ਹੋਵੇਗਾ। ਇਸ ਲੈਕਚਰ ਦੀ ਕੋਈ ਫ਼ੀਸ ਨਹੀਂ ਹੋਵੇਗੀ, ਪਰ ਇਸ ਵਿਚ ਸੀਟ ਰਾਖਵੀਂ ਕਰਵਾਉਣ ਲਈ ਮਾਰਕੁਏਨ ਥੀਏਟਰ ਦੇ ਬਾਕਸ

ਆਫ਼ਿਸ ਵਿਚ ਸ਼ਨਿਚਰਵਾਰ ਸਵੇਰੇ 10 ਵਜੇ ਸੀਟਾਂ ਰਾਖਵੀਆਂ ਕਰਵਾਈਆਂ ਜਾ ਸਕਦੀਆਂ ਹਨ।

ਸੁਆਮੀ ਰਾਮ ਆਪਣੇ ਲਈ ਨਿਜੀ ਤੌਰ ਤੇ ਕਿਸੀ ਪੈਸੇ ਦੀ ਮੰਗ ਨਹੀਂ ਕਰਦੇ, ਪਰ ਇਸ ਲੈਕਚਰ ਪਿਛੋਂ ਜਿਹੜੀ ਰਕਮ ਉਗਰਾਹੀ ਜਾਵੇਗੀ, ਉਹ ਉਨ੍ਹਾਂ ਦੇ ਜਾਰੀ ਕੀਤੇ ਗਏ ਮਿਸ਼ਨ ਦੇ ਪ੍ਰਚਾਰ ਲਈ ਵਰਤੀ ਜਾਵੇਗੀ। ਇਸ ਲਈ ਇਸ ਸ਼ੁਭ ਕਾਰਜ ਵਿਚ ਸਹਾਇਤਾ ਕਰਨ ਲਈ ਹਰ ਇਕ ਨੂੰ ਅਵਸਰ ਪ੍ਰਾਪਤ ਹੋਵੇਗਾ। ਇਹ ਰਕਮ ਭਾਰਤ ਵਿਚ ਨਹੀਂ ਭੇਜੀ ਜਾਏਗੀ, ਸਗੋਂ ਇਥੇ ਅਮਰੀਕਾ ਵਿਚ ਹੀ ਖ਼ਰਚ ਕੀਤੀ ਜਾਵੇਗੀ। ਸੁਆਮੀ ਰਾਮ ਜੀ ਦੀ ਯੋਜਨਾ ਇਹ ਹੈ ਕਿ ਭਾਰਤ ਵਿਚੋਂ ਨੌਜਵਾਨ ਹਿੰਦੂ ਵਿਦਿਆਰਥੀਆਂ ਨੂੰ ਡਿਗਰੀ ਤੇ ਪੋਸਟ ਗ੍ਰੈਜੂਏਟ ਪਧਰ ਦੀ ਪੜ੍ਹਾਈ ਲਈ ਅਮਰੀਕਾ ਬੁਲਾਇਆ ਜਾਵੇ ਅਤੇ ਇਥੋਂ ਉੱਚ ਸਿੱਖਿਆ ਪ੍ਰਾਪਤ ਕਰਕੇ ਇਹ ਵਿਦਿਆਰਥੀ ਭਾਰਤ ਵਿਚ ਜਾ ਕੇ ਸਮਾਜਕ ਸੁਧਾਰ ਤੇ ਕ੍ਰਾਂਤੀ ਲਿਆਉਣ ਲਈ ਆਪਣੀ ਸ਼ਕਤੀ ਤੇ ਸਮਾਂ ਅਰਪਣ ਕਰਨ।

ਸਟੈਂਡਫੋਰਡ ਯੂਨੀਵਰਸਿਟੀ ਦੇ ਡਾਕਟਰ ਸਟਾਰ ਜੋਰਡਨ, ਕੈਲਫੋਰਨੀਆਂ ਯੂਨੀਵਰਸਿਟੀ ਦੇ ਪ੍ਰਧਾਨ ਬੀ. ਆਈ. ਵੈਲਰ, ਕੈਲੇਫੋਰਨੀਆਂ ਦੇ ਯੂਨਾਈਟਿਡ ਸਟੇਟ ਆਫ਼ ਅਮਰੀਕਾ ਦੇ ਅਪੀਲ ਸੁਣਨ ਵਾਲੇ ਜੱਜ ਮਾਰੋ ਇਸ ਫੰਡ ਦੇ ਨਿਗਰਾਨ ਹਨ।

ਸਾਂਨਫਰਾਂਸਿਸਕੋ ਦੀ ਇਕ ਪਤ੍ਰਕਾ ਵਿਚ ਸਾਂਨਫਰਾਂਸਿਸਕੋ ਵਿਖੇ ਦਿਤੇ ਗਏ ਸੁਆਮੀ ਜੀ ਦੇ ਭਾਸ਼ਣਾਂ ਦੀ ਲੜੀ ਦੇ ਸਬੰਧ ਵਿਚ ਇਸ ਤਰ੍ਹਾਂ ਉਲੇਖ ਕੀਤਾ ਗਿਆ ਹੈ।

ਵਸਤੂਆਂ ਦੇ ਪੁਰਾਤਨ ਕ੍ਰਮ ਨੂੰ ਬਦਲਣ ਦੀ ਲੋੜ ਹੈ। ਉਪਰਲੇ ਭਾਰਤ ਦੇ ਜੰਗਲਾਂ ਵਿਚੋਂ ਇਕ ਅਜਿਹਾ ਵਿਅਕਤੀ ਇਥੇ ਪੁਜਾ ਹੈ, ਜੋ ਹੈਰਾਨ ਕਰ ਦੇਣ ਵਾਲੀ ਬੁਧੀ ਦਾ ਸੁਆਮੀ ਹੈ। ਉਹ ਇਕ ਪੈਗੰਬਰ, ਦਰਸ਼ਨਵੇਤਾ, ਵਿਗਿਆਨੀ ਅਤੇ ਧਰਮ-ਸ਼ਾਸਤਰੀ ਹੈ, ਜੋ ਅਮਰੀਕਾ ਵਿਚ ਧਰਮ-ਪ੍ਰਚਾਰ ਦੇ ਆਸ਼ੇ ਤੋਂ ਕੁਝ ਕਰ ਸਕਣ ਦੀ ਯੋਜਨਾ ਬਣਾਈ ਬੈਠਾ ਹੈ। ਉਹ ਸ਼ਕਤੀਸ਼ਾਲੀ ਡਾਲਰ ਦੇ ਪੂਜਕ ਲੋਕਾਂ ਨੂੰ 'ਨਿਰਸੁਆਰਥਤਾ' ਦੇ 'ਨਵੇਂ ਮਤ' ਦਾ ਸੰਦੇਸ਼ ਦੇਣ ਆਇਆ ਹੈ। ਉਹ ਉਚ ਕੁਲ ਬ੍ਰਾਹਮਣ, ਗੋਸੁਆਮੀ ਜਾਤੀ ਵਿਚੋਂ ਹੈ, ਜਿਸ ਨੂੰ ਉਸ ਦੇ ਭਾਰਤ ਵਰਸ਼ ਦੇ ਬੰਧੂਜਨ ਸੁਆਮੀ ਰਾਮ ਕਰਕੇ ਜਾਣਦੇ ਹਨ।

ਹਿਮਾਲਿਆ ਦਾ ਇਹ ਅਦੁੱਤੀ ਰਿਸ਼ੀਵਰ ਪਤਲਾ ਤੇ ਬੁਧੀਵਾਨ ਯੁਵਕ ਹੈ, ਜੋ ਇਸ ਧਰਮ ਪ੍ਰਚਾਰਕ ਦੇ ਸਰੂਪ ਵਿਚ ਉਚ ਕੁਲੀਨ ਬ੍ਰਾਹਮਣ ਦੇ ਭਖਵੇਂ ਜੁੱਸੇ ਤੇ ਗੋਰੇ ਰੰਗ ਵਾਲਾ ਹੈ। ਉਸ ਦਾ ਮਸਤਕ ਚੌੜਾ ਤੇ ਉੱਚਾ, ਦਿਮਾਗ਼ ਸ਼ਾਨਦਾਰ ਰੂਪ ਵਿਚ ਵਿਕਸਿਤ, ਨੱਕ ਪਤਲਾ ਤੇ ਇਸਤਰੀਆਂ ਸਮਾਨ ਕੋਮਲ ਹੈ ਅਤੇ ਉਸ ਦੀ ਠੋਡੀ ਕਿਸੇ ਅੰਤਰੀਵ ਇੱਛਾ ਸ਼ਕਤੀ ਦੀ ਦ੍ਰਿੜ੍ਹਤਾ ਦੀ ਦਖ ਦਿੰਦੀ ਹੈ, ਜੋ ਹੱਠ ਦੇ ਭਾਵਾਂ ਤੋਂ ਬਿਲਕੁਲ ਵਖਰੀ ਹੈ। ਖੁਲ੍ਹਾ, ਉਦਾਰ ਅਤੇ ਕੋਮਲ ਮੂੰਹ, ਜਿਸ ਵਿਚ ਚਿੱਟੇ ਚਮਕੀਲੇ ਦੰਦ ਇਸਤਰ੍ਹਾਂ ਦਾ ਨੂਲਾ ਹਾਸਾ ਹਸਦੇ ਹਨ ਕਿ ਉਨ੍ਹਾਂ ਦੇ ਨਿਵਾਸ ਉੱਤੇ ਆਇਆ ਹਰ ਵਿਆਕਤੀ ਪ੍ਰੇਮ ਤੇ ਉਦਾਰਤਾ ਦੇ ਮਨੋਭਾਵਾਂ ਤੋਂ ਇਕਦਮ ਪ੍ਰਭਾਵਤ ਹੋਣ ਤੋਂ ਬਿਨਾਂ ਰਹਿ ਨਹੀਂ ਸਕਦਾ। ਇਹ ਭਖਵੇਂ ਜੁੱਸੇ ਤੇ ਚਮਕਦੇ ਮੁਖੜੇ ਵਾਲਾ ਮਹਾਂ ਪੁਰਸ਼ ਹਰ ਉਸ ਵਿਅਕਤੀ ਦੇ ਵਿਸ਼ਵਾਸ ਨੂੰ ਜਿੱਤ ਲੈਂਦਾ ਹੈ, ਜੋ ਵੀ ਉਸ ਨੂੰ ਮਿਲਣ ਆਉਂਦਾ ਹੈ।

ਕਲ੍ਹ ਉਨ੍ਹਾਂ ਨੇ ਪ੍ਰਵਚਨ ਕੀਤਾ ਸੀ, ''ਮੈਂ ਕਿਵੇਂ ਰਹਿੰਦਾ ਹਾਂ?'' ''ਇਹ ਗੱਲ ਬੜੀ ਸਾਦਾ ਹੈ। ਮੈਂ ਕੋਈ ਯਤਨ ਨਹੀਂ ਕਰਦਾ। ਮੇਰਾ ਵਿਸ਼ਵਾਸ ਹੈ ਕਿ ਮੈਂ ਆਪਣੀ ਆਤਮਾ ਨੂੰ ਸਭ ਦੇ ਪ੍ਰੇਮ ਨਾਲ ਇਕਸੁਰ ਕਰ ਲੈਂਦਾ ਹਾਂ। ਇਸ ਨਾਲ ਸਾਰੇ ਮੈਨੂੰ ਪ੍ਰੇਮ ਕਰਨ ਲਗ ਪੈਂਦੇ ਹਨ ਅਤੇ ਜਿਥੇ ਪ੍ਰੇਮ ਹੈ, ਉਥੇ ਨਾ ਕੋਈ ਥੁੜ੍ਹ ਹੁੰਦੀ ਹੈ ਤੇ ਨਾ ਕੋਈ ਕਸ਼ਟ। ਮੇਰੇ ਮਨ ਦੀ ਇਸ ਦਸ਼ਾ ਅਤੇ ਮੇਰਾ ਇਹ ਨਿਸਚਾ ਮੇਰੇ ਅੰਦਰ ਇਕ ਅਜਿਹਾ ਪ੍ਰਭਾਵ ਉਤਪੰਨ ਕਰ ਦਿੰਦਾ ਹੈ ਕਿ ਬਿਨਾਂ ਮੰਗਣ ਦੇ ਹੀ ਮੈਨੂੰ ਸਭ ਕੁਝ ਪ੍ਰਾਪਤ ਹੋ ਜਾਂਦਾ ਹੈ। ਜੇ ਮੈਨੂੰ ਭੁੱਖ ਲੱਗੀ ਹੋਵੇ ਤਾਂ ਕੋਈ ਨਾ ਕੋਈ ਮੇਰੇ ਲਈ ਭੋਜਨ ਲੈ ਕੇ ਖੜਾ ਹੁੰਦਾ ਹੈ। ਮੈਨੂੰ ਕਿਸੇ ਕੋਲੋਂ ਪੈਸਾ ਲੈਣ ਦੀ ਆਗਿਆ ਨਹੀਂ ਹੈ, ਨਾ ਹੀ ਕਿਸੇ ਕੋਲੋਂ ਕੁਝ ਹੋਰ ਮੰਗਣ ਦੀ। ਫਿਰ ਵੀ ਮੈਨੂੰ ਹਰ ਵਸਤ ਪ੍ਰਾਪਤ ਹੋ ਜਾਂਦੀ ਹੈ ਅਤੇ ਸਭ ਤੋਂ ਵਧੇਰੇ ਮੈਂ ਇਕ ਅਜਿਹਾ ਜੀਵਨ ਜੀ ਰਿਹਾ ਹਾਂ, ਜੋ ਕਿਸੇ ਵਿਰਲੇ ਨੂੰ ਹੀ ਨਸੀਬ ਹੁੰਦਾ ਹੈ।''

ਓਰਗੇਨੀਅਨ (ਪਤ੍ਰਕਾ) ਵਿਚ ਇਸਤਰ੍ਹਾਂ ਅੰਕਤ ਕੀਤਾ ਗਿਆ ਹੈ:-

ਸੁਆਮੀ ਤੀਰਥ ਰਾਮ, ਜੋ ਭਾਰਤ ਦੇ ਧਾਰਮਿਕ ਪੁਰਸ਼ਾਂ ਵਿਚੋਂ ਵਿਦਵਾਨ ਤੇ ਸੁਵਕਤਾ ਹਨ- ਮਾਰਕੁਏਨ ਥੀਏਟਰ ਵਿਖੇ ਅਗਲੇ ਐਤਵਾਰ ਨੂੰ ਲੌਢੇ ਪਹਿਰ ''ਭਾਰਤ ਵਿਚ ਅਜੋਕੀ ਸਥਿਤੀ'' ਦੇ ਵਿਸ਼ੇ ਉਤੇ ਭਾਸ਼ਣ ਦੇਣਗੇ। ਉਹ ਆਪਣੇ ਬਾਰੇ ਘਟ ਹੀ ਕੁਝ ਕਹਿੰਦੇ ਹਨ ਕਿ ਉਨ੍ਹਾਂ ਦੀ ਆਪਣੇ ਦੇਸ਼ ਵਿਚ ਕੀ ਪਦਵੀ ਹੈ ਅਤੇ ਉਨ੍ਹਾਂ ਨੇ ਕੀ ਕੁਝ ਪ੍ਰਾਪਤ ਕਰ ਲਿਆ ਹੋਇਆ ਹੈ।

ਸੁਆਮੀ ਰਾਮ ਜਾਤਪਾਤ ਦੇ ਸਕੰਜੇ ਵਿਚ ਗ੍ਰਸਤ, ਪਛੜੇ ਤੇ ਲਿਤਾੜੇ ਹੋਏ ਆਪਣੇ ਦੇਸ਼ ਵਾਸੀਆਂ ਬਾਰੇ ਬਹੁਤਾ ਨਹੀਂ ਦਸਦੇ, ਨਾ ਹੀ ਉਨ੍ਹਾਂ ਦੀ ਸਹਾਇਤਾ ਕਰਨ ਲਈ ਕੁਝ ਵਿਸ਼ੇਸ਼ ਜੁਗਤਾਂ ਦੀ ਚਰਚਾ ਕਰਦੇ ਹਨ, ਸਗੋਂ ਪ੍ਰਭਾਵਸ਼ਾਲੀ ਢੰਗ ਨਾਲ ਉਨ੍ਹਾਂ ਦੇ ਉਥਾਨ ਲਈ ਅਜਿਹੇ ਢੰਗ ਹੀ ਅਪਨਾਉਣ ਲਈ ਕਹਿੰਦੇ ਹਨ। ਭਾਵੇਂ ਇਹ ਕਾਰਜ ਬੜੇ ਪਵਿੱਤਰ, ਸੁਹਿਰਦ ਦੇ ਪਰਉਪਕਾਰੀ ਭਾਵਨਾ ਨਾਲ ਭਰਪੂਰ ਹਨ, ਸਗੋਂ ਉਹ ਤਾਂ ਧੀਰੇ ਧੀਰੇ ਸਾਡੇ ਲੋਕਾਂ ਦੀ ਰੁਚੀ ਨੂੰ ਆਪਣੇ ਵਿਅਕਤਿਤਵ ਵਲ ਆਕ੍ਰਸ਼ਿਤ ਕਰਨਾ ਚਾਹੁੰਦੇ ਹਨ ਤਾਂ ਜੋ ਸਾਡੇ ਅੰਦਰ ਇਹ ਇੱਛਾ ਤੇ ਉਤਸੁਕਤਾ ਪੈਦਾ ਹੋ ਜਾਵੇ ਕਿ ਅਸੀਂ ਜਾਣ ਸਕੀਏ ਕਿ ਸੁਆਮੀ ਰਾਮ ਕੌਣ ਹਨ ਅਤੇ ਹੋਰ ਉਨ੍ਹਾਂ ਬਾਰੇ ਕੀ ਕੁਝ ਜਾਣਨਯੋਗ ਹੈ। ਆਪਣੀ ਸੁਹਿਰਦਤਾ, ਸਾਦਗੀ ਤੇ ਸਚਿਆਰਤਾ ਕਾਰਣ ਉਹ ਆਪਣੀ ਪੋਰਟਲੈਂਡ ਦੀ ਯਾਤਰਾ ਸਮੇਂ ਜਿਹੜੇ ਜਿਹੜੇ ਵਿਅਕਤੀਆਂ ਨੂੰ ਮਿਲੇ ਹਨ ਅਤੇ ਜਿਨ੍ਹਾਂ ਦੀ ਮਿਤਰਤਾ ਨੂੰ ਉਨ੍ਹਾਂ ਨੇ ਜਿਤਿਆ ਹੈ, ਉਨ੍ਹਾਂ ਤੋਂ ਉਨ੍ਹਾਂ ਦੇ ਨਿਜੀ ਜੀਵਨ ਬਾਰੇ ਬਹੁਤ ਕੁਝ ਜਾਣਿਆਂ ਜਾ ਸਕਦਾ ਹੈ।

ਬਹੁ ਭਾਸ਼ਾਵਾਂ ਦੇ ਗਿਆਤਾ, ਆਪਣੇ ਦੇਸ਼ ਵਿਚ ਵਿਗਿਆਨੀ ਤੇ ਦਰਸ਼ਨਵੇਤਾ ਦੇ ਰੂਪ ਵਿਚ ਸੁਪ੍ਰਸਿੱਧ ਸੁਆਮੀ ਰਾਮ ਭਾਰਤ ਵਿਚ ਪੰਜਾਬ ਯੂਨੀਵਰਸਿਟੀ ਦੇ ਪ੍ਰਾਕ੍ਰਿਤਕ-ਦਰਸ਼ਨ ਵਿਭਾਗ ਵਿਚ ਕਈ ਸਾਲ ਪ੍ਰੋਫੈਸਰ ਰਹਿ ਚੁਕੇ ਹਨ। ਇਸ ਕਾਰਜ ਨੂੰ ਉਨ੍ਹਾਂ ਨੇ ਤਿਆਗ ਦਿਤਾ, ਉੱਚੇ ਪਰਬਤਾਂ ਤੇ ਜਾ ਕੇ ਉਨ੍ਹਾਂ ਨੇ ਬਹੁਤ ਸਾਰਾ ਸਮਾਂ ਧਾਰਮਿਕ ਦਰਸ਼ਨ ਦੀ ਖੋਜ ਵਿਚ ਬਿਤਾਇਆ ਹੈ ਅਤੇ ਵੇਦਾਂਤ-ਦਰਸ਼ਨ ਦੇ ਗ੍ਰੰਥਾਂ ਦੀ ਖੋਜ ਤੇ ਦਾਰਸ਼ਨਿਕ ਅਧਿਐਨ ਦੇ ਖੇਤਰ ਵਿਚ ਉਨ੍ਹਾਂ ਨੂੰ ਅਦੁਤੀ ਪ੍ਰਬੀਨਤਾ ਪ੍ਰਾਪਤ ਹੈ। ਦਸੰਬਰ, 1901 ਵਿਚ ਉਨ੍ਹਾਂ ਨੇ ਮਥਰਾ ਵਿਖੇ ਵਿਸ਼ਵ ਧਰਮ ਸੰਮੇਲਨ ਦੀ ਪ੍ਰਧਾਨਗੀ ਵੀ ਕੀਤੀ ਹੈ। ਇਸ ਸਮਾਗਮ ਵਿਖੇ ਜਿਸ ਤਰ੍ਹਾਂ ਉਨ੍ਹਾਂ ਨੇ ਇਸ ਅਧਿਅਕਸ਼ ਪੱਦ ਦੇ ਕਾਰਜ ਨੂੰ ਨਿਭਾਇਆ, ਉਸ ਬਾਰੇ ਭਾਰਤ ਦੇ ਲਾਹੌਰ ਤੋਂ ਪ੍ਰਕਾਸ਼ਤ ਇਕ ਪੱਤਰ ''ਦੀ ਫਰੀ ਥਿੰਕਰ'' ਨੇ ਇਸ ਪ੍ਰਕਾਰ ਉਲੇਖ ਕੀਤਾ:-

''ਸੁਆਮੀ ਰਾਮ ਤੀਰਥ ਐਮ. ਏ. ਜੋ ਪਿਛਲੇ ਸਮਾਗਮ ਦੀ ਜਿੰਦ ਜਾਨ ਸਨ, ਬਾਰੇ ਜਿਨ੍ਹਾਂ ਨੇ ਇਸ ਸਮਾਗਮ ਦੇ ਇਕ ਸੈਸ਼ਨ ਦੀ ਪ੍ਰਧਾਨਗੀ ਕੀਤੀ, ਲੇਖਕ ਕੋਲ ਉਹ ਸ਼ਬਦ ਨਹੀਂ ਹਨ, ਜਿਨ੍ਹਾਂ ਦੁਆਰਾ ਉਹ ਉਨ੍ਹਾਂ ਦੇ ਕੀਤੇ ਕੰਮ ਦੀ ਪ੍ਰਸ਼ੰਸਾ ਕਰ ਸਕੇ। ਮੰਚ ਦਾ ਕਰਤਾ ਧਰਤਾ ਹੋਣ ਦੇ ਨਾਤੇ ਉਨ੍ਹਾਂ ਕੋਲ ਹਰ ਸੈਸ਼ਨ ਦੀ ਸਮਾਪਤੀ ਸਮੇਂ ਸਾਰੇ ਦਿਨ ਦੇ ਹੋਏ ਵਿਚਾਰਾਂ ਦਾ ਸਾਰੰਸ਼ ਦੇਣ ਲਈ ਅਤੇ ਉਸ ਬਾਰੇ ਆਪਣੇ ਪ੍ਰਤੀਕਰਮ ਦਸਣ ਲਈ ਕਾਫ਼ੀ ਖੁਲ੍ਹਾ ਸਮਾਂ ਹੁੰਦਾ ਸੀ। ਜਦੋਂ ਉਹ ਭਾਸ਼ਣ ਦਿੰਦੇ ਸਨ ਤਾਂ ਉਹ ਸਰਵੋਤਮ ਵਕਤਾ ਦੇ ਰੂਪ ਵਿਚ ਪ੍ਰਗਟ ਹੁੰਦੇ ਸਨ। ਹਰ ਵਿਅਕਤੀ

ਲਈ ਸਾਂਝੇ, ਵਿਚਾਰਸ਼ੀਲ, ਗੰਭੀਰ, ਕਈ ਵਾਰ ਬੜੇ ਉਤਸ਼ਾਹ ਭਰਪੂਰ ਤੇ ਕਈ ਵਾਰ ਬੜੇ ਕਠੋਰ-ਭਿੰਨ ਭਿੰਨ ਵਿਚਾਰ ਰਖਣ ਵਾਲੇ ਸਭ ਵਿਅਕਤੀਆਂ ਨੂੰ ਸੰਤੁਸ਼ਟ ਕਰ ਦਿੰਦੇ ਸਨ। ਆਪਣੀ ਸੁਭਾਸ਼ਣੀ ਸ਼ਕਤੀ ਦੁਆਰਾ ਉਹ ਸਰੋਤਿਆਂ ਨੂੰ ਕੀਲ ਲੈਂਦੇ ਸਨ ਤੇ ਘੰਟਿਆਂ ਬੱਧੀ ਵਿਸ਼ੇਸ਼ ਕਰਕੇ ਡੂੰਘੀ ਆਥਣ ਤਕ ਉਹ ਲੋਕਾਂ ਦੀ ਦਿਲੀ ਪ੍ਰਸ਼ੰਸਾ ਤੇ ਤਾੜੀਆਂ ਦੀ ਗੂੰਜ ਵਿਚ ਉਹ ਇਹ ਐਲਾਨ ਕਰਦੇ ਸਨ ਕਿ ਅਜ ਦੇ ਸੈਸ਼ਨ ਦੀ ਕਾਰਵਾਈ ਸਮਾਪਤ ਹੋ ਗਈ ਹੈ। ਆਪਣੀ ਭਰਪੂਰ ਜਵਾਨੀ ਵਿਚ ਉਹ ਸੰਕੋਚਵਾਨ ਤੇ ਨਿਮਰਤਾ ਦੇ ਪੁੰਜ ਹਨ, ਪੁਰਾਤਨ ਤੇ ਆਧੁਨਿਕ ਦਰਸ਼ਨ ਉੱਤੇ ਉਨ੍ਹਾਂ ਨੂੰ ਪੂਰਾ ਅਧਿਕਾਰ ਹੈ। ਵਰਤਮਾਨ ਕਾਲ ਦੇ ਪ੍ਰਮਾਣਤ ਵਿਗਿਆਨਾਂ ਦਾ ਉਨ੍ਹਾਂ ਨੂੰ ਬੋਧ ਹੈ ਅਤੇ ਸਭ ਤੋਂ ਵਧੇਰੇ ਉਹ ਉਸ ਮੂਲਭੂਤ ਸਮੱਗਰੀ ਦੀ ਸਿਰਜਣਾ ਹਨ, ਜੋ ਸੁਹਿਰਦ ਨਿਸ਼ਚਿਆਂ ਨੂੰ ਘੜਣ ਵਿਚ ਉਪਯੁਕਤ ਸਿਧ ਹੁੰਦੀ ਹੈ। ਭੱਦਰ ਤੇ ਪਿਆਰ ਕਰਨ ਯੋਗ ਆਪਣੇ ਵਿਵਹਾਰ ਵਿਚ ਬਾਲਾਂ ਹਾਰ ਭੋਲੇ ਤੇ ਨਿਰਛਲ, ਉਨ੍ਹਾਂ ਦੀ ਸ਼ਖ਼ਸੀਅਤ ਇਸ ਤਰ੍ਹਾਂ ਹੈ, ਜਿਵੇਂ ਪੱਟ ਦੇ ਦਸਤਾਨਿਆਂ ਵਿਚ ਲੋਹੇ ਦੇ ਹੱਥ ਸੁਰੱਖਿਅਤ ਕੀਤੇ ਗਏ ਹੋਣ। ਸੁਘੜ ਤੇ ਸਿਆਣੇ, ਦਾਨੇ, ਦੂਜਿਆਂ ਦੀ ਕਦਰ ਕਰਨ ਵਾਲੇ, ਉਹ ਆਪਣੇ ਵਿਚਾਰਾਂ ਨੂੰ ਬੜੇ ਖ਼ਰੇ ਤੇ ਸਪੱਸ਼ਟ ਸ਼ਬਦਾਂ ਵਿਚ ਪ੍ਰਗਟਾ ਦਿੰਦੇ ਹਨ ਅਤੇ ਕੋਈ ਉਲਝਣ ਜਾਂ ਇਧਰ ਉਧਰ ਦੀ ਬੇਤੁੱਕੀ ਗੱਲ ਨਹੀਂ ਕਰਦੇ, ਨਾ ਹੀ ਉਹ ਆਪਣੇ ਆਪ ਬਣੇ 'ਰੱਬੀ ਇੱਛਾ ਸ਼ਕਤੀ' ਦੇ ਨਿਗਰਾਨ ਜਾਂ ਸਰਪ੍ਰਸਤ ਹੋਣ ਦਾ ਦਾਅਵਾ ਕਰਦੇ ਹਨ। ਇਹ ਆਸ ਕੀਤੀ ਜਾ ਸਕਦੀ ਹੈ ਕਿ ਸਚਿਆਰਤਾ ਤੇ ਉਦਾਰਤਾਵਾਦ ਦੇ ਇਸ ਪ੍ਰੇਮੀ ਨੂੰ ਆਪਣੇ ਵਲੋਂ ਅਪਨਾਏ ਗਏ ਜੀਵਨ ਮਾਰਗ ਲਈ ਕਦੀ ਪ੍ਰਾਸ਼ਚਿਤ ਨਹੀਂ ਕਰਨਾ ਪਵੇਗਾ, ਨਾ ਹੀ ਉਨ੍ਹਾਂ ਨੂੰ ਕਦੀ ਧਰਮ ਮਹਾਂ ਉਤਸਵ ਨਾਲ ਪਾਈ ਗਈ ਤਦਰੂਪਤਾ ਦੀ ਸਾਂਝ ਤੋਂ ਕਦੀ ਪਿਛੇ ਹਟਣਾ ਪਵੇਗਾ ਅਤੇ ਇਕ ਵਿਦਵਾਨ ਸੰਨਿਆਸੀ ਦੇ ਨਾਤੇ ਉਹ ਇਸ ਧਾਰਮਿਕ ਮਾਰਗ ਤੇ ਚਲ ਕੇ ਇਨ੍ਹਾਂ ਉਚ ਆਦਰਸ਼ਾਂ ਦੇ ਪ੍ਰਸਾਰ ਲਈ ਸਭ ਤੋਂ ਢੁਕਵੇਂ ਵਿਅਕਤੀ ਹਨ।''

ਅਧਿਆਇ ਤੇਰ੍ਹਵਾਂ

ਸੁਆਮੀ ਰਾਮ ਤੀਰਥ ਦੀ ਦੇਸ਼ ਵਾਪਸੀ- ਮਥੁਰਾ ਤੇ ਪੁਸ਼ਕਰ

ਅਮਰੀਕਾ ਤੋਂ ਵਾਪਸ ਆ ਕੇ ਸੁਆਮੀ ਰਾਮ ਤੀਰਥ ਮਥੁਰਾ ਵਿਖੇ ਬਿਰਧ ਫੈਰਿਮੀ ਸੰਤ ਸ਼ਿਵ ਗੁਣਾਂ ਆਚਾਰੀਆ ਕੋਲ ਜਮੁਨਾ ਦੇ ਪਾਰਲੇ ਕੰਢੇ ਸ਼ਾਂਤੀ ਆਸਰਮ ਵਿਚ ਟਿਕੇ। ਮੈਂ ਆਪਣੇ ਇਕ ਮਿਤਰ ਨਾਲ ਲਾਹੌਰ ਤੋਂ ਉਨ੍ਹਾਂ ਨੂੰ ਮਿਲਣ ਗਿਆ। ਉੱਥੇ ਮੈਂ ਜਦੋਂ ਅੱਠ ਵਜੇ ਸਵੇਰੇ ਪੁਜਾ ਤਾਂ ਕੀ ਵੇਖਦਾ ਹਾਂ ਕਿ ਸੁਆਮੀ ਜੀ ਆਪਣੇ ਕਮਰੇ ਵਿਚ ਹੀ ਸਨ। ਦਰਵਾਜ਼ੇ ਦੀ ਅੰਦਰੋਂ ਕੁੰਡੀ ਲਗੀ ਹੋਈ ਸੀ। ਉਨ੍ਹਾਂ ਦੇ ਆਰਾਮ ਭੰਗ ਕਰਨ ਦੀ ਜੋਖੋਂ ਸਹੇੜ ਕੇ ਵੀ ਮੈਂ ਦਰਵਾਜ਼ੇ ਨੂੰ ਖੜਕਾਇਆ। ਉਨ੍ਹਾਂ ਨੇ ਕਿਹਾ, "ਕੌਣ ਹੈ?" "ਮੈਂ ਤੁਹਾਡਾ ਪੂਰਨ !" ਮੈਂ ਉੱਤਰ ਦਿੱਤਾ। ਉਹ ਉਠ ਖੜੋਤੇ ਤੇ ਉਨ੍ਹਾਂ ਨੇ ਦਰਵਾਜ਼ਾ ਖੋਲ੍ਹਿਆ। ਮੈਂ ਉਨ੍ਹਾਂ ਨੂੰ ਤਿੰਨ ਸਾਲਾਂ ਪਿਛੋਂ ਮਿਲਿਆ ਸਾਂ। ਇਹ ਸਿਆਲ ਦੇ ਦਿਨਾਂ ਦੀ ਗੱਲ ਹੈ। ਉਨ੍ਹਾਂ ਨੇ ਗੇਰੂਏ ਰੰਗ ਦੇ ਕੰਬਲ ਦੀ ਬੁੱਕਲ ਮਾਰੀ ਹੋਈ ਸੀ, ਮੈਨੂੰ ਉਹ ਬਿਲਕੁਲ ਅਨਿਜੀ ਢੰਗ ਨਾਲ ਮਿਲੇ, ਮੈਨੂੰ ਆਪਣੇ ਕੋਲ ਬੈਠਣ ਲਈ ਕਿਹਾ, ਉਨ੍ਹਾਂ ਦੀਆਂ ਅੱਖਾਂ ਵਿਚ ਚਮਕ ਸੀ, ਉਨ੍ਹਾਂ ਇੰਝ ਕਹਿਣਾ ਸ਼ੁਰੂ ਕੀਤਾ, "ਕੁਰਬਾਨੀ ਦੇਣ ਨਾਲ ਹੀ ਦੇਸ਼ ਆਜ਼ਾਦ ਹੋਵੇਗਾ। ਪਹਿਲਾਂ ਰਾਮ ਦਾ ਸੀਸ ਭੇਟ ਹੋਵੇਗਾ, ਫਿਰ ਪੂਰਨ ਦਾ ਅਤੇ ਫਿਰ ਹਜ਼ਾਰਾਂ ਲੋਕਾਂ ਨੂੰ ਆਪਣੇ ਸਿਰ ਬਲੀਦਾਨ ਕਰਨੇ ਹੋਣਗੇ, ਇਸ ਤਰ੍ਹਾਂ ਹੀ ਦੇਸ਼ ਆਜ਼ਾਦ ਹੋਵੇਗਾ, ਭਾਰਤ ਮਾਤਾ ਨੂੰ ਬੰਧਨ-ਮੁਕਤ ਕਰਨਾ ਹੋਵੇਗਾ।" ਮੈਨੂੰ ਬੜੀ ਹੈਰਾਨੀ ਹੋਈ। ਇਹੋ ਜਿਹੀ ਗਲਬਾਤ ਉਨ੍ਹਾਂ ਨੇ ਟੋਕੀਓ ਵਿਖੇ ਜਿਥੇ ਉਨ੍ਹਾਂ ਦੇ ਸਭ ਤੋਂ ਪਹਿਲਾਂ ਮੈਂ ਦਰਸ਼ਨ ਕੀਤੇ ਸਨ, ਕਦੀ ਨਹੀਂ ਸੀ ਹੋਈ। ਵੱਖ ਵੱਖ ਆਜ਼ਾਦ ਦੇਸ਼ਾਂ ਵਿਚ ਭ੍ਰਮਣ ਕਰਕੇ, ਇੰਝ ਪ੍ਰਤੀਤ ਹੁੰਦਾ ਹੈ ਕਿ ਉਨ੍ਹਾਂ ਦੇ ਧਰਮ ਪ੍ਰਚਾਰ ਵਾਲੀ ਭਾਵਨਾ ਮਾਂਦੀ ਪੈ ਚੁਕੀ ਸੀ। ਇਥੋਂ ਦੀ ਸਾਰੀ ਗਲਬਾਤ ਪਿਛੋਂ ਮੈਨੂੰ ਇੰਝ ਲਗਾ, ਜਿਵੇਂ ਉਹ ਹੁਣ ਰਾਜਨੀਤਕ ਪ੍ਰਚਾਰ ਨੂੰ ਸਭ ਤੋਂ ਵੱਧ ਮਹੱਤਤਾ ਦੇ ਰਹੇ ਹੋਣ। ਜਦੋਂ ਅਸੀਂ ਕੁਝ ਚਿਰ ਲਈ ਕਮਰੇ ਤੋਂ ਬਾਹਰ ਆਏ ਤਾਂ ਮਥੁਰਾ ਤੋਂ ਆਏ ਦੋ ਭੱਦਰ ਪੁਰਸ਼ ਅਗੇ ਵਧੇ। ਉਨ੍ਹਾਂ ਨੇ ਕਾਲੀਆਂ ਟੋਪੀਆਂ, ਲੰਮੇ ਗੁਲੂਬੰਦ ਤੇ ਪੱਟੂ ਪਹਿਨੇ ਹੋਏ ਸਨ ਅਤੇ ਜ਼ਾਹਰਾ ਤੌਰ ਤੇ ਪ੍ਰਤੀਤ ਹੁੰਦਾ ਸੀ ਕਿ ਉਹ ਸੁਆਮੀ ਜੀ ਦੇ ਦਰਸ਼ਨ ਕਰਨ ਆਏ ਸਨ। ਸੁਆਮੀ ਜੀ ਨੇ ਉਨ੍ਹਾਂ ਦੀ ਨਮਸਕਾਰ ਦਾ ਖਿੜਖਿੜਾਉਂਦੇ ਹੋਏ ਹਾਸੇ ਵਿਚ ਉਤਰ ਦਿਤਾ,

ਜਿਸ ਦੀ ਗੁੰਜਾਰ ਕਾਫ਼ੀ ਚਿਰ ਤਕ ਸੁਣਾਈ ਦਿੰਦੀ ਰਹੀ। ਉਹ ਲਗਾਤਾਰ ਹਸਦੇ ਰਹੇ ਅਤੇ ਫਿਰ ਬੋਲੇ "ਮੇਰੇ ਹਮਵਤਨੋ, ਤੁਸੀਂ ਰਾਮ ਨੂੰ ਲਭਣ ਆਏ ਹੋ। ਰਾਮ ਨੇ ਆਪਣਾ ਦਿਲ ਤੁਹਾਡੇ ਅਗੇ ਖੋਲ੍ਹ ਦਿਤਾ ਹੈ। ਰਾਮ ਨੂੰ ਲਭਣਾ ਹੀ ਇਸ ਸੰਸਾਰ ਵਿਚ ਸਭ ਤੋਂ ਉੱਤਮ ਹੋ ਸਕਦਾ ਹੈ। ਉਸ ਨੂੰ ਲਭ ਲਉ, ਉਸ ਦੀ ਭਾਲ ਕਰ ਲਉ, ਸਾਰਾ ਸੰਸਾਰ ਤੁਹਾਡੇ ਕਦਮਾਂ 'ਤੇ ਆ ਜਾਵੇਗਾ।"

ਇਸ ਖ਼ਾਸ ਸਮੇਂ ਸੁਆਮੀ ਜੀ ਦੇ ਇਨ੍ਹਾਂ ਓਪਰੇ ਬੰਦਿਆਂ ਨੂੰ ਮਿਲਣ ਦੇ ਇਸ ਅਨੋਖੇ ਅੰਦਾਜ਼ ਤੋਂ ਮੈਂ ਤੇ ਮੇਰਾ ਮਿੱਤਰ ਥੋੜਾ ਹੈਰਾਨ ਹੋਏ। ਉਹ ਇਕਦਮ ਸੁਆਮੀ ਜੀ ਦੇ ਚਰਨਾਂ ਉੱਤੇ ਢਹਿ ਪਏ ਤੇ ਕਹਿਣ ਲਗੇ, "ਸੁਆਮੀ ਜੀ! ਸਾਨੂੰ ਮੁਆਫ਼ ਕਰ ਦਿਉ। ਅਸੀਂ ਤਾਂ ਹੁਕਮ ਦੀ ਪਾਲਣਾ ਕਰਨ ਆਏ ਸਾਂ। ਤੁਹਾਡਾ ਦਰਸ਼ਨ ਕਰਕੇ ਅਸੀਂ ਨਿਹਾਲ ਹੋ ਗਏ ਹਾਂ। ਸਾਨੂੰ ਤੁਹਾਡੇ ਪ੍ਰੇਮ ਨੇ ਜਿੱਤ ਲਿਆ ਹੈ। ਅਸੀਂ ਪਾਪੀ ਹਾਂ।" ਉਨ੍ਹਾਂ ਨੇ ਇਹ ਇਕਬਾਲ ਕਰ ਲਿਆ ਕਿ ਉਹ ਸੁਚੀਮੁਚੀ ਸੀ. ਆਈ. ਡੀ. ਦੇ ਬੰਦੇ ਸਨ।

ਸੁਆਮੀ ਸ਼ਿਵ ਗੁਣਾਂ ਆਚਾਰੀਆ ਸੁਆਮੀ ਰਾਮ ਤੀਰਥ ਨਾਲ ਘੰਟਿਆਂ ਬੱਧੀ ਗਲਬਾਤ ਕਰਦੇ ਰਹਿੰਦੇ ਸਨ, ਪਿਛੋਂ ਮੈਨੂੰ ਸੁਆਮੀ ਰਾਮ ਤੀਰਥ ਜੀ ਨੇ ਦਸਿਆ ਕਿ ਸੁਆਮੀ ਸ਼ਿਵ ਗੁਣਾਂ ਆਚਾਰੀਆ ਮੈਨੂੰ ਇਹ ਸਲਾਹ ਦਿੰਦੇ ਹਨ ਕਿ ਮੈਂ ਰਾਜਨੀਤੀ ਤੋਂ ਸੰਨਿਆਸ ਲੈ ਲਵਾਂ ਅਤੇ ਮੈਂ ਭਾਰਤ ਦੇ ਰਾਜਿਆਂ ਮਹਾਰਾਜਿਆਂ ਕੋਲੋਂ ਬਹੁਤ ਸਾਰੀ ਮਾਇਆ ਇਕੱਠੀ ਕਰ ਲਵਾਂ ਅਤੇ ਆਪਣਾ ਇਕ ਵਖਰਾ ਮਤ ਸਥਾਪਤ ਕਰਕੇ ਸਨਾਤਨੀ ਫੈਰਿਸੀ ਸੰਪਰਦਾਇ ਦੇ ਅੰਧਵਿਸ਼ਵਾਸੀ ਲੋਕਾਂ ਨੂੰ ਆਪਣੇ ਮਗਰ ਲਾ ਲਵਾਂ। ਸੁਆਮੀ ਰਾਮ ਤੀਰਥ ਇਸ ਸੰਤ ਦੀ ਇਸ ਤਜਵੀਜ਼ ਨੂੰ ਘਿਰਣਾ ਕਰਦੇ ਸਨ, ਪਰ ਉਨ੍ਹਾਂ ਨੂੰ ਕੁਝ ਚਿਰ ਇਸ ਦੇ ਕੋਲ ਠਹਿਰਣ ਲਈ ਮਜਬੂਰ ਹੋਣਾ ਪਿਆ ਸੀ; ਕਿਉਂਜੋ ਉਸ ਨੇ ਬੰਬਈ ਜਾ ਕੇ ਸੁਆਮੀ ਜੀ ਕੋਲ ਇਕ ਤਰ੍ਹਾਂ ਨਾਲ ਆਪਣੇ ਆਪ ਨੂੰ ਸਮਰਪਿਤ ਕਰਕੇ ਇਹ ਬੇਨਤੀ ਕੀਤੀ ਸੀ। ਉਸ ਨੇ ਨਿਜੀ ਤੌਰ ਤੇ ਆਪਣਾ ਜੀਵਨ ਸੁਆਮੀ ਰਾਮ ਦੇ ਅਰਪਣ ਕਰ ਦਿਤਾ ਸੀ। ਸੁਆਮੀ ਰਾਮ ਨੇ ਇਸ ਨੂੰ ਆਪਣੇ ਢੰਗ ਨਾਲ ਹੀ ਲਿਆ ਸੀ। ਪਰ ਪਿਛੋਂ ਪਤਾ ਲਗਾ ਕਿ ਇਹ ਪਖੰਡੀ ਫੈਰਿਸੀ ਸੰਤ ਆਪਣਾ ਉਲੂ ਸਿੱਧਾ ਕਰਨਾ ਚਾਹੁੰਦਾ ਸੀ ਅਤੇ ਸੁਆਮੀ ਰਾਮ ਤੀਰਥ ਜੀ ਨੂੰ ਮੋਹਰਾ ਬਣਾ ਕੇ ਆਪ ਸਾਰੇ ਭਾਰਤ ਵਿਚ ਪ੍ਰਸਿੱਧੀ ਪ੍ਰਾਪਤ ਕਰਨ ਲੋਚਦਾ ਸੀ। ਸੁਆਮੀ ਰਾਮ ਤੀਰਥ ਨੇ ਇਸ ਮੇਲ ਨੂੰ ਤੋੜ ਦਿਤਾ ਅਤੇ ਆਪ ਨੇ ਮਥਰਾ ਛੱਡ ਕੇ ਪੁਸ਼ਕਰ ਵਿਖੇ ਜਾ ਡੇਰਾ ਲਾਇਆ। ਉਥੋਂ ਉਨ੍ਹਾਂ ਨੇ ਸੁਆਮੀ ਸ਼ਿਵ ਗੁਣਾਂ ਆਚਾਰੀਆ ਨੂੰ ਲਿਖਿਆ ਕਿ ਉਹ ਆਪਣੀ ਸੁਤੰਤਰ ਇੱਛਾ ਅਨੁਸਾਰ ਕੰਮ ਕਰਨਾ

ਚਾਹੁੰਦੇ ਹਨ ਅਤੇ ਉਨ੍ਹਾਂ ਦਾ ਰਾਜਿਆਂ ਮਹਾਰਾਜਿਆਂ, ਧੰਨ ਪਦਾਰਥ ਦੇ ਮਿਸ਼ਨ ਸਥਾਪਤ ਕਰਨ ਨਾਲ ਕੋਈ ਵਾਸਤਾ ਨਹੀਂ ਹੈ। (ਇਸ ਬਾਰੇ ਸੁਆਮੀ ਰਾਮ ਤੀਰਥ ਜੀ ਦਾ ਸ਼ਿਵ ਗੁਣਾਂ ਆਚਾਰੀਆ ਨੂੰ ਲਿਖਿਆ ਗਿਆ ਪੱਤਰ ਅਗੇ ਦਿਤਾ ਗਿਆ ਹੈ)

ਮਥੁਰਾ ਵਿਖੇ ਸੁਆਮੀ ਰਾਮ ਤੀਰਥ ਜਮਨਾ ਕੰਢੇ ਦੀਆਂ ਰੇਤਾਂ ਵਿਚ ਬੈਠਣਾ ਪਸੰਦ ਕਰਦੇ ਸਨ ਅਤੇ ਕਾਫ਼ੀ ਸਮਾਂ ਧੁਪ-ਇਸ਼ਨਾਨ ਵਿਚ ਬਿਤਾਉਂਦੇ ਸਨ। ਇਕ ਵਾਰ ਉਨ੍ਹਾਂ ਨੇ ਮਥੁਰਾ ਵਲੋਂ ਕੁਝ ਕਿਸ਼ਤੀਆਂ ਆਉਂਦੀਆਂ ਤੱਕੀਆਂ, ਜਿਨ੍ਹਾਂ ਵਿਚ ਇਸਤਰੀ ਪੁਰਸ਼ ਬੈਠੇ ਹੋਏ ਸਨ। ਉਹ ਭਾਰਤ ਦੇ ਈਸਾਈ ਲੋਕ ਸਨ, ਜੋ ਉੱਥੇ ਸੈਰ-ਸਪਾਟੇ ਦੇ ਆਸ਼ੇ ਨਾਲ ਪੁਜੇ ਸਨ। ਸੁਆਮੀ ਰਾਮ ਨੇ ਜਦੋਂ ਉਨ੍ਹਾਂ ਨੂੰ ਤੱਕਿਆ ਤਾਂ ਕਹਿਣ ਲਗੇ, ''ਪੂਰਨ ਜੀ! ਇਹ ਰਾਮ ਦੇ ਹਨ, ਰਾਮ ਇਨ੍ਹਾਂ ਦਾ ਵੀ ਹੈ! ਕੀ ਤੁਸੀਂ ਇਨ੍ਹਾਂ ਨਾਲ ਬਚਨ-ਬਿਲਾਸ ਕਰਨ ਦਾ ਪ੍ਰਬੰਧ ਕਰ ਸਕਦੇ ਹੋ? ਰਾਮ ਇਨ੍ਹਾਂ ਨਾਲ ਗਲਬਾਤ ਕਰਨਾ ਚਾਹੁੰਦਾ ਹੈ।'' ਉਹ ਬਿਲਕੁਲ ਨੰਗੇ ਬੈਠੇ ਸਨ, ਇਕ ਗੇਰੂਆ ਧੋਤੀ ਹੀ ਬੰਨੀ ਹੋਈ ਸੀ। ਮੈਂ ਉਨ੍ਹਾਂ ਆਦਮੀਆਂ ਕੋਲ ਪੁਜਾ ਅਤੇ ਉਹ ਸੁਆਮੀ ਜੀ ਦੇ ਬਚਨ ਸੁਣਨ ਲਈ ਉਨ੍ਹਾਂ ਕੋਲ ਆ ਗਏ, ਇਉਂ ਕਰਨਾ ਉਨ੍ਹਾਂ ਨੂੰ ਚੰਗਾ ਲਗਾ ਸੀ। ਉਹ ਬੜੇ ਪ੍ਰਸੰਨ ਚਿਤ ਰੂਪ ਵਿਚ ਉਨ੍ਹਾਂ ਨਾਲ ਗਲਬਾਤ ਕਰਨ ਲਗੇ। ਉਨ੍ਹਾਂ ਨੇ ਕਿਹਾ, ''ਰਾਮ ਈਸਾਈ ਧਰਮ ਦਾ ਆਭਾਰੀ ਹੈ, ਜਿਸ ਨੇ ਤੁਹਾਡੀਆਂ ਆਤਮਾਵਾਂ ਨੂੰ ਉੱਚਾ ਕਰ ਦਿੱਤਾ ਹੈ। ਜੋ ਕੁਝ ਹਿੰਦੂ ਤੁਹਾਡੇ ਲਈ ਨਹੀਂ ਕਰ ਸਕੇ ਉਹ ਈਸਾਈ ਮਤ ਨੇ ਕਰ ਦਿਤਾ ਹੈ। ਤੁਹਾਡੀ ਇਸ ਉਚਤਾ ਨੇ ਤੁਹਾਨੂੰ ਸਮਾਜਕ ਪ੍ਰਤਿਸ਼ਠਾ ਬਖਸ਼ੀ ਹੈ ਅਤੇ ਤੁਹਾਡੇ ਪ੍ਰਸੰਨ ਚਿਹਰੇ ਰਾਮ ਨੂੰ ਖ਼ੁਸ਼ੀ ਦਿੰਦੇ ਹਨ। ਰਾਮ ਤੁਹਾਡਾ ਹੈ। ਤੁਸੀਂ ਰਾਮ ਦੇ ਹੋ।'' ਫਿਰ ਸੁਆਮੀ ਜੀ ਨੇ ਉਨ੍ਹਾਂ ਨੂੰ ਆਪਣੀ ਅਮਰੀਕਾ ਦੀ ਯਾਤਰਾ ਦੇ ਸਮਾਚਾਰ ਦਸੇ ਅਤੇ ਆਪਣੀ ਮਾਤਭੂਮੀ ਨੂੰ ਪ੍ਰੇਮ ਕਰਨ ਲਈ ਪ੍ਰੇਰਨਾ ਦਿੱਤੀ।

ਪੁਸ਼ਕਰ ਵਿਖੇ ਉਨ੍ਹਾਂ ਕੋਲ ਉਨ੍ਹਾਂ ਦਾ ਆਪਣਾ ਚੇਲਾ ਸੁਆਮੀ ਨਰਾਇਣ ਵੀ ਪਹੁੰਚ ਗਿਆ ਅਤੇ ਲਾਹੌਰ ਤੋਂ ਮੈਂ ਵੀ ਆਪਣੇ ਦੋ ਮਿਤਰਾਂ ਨੂੰ ਨਾਲ ਲੈ ਕੇ ਉੱਥੇ ਜਾ ਪੁੱਜਾ। ਪ੍ਰਸਿੱਧ ਪੁਸ਼ਕਰ ਝੀਲ ਦੇ ਕੰਢੇ ਉੱਤੇ ਉਹ ਰਿਆਸਤ ਕਿਸ਼ਨਗੜ੍ਹ ਦੇ ਘਰ ਵਿਚ ਰਹਿ ਰਹੇ ਸਨ। ਇਸ ਝੀਲ ਵਿਚ ਮਗਰਮੱਛਾਂ ਦੀ ਵੀ ਭਰਮਾਰ ਸੀ। ਉਨ੍ਹਾਂ ਦੇ ਹੱਥ ਵਿਚ ਪੀਲਾ ਬਾਂਸ ਦਾ ਡੰਡਾ ਸੀ। ਜਦੋਂ ਮੈਂ ਉਨ੍ਹਾਂ ਨੂੰ ਮਿਲਿਆ ਤਾਂ ਉਨ੍ਹਾਂ ਨੇ ਕਿਹਾ, ''ਤੁਸੀਂ ਇਹ ਬਾਂਸ ਦਾ ਪੀਲਾ ਡੰਡਾ ਪਹਿਲਾ ਕਦੀ ਨਹੀਂ ਵੇਖਿਆ

ਹੋਣਾ। ਇਹ ਇਕ ਅਦਭੁਤ ਵਸਤੂ ਹੈ। ਇਹ ਰਾਮ ਦੀ ਉਹ ਜਾਦੂ ਦੀ ਛੜੀ ਹੈ, ਜਿਸ ਨਾਲ ਰਾਮ ਮਗਰਮੱਛਾਂ ਨੂੰ ਦੂਰ ਭਜਾ ਦਿੰਦਾ ਹੈ। ਇਹ ਰਾਮ ਦਾ ਛੋਟਾ ਬਕਸਾ ਵੀ ਹੈ, ਜਿਸ ਵਿਚ ਉਹ ਕਾਗਜ਼, ਪੈਨਸਿਲਾਂ ਤੇ ਹੋਰ ਵਸਤਾਂ ਵੀ ਰਖ ਲੈਂਦਾ ਹੈ। (ਫਿਰ ਉਨ੍ਹਾਂ ਨੇ ਉਸ ਪੋਲੀ ਥਾਂ ਵਿਚ ਆਪਣਾ ਕਾਫ਼ੀ ਨਿਕ ਸੁੱਕ ਰਖਿਆ ਹੋਇਆ ਮੈਨੂੰ ਵਿਖਾਇਆ) ਇਹ ਰਾਮ ਦਾ ਸਭ ਕੁਝ ਹੈ। ਰਾਮ ਨੇ ਆਪਣੀਆਂ ਸਰੀਰਕ ਲੋੜਾਂ ਇਸ ਤਕ ਹੀ ਸੀਮਤ ਕਰ ਲਈਆਂ ਹਨ। '' ਇਹ ਕਹਿ ਕੇ ਉਹ ਉੱਚੀ ਉੱਚੀ ਹਸਣ ਲਗ ਪਏ।'' ਸਚੀ ਮੁਚੀ ਮਨੁੱਖ ਉਦੋਂ ਬਾਦਸ਼ਾਹ ਬਣ ਜਾਂਦਾ ਹੈ, ਜਦੋਂ ਉਹ ਆਪਣੇ ਯਾਤਰਾ ਦੇ ਸਮਾਨ ਨੂੰ ਏਨਾ ਘਟਾ ਦਿੰਦਾ ਹੈ ਕਿ ਉਹ ਇਤਨੀ ਕੁ ਥਾਂ ਵਿਚ ਆ ਸਮਾਵੇ।'' ਉਹ ਛੱਤ ਦੇ ਉੱਪਰ ਬੈਠ ਜਾਂਦੇ ਅਤੇ ਕਹਿੰਦੇ,'' ਰਾਮ ਕਮਰਿਆਂ ਨੂੰ ਪਸੰਦ ਨਹੀਂ ਕਰਦਾ, ਉਹ ਉਸ ਨੂੰ ਕਬਰਾਂ ਵਰਗੇ ਜਾਪਦੇ ਹਨ।''

ਉਹ ਸ਼ਾਮ ਨੂੰ ਸਾਨੂੰ ਸਭ ਨੂੰ ਪੁਸ਼ਕਰ ਪਹਾੜੀ ਉੱਤੇ ਲੈ ਜਾਂਦੇ ਤੇ ਖ਼ੂਬ ਪਦ-ਯਾਤਰਾ ਕਰਾਉਂਦੇ। ਉਹ ਸਾਨੂੰ ਆਰਾਮ ਵੀ ਨਹੀਂ ਸਨ ਕਰਨ ਦਿੰਦੇ ਤੇ ਕਹਿੰਦੇ 'ਓਮ' ਦਾ ਜਾਪ ਕਰੀ ਚਲੋ। ਕਿਸੇ ਢਿਲ ਦੀ ਆਗਿਆ ਨਹੀਂ ਸੀ ਦਿੰਦੇ। ਇਕ ਵਾਰ ਉਹ ਕਿਸੇ ਪਹਾੜੀ ਦੀ ਚੋਟੀ ਦੀ ਇਕ ਸਿਲ ਉੱਤੇ ਬੈਠ ਗਏ ਅਤੇ ਕਹਿਣ ਲਗੇ, ''ਇਨ੍ਹਾਂ ਮਨੁੱਖਾਂ ਨੂੰ ਪ੍ਰਮਾਤਮਾ ਕਿਉਂ ਨਹੀਂ ਲਭਦਾ? ਇਨ੍ਹਾਂ ਨੂੰ ਮੇਰੇ ਕੋਲ ਬੁਲਾਓ, ਇਨ੍ਹਾਂ ਨੂੰ ਰਾਮ ਕੋਲ ਆ ਲੈਣ ਦਿਓ, ਪ੍ਰਮਾਤਮਾ ਮਿਲ ਗਿਆ ਹੈ।'' ਉਨ੍ਹਾਂ ਦੇ ਨੈਣ ਮੁੰਦੇ ਜਾਂਦੇ, ਉਨ੍ਹਾਂ ਵਿਚੋਂ ਹੰਝੂ ਬਾਹਰ ਵਹਿ ਤੁਰਦੇ, ਉਨ੍ਹਾਂ ਦਾ ਚਿਹਰਾ ਚਮਕ ਉਠਦਾ ਅਤੇ ਉਨ੍ਹਾਂ ਦੀਆਂ ਬਾਹਾਂ ਹਵਾ ਵਿਚ ਇੰਝ ਹਿਲਦੀਆਂ ਤੇ ਫੈਲ ਜਾਂਦੀਆਂ ਜਿਵੇਂ ਉਹ ਆਪਣੀ ਗਲਵਕੜੀ ਵਿਚ ਸਾਰੇ ਬ੍ਰਹਿਮੰਡ ਨੂੰ ਘੁਟ ਲੈਣਾ ਚਾਹੁੰਦੇ ਹੋਣ! 'ਪ੍ਰਭੂ !ਪ੍ਰਭੂ! ਇਥੇ ਹੈ ਪ੍ਰਭੂ ! ਆਓ, ਜਿਹੜੇ ਪ੍ਰਭੂ ਨੂੰ ਪਾਉਣਾ ਲੋਚਦੇ ਹੋ, ਇਥੇ ਆਉ।'' ਫਿਰ ਉਹ ਚੁੱਪ ਸਾਧ ਲੈਂਦੇ, ਉਨ੍ਹਾਂ ਦਾ ਉਪਰਲਾ ਹੋਠ ਹੇਠਲੇ ਨੂੰ ਦਬਾ ਰਿਹਾ ਹੁੰਦਾ ਅਤੇ ਉਨ੍ਹਾਂ ਦੇ ਚਿਹਰੇ ਉਤੇ ਇਸ ਤਰ੍ਹਾਂ ਦੇ ਭਾਵ ਪ੍ਰਗਟ ਹੁੰਦੇ, ਜਿਵੇਂ ਕਿਸੇ ਬੱਚੇ ਨੂੰ ਉਸ ਦੀ ਮਾਂ ਮਿਲ ਗਈ ਹੋਵੇ। ਉਨ੍ਹਾਂ ਦੇ ਹੋਠ ਬੱਚਿਆਂ ਵਾਲੇ ਵਿਸ਼ਵਾਸ ਵਿਚ ਹੀ ਖੁਲ੍ਹਦੇ, ਜਿਵੇਂ ਉਹ ਆਸਕਤ ਹੋਣ। ਗਲਬਾਤ ਕਰਨ ਸਮੇਂ ਇੰਝ ਪ੍ਰਤੀਤ ਹੁੰਦਾ, ਜਿਵੇਂ ਉਹ ਆਪ ਤਾਂ ਮੌਨ ਹੋਣ ਅਤੇ ਉਨ੍ਹਾਂ ਅੰਦਰੋਂ ਪ੍ਰਬਚਨ ਇਕ ਵਹਿੰਦੀ ਨਦੀ ਦੀ ਤਰ੍ਹਾਂ ਲਹਿਰਾਂ ਦੇ ਰੂਪ ਵਿਚ ਪ੍ਰਵਾਹਤ ਹੋ ਰਹੇ ਹੋਣ ਅਤੇ ਦੂਰ ਦੂਰ ਤਕ ਉਨ੍ਹਾਂ ਦਾ ਸੰਚਾਰ ਹੋ ਰਿਹਾ ਹੋਵੇ।

ਉਹ ਮੈਨੂੰ ਪੁਸ਼ਕਰ ਝੀਲ ਵਿਚ ਆਪਣੇ ਨਾਲ ਇਸ਼ਨਾਨ ਕਰਨ ਲਈ ਲੈ ਗਏ। ''ਰਾਮ ਤੁਹਾਡੇ ਅਗੇ ਅਗੇ ਜਾਵੇਗਾ ਅਤੇ ਤੁਸੀਂ ਮੇਰੇ ਪਿਛੇ ਖੜ ਕੇ ਇਸ਼ਨਾਨ

ਕਰਨਾ। ਇਨ੍ਹਾਂ ਮਗਰਮੱਛਾਂ ਦੇ ਨਾਲ ਹੀ ਸਾਨੂੰ ਇਸ਼ਨਾਨ ਕਰਨਾ ਹੋਵੇਗਾ।'' ਅਸੀ ਜਦੋਂ ਪਾਣੀ ਵਿਚ ਵੜੇ ਤਾਂ ਉਹ ਸੀਨੇ ਤਕ ਡੂੰਘੇ ਪਾਣੀ ਵਿਚ ਚਲੇ ਗਏ। ਮੈਨੂੰ ਅੱਧਾ ਕੁ ਡਰ ਤਾਂ ਉਨ੍ਹਾਂ ਦਾ ਸੀ ਤੇ ਪੂਰਾ ਆਪਣਾ, ਕਿਉਂਜੋ ਮੈਨੂੰ ਤਰਨਾ ਨਹੀਂ ਸੀ ਆਉਂਦਾ, ਪਰ ਮੈਂ ਉਨ੍ਹਾਂ ਦੇ ਪਿਛੇ ਪਿਛੇ ਤੁਰਿਆ ਗਿਆ, ਮਗਰਮੱਛਾਂ ਲਈ ਅਸੀਂ ਦੋਵੇਂ ਚੰਗੀ ਖ਼ੁਰਾਕ ਸਾਂ। ਪਰ ਉਹ ਬਿਲਕੁਲ ਨਹੀਂ ਸਨ ਡਰਦੇ। ਉਨ੍ਹਾਂ ਨੂੰ ਮਗਰਮੱਛਾਂ ਦੀਆਂ ਆਦਤਾਂ ਬਾਰੇ ਜਾਣਕਾਰੀ ਸੀ। ਉਹ ਬਾਂਸ ਦੇ ਡੰਡੇ ਨੂੰ ਆਪਣੇ ਅਗੇ ਅਗੇ ਰੇੜ੍ਹ ਦਿੰਦੇ ਸਨ, ਜਿਵੇਂ ਸਚੀ ਮੁਚੀ ਇਹ ਉਨ੍ਹਾਂ ਦੀ ਜਾਦੂ ਦੀ ਛੜੀ ਸੀ, ਜਿਸ ਦੇ ਪਾਣੀ ਵਿਚ ਗੱਡਣ ਨਾਲ ਮਗਰਮੱਛਾਂ ਦੇ ਪ੍ਰਵੇਸ਼ ਨੂੰ ਰੋਕਿਆ ਜਾ ਸਕਦਾ ਹੈ। ਉਨ੍ਹਾਂ ਨੇ ਆਪਣੀਆਂ ਨਾਸਕਾਵਾਂ ਨੂੰ ਦੋ ਉਂਗਲਾਂ ਨਾਲ ਦਬਾ ਕੇ ਹੇਠਾ ਪਾਣੀ ਵਿਚ ਚੁੱਭੀ ਮਾਰੀ। ਜਦੋਂ ਉਹ ਪਾਣੀ ਤੋਂ ਬਾਹਰ ਆਏ ਤਾਂ ਕਹਿਣ ਲਗੇ, ''ਪੂਰਨ ਜੀ! ਮਗਰਮੱਛ ਸਾਡਾ ਪਿਛਾ ਕਰਨ ਲਗ ਪਏ ਹਨ। ਆ ਜਾਉ, ਉਹ ਨਹੀਂ ਚਾਹੁੰਦੇ ਕਿ ਅਸੀਂ ਉਨ੍ਹਾਂ ਦੇ ਪਾਣੀ ਵਿਚ ਹੋਰ ਕੁਝ ਚਿਰ ਲਈ ਰੁਕੀਏ।'' ਇਸ ਲਈ ਅਸੀਂ ਛੇਤੀ ਬਾਹਰ ਆ ਗਏ। ਆਪਣੇ ਬਾਂਸ ਦੇ ਡੰਡੇ ਨੂੰ ਵੀ ਉਹ ਬਾਹਰ ਲੈ ਆਏ ਤੇ ਕਹਿਣ ਲਗੇ, ''ਇਹ ਮੇਰਾ ਬਹੁਤ ਚੰਗਾ ਸਾਥੀ ਹੈ ਅਤੇ ਰਾਮ ਦੀ ਪੂਰੀ ਵਫ਼ਾਦਾਰੀ ਨਾਲ ਸੇਵਾ ਕਰਦਾ ਹੈ।'' ਰਾਤ ਨੂੰ ਮੋਮਬਤੀ ਜਾਂ ਦੀਵੇ ਦੀ ਲੋਅ ਵਿਚ ਰਾਮ ਨਜ਼ੀਰ ਦੀ ਕਵਿਤਾ ਪੜ੍ਹਦੇ ਅਤੇ ਉੱਚੀ ਉੱਚੀ ਹਸਦੇ। ਉਹ ਨਜ਼ੀਰ ਦੇ ਬੜੇ ਹੀ ਪ੍ਰਸੰਸਕ ਸਨ ਅਤੇ ਉਸ ਦੀ ਆਜ਼ਾਦੀ ਦੀ ਭਾਵਨਾ ਦੀ ਬੜੀ ਸ਼ਲਾਘਾ ਕਰਦੇ ਸਨ। ਉਹ ਕਹਿੰਦੇ ਹੁੰਦੇ ਸਨ, ''ਉਹ ਰਾਮ ਦਾ ਆਜ਼ਾਦ ਲੜਕਾ ਹੈ। ਰਾਮ ਨੂੰ ਉਸ ਦੀ ਅਲੱਦਰਤਾ ਵੀ ਬੁਰੀ ਨਹੀਂ ਲਗਦੀ, ਪਰ ਉਹ ਉਸ ਧਾਤ ਦਾ ਬਣਿਆ ਹੋਇਆ ਹੈ, ਜਿਸ ਦੀ ਟੁਣਕਾਰ ਵਿਚ ਪ੍ਰਭੂ ਦੀ ਗੁੰਜਾਰ ਸੁਣਾਈ ਦਿੰਦੀ ਹੈ।''

ਪੰਜਾਬੀ ਦੇ ਲੋਕ ਸਾਹਿਤ ਵਿਚੋਂ ਉਨ੍ਹਾਂ ਨੂੰ ਗੋਪਾਲ ਸਿੰਘ ਦੀਆਂ ਕਾਫੀਆਂ ਬਹੁਤ ਪਸੰਦ ਸਨ ਅਤੇ ਆਪਣੀਆਂ ਅਖਾਂ ਬੰਦ ਕਰਕੇ ਉਹ ਉਨ੍ਹਾਂ ਨੂੰ ਕਵੀ ਵਾਲੀ ਨਿਜੀ ਵੇਦਨਾ ਵਿਚ ਹੀ ਗਾਉਂਦੇ ਹੁੰਦੇ ਸਨ। ''ਰਾਮ ਗੋਪਾਲ ਸਿੰਘ ਨੂੰ ਆਪਣੇ ਸਿਆਲਕੋਟ ਦੇ ਸਮੇਂ ਤੋਂ ਹੀ ਜਾਣਦਾ ਹੈ। ਇਹ ਭਲਾ-ਪੁਰਸ਼ ਬਿੰਦਰਾਬਨ ਤਕ ਪੈਦਲ ਹੀ ਗਿਆ ਸੀ। ਆਪਣੇ ਵਿਚਲੇ ਪ੍ਰੇਮ ਨਸ਼ੇ ਵਿਚ ਹੀ ਉਹ ਸਾਰੀ ਉਮਰ ਨਚਦਾ ਰਿਹਾ।

ਉਹ ਕਿਸੇ ਨੂੰ ਕਿਸੇ ਦੇ ਵਿਰੁੱਧ ਬੋਲਣ ਦੀ ਆਗਿਆ ਨਹੀਂ ਸਨ ਦਿੰਦੇ। ਕਹਿੰਦੇ ਹੁੰਦੇ ਸਨ, ''ਕਿਸੇ ਦੀ ਜ਼ਾਤ ਵਿਰੁਧ ਮੰਦੇ ਸ਼ਬਦ ਬੋਲਣੇ ਸ਼ੋਭਾ ਨਹੀਂ ਦਿੰਦੇ। ਇਸ ਲਈ ਕਿਸੇ ਦੀ ਨਿਜੀ ਤੌਰ ਤੇ ਨਿੰਦਾ ਨਹੀਂ ਕਰਨੀ ਚਾਹੀਦੀ। ਸਾਨੂੰ ਪਰ

ਇਕ ਮਨੁੱਖ ਤੇ ਹਰ ਇਕ ਵਸਤੂ ਦੇ ਚਮਕੀਲੇ ਪੱਖਾਂ ਨੂੰ ਹੀ ਲੈਣਾ ਚਾਹੀਦਾ ਹੈ ਅਤੇ ਫਿਰ ਉਨ੍ਹਾਂ ਦੀ ਵਕਾਲਤ ਆਪਣੇ ਵਾਂਗ ਹੀ ਕਰਨੀ ਚਾਹੀਦੀ ਹੈ।''

ਪਰ ਕਈ ਵਾਰੀ ਅਭੋਲ ਹੀ ਭਾਰਤ ਤੇ ਇਸ ਦੇ ਨੇਤਾਵਾਂ ਬਾਰੇ ਗਲਬਾਤ ਕਰਦਿਆਂ ਕਈਆਂ ਦੇ ਮੂੰਹੋਂ ਅਣਸੁਖਾਵੇਂ ਬਚਨ ਨਿਕਲ ਜਾਂਦੇ, ਜੋ ਇਕ ਤਰ੍ਹਾਂ ਦੀ ਨਿਜੀ ਆਲੋਚਨਾ ਹੁੰਦੀ ਤਾਂ ਉਹ 'ਓਮ' ਦਾ ਉਚਾਰਨ ਕਰਦੇ ਅਤੇ ਫੁਰਮਾਉਂਦੇ, ''ਮੰਦਰ ਦੀ ਘੰਟੀ ਵਜ ਚੁਕੀ ਹੈ। ਬਸ! ਕਿਸੇ ਦੀ ਨਿਜੀ ਨਿੰਦਾ ਨਹੀਂ ਕਰਨੀ'' ਅਤੇ ਸਾਨੂੰ 'ਓਮ' ਦਾ ਜਾਪ ਮੁੜ ਮੁੜ ਦੁਹਰਾਉਂਦੇ। ''ਤੁਸੀਂ ਸਭ ਢਿੱਲੜ ਬਣ ਜਾਂਦੇ ਹੋ। 'ਓਮ' ਦਾ ਜਾਪ ਚਲਦਾ ਰਹਿਣਾ ਚਾਹੀਦਾ ਹੈ।'' ਇਸ ਗੱਲ ਦੀ ਉਹ ਸਦਾ ਤਾਕੀਦ ਕਰਦੇ।

ਇਥੇ ਮੈਨੂੰ ਇਨ੍ਹਾਂ ਦਿਨਾਂ ਦੀ ਇਕ ਹਾਸੇ ਵਾਲੀ ਗੱਲ ਵੀ ਚੇਤੇ ਹੈ। ਇਕ ਮਦਰਾਸੀ ਨੌਜਵਾਨ ਮਿਸਟਰ ਨੈਡੋ ਮੇਰੇ ਨਾਲ ਆਇਆ ਸੀ, ਜੋ ਲਾਹੌਰ ਟੈਕਨੀਕਲ ਸਕੂਲ ਦਾ ਵਿਦਿਆਰਥੀ ਸੀ। ਪਿਛੋਂ ਉਹ ਪ੍ਰਯੋਗਿਕ ਰਸਾਇਣ ਵਿਗਿਆਨ ਦਾ ਅਧਿਐਨ ਕਰਨ ਲਈ ਅਮਰੀਕਾ ਗਿਆ ਅਤੇ ਉਥੋਂ ਸਫ਼ਲਤਾ ਪ੍ਰਾਪਤ ਕਰਕੇ ਵਾਪਸ ਪਰਤਿਆ। ਸੁਆਮੀ ਰਾਮ ਨੇ ਕਿਹਾ, ''ਨੈਡੋ ਦਾਲ ਲਿਆਉ!'' ਉਹ ਰਸੋਈ ਤੋਂ ਬਾਹਰ ਬੈਠੇ ਪ੍ਰਸਾਦਿ ਛੱਕ ਰਹੇ ਸਨ। ਨੈਡੋ ਨੇ ਕਿਹਾ, 'ਓਮ' ਇਹ ਉਸ ਦਾ ਉੱਤਰ ਸੀ। ਜਦੋਂ ਉਹ ਦਾਲ ਲੈ ਕੇ ਆਇਆ ਤਾਂ ਉਸ ਨੇ ਕੁਝ ਨਾ ਕਿਹਾ, ਕੇਵਲ 'ਓਮ', 'ਓਮ' ਹੀ ਕਿਹਾ। ਉਹ ਹਰ ਸਮੇਂ ਤੇ ਹਰ ਮੌਕੇ ਤੇ 'ਓਮ' ਸ਼ਬਦ ਨੂੰ ਇਤਨੀ ਤੇਜ਼ੀ ਤੇ ਜੋਸ਼ ਨਾਲ ਬੋਲਦਾ ਸੀ ਕਿ ਬਦੋ ਬਦੀ ਹਾਸਾ ਆ ਜਾਂਦਾ ਸੀ। ਉਹ ਹਰ ਸੁਆਲ ਜਵਾਬ 'ਓਮ' ਕਹਿ ਕੇ ਹੀ ਦਿੰਦਾ ਸੀ।

ਉਹ ਸਾਨੂੰ ਪਵਿੱਤਰ ਯੋਗ ਭੂਮੀ ਵਿਖੇ ਲੈ ਗਏ ਅਤੇ ਉਨ੍ਹਾਂ ਨੇ ਪੁਸ਼ਕਰ ਝੀਲ ਦੀ ਪਵਿਤਰਤਾ ਬਾਰੇ ਕਥਾ ਸੁਣਾਈ। ਇਹ ਬ੍ਰਹਮ ਯਗ ਦੀ ਉਹ ਪਵਿੱਤਰ ਭੂਮੀ ਹੈ, ਜਿਥੇ ਬੜੀ ਸਜ ਧਜ ਨਾਲ ਹਵਨ ਯਗ ਰਚਾਇਆ ਗਿਆ ਸੀ। ਸਾਰੇ ਦੇਵਤੇ ਤੇ ਮਨੁੱਖ ਹਾਜ਼ਰ ਸਨ, ਪਰ ਸੰਖ ਵਿਚੋਂ ਨਾਦ ਨਹੀਂ ਸੀ ਸੁਣਾਈ ਦਿੰਦਾ। ਪਰ ਸੰਖ ਨਾਦ ਦੀ ਧੁਨੀ ਨੂੰ ਹੀ ਪ੍ਰਭੂ ਦੀ ਆਪਣੀ ਆਵਾਜ਼ ਮੰਨਿਆ ਜਾਂਦਾ ਸੀ ਅਤੇ ਇਸ ਤੋਂ ਬਿਨਾਂ ਕਿਸੇ ਵੀ ਯਗ ਨੂੰ ਸੰਪੂਰਨ ਨਹੀਂ ਸੀ ਮੰਨਿਆ ਜਾਂਦਾ। ਜਦੋਂ ਇਸ ਭੂਮੀ ਉੱਤੇ ਇਸ ਤਰ੍ਹਾਂ ਦਾ ਸ਼ਾਨਦਾਰ ਯਗ ਚਲ ਰਿਹਾ ਸੀ ਤਾਂ ਇਕ ਪਵਿੱਤਰ ਯਗ ਹੋਰ ਕਿਸੇ ਘਾਹੀ ਦੇ ਹਿਰਦੇ ਵਿਚ ਵੀ ਚਲ ਰਿਹਾ ਸੀ। ਉਹ ਘਾਹੀ ਉਨ੍ਹਾਂ ਦੀ ਜਾਤੀ ਵਿਚੋਂ ਨਹੀਂ ਸੀ। ਉਹ ਘਾਹੀ ਪ੍ਰਭੂ ਦੀ ਯਾਦ ਵਿਚ ਇਸ ਤਰ੍ਹਾਂ ਲਿਵਲੀਨ

ਸੀ ਕਿ ਜਦੋਂ ਉਹ ਦਾਤਰੀ, ਜਿਸ ਨਾਲ ਉਹ ਘਾਹ ਕਟ ਰਿਹਾ ਸੀ, ਉਸ ਦੇ ਮਾਸ ਵਿਚ ਜਾ ਖੁੱਭੀ ਤਾਂ ਉਸ ਦੀਆਂ ਨਾੜਾਂ ਵਿਚੋਂ ਲਾਲ ਖ਼ੂਨ ਦੀ ਥਾਂ ਘਾਹ ਦੇ ਰੰਗ ਵਰਗਾ ਦ੍ਰਵ ਵਹਿ ਤੁਰਿਆ। ਇਸ ਜ਼ਖ਼ਮ ਦੇ ਕਾਰਣ ਉਹ ਉਸ ਮਨੁੱਖ ਉਤੇ ਮਸਤਾਨੀ ਅਵਸਥਾ ਛਾ ਗਈ, ਜਿਸ ਕਾਰਣ ਉਹ ਬੇਖ਼ੁਦ ਹੋ ਕੇ ਨਚਣ ਲਗ ਪਿਆ। ਜਦੋਂ ਉਹ ਨਚ ਰਿਹਾ ਸੀ ਤਾਂ ਦਰਖ਼ਤ ਤੇ ਪਹਾੜ ਵੀ ਉਸ ਦੇ ਨਾਲ ਨਚ ਰਹੇ ਸਨ। ਇਸ ਪਾਵਨ ਪੁਰਖ ਦੇ ਸਨਮੁਖ ਹਵਨ-ਯਗ ਦੇ ਮੁਖੀ ਨੇ ਆ ਕੇ ਚਰਨਬੰਧਨਾਂ ਕੀਤੀ ਅਤੇ ਉਸ ਮਹਾਂਪੁਰਖ ਦੇ ਪੈਰਾਂ ਤੇ ਡਿਗ ਕੇ ਬੇਨਤੀ ਕੀਤੀ ਕਿ ਸਾਡੇ ਯੱਗ ਨੂੰ ਪਵਿੱਤਰ ਕਰੋ ਤਾਂ ਜੋ ਸੰਖ ਨਾਦ ਦੀ ਧੁੰਨੀ ਗੂੰਜ ਪਵੇ। ਜਦੋਂ ਇਹ ਪਾਵਨ ਪੁਰਖ ਉਥੇ ਪੁਜਾ ਤਾਂ ਸੰਖ ਵਿਚੋਂ ਧੁੰਨੀ ਗੂੰਜ ਉਠੀ, ਜਿਸ ਨੂੰ ਵੇਖ ਕੇ ਦੇਵਤੇ ਵੀ ਅਚੰਭਿਤ ਹੋ ਗਏ। ''ਇਹ ਹੈ ਵੇਦਾਂਤ'' ਸੁਆਮੀ ਰਾਮ ਨੇ ਇਸ ਤਰ੍ਹਾਂ ਇਸ ਕਥਾ ਦੀ ਸਮਾਪਤੀ ਕੀਤੀ। ਜਦੋਂ ਕਦੇ ਵੀ ਉਹ ਆਤਮਕ ਅਨੁਭਵ ਦੀ ਇਸ ਤਰ੍ਹਾਂ ਦੀ ਕਥਾ ਸੁਣਾਂਦੇ ਹੁੰਦੇ ਸਨ ਤਾਂ ਕਹਿ ਉਠਦੇ ਸਨ, ''ਇਹ ਹੈ ਸੱਚਾ ਵੇਦਾਂਤ।''

ਮਥੁਰਾ ਵਿਖੇ ਆਪ ਆਪਣੇ ਸ਼ਰਧਾਲੂਆਂ ਦੀ ਭੀੜ ਨੂੰ ਬਾਹਰ ਖੁਲ੍ਹੇ ਰੇਤੜਾਂ ਵਿਚ ਲੈ ਜਾਂਦੇ ਅਤੇ ਵੱਡੀ ਉਮਰ ਦੇ ਦਾਹੜੀ ਵਾਲੇ ਬਜ਼ੁਰਗਾਂ ਨੂੰ ਵੀ ਕੋਟ ਤੇ ਬੂਟ ਉਤਾਰ ਕੇ ਸਰੀਰਕ ਕਸਰਤ ਕਰਨ ਲਈ ਆਖਦੇ। ਕਿਸੇ ਨੂੰ ਵੀ ਬਖ਼ਸ਼ਿਆ ਨਹੀਂ ਸੀ ਜਾਂਦਾ। ਸਭ ਨੂੰ ਸਰੀਰਕ ਕਸਰਤ ਕਰਨੀ ਪੈਂਦੀ ਸੀ। ਜਦੋਂ ਸੂਰਜ ਡੁੱਬ ਜਾਂਦਾ ਤਾਂ ਉਹ ਕਸਰਤ ਕਰਨੀ ਬੰਦ ਕਰ ਦਿੰਦੇ ਅਤੇ ਆਪਣਾ ਖ਼ੁਸ਼ੀ ਭਰਿਆ ਅਨੰਤ ਤਾਲ ਵਾਲਾ ਨਾਚ ਆਰੰਭ ਕਰ ਦਿੰਦੇ। ਉਨ੍ਹਾਂ ਦੇ ਸਰਧਾਲੂ ਮੌਨ ਬੈਠੇ ਰਹਿੰਦੇ ਅਤੇ ਇਸ ਗੁਲਾਬ ਵਰਗੇ ਪੁਰਸ਼ ਦੇ ਖੇੜੇ ਨੂੰ ਅਨੰਤਾਂ ਦੀ ਖ਼ੁਸ਼ੀ ਵਿਚ ਵਟਦਾ ਵੇਖਦੇ ਰਹਿੰਦੇ।

ਪੁਸ਼ਕਰ ਵਿਖੇ ਬਹੁਤੇ ਬੰਦੇ ਨਾਲ ਨਹੀਂ ਸਨ, ਪਰ ਜਿਹੜੇ ਅੱਧੀ ਕੁ ਦਰਜਨ ਸੱਜਣ ਉਨ੍ਹਾਂ ਦੇ ਨਾਲ ਸਨ, ਉਨ੍ਹਾਂ ਨੂੰ ਲੰਬੀ ਪੈਦਲ ਸੈਰ ਕਰਵਾਈ ਜਾਂਦੀ ਸੀ।

ਇਸ ਸਮੇਂ ਸੁਆਮੀ ਰਾਮ ਨੇ ਜੋ ਵਿਆਖਿਆਨ ਦਿਤੇ, ਉਨ੍ਹਾਂ ਸਭ ਵਿਚ ਦੇਸ਼ ਭਗਤੀ ਦੇ ਜੋਸ਼ ਦੀ ਸੁਗੰਧੀ ਮੌਜੂਦ ਹੈ। ਵਿਸ਼ੇਸ਼ ਕਰਕੇ ਸੁਆਮੀ ਜੀ ਦੇ ਉਨ੍ਹਾਂ ਸੰਦੇਸ਼ਾਂ ਵਿਚ, ਜੋ ਉਨ੍ਹਾਂ ਨੇ ਨੌਜਵਾਨਾਂ ਨੂੰ ਦਿਤੇ ਸਨ ਯਥਾ ਵਿਸ਼ਵ ਪ੍ਰੇਮ ਤੇ ਆਲੋਚਨਾ, ਯਗ, ਰਾਸ਼ਟਰੀ ਧਰਮ, ਬ੍ਰਹਮਚਾਰੀ ਅਤੇ ਦੇਸ਼ ਭਗਤੀ ਆਦਿ। ਸੁਆਮੀ ਜੀ ਵਲੋਂ ਰਾਏ ਬੈਜ ਨਾਥ ਦੀ ਪੁਸਤਕ 'ਹਿੰਦੂ ਧਰਮ-ਸਨਾਤਨ ਅਤੇ ਨਵੀਨ ਦੀ ਲਿਖੀ ਗਈ ਭੂਮਿਕਾ ਇਕ ਸ਼ਾਹਕਾਰ ਹੈ, ਜਿਸ ਵਿਚ ਉਨ੍ਹਾਂ ਨੇ ਆਪਣੇ ਆਪ ਨੂੰ ਭਾਰਤ ਮਾਤਾ

ਦਾ ਸੱਚਾ ਸਪੂਤ ਦਰਸਾਇਆ ਹੈ। ਪਰ ਉਨ੍ਹਾਂ ਵਲੋਂ ਲਿਖੇ ਗਏ ਪੱਤਰਾਂ ਵਿਚ ਉਨ੍ਹਾਂ ਦੇ ਵਿਅਕਤਿਤਵ ਦੇ ਵਾਸਤਵਿਕ ਝਲਕਾਰੇ ਮਿਲਦੇ ਹਨ।

ਇਨ੍ਹਾਂ ਲਘੂ ਲੇਖਾਂ ਅਤੇ ਸੰਦੇਸ਼ਾਂ ਵਿਚ ਉਨ੍ਹਾਂ ਦਾ ਮਾਨਵਤਾ ਦਾ ਉਚਤਮ ਦ੍ਰਿਸ਼ਟੀਕੋਣ ਝਲਕਦਾ ਦਿਖਾਈ ਦਿੰਦਾ ਹੈ, ਜਿਹੜਾ ਉਨ੍ਹਾਂ ਨੇ ਹਿਮਾਲਾ ਤੋਂ ਆਰੰਭ ਕਰਕੇ ਪਛਮ ਤਕ ਪ੍ਰਸਾਰਤ ਕੀਤਾ, ਪਰ ਉਨ੍ਹਾਂ ਦੇ ਇਹ ਸੰਦੇਸ਼ ਉਨ੍ਹਾਂ ਦੀ ਨਿਜੀ ਪ੍ਰੇਰਨਾ ਦੇ ਲਖਾਇਕ ਹਨ, ਜਿਨ੍ਹਾਂ ਉੱਤੇ ਉਨ੍ਹਾਂ ਦੇ ਡੂੰਘੇ ਨਿਜਤਵ ਦੀ ਮੋਹਰ ਲਗੀ ਹੋਈ ਹੈ। ਇਹ ਗੱਲ ਪ੍ਰਤੱਖ ਰੂਪ ਵਿਚ ਪ੍ਰਗਟ ਹੁੰਦੀ ਹੈ ਕਿ ਆਪ ਪਛਮੀ ਦੇਸ਼ਾਂ ਦੀ 'ਸਫਲਤਾ' ਤੋਂ ਬਹੁਤ ਹੀ ਪ੍ਰਭਾਵਤ ਹੋਏ ਸਨ ਅਤੇ ਉਹ ਆਪਣੇ ਦੇਸ਼ ਵਾਸੀਆਂ ਨੂੰ ਵੀ ਉਨ੍ਹਾਂ ਵਾਂਗ ਉੱਚਾ ਉਠਾਣਾ ਲੋਚਦੇ ਸਨ। ਇਕੋ ਧਰਮ ਉਨ੍ਹਾਂ ਨੂੰ ਇਕਮੁੱਠ ਨਹੀਂ ਸੀ ਰਖ ਸਕਦਾ । ਇਸ ਲਈ ਇਕੋ ਸਾਂਝੇ ਦੇਸ਼ ਦਾ ਪ੍ਰੇਮ ਜੀਵਨ ਵਿਚ ਉਤਸ਼ਾਹ ਭਰਨ ਲਈ ਜ਼ਰੂਰੀ ਸੀ। ਭਾਵੇਂ ਇਹ ਉਨ੍ਹਾਂ ਦਾ ਢੁੱਕਵਾਂ ਵਿਸ਼ਾ ਨਹੀਂ ਸੀ, ਉਨ੍ਹਾਂ ਦੀ ਅਧਿਆਤਮਵਾਦੀ ਪ੍ਰੇਰਨਾ ਸਦਾ ਪ੍ਰਬਲ ਹੁੰਦੀ ਸੀ, ਪਰ ਇਸ ਨਾਲ ਰਲ ਕੇ ਇਹ ਵਿਚਾਰ ਵੀ ਚਮਕ ਉਠਦੇ ਸਨ। ਇਸ ਖੇਤਰ ਵਿਚ ਸੁਆਮੀ ਰਾਮ ਆਪਣੇ ਮੌਲਿਕ ਰੰਗ ਵਿਚ ਨਹੀਂ ਸੀ ਹੁੰਦੇ, ਇਸ ਵਿਸ਼ੇ ਉੱਤੇ ਉਹ ਸੁਆਮੀ ਵਿਵੇਕਾਨੰਦ ਜੀ ਦੇ ਸ਼ਾਨਦਾਰ ਭਾਸ਼ਣਾਂ ਤੋਂ ਅਗੇ ਨਹੀਂ ਸਨ ਜਾ ਸਕਦੇ। ਸੁਆਮੀ ਵਿਵੇਕਾਨੰਦ ਜੀ ਤਾਂ ਜਨਮ ਤੋਂ ਹੀ ਰਾਸ਼ਟਰ ਨਿਰਮਾਤਾ ਸਨ, ਪਰ ਇਸ ਦੇ ਟਾਕਰੇ ਉਤੇ ਸੁਆਮੀ ਰਾਮ ਤੀਰਥ ਸੰਨਿਆਸੀ ਮਨੋਬਿਰਤੀ ਵਾਲੇ ਸਨ, ਜੋ ਭਲਕ ਬਾਰੇ ਬਿਲਕੁਲ ਨਿਸ਼ਚਿੰਤ ਸਨ ਅਤੇ ਜੋ ਮਨੁੱਖ ਦੇ ਕਰਮਾਂ ਵਲ ਵੀ ਧਿਆਨ ਨਹੀਂ ਸਨ ਦਿੰਦੇ। ਪਰ ਜੇ ਉਨ੍ਹਾਂ ਦੀ ਆਤਮਾ ਇਤਨੀ ਗਹਿਰ ਗੰਭੀਰ ਤੇ ਡੂੰਘੀ ਨਾ ਹੁੰਦੀ ਤਾਂ ਪਛਮੀ ਜਗਤ ਨਾਲ ਹੋਇਆ ਉਨ੍ਹਾਂ ਦਾ ਸੰਪਰਕ ਸੁਆਮੀ ਰਾਮ ਨੂੰ ਨਿਸ਼ਚੇ ਹੀ ਨਿਸਤੇਜ ਕਰ ਦਿੰਦਾ, ਮਨੋਭਾਵਾਂ ਦੀ ਉਹ ਅਦਭੁਤ ਸੂਖਮਤਾ, ਜੋ ਵਿਸ਼ਵ-ਵਿਆਪੀ ਧੜਕਣਾਂ ਵਿਚ ਤਰੰਗਤ ਹੋ ਉਠਦੀ ਸੀ, ਕੇਵਲ ਗੁਲਾਨਾਰੀ ਧਾਗੇ ਹੀ ਰਹਿ ਜਾਂਦੇ, ਜੋ ਦੇਸ਼ ਭਗਤੀ ਦੇ ਬੁਸੇ ਜਜ਼ਬਿਆਂ ਅਤੇ ਕੌਮੀ ਉਸਾਰੀ ਦੇ ਸਾਧਾਰਨ ਜਿਹੇ ਢੰਗਾਂ ਨੂੰ ਸ਼ਿੰਗਾਰਨ ਤਕ ਹੀ ਸੀਮਤ ਹੋ ਸਕਦੇ ਸਨ। ਜੇ ਜੀਵਨ ਉਨ੍ਹਾਂ ਨੂੰ ਹੋਰ ਮੌਕਾ ਦਿੰਦਾ ਅਤੇ ਉਹ ਕੁਝ ਚਿਰ ਹੋਰ ਜੀਵਤ ਰਹਿੰਦੇ ਅਤੇ ਧਾਰਮਿਕ ਖੇਤਰ ਦੇ ਪਰਮਾਨੰਦ ਵਲ ਰੁਚਿਤ ਹੋਣ ਦੀ ਥਾਂ ਉਹ ਇਸ ਦਿਸ਼ਾ ਵਲ ਆਪਣੇ ਆਪ ਨੂੰ ਵਿਕਸਤ ਕਰਨ ਦਾ ਯਤਨ ਕਰਦੇ ਤਾਂ ਉਹ ਅਵਸ਼ ਹੀ ਇਕ ਮਹਾਨ ਰਾਸ਼ਟਰ ਨਿਰਮਾਤਾ ਬਣ ਜਾਂਦੇ, ਕਿਉਂਜੋ ਉਨ੍ਹਾਂ ਵਿਚ ਅਜਿਹਾ ਬਣ ਸਕਣ ਦੀਆਂ ਸਾਰੀਆਂ ਕੁਦਰਤੀ ਸੰਭਾਵਨਾਂਵਾਂ ਮੌਜੂਦ ਸਨ। ਪਰ ਜਿਵੇਂ ਪੰਛੀ ਆਪਣੇ ਖੰਭਾਂ ਨੂੰ ਫੜਫੜਾ ਕੇ ਪਾਣੀ ਦੇ ਤ੍ਰੁਪਕਿਆਂ ਨੂੰ ਛੰਡ ਦਿੰਦੇ

ਹਨ. ਇਸੇ ਤਰ੍ਹਾਂ ਉਨ੍ਹਾਂ ਨੇ ਇਸ ਮਾਨਵ ਹਮਦਰਦੀ ਦੇ ਸੀਮਤ ਪਛਮੀ ਵਿਚਾਰਾਂ ਦੇ ਪ੍ਰਭਾਵ ਨੂੰ ਆਪਣੇ ਮਨ ਤੋਂ ਛੰਡ ਦਿੱਤਾ ਸੀ। ਨਿਰੰਤਰ ਪ੍ਰਭੂ-ਪ੍ਰੇਮ ਵਿਚ ਮਟ ਕੇ ਉਨ੍ਹਾਂ ਨੇ ਇਨ੍ਹਾਂ ਪ੍ਰਭਾਵਾਂ ਤੋਂ ਆਪਣੇ ਆਪ ਨੂੰ ਨਿਰਲੇਪ ਕਰ ਲਿਆ ਸੀ ਅਤੇ ਮੁੜ ਇਕਾਂਤਵਾਸ ਵਿਚ ਜਾ ਕੇ ਸੰਸਕ੍ਰਿਤ ਸਾਹਿਤ ਦਾ ਅਧਿਐਨ ਸ਼ੁਰੂ ਕਰ ਦਿਤਾ ਸੀ।

ਕੋਈ ਵੀ ਵਸਤੂ ਉਨ੍ਹਾਂ ਦੀ ਪਰਮ-ਚੇਤਨਾ ਦੇ ਦਰਪਣ ਨੂੰ ਧੁੰਦਲਾ ਨਹੀਂ ਸੀ ਕਰ ਸਕਦੀ। ਜਦੋਂ ਸ੍ਰੀਮਤੀ ਵੈਲਮੈਨ ਵਾਪਸ ਅਮਰੀਕਾ ਪਰਤਣ ਤੋਂ ਪਹਿਲਾਂ ਬਿਆਸ ਆਸ਼ਰਮ ਵਿਖੇ ਉਨ੍ਹਾਂ ਦੇ ਦਰਸ਼ਨ ਕਰਨ ਆਈ ਤਾਂ ਉਹ ਉਸ ਨੂੰ ਮਿਲਣ ਆਏ ਅਤੇ ਉਨ੍ਹਾਂ ਨੇ ਇਕ ਟੋਕਰੀ ਵਿਚ ਗੰਗਾ ਦੀ ਤੇਜ਼ ਧਾਰ ਨੂੰ ਰੱਸੇ ਰਾਹੀਂ ਪਾਰ ਕੀਤਾ। ਉਹ ਆਪ ਉਸ ਨੂੰ ਮਿਲਣ ਆਏ ਸਨ ਕਿਉਂਕੇ ਸੁਆਮੀ ਜੀ ਇਹ ਨਹੀਂ ਸਨ ਚਾਹੁੰਦੇ ਕਿ ਸ੍ਰੀਮਤੀ ਵੈਲਮੈਨ ਨਦੀ ਨੂੰ ਪਾਰ ਕਰਨ ਦੇ ਇਸ ਖ਼ਤਰੇ ਨੂੰ ਸਹੇੜੇ। ਆਪਣੇ ਅਮਰੀਕਾ ਪਰਤਣ ਸਮੇਂ ਅਤੇ ਸੁਆਮੀ ਰਾਮ ਤੀਰਥ ਦੇ ਅਕਾਲ ਚਲਾਣੇ ਤੋਂ ਇਕ ਸਾਲ ਪਹਿਲਾਂ ਸ੍ਰੀਮਤੀ ਵੈਲਮੈਨ ਨੇ ਮੈਨੂੰ ਦਸ ਦਿਤਾ ਸੀ ਕਿ ਸੁਆਮੀ ਜੀ ਪਰਬਤਾਂ ਤੋਂ ਵਾਪਸ ਮੈਦਾਨਾਂ ਵਿਚ ਨਹੀਂ ਪਰਤਣਗੇ। ਜਦੋਂ ਉਹ ਇਕ ਦੂਜੇ ਤੋਂ ਵਿਛੜਨ ਲਗੇ ਤਾਂ ਉਨ੍ਹਾਂ ਨੂੰ ਗੰਗਾ ਦੇ ਨੀਲੇ ਜਲ ਪ੍ਰਵਾਹ ਅਤੇ ਸੂਰਜ ਤੇ ਪੂਰਨ ਪ੍ਰਕਾਸ਼ ਨੂੰ ਆਪਣੇ ਰੱਬੀ ਚਿਹਰੇ ਉੱਤੇ ਪੂਰੇ ਜੋਬਨ ਵਿਚ ਪੈਂਦੇ ਹੋਏ ਇਹ ਬਚਨ ਕੀਤੇ ਸਨ "ਸੂਰੀਆ ਨੰਦਾ (ਜੋ ਸ੍ਰੀਮਤੀ ਵੈਲਮੈਨ ਨੂੰ ਸੁਆਮੀ ਜੀ ਵਲੋਂ ਦਿਤਾ ਗਿਆ ਨਾਂ ਸੀ) ਅਲਵਿਦਾ! ਅਲਵਿਦਾ! ਜਾਉ! ਵੇਖੋ! ਪਰੇ ਸੂਰਜ ਅਸਤ ਹੋ ਰਿਹਾ ਹੈ! ਇਹ ਰਾਮ ਹੈ। ਇਸ ਸਵਰਨ ਭੂਮੀ ਨੂੰ ਨਾ ਭੁਲਾਣਾ ਅਤੇ ਜਿਥੇ ਵੀ ਜਾਉ, ਇਸ ਨੂੰ ਨਾਲ ਲੈ ਜਾਣਾ!" ਸੁਆਮੀ ਜੀ ਦਾ ਲਹਿਜਾ ਤੇ ਇਸ਼ਾਰੇ ਕੁਝ ਇਸ ਤਰ੍ਹਾਂ ਦੇ ਸਨ, ਜੋ ਇਸ ਗੱਲ ਦੇ ਸੂਚਕ ਸਨ ਕਿ ਸੁਆਮੀ ਰਾਮ ਤੀਰਥ ਸ੍ਰੀਮਤੀ ਵੈਲਮੈਨ ਨੂੰ ਮ੍ਰਿਤੂ ਸਮੇਂ ਦੀ ਵਿਦਾਇਗੀ ਹੀ ਦੇ ਰਹੇ ਹਨ। ਸ੍ਰੀਮਤੀ ਵੈਲਮੈਨ ਨੇ ਹੌਕਾ ਭਰ ਕੇ ਇਹ ਗੱਲ ਆਖੀ ਸੀ , "ਭਾਰਤ ਨੇ ਉਸ ਨੂੰ ਗੁਆ ਦਿਤਾ ਹੈ, ਸੁਆਮੀ ਰਾਮ ਹੁਣ ਪਰਬਤਾਂ ਤੋਂ ਵਾਪਸ ਨਹੀਂ ਪਰਤਣਗੇ. ਹੁਣ ਸਭ ਖੇਡ ਖ਼ਤਮ ਹੋ ਚੁਕੀ ਹੈ।"

ਇਕ ਸਾਲ ਪਿਛੋਂ ਉਨ੍ਹਾਂ ਨੇ ਮੈਨੂੰ ਵੀ ਇਸੇ ਤਰ੍ਹਾਂ ਦੀ ਭਾਵਭਿੰਨੀ ਵਿਦਾਇਗੀ ਦਿਤੀ ਸੀ। ਇਸੇ ਤਰ੍ਹਾਂ ਦੇ ਹੀ ਉਹ ਵਾਕ ਸਨ। ਉਸ ਸਮੇਂ ਸੁਆਮੀ ਜੀ ਉਤਰ ਖੰਡ ਵਿਚ ਰਹਿ ਰਹੇ ਸਨ। "ਇਹ ਹਿਮ ਖੰਡ ਹੈ, ਸਵਰਨ ਭੂਮੀ। ਜਿਥੇ ਵੀ ਜਾਉ, ਇਸ ਵਿਚ ਜੀਵਣਾ। ਇਸ ਸਵਰਨ ਭੂਮੀ ਨੂੰ ਆਪਣੇ ਨਾਲ ਲੈ ਕੇ ਜਾਣਾ।"

ਉਹ ਪੱਤਰ ਜਿਹੜੇ ਉਨ੍ਹਾਂ ਨੇ ਪੁਸ਼ਕਰ ਵਿਖੇ ਵੱਖ ਵੱਖ ਮਿਤਰਾਂ ਨੂੰ ਲਿਖੇ, (ਉਨ੍ਹਾਂ ਵਿਚੋਂ ਕੁਝ ਸੋਲਵੇਂ ਅਧਿਆਇ ਵਿਚ ਦਿਤੇ ਗਏ ਹਨ) ਇਹ ਪੱਤਰ ਸਿਆਲ

ਦੀ ਰੁੱਤੇ ਆਪਣੇ ਘਰ ਦੀ ਛੱਤ ਉਤੇ ਬੈਠਿਆਂ ਧੁੱਪ ਸੇਕਦਿਆਂ ਲਿਖੇ ਗਏ ਸਨ ਅਤੇ ਇਨ੍ਹਾਂ ਵਿਚ ਸੁਆਮੀ ਜੀ ਦੇ ਹਿਰਦੇ ਦੀ ਸੁਨਹਿਰੀ ਧੁੱਪ ਹਾਲੀ ਵੀ ਅੰਕਿਤ ਹੈ। ਉਨ੍ਹਾਂ ਦੀ ਇਸ ਕਾਲ ਖੰਡ ਦੀ ਵਾਰਤਕ ਅਤੇ ਕਵਿਤਾ ਨੂੰ ਆਲੋਚਨਾਤਮਕ ਦ੍ਰਿਸ਼ਟੀ ਤੋਂ ਵਾਚਣ ਉਪਰੰਤ ਸਿਧ ਹੁੰਦਾ ਹੈ ਕਿ ਉਨ੍ਹਾਂ ਦੀ ਛੰਦਾਬੰਦੀ ਵਾਲੀ ਰਚਨਾ ਦੀ ਤੁਲਨਾ ਵਿਚ ਉਨ੍ਹਾਂ ਵਲੋਂ ਸਮੇਂ ਸਮੇਂ ਸਿਰ ਲਿਖੇ ਗਏ ਵੱਖ ਵੱਖ ਮਿਤਰਾਂ ਨੂੰ ਇਹ ਲਘੂ ਪੱਤਰ ਉਨ੍ਹਾਂ ਵਲੋਂ ਰਚੀ ਗਈ ਕਵਿਤਾ ਦੀ ਵਧੇਰੇ ਚੰਗੀ ਤਰ੍ਹਾਂ ਸਾਖੀ ਭਰਦੇ ਹਨ। ਇਨ੍ਹਾਂ ਤੋਂ ਪਿਛੋਂ ਉਨ੍ਹਾਂ ਦੀ ਉਹ ਕਾਵਿ-ਰਚਨਾ ਸ਼ਿਅਰ ਅਤੇ ਗ਼ਜ਼ਲਾਂ ਆਉਂਦੀਆਂ ਹਨ, ਜਿਨ੍ਹਾਂ ਵਿਚ ਇਸ ਫੁੱਲਾਂ ਦੇ ਵਣਜਾਰੇ ਦੀ ਮਹਾਨ ਸ਼ਖ਼ਸੀਅਤ ਦੀ ਖ਼ੁਸ਼ਬੂ ਭਰੀ ਪਈ ਹੈ।

ਅਧਿਆਇ ਚੌਧਵਾਂ

ਗੰਗਾ ਕੰਢੇ ਬਿਆਸ ਆਸ਼ਰਮ ਵਿਖੇ ਨਿਵਾਸ

ਸੁਆਮੀ ਰਾਮ ਤੀਰਥ ਹੇਠਾਂ ਮੈਦਾਨਾਂ ਵਿਚ ਵਿਆਖਿਆਨ ਦਿੰਦੇ ਦਿੰਦੇ ਥਕਿਆ ਥਕਿਆ ਮਹਿਸੂਸ ਕਰਦੇ ਸਨ। ਇਸ ਲਈ ਹੁਣ ਸਮਾਜ ਤੋਂ ਦੂਰ ਉਨ੍ਹਾਂ ਪਰਬਤੀ ਇਕਾਂਤਾਂ ਵਿਚ ਨੱਠ ਜਾਣਾ ਚਾਹੁੰਦੇ ਸਨ, ਜੋ ਉਨ੍ਹਾਂ ਨੂੰ ਬੜੀਆਂ ਪਿਆਰੀਆਂ ਲਗਦੀਆਂ ਰਹੀਆਂ ਸਨ। ਬਨ ਵਿਚ ਆਪ ਆਪਣੇ ਮਨਪਸੰਦ ਨਿਵਾਸ ਦੀ ਚੋਣ ਕਰਨ ਲਈ ਬੜੀ ਸੁਘੜਤਾ ਤੋਂ ਕੰਮ ਲੈਂਦੇ ਸਨ। ਇਕ ਵਾਰ ਆਪ ਨੇ ਗੰਗਾ ਕਿਨਾਰੇ ਥੋੜੇ ਘੱਟ ਘਣੇ ਬਨਾਂ ਵਿਚ ਉਸ ਪਠਾਰ ਨੂੰ ਚੁਣਿਆਂ, ਜੋ ਰਿਸ਼ੀਕੇਸ਼ ਤੇ ਬਦਰੀਨਾਥ ਨਾਰਾਇਣ ਦੇ ਮਾਰਗ ਉੱਤੇ ਇਸਥਿਤ ਹੈ ਅਤੇ ਜਿਸ ਨੂੰ ਬਿਆਸ ਆਸ਼ਰਮ ਕਰਕੇ ਜਾਣਿਆਂ ਜਾਂਦਾ ਹੈ। ਇਥੇ ਉਹ ਇਕ ਸਾਲ ਦੇ ਲਗਭਗ ਰਹੇ। ਉਨ੍ਹਾਂ ਦੀ ਦਾੜ੍ਹੀ ਕਾਫੀ ਵੱਧ ਗਈ ਸੀ, ਜੋ ਕੋਈ ਉਨ੍ਹਾਂ ਨੂੰ ਉੱਥੇ ਮਿਲਣ ਜਾਂਦਾ ਤਾਂ ਸੁਆਮੀ ਰਾਮ ਕਹਿੰਦੇ, ''ਰਾਮ ਦੇ ਵਿਆਸ ਜੀ ਦੀ ਦਾੜ੍ਹੀ ਉਗ ਪਈ ਹੈ।''

ਇਥੇ ਆਪ ਨੇ ਸੰਸਕ੍ਰਿਤ ਵਿਆਕਰਣ ਤੇ ਸੰਸਕ੍ਰਿਤ ਸਾਹਿਤ ਦਾ ਮਰਿਆਦਾ ਪੂਰਵਕ ਅਧਿਐਨ ਕਰਨਾ ਆਰੰਭ ਕੀਤਾ ਅਤੇ ਸ਼ੰਕਰਾਚਾਰੀਆ ਦੇ ਭਾਸ਼ਣ ਤੇ ਵੇਦਾਂ ਨੂੰ ਵੀ ਪੜ੍ਹਿਆ ਤੇ ਵਿਚਾਰਿਆ। ਅਲਾਹਾਬਾਦ ਤੇ ਬਨਾਰਸ ਵਿਖੇ ਵੇਦਾਂਤ ਬਾਰੇ ਵਿਆਖਿਆਨ ਦੇਣ ਸਮੇਂ ਇਨ੍ਹਾਂ ਥਾਵਾਂ ਦੇ ਸੰਸਕ੍ਰਿਤ ਦੇ ਪੰਡਤਾਂ ਨੇ ਸੁਆਮੀ ਰਾਮ ਤੀਰਥ ਨੂੰ ਕਈ ਵਾਰ ਟੋਕਿਆ ਸੀ ਕਿ ਉਹ ਸੰਸਕ੍ਰਿਤ ਨੂੰ ਪੜ੍ਹਨ ਤੋਂ ਬਿਨਾਂ ਵੇਦਾਂਤ ਵਰਗੇ ਵਿਸ਼ੇ ਤੇ ਕਿਵੇਂ ਪੂਰਨ ਅਧਿਕਾਰ ਨਾਲ ਭਾਸ਼ਣ ਦੇ ਸਕਣ ਦਾ ਦਾਅਵਾ ਕਰ ਸਕਦਾ ਹੈ? ਇਸ ਟੋਕ ਨੇ ਸੁਆਮੀ ਰਾਮ ਤੀਰਥ ਦੇ ਅੰਦਰਲੇ ਕਵੀ ਨੂੰ ਹਲੂਣ ਦਿੱਤਾ ਸੀ। ਆਪਨੇ ਪੱਕਾ ਫ਼ੈਸਲਾ ਕਰ ਲਿਆ ਸੀ ਕਿ ਹੁਣ ਉਹ ਸਖ਼ਤ ਮਿਹਨਤ ਰਾਹੀਂ ਇਨ੍ਹਾਂ ਆਲੋਚਕਾਂ ਦੀਆਂ ਚੋਭਾਂ ਦਾ ਢੁਕਵਾਂ ਉੱਤਰ ਦੇਣਗੇ। ਉਨ੍ਹਾਂ ਨੇ ਸਨਾਤਨ ਮਰਿਆਦਾ ਅਨੁਸਾਰ ਸੰਸਕ੍ਰਿਤ ਸਾਹਿੱਤ ਤੇ ਵੇਦਾਂ ਦੇ ਹਰ ਮੰਤਰ ਨੂੰ ਵਾਚਣਾ ਆਰੰਭ ਕਰ ਦਿਤਾ ਅਤੇ ਪਠਨ-ਪਾਠਨ ਦੀ ਇਸ ਸਨਾਤਨੀ ਵਿਧੀ ਨੂੰ ਪੂਰਨ ਤੌਰ ਤੇ ਅਪਣਾ ਲਿਆ। ਜਿਹੜੇ ਪੰਡਤ ਉਨ੍ਹਾਂ ਨੂੰ ਬਿਆਸ ਆਸ਼ਰਮ ਵਿਖੇ ਮਿਲੇ, ਉਨ੍ਹਾਂ ਨੂੰ ਆਪ ਵਿਚ ਇਕ ਕਰਾਮਾਤੀ ਪਰਿਵਰਤਨ ਦਿਖਾਈ ਦਿੱਤਾ। ਆਪ ਵੇਦਾਂ ਦੀ ਪਰੰਪਰਾਵਾਦੀ

ਵਿਆਖਿਆ ਵਿਚ ਪ੍ਰਬੀਨ ਵਿਦਵਾਨ ਅਤੇ ਆਚਾਰੀਆ ਬਣ ਗਏ ਸਨ ਅਤੇ ਉਹ ਵੇਦ ਪਾਠ ਦੀ ਵਿਆਖਿਆ ਸਨਾਤਨ ਵਿਧੀ ਅਨੁਸਾਰ ਕਰਨ ਦੇ ਨਾਲ ਨਾਲ ਆਪਣੇ ਗਿਆਨ ਵਿਚ ਪਛਮੀ ਸਮਾਲੋਚਨਾ ਅਤੇ ਖੋਜ ਵਿਧੀ ਦਾ ਸਮਾਵੇਸ਼ ਵੀ ਕਰ ਲੈਂਦੇ ਸਨ।

ਸੰਸਕ੍ਰਿਤ ਦੇ ਇਸ ਅਧਿਐਨ ਨੇ ਸੁਆਮੀ ਰਾਮ ਤੀਰਥ ਨੂੰ ਭਰਪੂਰ ਕਰ ਦਿੱਤਾ। ਭਾਵੇਂ ਪ੍ਰਤੱਖ ਰੂਪ ਵਿਚ ਇਸ ਨਾਲ ਉਨ੍ਹਾਂ ਦੇ ਮਨ ਦੀ ਪੰਛੀ ਹਾਰ ਖ਼ੁਸ਼ੀ ਮਾਂਦੀ ਪੈ ਚੁਕੀ ਸੀ, ਫਿਰ ਵੀ ਅੰਤਰੀਵ ਤੌਰ ਤੇ ਉਨ੍ਹਾਂ ਅੰਦਰ ਇਕ ਅਸਗਾਹ ਡੂੰਘਾਈ ਆ ਚੁੱਕੀ ਸੀ। ਜਦੋਂ ਉਨ੍ਹਾਂ ਨੇ ਇਸ ਗੰਭੀਰ ਅਧਿਐਨ ਨੂੰ ਆਰੰਭ ਕੀਤਾ ਤਾਂ ਮੈਂ ਆਪਣੇ ਉਤਾਵਲੇਪਨ ਵਿਚ ਉਨ੍ਹਾਂ ਨੂੰ ਇਕ ਪੱਤਰ ਲਿਖਿਆ, ਜਿਸ ਵਿਚ ਉਨ੍ਹਾਂ ਨੂੰ ਸੰਬੋਧਨ ਕਰਦਿਆਂ-ਹੋਇਆ ਮੈਂ ਇਹ ਟਿਪਣੀ ਕੀਤੀ ਸੀ ਕਿ ਉਨ੍ਹਾਂ ਦੇ ਪੰਡਤ ਆਲੋਚਕ ਤਾਂ ਨਿਰਜਿੰਦ ਹੋ ਚੁਕੇ ਹਨ। ਉਨ੍ਹਾਂ ਦੇ ਬੋਲਾਂ ਵਿਚ ਕੋਈ ਸਤਾ ਬਾਕੀ ਨਹੀਂ ਰਹੀ ਹੈ। ਉਨ੍ਹਾਂ ਦੇ ਅਗਿਆਨ ਆਲੋਚਨਾ ਦੇ ਕਾਰਣ ਇਸ ਸੰਤਾਪ ਨੂੰ ਜਰਨ ਦੀ ਕੀ ਲੋੜ ਹੈ? ਇਸ ਲਈ ਤੁਹਾਨੂੰ ਸੰਸਕ੍ਰਿਤ ਵਿਆਕਰਣ ਦੇ ਪੁਰਾਣੇ ਤੇ ਬੁਸੇ ਤ੍ਰੁੱਕੇ ਮਾਹੌਲ ਵਿਚ ਜਾ ਕੇ ਆਪਣੇ ਮਨ ਦੇ ਖੇੜੇ ਨੂੰ ਨਸ਼ਟ ਕਰਨ ਦੀ ਕੀ ਲੋੜ ਹੈ? ਮੇਰੇ ਇਸ ਤਰਕ ਦਾ ਉਨ੍ਹਾਂ ਨੇ ਇਹ ਉਤਰ ਦਿਤਾ, ''ਰਾਮ ਕੋਲ ਸ਼ਕਤੀ ਦਾ ਬਹੁਤ ਵੱਡਾ ਭੰਡਾਰ ਹੈ, ਇਸ ਲਈ ਉਹ ਸੰਸਕ੍ਰਿਤ ਦੇ ਅਧਿਐਨ ਕਰਨ ਲਈ ਇਸ ਦਾ ਸਦ-ਉਪਯੋਗ ਕਿਉਂ ਨਾ ਕਰੇ।''

ਬਿਆਸ ਆਸ਼ਰਮ ਦੇ ਨਿਵਾਸ ਉਪਰੰਤ ਸੁਆਮੀ ਰਾਮ ਸਦਾ ਸੰਸਕ੍ਰਿਤ ਸ਼ਬਦ ਦੇ ਭਾਸ਼ਾ ਵਿਗਿਆਨਕ ਰੂਪਾਂ ਅਥਵਾ ਸ਼ਬਦਾਂ ਦੇ ਧਾਤੂਆਂ ਤੇ ਵਿਆਕਰਣਕ ਬਣਤਰਾਂ ਵਿਚ ਮਗਨ ਰਹਿੰਦੇ, ਜਿਸ ਤੋਂ ਉਨ੍ਹਾਂ ਨੂੰ ਖ਼ੁਸ਼ੀ ਪ੍ਰਾਪਤ ਹੁੰਦੀ ਅਤੇ ਵੇਦ ਮੰਤਰਾਂ ਦੀ ਸਾਹਿਤਕ ਸੁੰਦਰਤਾ ਦਾ ਆਨੰਦ ਮਾਣਦੇ। ਉਹ ਭਾਰਤ ਦੇ ਅਖਾਉਤੀ ਵਿਦਵਾਨਾਂ ਵਲੋਂ ਕੀਤੀ ਗਈ ਵੇਦਾਂ ਦੀ ਵਿਆਖਿਆ ਉੱਤੇ ਖਿੜਖਿੜਾ ਕੇ ਹਸ ਪੈਂਦੇ। ਇਹ ਵਿਆਖਿਆ ਕੁਝ ਰੂੜੀਵਾਦੀ ਸ਼ਰਧਾਵਾਨਾਂ ਵਲੋਂ ਪ੍ਰਚਲਤ ਸੀ। ਇਨ੍ਹਾਂ ਵਿਦਵਾਨਾਂ ਦਾ ਇਹ ਮਤ ਸੀ ਕਿ ਵੇਦ ਅਭੁੱਲ ਹਨ ਅਤੇ ਇਕ ਹੋਰ ਨਿਰਾਰਥਕ ਵਿਚਾਰ ਜੋ ਉਹ ਸਿਧ ਕਰਨ ਦਾ ਯਤਨ ਕਰਦੇ ਸਨ ਕਿ ਵੇਦ ਆਧੁਨਿਕ ਵਿਗਿਆਨ ਲਈ ਵੀ ਪ੍ਰਮਾਣਿਤ ਪਾਠ-ਪੁਸਤਕਾਂ ਦੀ ਹੈਸੀਅਤ ਰਖਦੇ ਹਨ। ਇਸ ਬਾਰੇ ਸੁਆਮੀ ਰਾਮ ਤੀਰਥ ਜੀ ਇਹ ਵਿਸ਼ੇਸ਼ ਕਥਨ ਕਰ ਦਿੰਦੇ, ''ਹਰ ਕਿਸੇ ਨੂੰ ਹਰ ਵਸਤੂ ਦੀ ਆਪਣੇ ਢੰਗ ਨਾਲ ਵਿਆਖਿਆ ਕਰ ਸਕਣ ਦੀ ਖੁਲ੍ਹ ਹੈ ਕਿ ਉਹ ਜਿਸ ਤਰ੍ਹਾਂ ਚਾਹੇ, ਉਸ ਦੀ ਵਿਆਖਿਆ ਕਰ ਦੇਵੇ। ਉਦਾਹਰਣ ਵਜੋਂ ਰਾਮ ਹਾਫ਼ਿਜ਼ ਦੀ 'ਮੈਅ'' ਨੂੰ ਦੈਵੀ

ਮਸਤੀ ਦਾ ਪ੍ਰਤੀਕ ਮੰਨਦਾ ਹੈ ਅਤੇ ਇਸ ਤਰ੍ਹਾਂ ਦੇ ਅਰਥ ਵਿਚ ਹਾਫ਼ਿਜ਼ ਦੀ ਸ਼ਰਾਬ ਨੂੰ ਆਪਣੇ ਆਤਮਕ ਅਨੁਭਵ ਦੇ ਅਨੰਦ ਸਰੂਪ ਵਜੋਂ ਲੈਂਦਾ ਹੈ। ਪਰ ਉਹਨੂੰ ਇਸ ਸ਼ਬਦ ਦਾ ਗ਼ਲਤ ਪ੍ਰਯੋਗ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਇਸੇ ਤਰ੍ਹਾਂ ਕਿਸੇ ਨੂੰ ਵੀ ਵੇਦਾਂ ਦੀ ਸੰਸਕ੍ਰਿਤ ਭਾਸ਼ਾ ਪਰੰਪਰਾਗਤ ਅਰਥਾਂ ਤੋਂ ਪ੍ਰੇੜੇ ਜਾਣ ਦਾ ਕੋਈ ਅਧਿਕਾਰ ਨਹੀਂ ਹੈ।'' ਸੁਆਮੀ ਰਾਮ ਤੀਰਥ ਸਾਈਨਾਚਾਰੀਆ ਨੂੰ ਵੇਦਾਂ ਦਾ ਇਕ ਮਾਤਰ ਆਚਾਰੀਆ ਮੰਨਦੇ ਸਨ। ਉਹ ਯੂਰਪ ਦੇ ਸਨਾਤਕਾਂ ਦੀ ਵਿਆਖਿਆ-ਵਿਧੀ ਦੀ ਪ੍ਰਸ਼ੰਸਾ ਕਰਦੇ ਸਨ ਤੇ ਭਾਰਤ ਦੇ ਵਿਦਵਾਨ ਪੰਡਤਾਂ ਦੇ ਅਕਰਮਕ ਅਗਿਆਨ ਨੂੰ ਨਿੰਦਦੇ ਸਨ। ਵਸ਼ਿਸ਼ਟ ਆਸ਼ਰਮ ਵਿਖੇ ਉਨ੍ਹਾਂ ਮੈਨੂੰ ਦਸਿਆ ਸੀ, ''ਸੁਆਮੀ ਰਾਮ ਵੇਦਾਂ ਬਾਰੇ ਇਕ ਪੁਸਤਕ ਲਿਖਣ ਦਾ ਵਿਚਾਰ ਰਖਦੇ ਹਨ, ਜਿਸ ਵਿਚ ਵੇਦਾਂ ਦੇ ਸੁੰਦਰ ਮੰਤਰਾਂ ਦੇ ਪਾਠ ਅਤੇ ਉਨ੍ਹਾਂ ਦੀ ਪਰੰਪਰਾਗਤ ਵਿਆਖਿਆ ਦੇ ਨਾਲ ਨਾਲ ਸੁਆਮੀ ਰਾਮ ਦੀ ਆਪਣੀ ਵਿਆਖਿਆ ਵੀ ਦਿਤੀ ਜਾਵੇਗੀ।''

''ਇਕ ਦਿਨ ਸੁਆਮੀ ਰਾਮ ਇਕ ਪੱਥਰ ਦੀ ਸਿਲ੍ਹਾ ਉੱਪਰ ਬਿਰਾਜਮਾਨ ਸਨ ਕਿ ਆਕਾਸ਼ ਉਤੇ ਕਾਲੀਆਂ ਘਟਾਵਾਂ ਛਾ ਗਈਆਂ ਅਤੇ ਕਿਣਮਿਣ ਸ਼ੁਰੂ ਹੋ ਗਈ ! ਇਸ ਬਰਖਾ ਵਿਚ ਸੁਆਮੀ ਰਾਮ ਨੇ ਇਸਨਾਨ ਕਰਕੇ ਇੰਝ ਅਨੁਭਵ ਕੀਤਾ ਕਿ ਰਾਮ ਇਕ ਜੀਵ ਇਸਤਰੀ ਹੈ, ਜੋ ਆਪਣੇ ਪੁਰਸ਼ (ਪਤੀ ਪਰਮਾਤਮਾ) ਦੇ ਆਗਮਨ ਦੀ ਉਡੀਕ ਕਰ ਰਹੀ ਹੈ। ਰਾਮ ਨੂੰ ਇਸ ਦੈਵੀ ਪ੍ਰੀਤ ਕੰਬਣੀ (ਮਿਲਾਪ ਅਵਸਥਾ) ਦਾ ਆਭਾਸ ਹੋਇਆ ਅਤੇ ਉਨ੍ਹਾਂ ਦੀਆਂ ਨਾੜੀਆਂ ਵਿਚ ਉਹ ਮਨੋਵੇਗ ਉਤਪੰਨ ਹੋ ਗਏ ਜੋ ਸੰਯੋਗ ਦੀ ਅਜਿਹੀ ਘੜੀ ਵਿਚ ਹੁੰਦੇ ਹਨ ਅਤੇ ਉਨ੍ਹਾਂ ਦਾ ਸਰੀਰ ਸੁਰ ਹੋਈ ਸਾਰੰਗੀ ਦੀਆਂ ਤਰਬਾਂ ਸਮਾਨ ਲਰਜ਼ ਰਿਹਾ ਸੀ। ਇਸ ਸੁਹਾਵਣੇ ਕੁਦਰਤੀ ਨਜ਼ਾਰੇ ਨੇ ਪ੍ਰੇਮ ਦੇ ਰੰਗ ਨੂੰ ਚਮਕਾ ਦਿਤਾ: ਰਾਮ ਰੂਪੀ ਜੀਵ ਇਸਤਰੀ ਆਪਣੇ ਪਤੀ ਪੁਰਖ (ਪਰਮੇਸ਼ਵਰ) ਦੇ ਪ੍ਰੇਮ ਅਨੁਭਵ ਦੀ ਤੀਬਰਤਾ ਨਾਲ ਉਡੀਕ ਕਰ ਰਹੀ ਸੀ। ਸੁਆਮੀ ਰਾਮ ਦੇ ਹਿਰਦੇ ਵਿਚ ਅਰਦਾਸ ਦੇ ਭਾਵ ਜਾਗ ਪਏ! 'ਹੇ ਪ੍ਰਭੂ! ਆਉ !ਅਤੇ ਮੇਰੇ ਗਰਭ ਵਿਚ ਸਮਾ ਜਾਓ! ਮੈਂ ਤੁਹਾਡੇ ਗਰਭਾਦਾਨ ਲਈ ਅਰਜੋਈ ਕਰਦੀ ਹਾਂ। ਹੇ ਪ੍ਰਭੂ ! ਮੈਂ ਤੁਹਾਥੋਂ ਜੀਵਨ-ਅੰਮ੍ਰਿਤ ਦਾ ਰਸ ਸਵਾਦਨ ਕਰਨਾ ਲੋਚਦੀ ਹਾਂ।'' ਜਦੋਂ ਉਹ ਇਸ ਪ੍ਰੀਤ ਅਨੰਦ ਦੇ ਵਿਸਮਾਦ ਤੋਂ ਜਾਗ੍ਰਤ ਅਵਸਥਾ ਵਿਚ ਆਏ ਤਾਂ ਉਨ੍ਹਾਂ ਨੇ ਵੇਦ ਗ੍ਰੰਥ ਵਿਚੋਂ ਉਸ ਦਿਨ ਲਈ ਵਿਧੀ ਪੂਰਵਕ ਵਾਕ ਲੈਣ ਲਈ ਪੋਥੀ ਨੂੰ ਖੋਲ੍ਹਿਆ। ਮਰਿਆਦਾ ਅਨੁਸਾਰ ਉਸ ਪੰਨੇ ਦੇ ਸ਼ੁਰੂ ਦੇ ਸ਼ਬਦਾਂ ਨੂੰ ਵਾਚਿਆ ਤਾਂ ਸੁਆਮੀ ਜੀ ਅਚੰਭਿਤ ਹੋ ਗਏ ਕਿ ਉਸ ਵੇਦ ਮੰਦਰ ਦੇ ਪਾਠ ਵਿਚ ਉਸੇ ਤਰ੍ਹਾਂ ਦੇ ਪ੍ਰੇਮ ਭਿਜੇ ਭਾਵ ਹੀ ਪ੍ਰਗਟਾਏ ਗਏ ਸਨ,

ਜਿਨ੍ਹਾਂ ਦਾ ਆਭਾਸ ਸੁਆਮੀ ਰਾਮ ਨੂੰ ਉਸ ਦਿਨ ਹੋਇਆ ਸੀ। ਉਨ੍ਹਾਂ ਨੇ ਕਿਹਾ ਕਿ ਨਿਜੀ ਵਿਆਖਿਆ ਲਈ ਤਾਂ ਵੇਦ ਪਾਠ ਨੂੰ ਇਸ ਤਰ੍ਹਾਂ ਹੀ ਲੈਣਾ ਚਾਹੀਦਾ ਹੈ, ਜਿਵੇਂ ਮੈਂ ਆਪਣੇ ਲਈ ਵਾਕ ਲੈ ਲਿਆ ਹੈ, ਪਰ ਵਿਦਵਾਨਾਂ ਤੇ ਆਚਾਰੀਆਂ ਦੁਆਰਾ ਕੀਤੀ ਗਈ ਵਿਆਖਿਆ ਲਈ ਇਸ ਦੇ ਸਨਾਤਨੀ ਤੇ ਪਰੰਪਰਾਵਾਦੀ ਅਰਥਾਂ ਨੂੰ ਸਨਮੁਖ ਰਖਣਾ ਚਾਹੀਦਾ ਹੈ। ਵੇਦਾਂ ਦੇ ਪਰੰਪਰਾਗਤ ਅਰਥਾਂ ਅਤੇ ਉਸ ਦੀ ਸ਼ਾਬਦਿਕ ਵਿਆਖਿਆ ਦੇ ਨਾਲ ਨਾਲ ਜਿਉਂ ਜਿਉਂ ਮਨੁੱਖੀ ਮਨ ਵਧੇਰੇ ਪ੍ਰਫੁਲਤ ਤੇ ਵਿਕਸਿਤ ਹੋ ਰਿਹਾ ਹੈ, ਤਿਉਂ ਤਿਉਂ ਇਸ ਵਿਆਖਿਆ ਵਿਚ ਵੀ ਵਿਸਥਾਰ ਆਉਣਾ ਚਾਹੀਦਾ ਹੈ ਅਤੇ ਇਸ ਦਾ ਘੇਰਾ ਵਿਸ਼ਾਲ ਤੇ ਚੌੜੇਰਾ ਹੋਣਾ ਚਾਹੀਦਾ ਹੈ। ਇਹ ਗੱਲ ਬਾਈਬਲ ਦੀ ਇਸ ਆਧੁਨਿਕ ਵਿਆਖਿਆ ਸਮਾਨ ਹੈ, ਜਿਸ ਵਿਚ ਮੂਲ ਪਾਠ ਨੂੰ ਸੁਰੱਖਿਅਤ ਰਖ ਕੇ ਨਵੀਨ ਗਿਆਨ ਤੇ ਵਿਗਿਆਨ ਦੀ ਦ੍ਰਿਸ਼ਟੀ ਤੋਂ ਬਾਈਬਲ ਦੀ ਨਵੀਂ ਤੋਂ ਨਵੀਂ ਵਿਆਖਿਆ ਕੀਤੀ ਜਾਂਦੀ ਹੈ।

ਜੀਵਨ ਦੇ ਇਸ ਕਾਲ ਖੰਡ ਵਿਚ ਸੁਆਮੀ ਰਾਮ ਸ਼ੰਕਰਾਚਾਰੀਆ ਦੇ 'ਮਾਇਆ' ਦੇ ਮਹਾਨ ਦਰਸ਼ਨ ਦੇ ਰੰਗ ਵਿਚ ਰੰਗੇ ਗਏ ਸਨ। ਇਸ ਦੀ ਆਤਮਾ ਨੇ ਸੁਆਮੀ ਜੀ ਦੇ ਜੀਵਨ ਦੀ ਅੰਦਰਲੀ ਖ਼ੁਸ਼ੀ ਦੀਆਂ ਜੜ੍ਹਾਂ ਨੂੰ ਚੂਸ ਲਿਆ ਪ੍ਰਤੀਤ ਹੁੰਦਾ ਹੈ। ਆਪ ਨੂੰ ਹੁਣ ਉਹ ਖ਼ੁਰਾਕ ਨਹੀਂ ਸੀ ਮਿਲਦੀ, ਜੋ ਉਹ ਫ਼ਾਰਸੀ ਤੇ ਅੰਗਰੇਜ਼ੀ ਸਾਹਿਤ ਵਿਚੋਂ ਪ੍ਰਾਪਤ ਕਰਦੇ ਸਨ ਅਤੇ ਇਸ ਦੇ ਟਾਕਰੇ ਤੇ ਹੁਣ ਉਹ ਸੰਸਕ੍ਰਿਤ ਦੇ ਭਾਸ਼ਾ-ਵਿਗਿਆਨ ਅਤੇ ਵਿਆਕਰਣ ਵਿਚ ਮਗਨ ਰਹਿੰਦੇ ਸਨ। ਕੁਝ ਵੀ ਹੋਵੇ, ਜਦੋਂ ਤੋਂ ਉਨ੍ਹਾਂ ਨੇ ਸੰਸਕ੍ਰਿਤ ਸਾਹਿਤ ਅਤੇ ਭਾਸ਼ਾ ਦਾ ਪਠਨ ਪਾਠਨ ਆਰੰਭ ਕੀਤਾ ਸੀ, ਉਨ੍ਹਾਂ ਦੇ ਮਨ ਤੇ ਤਨ ਵਿਚੋਂ ਉਹ 'ਆਵੇਸ਼' ਅਲੋਪ ਹੋ ਗਿਆ ਸੀ, ਜਿਸ ਦੁਆਰਾ ਉਹ ਸ਼ਾਖ਼ਸ਼ਾਤ ਪ੍ਰੇਰਨਾ ਦਾ ਰੂਪ ਬਣ ਜਾਂਦੇ ਹੁੰਦੇ ਸਨ। ਉਨ੍ਹਾਂ ਨੂੰ ਕਦੀ ਕਦਾਈਂ ਵੇਖਣ ਆਣ ਵਾਲਾ ਵਿਅਕਤੀ ਵੀ ਇਹ ਗੱਲ ਤਾੜ ਜਾਂਦਾ ਸੀ ਕਿ ਮੌਤ ਦੇ ਨੇੜੇ ਪੁਜ ਜਾਣ ਵਾਲਾ ਉਨ੍ਹਾਂ ਦਾ ਅਨੁਭਵ ਜੀਵਨ ਦੇ ਉਸ ਨਿਰਾਸ਼ਾਵਾਦੀ ਦਰਸ਼ਨ ਫਲਸਰੂਪ ਹੋਂਦ ਵਿਚ ਆਇਆ ਹੈ, ਜਿਸ ਨੂੰ ਕਿ ਉਨ੍ਹਾਂ ਨੇ ਪਿਛਲੇ ਕੁਝ ਸਮੇਂ ਤੋਂ ਆਪਣੀ ਧਾਰਣਾ ਬਣਾ ਲਿਆ ਹੋਇਆ ਸੀ।

ਉਨ੍ਹਾਂ ਦਿਨਾਂ ਵਿਚ ਆਪ ਕੁਝ ਲਘੂ ਲੇਖ ਲਿਖਣ ਵਿਚ ਰੁਝੇ ਹੋਏ ਸਨ। ਉਨ੍ਹਾਂ ਨੇ ਮੈਨੂੰ ਡੁਪਲੀਕੇਟਰ ਦਾ ਪ੍ਰਬੰਧ ਕਰਨ ਲਈ ਕਿਹਾ ਸੀ, ਜੋ ਮੈਂ ਉਨ੍ਹਾਂ ਲਈ ਲੈ ਕੇ ਪੁਜਾ ਸਾਂ। ਇਸ ਸਮੇਂ ਦੀਆਂ ਉਨ੍ਹਾਂ ਦੀਆਂ ਲਿਖਤਾਂ ਵਿਚ 'ਭਗਤੀ' ਉੱਤੇ ਵਧੇਰੇ ਜ਼ੋਰ ਦਿੱਤਾ ਗਿਆ ਹੈ- ਸਦੀਵੀ ਜੀਵਨ ਦੇ ਨੇਮ (ਇਹ ਆਪ ਵਲੋਂ ਸੁਆਮੀ

ਨਰਾਇਣ ਨੂੰ ਲਿਖੇ ਗਏ ਪੱਤਰਾਂ ਤੋਂ ਪ੍ਰਗਟ ਹੁੰਦਾ ਹੈ) ਜਿਹੜੇ ਕਿ ਲੋਕਾਂ ਦੇ ਸਾਹਮਣੇ ਨਹੀਂ ਆਏ ਅਤੇ ਨਾ ਹੀ ਪ੍ਰਕਾਸ਼ਤ ਹੋਏ ਹਨ।

ਬੈਸੂਨ ਦੇ ਆਸਪਾਸ ਦੇ ਪਹਾੜੀਏ ਉਨ੍ਹਾਂ ਦੇ ਦਰਸ਼ਨ ਕਰਨ ਲਈ ਆਉਂਦੇ ਸਨ ਅਤੇ ਉਨ੍ਹਾਂ ਨੂੰ ਦੁੱਧ ਤੇ ਫਲ ਆਦਿ ਦੇ ਜਾਂਦੇ ਸਨ। ਮੈਂ ਉਨ੍ਹਾਂ ਲੋਕਾਂ ਨਾਲ ਕਈ ਵਾਰ ਗੱਲਾਂ ਕੀਤੀਆਂ ਸਨ, ਉਹ ਕਹਿੰਦੇ ਹੁੰਦੇ ਸਨ, ''ਸੁਆਮੀ ਜੀ ਕੋਈ ਮਨੁੱਖ ਨਹੀਂ ਹਨ, ਇਹ ਤਾਂ 'ਦਿਓ' (ਦੇਵਤਾ) ਹਨ'' ਇਹ ਪਹਾੜੀ ਲੋਕ ਉਨ੍ਹਾਂ ਦੇ ਜੀਵਨ ਦਰਸ਼ਨ ਬਾਰੇ ਤਾਂ ਕੁਝ ਵੀ ਨਹੀਂ ਸਨ ਜਾਣਦੇ, ਪਰ ਇਨ੍ਹਾਂ ਨੇ ਉਨ੍ਹਾਂ ਲਈ ਇਕੋ ਦਿਨ ਵਿਚ ਹੀ ਕੁਟੀਆ ਤਿਆਰ ਕਰ ਦਿਤੀ ਸੀ ਤੇ ਇਹ ਉਨ੍ਹਾਂ ਲਈ ਭੇਟਾ ਲੈ ਕੇ ਆਉਂਦੇ ਹੁੰਦੇ ਸਨ, ਉਨ੍ਹਾਂ ਨਾਲ ਆਪਣੇ ਇਕ ਸੱਚੇ ਹਮਦਰਦ ਤੇ ਸਾਥੀ ਵਾਂਗ ਗੱਲਕਥ ਕਰਦੇ ਸਨ।

ਉਨ੍ਹਾਂ ਵਿਚਲੀ ਹਰਸ਼-ਭਾਵਨਾ, ਹਾਸੇ ਤੇ ਸ਼ਕਤੀ ਦੇ ਆਭਾਵ ਨੂੰ ਵੇਖ ਕੇ ਮੈਂ ਬੜੇ ਤੌਖਲੇ ਵਿਚ ਉਨ੍ਹਾਂ ਤੋਂ ਪੁਛਿਆ, ''ਸੁਆਮੀ ਜੀ! ਤੁਸੀਂ ਏਨੇ ਬਦਲ ਕਿਉਂ ਗਏ ਹੋ। ਤੁਸੀਂ ਪ੍ਰਤੱਖ ਰੂਪ ਵਿਚ ਉਦਾਸੀਨ ਵਿਖਾਈ ਦਿੰਦੇ ਹੋ।''

''ਪੂਰਨ ਜੀ! ਦੁਨੀਆਂ ਤਾਂ ਮੇਰੇ ਖੇੜੇ ਨਾਲ ਹੀ ਸਰੋਕਾਰ ਰਖਦੀ ਹੈ। ਉਹ ਉਸ ਸਮੇਂ ਹੀ ਮੇਰਾ ਸਵਾਦ ਚਖਦੇ ਹਨ, ਜਦੋਂ ਮੈਂ ਫੁੱਲਾਂ ਦੀ ਜੋਬਨ ਰੁੱਤੇ ਉਨ੍ਹਾਂ ਦੇ ਸਾਹਮਣੇ ਹੁੰਦਾ ਹਾਂ। ਪਰ ਉਹ ਇਹ ਨਹੀਂ ਜਾਣਦੇ ਕਿ ਫੁੱਲਾਂ ਤੇ ਫੱਲਾਂ ਦੀ ਖ਼ਾਤਰ ਮੈਨੂੰ ਆਪਣੀਆਂ ਜੜ੍ਹਾਂ ਦੇ ਰਖਣਿਆਂ ਵਿਚ ਵਿਚਰ ਕੇ ਇਨ੍ਹਾਂ ਵਾਸਤੇ ਖ਼ੁਰਾਕ ਇਕੱਤਰ ਕਰਨ ਲਈ ਕਿੰਨੀ ਮਿਹਨਤ ਕਰਨੀ ਪੈਂਦੀ ਹੈ। ਇਸ ਸਮੇਂ ਮੈਂ ਆਪਣੀਆਂ ਜੜ੍ਹਾਂ ਵਿਚ ਬੈਠਾ ਹਾਂ। ਪ੍ਰਚਾਰ ਦੀ ਆਤਿਸ਼ਬਾਜ਼ੀ ਅਤੇ ਸੰਸਾਰ ਨੂੰ ਉਪਦੇਸ਼ ਤੇ ਵਿਚਾਰ ਦੇਣ ਨਾਲੋਂ ਮੌਨ ਵਧੇਰੇ ਸ੍ਰੇਸ਼ਟ ਕਾਰਜ ਹੈ। ਗੌੜਪਦ ਅਤੇ ਗੋਵਿੰਦ ਆਚਾਰੀਆ ਮੌਨ ਸ਼ਾਂਤੀ ਦੇ ਪਿਛੋਕੜ ਵਿਚੋਂ ਹੀ ਸ਼ੰਕਰਚਾਰੀਆ ਦੀ ਸ਼ਾਨਦਾਰ ਸਫਲਤਾ ਹੋਂਦ ਵਿਚ ਆਈ ਸੀ।''

ਆਪ ਵੇਦਾਂਤੀ ਚਿੰਤਕ ਜਾਂ ਇਕ ਆਦਰਸ਼ ਹਿੰਦੂ ਦਰਸ਼ਨਵੇਤਾ ਦਾ ਸਾਖਸ਼ਾਤ ਰੂਪ ਬਣ ਗਏ ਸਨ, ਜੋ ਕਈ ਦਿਨ ਚੋਕੜੀ ਮਾਰ ਕੇ ਧਿਆਨ ਮਗਨ ਤੇ ਸਮਾਧੀ ਇਸਥਿਤ ਬੈਠੇ ਰਹਿੰਦੇ ਸਨ ਅਤੇ ਸੰਸਾਰ ਦੇ ਵਿਰੋਧਾਂ ਤੇ ਅਸੰਗਤੀਆਂ ਤੋਂ ਬਿਲਕੁਲ ਨਿਰਲੇਪ ਤੇ ਬੇ-ਪ੍ਰਵਾਹ ਹੋ ਜਾਂਦੇ ਸਨ। ਆਪ ਕਹਿੰਦੇ, ''ਕੌਣ ਕਹਿੰਦਾ ਹੈ ਕਿ ਸੰਸਾਰ ਦੀ ਕੋਈ ਹੋਂਦ ਹੈ? ਇਹ ਨਾ ਕਦੀ ਸੀ, ਨਾ ਹੈ ਤੇ ਨਾ ਹੋਵੇਗੀ।'' ਉਸੇ ਸਮੇਂ ਉਹ ਫਿਰ ਕਹਿ ਦਿੰਦੇ, ''ਤੁਸੀਂ ਲੋਕ ਮੇਰੇ ਕੋਲ ਆ ਕੇ ਰਾਮ ਨੂੰ ਇਹ ਜਤਾਉਣਾ ਚਾਹੁੰਦੇ ਹੋ ਕਿ ਤੁਸੀਂ ਇਕ ਯਥਾਰਥ ਹੋ। ਕੀ ਤੁਹਾਨੂੰ ਯਥਾਰਥ ਮੰਨ ਕੇ ਮੈਂ ਉਸ

ਪ੍ਰਭੂ ਨੂੰ ਭੁਲ ਜਾਵਾਂ? ਸਾਰੇ ਰਿਸ਼ਤੇ ਉਸ ਪ੍ਰਭੂ ਨੂੰ ਭੁਲਾਉਣ ਵਾਲੇ ਹਨ, ਜਿਹੜਾ ਕਿ ਸੱਚੀ ਆਤਮਾ ਦੇ ਰੂਪ ਵਿਚ ਸਾਡੇ ਅੰਤਹਕਰਣ ਵਿਚ ਮੌਜੂਦ ਹੈ।'' ਇਹ ਗੱਲ ਪ੍ਰਤੱਖ ਸੀ ਕਿ ਜਿਉਂ ਜਿਉਂ ਉਹ ਦਰਸ਼ਨ ਦੇ ਅਧਿਐਨ ਵਿਚ ਡੂੰਘੇ ਉਤਰਦੇ ਗਏ, ਤਿਉਂ ਤਿਉਂ ਉਹ ਇਕ ਭਗਤ ਦੀ ਨਿਆਂਈਂ ਆਪਣੀ ਆਤਮਾ ਵਿਚ ਹੀ ਵਧੇਰੇ ਲਿਵਲੀਨ ਹੁੰਦੇ ਗਏ ਅਤੇ ਪ੍ਰਤੱਖ ਰੂਪ ਵਿਚ ਉਹ ਉਪਰੋਂ ਉਪਰੋਂ ਉਦਾਸ ਦਿਖਾਈ ਦਿੰਦੇ ਸਨ। ਉਹ ਵਾਰ ਵਾਰ ਆਤਮਾ ਬਾਰੇ ਹੀ ਚਿੰਤਨ ਕਰਦੇ ਅਤੇ ਕੇਵਲ ਪ੍ਰੇਮ ਨੂੰ ਆਪਣਾ ਨੇਮ ਬਣਾਉਂਦੇ, ਉਸ ਵਿਚ ਹੀ ਰਹਿੰਦੇ, ਵਿਚਰਦੇ ਤੇ ਆਪਣੀ ਹਸਤੀ ਨੂੰ ਆਤਮਾ ਵਿਚ ਵਲੀਨ ਕਰ ਦਿੰਦੇ।

ਇਕ ਵਾਰ ਸ਼ਾਹ ਬਲੂਤ ਦੇ ਬਿਰਛਾਂ ਦੇ ਪਹਾੜੀ ਰਸਤੇ ਉੱਪਰ ਸੈਰ ਕਰਦਿਆਂ ਆਪ ਨੇ ਮੈਨੂੰ ਸੰਬੋਧਨ ਕਰਕੇ ਕਿਹਾ, ''ਤੁਸੀਂ ਵਿਆਹ ਕਰਵਾ ਕੇ ਬਹੁਤ ਚੰਗਾ ਕੀਤਾ ਹੈ। ਇਹ ਇਕ ਸਥਿਰ ਜੀਵਨ ਹੈ। ਪ੍ਰਭੂ ਦਾ ਅਨੁਭਵ ਪ੍ਰਾਪਤ ਕਰਨ ਲਈ ਤੁਹਾਡੀ ਪਤਨੀ ਇਕ ਸਾਥੀ ਦੇ ਰੂਪ ਵਿਚ ਤੁਹਾਡੀ ਸਹਾਇਤਾ ਕਰ ਸਕਦੀ ਹੈ। ਆਓ! ਤੁਸੀਂ ਦੋਵੇਂ ਜਣੇ ਸੰਸਾਰ ਦਾ ਤਿਆਗ ਕਰਕੇ ਇਨ੍ਹਾਂ ਉੱਚੀਆਂ ਪਹਾੜੀਆਂ ਤੇ ਆ ਕੇ ਰਹਿਣ ਲਗ ਪਵੋ। ਤੁਸੀਂ ਕਿਸੇ ਚੋਟੀ ਉਤੇ ਆਪਣਾ ਨਿਵਾਸ ਬਣਾ ਸਕਦੇ ਹੋ, ਜੋ ਰਾਮ ਦੇ ਨਿਵਾਸ ਤੋਂ ਕੁਝ ਮੀਲਾਂ ਦੀ ਦੂਰੀ ਤੇ ਹੀ ਹੋਵੇ, ਬਿਲਕੁਲ ਇਸ ਤਰ੍ਹਾਂ ਜਿਵੇਂ ਇਥੇ ਰਾਮ ਦਾ ਨਿਵਾਸ ਹੈ।''

ਮੈਨੂੰ ਪੂਰੀ ਤਰ੍ਹਾਂ ਚੇਤੇ ਨਹੀਂ ਕਿ ਫਿਰ ਇਹ ਗੱਲਬਾਤ ਦਾ ਸਿਲਸਲਾ ਕਿਵੇਂ ਇਕ ਅਜਿਹੇ ਨੁਕਤੇ ਤੇ ਆ ਪੁਜਾ ਜਿਥੇ ਉਹ ਆਪਣੀ ਪਤਨੀ ਅਤੇ ਬੱਚੇ ਦੀ ਹਰਦੁਆਰ ਦੀ ਯਾਤਰਾ ਬਾਰੇ ਕੁਝ ਕਹਿਣ ਲਗ ਪਏ, 'ਬ੍ਰਹਮਨੰਦਾ ਦੀ ਮਾਤਾ ਦਾ ਕਿੰਨਾ ਦੈਵੀ ਚਿਹਰਾ ਸੀ! ਉਸ ਦਿਨ ਉਸ ਦੀ ਸੱਚੀਮੁਚੀ ਕਾਇਆਂ ਕਲਪ ਹੋ ਗਈ ਸੀ। ਉਹ ਬਿਲਕੁਲ ਦੇਵੀ ਜਾਪਦੀ ਸੀ! ਕਿਉਂ ਨਹੀ ?''

ਤੁਹਾਨੂੰ ਪਤਾ ਹੈ, ਉਸ ਦਿਨ ਰਾਮ ਨੇ ਤੁਹਾਨੂੰ ਕਿਹਾ ਸੀ ਕਿ ਮੇਰੇ ਘਰ ਵਾਲਿਆਂ ਨੂੰ ਹਰਦੁਆਰ ਤੋਂ ਵਾਪਸ ਗੱਡੀ ਚੜ੍ਹਾ ਦਿਉ ਅਤੇ ਤੁਸੀਂ ਨਾਰਾਜ਼ ਹੋ ਗਏ ਸੀ। ਰਾਮ ਦਾ ਵੀ ਦਿਲ ਸੀ। ਪਰ ਉਸ ਨੂੰ ਉਸ ਬਾਣੇ ਦੀ ਲਾਜ ਦਾ ਖ਼ਿਆਲ ਸੀ, ਜੋ ਉਸ ਨੇ ਉਸ ਦਿਨ ਪਾਇਆ ਹੋਇਆ ਸੀ। ਉਨ੍ਹਾਂ ਨੂੰ ਮਿਲਣ ਦੀ ਆਗਿਆ ਨਾ ਦੇਣ ਵਿਚ ਇਕ ਉਪਚਾਰਕ ਇਨਕਾਰ ਦੀ ਭਾਵਨਾ ਸੀ। ਨਹੀਂ ਤਾਂ ਮਨੁੱਖ ਆਪਣੇ ਨਿਜੀ ਰਿਸ਼ਤਿਆਂ ਨੂੰ ਕਿਵੇਂ ਭੁਲਾ ਸਕਦਾ ਹੈ, ਜਦਕਿ ਉਸ ਦੇ ਦਿਲ ਵਿਚ ਭਾਵ ਤੇ ਉਦਗਾਰ ਸਦਾ ਉਤਪੰਨ ਹੁੰਦੇ ਰਹਿੰਦੇ ਹਨ, ਭਾਵੇਂ ਉਹ ਪ੍ਰਭੂ ਪ੍ਰਤੀ ਹੋਣ ਜਾਂ ਕਿਸੇ ਮਨੁੱਖ ਪ੍ਰਤੀ। ਕਦੀ ਦਿਲ ਭਾਵ ਰਹਿਤ, ਪੱਥਰਚਿਤ ਹੋ ਕੇ ਕਿਵੇਂ ਸੁੰਨ ਹੋ

ਸਕਦੇ ਹਨ? ਆਤਮਕ ਉਨਤੀ ਤੋਂ ਮੁਰਾਦ ਭਾਵਹੀਨਤਾ ਦੀ ਅਵਸਥਾ ਕਦਾਚਿਤ ਨਹੀਂ ਹੈ। ਇਨ੍ਹਾਂ ਲੋਕਾਂ ਨੇ ਕੀਟਸ ਵਰਗੇ ਕਵੀ ਨੂੰ ਕਠੋਰ ਸ਼ਬਦਾਂ ਨਾਲ ਹੀ ਮਾਰ ਦਿਤਾ ਸੀ। ਜਿੰਨਾ ਆਤਮਕ ਵਿਕਾਸ ਵਧੇਰੇ ਹੁੰਦਾ ਹੈ, ਉਤਨੀ ਹੀ ਵਧੇਰੇ ਸੰਵੇਦਨਸ਼ੀਲਤਾ ਹੁੰਦੀ ਹੈ।"

"ਪੂਰਨ ਜੀ! ਮੈਨੂੰ ਇਸ ਗੱਲ ਦਾ ਗਿਆਨ ਨਹੀਂ ਸੀ ਕਿ ਇਸ ਦੇਸ਼ ਵਿਚ ਇਹ ਭਗਵਾ ਬਾਣਾ ਸੁਤੰਤਰਤਾ ਦਾ ਚਿੰਨ ਨਹੀਂ ਰਿਹਾ। ਗ਼ੁਲਾਮ ਲੋਕਾਂ ਨੇ ਹੁਣ ਇਸ ਨੂੰ ਪਾਉਣਾ ਸ਼ੁਰੂ ਕਰ ਦਿਤਾ ਹੈ। ਇਨ੍ਹਾਂ ਲੋਕਾਂ ਨੇ ਇਸ ਬਾਣੇ ਨੂੰ ਇਤਨਾ ਰਸਮੀ ਤੇ ਰੂੜੀਵਾਦੀ ਬਣਾ ਦਿਤਾ ਹੈ ਕਿ ਰਾਮ ਹੁਣ ਇਸ ਤੋਂ ਬੇਜ਼ਾਰ ਹੋ ਗਿਆ ਹੈ। ਜਦੋਂ ਉਹ ਹੁਣ ਮੈਦਾਨਾਂ ਵਿਚ ਜਾਵੇਗਾ ਤਾਂ ਭਰੀ ਸਭਾ ਵਿਚ ਉਹ ਭਗਵੇ ਬਾਣੇ ਨੂੰ ਲੋਕਾਂ ਦੇ ਸਾਹਮਣੇ ਤਾਰ ਤਾਰ ਕਰ ਦੇਵੇਗਾ ਅਤੇ ਇਸ ਗੱਲ ਦਾ ਐਲਾਨ ਕਰੇਗਾ ਕਿ ਸੰਨਿਆਸੀਆਂ ਦਾ ਇਹ ਭਗਵਾ ਬਾਣਾ ਹੁਣ ਸੁਤੰਤਰਤਾ ਦਾ ਮਾਧਿਅਮ ਤੇ ਚਿੰਨ੍ਹ ਨਹੀਂ ਰਿਹਾ।

ਇਹ ਗੱਲ ਬੜੀ ਹੈਰਾਨ ਕਰ ਦੇਣ ਵਾਲੀ ਹੈ ਕਿ ਵਸ਼ਿਸ਼ਟ ਆਸ਼ਰਮ ਵਿਖੇ ਉਨ੍ਹਾਂ ਨੇ ਇਸ ਭਗਵੇ ਰੰਗ ਦਾ ਬਿਲਕੁਲ ਤਿਆਗ ਕਰ ਦਿਤਾ ਸੀ। ਉਨ੍ਹਾਂ ਨੇ ਭੂਰੇ ਰੰਗ ਦਾ ਪੱਟੂ ਪਹਿਨਿਆਂ ਹੋਇਆ ਸੀ ਅਤੇ ਲਾਖੇ ਰੰਗ ਦੀ ਪਸ਼ਮੀਨੇ ਦੀ ਪਗੜੀ ਬੰਨੀ ਹੋਈ ਸੀ। ਉਨ੍ਹਾਂ ਨੇ ਕੁਰਤਾ ਤੇ ਪਜਾਮਾ ਪਾਇਆ ਹੋਇਆ ਸੀ ਅਤੇ ਸੰਨਿਆਸੀਆਂ ਵਾਲੇ ਭਗਵੇ ਚੋਲੇ ਨੂੰ ਲਾਹ ਦਿਤਾ ਸੀ।

ਸੁਆਮੀ ਕਹਿਣ ਲਗੇ, "ਕੀ ਰਾਮ ਹੁਣ ਮੌਲਵੀ ਨਹੀਂ ਲਗਦਾ, ਜਿਸ ਨੇ ਸਿਰ ਉੱਤੇ ਇਮਾਮਾ (ਮੁਸਲਮਾਨਾਂ ਵਾਲੀ ਦਸਤਾਰ) ਬੰਨਿਆਂ ਹੋਇਆ ਹੈ?"

ਅਧਿਆਇ ਪੰਦਰਵਾਂ

ਉਤਰ ਖੰਡ ਹਿਮਾਲਾ ਦੇ ਵਸ਼ਿਸ਼ਟ ਆਸ਼ਰਮ ਵਿਖੇ ਅੰਤਿਮ ਦਿਨ

ਸੁਆਮੀ ਰਾਮ ਕਾਫ਼ੀ ਬਦਲ ਚੁਕੇ ਸਨ। ਪਹਿਲਾਂ ਵਾਲੀ ਖ਼ੁਸ਼ੀ ਹੁਣ ਅਲੋਪ ਹੋ ਚੁਕੀ ਸੀ। ਖ਼ੁਸ਼ੀ ਤੇ ਹੁਲਾਸ ਦਾ ਪਹਿਲਾ ਉਛਲਦਾ ਕੁੱਦਦਾ ਪ੍ਰਵਾਹ ਹੁਣ ਡੂੰਘਾ ਹੋ ਚੁਕਾ ਸੀ। ਤੁਰਦੇ ਫਿਰਦੇ ਵੀ ਉਹ ਕਦੀ ਕਦੀ ਤਿਲਕ ਕੇ ਡਿਗ ਪੈਂਦੇ ਸਨ। ਉਸ ਸਮੇਂ ਉਨ੍ਹਾਂ ਦੇ ਮੂੰਹੋਂ ਇਹ ਸ਼ਬਦ ਨਿਕਲਦੇ, ''ਓਹ! ਰਾਮ ਆਪਣੇ ਪ੍ਰਭੂ ਪ੍ਰੀਤਮ ਨੂੰ ਵਿਸਾਰ ਬੈਠਾ ਹੈ, ਇਸੇ ਲਈ ਉਹ ਡਿੱਗ ਪਿਆ ਹੈ. ਨਹੀਂ ਤਾਂ ਕੋਈ ਡਿਗ ਕਿਵੇਂ ਸਕਦਾ ਹੈ? ਪਹਿਲਾਂ ਅਸੀਂ ਅੰਦਰੋਂ ਤਿਲਕਦੇ ਹਾਂ ਤੇ ਫਿਰ ਬਾਹਰੋਂ ਡਿਗ ਪੈਂਦੇ ਹਾਂ। ਬਾਹਰਲਾ ਡਿਗਣਾ ਤਾਂ ਅੰਦਰਲੇ ਤਿਲਕਣ ਦੇ ਕਾਰਨ ਹੀ ਹੁੰਦਾ ਹੈ। ਸਦਾ ਆਪਣੇ ਅੰਦਰ ਦਾ ਧਿਆਨ ਰਖੋ। ਪ੍ਰਭੂ ਪ੍ਰੀਤਮ ਤੋਂ ਬਿਨਾਂ ਇਕ ਵੀ ਸੁਆਸ ਨਾ ਲਿਆ ਜਾਵੇ। ਇਕ ਸਾਹ ਵੀ ਉਸ ਦੀ ਯਾਦ ਤੋਂ ਬਿਨਾਂ ਨਾ ਲੰਘੇ। ਸੁਆਸ ਸੁਆਸ ਉਸ ਨੂੰ ਯਾਦ ਕੀਤਾ ਜਾਵੇ।'' ਸੰਝ ਨੂੰ ਉਹ ਖ਼ੁਸ਼ੀ ਦੇ ਹੁਲਾਰੇ ਵਿਚ ਆ ਕੇ ਗਾਉਂਦੇ, ਹੱਥਾਂ ਨਾਲ ਤਾੜੀਆਂ ਮਾਰਦੇ ਅਤੇ ਨੱਚਣ ਲੱਗ ਪੈਂਦੇ। ਉਹ ਸੱਚੇ ਵੈਸ਼ਨਵ ਭਗਤ ਜਾਪਦੇ, ਜੋ ਚੇਤਨਯ ਦੇ ਹਰੀ ਰੰਗ ਵਿਚ ਰੱਤੇ ਨਿਰਤ ਦੀ ਧੁੰਦਲੀ ਯਾਦ ਤਾਜ਼ਾ ਕਰਵਾ ਦਿੰਦੇ। ਇਨ੍ਹਾਂ ਦਿਨਾਂ ਵਿਚ ਭਗਤੀ ਭਾਵਾ ਨੇ ਉਨ੍ਹਾਂ ਦੇ ਹਿਰਦੇ ਨੂੰ ਮਲਿਆ ਹੋਇਆ ਸੀ। ਸਵਰਗਵਾਸੀ ਜੱਜ ਬੈਜਨਾਥ ਦੀ ਹਿੰਦੀ ਪੁਸਤਕ 'ਪ੍ਰਾਰਥਨਾ' ਦੀ ਭੂਮਿਕਾ ਵੀ ਆਪ ਨੇ ਇਨ੍ਹਾਂ ਦਿਨਾਂ ਵਿਚ ਹੀ ਲਿਖੀ ਸੀ। ਵਸ਼ਿਸ਼ਟ ਆਸ਼ਰਮ ਵਿਖੇ ਉਨ੍ਹਾਂ ਦੀ ਮਨ ਦੀ ਵਾਸਤਵਿਕ ਦਸ਼ਾ ਨੂੰ ਇਹ ਰਚਨਾ ਪੂਰੀ ਤਰ੍ਹਾਂ ਮੂਰਤੀਮਾਨ ਕਰਦੀ ਹੈ।

ਇਕ ਦਿਨ ਇਸ਼ਨਾਨ ਕਰਦਿਆਂ ਹੋਇਆਂ ਉਨ੍ਹਾਂ ਨੇ ਫਰਮਾਇਆ , ''ਜੇ ਵੇਦਾਂਤ ਦਾ ਪੂਰਨ ਅਨੁਭਵ ਪ੍ਰਾਪਤ ਹੋ ਜਾਵੇ ਤਾਂ ਇਸ ਭੌਤਿਕ ਸਰੀਰ ਨੂੰ ਸਦੀਵੀ ਬਣਾਇਆ ਜਾ ਸਕਦਾ ਹੈ।''. ਪਰ ਉਨ੍ਹਾਂ ਦੀ ਇਹ ਗੱਲ ਮੇਰੇ ਪੱਲੇ ਨਾ ਪਈ। ਮੇਰਾ ਖ਼ਿਆਲ ਹੈ ਕਿ ਇਸ ਗੱਲ ਦਾ ਉਨ੍ਹਾਂ ਨੂੰ ਆਪ ਵੀ ਪੂਰੀ ਤਰ੍ਹਾਂ ਗਿਆਨ ਨਹੀਂ ਸੀ।

ਉਹ ਬੜੇ ਵਡੇ ਪਾਠਕ ਸਨ ਅਤੇ ਮੈਂ ਉਨ੍ਹਾਂ ਲਈ ਕਈ ਪੁਸਤਕਾਂ ਲੈ ਕੇ ਆਇਆ ਸਾਂ। ਆਪਣੀ ਕੁਟੀਆ ਵਿਚ ਉਹ ਬੈਠੇ ਹੋਏ ਹੁੰਦੇ ਜਾਂ ਲੇਟੇ ਹੋਏ ਤਾਂ ਮੈਂ ਉਨ੍ਹਾਂ ਦਾ ਧਿਆਨ ਉਨ੍ਹਾਂ ਪੁਸਤਕਾਂ ਵਲ ਦਿਵਾਉਂਦਾ। ਉਨ੍ਹਾਂ ਵਿਚੋਂ ਕਿਸੇ ਇਕ ਨੂੰ ਖੋਲ੍ਹ ਕੇ ਉਨ੍ਹਾਂ ਨੂੰ ਪੜ੍ਹਾਉਂਦਾ। ਪਰ ਉਨ੍ਹਾਂ ਲਈ ਹੁਣ ਕੁਝ ਪੜ੍ਹ ਸਕਣਾ ਮੁਸ਼ਕਲ ਹੋ ਗਿਆ ਸੀ ਅਤੇ ਪੁਸਤਕ ਉਨ੍ਹਾਂ ਦੇ ਹਥੋਂ ਡਿਗ ਪੈਂਦੀ ਸੀ। ਉਨ੍ਹਾਂ ਦੀਆਂ ਅੱਖਾਂ ਵਿਚੋਂ ਹੰਝੂ ਪਰਲ ਪਰਲ ਵਗ ਤੁਰਦੇ ਅਤੇ ਉਹ ਉਦਾਸ ਸੁਰ ਵਿਚ ਕਹਿ ਦਿੰਦੇ, ''ਰਾਮ ਹੁਣ ਹੋਰ ਨਹੀਂ ਪੜ੍ਹ ਸਕਦਾ।'' ਕੀ ਇਹ ਉਨ੍ਹਾਂ ਦੀ ਸਵੈ ਥਕਾਨ ਦਾ ਚਿੰਨ੍ਹ ਸੀ ਜਾਂ ਸਵੈ ਮਗਨਤਾ ਦਾ, ਕੁਝ ਕਹਿਣਾ ਮੁਸ਼ਕਲ ਹੈ?

ਉਨ੍ਹਾਂ ਦੇ ਸ਼ਿਸ਼ ਸੁਆਮੀ ਨਾਰਾਇਣ ਦਾ ਵਿਚਾਰ ਸੀ ਕਿ ਸੁਆਮੀ ਜੀ ਦੀ ਇਹ ਹਾਲਤ ਉਨ੍ਹਾਂ ਦੀ ਬਦਹਜ਼ਮੀ ਦੇ ਕਾਰਣ ਹੈ। ਉਹ ਗਲਤ ਕਿਸਮ ਦੀ ਖ਼ੁਰਾਕ ਖਾਂਦੇ ਰਹੇ ਸਨ, ਜਿਸ ਕਾਰਣ ਉਨ੍ਹਾਂ ਦਾ ਇਹ ਹਾਲ ਹੋਇਆ ਹੈ। ਸੁਆਮੀ ਨਾਰਾਇਣ ਜਿਨ੍ਹਾਂ ਨੂੰ ਸੁਆਮੀ ਰਾਮ ਤੀਰਥ ਨਾਲ ਅਥਾਹ ਪ੍ਰੇਮ ਸੀ, ਕਈ ਵਾਰ ਆਪਣੀ ਗੱਲ ਮਨਵਾਉਣ ਲਈ ਸੁਆਮੀ ਜੀ ਨੂੰ ਕੋੜੇ ਸ਼ਬਦ ਵੀ ਕਹਿ ਦਿੰਦੇ ਸਨ।

ਸੁਆਮੀ ਨਾਰਾਇਣ ਸੁਆਮੀ ਰਾਮ ਤੀਰਥ ਜੀ ਦੇ ਇਸ ਆਲਸੀ ਸੁਭਾ ਕਾਰਣ ਕਈ ਵਾਰ ਅਸ਼ਾਂਤ ਹੋ ਜਾਂਦੇ ਸਨ। ਇਕ ਦਿਨ ਅਸਾਂ ਪੁਆਲੀ ਕਾਂਟਾ ਦੇ ਮਾਰਗ ਰਾਹੀਂ ਬੁੱਢਾ ਕੇਦਾਰ ਦੇ ਹਿੰਮ ਖੰਡਾਂ ਤਕ ਯਾਤਰਾ ਕਰਨ ਦਾ ਮਨ ਬਣਾਇਆ ਤਾਂ ਸੁਆਮੀ ਜੀ ਵੀ ਨਾਲ ਜਾਣ ਲਈ ਤਿਆਰ ਹੋ ਗਏ। ਅਸੀਂ ਯਾਤਰਾ ਆਰੰਭ ਕਰ ਦਿੱਤੀ। ਅਸੀਂ ਬੈਸੁਨ ਚੋਟੀ ਤੇ ਚੜ੍ਹ ਕੇ ਹਿਮ ਰੇਖਾ ਤੋਂ ਉਤੇ ਘਾਹ ਦੀ ਵਿਸ਼ਾਲ ਪਠਾਰ ਤਕ ਪੁਜ ਗਏ। ਅਸੀਂ ਡੂੰਘੀ ਆਥਣ ਸਮੇਂ ਇਕ ਆਜੜੀ ਦੀ ਝੌਂਪੜੀ ਕੋਲ ਪੁਜੇ, ਪਰ ਉਹ ਆਜੜੀ ਸਾਨੂੰ ਆਪਣੇ ਕੋਲ ਥਾਂ ਦੇਣ ਲਈ ਤਿਆਰ ਨਹੀਂ ਸੀ। ਮੈਂ ਰਾਤ ਰਹਿਣ ਲਈ ਤਰਲਾ ਪਾਇਆ, ਸੁਆਮੀ ਨਾਰਾਇਣ ਨੇ ਵੀ ਬੇਨਤੀ ਕੀਤੀ, ਪਰ ਉਸ ਉੱਤੇ ਸਾਡੀਆਂ ਬੇਨਤੀਆਂ ਦਾ ਕੋਈ ਅਸਰ ਨਾ ਹੋਇਆ। ਪਰ ਜਦੋਂ ਸੁਆਮੀ ਰਾਮ ਸਿਧੇ ਅੰਦਰ ਚਲੇ ਗਏ ਤਾਂ ਅਸੀਂ ਸਾਰੇ ਉਨ੍ਹਾਂ ਦੇ ਨਾਲ ਪੁਜੇ ਤਾਂ ਉਸ ਨੇ ਬੜੀ ਖ਼ੁਸ਼ੀ ਖ਼ੁਸ਼ੀ ਸਾਨੂੰ ਆਪਣੇ ਕੋਲ ਠਹਿਰਾਉਣਾ ਮੰਨ ਲਿਆ। ਅਸੀਂ ਉਸ ਆਜੜੀ ਦੇ ਛੱਪਰ ਥਲੇ ਚਿਟਾਈਆਂ ਉੱਤੇ ਬੜੀ ਸੁਹਣੀ ਰਾਤ ਗੁਜ਼ਾਰੀ। ਪ੍ਰਭਾਤ ਸਮੇਂ ਸੁਆਮੀ ਰਾਮ ਝੌਂਪੜੀ ਤੋਂ ਬਾਹਰ ਆਏ ਅਤੇ ਜਮਨੋਤਰੀ ਤੋਂ ਬਦਰੀਨਾਰਾਇਣ ਤਕ ਪਸਰੇ ਹੋਏ ਹਿਮਾਲਾ ਦਾ ਪਰਮ ਸੁੰਦਰ ਦ੍ਰਿਸ਼ ਮੈਨੂੰ ਵਿਖਾਣ ਲਗੇ, ਜੋ ਚੜ੍ਹਦੇ ਸੂਰਜ ਦੀ ਸੁਨਹਿਰੀ ਆਭਾ ਵਿਚ ਜਗਮਗਾ ਉਠਿਆ ਸੀ। ਸੁਆਮੀ ਰਾਮ ਦਾ ਅਗੇ ਜਾਣ ਨੂੰ ਚਿਤ ਨਹੀਂ ਸੀ ਕਰਦਾ, ਉਹ ਇਨ੍ਹਾਂ ਪਹਾੜੀ ਰਾਹਾਂ ਉੱਤੇ

ਅਕਾਰਥ ਤੁਰਦੇ ਫਿਰਨ ਨੂੰ ਚੰਗਾ ਨਹੀਂ ਸਨ ਸਮਝਦੇ। "ਜੇ ਅਸੀਂ ਪ੍ਰਭੂ ਪਿਆਰੇ ਨੂੰ ਵਿਸਾਰ ਦਿੰਦੇ ਹਾਂ ਤਾਂ ਇਨ੍ਹਾਂ ਪਹਾੜੀ ਮਾਰਗਾਂ ਉੱਤੇ ਤੁਰਨ ਫਿਰਨ ਦਾ ਕੀ ਲਾਭ ਹੈ? ਜੇ ਪ੍ਰਭੂ ਸਾਡੇ ਕੋਲ ਹੈ ਤਾਂ ਘਰ ਵਿਚ ਹੀ ਸਭ ਕੁਝ ਪ੍ਰਾਪਤ ਹੋ ਜਾਂਦਾ ਹੈ।" ਉਨ੍ਹਾਂ ਦੀ ਇਛਾ ਪੂਰਤੀ ਲਈ ਮੈਂ ਆਪਣੀਆਂ ਅਡੀਆਂ ਵਿਚ ਪਏ ਛਾਲਿਆਂ ਨੂੰ ਵਿਖਾਇਆ ਅਤੇ ਅਗੇ ਜਾਣ ਤੋਂ ਅਸਮਰਥਾ ਪ੍ਰਗਟ ਕੀਤੀ। ਉਨ੍ਹਾਂ ਨੇ ਸੁਆਮੀ ਨਾਰਾਇਣ ਜੀ ਨੂੰ ਬੁਲਾ ਕੇ ਆਖਿਆ, "ਵੇਖੋ, ਪੂਰਨ ਜੀ ਏਨੀ ਲੰਮੀ ਪਹਾੜੀ ਯਾਤਰਾ ਕਰਨ ਦੇ ਆਦੀ ਨਹੀਂ , ਇਸ ਲਈ ਸਾਨੂੰ ਆਪਣੇ ਆਸ਼ਰਮ ਵਲ ਪਰਤ ਜਾਣਾ ਚਾਹੀਦਾ ਹੈ।" ਸੁਆਮੀ ਨਾਰਾਇਣ ਨੇ ਮੈਨੂੰ ਸੰਬੋਧਨ ਕਰਕੇ ਕਿਹਾ, "ਤੁਹਾਡੇ ਵਰਗੇ ਸਾਥੀਆਂ ਨਾਲ ਤੁਰਨਾ ਤਾਂ ਮੂਰਖਤਾ ਹੈ।" "ਤੁਹਾਡੇ ਪੈਰ ਏਨੇ-ਸੁਖਿਆਰੇ ਹਨ, ਵਾਰੇ ਵਾਰੇ ਜਾਈਏ! ਸੱਚੀ ਗੱਲ ਤਾਂ ਇਹ ਹੈ ਕਿ ਸੁਆਮੀ ਜੀ ਆਪ ਅਗੇ, ਨਹੀਂ ਜਾਣਾ ਚਾਹੁੰਦੇ ਅਤੇ ਤੁਹਾਡਾ ਬਹਾਨਾ ਲਾ ਰਹੇ ਹਨ। ਮੈਨੂੰ ਯਕੀਨ ਹੈ ਕਿ ਜੇ ਤੁਸੀਂ ਤੁਰ ਪਵੋ ਤਾਂ ਉਹ ਵੀ ਜ਼ਰੂਰ ਚਲ ਪੈਣਗੇ।"

ਭਾਵੇਂ ਇਹ ਗੱਲ ਬੜੀ ਕੋਝੀ ਲਗਣ ਵਾਲੀ ਸੀ, ਪਰ ਸੁਆਮੀ ਰਾਮ ਤੀਰਥ ਕਹਿਣ ਲਗੇ, "ਨਹੀਂ, ਸਾਨੂੰ ਜ਼ਰੂਰ ਵਾਪਸ ਪਰਤਣਾ ਚਾਹੀਦਾ ਹੈ।" ਇਸ ਲਈ ਅਸੀਂ ਸਾਰੇ ਵਾਪਸ ਆ ਗਏ।

ਕਈ ਵਾਰ ਸੁਆਮੀ ਨਾਰਾਇਣ ਇਸੇ ਤਰ੍ਹਾਂ ਦੇ ਕੌੜੇ ਕੁਸੈਲੇ ਵਾਦ-ਵਿਵਾਦ ਵਿਚ ਉਲਝ ਜਾਂਦੇ ਸਨ, ਤਾਂ ਸੁਆਮੀ ਰਾਮ ਉਨ੍ਹਾਂ ਨੂੰ ਮੁੜ ਚੇਤੇ ਕਰਵਾ ਦਿੰਦੇ, "ਕਿਰਪਾ ਕਰਕੇ ਕੋਈ ਵਾਦ-ਵਿਵਾਦ ਨਹੀਂ ਕਰਨਾ!" ਉਨ੍ਹਾਂ ਨੇ ਇਹ ਹੁਕਮ ਦਿੱਤਾ ਹੋਇਆ ਸੀ ਕਿ ਗਲਬਾਤ ਜਾਂ ਚਰਚਾ ਕਰਨ ਸਮੇਂ ਵਿਅਕਤੀ ਨੂੰ ਵਿਚ ਨਹੀਂ ਲਿਆਉਣਾ, ਕਿਉਂ ਜੋ ਅਜਿਹਾ ਕਰਨ ਨਾਲ ਵਿਪਰੀਤ ਭਾਂਤ ਦੀ ਬੌਧਿਕ ਆਲੋਚਨਾ ਹੋ ਜਾਂਦੀ ਹੈ। ਪਰ ਬਹੁਤ ਵਾਰ ਸਾਡੇ ਵਿਚੋਂ ਕੋਈ ਨਾ ਕੋਈ ਇਸ ਵਿਵਰਜਿਤ ਖੇਤਰ ਵਿਚ ਤਿਲਕ ਪੈਂਦਾ ਸੀ।

ਇਕ ਵਾਰ ਨਾਰਾਇਣ ਸੁਆਮੀ ਕਿਸੇ ਵਿਅਕਤੀ ਦੀ ਚੀਰ ਫਾੜ ਕਰ ਰਹੇ ਸਨ ਕਿ ਸੁਆਮੀ ਰਾਮ ਤੀਰਥ ਜੀ ਨੇ ਉਨ੍ਹਾਂ ਨੂੰ ਆਪਣੇ ਸਥਾਈ ਹੁਕਮ (ਕਿਸੇ ਦੀ ਨਿੰਦਾ ਨਹੀਂ ਕਰਨੀ) ਦਾ ਚੇਤਾ ਕਰਵਾਇਆ ਤਾਂ ਸੁਆਮੀ ਨਾਰਾਇਣ ਨੇ ਉੱਤਰ ਦਿੱਤਾ, "ਸੁਆਮੀ ਜੀ, ਨਹੀਂ, ਮੈਂ ਕਿਸੇ ਦੀ ਆਲੋਚਨਾ ਥੋੜਾ ਕਰ ਰਿਹਾ ਹਾਂ, ਮੈਂ ਤਾਂ ਉਸ ਦੇ ਮਨ ਦੇ ਮਨੋ-ਵਿਗਿਆਨ ਨੂੰ ਵਾਚ ਰਿਹਾ ਹਾਂ।" ਇਸ ਗੱਲ ਨਾਲ ਕਾਫੀ ਚਿਰ ਤਕ ਹਾਸਾ ਪੈਂਦਾ ਰਿਹਾ।

ਇਨ੍ਹਾਂ ਦਿਨਾਂ ਵਿਚ ਹੀ ਸੁਆਮੀ ਰਾਮ ਤੀਰਥ ਜੀ ਬੜੇ ਸੰਵੇਦਨਸ਼ੀਲ ਹੋ ਗਏ ਸਨ ਅਤੇ ਕਿਸੇ ਵੀ ਆਲੋਚਨਾ ਨੂੰ ਬਰਦਾਸ਼ਤ ਨਹੀਂ ਸਨ ਕਰਦੇ, ਨਾ ਹੀ ਸੁਆਮੀ ਨਾਰਾਇਣ ਦੇ ਕਿਸੇ ਤਰਕ ਨੂੰ ਪਸੰਦ ਕਰਦੇ ਸਨ। ਇਥੋਂ ਤਕ ਕਿ ਉਨ੍ਹਾਂ ਨੇ ਸੁਆਮੀ ਨਾਰਾਇਣ ਨੂੰ ਵੀ ਕਹਿ ਦਿਤਾ ਸੀ ਕਿ ਉਹ ਉਨ੍ਹਾਂ ਤੋਂ ਵਖਰਾ ਰਹਿਣ ਲਗ ਪਵੇ।

ਇਥੇ ਉਨ੍ਹਾਂ ਨੂੰ ਇਕ ਪੱਤਰ ਮਿਲਿਆ, ਜਿਸ ਵਿਚ ਲਿਖਿਆ ਹੋਇਆ ਸੀ ਕਿ ਹਿੰਦੁਸਤਾਨ ਦੀ ਪੁਲਿਸ ਉਨ੍ਹਾਂ ਦੀ ਭਾਲ ਕਰ ਰਹੀ ਹੈ। ਉਹ ਉਨ੍ਹਾਂ ਨੂੰ ਇਕ ਪੱਕਾ ਰਾਸ਼ਟਰਵਾਦੀ ਖ਼ਿਆਲ ਕਰਦੀ ਹੈ, ਜੋ ਕਿ ਬਰਤਾਨਵੀ ਸਰਕਾਰ ਦਾ ਤਖ਼ਤਾ ਉਲਟਣਾ ਚਾਹੁੰਦੇ ਹਨ। ਉਨ੍ਹਾਂ ਨੇ ਕਿਹਾ, "ਉਨ੍ਹਾਂ ਨੂੰ ਜਾ ਕੇ ਕਹਿ ਦਿਉ, ਮੈਂ ਕੋਈ ਸਫ਼ਾਈ ਪੇਸ਼ ਨਹੀਂ ਕਰਨਾ ਚਾਹੁੰਦਾ। ਉਨ੍ਹਾਂ ਦੀ ਜੋ ਮਰਜ਼ੀ ਹੈ, ਕਰ ਲੈਣ। ਮੈਂ ਤਾਂ ਉਹ ਕੁਝ ਹਾਂ ਜੋ ਕੁਝ ਕਿ ਮੈਂ ਹਾਂ। ਇਕ ਹਿੰਦੁਸਤਾਨੀ ਹੋਣ ਦੇ ਨਾਤੇ ਮੈਂ ਚਾਹੁੰਦਾ ਹਾਂ ਕਿ ਮੇਰਾ ਦੇਸ਼ ਆਜ਼ਾਦ ਹੋਵੇ। ਇਹ ਇਕ ਦਿਨ ਆਜ਼ਾਦ ਜ਼ਰੂਰ ਹੋਵੇਗਾ- ਭਾਵੇਂ ਇਹ ਰਾਮ ਉਸ ਆਜ਼ਾਦੀ ਨੂੰ ਪ੍ਰਾਪਤ ਕਰੇ ਜਾਂ ਉਸ ਵਰਗੇ ਕਈ ਹੋਰ ਰਾਮ ਇਸ ਆਜ਼ਾਦੀ ਨੂੰ ਹਾਸਲ ਕਰਨ, ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ।"

ਜਿਸ ਦਿਨ ਮੈਂ ਵਸਿਸ਼ਟ ਆਸ਼ਰਮ ਤੋਂ ਉਨ੍ਹਾਂ ਤੋਂ ਆਗਿਆ ਲੈਣੀ ਸੀ ਤਾਂ ਉਨ੍ਹਾਂ ਨੇ ਮੈਨੂੰ ਇਸ਼ਨਾਨ ਕਰਾਉਣ ਲਈ ਕਿਹਾ। ਮੈਂ ਉਨ੍ਹਾਂ ਦਾ ਨਾਰੀਅਲ ਦਾ ਖੱਪਰ ਤੇ ਪਰਨਾ ਲੈ ਕੇ ਉਨ੍ਹਾਂ ਦੇ ਮਗਰ ਮਗਰ ਨਦੀ ਵਲ ਨੂੰ ਤੁਰ ਪਿਆ। ਉਹ ਆਪਣੇ ਹਥੀਂ ਕੁਝ ਕਰਨ ਤੋਂ ਝਿਜਕਦੇ ਸਨ। ਮੈਂ ਉਨ੍ਹਾਂ ਦੇ ਕਪੜੇ ਉਤਾਰ ਦਿਤੇ, ਹੁਣ ਉਹ ਨੰਗੇ ਪਿੰਡੇ ਸਨ। ਉਹ ਨਦੀ ਵਿਚ ਚਲੇ ਗਏ ਅਤੇ ਮੈਂ ਆਪਣੇ ਹੱਥਾਂ ਨਾਲ ਉਨ੍ਹਾਂ ਨੂੰ ਇਸ਼ਨਾਨ ਕਰਾਉਣ ਲਗ ਪਿਆ। ਸਵੇਰ ਤੋਂ ਹੀ ਆਕਾਸ਼ ਤੇ ਘਟਾ ਛਾਈ ਹੋਈ ਸੀ। ਜਦੋਂ ਅਸੀਂ ਵਾਪਸ ਕੁਟੀਆ ਵਿਚ ਪਹੁੰਚੇ ਤਾਂ ਮੇਰੇ ਤੁਰਨ ਦਾ ਸਮਾਂ ਹੋ ਗਿਆ ਸੀ। ਸੁਆਮੀ ਜੀ ਨੇ ਬਚਨ ਕੀਤਾ, "ਪੂਰਨ ਜੀ! ਜਿਥੇ ਜਾਉ, ਇਸ ਅੰਦਰਲੀ ਜੋਤੀ ਦੀ ਸਵਰਨ-ਮਈ ਭੂਮੀ ਵਿਚ ਵਿਚਰਦੇ ਰਹਿਣਾ। ਰਾਮ ਨੇ ਜੋ ਕਾਰਜ ਆਰੰਭਿਆ ਹੈ, ਉਸ ਨੂੰ ਜਾਰੀ ਰਖਣਾ। ਹੁਣ ਸਮਾਂ ਆ ਗਿਆ ਹੈ, ਜਦੋਂ ਰਾਮ ਮੋਨ ਦਾ ਵਰਤ ਧਾਰਨ ਕਰੇਗਾ- ਸਭ ਮੋਨ ਹੋ ਜਾਏਗਾ।"

ਮੈਂ ਉੱਤਰ ਦਿੱਤਾ, "ਸੁਆਮੀ ਜੀ! ਜਦੋਂ ਮੈਂ ਆਵਾਂਗਾ ਤਾਂ ਤੁਹਾਡੀਆਂ ਵਖੀਆਂ ਵਿਚ ਕੁਤਕਤਾੜੀਆਂ ਕਢ ਕੇ ਤੁਹਾਡੇ ਮੋਨ ਵਰਤ ਨੂੰ ਭੰਗ ਕਰ ਦਿਆਂਗਾ ਅਤੇ ਤੁਸੀਂ ਬੋਲਣ ਤੇ ਹਸਣ ਲਗ ਪਵੋਗੇ।"

ਪਰ ਉਨ੍ਹਾਂ ਦੀਆਂ ਅੱਖੀਆਂ ਵਧੇਰੇ ਸੁਰਖ਼ ਹੋ ਗਈਆਂ ਅਤੇ ਉਨ੍ਹਾਂ ਗੰਭੀਰ ਹੋ ਕੇ ਬਚਨ ਕੀਤਾ. "ਇਕ ਵਾਰ ਮੌਨ ਹੋਏ ਨੂੰ ਮੁੜ ਕੌਣ ਬੁਲਾ ਸਕਦਾ ਹੈ?" ਮੇਰਾ ਹੋਰ ਕੋਈ ਸ਼ਬਦ ਕਹਿਣ ਦਾ ਹੌਸਲਾ ਹੀ ਨਾ ਪਿਆ।

ਉਹ ਮੈਨੂੰ ਲੈ ਕੇ ਤੁਰ ਪਏ। ਸੁਆਮੀ ਨਾਰਾਇਣ ਤੇ ਇਕ ਹੋਰ ਪਹਾੜੀਆ ਨਾਲ ਸਨ। ਅਸੀਂ ਢਾਲਵੇਂ ਰਸਤੇ ਉੱਤੇ ਦੂਰ ਤਕ ਤੁਰਦੇ ਗਏ। ਸੁਆਮੀ ਰਾਮ ਤੀਰਥ ਜੀ ਨੰਗੇ ਬਦਨ ਹੀ ਸਨ। ਉਨ੍ਹਾਂ ਕੇਵਲ ਇਕ ਲੰਗੋਟੀ ਹੀ ਪਹਿਨੀ ਹੋਈ ਸੀ। ਉਹ ਉਸੇ ਤਰ੍ਹਾਂ ਹੀ ਸਾਡੇ ਨਾਲ ਹੋ ਤੁਰੇ ਸਨ. ਜਿਵੇਂ ਉਹ ਨਦੀ ਵਿਚੋਂ ਇਸ਼ਨਾਨ ਕਰਕੇ ਆਏ ਸਨ। ਕਿਣਮਿਣ ਹੋਣ ਲਗ ਪਈ ਸੀ। ਮੇਰੀਆਂ ਅੱਖਾਂ ਵਿਚ ਹੰਝੂ ਸਨ। ਜਦੋਂ ਮੈਂ ਵਿਦਾਇਗੀ ਲੈਣ ਲਈ ਉਨ੍ਹਾਂ ਨੂੰ ਪ੍ਰਣਾਮ ਕੀਤਾ ਤਾਂ ਉਹ ਇਕ ਦਮ ਤੇ ਬੜੀ ਫੁਰਤੀ ਨਾਲ ਪਿਛੇ ਵਲ ਨੱਠ ਉਠੇ। ਉਨ੍ਹਾਂ ਨੇ ਸਾਡੇ ਵਲ ਇਕ ਵਾਰ ਵੀ ਪਰਤ ਕੇ ਨਾ ਦੇਖਿਆ। ਇਹ ਉਨ੍ਹਾਂ ਦੇ ਆਪਣੇ ਹੀ ਢੰਗ ਦਾ ਜਾਣਾ ਸੀ. ਬਾਕੀ ਸਾਰੇ ਵਿਅਕਤੀ ਮੇਰੇ ਨਾਲ ਸਨ।

ਨਾਰਾਇਣ ਸੁਆਮੀ ਮੈਨੂੰ ਦਸਦੇ ਹਨ ਕਿ ਜਦੋਂ ਇਕ ਮਹੀਨੇ ਪਿਛੋਂ ਉਹ ਉਥੋਂ ਹੇਠਾਂ ਟੀਹਰੀ (ਗੜਵਾਲ) ਆਏ ਤਾਂ ਉਨ੍ਹਾਂ ਨੇ ਮੈਨੂੰ ਆਗਿਆ ਕੀਤੀ ਕਿ ਮੈਂ ਰਾਜੇ ਦੇ ਮਹਿਮਾਨ ਖ਼ਾਨੇ ਵਿਚ ਠਹਿਰਾਂ ਤੇ ਉਨ੍ਹਾਂ ਦੀ ਨਿਗਰਾਨੀ ਵਿਚ ਸਿਮਲਾਸੂ ਵਿਖੇ ਇਕ ਕੁਟੀਆ ਤਿਆਰ ਕਰਵਾਵਾਂ। ਸੁਆਮੀ ਰਾਮ ਤੀਰਥ ਸ੍ਰੀ ਨਾਰਾਇਣ ਨੂੰ ਵਿਦਾਇਗੀ ਦੇਣ ਲਈ ਵੀ ਉਸੇ ਤਰ੍ਹਾਂ ਆਏ ਸਨ. ਜਿਵੇਂ ਇਕ ਮਹੀਨਾ ਪਹਿਲਾਂ ਉਹ ਮੈਨੂੰ ਤੋਰਨ ਆਏ ਸਨ। ਸੁਆਮੀ ਨਾਰਾਇਣ ਨੂੰ ਵੀ ਉਨ੍ਹਾਂ ਨੇ ਮੇਰੇ ਵਰਗੇ ਹੀ ਸੰਦੇਸ਼ ਦਿਤੇ ਸਨ।

ਸੁਆਮੀ ਨਾਰਾਇਣ ਵੀ ਮੁੜ ਉਨ੍ਹਾਂ ਦੇ ਦਰਸ਼ਨ ਨਹੀਂ ਕਰ ਸਕੇ। ਨਾ ਹੀ ਮੁੜ ਕੇ ਮੈਨੂੰ ਇਹ ਸੁਭਾਗ ਪ੍ਰਾਪਤ ਹੋਇਆ। ਇਹ ਦੋਵੇਂ ਵਿਦਾਇਗੀਆਂ ਇਕ ਤਰ੍ਹਾਂ ਨਾਲ ਸੁਆਮੀ ਜੀ ਦੇ ਅਕਾਲ ਚਲਾਣੇ ਦੇ ਸਮੇ ਦੇ ਨੇੜੇ ਆ ਜਾਣ ਦੀਆਂ ਸੂਚਕ ਸਨ।

ਆਪ ਸਿਮਲਾਸੂ ਵਿਖੇ ਨਿਵਾਸ ਰਖ ਰਹੇ ਸਨ ਅਤੇ ਅਖ਼ਬਾਰਾਂ ਲਈ ਲੇਖ ਲਿਖਦੇ ਰਹੇ ਸਨ। ਜਿਹੜਾ ਅੰਤਮ ਲੇਖ ਉਨ੍ਹਾਂ ਨੇ ਲਿਖਿਆ, "ਮਨੁੱਖਾਂ ਤੇ ਕੌਮਾਂ ਦੇ ਪ੍ਰਗਤੀ ਦੇ ਇਕਰਾਰਨਾਮੇ" ਬਾਰੇ ਸੀ। ਇਸ ਦਾ ਅੰਤਮ ਪੈਰਾ ਉਨ੍ਹਾਂ ਨੇ ਸਿਆਹੀ ਤੇ ਪੈਨਸਿਲ ਦੋਹਾਂ ਨਾਲ ਹੀ ਲਿਖਿਆ ਹੋਇਆ ਸੀ। ਇਹ ਹਿੰਦੂਆਂ ਦੇ ਸ਼ੁਭ ਤਿਉਹਾਰ ਦੀਵਾਲੀ ਦਾ ਦਿਨ ਸੀ। ਸ਼ੋਰ ਮਚਾਂਦੀ ਹੋਈ ਗੰਗਾ ਨਦੀ ਹੇਠਾਂ ਨੂੰ ਵਹਿੰਦੀ ਹੈ ਅਤੇ ਉੱਪਰ ਉਚਿਆਂ ਕੰਢਿਆਂ ਉੱਤੇ ਸਿਮਲਾਸੂ ਵਾਲੀ ਇਹ ਕੁਟੀਆ ਸੀ।

ਨਿਤ ਦੀ ਕਿਰਿਆ ਅਨੁਸਾਰ ਆਪ ਗੰਗਾ ਕੰਢੇ ਕਸਰਤ ਅਤੇ ਇਸ਼ਨਾਨ ਕਰਨ ਲਈ ਜਾਂਦੇ ਹੁੰਦੇ ਸਨ। ਇਸ ਦੀਵਾਲੀ ਤੋਂ ਕੁਝ ਦਿਨ ਪਹਿਲਾਂ ਆਪ ਜਦੋਂ ਇਕ ਦਿਨ ਗੰਗਾ ਵਿਚ ਇਸ਼ਨਾਨ ਕਰਨ ਲਈ ਗਏ ਅਤੇ ਤਰ ਕੇ ਨਦੀ ਨੂੰ ਪਾਰ ਕੀਤਾ ਤਾਂ ਇਕ ਚਟਾਨ ਤੋਂ ਪਾਣੀ ਦੀ ਧਾਰ ਵਿਚ ਛਾਲ ਮਾਰਨ ਸਮੇਂ ਉਨ੍ਹਾਂ ਦੇ ਗੋਡੇ ਉੱਤੇ ਸੱਟ ਲਗ ਗਈ। ਉਸ ਪਿਛੋਂ ਉਹ ਨਦੀ ਵਿਚ ਇਸ਼ਨਾਨ ਕਰਨ ਲਈ ਨਹੀਂ ਗਏ, ਸਗੋਂ ਉਨ੍ਹਾਂ ਦੇ ਇਸ਼ਨਾਨ ਲਈ ਗੰਗਾ ਜਲ ਕੁਟੀਆ ਵਿਚ ਹੀ ਲਿਆਂਦਾ ਜਾਂਦਾ ਸੀ। ਦੀਵਾਲੀ ਵਾਲੇ ਦਿਨ ਉਨ੍ਹਾਂ ਦੇ ਮਨ ਵਿਚ ਨਦੀ ਉੱਤੇ ਜਾ ਕੇ ਇਸ਼ਨਾਨ ਕਰਨ ਲਈ ਇੱਛਾ ਜਾਗੀ। ਇਸ ਉਪਰੋਕਤ ਲੇਖ ਦਾ ਅੰਤਮ ਪੈਰਾ ਉਨ੍ਹਾਂ ਨੇ ਲਿਖਿਆ ਅਤੇ ਇਕ ਬੰਨੇ ਰਖ ਕੇ ਆਪ ਗੰਗਾ ਵਿਚ ਇਸ਼ਨਾਨ ਲਈ ਤੁਰ ਪਏ। ਉਸ ਦਿਨ ਉਹ ਨਦੀ ਤੋਂ ਬਾਹਰ ਨਾ ਆ ਸਕੇ। ਉਹ ਗਲ ਗਲ ਪਾਣੀ ਤਕ ਜਾ ਪਹੁੰਚੇ ਅਤੇ ਆਪਣੀ ਆਦਤ ਅਨੁਸਾਰ ਆਪਣੀਆਂ ਉਂਗਲਾਂ ਨਾਲ ਨਾਸਾਂ ਨੂੰ ਬੰਦ ਕਰਕੇ ਹੇਠਾਂ ਨਦੀ ਦੀ ਧਾਰ ਵਿਚ ਚੁਭੀ ਲਾ ਲਈ। ਇੰਝ ਜਾਪਦਾ ਹੈ ਕਿ ਹੇਠਾਂ ਨਦੀ ਦੀ ਧਾਰ ਵਿਚ ਉਨ੍ਹਾਂ ਦੇ ਪੈਰ ਉਖੜ ਗਏ। ਕੋਈ ਨਿਗਰ ਆਹਾਰ ਨਾ ਕਰਨ ਸਦਕਾ ਅਤੇ ਗੋਡੇ ਦੀ ਸੱਟ ਕਾਰਣ ਉਨ੍ਹਾਂ ਦਾ ਸਰੀਰ ਨਿਰਬਲ ਹੋ ਚੁਕਾ ਸੀ। ਉਨ੍ਹਾਂ ਨੇ ਤਰ ਕੇ ਬਾਹਰ ਆਉਣ ਦਾ ਯਤਨ ਕੀਤਾ, ਪਰ ਉਹ ਹੇਠਾਂ ਪਾਣੀ ਦੀ ਘੁੰਮਣਘੇਰੀ ਵਿਚ ਇਸ ਤਰ੍ਹਾਂ ਘਿਰ ਗਏ ਕਿ ਮੁੜ ਬਾਹਰ ਨਾ ਆ ਸਕੇ। ਥੋੜਾ ਸਮਾਂ ਪਿਛੋਂ ਉਹ ਇਕ ਵਾਰ ਪਾਣੀ ਦੀ ਉਪਰਲੀ ਤਹਿ ਉੱਤੇ ਆਏ ਤੇ ਉਨ੍ਹਾਂ ਨੇ ਤਰਨ ਦਾ ਯਤਨ ਕੀਤਾ, ਪਰ ਨਿਸਫਲ। ਉਨ੍ਹਾਂ ਦੀ ਮਿਰਤਕ ਦੇਹ ਨਦੀ ਦੀ ਧਾਰ ਵਿਚ ਹੇਠਾਂ ਨੂੰ ਰੁੜਨ ਲਗੀ।

ਜਿਸ ਲੇਖ ਦਾ ਅੰਤਮ ਪੈਰਾ ਉਨ੍ਹਾਂ ਨੇ ਲਿਖਿਆ ਸੀ, ਉਸ ਦਾ ਅਨੁਵਾਦ ਇਸ ਤਰ੍ਹਾਂ ਸੀ :-

ਮੌਤ! ਜੇ ਤੂੰ ਚਾਹੁੰਦੀ ਹੈਂ ਤਾਂ ਮੇਰੇ ਇਸ ਸਰੀਰ ਨੂੰ ਲੈ ਜਾ! ਮੈਨੂੰ ਕੋਈ ਪ੍ਰਵਾਹ ਨਹੀਂ। ਮੇਰੇ ਕੋਲ ਵਰਤੋਂ ਕਰਨ ਲਈ ਕਾਫ਼ੀ ਸਰੀਰ ਹਨ। ਮੈਂ ਉਨ੍ਹਾਂ ਚਾਂਦੀ ਦੀਆਂ ਤਾਰਾਂ ਨੂੰ ਪਹਿਨ ਸਕਦਾ ਹਾਂ, ਜਿਹੜੇ ਚੰਨ ਦੀਆਂ ਰਿਸ਼ਮਾਂ ਵਿਚ ਪਸਰੀਆਂ ਹੋਈਆਂ ਹਨ। ਮੈਂ ਉਨ੍ਹਾਂ ਦੈਵੀ ਗਾਇਕਾਂ ਦੀ ਤਰ੍ਹਾਂ ਭ੍ਰਮਣ ਕਰ ਸਕਦਾ ਹਾਂ ਅਤੇ ਇਨ੍ਹਾਂ ਪਰਬਤੀ ਨਦੀਆਂ ਤੇ ਨਾਲਿਆਂ ਦੇ ਬਸਤਰ ਪਹਿਨ ਸਕਦਾ ਹਾਂ। ਮੈਂ ਸਾਗਰ ਦੀਆਂ ਲਹਿਰਾਂ ਵਿਚ ਨੱਚ ਸਕਦਾ ਹਾਂ। ਮੈਂ ਉਹ ਪਵਨ ਹਾਂ, ਜੋ ਮਾਣਮਤੀ ਰੁਮਕ ਰਹੀ ਹੈ, ਮੈਂ ਉਹ ਰਿਵੀ ਹਾਂ ਜੋ ਮਸਤਾਨੀ ਚਾਲ ਚਲ ਰਹੀ ਹੈ। ਮੇਰੇ ਸਾਰੇ ਆਕਾਰ ਨਿਤ ਬਦਲਦੇ ਹਨ ਅਤੇ ਭ੍ਰਮਣ ਕਰਦੇ ਰਹਿੰਦੇ ਹਨ। ਮੈਂ ਉਨ੍ਹਾਂ ਪਾਰਲੇ ਪਹਾੜਾਂ ਤੋਂ ਹੇਠਾਂ

ਆਇਆ, ਮੁਰਦਿਆਂ ਨੂੰ ਸੁਰਜੀਤ ਕੀਤਾ ਤੇ ਸੁਤਿਆਂ ਨੂੰ ਜਗਾਇਆ, ਕਈਆਂ ਦੇ ਸੁੰਦਰ ਮੁਖੜਿਆਂ ਤੋਂ ਘੁੰਡ ਲਾਹੇ ਅਤੇ ਕਈਆਂ ਰੋਂਦਿਆਂ ਦੇ ਹੰਝੂ ਪੂੰਝੇ। ਮੈਂ ਬੁਲਬੁਲ ਤੇ ਗੁਲਾਬ ਦੋਹਾਂ ਨੂੰ ਛੋਹਿਆ ਤੇ ਦੋਹਾਂ ਦਾ ਹੀ ਧੀਰਜ ਬੰਨ੍ਹਾਇਆ। ਮੈਂ ਇਸ ਨੂੰ ਛੋਹਿਆ, ਮੈਂ ਉਸ ਨੂੰ ਛੋਹਿਆ, ਮੈਂ ਆਪਣੀ ਟੋਪੀ ਉਤਾਰੀ ਅਤੇ ਚਲਾ ਗਿਆ। ਮੈਂ ਇਥੇ ਜਾਂਦਾ ਹਾਂ, ਮੈਂ ਉਥੇ ਜਾਂਦਾ ਹਾਂ, ਮੈਨੂੰ ਕੋਈ ਲਭ ਨਹੀਂ ਸਕਦਾ।

ਜਿਵੇਂ ਮੇਰਾ ਉਸ ਸਮੇਂ ਵਿਚਾਰ ਸੀ, ਜੋ ਹੁਣ ਬਦਲ ਗਿਆ ਹੈ ਕਿ ਇਸ ਪੈਰੇ ਵਿਚ ਸੁਆਮੀ ਰਾਮ ਤੀਰਥ ਜੀ ਆਪਣੀ ਮਿਰਤੂ ਬਾਰੇ ਭਵਿੱਖਬਾਣੀ ਕਰ ਰਹੇ ਸਨ। ਉਹ ਆਪਣੇ ਹੀ ਅੰਦਾਜ਼ ਵਿਚ ਇਹ ਲੇਖ ਲਿਖ ਰਹੇ ਸਨ। ਇਹ ਗੱਲ ਬੜੀ ਵਰਣਨ ਯੋਗ ਹੈ ਕਿ ਉਹ ਮੌਤ ਬਾਰੇ ਸੋਚਦੇ ਅਤੇ ਇਸ ਬਾਰੇ ਸੋਚਦਿਆਂ ਹੀ ਮੌਤ ਉਨ੍ਹਾਂ ਦੇ ਸਾਹਮਣੇ ਆ ਖੜੀ ਹੋਈ ਹੋਵੇ। ਸ਼ਾਇਦ ਇਨ੍ਹਾਂ ਦਿਨਾਂ ਵਿਚ ਉਨ੍ਹਾਂ ਦੇ ਮਨ ਵਿਚ ਮੌਤ ਦੇ ਵਿਚਾਰ ਝੁਰਮਟ ਪਾਈ ਬੈਠੇ ਸਨ, ਜੋ ਕਿ ਉਨ੍ਹਾਂ ਦੇ ਉਦਾਸ ਮਨ ਦੀ ਨਿਰਬਲਤਾ ਦਾ ਪ੍ਰਮਾਣ ਸੀ। ਇਥੋਂ ਪਤਾ ਲਗਦਾ ਹੈ ਕਿ ਸੁਆਮੀ ਜੀ ਦੇ ਮਨ ਵਿਚ ਕੋਈ ਦਬਾਉ ਪ੍ਰਤੱਖ ਸੀ, ਜਿਸ ਨੂੰ ਨਾ ਹੀ ਮੈਂ ਤੇ ਨਾ ਹੀ ਕੋਈ ਹੋਰ ਪਛਾਣ ਸਕਣ ਦੀ ਅੰਤਰ-ਦ੍ਰਿਸ਼ਟੀ ਰਖਦੇ ਸਾਂ ਅਤੇ ਨਾ ਹੀ ਸਾਡੇ ਕੋਲ ਇਸ ਦਾ ਕੋਈ ਇਲਾਜ ਸੀ।

ਅਧਿਆਇ ਸੋਲ੍ਹਵਾਂ

ਸੁਆਮੀ ਰਾਮ ਤੀਰਥ ਦੇ ਪੱਤਰ

ਸੁਆਮੀ ਰਾਮ ਤੀਰਥ ਜੀ ਬਹੁਤਾ ਚਿੱਠੀ-ਪੱਤਰ ਨਹੀਂ ਸਨ ਕਰਦੇ, ਕੇਵਲ ਟਾਵੇਂ-ਟਾਵੇਂ ਪੱਤਰ ਹੀ ਲਿਖਦੇ ਹੁੰਦੇ ਸਨ। ਉਨ੍ਹਾਂ ਦਾ ਚਿੱਠੀ ਪੱਤਰ ਲਿਖਣ ਦਾ ਘੇਰਾ ਵੀ ਬੜਾ ਸੀਮਤ ਸੀ। ਆਪਣੇ ਬਹੁਤ ਨੇੜੇ ਦੇ ਜਾਣਕਾਰਾਂ ਤੇ ਮਿਤਰਾਂ ਨੂੰ, ਜਿਨ੍ਹਾਂ ਨਾਲ ਕਿ ਉਨ੍ਹਾਂ ਨੂੰ ਆਤਮਕ ਸਨੇਹ ਤੇ ਸਹਾਨਭੂਤੀ ਸੀ, ਕੇਵਲ ਉਨ੍ਹਾਂ ਨੂੰ ਹੀ ਉਹ ਆਪਣੇ ਪੱਤਰਾਂ ਦੁਆਰਾ ਆਪਣਾ ਆਤਮਕ ਸੰਦੇਸ਼ ਦੇ ਕੇ ਨਿਵਾਜਦੇ ਹੁੰਦੇ ਸਨ। ਇਨ੍ਹਾਂ ਵਿਚੋਂ ਕੁਝ ਪੱਤਰ ਜੋ ਵਧੇਰੇ ਕਰਕੇ ਸ੍ਰੀਮਤੀ ਵੈਲਮੈਨ ਨੂੰ ਲਿਖੇ ਗਏ ਸਨ, ਇਥੇ ਦਿਤੇ ਜਾ ਰਹੇ ਹਨ।

ਪੱਤਰ ਇਕ ਅਜਿਹਾ ਸਾਹਿਤਕ ਰੂਪ ਹੈ, ਜਿਸ ਵਿਚ ਬਾਹਰੀ ਸਮੱਗਰੀ ਦੀ ਵਰਤੋਂ ਕੀਤੀ ਗਈ ਹੁੰਦੀ ਹੈ, ਪਰ ਜਿਸ ਦਾ ਇਕ ਜੀਵਨੀ ਵਿਚ ਇਸ ਲਈ ਉਪਯੋਗ ਕਰ ਲਿਆ ਜਾਂਦਾ ਹੈ, ਕਿਉਂਜੋ ਇਸ ਵਿਚ ਸਵੈ-ਜੀਵਨੀ ਦੇ ਰੌਚਿਕ ਤੱਤ ਮੌਜੂਦ ਹੁੰਦੇ ਹਨ। ਪਰ ਸੁਆਮੀ ਰਾਮ ਤੀਰਥ ਜੀ ਦੇ ਪੱਤਰ ਅਜਿਹੇ ਹਨ, ਜਿਨ੍ਹਾਂ ਵਿਚ ਸਵੈ-ਜੀਵਨੀ ਦੇ ਅੰਸ਼ਾਂ ਦੀ ਖ਼ਾਸ ਤੌਰ ਤੇ ਅਣਹੋਂਦ ਹੈ। ਇਨ੍ਹਾਂ ਵਿਚ ਪੱਤਰਾਂ ਵਰਗਾ ਸਾਧਾਰਣ ਰੂਪ ਦਾ ਅਜਿਹਾ ਕੁਝ ਵੀ ਨਹੀਂ ਹੈ, ਜਿਨ੍ਹਾਂ ਵਿਚ ਅੱਧਾ ਪ੍ਰਗਟਾਇਆ ਤੇ ਅੱਧਾ ਲੁਕਾਇਆ ਗਿਆ ਹੋਵੇ। ਇਸੇ ਤਰ੍ਹਾਂ ਲੇਖਕ ਦੀ ਪਸੰਦ ਤੇ ਨਾ-ਪਸੰਦ, ਝੁਕਾ ਅਤੇ ਪੂਰਵ ਸੰਸਕਾਰ, ਸੋਹਜ ਸੁਆਦ ਤੇ ਮਨੋਭਾਵ, ਵਿਅਕਤੀਆਂ ਤੇ ਵਸਤੂਆਂ ਬਾਰੇ ਉਸ ਦੇ ਵਿਚਾਰ, ਭਾਵੇਂ ਉਹ ਸਮਰਾਟ ਹੋਣ ਜਾਂ ਬਨਸਪਤੀ ਜਗਤ ਦਾ ਕੋਈ ਬਿਰਛ ਬੂਟਾ ਆਦਿ ਪੱਤਰਾਂ ਦਾ ਭਾਗ ਬਣ ਜਾਂਦੇ ਹਨ। ਸੁਆਮੀ ਰਾਮ ਤੀਰਥ ਜੀ ਨੇ ਜੋ ਲਿਖਿਆ ਤੇ ਜੋ ਉਪਦੇਸ਼ ਕੀਤਾ ਹੈ, ਉਸ ਵਿਚ ਨਿਜੀ ਤੱਤ ਬਹੁਤ ਘੱਟ ਹੈ ਅਤੇ ਇਹ ਕੋਈ ਹੈਰਾਨੀ ਵਾਲੀ ਗੱਲ ਵੀ ਨਹੀਂ ਹੈ ਕਿ ਉਨ੍ਹਾਂ ਦੇ ਪੱਤਰ ਨਿਜੀ ਰੂਪ ਦੇ ਅਜਿਹੇ ਅੰਸ਼ਾਂ ਤੋਂ ਬਿਲਕੁਲ ਹੀ ਸਖਣੇ ਹਨ।

ਇਨ੍ਹਾਂ ਪੱਤਰਾਂ ਵਿਚ ਕੇਵਲ ਇਕੋ ਹੀ ਪ੍ਰਧਾਨ ਤੱਤ ਹੈ ਕਿ ਇਨ੍ਹਾਂ ਦੁਆਰਾ ਉਸ ਸੰਦੇਸ਼ ਨੂੰ ਪ੍ਰਗਟਾਇਆ ਗਿਆ ਹੈ, ਜੋ ਸੁਆਮੀ ਰਾਮ ਤੀਰਥ ਜੀ ਸੰਸਾਰ ਨੂੰ ਦੇਣਾ ਚਾਹੁੰਦੇ ਸਨ, ਇਹੋ ਹੀ ਵਿਸ਼ੇਸ਼ ਨਿਜੀ ਤੱਤ ਇਨ੍ਹਾਂ ਵਿਚ ਅੰਕਿਤ ਹੈ। ਹਰ

ਪੱਤਰ ਵਿਚ ਆਪਣੇ ਲਘੂ ਆਪੇ ਦੀਆਂ ਵਾਸਨਾਵਾਂ ਦੇ ਚਕਰਾਂ ਨੂੰ ਪਰੇ ਸੁਟਣ ਅਤੇ ਵੇਦਾਂਤ ਦਰਸ਼ਨ ਦੀ ਧਰਾਤਲ ਉੱਤੇ ਵਿਚਰ ਕੇ ਆਤਮਿਕ ਜੀਵਨ ਨੂੰ ਗੁਜ਼ਾਰਨ ਦਾ ਸਪੱਸ਼ਟ ਸੱਦਾ ਦਿਤਾ ਗਿਆ ਹੈ। ਸੁਆਮੀ ਰਾਮ ਦਾ ਆਪਣਾ ਜੀਵਨ ਇਸ ਆਦਰਸ਼ ਉਤੇ ਪੂਰਾ ਉਤਰਨ ਵਾਲਾ ਉਜਲ ਪ੍ਰਮਾਣ ਸੀ ਅਤੇ ਇਹੋ ਕਾਰਣ ਹੈ ਕਿ ਇਨ੍ਹਾਂ ਪੱਤਰਾਂ ਵਿਚ ਵੀ ਇਹ ਆਦਰਸ਼ ਪ੍ਰਤੀਬਿੰਬਤ ਹੁੰਦਾ ਹੈ- ਜਿਹਾ ਕਿ ਐਮਰਸਨ ਦਾ ਕਥਨ ਹੈ, ''ਸਚੀ ਸੱਤਾ ਵਾਲੇ ਵਿਅਕਤੀ ਸਦਾ ਇਕੋ ਆਦਰਸ਼ ਦੇ ਧਾਰਣੀ ਵਿਅਕਤੀ ਹੁੰਦੇ ਹਨ, ਜੋ ਆਪਣੀ ਹੋਂਦ ਦੀ ਸਾਰੀ ਸ਼ਕਤੀ ਨੂੰ ਇਕੋ ਬੰਨੇ ਹੀ ਲਗਾ ਦਿੰਦੇ ਹਨ।'' ਇਹ ਕਥਨ ਸੁਆਮੀ ਰਾਮ ਤੀਰਥ ਜੀ ਬਾਰੇ ਪੂਰਾ ਪੂਰਾ ਢੁਕਦਾ ਹੈ। ਉਹ ਇਕੋ ਆਦਰਸ਼ ਦੇ ਧਾਰਣੀ ਵਿਅਕਤੀ ਸਨ ਅਤੇ ਟੋਟਾ ਟੋਟਾ ਜਾਂ ਵਿਭਿੰਨ ਖੰਡਾਂ ਨੂੰ ਜੋੜ ਕੇ ਉਨ੍ਹਾਂ ਦੀ ਸ਼ਖ਼ਸੀਅਤ ਦੀ ਉਸਾਰੀ ਨਹੀਂ ਸੀ ਹੋਈ। ਉਨ੍ਹਾਂ ਦਾ ਸਾਰਾ ਆਪਾ ਇਕੋ ਮੁਖ ਧਾਰਾ ਵਿਚ ਪ੍ਰਵਾਹਤ ਹੁੰਦਾ ਹੈ ਅਤੇ ਇਸ ਵਿਚ ਹੋਰ ਲਹਿਰਾਂ ਅਤੇ ਉਪ ਲਹਿਰਾਂ ਦਿਖਾਈ ਨਹੀਂ ਦਿੰਦੀਆਂ। ਉਨ੍ਹਾਂ ਦਾ ਹਰ ਬਚਨ, ਹਰ ਲਿਖਤ ਜਾਂ ਰਚਨਾ ਅਤੇ ਹਰ ਕਰਮ, ਇਕੋ ਉਸ 'ਰਬੀ ਸੰਦੇਸ਼' ਦਾ ਵਾਹਣ ਹੈ, ਜੋ ਉਹ ਇਸ ਸੰਸਾਰ ਨੂੰ ਦੇਣਾ ਚਾਹੁੰਦੇ ਸਨ।

ਇਨ੍ਹਾਂ ਪੱਤਰਾਂ ਬਾਰੇ ਇਕ ਅੰਤਮ ਗੱਲ ਇਹ ਵੀ ਕਹੀ ਜਾ ਸਕਦੀ ਹੈ ਕਿ ਇਨ੍ਹਾਂ ਵਿਚ ਸਾਹਿਤਕ ਗੁਣ ਵੀ ਵਿਦਮਾਨ ਹਨ। ਇਨ੍ਹਾਂ ਦਾ ਸਾਹਿਤਕ ਸੋਹਜ ਸੁਆਦ, ਜੋ ਇਨ੍ਹਾਂ ਦੇ ਵਿਆਪਕ ਅਧਿਐਨ ਤੋਂ ਪਿਛੋਂ ਪ੍ਰਾਪਤ ਹੁੰਦਾ ਹੈ, ਆਪਣੀ ਪ੍ਰਕਿਰਤੀ ਵਿਚ ਬੜਾ ਰਸਿਕ, ਉਤਮ ਤੇ ਵਿਸ਼ਾਲ ਹੈ। ਇਹ ਸਾਹਿੱਤਕ ਗੁਣ ਕਿਸੇ ਉੱਚੇ ਪ੍ਰੀਸ਼ਰਮ ਤੇ ਅਭਿਆਸ ਕਾਰਣ ਹੋਂਦ ਵਿਚ ਨਹੀਂ ਆਏ, ਸਗੋਂ ਉਜਵਲ ਸ਼ਖ਼ਸੀਅਤ ਦੇ ਉਜਵਲ ਵਿਚਾਰਾਂ ਦੀ ਸਹਿਜ ਅਭਿਵਿਅਕਤੀ ਦੇ ਫਲਸਰੂਪ ਉਤਪੰਨ ਹੋਏ ਸਨ। ਇਨ੍ਹਾਂ ਸਾਹਿਤਕ ਗੁਣਾਂ ਤੋਂ ਬਿਨਾਂ ਇਨ੍ਹਾਂ ਪੱਤਰਾਂ ਵਿਚ ਇਕ ਰਸ ਭਰਪੂਰ ਸਿਧੀ ਤੇ ਪ੍ਰਤੱਖ ਸ਼ੈਲੀ ਦੀਆਂ ਵਿਸ਼ੇਸ਼ਤਾਵਾਂ ਵੀ ਮੌਜੂਦ ਹਨ, ਜੋ ਕੇਵਲ ਇਕ ਭਰਪੂਰ ਵਿਚਾਰਾਂ ਵਾਲੇ ਵਿਅਕਤੀ ਦੀ ਪੂਰਨਤਾ ਦੇ ਅਜਿਹੇ ਸਹਿਜ ਪ੍ਰਗਟਾਉ ਵਿਚ ਹੁੰਦੇ ਹਨ, ਜੋ ਇਕਦਮ ਕੜ ਪਾੜ ਕੇ ਬਾਹਰ ਆ ਜਾਂਦੇ ਹਨ। ਪ੍ਰਗਟਾਉ ਦੀ ਇਸ ਤੇਜ਼ ਗਤੀ ਵਿਚ ਜਦੋਂ ਮੁਲਵਾਨ ਦ੍ਰਿਸ਼ਟਾਂਤ ਅਤੇ ਤਰਕ ਦਾ ਭਰਪੂਰ ਪ੍ਰਵਾਹ ਚਲ ਰਿਹਾ ਹੁੰਦਾ ਹੈ ਤਾਂ ਵਸਤੂ ਸਮੱਗਰੀ ਦੀ ਕਾਂਟ ਛਾਂਟ ਤੇ ਪੁਨਰ-ਘਾੜਤ ਲਈ ਕੋਈ ਵਿਹਲ ਹੀ ਨਹੀਂ ਹੁੰਦੀ। ਸਗੋਂ ਜਿਹੜੀ ਗੱਲ ਬਾਹਰਲੇ ਪਾਲਸ਼ ਤੇ ਬਣਾਉ ਸ਼ਿੰਗਾਰ ਦੀ ਅਣਹੋਂਦ ਵਿਚ ਗੁਆਚ ਜਾਂਦੀ ਹੈ, ਉਸ ਤੋਂ ਬਾਹਰ ਵਧੇਰੇ ਉਹ ਸ਼ੈਲੀ ਦੇ ਬਲ ਅਤੇ ਵੇਗ ਕਾਰਣ ਮੁੜ ਪ੍ਰਾਪਤ ਹੋ ਜਾਂਦੀ ਹੈ।

ਹੇਠਲੇ ਪੱਤਰ ਸ੍ਰੀਮਤੀ ਵੈਲਮੈਨ ਨੂੰ ਲਿਖੇ ਗਏ ਸਨ:-

ਓਮ!

ਸ਼ਾਸਤਾ ਸਪਰਿੰਗਜ਼, ਕੈਲੇਫੋਰਨੀਆਂ,

8 ਅਕਤੂਬਰ, 1903

ਸਰਵੋਤਮ ਰੂਪ ਵਿਚ ਵਰੋਸਾਈ ਮਾਤਾ,

.... ਰਾਮ ਤੁਹਾਡੇ ਹਰ ਕਰਮ ਦੀ ਪ੍ਰਸ਼ੰਸਾ ਕਰਦਾ ਹੈ। ਰਾਮ ਇਤਨਾ ਸੁਆਰਥੀ ਨਹੀਂ ਹੈ ਅਤੇ ਨਾ ਹੀ ਉਹ ਅਜਿਹਾ ਹੈ ਕਿ ਉਹ ਇਕ ਅਜਿਹੇ ਵਿਅਕਤੀ ਨੂੰ ਭੁਲਾ ਦੇਵੇ, ਜਿਸ ਨੇ ਆਪਣੇ ਪ੍ਰੇਮ ਨੂੰ, ਉਸ ਲਈ, ਭਾਰਤ ਲਈ, ਸੱਚ ਲਈ ਅਤੇ ਦੁੱਖੀ ਮਨੁੱਖਤਾ ਲਈ ਸਮਰਪਤ ਕਰ ਦਿਤਾ ਹੈ। ਸੂਰੀਆ[1] ਦਾ ਅਰਥ ਹੈ ਸੂਰਜ ''ਬੁਰਾਈ ਤੋਂ ਨਿਰਲੇਪ'' ਹੋਣ ਦਾ ਭਾਵ ਇਹ ਨਹੀਂ ਹੈ ਕਿ ਇਸ ਦੇ ਸਾਹਮਣੇ ਆਪਣੀ ਹੋਂਦ ਹੀ ਖ਼ਤਮ ਕਰ ਦਿਤੀ ਜਾਵੇ, ਨਹੀਂ -ਨਹੀਂ, ਇਹ ਬਿਲਕੁਲ ਨਹੀਂ, ਇਸ ਕਥਨ ਦਾ ਕਿਸੇ ਸਰੀਰਕ ਕਰਮ ਨਾਲ ਕੋਈ ਸਬੰਧ ਨਹੀਂ ਹੈ। ਇਹ ਫੁਰਮਾਨ ਤਾਂ ਕੇਵਲ ਮਨ ਦੇ ਪ੍ਰਥਾਏ ਹੈ ਅਤੇ ਕੇਵਲ ਮਨ ਲਈ ਹੀ, ਕਿਉਂਜੇ ਮਨ ਵਿਚ ਹੀ ਸ਼ਾਂਤੀ ਨੂੰ ਧਾਰਣ ਕਰਨ ਦੀ ਲੋੜ ਹੁੰਦੀ ਹੈ। ਮਾਨਸਿਕ ਟਕਰਾਉ, ਵਿਰੋਧ ਤੇ ਵਿਦਰੋਹ ਸਦਾ ਅਸ਼ਾਂਤੀ, ਖਿਝਾਉ ਤੇ ਚਿੰਤਾ ਪੈਦਾ ਕਰਦੇ ਹਨ। ਆਪਣੇ ਆਪ ਨੂੰ ''ਉਤੇਜਿਤ'' ਕਰਕੇ ਅਸਾਵਾਂ ਕਰਨ ਦੀ ਥਾਂ ਦਿਖਾਈ ਦਿੰਦੀ ਬੁਰਾਈ ਨੂੰ ਪ੍ਰੇਮ (ਆਤਮ ਸਮਰਪਣ ਜਾਂ ਦਯਾ ਦੀ ਪ੍ਰਵਿਰਤੀ) ਰਾਹੀਂ ਸ਼ਾਂਤ ਕਰੋ, ਜਿਸ ਤੋਂ ਉੱਪਰ ਕੋਈ ਹੋਰ ਉਚੇਰੀ ਸ਼ਕਤੀ ਨਹੀਂ ਹੈ।

''ਬੁਰਾਈ ਤੋਂ ਨਿਰਲੇਪ'' ਰਹੋ ਅਤੇ ਪ੍ਰਸੰਨ ਚਿਤ ਰੂਪ ਵਿਚ ਦੇਣਹਾਰ ਵਲੋਂ ਆਈਆਂ ਘਟਨਾਵਾਂ ਦਾ ਸੁਆਗਤ ਕਰੋ। ਮਹਾਨ ਆਤਮਾਵਾਂ ਕਦੇ ਵੀ ਆਪਣਾ ਸਾਂਵਾਂਪਣ ਨਹੀਂ ਗੁਆਉਂਦੀਆਂ। ਆਪਣੇ ਆਪਨੂੰ ਸ਼ਾਂਤਚਿਤ ਰਖ ਕੇ ਅਸੀਂ ਆਈਆਂ ਔਕੜਾਂ ਨੂੰ ਅਗੇ ਵਧਣ ਲਈ ਸਾਧਨ ਵਜੋਂ ਵਰਤ ਸਕਦੇ ਹਾਂ। ਇਸ ਲਈ ਕਦੀ ਵੀ ਆਪਣੇ ਮਨ ਵਿਚ ਨਿਤਾਣਗੀ ਦੇ ਭਾਵ ਪੈਦਾ ਨਾ ਹੋਣ ਦਿਉ।

ਹੁਣੇ ਇਸੇ ਸਮੇਂ ਰਾਮ ਦੇ ਮਨ ਵਿਚ ਇਹ ਖ਼ਿਆਲ ਆ ਰਿਹਾ ਹੈ ਕਿ ਭਾਰਤ ਪੁਜ ਕੇ ਤੁਸੀਂ ਸਭ ਤੋਂ ਪਹਿਲਾਂ ਜਦੋਂ ਵੀ ਮੌਕਾ ਮਿਲੇ, ''ਪੂਰਨ'' ਦਾ ਪਤਾ ਕਰਨਾ।

---

1 ਇਥੇ ਸੰਕੇਤ ਉਸ ਨਾਮ ਵਲ ਹੈ, ਜੋ ਸੁਆਮੀ ਰਾਮ ਨੇ ਸ੍ਰੀਮਤੀ ਵੈਲਮੈਨ ਨੂੰ ਦਿਤਾ ਸੀ।

ਉਹ ਅਜਕਲ੍ਹ ਪੰਜਾਬ ਵਿਚ ਹੈ ਅਤੇ ''ਥੰਡਰਿੰਗ ਡਾਨ'' ਦਾ ਸੰਪਾਦਕ ਹੈ। ਉਸ ਲਈ ਕਿਸੇ ਜਾਣ ਪਛਾਣ ਦੇ ਪੱਤਰ ਦੀ ਲੋੜ ਨਹੀਂ ਹੈ।

ਆਸ ਰਖਦਾ ਹਾਂ ਕਿ ਸੀਟ ਮਿਲਣ ਉੱਤੇ ਤੁਸੀਂ ਮੈਨੂੰ ਸੂਚਨਾ ਜ਼ਰੂਰ ਦਿਉਗੇ।

ਤੁਹਾਡਾ ਆਪਣਾ ਹੀ ਪਵਿਤਰ ਨਾਇਕੀ-ਆਪਾ,

ਸੁਆਮੀ ਰਾਮ ਦੇ ਰੂਪ ਵਿਚ।

(ਇਹ ਪੱਤਰ ਸ਼੍ਰੀਮਤੀ ਵੈਲਮੈਨ ਨੂੰ ਉਸ ਸਮੇਂ ਲਿਖਿਆ ਗਿਆ ਸੀ, ਜਦੋਂ ਉਹ ਭਾਰਤ ਨੂੰ ਜਾਣ ਦੀ ਤਿਆਰੀ ਹੀ ਕਰ ਰਹੀ ਸੀ ਅਤੇ ਉਸ ਦਾ ਬੜਾ ਵਿਰੋਧ ਕੀਤਾ ਜਾ ਰਿਹਾ ਸੀ। ਇਸ ਲਈ ਉਹ ਮਾਨਸਿਕ ਸੰਤਾਪ ਦੀ ਅਵਸਥਾ ਵਿਚੋਂ ਲੰਘ ਰਹੀ ਸੀ।)

ਓਮ!

ਸ਼ਾਸਤਾ ਸਪਰਿੰਗਜ਼, ਕੈਲੇਫੋਰਨੀਆਂ

10 ਅਕਤੂਬਰ, 1903

ਪਿਆਰੀ ਮਾਤਾ,

ਤੁਹਾਡਾ ਪਿਆਰਾ ਪੱਤਰ, ਲਿਫ਼ਾਫ਼ੇ ਤੇ ਕਾਗ਼ਜ਼ ਮਿਲੇ ਹਨ। (ਉਸ ਨੇ ਸੁਆਮੀ ਜੀ ਨੂੰ ਕਾਗ਼ਜ਼ਾਂ ਤੇ ਲਿਫ਼ਾਫ਼ਿਆਂ ਦਾ ਇਕ ਡੱਬਾ ਭੇਜਿਆ ਸੀ) ਜਦੋਂ ਤੁਸੀਂ ਉਸ ਸਨੇਹ ਭਰਪੂਰ ਧਰਤੀ (ਭਾਰਤ) ਨੂੰ ਛੋਹੋਗੇ ਤਾਂ ਤੁਹਾਡਾ ਬੜਾ ਨਿੱਘਾ ਸੁਆਗਤ ਹੋਵੇਗਾ। ਰਾਮ ਤਾਂ ਪਹਿਲਾਂ ਹੀ ਭਾਰਤ ਨੂੰ ਲਿਖ ਚੁਕਾ ਹੈ। ਜਦੋਂ ਤੁਸੀਂ ਉਥੇ ਪਹੁੰਚੋਗੇ ਤਾਂ ਜਾਣ ਜਾਉਗੇ ਕਿ ਤੁਹਾਡਾ ਨਾਮ ਤੁਹਾਡੇ ਤੋਂ ਵੀ ਪਹਿਲਾਂ ਉਥੇ ਪਹੁੰਚ ਗਿਆ ਹੈ। ਤੁਸੀਂ ਜਿਥੇ ਜੀਅ ਚਾਹੇ, ਆਪਣੀ ਜਾਤਰਾ ਦੇ ਦੌਰਾਨ ਰੁਕ ਸਕਦੇ ਹੋ..... (ਇਹ ਕਿਸੇ ਪੁਛੇ ਗਏ ਪ੍ਰਸ਼ਨ ਦਾ ਉੱਤਰ ਸੀ) ''ਜਦੋਂ ਅਸੀਂ ਹੋਛਾਪਣ, ਚੰਚਲਤਾ ਅਤੇ ਹਾਸੇ ਬਖੇੜੇ ਦੇ ਸ਼ਿਕਾਰ ਹੋ ਜਾਂਦੇ ਹਾਂ ਤਾਂ ਪ੍ਰਕਿਰਤੀ ਦੇ ਅਦ੍ਰਿਸ਼ਟ ਨਿਯਮ ਦੁਆਰਾ ਅਸੀਂ ਨੀਵੇਂ ਹੋ ਜਾਂਦੇ ਹਾਂ। ਦਾਨਾ ਪੁਰਸ਼ ਸਦਾ ਆਪਣੇ ਮਨ ਨੂੰ ਠਿਕਾਣੇ ਰਖਦਾ ਹੈ ਅਤੇ ਕੇਵਲ ਇਕੋ ਪਰਮ ਯਥਾਰਥ ਵਿਚ ਹੀ ਰੁਚੀ ਰਖਦਾ ਹੈ।

ਜਿਥੋਂ ਤਕ ਸੰਸਾਰਕ ਵਸਤਾਂ ਦਾ ਸਬੰਧ ਹੈ, ਉਹ ਉਨ੍ਹਾਂ ਨਾਲ ਨਿਰਲੇਪਤਾ, ਗ਼ੈਰ-ਜਜ਼ਬਾਤੀ, ਉਪਰਾਮਤਾ ਅਤੇ ਸਵੈਮਾਨਤਾ ਵਾਲਾ ਵਿਵਹਾਰ ਰਖਦਾ ਹੈ ਅਤੇ ਦਾਤਾ-ਪੁਰਸ਼ਾਂ ਵਾਲੀ ਉਦਾਰਤਾ ਨਾਲ ਪੇਸ਼ ਆਉਂਦਾ ਹੈ।

ਸਭ ਸਕਰਮਕ ਕਾਰਜਾਂ ਵਿਚ ਮਨ ਦੀ ਇਸੇ ਉਚੇਰੀ ਦਸ਼ਾ ਨੂੰ ਸਥਿਰ ਰਖਣਾ ਪੈਂਦਾ ਹੈ ਅਤੇ ਆਪਣੇ ਸਹਿਜ ਅਨੁਭਵ ਵਿਚ ਸੁਤੰਤਰ ਆਤਮਾ ਉਨ੍ਹਾਂ ਸਭ ਵਿਚ ਨਿਰਲੇਪਤਾ, ਉਤੇਜਨਾ ਰਹਿਤ, ਅਚਲ ਅਤੇ ਅਨੰਦ ਸਰੂਪ ਵਿਚ ਹਰ ਸਮੇਂ ਉਸ ਪ੍ਰਭੂ ਦੀ ਪ੍ਰਤਖ ਸ਼ਾਨ ਨੂੰ ਨਿਹਾਰ ਕੇ ਉਸ ਦਾ ਸਿਮਰਨ ਕਰਦੀ ਰਹਿੰਦੀ ਹੈ। "ਮੈਂ ਉਸ ਤੋਂ ਬਿਨਾਂ ਇਕ ਛਿਣ ਲਈ ਵੀ ਇਕੱਲਾ ਨਹੀਂ ਹੁੰਦਾ। ਸੂਰਜ ਮੇਰੇ ਸਮਰੂਪ ਹੁੰਦਾ ਹੈ।'' ਆਪਣੇ ਵਾਸਤਵਿਕ ਸੂਰਜ ਉੱਤੇ ਨਿਰੰਤਰ ਧਿਆਨ ਮਗਨ ਹੋਣ ਨਾਲ ਸੂਰਜ ਵਰਗਾ ਚਰਿਤਰ ਹੋਂਦ ਵਿਚ ਆਉਂਦਾ ਹੈ, ਜੋ ਤੁਹਾਡੀ ਆਤਮਾ ਨੂੰ ਪ੍ਰੇਮ, ਚਾਨਣ ਤੇ ਜੀਵਨ ਦਾ ਸ਼ਾਖਸ਼ਾਤ ਤੇ ਸਰਵੁਚ ਰੂਪ ਬਣਾ ਦਿੰਦਾ ਹੈ। ਤੁਸੀਂ ਜਹਾਜ਼ ਵਿਚ ਚੜ੍ਹਨ ਤੋਂ ਪਹਿਲਾਂ ਰਾਮ ਨੂੰ ਜ਼ਰੂਰ ਲਿਖਣਾ। ਜਦੋਂ ਤੁਸੀਂ ਜਾਪਾਨ ਅਤੇ ਹਾਂਗਕਾਂਗ ਪੁਜ ਜਾਵੋ ਤਾਂ ਵੀ ਲਿਖਣਾ। ਰਾਮ ਨੂੰ ਭਾਰਤ ਵਿਚ ਤੁਹਾਡੇ ਲਈ ਕੁਝ ਕਰਕੇ ਖ਼ੁਸ਼ੀ ਹੋਵੇਗੀ।

ਸੁਆਮੀ ਰਾਮ ਦੇ ਰੂਪ ਵਿਚ ਤੁਹਾਡੀ ਆਪਣੀ
ਪਵਿੱਤਰ ਪੁਨੀਤ ਆਤਮਾ।

ਓਮ!

ਸ਼ਾਸਤਾ ਸਪਰਿੰਗਜ਼, ਕੈਲੇਫੋਰਨੀਆਂ
16 ਅਕਤੂਬਰ, 1903

ਸਰਵੋਤਮ ਰੂਪ ਵਿਚ ਵਰੋਸਾਈ ਸੂਰੀਆਨੰਦਾ,

ਅਜ ਦੁਪਹਿਰ ਨੂੰ ਤੁਹਾਡੇ ਦੋਵੇਂ ਪੱਤਰ ਇਕੱਠੇ ਹੀ ਰਾਮ ਨੂੰ ਮਿਲੇ। ਸਭ ਕੁਝ ਠੀਕ ਅਤੇ ਸੰਤੋਖਜਨਕ ਹੈ। ਕਿਉਂਜੋ ਤੁਸੀਂ ਇਕ ਲੰਮੀ ਯਾਤਰਾ ਤੇ ਜਾ ਰਹੇ ਹੋ, ਇਸ ਲਈ ਮਨੁੱਖੀ ਸੁਭਾਅ ਬਾਰੇ ਆਪਣੇ ਗਿਆਨ ਵਿਚ ਕੁਝ ਹੋਰ ਵਾਧਾ ਕਰ ਲੈਣਾ ਤੁਹਾਡੇ ਲਈ ਲਾਭਦਾਇਕ ਹੋ ਸਕਦਾ ਹੈ। ਆਪਣੇ ਮਨ ਵਿਚ ਅਮਿਟ ਰੂਪ ਵਿਚ ਉਕਰ ਲਵੋ ਕਿ ਸਾਨੂੰ ਆਪਣੇ ਆਪ ਨੂੰ ਸੰਪੂਰਣ ਰੂਪ ਵਿਚ ਇਕਾਗਰਚਿਤ, ਗੰਭੀਰ ਅਤੇ ਹਰ ਸਮੇਂ ਸਹਿਜ ਅਵਸਥਾ ਵਿਚ ਰਖਣਾ ਚਾਹੀਦਾ ਹੈ। ਦ੍ਰਿਸ਼ਟਮਾਨ ਤੇ ਪ੍ਰਤੱਖ ਰੂਪ ਦੀਆਂ ਦੇਰੀਆਂ ਅਤੇ ਵਿਰੋਧ ਸਾਡੀ ਅੰਤਰੀਵ ਸ਼ਕਤੀ ਤੇ ਪਵਿਤਰਤਾ ਵਿਚ ਵਾਧਾ ਕਰਨ ਲਈ ਹੁੰਦੀਆਂ ਹਨ।[1] ਪ੍ਰਕਿਰਤੀਵਾਦੀਆਂ ਨੇ ਇਹ ਨਿਰਣੈਜਨਕ

---

1 ਇਹ ਸੰਕੇਤ ਸ਼੍ਰੀਮਤੀ ਵੈਲਮੋਨ ਦੇ ਭਾਰਤ ਨੂੰ ਪਰਵਾਸ ਕਰਨ ਸਮੇਂ ਹੋਈ ਕਿਸੇ ਦੇਰੀ ਵਲ ਹੈ, ਜਿਸ ਕਾਰਣ ਉਹ ਮਾਨਸਿਕ ਤੌਰ ਤੇ ਬੜੀ ਪ੍ਰੇਸ਼ਾਨ ਰਹੀ ਸੀ।

ਰੂਪ ਵਿਚ ਸਿਧ ਕਰ ਦਿਤਾ ਹੈ ਕਿ ਵਿਰੋਧ ਤੇ ਸੰਘਰਸ਼ ਤੋਂ ਬਿਨਾਂ ਕੋਈ ਵੀ ਵਿਕਾਸ ਸੰਭਵ ਨਹੀਂ ਹੋ ਸਕਦਾ।

ਕੀ ਤੁਹਾਨੂੰ ਰੌਬਰਟ ਬਰੂਸ ਤੇ ਮਕੜੀ ਦੀ ਕਥਾ ਦਾ ਪਤਾ ਹੈ? "ਕੀ ਹਰ ਵੱਡੀ ਲਭਤ ਦੇ ਪਿਛੋਕੜ ਵਿਚ ਸੈਂਕੜੇ, ਨਹੀਂ ਨਹੀਂ, ਹਜ਼ਾਰਾਂ ਸੰਘਰਸ਼ਾਂ ਤੇ ਅਸਫਲ ਯਤਨਾਂ ਦਾ ਹੱਥ ਨਹੀਂ ਹੁੰਦਾ?" ਅੰਮ੍ਰਿਤ ਵੇਲੇ ਹਰ ਰੋਜ਼ ਤੁਹਾਨੂੰ ਅੱਧੇ ਘੰਟੇ ਲਈ ਇਸ ਪਵਿੱਤਰ ਮੰਤਰ ਦਾ ਜਾਪ ਕਰਨਾ ਚਾਹੀਦਾ ਹੈ।

(ਖਿਮਾ ਕਰਨਾ- ਇਥੇ ਮੰਤਰ ਨਹੀਂ ਦਿਤਾ ਜਾ ਰਿਹਾ) ਇਸ ਮੰਤਰ ਦਾ ਜਾਪ ਕਰਨ ਸਮੇਂ ਇਸ ਦੀ ਅੰਤਰੀਵ ਸੱਚੀ ਭਾਵਨਾ ਨੂੰ ਬਲ ਪੂਰਵਕ ਆਪਣੇ ਹਿਰਦੇ ਵਿਚ ਵਸਾਉਣ ਦਾ ਯਤਨ ਕਰੋ। ਇਸ ਪ੍ਰਕਾਰ ਦਾ ਨਿਰੰਤਰ ਆਤਮ-ਸੁਝਾਉ ਤੁਹਾਨੂੰ ਅਰੂੜ ਸੰਨਿਆਸੀ (ਸੁਆਮੀ) ਬਣਾ ਦੇਵੇਗਾ। ਕਿਰਪਾ ਕਰਕੇ ਮੈਨੂੰ ਸ਼ੀਘਰ ਲਿਖਣਾ ਕਿ ਤੁਹਾਡੀ ਯਾਤਰਾ ਲਈ ਕੀ ਪ੍ਰਬੰਧ ਹੋਇਆ ਹੈ। ਡੂੰਘੇ ਪ੍ਰੇਮ ਤੇ ਸੁਹਿਰਦ ਸਤਿਕਾਰ ਸਹਿਤ।

ਤੁਹਾਡੀ ਆਪਣੀ ਆਤਮਾ ਦੇ ਰੂਪ ਵਿਚ

ਸੁਆਮੀ ਰਾਮ

ਓਮ!

ਸ਼ਾਸਤਾ ਸਪਰਿੰਗਜ਼, ਕੈਲੇਫੋਰਨੀਆਂ,

21 ਅਕਤੂਬਰ, 1903

ਸਰਵੁਚ ਰੂਪ ਵਿਚ ਵਰੋਸਾਈ ਦੇਵੀ ਸੂਰੀਆ ਨੰਦਾ,

ਤੁਹਾਡਾ ਕਲ੍ਹ ਦਾ ਪੱਤਰ ਹੁਣੇ ਹੀ ਮਿਲਿਆ ਹੈ।

ਇਹ ਕਿੰਨਾ ਖ਼ੁਸ਼ੀ ਭਰਿਆ ਸਮਾਚਾਰ ਹੈ ਕਿ ਤੁਸੀਂ ਭਾਰਤ ਯਾਤਰਾ ਲਈ ਜਹਾਜ਼ੇ ਚੜ੍ਹ ਗਏ ਹੋ। ਹਾਂਗਕਾਂਗ ਵਿਖੇ ਜੇ ਤੁਸੀਂ ਘੰਟਾ ਘਰ ਦੇ ਨੇੜੇ ਵਾਸੀਆ ਮਲ, ਆਸੂਮਲ ਹਿੰਦੂ ਵਪਾਰੀਆਂ ਨੂੰ ਮਿਲੋਗੇ ਤਾਂ ਉਨ੍ਹਾਂ ਨੂੰ ਰਾਮ (ਤੀਰਥ) ਸੁਆਮੀ ਦੇ ਰਾਜ਼ੀ ਖ਼ੁਸ਼ੀ ਹੋਣ ਬਾਰੇ ਅਤੇ ਤੁਹਾਡੇ ਮਿਸ਼ਨ ਬਾਰੇ ਜਾਣ ਕੇ ਬੜੀ ਪ੍ਰਸੰਨਤਾ ਹੋਵੇਗੀ।

ਉਹ ਵਿਅਕਤੀ, ਜਿਨ੍ਹਾਂ ਨੂੰ ਪਹਿਲਾਂ ਹੀ ਤੁਹਾਡੇ ਬਾਰੇ ਪੱਤਰ ਲਿਖੇ ਜਾ ਚੁਕੇ ਹਨ, ਤੁਹਾਨੂੰ ਸਥਾਨਕ ਗੱਲਾਂ ਬਾਰੇ ਸਾਰੀ ਸੂਚਨਾ ਤਸਲੀਬਖ਼ਸ਼ ਢੰਗ ਨਾਲ ਦੇ

ਦੇਣਗੇ। ਤੁਹਾਨੂੰ ਕੇਵਲ ਆਰੰਭ ਕਰਨ ਦੀ ਹੀ ਲੋੜ ਸੀ, ਬਾਕੀ ਸਭ ਕੁਝ ਆਪਣੇ ਆਪ ਹੀ ਹੁੰਦਾ ਤੁਰਿਆ ਜਾਵੇਗਾ। ਪਰ ਇਕ ਗੱਲ ਦਾ ਸਦਾ ਧਿਆਨ ਰਖਣਾ। ਜਦੋਂ ਤੁਸੀਂ ਕਿਸੇ ਵਿਸ਼ੇਸ਼ ਮਤ ਅਵਲੰਬੀਆਂ ਵਿਚ ਜਾਓ ਤਾਂ ਉਨ੍ਹਾਂ ਵਲੋਂ ਕਿਸੇ ਹੋਰ ਫ਼ਿਰਕੇ ਉੱਤੇ ਕੀਤੀ ਗਈ ਨੁਕਤਾਚੀਨੀ ਨੂੰ ਸਦਾ ਅਖੋਂ ਪਰੋਖੇ ਕਰ ਦੇਣਾ। ਇਸ ਵਲ ਬਿਲਕੁਲ, ਬਿਲਕੁਲ, ਬਿਲਕੁਲ ਧਿਆਨ ਨਾਂ ਦੇਣਾ। ਜੇ ਤੁਹਾਨੂੰ ਕਿਧਰੇ ਕੋਈ ਸ਼ਰਧਾ, ਦੈਵੀ ਪ੍ਰੇਮ, ਦਇਆ ਅਤੇ ਆਤਮ-ਗਿਆਨ ਨਜ਼ਰੀ ਪਏ ਤਾਂ ਉਸ ਨੂੰ ਲੈ ਲੈਣਾ, ਉਸ ਨੂੰ ਆਪਣੇ ਅੰਦਰ ਰਚਾ ਤੇ ਸਮਾ ਲੈਣਾ, ਪਰ ਕਿਸੇ ਵਿਅਕਤੀ ਦੇ ਦਵੈਖ ਭਾਵ ਲਈ ਸਮਾਂ ਨਾ ਗੁਆਉਣਾ। ਉਨ੍ਹਾਂ ਦੀਆਂ ਤਰੁਟੀਆਂ ਤੇ ਕਮਜ਼ੋਰੀਆਂ ਵਲ ਧਿਆਨ ਨਹੀਂ ਦੇਣਾ।

ਕਲਕੱਤਾ ਵਿਖੇ ਸੇਠ ਸੀਤਾ ਰਾਮ ਨੂੰ ਮਿਲਣ ਬਾਰੇ ਭੁਲਣਾ ਨਹੀਂ। ਕਲਕੱਤਾ ਵਿਖੇ ਰਹਿਣ ਸਮੇਂ ਪੱਤਰ 'ਡਾਨ' ਦੇ ਵਿਦਵਾਨ ਸੰਪਾਦਕ ਨੂੰ ਵੀ ਜ਼ਰੂਰ ਮਿਲਣਾ, ਜੋ ਕਿ ਇਕ ਨਿਰਮਾਣ, ਪਵਿਤਰ, ਆਤਮ-ਤਿਆਗੀ ਤੇ ਸ਼ਰਧਾਵਾਨ ਸਨਾਤਨੀ ਵੇਦਾਂਤੀ ਹੈ। ਉਹ ਕੁਝ ਵਿਦਿਅਕ ਸੰਸਥਾਵਾਂ ਅਤੇ ਛਾਤਰਾਵਾਸਾਂ ਦਾ ਸਫਲ ਪ੍ਰਬੰਧਕ ਵੀ ਹੈ। ਕਲਕੱਤੇ ਤੁਸੀਂ ਸੰਕੀਰਤਨ ਅਤੇ ਧਾਰਮਿਕ ਨਿਰਤ ਦਾ ਅਨੰਦ ਵੀ ਮਾਣ ਸਕਦੇ ਹੋ।

ਭਾਰਤ ਮਾਤਾ ਆਪਣੇ ਬੱਚਿਆਂ ਨੂੰ ਇਕ ਉਦਾਰਚਿਤ ਮਾਂ ਸਮਾਨ ਆਪਣੀ ਗਲਵਕੜੀ ਵਿਚ ਲੈ ਲੈਂਦੀ ਹੈ, ਜੋ ਕਿ ਸਾਲਾਂ ਬਧੀ ਓਪਰੀਆਂ ਧਰਤੀਆਂ ਉੱਤੇ ਵਿਚਰ ਕੇ ਉਸ ਕੋਲ ਆਉਂਦਾ ਹੈ। ਹਾਲ ਦੀ ਘੜੀ ਲਈ ਅਲਵਿਦਾ ਰਾਮ ਸਦਾ ਤੁਹਾਡੇ ਅੰਗ ਸੰਗ ਹੈ।

ਭਾਰਤ ਯਾਤਰਾ!
ਹੁਣ ਹੋਰ ਉਡੀਕ ਨਹੀਂ ਹੋ ਸਕਦੀ !
ਹੇ ਮਨ, ਅਸੀਂ ਵੀ ਉਸ ਜਹਾਜ਼ ਤੇ ਚੜ੍ਹ ਜਾਈਏ,
ਜੋ ਤੇਰੇ ਵਲ ਜਾ ਰਿਹਾ ਹੈ।
ਤੇਰੇ ਵਲ ਜਾਣ ਲਈ,
ਅਸੀਂ ਮਾਰਗ-ਰਹਿਤ ਸਾਗਰਾਂ ਵਿਚ ਠਿਲ ਪਾਈਏ!
ਨਿਰਭਉ ਹੋ ਅਗਿਆਤ ਸਾਗਰ ਤਟਾਂ ਵਲ ਤੁਰੇ ਜਾਈਏ
ਪਰਮਾਨੰਦ ਦੀਆਂ ਲਹਿਰਾਂ ਚੀਰਦੇ ਤੁਰਦੇ ਜਾਈਏ।

ਰੁਮਕਦੀਆਂ ਪੌਣਾਂ ਵਿਚਕਾਰ,
ਜੋ ਮਧੁਰ ਗੀਤ ਅਲਾਪ ਰਹੀਆਂ ਹਨ
ਅਸੀਂ ਪ੍ਰਭੂ ਦੇ ਗੀਤ ਗਾਉਂਦੇ ਜਾਈਏ
ਅਤੇ ਅਨੰਦਦਾਇਕ ਮੰਤਰ 'ਓਮ' ਦਾ ਜਾਪ ਜਪਦੇ ਜਾਈਏ!
ਇੰਝ ਭਾਰਤ ਦੀ ਯਾਤਰਾ ਕਰੀਏ!
ਇਨ੍ਹਾਂ ਸਾਗਰਾਂ ਤੇ ਤਰਦੇ,
ਪਹਾੜਾਂ ਉਤੇ ਤੁਰਦੇ,
ਰਾਤਾਂ ਨੂੰ ਚਲਦੇ,
ਵਿਚਾਰਾਂ ਵਿਚ ਮਗਨ,
ਮੌਨ ਵਿਚਾਰ ਜੋ ਦੇਸ਼, ਕਾਲ ਤੇ ਮੌਤ ਤੋਂ ਪਰੇ ਦੇ ਹਨ।
ਜੋ ਪਾਣੀ ਦੇ ਝਰਨਿਆਂ ਦੀ ਤਰ੍ਹਾਂ ਨਿਤ ਵਹਿੰਦੇ ਹਨ।
ਮੈਨੂੰ ਉਨ੍ਹਾਂ ਅਨੰਤ ਮੰਡਲਾਂ ਵਿਚ ਲੈ ਚਲੋ
ਜੋ ਮੇਰੇ ਸਵਾਸਾਂ ਵਿਚ ਰਮਿਆ ਹੋਇਆ ਹੈ।
ਹੇ ਪ੍ਰਭੂ !
ਮੈਨੂੰ ਆਪਣੇ 'ਅੰਮ੍ਰਿਤ ਸਰੋਵਰ' ਵਿਚ ਇਸ਼ਨਾਨ ਕਰਵਾਉ
ਮੈਂ ਤੇ ਤੇਰੀ ਆਤਮਾ ਉਚਾ ਉਠ ਕੇ ਤੇਰੇ ਉਚੇ ਮੰਡਲਾਂ ਵਿਚ ਪੁਜ ਜਾਈਏ।
ਇੰਝ ਭਾਰਤ ਮਾਤਾ ਦੀ ਯਾਤਰਾ ਕਰੀਏ।
ਮੇਰੇ ਮਨ ਭਰੋਸਾ ਰਖ,
ਜਦੋਂ ਸੰਜੋਗੀ ਘੜੀ ਆਵੇਗੀ,
ਸਮੱਸਤ ਸਾਗਰਾਂ ਤੋਂ ਪਾਰ ਹੋ ਜਾਵਾਂਗੇ।
ਝੱਖੜਾਂ ਝਾਂਜਿਆਂ ਵਿਚੋਂ ਰਾਸਾਂ ਦੇ ਬਿਖਮ ਮਾਰਗਾਂ ਨੂੰ ਲੰਘ ਜਾਵਾਂਗੇ।
ਪ੍ਰਭੂ ਦੇ ਸਨਮੁਖ ਹੋ ਉਸ ਦੇ ਚੰਦੋਏ ਅਗੇ ਆਤਮ-ਸਮਰਪਣ ਕਰ ਦਿਆਂਗੇ।
ਇਸ ਆਤਮ-ਸਮਰਪਣ ਵਿਚ ਸਾਡੇ ਆਦਰਸ਼ ਦੀ ਪੂਰਤੀ ਹੋ ਜਾਵੇਗੀ।
ਮਿਤਰਤਾ ਨਾਲ ਭਰਪੂਰ, ਪ੍ਰੇਮ ਦੀ ਪੂਰਨਤਾ ਤਕ ਪੁਜ ਕੇ,
ਜਿਵੇਂ ਵੱਡਾ ਭਰਾ ਛੋਟੇ ਭਰਾ ਨੂੰ ਲਾਡ ਲਡਾਉਂਦਾ ਹੈ
ਅਤੇ ਛੋਟਾ ਭਰਾ ਪਿਆਰ ਉਨਮਾਦ ਵਿਚ ਉਸ ਨੂੰ ਜੱਫੀ ਜਾ ਪਾਉਂਦਾ ਹੈ।
ਇੰਝ ਅਸੀਂ ਭਾਰਤ ਦੀ ਯਾਤਰਾ ਕਰਾਂਗੇ।

ਹੇ ਮੇਰੀ ਆਤਮਾ, ਕੀ ਤੇਰੇ ਪੰਖ
ਇਤਨੀ ਉਚੀ ਉਡਾਰੀ ਲਈ ਤਿਆਰ-ਬਰ-ਤਿਆਰ ਹਨ?
ਹੇ ਮੇਰੀ ਆਤਮਾ, ਤੂੰ ਸਚਮੁਚ ਹੀ ਅਜਿਹੀ ਯਾਤਰਾ ਉਤੇ ਤੁਰ ਪਈ ਹੈਂ।
ਵੇਦ ਤੇ ਸੰਸਕ੍ਰਿਤ ਵਿਚ ਰਚੇ ਗ੍ਰੰਥਾਂ ਦੀ ਬਾਣੀ ਹੇਠਾਂ ਗੂੰਜ ਰਹੀ ਹੈ:
ਪਰ ਤੂੰ ਅਡੋਲ ਤੁਰਦੀ ਜਾ ਰਹੀ ਹੈਂ, ਆਪਣੀ ਮੰਜ਼ਲ ਵਲ।
ਤੇਰੇ ਮਾਰਗ ਦੀ ਯਾਤਰਾ, ਤੇਰੇ ਸਾਗਰ-ਤਟਾਂ ਦੀ ਯਾਤਰਾ,
ਤੂੰ ਜੋ ਇਕ ਪ੍ਰਬਲ ਰਹੱਸ ਹੈਂ।
ਤੇਰੇ ਵਲ ਇਹ ਯਾਤਰਾ
ਤੇਰੇ ਵਲ,
ਜਿਸ ਨੇ ਕਿ ਬਿਖਮ ਸਮੱਸਿਆਵਾਂ ਉੱਤੇ ਕਮਾਲ ਹਾਸਲ ਕਰ ਲਿਆ ਹੈ।
ਇਹ ਹੈ ਭਾਰਤ ਮਾਤਾ ਦੀ ਯਾਤਰਾ।
ਹੇ ਆਕਾਸ਼ ਤੇ ਧਰਤ ਦੇ ਰਹੱਸ !
ਸਾਗਰਾਂ ਦੇ ਪਾਣੀਆਂ ਦੀ ਰਮਜ਼ !
ਵਲੇਵੇਂਦਾਰ ਨਦੀਆਂ ਅਤੇ ਗੰਗਾ ਦੀ ਧਾਰਾ!
ਹੇ ਖੇਤਾਂ ਤੇ ਬਣਾਂ ਦੇ ਗੁਪਤ ਰਹੱਸ!
ਹੇ ਸ਼ਕਤੀਮਾਨ ਹਿਮਾਲਾ ਪਰਬਤ!
ਹੇ ਕਿਰਮਚੀ ਪ੍ਰਭਾਤ, ਮੇਘਲੇ, ਵਰਖਾ ਤੇ ਬਰਫ਼,
ਦਿਨ ਅਤੇ ਰਾਤ, ਇਹ ਤੇਰੇ ਵਲ ਯਾਤਰਾ ਹੈ!
ਹੇ ਸੂਰਜ ਤੇ ਚੰਨ ਅਤੇ ਸਮੱਸਤ ਤਾਰਕਾ-ਮੰਡਲ,
ਹੇ ਸਰਵੁਚ ਨਛੱਤਰ, ਹੇ ਬ੍ਰਿਹਸਪਤੀ,
ਇਹ ਤੇਰੇ ਮਾਰਗ ਦੀ ਯਾਤਰਾ ਹੈ।
ਯਾਤਰਾ, ਇਕ ਤੁਰੰਤ ਆਰੰਭ ਕਰਨ ਵਾਲੀ ਯਾਤਰਾ!
ਮੇਰੀਆਂ ਨਾੜੀਆਂ ਵਿਚ ਖ਼ੂਨ ਉਛਾਲੇ ਮਾਰਦਾ ਹੈ!
ਹੇ ਮੇਰੀ ਆਤਮਾ, ਛੇਤੀ ਇਹ ਯਾਤਰਾ ਆਰੰਭ ਕਰ,
ਮੇਰੀ ਆਤਮਾ, ਛੇਤੀ ਇਸ ਯਾਤਰਾ ਤੇ ਤੁਰ ਪੈ
ਜਹਾਜ਼ ਦੇ ਲੰਗਰ ਨੂੰ ਵਲੇਟ ਲੈ,
ਰੱਸਿਆਂ ਨੂੰ ਕੱਟ ਦੇ, ਜਹਾਜ਼ ਨੂੰ ਠੇਲ੍ਹ ਦੇ,

ਇਸ ਦੇ ਸਾਰੇ ਬਾਦਬਾਂ ਫੈਲਾ ਦੇ।
ਅਸੀਂ ਚਿਰਾਂ ਤੋਂ ਦਰਖ਼ਤਾਂ ਹਾਰ ਇਸ ਧਰਤੀ ਵਿਚ ਗੱਡੇ ਰਹੇ ਹਾਂ!
ਹੁਣ ਸਾਗਰਾਂ ਦੀ ਯਾਤਰਾ ਸ਼ੁਰੂ ਕਰ ਦਿਉ,
ਜਹਾਜ਼ ਨੂੰ ਡੂੰਘੇ ਪਾਣੀਆਂ ਵਿਚ ਲੈ ਜਾਉ,
ਅਸੀਂ ਉਨ੍ਹਾਂ ਡੂੰਘਾਣਾਂ ਵਿਚ ਜਾਣ ਲਈ ਬਣੇ ਹਾਂ,
ਜਿਥੇ ਹੁਣ ਤਕ ਕੋਈ ਮਲਾਹ ਨਹੀਂ ਪਹੁੰਚ ਸਕਿਆ।
ਨਾ ਕੋਈ ਮਰਜੀਵੜਾ ਜਿਨ੍ਹਾਂ ਦਾ ਭੇਦ ਪਾ ਸਕਿਆ ਹੈ।
ਇਸ ਯਾਤਰਾ ਲਈ ਅਸੀਂ ਆਪਣੇ ਜਹਾਜ਼
ਤੇ ਆਪਣਾ ਆਪ ਅਤੇ ਸਭ ਕੁਝ ਨੂੰ ਜੋਖੋਂ ਵਿਚ ਪਾਵਾਂਗੇ।
ਹੇ ਮੇਰੀ ਬਹਾਦਰ ਆਤਮਾ!
ਹੇ ਪ੍ਰਭੂ ਪਿਤਾ,
ਇਸ (ਆਤਮਾ ਦੇ) ਜਹਾਜ਼ ਨੂੰ ਤੋਰੋ!
ਕਿੰਨੀ ਸਾਹਸ ਭਰਪੂਰ ਖ਼ੁਸ਼ੀ ਦੀ ਇਹ ਅਵਸਥਾ ਹੈ,
ਪਰ ਇਹ ਕਿੰਨੀ ਸੁਰੱਖਿਅਤ !
ਹੇ ਪ੍ਰਭੂ ਪਿਤਾ,
ਇਸ (ਆਤਮਾ ਦੇ) ਜਹਾਜ਼ ਨੂੰ ਤੋਰੋ!
ਆਪਣੇ ਅਸਲੀ ਘਰ ਵਲ!

ਰਾਮ।

ਓਮ!

ਸਿਕਾਗੋ, ਆਇਲੀਨੀਅਸ,
15 ਫ਼ਰਵਰੀ, 1904

ਸਰਵੁਚ ਰੂਪ ਵਿਚ ਵਰੋਸਾਈ ਆਤਮਾ,

ਆਪ ਦੇ ਬਹੁਤ ਸਾਰੇ ਪੱਤਰ ਤੇ ਤਾਰ ਮੈਨੂੰ ਸਮੇਂ ਸਿਰ ਮਿਲਦੇ ਰਹੇ। ਜਦੋਂ ਕੇਵਲ ਇਕੋ ਹੀ 'ਯਥਾਰਥ' ਹੈ ਤਾਂ ਧੰਨਵਾਦ ਕਿਸ ਦਾ? ਰਾਮ ਖ਼ੁਸ਼ੀ ਨਾਲ ਭਰਪੂਰ ਹੈ, ਰਾਮ ਤਾਂ ਸਮੱਸਤ ਖ਼ੁਸ਼ੀ ਰੂਪ ਹੈ। ਸਰਬ ਸਮੇਂ ਰਾਮ ਸ਼ਾਂਤੀ ਵਿਚ ਵਿਚਰਦਾ ਹੈ

(ਉਹ ਸਾਰਾ ਸ਼ਾਂਤੀ ਦਾ ਰੂਪ ਹੈ)। ਕੰਮ ਤਾਂ ਰਾਮ ਵਿਚ ਝਰਦਾ ਹੈ। ਰਾਮ ਤਾਂ ਕੋਈ ਕੰਮ ਨਹੀਂ ਕਰਦਾ। ਤੁਸੀਂ ਮਹਿਕਦਾ ਗੁਲਾਬ ਬਣੋ ਅਤੇ ਤੁਹਾਡੇ ਵਿਚੋਂ ਮਿੱਠੀ ਸੁਗੰਧੀ ਸਦਾ ਰੁਮਕਦੀ ਰਹੇ!

ਕੀ ਤੁਸੀਂ ਸੱਚੇ ਦਿਲੋਂ ਆਪਣੇ ਆਪ ਨੂੰ 'ਹਿੰਦੂ' ਅਨੁਭਵ ਕਰਦੇ ਹੋ? ਕੀ ਤੁਸੀਂ ਉਨ੍ਹਾਂ ਦੀਆਂ ਤਰੁਟੀਆਂ ਤੇ ਵਹਿਮਾਂ ਭਰਮਾਂ ਨੂੰ ਵੀ ਆਪਣੇ ਹੀ ਸਮਝਦੇ ਹੋ? ਕੀ ਤੁਸੀਂ ਉਨ੍ਹਾਂ ਉੱਤੇ ਆਪਣੇ ਭੈਣਾਂ ਤੇ ਭਰਾਵਾਂ ਦੀ ਤਰ੍ਹਾਂ ਭਰੋਸਾ ਕਰ ਸਕਦੇ ਹੋ? ਕੀ ਤੁਸੀਂ ਆਪਣੇ ਜਨਮ ਵਜੋਂ ਅਮਰੀਕਨ ਹੋਣ ਨੂੰ ਭੁਲਾ ਕੇ ਇੰਝ ਮਹਿਸੂਸ ਕੀਤਾ ਹੈ, ਜਿਵੇਂ ਤੁਸੀਂ ਜਨਮ ਤੋਂ ਹਿੰਦੂਆਂ ਵਿਚੋਂ ਹੋਵੋ, ਰਾਮ ਮਹਿਸੂਸ ਕਰਦਾ ਹੈ ਕਿ ਉਹ ਡੂੰਘੇ ਨੈਣਾਂ ਵਾਲਾ ਕੱਟੜ ਇਸਾਈ ਹੈ? ਜੇ ਅਜਿਹਾ ਹੈ ਤਾਂ ਤੁਹਾਡੇ ਅੰਦਰੋਂ ਸਹਿਜ ਸੁਭਾ ਹੀ ਵਚਿੱਤਰ ਕਰਮ ਸੁਫੁਟਿਤ ਹੋਵੇਗਾ!

ਤੁਸੀਂ ਕੌਣ ਹੋ? ਤੁਸੀਂ ਕੌਣ ਹੋ, ਜੋ ਨੀਵਿਆਂ ਦੀ ਰਖਿਆ ਕਰ ਰਹੇ ਹੋ? ਕੀ ਤੁਸੀਂ ਆਪਣੇ ਆਪ ਦੀ ਰਖਿਆ ਕਰ ਲਈ ਹੈ?

ਕੀ ਤੁਹਾਨੂੰ ਇਸ ਗੱਲ ਦਾ ਗਿਆਨ ਹੈ, "ਜਿਹੜਾ ਆਪਣੇ ਜੀਵਨ ਦੀ ਰਖਿਆ ਕਰਦਾ ਹੈ, ਉਹ ਇਸ ਨੂੰ (ਆਪਣੇ ਆਪ ਲਈ) ਗੁਆ ਬਹਿੰਦਾ ਹੈ?" ਤਾਂ ਫਿਰ ਕੀ ਤੁਸੀਂ ਉਨ੍ਹਾਂ ਗੁਆਚਿਆਂ ਵਿਚੋਂ ਇਕ ਹੋ? ਫਿਰ (ਆਤਮਕ ਤੌਰ ਤੇ) ਉਚੇ ਉਠੋ ਅਤੇ ਦੂਜਿਆਂ ਦੇ ਰਖਿਅਕ ਬਣ ਜਾਉ। ਆਪਣੇ ਆਪ ਨੂੰ ਪਾਪੀ ਸਮਾਨ ਬਣਾ ਕੇ ਵੇਖੋ, ਇਸ ਤਰ੍ਹਾਂ ਉਸ ਨਾਲ ਇਕ ਰੂਪ ਹੋ ਕੇ ਹੀ ਤੁਸੀਂ ਉਸ ਪਾਪੀ ਦਾ ਉਦਾਰ ਕਰ ਸਕਦੇ ਹੋ। ਹੋਰ ਕੋਈ ਰਸਤਾ ਨਹੀਂ ਹੈ, ਕੇਵਲ ਪ੍ਰੇਮ ਨਾਲ ਹੀ ਸਭ ਨੂੰ ਜਿਤਿਆ ਜਾ ਸਕਦਾ ਹੈ!

ਓਮ! ਓਮ!

ਤੁਹਾਡਾ ਆਪਣਾ ਨਿਜ
ਸੁਆਮੀ ਰਾਮ ਦੇ ਰੂਪ ਵਿਚ।

ਓਮ!

ਮਿਨਿਆ ਪੋਲੀਸ, ਐਮ. ਐਨ., ਯੂ. ਐਸ.ਏ.
3 ਅਪਰੈਲ, 1904

ਸਰਵੁਚ ਰੂਪ ਵਿਚ ਵਰੋਸਾਈ ਆਤਮਾ,

ਤੁਸੀਂ ਕਿਥੇ ਹੋ? ਪਵਿਤਰ ਮਾਤਾ ਵਲੋਂ ਮਥਰਾ ਤੋਂ ਭੇਜੇ ਗਏ ਨਵੇਂ ਸਾਲ ਦੇ ਪੱਤਰ ਤੋਂ ਪਿਛੋਂ ਕੋਈ ਵੀ ਪੱਤਰ ਨਹੀਂ ਮਿਲਿਆ। ਸ਼ਾਂਤੀ, ਸ਼ਾਂਤੀ, ਸ਼ਾਂਤੀ ਅੰਦਰੋਂ ਆਉਂਦੀ ਹੈ। ਸਵਰਗਧਾਮ ਸਾਡੇ ਅੰਦਰ ਹੀ ਹੈ। ਧਰਮ ਗਰੰਥਾਂ, ਮੰਦਰਾਂ, ਪੈਗੰਬਰਾਂ ਅਤੇ ਸੰਤਾਂ ਪਿਛੇ ਜਾਣਾ ਵਿਅਰਥ ਹੈ। ਖ਼ੁਸ਼ੀ ਦੀ ਭਾਲ ਕਰਦੇ ਫਿਰਨਾ ਵੀ ਫ਼ਜ਼ੂਲ ਹੈ। ਹੁਣ ਤਕ ਤੁਹਾਨੂੰ ਆਪਣੇ ਅਨੁਭਵ ਦੁਆਰਾ ਵੀ ਇਹ ਗੱਲ ਸਿਧ ਹੋ ਗਈ ਹੋਵੇਗੀ। ਜੇ ਇਸ ਸਿਖਿਆ ਦੀ ਸਾਨੂੰ ਸਮਝ ਆ ਜਾਵੇ ਤਾਂ ਇਹ ਕੋਈ ਮਹਿੰਗੀ ਨਹੀਂ, ਭਾਵੇਂ ਇਸ ਦਾ ਕਿੰਨਾ ਵੀ ਮੁਲ ਕਿਉਂ ਨਾ ਤਾਰਨਾ ਪਵੇ। ਇਕਾਂਤ ਵਿਚ ਬੈਠੋ। ਆਪਣੇ ਅੰਦਰਲੇ ਸਾਰੇ ਸੰਤਾਪ ਨੂੰ ਦੈਵੀ ਅਨੰਦ ਵਿਚ ਬਦਲ ਲਵੋ। ਤੁਹਾਨੂੰ ਥੰਡਰਿੰਗ ਡਾਨ (ਗਰਜਦੀ ਪ੍ਰਭਾਤ) ਵਰਗੀ ਪੁਸਤਕ ਤੋਂ ਬੜੀ ਪ੍ਰੇਰਨਾ ਮਿਲ ਸਕਦੀ ਹੈ। 'ਓਮ' ਦਾ ਧਿਆਨ ਧਰੋ! ਮਨੁੱਖਤਾ ਲਈ ਸ਼ਾਂਤੀ-ਦਾਤੇ ਬਣ ਜਾਓ। ਖ਼ੁਸ਼ੀ ਦੀ ਪ੍ਰਾਪਤੀ ਲਈ ਮੰਗਤੇ ਤੇ ਜਾਚਕ ਨਾ ਬਣੋ। ਮੇਰੀ ਪਿਆਰੀ, ਕੀ ਤੁਹਾਨੂੰ ਯਾਦ ਹੈ, ਰਾਮ ਨੇ ਸ਼ਾਸਤਾ ਸਪਰਿੰਗ ਦੇ ਨੇੜੇ ਨਦੀ ਦੇ ਕਿਨਾਰੇ ਤੁਹਾਨੂੰ ਕੀ ਵਿਆਖਿਆਨ ਦਿਤਾ ਸੀ? ਇਹ ਕਿਸੇ ਅਭਿਲਾਸ਼ੀ ਵਲੋਂ ਉਪਦੇਸ਼ ਨਹੀਂ ਸੀ ਦਿਤਾ ਗਿਆ, ਸਗੋਂ ਇਕ 'ਪ੍ਰਕਾਸ਼' ਤੇ 'ਪ੍ਰੇਮ' ਨੂੰ ਨਿਰੰਤਰ ਵੰਡਣ ਵਾਲੇ ਦਾਤੇ ਵਲੋਂ ਸੁੱਤੇ ਸਿਧ ਪ੍ਰਗਟ ਹੋਇਆ ਸੀ। ਜਦੋਂ ਅਸੀਂ ਅਭਿਲਾਸ਼ੀ ਤੇ ਜਾਚਕ ਦੀ ਸਥਿਤੀ ਵਿਚ ਹੁੰਦੇ ਹਾਂ ਤਾਂ ਸਾਡਾ ਹਿਰਦਾ ਖੰਡਤ ਹੋ ਜਾਂਦਾ ਹੈ। ਅਮਰੀਕਨਾਂ ਨੂੰ ਰਾਮ ਨੇ ਜਿਹੜੇ ਭਾਰਤੀ ਲੋਕਾਂ ਦੀ ਮਨੋਦਸ਼ਾ ਨੂੰ ਸੁਧਾਰਣ ਬਾਰੇ ਅਪੀਲ ਕੀਤੀ ਸੀ, ਉਨ੍ਹਾਂ ਤੱਥਾਂ ਨੂੰ ਤੁਸੀਂ ਹੁਣ ਤਕ ਆਪ ਪਰਖ ਲਿਆ ਹੋਵੇਗਾ। ਜੇ ਤੁਸੀਂ ਉਸ ਵਿਆਖਿਆਨ ਨੂੰ ਦੁਬਾਰਾ ਵਾਚ ਸਕੋ ਤਾਂ ਕਿਰਪਾ ਪੂਰਵਕ ਅਜਿਹਾ ਕਰ ਲੈਣਾ। ਆਪਣੇ ਪ੍ਰੇਮ ਦੇ ਕੀਤੇ ਗਏ ਯਤਨਾਂ ਦੇ ਬਦਲੇ ਕਿਸੇ ਪ੍ਰਗਟ ਰੂਪ ਦੇ ਫੱਲ ਦੀ ਆਸ ਨਾ ਰਖਣਾ। ਈਸਾ ਦੀ ਆਤਮਾ ਕਹਿੰਦੀ ਹੈ, ਕੇਵਲ 'ਸੇਵਾ ਵਿਚੋਂ ਹੀ ਸੰਤੋਖ' ਲਭੋ। ਸੇਵਾ ਦੇ ਵਿਸ਼ੇਸ਼ ਅਧਿਕਾਰ ਤੋਂ ਬਿਨਾਂ ਅਸੀਂ ਹੋਰ ਕਿਸੇ ਸੁਗਾਤ, ਅਸ਼ੀਰਵਾਦ ਜਾਂ ਫਲ ਨੂੰ ਪ੍ਰਾਪਤ ਨਹੀਂ ਕਰ ਸਕਦੇ। ਜੇ ਤੁਸੀਂ ਹੁਣ ਤਕ ਲਖਨਊ ਦੇ ਸਮਾਚਾਰ ਪੱਤਰ 'ਦੀ ਐਡਵੋਕੇਟ' ਦੇ ਸੰਪਾਦਕ ਨੂੰ ਨਹੀਂ ਮਿਲੇ ਤਾਂ ਕਿਰਪਾ ਕਰਕੇ ਮਿਲ ਲੈਣਾ। ਕੀ ਤੁਹਾਡਾ ਦਿਲ ਹਿੰਦੁਸਤਾਨ ਦੇ ਗਰੀਬ ਹਿੰਦੂਆਂ ਦੇ ਦੁਖਾਂ ਨਾਲ ਸਾਂਝ ਪਾ ਕੇ ਅਮਰੀਕਾ ਦੇ ਵਧੇਰੇ ਐਸ਼ਵਰਜ ਵਾਲੇ ਜੀਵਨ ਨਾਲੋਂ ਚੋਖਾ ਖ਼ੁਸ਼ੀ ਭਰਿਆ ਨਹੀਂ ਹੈ?

ਰਾਮ ਇਕ ਮਹੀਨਾ ਔਰਗਨ ਵਿਖੇ ਪੋਰਟਲੈਂਡ ਰਿਹਾ ਹੈ। ਇਕ ਮਹੀਨਾ ਡੈਨਵਰ, ਦੋ ਹਫਤੇ ਸ਼ਿਕਾਗੋ, ਅਤੇ ਦੋ ਹਫਤੇ ਮਿਨੀਆਪੋਲੀਸ। ਇਨ੍ਹਾਂ ਥਾਵਾਂ ਤੇ ਵੇਦਾਂਤੀ ਸੰਸਥਾਵਾਂ ਬਣਾਈਆਂ ਗਈਆਂ ਹਨ। ਵੱਖ ਵੱਖ ਵਿਸ਼ਵ ਵਿਦਿਆਲਿਆਂ ਦੇ ਹਿੰਦੂ ਵਿਦਿਆਰਥੀਆਂ ਲਈ ਮੁਫਤ ਵਜ਼ੀਫਿਆਂ ਦਾ ਪ੍ਰਬੰਧ ਕੀਤਾ ਗਿਆ ਹੈ। ਇਥੋਂ ਰਾਮ ਬੋਸਟਨ ਤੇ ਫਿਰ ਬਫਲੋ, ਨਿਊਯਾਰਕ, ਫਿਲਾਡੇਲਫੀਆ ਅਤੇ ਵਾਸ਼ਿੰਗਟਨ ਡੀ. ਸੀ. ਜਾਵੇਗਾ। ਫਿਰ 29, 30 ਜੂਨ ਨੂੰ ਰਾਮ ਸੇਂਟ ਲੂਈਸ ਵਿਖੇ ਵਿਸ਼ਵ ਏਕਤਾ ਸੰਘ ਦੀ ਇਕੱਤਰਤਾ ਵਿਚ ਸ਼ਾਮਲ ਹੋਵੇਗਾ। ਜੁਲਾਈ ਵਿਚ ਰਾਮ ਜਨੇਵਾ ਝੀਲ ਵਿਖੇ ਪੁਜ ਜਾਵੇਗਾ। ਇਸ ਤੋਂ ਪਿਛੋਂ ਰਾਮ ਲੰਡਨ ਤੇ ਇੰਗਲੈਂਡ ਜਾਵੇਗਾ। ਪਿਆਰੀ ਮਾਤਾ ਨਿਰਉਤਸ਼ਾਹਤ ਨਹੀਂ ਹੋਣਾ। ਕੇਵਲ ਵਸਤੂਆਂ ਦੇ ਚਮਕਦੇ ਪੱਖ ਵਲ ਹੀ ਵੇਖੋ। ਕੋਈ ਵੀ ਗੁਲਾਬ ਕੰਡੇ ਤੋਂ ਬਿਨਾਂ ਨਹੀਂ ਹੈ। ਇਸ ਸੰਸਾਰ ਵਿਚ ਕੋਈ ਵੀ ਖ਼ੁਸ਼ੀ ਅਣ-ਮਿਸ਼ਰਤ ਨਹੀਂ ਹੈ। ਸਭ ਤੋਂ ਚੰਗੀ ਵਸਤੂ ਤਾਂ ਸਾਡੀ ਸਰਵੁਚ ਆਤਮਾ ਹੀ ਹੈ। ਜੇ ਭਾਰਤ ਕੋਲ ਵੇਦਾਂਤ ਦਰਸ਼ਨ ਦਾ ਸਚ ਹੁੰਦਾ ਤਾਂ ਰਾਮ ਨੂੰ ਅਮਰੀਕਨ ਲੋਕਾਂ ਕੋਲ ਅਪੀਲ ਕਰਨ ਦੀ ਕੀ ਲੋੜ ਪਈ ਸੀ? ਜਦੋਂ ਤੁਹਾਡਾ ਹਿਰਦਾ ਸਭ ਦੀ ਸੁੰਦਰਤਾ ਨਾਲ ਪੂਰੀ ਤਰ੍ਹਾਂ ਇਕਸੁਰ ਹੋ ਜਾਵੇਗਾ ਤਾਂ ਤੁਹਾਨੂੰ ਹਰ ਥਾਂ ਹਰ ਵਸਤ ਸ਼ਾਨਦਾਰ ਦਿਖਾਈ ਦੇਵੇਗੀ। ਸ਼ਾਂਤੀ! ਸ਼ਾਂਤੀ! ਸ਼ਾਂਤੀ!

ਅੰਤਰੀਵ ਅਨੰਦ, ਅੰਤਰੀਵ ਖ਼ੁਸ਼ੀ, ਸਦਾ ਲਈ ਅਤੇ ਸਦਾ ਲਈ।

ਤੁਹਾਡੀ ਆਪਣੀ ਨਿਜ ਆਤਮਾ
ਸੁਆਮੀ ਰਾਮ ਦੇ ਰੂਪ ਵਿਚ।

ਓਮ!

ਵਿਲੀਅਮਜ਼ ਬੇ, ਵਿਸ. ਅਰਥਾਤ ਲੇਕ ਜਨੇਵਾ
8 ਜੁਲਾਈ, 1904

ਸਰਵੁਚ ਰੂਪ ਵਿਚ ਵਰੋਸਾਈ ਦੈਵੀ ਆਤਮਾ,

ਰਾਮ ਨੂੰ ਤੁਹਾਡੇ ਪੱਤਰ ਮਿਲੇ। ਧੰਨਵਾਦ! ਰਾਮ ਸਾਰੀ ਸਥਿਤੀ ਨੂੰ ਚੰਗੀ ਤਰ੍ਹਾਂ ਸਮਝਦਾ ਹੈ। ਸ਼ਾਂਤੀ, ਖ਼ੁਸ਼ੀ ਅਤੇ ਸਫਲਤਾ ਸਦਾ ਤੁਹਾਡੇ ਅੰਗ ਸੰਗ ਰਹਿਣ। ਜਿਸ ਪਵਿਤਰ ਆਤਮਾ ਨੇ ਕਬਜ਼ੇ ਦੀ ਭਾਵਨਾ ਤੇ ਤ੍ਰਿਸ਼ਨਾ ਨੂੰ ਦੂਰ ਸੁਟ ਪਾਇਆ ਹੈ,

ਉਸ ਲਈ ਨਾ ਕੋਈ ਡਰ ਹੈ, ਨਾ ਖ਼ਤਰਾ, ਨਾ ਕੋਈ ਐਂਕੜ ਤੇ ਅੜਿੱਕਾ। ਮੈਂ ਬ੍ਰਹਿਮੰਡ ਵਿਚ ਲੱਤਾਂ ਪਸਾਰ ਕੇ ਨਿਸਲ ਪੈ ਜਾਂਦਾ ਹਾਂ ਅਤੇ ਪੂਰਨ ਸੁਤੰਤਰਤਾ ਵਿਚ ਵਿਚਰਦਾ ਹਾਂ। ਸੀਨੇ ਵਿਚਲਾ ਜ਼ਹਿਰੀ ਸੱਪ ਤਾਂ ਸਾਡੀ ਲਘੂ 'ਮੈਂ' ਹੈ। ਇਸ ਨੂੰ ਲਾਂਭੇ ਸੁਟ ਪਾਉ ਤਾਂ ਸਾਰਾ ਸੰਸਾਰ ਤੁਹਾਨੂੰ ਸ਼ਰਧਾਂਜਲੀ ਦੇਵੇਗਾ। ਮਿਨੀਆ ਪੋਲਿਸ ਤੋਂ ਰਾਮ ਦੀ ਵਾਪਸੀ ਤੇ ਤੁਹਾਨੂੰ ਕਈ ਪੰਨਿਆਂ ਦਾ ਟਾਈਪ ਕੀਤਾ ਪੱਤਰ ਡਾਕ ਰਾਹੀਂ 'ਵਿਵਹਾਰਕ ਸਿਆਣਪ' (Practical Wisdom) ਦੇ ਵਿਸ਼ੇ ਉੱਤੇ ਪ੍ਰਕਾਸ਼ਤ ਕਰਨ ਲਈ ਭੇਜਿਆ ਗਿਆ ਸੀ। ਇਸ ਪੱਤਰ ਦਾ ਵਿਸ਼ਾ ਵਿਵਹਾਰਕ ਸਿਆਣਪ ਬਾਰੇ ਸੀ। ਸੇਂਟ ਲੂਈ ਵਿਖੇ 'ਵਿਸ਼ਵ ਏਕਤਾ ਸੰਘ' ਦੀ ਪਹਿਲੀ ਇਕੱਤਰਤਾ ਰਾਮ ਦੀ ਪ੍ਰਧਾਨਗੀ ਹੇਠ ਹੋਈ ਸੀ। ਏਕਤਾ ਸੰਘ ਵਿਚ ਰਾਮ ਦੇ ਦਿਤੇ ਗਏ ਭਾਸ਼ਣ ਤੋਂ ਬਿਨਾਂ ਬ੍ਰਹਮ ਵਿਦਿਆ ਸੰਸਥਾ ਅਤੇ ਵਿਵਹਾਰਕ ਈਸਾਈ ਮਤ ਦੇ ਚਰਚ ਵਲੋਂ ਕੁਝ ਹੋਰ ਵਿਖਿਆਨ ਵੀ ਸੇਂਟ ਲੂਈ ਅਤੇ ਹੋਰ ਥਾਵਾਂ ਤੇ ਕਰਵਾਏ ਗਏ ਸਨ। ਕੁਝ ਦਿਨਾਂ ਤਕ ਰਾਮ ਸ਼ਿਕਾਗੋ ਜਾ ਰਿਹਾ ਹੈ, ਉਥੋਂ ਅਗੇ ਬਫ਼ਲੋ, ਲਿਲੀ ਡੇਲ ਤੇ ਗ੍ਰੀਨਏਕਰ ਮੇਨ ਜਾਵੇਗਾ ਅਤੇ ਸਤੰਬਰ ਵਿਚ ਜਾਂ ਇਸ ਤੋਂ ਪਹਿਲਾਂ ਅਮਰੀਕਾ ਤੋਂ ਚਲਾ ਜਾਵੇਗਾ।

ਸ਼ਾਂਤੀ, ਆਸ਼ੀਰਵਾਦ ਅਤੇ ਸਭ ਨੂੰ ਪ੍ਰੇਮ !

ਤੁਹਾਡੀ ਆਪਣੀ ਨਿਜ ਆਤਮਾ
ਸੁਆਮੀ ਰਾਮ ਦੇ ਰੂਪ ਵਿਚ।

ਓਮ !

ਜੈਕਸਨ ਵਿਲੇ, ਫਲੋਰਿਡਾ,
1 ਅਕਤੂਬਰ, 1904

ਸਰਵੁਚ ਰੂਪ ਵਿਚ ਵਰੋਸਾਈ ਪਿਆਰੀ ਰੱਬਤਾ,

ਰਾਮ ਨੇ ਕੁਝ ਸਮੇਂ ਤੋਂ ਤੁਹਾਨੂੰ ਕੁਝ ਨਹੀਂ ਲਿਖਿਆ। ਇਸ ਦੇ ਕਾਰਣ :-

1) ਰਾਮ ਬਹੁਤ ਰੁਝਾ ਹੋਇਆ ਸੀ,

2) ਭਾਰਤ ਵਿਚ ਉਸ ਨੇ ਪਰੈਸ ਨੂੰ ਭੇਜੇ ਗਏ ਕੁਝ ਪੱਤਰਾਂ ਤੋਂ ਛੁਟ ਹੋਰ ਕਿਸੇ ਨੂੰ ਕੋਈ ਪੱਤਰ ਨਹੀਂ ਲਿਖਿਆ ;

3) ਇਹ ਜਾਣ ਕੇ ਕਿ ਤੁਸੀਂ ਚੰਗੇ ਹੱਥਾਂ ਵਿਚ ਸੁਰੱਖਿਅਤ ਹੋ, ਰਾਮ ਨੂੰ ਪੱਤਰ ਲਿਖਣ ਦੀ ਲੋੜ ਨਹੀਂ ਪਈ ;

4) ਮਿਨੀਆਪੋਲਿਸ ਤੋਂ ਆਣ ਪਿਛੋਂ ਰਾਮ ਨੂੰ ਤੁਹਾਡੇ ਵਲੋਂ ਕੋਈ ਪੱਤਰ ਨਹੀਂ ਸੀ ਮਿਲਿਆ।

ਸ਼ਾਂਤੀ, ਰੱਬੀ ਦਾਤਾਂ, ਪ੍ਰੇਮ ਤੇ ਅਨੰਦ ਸਦਾ ਸਦਾ ਲਈ ਤੁਹਾਡੇ ਅੰਗ ਸੰਗ ਹੋਣ!

ਜਦੋਂ ਸੱਚੇ ਦਿਲੋਂ ਤੁਸੀਂ ਆਪਣੇ ਅੰਦਰ ਦੇ ਸਤ ਦੀ ਆਵਾਜ਼ ਅਨੁਸਾਰ ਚਲਦੇ ਹੋ ਤਾਂ ਤੁਸੀਂ ਕਿਸੇ ਲਈ ਅਸਤਿ ਕਰਮ ਕਰ ਹੀ ਨਹੀਂ ਸਕਦੇ। ਅਸੀਂ ਕਿਸੇ ਵਿਅਕਤੀ ਦੇ ਵੀ ਦੇਣਦਾਰ ਨਹੀਂ ਹਾਂ। ਸਾਡੀ ਕਿਰਤ ਕਮਾਈ ਤਾਂ ਪ੍ਰੇਮ ਦੀ ਕਿਰਤ ਹੋਣੀ ਚਾਹੀਦੀ ਹੈ। ਸਦਾ ਦਰੁਸਤ ਤੇ ਸੰਪੰਨ ਸਾਡਾ ਮੁਖ ਨੇਮ ਹੋਣਾ ਚਾਹੀਦਾ ਹੈ।

ਹਰ ਵਿਅਕਤੀ ਆਪਣੇ ਸੁਤੰਤਰ ਅਨੁਭਵ ਨੂੰ ਮਾਣੇ। ਸਾਡਾ ਅਧਿਕਾਰ ਤਾਂ ਕੇਵਲ ਇਤਨਾ ਹੈ ਕਿ ਅਸੀਂ ਉਚੇਰੇ ਮਾਰਗ ਦੇ ਪਾਂਧੀਆਂ ਨੂੰ ਯਥਾਯੋਗ ਸਹਾਇਤਾ ਕਰੀਏ। ਪਰ ਇਹ (ਉਚੇਰੇ ਮਾਰਗ ਦੀ) ਯਾਤਰਾ ਵਾਸਤਵਿਕ ਹੋਣੀ ਚਾਹੀਦੀ ਹੈ, ਨਾ ਕਿ ਕਿਸੇ ਵਲੋਂ ਦੁਆਏ ਗਏ ਵਿਸ਼ਵਾਸ ਉੱਤੇ ਆਧਾਰਤ। ਜਦੋਂ ਮੈਂ ਹੋਰ ਵਿਅਕਤੀਆਂ ਦੇ ਆਤਮਕ ਵਿਕਾਸ ਵਿਚ ਸਹਾਇਤਾ ਕਰਦਾ ਹਾਂ, ਤਾਂ ਮੈਂ ਉਨ੍ਹਾਂ ਨਾਲ ਸਾਂਝ ਪਾ ਲੈਂਦਾ ਹਾਂ। ਜੋ ਕੁਝ ਵੀ ਤੁਸੀਂ ਕਰੋ, ਜਿਥੇ ਕਿਥੇ ਵੀ ਤੁਸੀਂ ਜਾਉ, ਰਾਮ ਦਾ ਅਸ਼ੀਰਵਾਦ ਸਦਾ ਤੁਹਾਡੇ ਨਾਲ ਹੈ। ਪਰਸੋਂ ਰਾਮ ਨਿਊਯਾਰਕ ਲਈ ਚਲ ਪਵੇਗਾ। 8 ਅਕਤੂਬਰ ਨੂੰ ਉਹ 'ਪ੍ਰਿੰਸਸ ਆਇਰੀਨ' ਜਹਾਜ਼ ਵਿਚ ਬੈਠ ਕੇ ਜਿਬਰਾਲਟਰ ਨੂੰ ਰਵਾਨਾ ਹੋ ਜਾਵੇਗਾ। ਇਹ ਭਾਰਤ ਨੂੰ ਆਉਣ ਤੋਂ ਪਹਿਲਾਂ ਦਾ ਸਫ਼ਰ ਹੈ, ਜਿਸ ਵਿਚ ਕੁਝ ਸਮਾਂ ਲਗੇਗਾ, ਕਿਉਂਜੋ ਰਾਹ ਵਿਚ ਕਈ ਥਾਵਾਂ ਤੇ ਠਹਿਰਨਾ ਪਵੇਗਾ।

ਯਾਦ ਰੱਖਣ ਯੋਗ ਅਤੇ ਅਭਿਆਸ ਕਰਨ ਲਈ ਕੁਝ ਆਦਰਸ਼ ਵਾਕ:-

ਜੇ ਤੁਹਾਨੂੰ ਆਪਣੇ ਕਿਸੇ ਮਿਤਰ ਦੀ ਅਯੋਗ ਗੱਲ ਦਾ ਪਤਾ ਹੈ, ਤਾਂ ਉਸ ਨੂੰ ਭੁਲਾ ਦਿਉ।

ਜੇ ਤੁਹਾਨੂੰ ਉਸ ਵਿਅਕਤੀ ਦੇ ਕਿਸੇ ਸਦ-ਗੁਣ ਦਾ ਗਿਆਨ ਹੈ, ਤਾਂ ਉਸ ਨੂੰ ਦਸ ਦਿਉ।

ਉਸ ਦਾ ਚਿਹਰਾ ਕੀਮੀਆਗਰ ਦੀ ਨਿਆਈਂ ਦਗ ਦਗ ਕਰਨ ਲਗ ਪਵੇਗਾ ਅਤੇ ਉਹ ਨੇਕੀ ਦੇ ਸਦ-ਕਰਮ ਵਲ ਪ੍ਰੇਰਤ ਹੋ ਜਾਵੇਗਾ।

ਨਿਰਭੈ ਵਿਅਕਤੀ ਦਾ ਸੂਰਜ ਸਮਾਨ ਦ੍ਰਿਸ਼ਟੀਕੋਣ ਜੋ ਨਿਰੰਤਰ ਦਾਤਾ ਰੂਪ ਹੈ, ਨਿਸ਼ਕਾਮ ਕਾਰਜ ਵਿਚ ਬਿਨਾਂ ਕਿਸੇ ਫੱਲ ਦੀ ਇੱਛਾ ਦੇ ਲਗਾ ਰਹਿੰਦਾ ਹੈ, ਜੋ ਸੁਤੰਤਰ ਪ੍ਰੇਮ ਵਿਚ ਵਿਚਰ ਕੇ ਰੱਬੀ ਪ੍ਰਕਾਸ਼ ਵਿਚ ਜਗਮਗਾਉਂਦਾ ਹੈ, ਜੋ ਨਿਜ ਦੇ

ਆਭਾਸ ਤੋਂ ਉਚੇਰਾ ਹੈ,ਜਿਸ ਵਿਚ ਸੁਆਰਥ ਦਾ ਲੇਸ-ਮਾਤਰ ਵੀ ਨਹੀਂ ਹੈ, ਉਹ ਹੀ ਮੁਕਤੀ ਨੂੰ ਪ੍ਰਾਪਤ ਕਰ ਚੁਕਾ ਪਾਰਗ੍ਰਾਮੀ ਹੈ।

''ਰੱਬੀ ਭੋਜਨ ਮੇਰਾ ਆਹਾਰ,
ਪੀਵਾਂ ਮੈਂ ਅੰਮ੍ਰਿਤ ਦੀ ਧਾਰ,
ਪ੍ਰਭੂ ਮੇਰੇ ਅੰਦਰ ਤੇ ਬਾਹਰ,
ਉਸ ਦੀ ਸ਼ਾਨ ਮੈਂ ਰਿਹਾ ਨਿਹਾਰ।''

ਤੁਹਾਡਾ ਨਿਜ ਸਰੂਪ
ਸੁਆਮੀ ਰਾਮ।

ਭਾਰਤ ਵਾਪਸੀ ਤੋਂ ਪਿਛੋਂ ਸੁਆਮੀ ਰਾਮ ਨੇ ਹੇਠ ਲਿਖੇ ਪੱਤਰ ਪੁਸ਼ਕਰ ਤੋਂ ਸ੍ਰੀਮਤੀ ਵੈਲਮੈਨ ਨੂੰ ਲਿਖੇ ਸਨ।

ਓਮ! ਓਮ!

ਪੁਸ਼ਕਰ,
14 ਫਰਵਰੀ, 1905

ਸਰਵੁਚ ਰੂਪ ਵਿਚ ਵਰੋਸਾਈ ਦੈਵੀ ਮਾਤਾ

ਅਜ ਬੰਬਈ ਯੂਨੀਵਰਸਿਟੀ ਦੇ ਇਕ ਗਰੈਜੂਏਟ ਨੇ, ਜੋ ਕਿ ਇਕ ਬਹੁਤ ਸੁੰਦਰ ਨੌਜਵਾਨ ਹੈ, ਆਪਣਾ ਜੀਵਨ ਰਾਮ ਪ੍ਰਤੀ ਅਰਪਣ ਕੀਤਾ ਹੈ। ਉਹ ਰਾਮ ਕੋਲ ਰਹਿ ਕੇ ਸਾਹਿਤਕ ਕਾਰਜਾਂ ਵਿਚ ਸਹਾਇਤਾ ਕਰੇਗਾ। ਇਹ ਪ੍ਰਭੂ ਪ੍ਰੀਤਮ ਦੀ ਕਿੱਡੀ ਵੱਡੀ ਕਿਰਪਾ ਦ੍ਰਿਸ਼ਟੀ ਹੈ! ਜੋ ਪ੍ਰਭੂ ਉੱਤੇ ਵਿਸ਼ਵਾਸ ਰਖਦੇ ਹਨ, ਉਹ ਕਦੀ ਉਨ੍ਹਾਂ ਨੂੰ ਨਿਰਾਸ਼ ਨਹੀਂ ਕਰਦਾ।

ਸੁਆਮੀ ਨਾਰਾਇਣ ਨੂੰ ਛੇਤੀ ਹੀ ਵਿਦੇਸ਼ਾਂ ਵਿਚ ਵਿਆਖਿਆਨ ਦੇਣ ਲਈ ਭੇਜਿਆ ਜਾਵੇਗਾ।

ਅਣਜਾਣੀਆਂ ਨਿੱਕੀਆਂ ਥਾਵਾਂ ਉੱਤੇ ਕੀਤਾ ਜਾਣ ਵਾਲਾ ਕੰਮ ਵੀ ਉਤਨਾ ਮਹਾਨ ਹੁੰਦਾ ਹੈ, ਜਿੰਨਾ ਕਿ ਸ਼ਾਨਦਾਰ ਵੱਡੇ ਕੇਂਦਰਾਂ ਵਿਚ ਕੀਤਾ ਗਿਆ ਕਾਰਜ। ਖੂਹ ਦੀ ਬਣਤਰ ਵਿਚ ਦੰਦ ਦੇ ਆਕਾਰ ਦਾ ਇਕ ਛੋਟਾ ਪੁਰਜ਼ਾ (ਜਿਸ ਨੂੰ ਹਿੰਦੁਸਤਾਨੀ ਬੋਲੀ ਵਿਚ ਕੁੱਤਾ ਕਹਿੰਦੇ ਹਨ) ਬਲਦਾਂ ਜਿੰਨਾ ਹੀ ਜ਼ਰੂਰੀ ਹੁੰਦਾ ਹੈ। ਜੇ ਇਸ ਨਿਕੇ ਜਿਹੇ ਲਕੜੀ ਦੇ ਆਸਰੇ ਨੂੰ ਪਿਛੇ ਹਟਾ ਲਿਆ ਜਾਵੇ ਤਾਂ ਸਾਰਾ

ਖੂਹ ਹੀ ਪੁੱਠਾ ਗਿੜਨ ਲਗ ਪੈਂਦਾ ਹੈ। ਪਹੀਏ ਵਿਚਲੀ ਹਰ ਤਾਰ ਬੜੀ ਜ਼ਰੂਰੀ ਹੁੰਦੀ ਹੈ। ਇਸ ਲਈ (ਪ੍ਰਭੂ ਦੇ) ਬਚਿਆਂ ਨੂੰ ਹਰ ਚੀਜ਼ ਦੀ ਵਰਤੋਂ ਧਿਆਨ-ਪੂਰਵਕ ਕਰਨੀ ਚਾਹੀਦੀ ਹੈ। ਰੱਬ ਦੀ ਨਿਗ੍ਹਾ ਵਿਚ ਨਿਗੂਣੇ ਤੋਂ ਨਿਗੂਣਾ ਤੇ ਤੁੱਛ ਕੰਮ ਵੀ, ਜਦੋਂ ਉਹ ਪ੍ਰੇਮ ਵਿਚ ਭਿਜ ਕੇ ਕੀਤਾ ਜਾਂਦਾ ਹੈ ਤਾਂ ਉਹ ਮਹਾਨ ਹੋ ਜਾਂਦਾ ਹੈ। ਇਕ ਨਿੱਕਾ ਜਿਹਾ ਤ੍ਰੇਲ-ਤੁਪਕਾ ਸੂਰਜੀ ਸ਼ਾਨ ਦੇ ਸਾਹਮਣੇ ਹੇਚ ਹੈ, ਪਰ ਇਕ ਘੋਖਵੀਂ ਅੱਖ ਇਸ ਅਦਨੇ ਤ੍ਰੇਲ-ਤੁਪਕੇ ਵਿਚੋਂ ਸਮੱਸਤ ਸੂਰਜ ਮੰਡਲ ਨੂੰ ਪ੍ਰਤਿਬਿੰਬਤ ਹੁੰਦਾ ਵੇਖ ਲੈਂਦੀ ਹੈ। ਇਸ ਲਈ ਮੇਰੀ ਵਰੋਸਾਈ ਪਿਆਰੀ ਮਾਤਾ! ਦੂਰ ਦੁਰਾਡੇ ਉਨ੍ਹਾਂ ਇਲਾਕਿਆਂ ਵਿਚ ਕੀਤਾ ਗਿਆ ਨਿਗੂਣਾ ਤੇ ਮੋਨ ਕਾਰਜ ਵੀ ਜਿਨ੍ਹਾਂ ਦਾ ਨਾਂ ਥਾਂ ਕੋਈ ਨਹੀਂ ਜਾਣਦਾ, ਵੀ ਵੱਡੇ ਸ਼ਹਿਰਾਂ ਦੇ ਉਨ੍ਹਾਂ ਸ਼ੋਰ ਸ਼ਰਾਬਿਆਂ ਵਿਚ ਕੀਤੇ ਗਏ ਕੰਮ ਜਿੰਨਾ ਮਹਾਨ ਹੋ ਜਾਂਦਾ ਹੈ, ਜਿਹੜਾ ਕਿ ਸਾਰੀ ਮਨੁੱਖਤਾ ਦਾ ਧਿਆਨ ਖਿਚ ਲੈਂਦਾ ਹੈ। ਮੈਂ ਕਈ ਵਾਰ ਜੋ ਨਿੱਕਾ ਨਿਗੂਣਾ ਕੰਮ ਕਰ ਰਿਹਾ ਹੁੰਦਾ ਹਾਂ, ਉਸ ਉਤੇ ਕਈ ਵਾਰ ਨਿਰਾਸ਼ ਹੋ ਜਾਂਦਾ ਹਾਂ। ਪਰ, "ਉਹ ਵੀ (ਪ੍ਰਭੂ ਪਿਤਾ) ਦੀ ਸੇਵਾ ਕਰਦੇ ਹਨ, ਜੋ ਖੜੇ ਹੋ ਕੇ ਉਸ ਦੇ ਹੁਕਮ ਰਜ਼ਾ ਦੀ ਉਡੀਕ ਕਰਦੇ ਰਹਿੰਦੇ ਹਨ।" ਮਾਵਾਂ ਬੱਚਿਆਂ ਨੂੰ ਦੁਲਾਰਦੀਆਂ ਹਨ। ਜਦੋਂ ਉਹ ਵੱਡੇ ਹੋ ਜਾਂਦੇ ਹਨ ਤਾਂ ਯੂਨੀਵਰਸਿਟੀਆਂ ਵਿਚ ਪੜ੍ਹਨ ਜਾਂਦੇ ਹਨ, ਪ੍ਰੋਫੈਸਰ ਯੁਵਕਾਂ ਨੂੰ ਵਿਆਖਿਆਨ ਦਿੰਦੇ ਹਨ, ਮਾਂ ਦੇ ਕੰਮ ਦੀ ਉਤਨੀ ਸਿਫ਼ਤ ਸਲਾਹ ਨਹੀਂ ਕੀਤੀ ਜਾਂਦੀ , ਜਿੰਨੀ ਕਿ ਪ੍ਰੋਫੈਸਰ ਦੇ ਇਸ ਅਧਿਆਪਨ ਕਾਰਜ ਦੀ ਹੁੰਦੀ ਹੈ, ਪਰ ਮਾਂ ਦਾ ਕਰਤਵ ਤੇ ਸੇਵਾ ਪ੍ਰੋਫੈਸਰ ਦੇ ਇਸ ਕਰਤਵ ਨਾਲੋਂ ਕਿਤੇ ਵੱਡੀ ਤੇ ਮਹਾਨ ਹੈ। ਮਾਂ ਦੀ ਗੋਦ ਵਿਚ ਬੈਠ ਕੇ ਲਈਆਂ ਲੋਰੀਆਂ ਦਾ ਅਨੰਦ ਸਾਨੂੰ ਪ੍ਰੋਫੈਸਰ ਦੇ ਭਾਸ਼ਣ ਅਤੇ ਉਸ ਦੇ ਕਮਰੇ ਵਿਚੋਂ ਕਦੇ ਵੀ ਨਹੀਂ ਮਿਲ ਸਕਦਾ।

ਵੇਦਾਂਤ ਅਨੁਸਾਰ ਤਾਂ ਇਕ ਭਾਰ ਢੋਣ ਵਾਲੇ ਕੁਲੀ ਦਾ ਕਾਰਜ ਵੀ ਉਤਨਾ ਹੀ ਮਹਾਨ ਹੈ, ਜਿਤਨਾ ਕਿ ਕ੍ਰਿਸਨ ਜਾਂ ਈਸਾ ਵਰਗੇ ਅਵਤਾਰਾਂ ਦਾ। ਜਦੋਂ ਅਸੀਂ ਕਿਸੇ ਕੁਰਸੀ ਦੀ ਇਕ ਲੱਤ ਨੂੰ ਹਿਲਾਉਂਦੇ ਹਾਂ ਤਾਂ ਸਾਰੀ ਕੁਰਸੀ ਹੀ ਹਿਲ ਜਾਂਦੀ ਹੈ। ਇਸ ਤਰ੍ਹਾਂ ਜਦੋਂ ਅਸੀਂ ਇਕ ਆਤਮਾ ਨੂੰ ਉੱਚਾ ਚੁਕ ਕੇ ਉਸ ਦਾ ਉਥਾਨ ਕਰ ਦਿੰਦੇ ਹਾਂ ਤਾਂ ਸਾਰੀ ਮਨੁੱਖਤਾ ਦਾ ਹੀ ਉਥਾਨ ਹੋ ਜਾਂਦਾ ਹੈ। ਉਸ ਵਿਚ ਪਵਿਤਰਤਾ ਆ ਜਾਂਦੀ ਹੈ। ਮਨੁੱਖੀ ਏਕਤਾ ਇਸ ਤਰ੍ਹਾਂ ਦੀ ਇਕ ਠੋਸ ਹਕੀਕਤ ਹੈ।

''ਆਪਣੀ ਆਪਣੀ ਥਾਂ ਬਝੇ ਅਤੇ ਇਸ ਗਲੋਂ ਬਿਲਕੁਲ ਬੇਖ਼ਬਰ ਕਿ ਪ੍ਰਮਾਤਮਾ ਦੇ ਹੋਰ ਖੰਡਾਂ ਵਿਚ ਕੀ ਕੁਝ ਕਾਰਜ ਹੋ ਰਿਹਾ ਹੈ, ਆਪਣੇ ਆਪਣੇ ਕਾਰਜ ਵਿਚ ਆਪਣੀ ਸਾਰੀ ਸ਼ਕਤੀ ਲਗਾ ਕੇ, ਉਹ ਮਹਾਨ ਜੀਵਨ ਨੂੰ ਪ੍ਰਾਪਤ ਕਰ ਲੈਂਦੇ ਹਨ।''

ਹੇ ਆਕਾਸ਼ ਵਿਚ ਗੂੰਜਦੀ ਆਵਾਜ਼!
ਚਿਰ ਕਾਲ ਤੋ ਇਤਨੀ ਮਹਾਨ ਤੇ ਬਲਵਾਨ,
ਤੇਰੇ ਜਿਹਾ ਨਾਦ ਮੇਰੇ ਦਿਲ ਦੀ ਚੀਖ਼ ਵਿਚ ਆਬਾਦ
ਜੋ ਮੈਂ ਸੁਣਾਂ ਆਪਣੇ ਅੰਦਰਵਾਰ।

ਆਪਣੀ ਆਤਮਾ ਨਾਲ ਇਕਸੁਰ ਹੋਵੋ ਅਤੇ ਇਹ ਗਿਆਨ ਕਿ ਅਸੀਂ ਆਤਮ-ਪਛਾਣ ਕਰ ਲਈ ਹੈ। ਇਸ ਨਾਲ ਸਾਡੇ ਸਭ ਦੁਖਾਂ ਕਲੇਸ਼ਾਂ ਦਾ ਨਾਸ਼ ਹੋ ਜਾਂਦਾ ਹੈ।

ਓਮ !

ਅਨੰਦ! ਅਨੰਦ! ਓਮ! ਸ਼ਾਂਤੀ! ਸ਼ਾਂਤੀ ! ਅਸ਼ੀਰਵਾਦ ! ਪ੍ਰੇਮ!

ਰਾਮ।

ਪੁਸ਼ਕਰ ਜ਼ਿਲਾ ਅਜਮੇਰ,
22 ਫਰਵਰੀ, 1905

ਓਮ! ਸ਼ਾਂਤੀ ! ਅਸ਼ੀਰਵਾਦ ! ਪ੍ਰੇਮ ! ਅਨੰਦ!

ਸਰਵੁਚ ਰੂਪ ਵਿਚ ਵਰੋਸਾਈ ਦੈਵੀ ਮਾਤਾ,

ਤੁਹਾਡਾ ਮਿੱਠਾ ਦੈਵੀ-ਪੱਤਰ ਮਿਲਿਆ। ਵਾਸਤਵ ਵਿਚ ਇਹ ਪ੍ਰਭੂ ਨਾਲ ਅਭੇਦਤਾ ਅਤੇ ਉਸ ਦੇ ਪਿਆਰ ਵਿਚ ਇਕਸੁਰਤਾ ਦੀ ਇਕ ਅਦੁੱਤੀ ਮਿਸਾਲ ਹੈ ਕੇ ਸਰੀਰ ਉੱਤੇ

ਵਰੋਸਾਈ ਹੋਈ ਆਤਮਾ ਸੂਰੀਆਨੰਦਾ ਦਾ ਇਤਨਾ ਕਾਬੂ ਹੈ।[1]

ਓਮ! ਅਨੰਦ! ਜੈ! ਜੈ!

ਤੁਹਾਡੀ ਨਿਜ ਆਤਮਾ
ਸੁਆਮੀ ਰਾਮ ਤੀਰਥ ਦੇ ਰੂਪ ਵਿਚ।

ਸ੍ਰੀ ਮਤੀ ਵੈਲਮੈਨ ਬੀਮਾਰ ਸੀ ਅਤੇ ਰੱਬੀ ਸ਼ਕਤੀ ਦੁਆਰਾ ਉਹ ਅਰੋਗ ਹੋ ਗਈ ਸੀ।

ਪੁਸ਼ਕਰ, ਜ਼ਿਲਾ ਅਜਮੇਰ।

ਓਮ! ਅਨੰਦ! ਅਨੰਦ! ਓਮ! ਸ਼ਾਂਤੀ!

ਵਰੋਸਾਈ ਦੈਵੀ ਮਾਤਾ,

ਰਾਮ ਉਸ ਛੱਤ ਉੱਤੇ ਲੇਟਿਆ ਹੋਇਆ ਸੀ, ਜਿਥੇ ਕਦੀ ਤੁਸੀਂ ਉਸ ਕੋਲ ਬੈਠੇ ਸੋ।

ਪ੍ਰਭੂ ਚੇਤਨੰਤਾ ਵਿਚ ਲੀਨ ਉਹ ਬਿਲਕੁਲ ਅਚੇਤ ਅਵਸਥਾ ਵਿਚ ਸੀ, ਜਦੋਂ ਤੁਹਾਡਾ ਤੇ ਕੁਝ ਹੋਰ ਪੱਤਰ ਲਿਆ ਕੇ ਰਾਮ ਦੇ ਹੱਥ ਵਿਚ ਦੇ ਦਿਤੇ ਗਏ। ਤੁਹਾਡੀ ਚਿੱਠੀ ਖੋਲ੍ਹਣ ਤੋਂ ਪਹਿਲਾਂ ਤੁਹਾਡੀ ਵਰੋਸਾਈ ਆਤਮਾ ਵਲ ਰਾਮ ਨੇ ਲੰਮੇ ਤੇ ਉਚੇ ਹਾਸੇ ਦੀ ਛਣਕਾਰ ਨੂੰ ਭੇਜਿਆ। ਓਮ! ਸ਼ਾਂਤੀ! ਸ਼ਾਂਤੀ! ਸ਼ਾਂਤੀ! ਪਿਆਰੀ ਮਾਤਾ, ਰਾਮ ਤੁਹਾਡਾ ਮਿੱਠਾ-ਪੱਤਰ ਪੜ੍ਹ ਕੇ ਹਾਸੇ ਦੀ ਇਕ ਹੋਰ ਛਣਕਾਰ ਭੇਜਦਾ ਹੈ।

ਮਾਤਾ, ਤੁਸੀਂ ਹਰ ਤਰ੍ਹਾਂ ਨਾਲ ਠੀਕ ਹੋ, ਰਾਮ ਪੂਰੀ ਤਰ੍ਹਾਂ ਤੁਹਾਡੇ ਪਵਿੱਤਰ, ਮਿੱਠੇ ਤੇ ਕੋਮਲ ਸੁਭਾ ਤੋਂ ਜਾਣੂੰ ਹੈ। ਰਾਮ ਵਿਭਿੰਨ ਵਿਸ਼ਿਆਂ ਉੱਪਰ ਪ੍ਰਭੂ ਦੀ ਇੱਛਾ ਅਨੁਸਾਰ ਕਵਿਤਾ ਤੇ ਕੁਝ ਵਾਰਤਕ ਲਿਖ ਰਿਹਾ ਹੈ।

ਬਾਬੂ ਗੰਗਾ ਪ੍ਰਸਾਦਿ ਵਰਮਾ ਨੇ ਭਾਰਤ ਦੇ ਹੋਰ ਸੂਬਿਆਂ ਤੇ ਬਦੇਸ਼ਾਂ ਵਿਚ ਜਾ ਕੇ ਇਸਤਰੀਆਂ ਦੀ ਸਿਖਿਆ ਦੇ ਸਬੰਧ ਵਿਚ ਅਧਿਐਨ ਕਰਨਾ ਹੈ ਤਾਂ ਜੋ ਲਖਨਊ ਤੇ ਹੋਰ ਸਥਾਨਾਂ ਉੱਤੇ ਇਸਤਰੀ ਵਿੱਦਿਆ ਦੇ ਸਬੰਧ ਵਿਚ ਸੁਧਾਰ ਕੀਤੇ ਜਾ ਸਕਣ। ਇਹ ਕਾਰਜ ਉਸ ਨੂੰ ਸਥਾਨਕ ਸਰਕਾਰ ਵਲੋਂ ਸੌਂਪਿਆ ਗਿਆ ਸੀ। ਇਸ ਕਾਰਣ ਉਹ ਰਾਮ ਨੂੰ ਮਾਰਚ ਤੋਂ ਪਹਿਲਾਂ ਮਿਲ ਨਹੀਂ ਸਕਦਾ। ਰਾਮ ਗਰਮੀਆਂ ਵਿਚ ਹੇਠਾਂ ਮੈਦਾਨਾਂ ਵਿਚ ਨਹੀਂ ਰਹੇਗਾ। ਰਾਮ ਕਸ਼ਮੀਰ ਨੂੰ ਪਿਆਰ ਕਰਦਾ ਹੈ ਅਤੇ ਤੁਹਾਡੀ, ਰਾਏ ਭਵਾਨੀ ਦਾਸ ਤੇ ਹੋਰ ਮਿਤਰ ਪਿਆਰਿਆਂ ਦੀ ਸ਼ੁਭ ਸੰਗਤ ਦੇ ਅਨੰਦ ਨੂੰ ਚੰਗੀ ਤਰ੍ਹਾਂ ਮਾਣਨਾ ਚਾਹੁੰਦਾ ਹੈ। ਰਾਮ ਦਾ ਉਥੇ ਆਉਣਾ ਤੇ ਆ ਕੇ ਵਿਆਖਿਆਨ ਦੇਣੇ ਬਹੁਤ ਸਾਰੀਆਂ ਭੁੱਖੀਆਂ ਆਤਮਾਵਾਂ ਦਾ ਉਦਾਰ ਕਰ ਸਕਦੇ ਹਨ। ਪਰ ਦੈਵੀ ਮਾਤਾ, ਮਨੁੱਖ ਦਾ ਸਰਵੋਤਮ ਕਰਤਵ ਅਤੇ ਖ਼ੁਸ਼ੀ ਇਸ ਵਿਚ ਹੈ ਕਿ ਉਸ ਦਾ ਤਨ, ਮਨ ਤੇ ਹਿਰਦਾ ਸਭ ਕੁਝ 'ਸੱਚ ਤੇ ਮਾਨਵਤਾ' ਦੀ ਵੇਦੀ ਉੱਤੇ ਅਰਪਣ ਹੋਵੇ ਅਤੇ ਇਹੀ ਪਰਮਾਤਮਾ ਨੂੰ ਵੀ ਪਰਵਾਨ ਹੈ ਕਿ ਇਹ ਸਭ ਕੁਝ ਅਨਿਜੀ ਤੇ ਸ਼ੁੱਧ ਰੂਪ ਵਿਚ ਉਸ ਦੀ ਅੰਤਰ ਆਤਮਾ ਦੀ ਆਵਾਜ਼ ਅਨੁਸਾਰ ਹੋਵੇ।

"ਜੇ ਪਿੱਤਲ ਦੀਆਂ ਦੀਵਾਰਾਂ ਨੂੰ ਵੀ ਸੇਵਾ ਲਈ ਸੱਦਾ ਆਉਂਦਾ ਹੈ
ਤਾ ਉਹ ਕਿੰਨਾ ਮੂਰਖ ਹੈ, ਜੋ ਇਨ੍ਹਾਂ ਨਾਲ ਚਿੰਬੜਿਆ ਰਹਿੰਦਾ ਹੈ।"

ਮਾਤਾ ਪਵਿਤਰ ਤੇ ਸਮਰਪਤ ਜੀਵਨ ਉਸ ਦੇਵੀ ਰਹੱਸਮਈ ਵਿਵੇਕ ਦੁਆਰਾ ਨਿਰਦਿਸ਼ਟ ਹੁੰਦਾ ਹੈ, ਜਿਸ ਦਾ ਕਿ ਵਿਸ਼ਲੇਸ਼ਣ ਨਹੀਂ ਕੀਤਾ ਜਾ ਸਕਦਾ।

ਰਾਮ ਕਸ਼ਮੀਰ ਵਿਚ ਤੁਹਾਡੀ ਸੰਗਤ ਕਰ ਸਕੇਗਾ, ਇਸ ਬਾਰੇ ਨਿਸ਼ਚੇ ਨਾਲ ਉਤਨਾ ਚਿਰ ਕੁਝ ਨਹੀਂ ਕਿਹਾ ਜਾ ਸਕਦਾ, ਜਿਤਨਾ ਚਿਰ ਕਿ ਉਹ ਇਥੋਂ ਤੁਰ ਨਹੀਂ ਪੈਂਦਾ।

ਤੁਹਾਡੀ ਨਿਜ ਆਤਮਾ
ਰਾਮ ਤੀਰਥ ਦੇ ਰੂਪ ਵਿਚ।

ਓਮ!

ਜੈਪੁਰ,
9 ਮਾਰਚ, 1905

ਸਰਵੁਚ ਰੂਪ ਵਿਚ ਦਰੋਸਾਈ ਅਤਿ ਪਿਆਰੀ ਰੱਬਤਾ,

ਤੁਹਾਡੀ ਇਹ ਭਵਿੱਖਬਾਣੀ ਠੀਕ ਸਿਧ ਹੋਈ ਹੈ ਅਤੇ ਰਾਮ ਪੁਸ਼ਕਰ ਤੋਂ ਆ ਗਿਆ ਹੈ। ਇਥੋਂ ਰਾਮ ਕਦੋਂ ਤੇ ਕਿਧਰ ਨੂੰ ਜਾਵੇਗਾ, ਇਹ ਸਭ ਕੁਝ ਉਸ ਨੇ ਸਮਾਂ ਆਉਣ ਤਕ ਰੱਬ ਦੀ ਰਜ਼ਾ (ਸੂਰਜਾਂ ਦੇ ਸੂਰਜ) ਉੱਤੇ ਛੱਡ ਦਿਤਾ ਹੈ। ਦੋ ਵਿਆਖਿਆਨ ਅਜਮੇਰ ਦੇ ਟਾਊਨ ਹਾਲ ਵਿਚ ਦਿਤੇ ਗਏ ਸਨ। ਜੈਪੁਰ ਦੇ ਟਾਊਨ ਹਾਲ ਵਿਖੇ ਵੀ ਭਾਸ਼ਣ ਕਰਵਾਉਣ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਪੂਰਨ ਪੁਸ਼ਕਰ ਆਇਆ ਹੋਇਆ ਸੀ ਤੇ ਦੋ ਤਿੰਨ ਦਿਨ ਪਹਾੜੀਆਂ ਉੱਤੇ ਰਾਮ ਨਾਲ ਘੁੰਮਦਾ ਫਿਰਦਾ ਰਿਹਾ ਹੈ। ਦਿਲਜੰਗ ਸਿੰਘ ਕਿੰਨਾ ਮਿੱਠੜਾ ਜਿਊੜਾ ਹੈ! ਲੋਕਾਂ ਦੀ ਭੀੜ ਰਾਮ ਨੂੰ ਮਿਲਣ ਆਉਂਦੀ ਹੈ, ਪਰ ਇਹ ਸਿਲਸਿਲਾ ਬੰਦ ਹੋਣਾ ਚਾਹੀਦਾ ਹੈ। ਬਸ ਪਰਮਾਤਮਾ ਤੇ ਮੈਂ!

ਇਨ੍ਹਾਂ ਦਿਨਾਂ ਵਿਚ ਅਸੀਂ (ਮੈਂ ਤੇ ਮੇਰਾ ਰੱਬ) ਇਕੱਠੇ ਰਹਾਂਗੇ। ਪ੍ਰੇਮ ਮਿਲਾਪ ਦੀਆਂ ਰਾਤਾਂ ਵਿਚ ਮਨ ਕਦੀ ਵੀ ਨਹੀਂ ਰਜਦਾ। ਪ੍ਰੇਮ : ਵਿਗੁਤੇ ਅਸੀਂ ਰਾਤ ਨੂੰ ਇਕੱਠੇ ਹੀ ਸੌਂਦੇ ਹਾਂ ਅਤੇ ਸਵੇਰੇ ਅੰਮ੍ਰਿਤ ਵੇਲੇ ਇਕੱਠੇ ਹੀ ਜਾਗਦੇ ਹਾਂ। ਸਵੇਰ ਸਾਰ ਇਕਾਂਤ ਥਾਵਾਂ ਜਾਂ ਝੀੜਾਂ ਵਿਚ, ਜਿਥੇ ਉਸ ਦੀ ਰਜ਼ਾ ਹੋਵੇ, ਚਲੇ ਜਾਂਦੇ ਹਾਂ, ਸਭ ਅੱਛਾ ਹੈ। ਅਸੀਂ ਇਸ ਸਫ਼ਰ ਦਾ ਅੰਤ ਨਹੀਂ ਚਾਹਾਂਗੇ, ਨਾ ਹੀ ਇਸ ਸਫ਼ਰ ਦੇ ਅੰਤ ਬਾਰੇ ਸੋਚਣ ਦਾ ਕੋਈ ਤੌਖਲਾ ਮਨ ਵਿਚ ਰਖਿਆ ਹੈ। ਅਸੀਂ ਤਾਂ ਪਹਿਲਾਂ ਹੀ ਆਪਣੇ ਆਪ ਵਿਚ ਸਭ ਦਾ ਅੰਤ ਕਰ ਚੁਕੇ ਹਾਂ!

ਓਮ! ਓਮ! ਓਮ!

ਛੇਤੀ ਹੀ ਰਾਮ ਪੱਤਰਾਂ ਦੀ ਪਹੁੰਚ ਤੋਂ ਪਰੇ, ਪਹਾੜਾਂ ਤੇ ਬਨਾਂ ਵਿਚ ਪਰਮਾਤਮਾ ਤੇ ਤੁਹਾਡੇ ਕੋਲ ਪਹੁੰਚ ਜਾਵੇਗਾ। ਕੋਈ ਪਤਾ ਨਹੀਂ ਕਿ ਮੁੜ ਤੁਸੀਂ ਮੇਰੇ ਬਾਰੇ ਕੁਝ ਕਦੋਂ ਸੁਣ ਸਕੋਗੇ।

ਤੁਹਾਡੀ ਨਿਜ ਆਤਮਾ
ਰਾਮ ਦੇ ਰੂਪ ਵਿਚ।

ਸ਼ਾਂਤੀ, ਅਸ਼ੀਰਵਾਦ ਅਤੇ ਪ੍ਰੇਮ ਸਦਾ ਤੁਹਾਡੇ ਸੰਗ ਜੁੜੇ ਰਹਿਣ।

ਓਮ!

ਹਰਦੁਆਰ,
ਵੀਰਵਾਰ ਸ਼ਾਮ

ਸਰਵੁਚ ਰੂਪ ਵਿਚ ਵਰੋਸਾਈ ਮਾਤਾ,

ਤੁਹਾਡੀ ਭਵਿੱਖਬਾਣੀ ਸੱਚੀ ਸਿਧ ਹੋਈ ਹੈ, ਰਾਮ ਹੁਣ ਡੇਹਰੇ ਆ ਗਿਆ ਹੈ। ਉਥੇ ਉਸ ਦੀ ਦੈਵੀ ਮਾਤਾ ਹੈ। ਰਾਹ ਵਿਚ ਕਈ ਥਾਵਾਂ ਤੇ ਲੋਕਾਂ ਦੇ ਪ੍ਰੇਮ ਵਸ ਰਾਮ ਨੂੰ ਰੁਕਣਾ ਪਿਆ ਹੈ। ਅਲਵਰ, ਮੁਰਾਦਾਬਾਦ, ਅਜਮੇਰ ਅਤੇ ਜੈਪੁਰ ਵਿਖੇ ਵਿਆਖਿਆਨ ਵੀ ਦਿਤੇ ਗਏ ਹਨ। ਰਾਮ ਹਰਦੁਆਰ ਪਹੁੰਚ ਗਿਆ ਹੈ, ਜਿਥੇ ਰੇਲ ਗੱਡੀ ਤੋਂ ਉਤਰ ਕੇ ਉਸ ਨੇ ਆਪਣੇ ਪਿਆਰੇ ਤੇ ਵਰੋਸਾਏ ਬਾਬੂ ਜੋਤੀ ਸਰੂਪ ਤੋਂ ਵਿਦਾਇਗੀ ਲੈ ਲਈ ਹੈ। ਇਥੇ ਲੋਕਾਂ ਨੂੰ ਰਾਮ ਬਾਰੇ ਪਤਾ ਲਗ ਗਿਆ ਹੈ ਅਤੇ ਬੜੇ ਪ੍ਰੇਮ ਨਾਲ ਉਹ ਉਸ ਨੂੰ ਇਥੇ ਵਧੇਰੇ ਸਮੇਂ ਲਈ ਠਹਿਰਨ ਵਾਸਤੇ ਬੇਨਤੀ ਕਰ ਰਹੇ ਹਨ। ਰਾਮ ਵੀ ਇਸ ਅਵਸਰ ਨੂੰ ਹਥੋਂ ਗੁਆਉਣਾ ਉਚਿਤ ਨਹੀਂ ਸਮਝਦਾ, ਕਿਉਂਜੋ ਉਹ ਉਨ੍ਹਾਂ ਨੌਜਵਾਨ ਸਾਧੂਆਂ ਦੇ ਕਲਿਆਣ ਹਿਤ ਕੁਝ ਕਰਨਾ ਚਾਹੁੰਦਾ ਹੈ, ਜਿਹੜੇ ਅਤਿ ਦੇ ਗ੍ਰਹਿਣਸ਼ੀਲ ਵਿਅਕਤੀ ਹਨ ਅਤੇ ਜੋ ਕੁਝ ਵੀ ਰਾਮ ਉਨ੍ਹਾਂ ਨੂੰ ਕਹਿੰਦਾ ਹੈ, ਉਨ੍ਹਾਂ ਦੇ ਹਿਰਦਿਆਂ ਵਿਚ ਉਸ ਨੂੰ ਸਾਂਭਣ ਦੀ ਬੜੀ ਭੁਖ ਹੈ। ਜਦੋਂ ਤੁਸੀਂ ਮੈਨੂੰ ਮਥੁਰਾ ਮਿਲੇ ਸੋ ਤਾਂ ਤੁਸੀਂ ਮੈਨੂੰ ਇਨ੍ਹਾਂ ਸਾਧੂਆਂ ਵਿਚ ਕੰਮ ਕਰਨ ਬਾਰੇ ਹੀ ਕਿਹਾ ਸੀ। ਬੜੇ ਪਿਆਰੇ ਸੁਆਮੀ-ਜਨ ਰਾਮ ਦੇ ਉਪਦੇਸ਼ ਨੂੰ ਧਾਰਣ ਕਰ ਰਹੇ ਹਨ।

ਅਜ ਰਾਮ ਗੰਗਾ ਦੇ ਦੂਜੇ ਕੰਢੇ ਚੰਡੀ ਦੇ ਮੰਦਰ ਗਿਆ ਹੈ। ਇਹ ਮੰਦਰ

ਬੜਾ ਸੰਘਣਾ ਹੈ, ਦ੍ਰਿਸ਼ ਬੜਾ ਮਨਮੋਹਣਾ ਹੈ। ਗੰਗਾ ਦਾ ਦ੍ਰਿਸ਼ ਬੜਾ ਸੁੰਦਰ ਹੈ ਅਤੇ ਇੰਝ ਲਗਦਾ ਹੈ, ਜਿਵੇਂ ਕਈ ਨਦੀਆਂ ਵਹਿ ਰਹੀਆਂ ਹੋਣ। ਵਾਪਸੀ ਦਾ ਦ੍ਰਿਸ਼ ਵੀ ਬੜਾ ਸੁੰਦਰ ਹੈ। ਚੰਡੀ ਦੇ ਮੰਦਰ ਤੋਂ ਹਿਮਾਲਾ ਦੇ ਹਿੰਮ ਖੰਡ ਸੁਨਹਿਰੇ ਤੇ ਹੀਰੇ ਪੰਨਿਆਂ ਵਾਲੀ ਭਾਅ ਮਾਰਦੇ ਹਨ।

ਨਦਰ ਕਰਮ ਨਾਲ ਵਰੋਸਾਈ ਆਤਮਾ ਲਈ,
ਨਾ ਉਸਤਤ ਹੈ ਨਾ ਨਿੰਦਾ,
ਨਾ ਕੋਈ ਮੀਤ ਨਾ ਕੋਈ ਵੈਰੀ,
ਨਾ ਪ੍ਰੇਮ, ਨਾ ਨਫ਼ਰਤ,
ਨਾ ਇਹ ਸਰੀਰ, ਨਾ ਇਸ ਦੇ ਬੰਧਨ,
ਨਾ ਘਰ, ਨਾ ਕੋਈ ਓਪਰੀ ਥਾਂ।

(ਉਸ ਲਈ) ਇਸ ਸੰਸਾਰ ਦਾ ਕੁਝ ਵੀ ਮਹੱਤਵਪੂਰਣ ਨਹੀਂ ਹੈ। ਪਰਮਾਤਮਾ! ਪਰਮਾਤਮਾ ਹੀ ਸਤ ਹੈ! ਉਹ ਹੀ ਇਕਮਾਤਰ ਯਥਾਰਥ ਹੈ!

ਬਾਕੀ ਸਭ ਕੁਝ ਸੁਟ ਪਾਣ ਯੋਗ ਹੈ। ਪ੍ਰਭੂ, ਕੇਵਲ ਪ੍ਰਭੂ ਹੀ ਸਰਬ ਸ੍ਰੇਸ਼ਟ ਹੈ। ਰਾਮ ਉਪਰ ਸਦੀਵੀ ਸ਼ਾਂਤੀ ਦੀ ਵਰਖਾ ਹੋ ਰਹੀ ਹੈ। ਮੀਂਹ ਦੀਆਂ ਕਣੀਆਂ ਰਾਹੀਂ ਅੰਮ੍ਰਿਤ ਵਰ੍ਹ ਰਿਹਾ ਹੈ। ਰਾਮ ਦਾ ਮਨ ਸ਼ਾਂਤੀ ਨਾਲ ਭਰਪੂਰ ਹੈ। ਅਨੰਦ ਉਸ ਵਿਚੋਂ ਵਹਿ ਰਿਹਾ ਹੈ।

ਰਾਮ ਬੜਾ ਪ੍ਰਸੰਨ ਹੈ, ਸਦੀਵੀ ਤੌਰ ਤੇ ਪ੍ਰਸੰਨ
ਪਿਆਰੀ ਮਾਤਾ, ਤੁਸੀਂ ਵੀ ਇੰਝ ਅਨਭਵ ਕਰ ਰਹੇ ਹੋ?
ਸ਼ਾਂਤੀ ! ਸ਼ੁਭ ਕਾਮਨਾਵਾਂ! ਪ੍ਰੇਮ! ਅਨੰਦ! ਅਨੰਦ! ਓਮ! ਓਮ! ਓਮ!
ਪ੍ਰੇਮ, ਸ਼ੁਭ ਕਾਮਨਾਵਾਂ ਤੇ ਅਨੰਦ ਤੁਹਾਡੇ ਮੁਰੀਦਾਂ ਲਈ,

ਤੁਹਾਡੇ ਜਜਮਾਨ, ਸੇਵਕ ਤੇ ਉਨ੍ਹਾਂ ਦੀ ਪਤਨੀ (ਬਾਬੂ ਜੋਤੀ ਸਰੂਪ ਦੰਪਤੀ) ਲਈ ਪ੍ਰੇਮ, ਸ਼ੁਭ ਕਾਮਨਾਵਾਂ ਤੇ ਅਨੰਦ।

ਤੁਹਾਡੀ ਨਿਜ ਆਤਮਾ
ਰਾਮ ਦੇ ਰੂਪ ਵਿਚ।

----

5 ਜੁਲਾਈ, 1905

ਸਰਵੁਚ ਰੂਪ ਵਿਚ ਵਰੋਸਾਈ ਪਿਆਰੀ ਆਤਮਾ,

ਤੁਹਾਡੇ ਮਸੂਰੀ ਦੇ ਪਤੇ ਉਤੇ ਇਕ ਹਫ਼ਤਾ ਪਹਿਲਾਂ ਭੇਜਿਆ ਰਾਮ ਦਾ ਪੱਤਰ ਤੁਹਾਡੀ ਪਵਿਤਰ ਆਤਮਾ ਤਕ ਪਹੁੰਚ ਚੁਕਾ ਹੋਵੇਗਾ। ਰਾਮ ਇਸ ਹੁਨਾਲ ਕਸ਼ਮੀਰ ਨਹੀਂ ਜਾ ਸਕੇਗਾ। ਇਸ ਲਈ ਤੁਸੀ ਕੈਲਾਸ਼, ਮਾਨ ਸਰੋਵਰ ਅਤੇ ਹੋਰ ਥਾਵਾਂ ਦੀ ਖੁਲ੍ਹੇ ਮਨ ਯਾਤਰਾ ਕਰੋ। ਇਨ੍ਹਾਂ ਰਮਣੀਕ ਸੁੰਦਰ ਥਾਵਾਂ ਉਤੇ ਤੁਸੀਂ ਇਥੋ ਦੇ ਦ੍ਰਿਸ਼ਾ ਨੂੰ ਮਾਣ ਸਕਦੇ ਹੋ। ਇਹ ਤੁਹਾਨੂੰ ਆਪਣੇ ਬਚਪਨ ਦੇ ਅਮਰੀਕਾ ਦੇ ਵਰੋਸਾਏ ਪਰਬਤ-ਦ੍ਰਿਸ਼ਾਂ ਦੀ ਯਾਦ ਤਾਜ਼ਾ ਕਰਵਾ ਦੇਣਗੇ।

ਰਾਮ ਬਹੁਤ ਪ੍ਰਸੰਨ ਹੈ!

ਜੀਵਨ ਦੇ ਕਾਂਗ ਉਛਾਲਿਆਂ ਵਿਚ, ਕਰਮਾਂ ਦੇ ਤੁਫ਼ਾਨੀ ਝਖੜਾਂ ਵਿਚ ਮੈਂ ਉਚਾ ਨੀਵਾ ਉਡ ਰਿਹਾ ਹਾਂ।

ਕਦੀ ਇਥੇ, ਕਦੀ ਉਥੇ
ਜਨਮ ਤੋਂ ਮਰਨ ਤਕ
ਮੈਂ ਅਨੰਤ ਤੰਦਾਂ ਨੂੰ ਬੁਣਦਾ ਜਾ ਰਿਹਾ ਹਾਂ।
ਚਮਕਦੇ ਚਮਕਦੇ ਜੀਵਨ ਦੇ
ਨਿਤ ਬਦਲਦੇ ਤੇ ਲਹਿਰਦੇ ਸਾਗਰ ਵਿਚ,
ਕਾਲ ਦੀ ਇਸ ਕੂਕਦੀ ਖੱਡੀ ਉਤੇ
ਮੈਂ ਪ੍ਰਭੂ ਨਾਮ ਦਾ ਸਜਿੰਦ ਬਾਣਾ ਬੁਣਦਾ ਹੋਇਆ ਉਡ ਰਿਹਾ ਹਾਂ।

ਓਮ!

ਅਸ਼ੀਰਵਾਦ! ਪ੍ਰੇਮ ! ਅਨੰਦ! ਸ਼ਾਂਤੀ! ਸ਼ਾਂਤੀ!

ਤੁਹਾਡੀ ਆਪਣੀ ਆਤਮਾ
ਰਾਮ ਦੇ ਰੂਪ ਵਿਚ।

---

10 ਅਗਸਤ, 1905

ਸਰਵੁਚ ਰੂਪ ਵਿਚ ਵਰੋਸਾਈ ਪਿਆਰੀ ਮਾਤਾ,

ਕੁਝ ਦਿਨ ਪਹਿਲਾਂ ਤੁਹਾਡਾ ਪੱਤਰ ਮਿਲਿਆ। ਪਰ ਕੁਝ ਸਮੇਂ ਤੋਂ ਰਾਮ ਨੇ ਕਿਸੇ ਵੀ ਪੱਤਰ ਦਾ ਉਤਰ ਨਹੀਂ ਦਿਤਾ। ਅਜ ਰਾਮ ਨੇ ਭਾਰਤੀ ਭਾਸ਼ਾਵਾਂ ਵਿਚ

ਲਿਖੀਆਂ ਤਿੰਨ ਪੁਸਤਕਾਂ ਜੋ ਲੋਕ ਕਲਿਆਣ ਦੇ ਆਸ਼ੇ ਤੋਂ ਲਿਖੀਆਂ ਗਈਆਂ ਹਨ, ਮੁਕੰਮਲ ਕਰ ਲਈਆਂ ਹਨ। ਹੁਣ ਤੁਹਾਡੀ ਸਿਹਤ ਕਿਵੇਂ ਹੈ? ਰਾਮ ਤੁਹਾਨੂੰ ਪੂਰਨ ਰੂਪ ਵਿਚ ਅਰੋਗ ਤੇ ਰਿਸ਼ਟ-ਪੁਸ਼ਟ ਵੇਖਣਾ ਚਾਹੁੰਦਾ ਹੈ।

ਓਮ ! ਓਮ! ਓਮ!

ਤੁਹਾਡੀ ਅਮਰੀਕਾ ਵਾਪਸੀ ਲਈ ਪ੍ਰਬੰਧ ਕਰਨਾ ਕੋਈ ਔਖੀ ਗੱਲ ਨਹੀਂ ਹੈ, ਪਰ ਅਸੀਂ ਤੁਹਾਨੂੰ ਆਪਣੇ ਕੋਲ ਰਖਣਾ ਚਾਹੁੰਦੇ ਹਾਂ। ਭਾਵੇਂ ਇਸ ਵਿਚ ਸਾਡਾ ਸੁਆਰਥ ਹੈ, ਪਰ ਤੁਸੀਂ ਵੀ ਇਥੋਂ ਦੇ ਲੋਕਾਂ ਨੂੰ ਘੱਟ ਪਿਆਰ ਨਹੀਂ ਕਰਦੇ। ਕੀ ਤੁਹਾਨੂੰ ਪੂਰੀ ਤਰ੍ਹਾਂ ਯਕੀਨ ਹੈ ਕਿ ਤੁਹਾਡੀ ਸਰੀਰਕ ਕਮਜ਼ੋਰੀ ਭਾਰਤ ਦੇ ਜਲਵਾਯੂ ਕਾਰਣ ਹੈ ਅਤੇ ਅਮਰੀਕਾ ਜਾਣ ਨਾਲ ਇਸ ਵਿਚ ਸੁਧਾਰ ਹੋ ਜਾਵੇਗਾ? ਜੇ ਅਜਿਹੀ ਗੱਲ ਹੈ ਤਾਂ ਸਾਡੇ ਵਿਚੋਂ ਕੋਈ ਵੀ ਤੁਹਾਨੂੰ ਇਥੇ ਰਖਣ ਉੱਤੇ ਜ਼ੋਰ ਨਹੀਂ ਦੇਵੇਗਾ। ਅਸੀਂ ਤੁਹਾਨੂੰ ਸੁਖ ਸ਼ਾਂਤੀ ਨਾਲ ਕੈਲੇਫੋਰਨੀਆਂ ਪਹੁੰਚਾਣ ਵਿਚ ਸਹਾਈ ਹੋਵਾਂਗੇ।

ਸ਼ਾਂਤੀ ! ਦਿਲੀ ਅਸ਼ੀਰਵਾਦ ! ਪ੍ਰੇਮ !

ਆਸ਼ ਹੈ, ਇਹ ਪੱਤਰ ਤੁਹਾਨੂੰ ਤੰਦਰੁਸਤ ਰੂਪ ਵਿਚ ਮਿਲੇਗਾ।

ਓਮ!

ਰਾਮ

ਹੇਠ ਲਿਖੇ ਪੱਤਰ ਸੁਆਮੀ ਰਾਮ ਤੀਰਥ ਜੀ ਵਲੋਂ ਮਿਸੇਜ਼ ਪੌਲੀਨ ਵਿਟਮੈਨ, ਉਸ ਦੀ ਮਾਤਾ ਅਤੇ ਉਸ ਦੀ ਭੈਣ ਨੂੰ ਲਿਖੇ ਗਏ ਸਨ। ਆਪਣੇ ਹੀ ਨਿਵਕਲੇ ਢੰਗ ਨਾਲ ਸੁਆਮੀ ਪੌਲੀਨ ਵਿਟਮੈਨ ਨੂੰ ਕਮਲਾ ਨੰਦਾ ਅਤੇ ਉਸ ਦੀ ਮਾਤਾ ਨੂੰ ਚੰਪਾ ਆਖ ਸੰਬੋਧਨ ਕਰਦੇ ਹੁੰਦੇ ਸਨ।

ਓਮ!

15 ਸਤੰਬਰ, 1903

ਪਿਆਰੀ ਪੁਤਰੀ ਕਮਲਾ[1]

ਤੁਸੀਂ ਸ਼ੁਧ, ਔਗੁਣ-ਰਹਿਤ, ਪਵਿਤਰਾਂ ਦੇ ਪਵਿਤਰ ਹੋ। ਨਾ ਕੋਈ ਦੋਸ਼, ਨਾ ਕੋਈ ਦਾਗ਼, ਨਾ ਦੁਨੀਆਂ ਦਾਰੀ ਦਾ ਕੋਈ ਕਲੰਕ, ਨਾ ਭੈ, ਨਾ ਕੋਈ ਪਾਪ।

---

1 ਕਮਲਾ ਨੰਦਾ- ਮਿਸੇਜ਼ ਪੌਲੀਨ ਵਿਟਮੈਨ

ਜੇ ਤੁਸੀਂ ਚੰਗਾ ਸਮਝੋ ਤਾਂ ਹੇਠ ਲਿਖੇ ਵਿਚਾਰਾਂ ਨੂੰ ਛੰਦ ਰੂਪ ਵਿਚ ਪ੍ਰਸਤੁਤ ਕਰਨ ਦਾ ਯਤਨ ਕਰਨਾ। ਅਜਿਹਾ ਕਰਨ ਸਮੇਂ ਤੁਸੀਂ ਰਬੋ-ਵਰੋਸਾਈਆਂ ਉਚਾਈਆਂ ਤਕ ਪਹੁੰਚ ਜਾਉਗੇ।

ਇਹ ਉਨ੍ਹਾਂ ਫ਼ਾਰਸੀ ਕਵਿਤਾਵਾਂ ਦਾ ਅਨੁਵਾਦ ਹੈ, ਜੋ ਅਜ ਸਵੇਰੇ ਰਾਮ ਨੇ ਰਚਿਆ ਹੈ। ਪੋਰਟ ਲੈਂਡ ਜਾਂ ਡੈਨਵਰ ਵਿਖੇ ਨਿਵਾਸ ਸਮੇਂ ਇਨ੍ਹਾਂ ਨੂੰ ਕਵਿਤਾ ਦਾ ਰੂਪ ਦੇ ਲੈਣਾ। ਇਹ ਤੁਹਾਡੇ ਆਪੇ ਦੇ ਅਨੁਕੂਲ ਹਨ।

ਤੁਸੀਂ ਇਨ੍ਹਾਂ ਵਿਚਾਰਾਂ ਵਿਚ ਆਪਣੀ ਇੱਛਾ ਅਨੁਸਾਰ ਸੋਧ ਵੀ ਕਰ ਸਕਦੇ ਹੋ।

(1) ਹੇ ਮਹਾਂ ਅਨੰਦ ਦੇ ਛਲਕਦੇ ਸਾਗਰ ਮਹਾਨ
ਸ਼ੂਕਦਾ ਆਵੇ ਤੇਜ਼ ਲਹਿਰਾਂ ਦਾ ਤੂਫ਼ਾਨ,
ਇਕੋ ਹੋ ਜਾਵਣ ਧਰਤ ਆਸਮਾਨ
ਤੇ ਆਸ ਅੰਦੇਸ਼ੇ ਇਸ ਜਗਤ ਦੇ,
ਇਕਦਮ ਸਾਰੇ ਖਿੰਡਰ ਜਾਣ।
ਇਨ੍ਹਾਂ ਨਾਲ ਕੀ ਸਾਂਝ ਹੈ ਮੇਰੀ?
ਸਾਰੇ ਮੈਥੋਂ ਦੂਰ ਨੱਠ ਜਾਣ।
(2) ਆਓ, ਮਸਤੀ ਦਾ ਇਕ ਜਾਮ ਪੀਵੀਏ
ਹੋ ਜਾਈਏ ਦੀਵਾਨੇ ਤੇ ਮਸਤਾਨੇ।
ਇਸ ਮਸਤੀ ਵ੍ਹਿਚ ਆ ਕੇ
ਤੋੜ ਦੇਈਏ ਇਹ ਬੰਧਨ ਸਾਰੇ,
ਪਾਉਂਦੇ ਹਨ ਜੋ ਵੰਡੀਆਂ,
ਇਸ ਸੀਮਤ ਹੋਂਦ ਦੀਆਂ ਤੋੜ ਦੇਈਏ ਦੀਵਾਰਾਂ
ਕਰੀਏ ਫਿਰ ਆਜ਼ਾਦ,
ਉਸ ਮਹਾਂ ਅਨੰਦ ਦੀ ਮਹਾਂ ਲਾਟ ਨੂੰ,
ਤੋੜ ਕੇ ਸਭ ਕੂੜ ਦੀਆਂ ਪਾਲਾਂ
ਜਿਸ ਨੇ ਉਸ ਦੇ ਦੁਆਲੇ ਘੁੰਘਟ ਹੈ ਵਲ ਰਖਿਆ।
(3) ਆਓ, ਰੱਬੀ ਮਸਤੀ ਦੇ ਇਕ ਦੌਰ,
ਛਾ ਜਾਓ ਮੇਰੀ ਸਗਲੀ ਹਸਤੀ ਉਪਰ ਇਕੋ ਵਾਰ,

ਹੋਵੇ ਨਾ ਕੋਈ ਦੇਰ!
ਮਿਟਣ ਸਭ ਅੰਧੇਰ,
ਮਨ ਮੇਰਾ ਇਸ ਤਨ ਦੀ ਖੇਡ ਤੋ ਥਕਿਆ ਹੁਣਿਆ,
ਬਲਦਾ ਬਾਲਣ ਵਾਂਗ ਵਿਚ ਤੰਦੂਰ,
ਆਉ, ਕਵੋ ਇਸ ਸੜਦੇ ਬਲਦੇ ਮਨ ਨੂੰ
ਆਪਣੇ ਅੰਕ ਸਮਾਉ,
ਇਸ ਨੂੰ ਕਰ ਦਿਉ ਸ਼ਾਂਤ
ਆਪਣੀ ਵਿਚ ਹਜ਼ੂਰੀ ਦੇ ਲੈ ਜਾਉ।
(4) ਇਸ ਮੇਰ ਤੇਰ ਨੂੰ ਅਗਨੀ ਦੀ ਭੇਟ ਚੜ੍ਹਾਉ,
ਆਸਾ ਮਨਸਾ ਦੇ ਸਭ ਝੇੜਿਆਂ ਦੀ ਅਲਖ ਮੁਕਾਉ,
ਝੁਲ ਜਾਏ ਐਸੀ ਇਕ ਪ੍ਰੇਮ ਦੀ ਪਵਨ-ਸਮੀਰੀ
ਸਿਰ ਤੋਂ ਪੈਰਾਂ ਤੀਕਰ ਸਾਰੇ ਇਕ ਰੂਪ ਹੋ ਜਾਉ ।
(5) ਨਾ ਮੈਂ ਲੋਚਾਂ ਰੋਟੀ ਪਾਣੀ,
ਨਾ ਲੋਚਾਂ ਸੁਖ ਨਿਵਾਸ ਦੇ ਵਿਚ ਵਾਸ
ਲੋਚਾਂ ਮੈਂ ਆਪਣੇ ਪ੍ਰੇਮ ਦੀ ਸੜਦੀ ਤ੍ਰਿਖਾ ਬੁਝਾਣਾਂ,
ਤੈਨੂੰ ਮਿਲ ਕੇ ਹੀ ਪ੍ਰਭੂ ਪ੍ਰੀਤਮ, ਮਨ ਨੂੰ ਆਵੇ ਚੈਨ,
ਬਲ ਰਹੀਆਂ ਨੇ ਲੱਖਾਂ ਜਿੰਦਾਂ ਮੇਰੇ ਵਾਂਗੂੰ
ਹੋ ਰਹੀਆਂ ਬੇਚੈਨ, ਦਿਨ ਤੇ ਰੈਣ।

ਪਛਮ ਵਿਚ ਆਕਾਸ਼ ਚਮਕਾਂ ਮਾਰਦਾ,
ਸੁੰਦਰ ਰੂਪ ਅਨੂਪ ਜਿਸ ਦੀ ਚਮਕਾਰ,

ਕੀ ਇਹ ਸਭ ਹੈ ਸੂਰਜ ਦੀ ਕੋਈ ਕਰਾਮਾਤ?
ਨਹੀਂ; ਇਹ ਸਭ ਕੁਝ ਹੈ ਰੱਬ ਜੀ ਤੁਹਾਡੀ ਦਾਤ!

ਤੁਹਾਡੀ ਨਿਜ ਆਤਮਾ
ਰਾਮ।

ਸ਼ਾਸਤਾ ਸਪਰਿੰਗ,
22 ਜੁਲਾਈ, 1903

ਵਰੋਸਾਈ ਪਿਆਰੀ ਚੰਪਾ (ਫਲੋਰਾ),

ਸ਼ਾਇਦ ਇਹ ਸੰਬੋਧਨ ਤੁਹਾਨੂੰ ਚੰਗਾ ਨਾ ਲਗੇ। ਜੋ ਕੁਝ ਵੀ ਹੋਵੇ, ਰਾਮ ਨੂੰ ਤੁਹਾਨੂੰ ਇੰਝ ਸੰਬੋਧਨ ਕਰਨਾ ਚੰਗਾ ਲਗਦਾ ਹੈ। ਹਿੰਦੁਸਤਾਨੀ ਭਾਸ਼ਾ ਵਿਚ ਹਰ ਨਾਂ ਦੀ ਆਪਣੀ ਹੀ ਇਕ ਨਿਵੇਕਲੀ ਵਿਸ਼ੇਸ਼ਤਾ ਹੁੰਦੀ ਹੈ ਅਤੇ ਇਹ ਨਾਂ ਚੰਪਾ ਆਮ ਕਰਕੇ ਉਚੇ ਘਰਾਣੇ ਦੀ ਕੰਨਿਆਂ ਨੂੰ ਦਿਤਾ ਜਾਂਦਾ ਹੈ। ਇਸ ਦਾ ਭਾਵ ਹੈ, ਮਿੱਠੀ-ਭਿੰਨੀ ਮਹਿਕ ਦਾ ਪੂਰਨ ਖੇੜਾ।

ਇਹ ਨਾਂ ਰਾਮ ਨੂੰ ਉਸ ਸਮੇਂ ਸਹਿਜ ਰੂਪ ਵਿਚ ਹੀ ਸੁਝਿਆ, ਜਦੋ ਉਸ ਨੇ ਇਸ ਪੱਤਰ ਨੂੰ ਲਿਖਣ ਲਈ ਕਲਮ ਚੁਕੀ ਹੀ ਸੀ।

ਪਹਿਲਾਂ ਕਿਸੇ ਦਿਨ ਕਮਲਾ (ਪੌਲੀਨ) ਨੂੰ ਇਕ ਲੰਮਾ ਪੱਤਰ ਲਿਖਿਆ ਸੀ, ਜਿਸ ਵਿਚ ਤੁਹਾਡੀਆਂ ਸਾਰੀਆ ਪੁਛਾਂ ਦੇ ਉਤਰ ਵੀ ਸਨ। ਕੀ ਤੁਸਾਂ ਉਸ ਤੋ ਇਹ ਪੱਤਰ ਪ੍ਰਾਪਤ ਕਰ ਲਿਆ ਹੈ? ਇਸ ਵਿਚ ਰਾਮ ਦੀਆਂ ਰਚੀਆਂ ਹੋਈਆਂ ਕੁਝ ਸਜਰੀਆਂ ਕਵਿਤਾਵਾਂ ਵੀ ਸਨ। **ਵੇਦਾਂਤ ਦਰਸ਼ਨ ਦੇ ਕੁਝ ਸੂਤਰ**

(1) ਵੇਦਾਂਤ ਧਰਮ ਨੂੰ ਇਕੋ ਨਿਰਦੇਸ਼ ਦੁਆਰਾ ਅੰਕਿਤ ਕੀਤਾ ਜਾ ਸਕਦਾ ਹੈ:-

ਹਰ ਹਾਲ ਵਿਚ ਆਪਣੇ ਆਪੇ ਨੂੰ ਪੂਰਨ ਤੌਰ ਤੇ ਪ੍ਰਸੰਨਚਿਤ ਰਖੋ, ਭਾਵੇਂ ਬੀਮਾਰੀ ਮੌਤ, ਭੁੱਖ ਜਾਂ ਕੁਝ ਹੋਰ ਊਜ ਲਗੀ ਹੋਵੇ।

ਪ੍ਰਸੰਨਚਿਤ ਰਹੋ ਅਤੇ ਆਪਣੇ ਆਪ ਨੂੰ ਉਸ ਪ੍ਰਭੂ ਦੇ ਸਮਰਪਿਤ ਕਰੀ ਰਖੋ, ਉਸ ਪ੍ਰਤੀ ਆਪਣੇ ਆਪ ਨੂੰ ਸਦਾ ਸੱਚੇ ਰਖਣ ਦਾ ਯਤਨ ਕਰੋ।

(2) ਇਹ ਜਗਤ ਅਤੇ ਇਸ ਦੇ ਸਾਰੇ ਵਾਸੀ, ਸਾਕ-ਸਬੰਧੀ ਉਦੋ ਬਿਨਸਣਹਾਰੇ ਪ੍ਰਤੀਤ ਹੋਣਗੇ, ਜਦੋਂ ਤੁਸੀਂ ਆਪਣੀ ਨਿਜ-ਆਤਮਾ ਵਿਚ ਇਸਥਿਤ ਹੋ ਕੇ ਇਨ੍ਹਾਂ ਨੂੰ ਵੇਖੋਗੇ।

ਹਰ ਵਸਤੂ ਨੂੰ ਵੇਖੋ, ਘੋਖੋ ਅਤੇ ਉਸ ਦਾ ਨਿਰੀਖਣ ਕਰੋ, ਜੋ ਚਾਹੋ ਸੋ ਕਰੋ, ਪਰ ਇਸ ਸਭ ਨੂੰ ਆਪਣੀ ਸੱਚੀ ਆਤਮਾ ਦੇ ਪ੍ਰਕਾਸ਼ ਦੁਆਰਾ ਕਰੋ। ਜਿਸ ਦਾ ਭਾਵ ਇਹ ਹੈ ਕਿ ਕਦੀ ਨਾ ਭੁਲੋ ਕਿ ਤੁਹਾਡੀ ਆਤਮਾ ਇਨ੍ਹਾਂ ਤੋਂ ਉੱਪਰ ਤੇ ਪਰੇ ਦੀ ਵੱਥ ਹੈ ਅਤੇ ਇਹ ਸਭ ਲੋੜਾਂ ਤੋ ਉੱਪਰ ਹੈ।

ਤੁਹਾਨੂੰ ਸਚਮੁਚ ਹੀ ਕਿਸੇ ਵਸਤੂ ਦੀ ਵੀ ਲੋੜ ਨਹੀਂ ਹੈ। ਇਸ ਲਈ ਕਿਸੇ ਵਸਤੂ ਲਈ ਇੱਛਾ ਹੀ ਪੈਦਾ ਕਿਉਂ ਹੋਵੇ? ਵਿਸ਼ਵ-ਵਿਆਪੀ ਹੁਕਮਰਾਨ ਸਮਾਨ ਹਰ ਕੰਮ ਨੂੰ ਇਕ ਅਜਿਹੀ ਸ਼ਾਨ ਨਾਲ ਕਰੋ ਕਿ ਇਹ ਤੁਹਾਨੂੰ ਇਕ ਖੇਡ, ਸ਼ੁਗਲ ਤੇ ਮਨਪਰਚਾਵਾ ਪ੍ਰਤੀਤ ਹੋਵੇ। ਇਹ ਕਦੀ ਨਾ ਮਹਿਸੂਸ ਕਰੋ ਕਿ ਤੁਹਾਨੂੰ ਕਿਸੇ ਚੀਜ਼ ਦੀ ਲੋੜ ਹੈ।

(3) ਜਦੋਂ ਤੁਸੀਂ ਵੇਦਾਂਤ ਦੇ ਇਨ੍ਹਾਂ ਅਸੂਲਾਂ ਉੱਤੇ ਅਮਲ ਕਰੋਗੇ ਤਾਂ ਸੁੱਤੇ ਸਿਧ ਰੂਪ ਵਿਚ ਹੀ ਤੁਹਾਡੇ ਵਿਚੋ ਸੱਚ ਦੀ ਮਹਿਕ ਚਾਰ ਚੁਫੇਰੇ ਪਸਰ ਜਾਵੇਗੀ।

ਜਦੋ ਰਾਤ ਨੂੰ ਜਾਂ ਦੁਪਹਿਰ ਸਮੇਂ ਤੁਸੀਂ ਸੌਣ ਲਈ ਆਪਣੀਆਂ ਅੱਖਾਂ ਬੰਦ ਕਰਨ ਲਗਦੇ ਹੋ ਤਾਂ ਮਨ ਵਿਚ ਪੱਕਾ ਧਾਰ ਲਵੋ ਕਿ ਜਾਗਣ ਉੱਤੇ ਤੁਹਾਨੂੰ ਵੇਦਾਂਤ ਦੇ ਸੱਚ ਦਾ ਆਭਾਸ ਹੋਵੇਗਾ।

ਜਦੋਂ ਤੁਸੀਂ ਜਾਗੋ ਤਾਂ ਕੁਝ ਹੋਰ ਕੰਮ ਕਰਨ ਤੋਂ ਪਹਿਲਾਂ ਮਨ ਵਿਚ ਉਸੇ ਗੱਲ ਦਾ ਧਿਆਨ ਧਰੋ, ਜੋ ਤੁਸੀਂ ਸੌਣ ਸਮੇਂ ਮਨ ਵਿਚ ਲਿਆਂਦਾ ਸੀ।

ਜਦੋਂ ਵੀ ਤੁਸੀਂ ਕਰ ਸਕੋ ਤਾਂ 'ਓਮ' ਦਾ ਜਾਪ ਉਚੀ ਜਾਂ ਮੌਨ ਰੂਪ ਵਿਚ ਕਰੋ।

ਇਸ ਪ੍ਰਕਾਰ ਤੁਸੀਂ ਵੀ ਹਰ ਸਮੇਂ ਇਸ ਸ਼ੁਧ ਚੰਪਾ ਦੀ ਤਰ੍ਹਾਂ ਭਿੰਨੀ ਮਹਿਕ ਨੂੰ ਚਾਰ ਚੁਫੇਰੇ ਵੰਡ ਸਕਦੇ ਹੋ।

ਤੁਹਾਡੀ ਆਪਣੀ ਨਿਜ ਆਤਮਾ
ਰਾਮ ਦੇ ਰੂਪ ਵਿਚ।

ਪੁਸ਼ਕਰ, ਜ਼ਿਲਾ ਅਜਮੇਰ,
22 ਫ਼ਰਵਰੀ,1905

ਸੌਰਵਚ ਰੂਪ ਵਿਚ ਵਰੋਸਾਈ ਪਿਆਰੀ ਰੱਬਤਾ,

ਜਿਥੇ ਰਾਮ ਨਿਵਾਸ ਰਖਦਾ ਹੈ, ਉਥੇ ਕਿੰਨਾ ਸ਼ਾਨਦਾਰ ਮੌਸਮ ਹੈ! ਹਰ ਦਿਵਸ 'ਨਵ ਵਰਸ਼ ਦਾ ਦਿਹਾੜਾ' ਤੇ ਹਰ ਰੈਣ 'ਕ੍ਰਿਸਮਿਸ ਦੀ ਰਾਤ'। ਨੀਲਾ ਆਕਾਸ਼ ਮੇਰਾ ਪਿਆਲਾ ਅਤੇ ਜਗਮਗਾਉਂਦੀ ਰੌਸ਼ਨੀ ਮੇਰਾ ਅੰਮ੍ਰਿਤ ਜਾਮ।

ਮੈਂ ਇੰਨ੍ਹਾਂ ਪਰਬਤਾਂ ਦੀ ਰੌਸ਼ਨੀ ਤੇ ਪਵਨ ਹਾਂ, ਮੈਂ ਇਨ੍ਹਾਂ ਵਿਚੋਂ ਲੰਘਦਾ ਜਾ ਰਿਹਾ ਹਾਂ, ਲੰਘਦਾ ਜਾ ਰਿਹਾ ਹਾਂ, ਲੰਘਦਾ ਜਾ ਰਿਹਾ ਹਾਂ। ਇਨ੍ਹਾਂ ਪਰਬਤਾਂ ਤੋਂ ਮੈਂ

ਉਤਰ ਕੇ ਨਗਰਾਂ ਤੇ ਸ਼ਹਿਰਾਂ ਵਿਚ ਆ ਜਾਂਦਾ ਹਾਂ- ਤਰੋ ਤਾਜ਼ਾ ਰੂਪ ਮੈਂ ਇਨ੍ਹਾਂ ਗਲੀਆਂ ਬਾਜ਼ਾਰਾਂ ਵਿਚ ਰੁਮਕਦਾ ਫਿਰਦਾ ਹਾਂ।

ਮੈਂ ਕਦੀ ਉਸ ਮਰਦ ਨੂੰ ਛੂੰਹਦਾ ਹਾਂ, ਕਦੀ ਉਸ ਤੀਵੀਂ ਨੂੰ ਅਤੇ ਕਦੀ ਤੁਹਾਨੂੰ, ਇਸ ਤਰ੍ਹਾਂ ਦੇ ਕੁਝ ਮੇਰੇ ਹਨ ਵਿਨੋਦੀ ਚੋਜ।

ਮੈਂ ਤਾਂ ਰੌਸ਼ਨੀ ਹਾਂ, ਜੋ ਪ੍ਰੇਮ ਰੂਪ ਵਿਚ ਢਲ ਕੇ ਆਪਣੇ ਬੱਚਿਆਂ, ਫੁੱਲਾਂ ਤੇ ਪੌਦਿਆਂ ਨੂੰ ਵੰਡ ਰਹੀ ਹਾਂ। ਮੈਂ ਸੁੰਦਰ ਤੇ ਸਤਾਣਿਆ ਦੇ ਨੈਣਾਂ ਵਿਚ ਵਿਚਰ ਰਹੀ ਹਾਂ।

ਮੇਰੀ ਅਰਦਾਸ ਹੁੰਦੀ ਹੈ, ਮੇਰੇ ਕੋਲ ਹੀ ਠਹਿਰੋ।
ਅਜ ਸਾਰਾ ਦਿਨ ਮੇਰੇ ਕੋਲ ਰਹੋ,
ਸਾਰੀ ਰਾਤ ਵੀ ਅਤੇ ਉਸ ਸਮੇਂ ਵੀ ਜਦੋਂ ਨਾ ਰਾਤ ਹੁੰਦੀ ਹੈ ਨਾ ਦਿਨ
ਆਉ ਚੁਪਚਾਪ, ਮੇਰੇ ਕੋਲ ਆ ਕੇ ਰਹੋ,
ਹੋਰ ਕਿਤੇ ਨਾ ਜਾਉ, ਮੇਰੇ ਕੋਲ ਹੀ ਠਹਿਰੋ।
ਤੁਸੀਂ ਮੇਰੇ ਕੋਲੋਂ ਅਗੇ ਨਹੀਂ ਜਾ ਸਕਦੇ,
ਮੈਂ ਉਥੇ ਹੀ ਹਾਂ, ਜਿਥੇ ਤੁਸੀਂ ਹੋ ;
ਮੈਂ ਤੁਹਾਨੂੰ ਘੁੱਟ ਕੇ ਫੜਿਆ ਹੋਇਆ ਹੈ;
ਉਨ੍ਹਾਂ ਸੁਨਹਿਰੀ ਰੇਤਾਂ ਅਤੇ ਨੀਲੀਆਂ ਡੂੰਘਾਣਾਂ ਵਿਚ ਨਹੀਂ
ਸਗੋਂ ਆਪਣੇ ਦਿਲ ਵਿਚ ਘੁਟ ਕੇ ਰਖਿਆ ਹੋਇਆ ਹੈ,
ਹੇ ਮੇਰੇ ਸਭ ਹਿਰਦਿਆਂ ਦੇ ਸੁਆਮੀ!

ਇੰਝ ਚਾਨਣਾਂ ਦੇ ਚਾਨਣ ਵਿਚ ਵਿਚਰਨ ਨਾਲ ਮਾਰਗ ਆਪਣੇ ਆਪ ਖੁਲ ਜਾਂਦਾ ਹੈ। ਜਦੋਂ ਸਰਧਾਭਾਵ ਵਿਚ ਰੱਤੇ ਜੀਉੜੇ ਉਪਰ ਰੱਬੀ ਪ੍ਰਕਾਸ਼ ਅਤੇ ਰੱਬੀ ਗਿਆਨ ਦੀ ਖੁਲ੍ਹੀ ਮਿਹਰ ਭਰੀ ਵਰਖਾ ਹੁੰਦੀ ਹੈ ਤਾਂ ਗੁਲਾਬ ਦੀਆਂ ਪੱਤੀਆਂ ਦੇ ਸਹਿਜ ਰੂਪ ਵਿਚ ਖਿੜਣ ਸਮਾਨ ਹੋਰ ਵੇਰਵੇ ਆਪਣੇ ਆਪ ਹੀ ਘੜੇ ਮਿਥੇ ਜਾਂਦੇ ਹਨ।

ਆਸ ਹੈ, ਪੂਰਨ (ਸੂਤਰ ਮੰਡੀ ਲਾਹੌਰ) ਵਲੋਂ ਤੁਹਾਨੂੰ ਥੰਡਰਿੰਗ ਡਾਨ ਦਾ ਜਨਵਰੀ ਅੰਕ ਮਿਲ ਗਿਆ ਹੋਵੇਗਾ।

ਤੁਹਾਡੀ ਨਿਜ ਆਤਮਾ
ਸੁਆਮੀ ਰਾਮ ਤੀਰਥ ਦੇ ਰੂਪ ਵਿਚ।

ਜਨਵਰੀ ਅੰਕ ਵਿਚ ਤੁਹਾਡੀਆਂ ਕਵਿਤਾਵਾਂ ਕਮਲਾਨੰਦਾ ਨਾਂ ਹੇਠ ਪ੍ਰਕਾਸ਼ਤ ਹੋਈਆਂ ਹਨ, ਇਹ ਨਾਂ ਤੁਹਾਡਾ ਸੁਆਮੀ ਨਾਂ ਹੈ।

ਜਿਹੜੀਆਂ ਕਵਿਤਾਵਾਂ ਤੁਸੀਂ ਹੁਣ ਭੇਜੋਗੇ, ਉਹ 'ਓਹਮ' ਦੇ ਨਾਂ ਥਲੇ, ਜੇ ਤੁਸੀਂ ਚਾਹੋਗੇ ਤਾਂ ਪ੍ਰਕਾਸ਼ਤ ਹੋ ਜਾਣਗੀਆਂ।

ਪ੍ਰੇਮ! ਅਸ਼ੀਰਵਾਦ! ਅਨੰਦ ! ਪਿਆਰੀ ਗਿਰਜਾ ਤੇ ਹੋਰ ਸਭ ਲਈ ਸ਼ਾਂਤੀ।

'ਓਮ! ਓਮ!! ਓਮ! ! !

ਪੁਸ਼ਕਰ, ਜ਼ਿਲਾ ਅਜਮੇਰ, ਭਾਰਤ।

ਅਨੰਦ ! ਅਨੰਦ! ਅਨੰਦ!

ਸ਼ਾਂਤੀ! ਅਸ਼ੀਰਵਾਦ ! ਪ੍ਰੇਮ!

ਅਨੰਦ!

ਸਰਵੋਤਮ ਰੂਪ ਵਿਚ ਵਰੋਸਾਈ ਅਤਿ ਪਿਆਰੀ ਆਤਮਾ,

ਸ਼ਾਂਤ, ਨਿਰਮਲ ਅਤੇ ਡੂੰਘੀ ਝੀਲ ਦੇ ਕੰਢੇ ਰਾਮ ਦਾ ਨਿਵਾਸ ਹੈ। ਇਕ ਬੰਨੇ ਇਕ ਛਤੀਰ ਦੀ ਤਰ੍ਹਾਂ ਸਿਧੀ ਪਧਰੀ ਪਹਾੜੀ ਹੈ, ਜਿਸ ਨੇ ਆਪਣੇ ਆਪ ਨੂੰ ਹਰੇ ਦੁਸ਼ਾਲੇ ਨਾਲ ਢਕਿਆ ਹੋਇਆ ਹੈ। ਇਥੇ ਬਹੁਤ ਸਾਰੀਆਂ ਅੰਬਾਂ ਦੀਆਂ ਝੰਗੀਆਂ ਹਨ। ਜਿਸ ਘਰ ਵਿਚ ਰਾਮ ਦਾ ਨਿਵਾਸ ਹੈ, ਉਥੇ ਫੁੱਲਾਂ ਦੇ ਦੋ ਬਗੀਚੇ ਹਨ। ਸ਼ਾਨਦਾਰ ਮੋਰਾਂ ਦੀਆਂ ਉਡਾਰੀਆਂ ਅਤੇ ਉਨ੍ਹਾਂ ਦੇ ਮਧੁਰ ਕੰਠਾਂ ਵਿਚੋਂ ਨਿਕਲਦੀਆਂ ਕੂਕਾਂ ਨਿਤ ਸੁਣਾਈ ਦਿੰਦੀਆਂ ਹਨ। ਝੀਲ ਵਿਚ ਬਤਖਾਂ ਖੁਲ੍ਹੀਆਂ ਤਰਦੀਆਂ ਤੇ ਚੁੱਭੀਆਂ ਮਾਰਦੀਆਂ ਫਿਰਦੀਆਂ ਹਨ। ਇਕ ਖ਼ੂਬਸੂਰਤ ਨੌਜਵਾਨ ਨਾਰਾਇਣ ਸੁਆਮੀ, ਜਿਸ ਬਾਰੇ ਰਾਮ ਨੇ ਤੁਹਾਨੂੰ ਦਸਿਆ ਹੋਇਆ ਹੈ, ਅਜਕਲ ਉਸ ਕੋਲ ਹੈ ਅਤੇ ਉਸ ਦੀਆਂ ਰਚਨਾਵਾਂ ਦੇ ਉਤਾਰੇ ਕਰਨ ਵਿਚ ਉਸ ਦੀ ਸਹਾਇਤਾ ਕਰਦਾ ਹੈ।

ਇਸ ਝੀਲ ਨੂੰ ਧਰਤੀ ਦੀ ਅੱਖ ਕਿਹਾ ਜਾਂਦਾ ਹੈ। ਬਨਾਂ, ਢੱਕੀ, ਪਹਾੜੀ ਤੇ ਚੋਟੀਆਂ ਇਸ ਦੀਆਂ ਭਵਾਂ ਹਨ। ਇਹ ਉਹ ਦਰਪਣ ਹੈ, ਜਿਸ ਨੂੰ ਕੋਈ ਪੱਥਰ ਤੋੜ ਨਹੀਂ ਸਕਦਾ, ਜਿਸ ਦੇ ਪਾਰੇ ਦੀ ਚਮਕ ਕਦੀ ਵੀ ਮਾਂਦੀ ਨਹੀਂ ਪਏਗੀ। ਇਕ ਅਜਿਹਾ ਦਰਪਣ, ਜਿਸ ਵਿਚ ਸਭ ਅਪਵਿਤਰਤਾਵਾਂ ਡੁੱਬ ਜਾਂਦੀਆਂ ਹਨ ਅਤੇ ਜਿਨ੍ਹਾਂ ਨੂੰ ਸੂਰਜ ਦੀ ਧੁੰਦਲੀ ਰੋਸ਼ਨੀ ਝਾੜਣ ਦੀ ਤਰ੍ਹਾਂ ਹੂੰਝ ਕੇ ਲੈ ਜਾਂਦੀ ਹੈ।

ਇਹ ਇਕ ਅਜਿਹੀ ਝੀਲ ਹੈ, ਜਿਸ ਦਾ ਰਾਮ ਨੇ ਆਪਣਾ ਹੀ ਵਿਲੱਖਣ ਸੁਭਾਅ ਵੇਖਿਆ ਹੈ। ਕਿਸ ਤਰ੍ਹਾਂ ਇਹ ਆਪਣੀ ਪਵਿਤਰਤਾ ਨੂੰ ਕਾਇਮ ਰਖਦੀ ਹੈ! ਆਪਣੀਆਂ ਸਭ ਤਰੰਗਾਂ ਦੇ ਬਾਵਜੂਦ ਇਸ ਦੇ ਚਿਹਰੇ ਉਤੇ ਕੋਈ ਵੀ ਝੁਰੜੀ ਨਹੀਂ ਹੈ। ਇਹ ਸਦਾ ਜਵਾਨ ਰਹਿੰਦੀ ਹੈ।

ਕਾਸ਼! ਸਾਡੇ ਦਿਲ ਵੀ ਇਸ ਤਰ੍ਹਾਂ ਦੇ ਹੋ ਜਾਣ।

ਇਥੇ ਸਾਵੇ ਤੇ ਲਾਲ ਪੰਛੀ ਬੂਟੇ ਤੇ ਹੁਲਾਰੇ ਲੈਂਦੇ,
ਸੁਪਨੇ-ਮਤੇ ਕਮਾਨ ਹਾਰ ਹੇਠਾਂ ਨੂੰ ਉਡਦੇ ਆਉਂਦੇ,
ਬਹੁਰੰਗੀ ਇਕ ਦਰਖਤ ਤੋਂ ਦੂਜੇ ਦਰਖਤ ਤਕ
ਖ਼ੁਸ਼ੀ ਖ਼ੁਸ਼ੀ ਉਡ ਉਡ ਬਹਿੰਦੇ;
ਸਿਰਾਂ ਦੇ ਕੋਲ ਨੀਵੇਂ ਆ ਆ ਚਹਿ-ਚਹਾਉਂਦੇ ਤੇ ਗਾਉਂਦੇ,
ਇੰਝ ਧੀਮੀ ਸੁਰ ਵਿਚ ਗਾਉਂਦੇ ਜਿਵੇਂ ਸੁਤ ਉਨੀਂਦੇ ਹੋਣ।
ਡੂੰਘੇ ਝਰਨਿਆਂ ਹਾਰ ਉਨ੍ਹਾਂ ਦਾ ਗੀਤ
ਬੜੇ ਕੋਮਲ ਜਾਪਣ ਉਹ ਸਾਡੀ ਹੋਂਦ ਤੋਂ ਬਿਲਕੁਲ ਬੇਖ਼ਬਰ।

ਸ਼ਾਂਤੀ ! ਅਸ਼ੀਰਵਾਦ ! ਪ੍ਰੇਮ

ਤੁਹਾਡੀ ਆਪਣੀ ਨਿਜ ਆਤਮਾ ਵਲੋਂ।

ਸੁਆਮੀ ਰਾਮ।

ਹੇਠਲੇ ਦੋ ਪੱਤਰ ਸੁਆਮੀ ਰਾਮ ਨੇ ਡੈਨਵਰ ਕੈਲੋਰੈਡੋ (ਅਮਰੀਕਾ) ਦੀ ਆਪਣੀ ਪਰਮ ਸ਼ਿਸ਼ ਮਿਸੇਜ਼ ਈ. ਸੀ. ਕੈਂਪਬੈਲ ਨੂੰ ਲਿਖੇ।

ਪੋਰਟਲੈਂਡ, ਓਰੇ।

ਸੇਵਾ ਵਿਖੇ
ਸ੍ਰੀਮਤੀ ਈ.ਸੀ. ਕੈਂਪਬੈਲ,

ਜਦੋਂ ਲੋਕ ਕਿਸੇ ਉਤੇ ਆਪਣਾ ਦਿਲ ਲਗਾ ਦਿੰਦੇ ਹਨ ਅਤੇ ਫਿਰ ਮੁਸ਼ਕਲਾਂ ਨਾਲ ਦੋ ਚਾਰ ਹੁੰਦੇ ਹਨ ਤਾਂ ਉਹ ਅਸ਼ਾਂਤ ਅਤੇ ਬੇਚੈਨ ਹੋ ਜਾਂਦੇ ਹਨ। ਇਸ ਅਸ਼ਾਂਤੀ ਤੇ ਮਾਨਸਿਕ ਖਿਚੋਤਾਣ ਦੇ ਕਾਰਣ ਉਹ ਸਦਾ ਦਿਸਦੀ ਬੁਰਾਈ ਦਾ,

ਕਹੇ ਸਨ, ''ਬੁਰਾਈ ਦਾ ਟਾਕਰਾ ਨਾ ਕਰੋ'' ਤਾਂ ਉਨ੍ਹਾਂ ਨੇ ਉਚੀ ਸਿਆਣਪ ਦੀ ਗੱਲ ਨਹੀਂ ਸੀ ਕੀਤੀ? ਤੁਹਾਡੀਆਂ ਇਛਾਵਾਂ ਦੇ ਵਿਪਰੀਤ ਜਦੋਂ ਕੋਈ ਇਨ੍ਹਾਂ ਦੀ ਪੂਰਤੀ ਦੇ ਰਾਹ ਵਿਚ ਰੋਕ ਪਾਉਂਦਾ ਹੈ ਤਾਂ ਸ਼ਾਂਤਚਿਤ ਰਹੋ। ਰਾਮ ਨੇ ਆਪਣੇ ਨਿਜੀ ਅਨੁਭਵ ਤੋਂ ਇਹ ਜਾਣ ਲਿਆ ਹੈ ਕਿ ਜਦੋਂ ਅਸੀਂ ਆਪਣਾ ਸਾਵਾਂਪਣ ਨਹੀਂ ਗੁਆਉਂਦੇ ਅਤੇ ਆਪਣੇ ਕੇਂਦਰੀ ਆਪੇ ਵਿਚ ਇਸੁਖਿਤ ਰਹਿੰਦੇ ਹਾਂ, ਤਾਂ ਉਹ ਦਿਸਦੀ ਬੁਰਾਈ ਸਦਾ ਨੇਕੀ ਵਿਚ ਬਦਲ ਜਾਂਦੀ ਹੈ। ਕੀ ਤੁਹਾਨੂੰ ਯਾਦ ਹੈ ਕਿ ਉਸ ਹਿੰਦੂ ਵਿਦਿਆਰਥੀ ਨੂੰ ਉਹ ਦਸ ਰੁਪਏ ਉਸ ਦੀ ਦਿਸਦੀ ਬੁਰਾਈ ਦੇ ਬਾਵਜੂਦ ਭੇਜੇ ਗਏ ਸਨ? ਪਰ ਅਸ਼ਾਂਤ ਅਤੇ ਛਲ ਕਾਰਣ ਅਸੀਂ ਉਨ੍ਹਾਂ ਸਭ ਵਰਦਾਨਾਂ, ਪਵਿਤਰ ਵਿਚਾਰਾਂ ਅਤੇ ਉਨ੍ਹਾਂ ਸੁਲੱਖਣੇ ਭੰਡਾਰਾਂ ਲਈ ਆਪਣੇ ਹਿਰਦੇ ਦੇ ਭਿੱਤ ਬੰਦ ਕਰ ਦਿੰਦੇ ਹਾਂ, ਜੋ ਸਾਡੀ ਉਡੀਕ ਵਿਚ ਹੁੰਦੇ ਹਨ। ਸਭ ਪਾਪਾਂ ਤੇ ਮੁਸਕਲਾਂ ਨੂੰ ਸਰ ਕਰਨ ਲਈ ਆਪਣੇ ਸਰੀਰ ਅਤੇ ਮਨ ਨੂੰ ਆਪਣੇ ਹੱਥਾਂ ਦੀ ਤਲੀ ਉਤੇ ਰਖ ਲਵੋ , ਜਿਸ ਦਾ ਭਾਵ ਇਹ ਹੈ ਕਿ ਆਪਣੇ ਪ੍ਰੇਮ ਦੁਆਰਾ ਸਭ ਮੁਸਕਲਾਂ ਤੇ ਬੁਰਾਈਆਂ ਉਤੇ ਕਾਬੂ ਪਾਉ, ਇਸ ਤੋਂ ਕੋਈ ਵੀ ਹੋਰ ਉਚੇਰੀ ਸ਼ਕਤੀ ਨਹੀਂ ਹੈ। ਓਮ!

ਤੁਹਾਡੀ ਆਪਣੀ ਪਿਆਰੀ ਨਿਜ ਆਤਮਾ

ਰਾਮ ਸੁਆਮੀ।

ਓਮ! ਓਮ!

ਸੇਵਾ ਵਿਖੇ

ਮਿਸੇਜ਼ ਈ. ਸੀ. ਕੈਂਪਬੈਲ,

ਰਾਮ ਤੁਹਾਨੂੰ ਸਦਾ ਚੇਤੇ ਰਖਦਾ ਹੈ।

ਤੁਸੀਂ ਇਤਨੇ ਸੁਹਿਰਦ, ਪਵਿਤਰ, ਭਦਰ, ਈਮਾਨਦਾਰ, ਅੰਗ ਪਾਲ ਅਤੇ ਬਹੁਤ ਚੰਗੇ ਹੋ ! ਕੀ ਨਹੀਂ ?

(1) ਆਪਣੇ ਮਨ ਵਿਚ ਇਕ ਵਿਅਕਤੀ ਦੀ ਦੂਜੇ ਨਾਲ ਤੁਲਨਾ ਤੇ ਟਾਕਰਾ ਕਰਨਾ;

(2) ਮਾਨਸਿਕ ਤੌਰ ਤੇ ਆਪਣੇ ਆਪ ਦਾ ਦੂਜਿਆਂ ਨਾਲ ਟਾਕਰਾ ਕਰਨਾ;

(3) ਵਰਤਮਾਨ ਦਾ ਅਤੀਤ ਨਾਲ ਟਾਕਰਾ ਕਰਨਾ ਅਤੇ ਬੀਤੇ ਦੀਆਂ ਭੁਲਾਂ ਨੂੰ ਮਨ ਵਿਚ ਟਿਕਾਈ ਰਖਣਾ,ਉਨ੍ਹਾਂ ਬਾਰੇ ਸੋਚਣਾ;

(4) ਭਵਿਖ ਦੀਆਂ ਯੋਜਨਾਵਾਂ ਬਣਾ ਕੇ ਉਨ੍ਹਾਂ ਬਾਰੇ ਤੌਖਲੇ ਕਰਨੇ;

(5) ਇਕ ਪਰਮ ਯਥਾਰਥ (ਪ੍ਰਭੂ) ਤੋਂ ਬਿਨਾਂ ਹੋਰ ਵਸਤਾਂ ਉੱਤੇ ਦਿਲ ਨੂੰ ਭਰਮਾਉਣਾ;

(6) ਉਸ ਅੰਤਰੀਵ ਇਕਸੁਰਤਾ ਦਾ ਤਿਆਗ ਕਰਕੇ ਜੋ ਕਿ ਸਰਵ ਸ੍ਰੇਸ਼ਟ ਹੈ, ਬਾਹਰ ਦੀਆਂ ਦ੍ਰਿਸ਼ਟਮਾਨ ਅਤੇ ਕੇਵਲ ਬਾਹਰੀ ਰੂਪਾਂ ਉੱਤੇ ਟੇਕ ਰਖਣੀ;

(7) ਕੇਵਲ ਸ਼ਬਦਾਂ ਤੋਂ ਹੀ ਨਿਸ਼ਕਰਸ਼ ਕਢ ਲੈਣਾ ਜਾਂ ਲੋਕਾਂ ਦੇ ਦਿਸਦੇ ਵਿਵਹਾਰ ਤੋਂ ਅਜਿਹਾ ਕਰ ਲੈਣਾ ਅਤੇ 'ਆਤਮਕ ਨੇਮਾਂ' ਉਤੇ ਪੂਰਾ ਪੂਰਾ ਭਰੋਸਾ ਰਖਣਾ;

(8) ਲੋਕਾਂ ਨਾਲ ਗਲਬਾਤ ਦੁਆਰਾ ਬਹੁਤ ਦੂਰ ਚਲੇ ਜਾਣਾ।

ਇਹ ਕੁਝ ਗਲਾਂ ਹਨ, ਜੋ ਲੋਕਾਂ ਦੇ ਮਨ ਵਿਚ ਘਿਰਣਾ ਉਤਪੰਨ ਕਰਦੀਆਂ ਹਨ। ਇਸ ਲਈ ਦੁੱਖ ਦੇ ਇਨ੍ਹਾਂ ਅੱਠਾਂ ਸੋਮਿਆਂ ਤੋਂ ਦੂਰ ਰਹਿਣ ਦਾ ਯਤਨ ਕਰੋ।

ਤੁਹਾਡੀ ਆਪਣੀ ਸ਼ੁਧ ਆਤਮਾ
ਰਾਮ ਸੁਆਮੀ

ਹੇਠ ਲਿਖਿਆ ਪੱਤਰ ਜੋ ਸੁਆਮੀ ਰਾਮ ਨੇ ਸੁਆਮੀ ਸ਼ਿਵ ਗੁਣਾਂ ਆਚਾਰੀਆ ਨੂੰ ਲਿਖਿਆ ਸੀ, ਵਿਚ ਸੁਆਮੀ ਰਾਮ ਨੇ ਸ਼ਿਵ ਗੁਣਾਂ ਆਚਾਰੀਆ ਨੂੰ ਨਰਮ, ਪਰ ਦ੍ਰਿੜ੍ਹ ਰੂਪ ਵਿਚ ਇਹ ਦਸ ਦਿਤਾ ਸੀ ਕਿ ਉਨ੍ਹਾਂ ਦਾ ਮਿਸ਼ਨ ਬੜਾ ਉਚੇਰਾ ਹੈ ਅਤੇ ਉਹ ਕਿਸੇ ਸੁਆਰਥ ਅਧੀਨ ਦੁਨੀਆਂਦਾਰੀ ਵਾਲੀ ਪ੍ਰਸਿਧੀ ਤੇ ਫੋਕੀ ਸ਼ਾਨ ਨੂੰ ਉਚਿਤ ਨਹੀਂ ਸਮਝਦੇ। ਇਹ ਪੁਰਾਤਨ (Cucullunon Facit monachum) ਉਤੇ ਇਕ ਵਧੀਆ ਟਿਪਣੀ ਹੈ।

ਕਿਸ਼ਨਗੜ੍ਹ[1]

ਨਾਰਾਇਣ,

ਡਾਕਟਰ ਕਹਿੰਦੇ ਹਨ ਕਿ ਜਿਤਨਾ ਚਿਰ ਤਕ ਅੰਦਰੋਂ ਭੁੱਖ ਨਾ ਲਗੇ, ਸਾਨੂੰ ਕੁਝ ਵੀ ਖਾਣਾ ਨਹੀਂ ਚਾਹੀਦਾ। ਭਾਵੇਂ ਇਹ ਭੋਜਨ ਕਿੰਨਾ ਵੀ ਸੁਆਦਲਾ ਅਤੇ ਛੱਤੀ ਪ੍ਰਕਾਰ ਦਾ ਕਿਉਂ ਨਾ ਹੋਵੇ ਅਤੇ ਮਿਤਰ ਤੇ ਸਬੰਧੀ ਇਸ ਨੂੰ ਖਾਣ ਲਈ ਕਿੰਨਾ ਵੀ ਜ਼ੋਰ ਕਿਉਂ ਨਾ ਪਾ ਰਹੇ ਹੋਣ। ਜੋ ਕੁਝ ਤੁਸਾਂ ਲਿਖਿਆ ਹੈ, ਬਿਲਕੁਲ ਸਤਿ ਹੈ। ਜੇ ਮੈਂ ਹੁਣੇ ਹੀ ਕਾਰਜ ਆਰੰਭ ਕਰ ਦਿਆਂ, ਤਾਂ ਇਹ ਬਹੁਤ ਹੀ ਚੰਗਾ ਅਵਸਰ ਹੋ ਸਕਦਾ ਹੈ। ਮੈਂ ਤੁਹਾਡੇ ਦੋਹਾਂ ਦੀ ਅਤੇ ਰਿਆਸਤ ਕਿਸ਼ਨਗੜ੍ਹ ਦੇ ਪ੍ਰਧਾਨ ਮੰਤਰੀ ਦੀ ਸੰਗਤ ਨੂੰ ਮਾਣ ਸਕਦਾ ਹਾਂ ਅਤੇ ਤੁਹਾਡੀ ਨੇਕ ਸਲਾਹ ਤੋਂ ਵੀ ਪੂਰਾ ਪੂਰਾ ਲਾਭ ਉਠਾ ਸਕਦਾ ਹਾਂ। ਪਰ ਮੇਰੇ ਅੰਦਰ ਦੀ ਆਵਾਜ਼ ਮੈਨੂੰ ਕਹਿੰਦੀ ਹੈ, ਹਾਲੀ ਇੰਤਜ਼ਾਰ ਕਰੋ ਅਤੇ ਮੈਨੂੰ ਕੁਝ ਇਸ ਤਰ੍ਹਾਂ ਦੇ ਸੰਕੇਤ ਕਰਦੀ ਹੈ ਕਿ ਜਦੋਂ ਮੈਂ ਪੂਰੀ ਤਰ੍ਹਾਂ (ਇਸ ਮਿਸ਼ਨ ਲਈ) ਤਿਆਰੀ ਕਰ ਲਵਾਂਗਾ ਤਾਂ ਹੋਰ ਵੀ ਚੰਗੇ ਮੌਕੇ ਪੈਦਾ ਹੋ ਜਾਣਗੇ। ਮੈਨੂੰ ਪਹਿਲੀਆਂ ਅਸਫਲਤਾਵਾਂ ਦਾ ਜੇ ਉਨ੍ਹਾਂ ਨੂੰ ਅਸਫਲਤਾਵਾਂ ਕਿਹਾ ਜਾ ਸਕਦਾ ਹੈ- ਕੋਈ ਭੈ ਨਹੀਂ ਹੈ। ਮੈਨੂੰ ਪੂਰੀ ਆਸ ਹੈ ਕਿ ਮੇਰੇ ਭਵਿੱਖ ਦੇ ਕਾਰਜਾਂ ਵਿਚ ਮੈਨੂੰ ਭਾਰੀ ਮਾਤਰਾ ਵਿਚ ਸਫਲਤਾ ਪ੍ਰਾਪਤ ਹੋਵੇਗੀ। ਜੋ ਕੁਝ ਇਥੇ ਮੈਂ ਹੁਣ ਕਰ ਰਿਹਾ ਹਾਂ, ਉਹ ਬਿਲਕੁਲ ਉਸੇ ਪ੍ਰਕਾਰ ਦਾ ਹੈ, ਜੋ ਕਿਸ਼ਨਗੜ੍ਹ ਵਿਖੇ ਆ ਕੇ ਮੈਂ ਤੁਹਾਡੀ ਨੇਕ ਸਲਾਹ ਦੁਆਰਾ ਕਰ ਸਕਦਾ ਹਾਂ। ਇਸ ਵਿਚ ਕੋਈ ਸੰਦੇਹ ਨਹੀਂ ਕਿ ਸਾਨੂੰ ਅਨੁਕੂਲ ਪ੍ਰਸਥਿਤੀਆਂ ਅਤੇ ਲਾਭਵੰਦ ਮੌਕਿਆਂ ਬਾਰੇ ਜਾਗਰੂਪ ਰਹਿਣਾ ਚਾਹੀਦਾ ਹੈ ਅਤੇ ਉਨ੍ਹਾਂ ਤੋਂ ਪੂਰਾ ਪੂਰਾ ਲਾਭ ਉਠਾਉਣਾ ਚਾਹੀਦਾ ਹੈ। ਪਰ ਸਾਨੂੰ ਬੇਸਬਰੇ ਵੀ ਨਹੀਂ ਹੋ ਜਾਣਾ ਚਾਹੀਦਾ। ਕੇਵਲ ਕਾਰਜ ਕਰਨ ਦੀ ਹੀ ਆਵਸ਼ਕਤਾ ਹੁੰਦੀ ਹੈ। ਆਪਣੇ ਦੇਸ਼ ਵਾਸੀਆਂ ਵਿਚ ਕੰਮ ਕਰਨ ਦੀ ਸ਼ਕਤੀ· ਜਗਾਉਣ ਦੀ

---

1 ਇੰਝ ਪ੍ਰਤੀਤ ਹੁੰਦਾ ਹੈ ਕਿ ਇਹ ਪੱਤਰ ਕਿਸ਼ਨਗੜ੍ਹ ਤੋਂ ਨਹੀਂ ਸਗੋਂ ਰਿਆਸਤ ਟੀਹਰੀ ਦੇ ਪਤਿਆਰ ਗਾਉਂ ਦੇ ਨੇੜੇ ਮੁਰਲੀਧਰ ਗਾਰਡਨ ਤੋਂ ਲਿਖਿਆ ਗਿਆ ਹੈ। ਸੁਆਮੀ ਸ਼ਿਵ ਗੁਣਾਂ ਆਚਾਰੀਆ ਬਦਰੀ ਨਾਰਾਇਣ ਉਸ ਸਮੇਂ ਸੁਆਮੀ ਜੀ ਤੋਂ ਦੇਵ ਪਰਿਆਗ ਦੇ ਸਥਾਨ ਤੇ ਨਿਖੜ ਗਿਆ ਸੀ ਅਤੇ ਹੇਠਾਂ ਮੈਦਾਨਾਂ ਨੂੰ ਚਲੇ ਗੇ ਸਨ, ਪਰ ਸੁਆਮੀ ਰਾਮ ਤੀਰਥ ਇਕਾਂਤਵਾਸ ਲਈ ਟਹਿਰੀ ਪੁਜ ਗਏ ਸਨ। ਕਿਸ਼ਨਗੜ੍ਹ ਪਹੁੰਚ ਸੁਆਮੀ ਸ਼ਿਵ ਗੁਣਾਂ ਆਚਾਰੀਆ ਨੇ ਉਨ੍ਹਾਂ ਦੋਹਾਂ ਦੇ ਵਿਛੜਨ ਦੇ ਸਮੇਂ ਤੋਂ ਕਈ ਮਹੀਨੇ ਪਿਛੋਂ ਇਕ ਪੱਤਰ ਸੁਆਮੀ ਰਾਮ ਤੀਰਥ ਨੂੰ ਲਿਖਿਆ ਸੀ, ਜਿਸ ਵਿਚ ਉਨ੍ਹਾਂ ਨੂੰ ਮੈਦਾਨਾਂ ਵਿਚ ਆ ਕੇ ਪ੍ਰਚਾਰ ਦਾ ਕੰਮ ਛੇਤੀ ਸ਼ੁਰੂ ਕਰਨ ਲਈ ਬੇਨਤੀ ਕੀਤੀ ਗਈ ਸੀ। ਇਹ ਪੱਤਰ ਉਸ ਦੇ ਉਤਰ ਵਜੋਂ ਲਿਖਿਆ ਗਿਆ ਸੀ।

ਪ੍ਰੇਰਨਾ ਦੇਣ ਲਈ ਮੈਨੂੰ ਆਪ ਉਸ ਸ਼ਕਤੀ ਦੇ ਭੰਡਾਰ ਨੂੰ ਆਪਣੇ ਅੰਦਰ ਸਿੰਚਿਤ ਕਰਨਾ ਹੋਵੇਗਾ। ਸਮਾਂ ਆ ਲੈਣ ਦਿਉ, ਤੁਸੀਂ ਮੇਰੇ ਨਾਲ ਹੀ ਹੋਵੋਗੇ।

ਜੇ ਮੈਂ ਨਿਕੀਆਂ ਨਿਕੀਆਂ ਗੱਲਾਂ ਪਿਛੇ ਭਟਕਦੇ ਨਹੀਂ ਫਿਰਨਾ ਅਤੇ ਆਪਣੀ ਮਾਤ ਭੂਮੀ ਦੀ ਕੋਈ ਸੱਚੀ ਤੇ ਚਿਰ-ਸਥਾਈ ਰਹਿਣ ਵਾਲੀ ਸੇਵਾ ਕਰਨੀ ਹੈ ਅਤੇ ਆਪਣੇ ਦੇਸ਼ ਲਈ ਮੈਂ ਆਪਣੇ ਆਪ ਨੂੰ ਸਚੇ ਅਰਥਾਂ ਵਿਚ ਉਪਜੋਗੀ ਸਿਧ ਕਰਨਾ ਹੈ ਤਾਂ ਮੈਂ ਮਹਿਸੂਸ ਕਰਦਾ ਹਾਂ ਕਿ ਮੈਨੂੰ ਇਸ ਮਹਾਨ ਕਾਰਜ ਦੀ ਪੂਰਤੀ ਲਈ ਤੇ ਇਸ ਦਾ ਹਾਣੀ ਹੋਣ ਲਈ ਹਾਲੀ ਹੋਰ ਭਾਰੀ ਤਿਆਰੀ ਕਰਨੀ ਪਏਗੀ।

ਇਥੇ ਆ ਕੇ ਮੈਂ ਸਾਸਤਰਾਂ ਅਤੇ ਉਚੇਰੇ ਪਛਮੀ ਦਰਸ਼ਨ ਦਾ ਅਧਿਐਨ ਕਰ ਰਿਹਾ ਹਾਂ। ਨਾਲ ਹੀ ਮੈਂ ਵਿਅਕਤੀਗਤ ਰੂਪ ਵਿਚ ਆਪ ਵੀ ਵਿਵਹਾਰਕ ਤੌਰ ਤੇ ਕੁਝ ਅਨੁਸੰਧਾਨ ਕਰ ਰਿਹਾ ਹਾਂ। ਇਹ ਕੰਮ ਮੈਂ ਸਾਰੀ ਜ਼ਿੰਦਗੀ ਭਰ ਤਾਂ ਨਹੀਂ ਕਰਦੇ ਰਹਿਣਾ। ਜੋ ਕੁਝ ਵੀ ਮੈਂ ਲਗਾਤਾਰ ਪ੍ਰਿਸ਼ਰਮ ਨਾਲ ਪ੍ਰਾਪਤ ਕੀਤਾ ਹੈ, ਮੈਂ ਛੇਤੀ ਹੀ ਉਸ ਨੂੰ ਵੰਡਾਂਗਾ ਅਤੇ ਇਸ ਉਦੇਸ਼ ਲਈ ਮਨੁੱਖਤਾ ਦੇ ਸਮੂਹਾਂ ਤਕ ਪੁਜਾਂਗਾ। ਮੈਨੂੰ ਪੂਰਨ ਵਿਸ਼ਵਾਸ ਹੈ ਕਿ ਜੇ ਮੈਂ ਚਾਹੁੰਦਾ ਤਾਂ ਸਾਰੇ ਦੇਸ਼ ਵਿਚ ਹਲਚਲ ਮਚਾ ਸਕਦਾ ਸਾਂ, ਪਰ ਮੇਰੀ ਆਪਣੀ ਆਤਮਾ ਹੈ, ਜੋ ਕਿਸੇ ਨਿਜੀ ਸ਼ਾਨ ਦੀ ਅਭਿਲਾਸ਼ੀ ਨਹੀਂ, ਜੋ ਨਾ ਕਿਸੇ ਲਾਭ, ਨਾ ਕਿਸੇ ਧਮਕੀ, ਨਾ ਕਿਸੇ ਭਵਿਖ ਦੇ ਖ਼ਤਰੇ, ਇਥੋਂ ਤਕ ਕਿ ਮੌਤ ਦੇ ਭੈ ਦੀ ਵੀ ਚਿੰਤਾ ਨਹੀਂ ਹੈ, ਪਰ ਮੈਂ ਉਸ ਦਾ ਪ੍ਰਚਾਰ ਨਹੀਂ ਕਰਾਂਗਾ, ਜਿਸ ਨੂੰ 'ਸਚ' ਮੈਂ ਆਪ ਅਨੁਭਵ ਕਰਕੇ ਹੰਡਾਇਆ ਨਹੀਂ ਹੈ।

ਜੇ ਸਚ ਵਿਚ ਕੋਈ ਸ਼ਕਤੀ ਹੈ- ਅਤੇ ਯਕੀਨੀ ਤੌਰ ਤੇ ਇਸ ਵਿਚ ਅਨੰਤ ਸ਼ਕਤੀ ਹੈ ਤਾਂ ਸੁਆਮੀ ਰਾਮ ਤੀਰਥ ਦੇ ਚਲਾਏ ਹੋਏ ਨੇਕੀ ਦੇ ਜੀਵਨ ਮਾਰਗ ਦੇ ਆਦਰਸ਼ ਅਗੇ ਰਾਓ ਤੇ ਰੰਕ, ਸੰਸਾਰੀ ਤੇ ਸੰਨਿਆਸੀ (ਸਾਧੂ) ਸਭ ਸਿਰ ਝੁਕਾਉਣਗੇ ਅਤੇ ਸ਼ਰਧਾ ਪੂਰਵਕ ਉਸ ਨੂੰ ਪਰਵਾਨ ਕਰਨਗੇ। ਇਸ ਕੰਮ ਲਈ ਮੇਰੀ ਸਚੇ ਦਿਲੋਂ ਰੁਚੀ ਤੇ ਯੋਗਤਾ ਹੈ ਅਤੇ ਜੇ ਮੈਂ ਇਸ ਤੋਂ ਕਿਸੇ ਛੋਟੇ ਕਾਰਜ ਲਈ ਤੁਰ ਪਵਾਂ ਤਾਂ ਇਹ ਮੇਰੀ ਜਲਦਬਾਜ਼ੀ ਤੇ ਬੇ-ਸਬਰੀ ਹੋਵੇਗੀ।

ਇਹ ਸੰਦੇਸ਼ ਮੈਂ ਦੇਣਾ ਹੀ ਹੈ, ਨਹੀਂ ਤਾਂ ਬਚਪਨ ਤੋਂ ਹੀ ਮੇਰੇ ਅੰਦਰ ਇਹ ਇਛਾ ਉਤਪੰਨ ਹੀ ਨਾ ਹੁੰਦੀ। ਮੈਂ ਇਸ ਦਾ ਪ੍ਰਚਾਰ ਕਰਨਾ ਹੀ ਹੈ, ਨਹੀਂ ਤਾਂ ਮੈਨੂੰ ਆਪਣੇ ਮਾਂ ਬਾਪ, ਪਤਨੀ, ਬੱਚੇ, ਘਰ, ਸੰਸਾਰਕ ਪ੍ਰਤਿਸ਼ਠਾ ਤੇ (ਸੰਸਾਰੀ ਦ੍ਰਿਸ਼ਟੀ ਤੋਂ) ਇਕ ਚੰਗੇ ਭਵਿਖ ਦਾ ਤਿਆਗ ਕਰਨ ਦੀ ਕੀ ਲੋੜ ਸੀ- ਇਸ ਰੱਬੀ ਪ੍ਰੇਰਨਾ ਦੀ ਪ੍ਰਚੰਡ ਅਗਨੀ ਤੋਂ ਪ੍ਰਭਾਵ ਗ੍ਰਹਿਣ ਕਰਕੇ ਮੈਂ ਜੋ ਕੁਝ ਇਥੇ ਆਪ ਅਨੁਭਵ

ਕੀਤਾ ਹੈ, ਉਸ ਨੂੰ ਮੈਂ ਸੰਦੇਸ਼ ਰੂਪ ਵਿਚ ਸਾਹਸ ਪੂਰਵਕ, ਨਿਰਭੈ ਹੋ ਕੇ ਅਤੇ ਸਭ ਜਬਰ ਤੇ ਵਿਰੋਧਤਾਵਾਂ ਦੇ ਵਿਪਰੀਤ ਲੋਕਾਂ ਤਕ ਪਹੁਚਾਉਣਾ ਹੈ।

ਮੈਂ ਤੁਹਾਡੀ ਇਸ ਦਿਤੀ ਗਈ ਨੇਕ ਸਲਾਹ ਲਈ ਧੰਨਵਾਦੀ ਹਾਂ ਕਿ ਮੈਂ ਆਪਣੇ ਭਵਿਖ ਦੇ ਕਾਰਜਾਂ ਲਈ ਪੈਸੇ ਨੂੰ ਸਾਂਭ ਰਖਾਂ। ਗਾਉਂ ਦੇ ਨੇੜੇ ਮੁਰਲੀਧਰ ਗਾਰਡਨ ਤੋਂ ਲਿਖਿਆ ਗਿਆ ਹੈ। ਸੁਆਮੀ ਸ਼ਿਵ ਗੁਣਾਂ ਆਚਾਰੀਆ ਬਦਰੀ ਨਾਰਾਇਣ ਉਸ ਸਮੇਂ ਸੁਆਮੀ ਜੀ ਤੋਂ ਦੇਵ ਪਰਿਆਗ ਦੇ ਸਥਾਨ ਤੇ ਨਿਖੜ ਗਿਆ ਸੀ ਅਤੇ ਹੇਠਾਂ ਮੈਦਾਨਾਂ ਨੂੰ ਚਲੇ ਗਏ ਸਨ, ਪਰ ਸੁਆਮੀ ਰਾਮ ਤੀਰਥ ਇਕਾਂਤਵਾਸ ਲਈ ਟੀਹਰੀ ਪੁਜ ਗਏ ਸਨ। ਕਿਸ਼ਨਗੜ੍ਹ ਪਹੁੰਚ ਸੁਆਮੀ ਸ਼ਿਵ ਗੁਣਾਂ ਆਚਾਰੀਆ ਨੇ ਉਨ੍ਹਾਂ ਦੋਹਾਂ ਦੇ ਵਿਛੜਨ ਦੇ ਸਮੇਂ ਤੋਂ ਕਈ ਮਹੀਨੇ ਪਿਛੋਂ ਇਕ ਪੱਤਰ ਸੁਆਮੀ ਰਾਮ ਤੀਰਥ ਨੂੰ ਲਿਖਿਆ ਸੀ, ਜਿਸ ਵਿਚ ਉਨ੍ਹਾਂ ਨੂੰ ਮੈਦਾਨਾਂ ਵਿਚ ਆ ਕੇ ਪ੍ਰਚਾਰ ਦਾ ਕੰਮ ਛੇਤੀ ਸ਼ੁਰੂ ਕਰਨ ਲਈ ਬੇਨਤੀ ਕੀਤੀ ਗਈ ਸੀ। ਇਹ ਪੱਤਰ ਉਸ ਦੇ ਉਤਰ ਵਜੋਂ ਲਿਖਿਆ ਗਿਆ ਸੀ।

ਨੇਮ ਨਾਲ ਨਿਤ ਕਸਰਤ ਕਰਦਾ ਹਾਂ। ਸਿਹਤ ਚੰਗੀ ਹੈ। ਪੌਣਪਾਣੀ ਬਹੁਤ ਵਧੀਆ ਹੈ।

ਤੁਹਾਡੇ ਤੇ ਬਾਬੂ ਸਾਹਿਬ ਲਈ ਕਾਮਨਾ ਕਰਦਾ ਹਾਂ।

ਸ਼ਾਂਤੀ ! ਸ਼ਾਂਤੀ! ਸ਼ਾਂਤੀ!

ਰਾਮ ਤੀਰਥ ਸਵਾਮੀ।

ਹੇਠ ਲਿਖੇ ਪੱਤਰ ਸੁਆਮੀ ਨਾਰਾਇਣ ਨੂੰ ਲਿਖੇ ਗਏ ਸਨ ਅਤੇ ਇਨ੍ਹਾਂ ਨੂੰ ''ਸਦੀਵੀ ਜੀਵਨ ਦੇ ਨੇਮ'' ਸਿਰਲੇਖ ਥਲੇ ਪ੍ਰਕਾਸ਼ਤ ਕਰਨ ਲਈ ਸੰਖੇਪ ਰੂਪ ਦੇ ਕੇ ਸੰਕਲਿਤ ਕਰ ਦਿਤਾ ਗਿਆ ਸੀ। ਇਹ ਇਕ ਗਹਿਰ ਗੰਭੀਰ ਮਨ ਦੀ ਰਚਨਾ ਹੈ, ਜਿਨ੍ਹਾਂ ਨੂੰ ਸੁਆਮੀ ਰਾਮ ਤੀਰਥ ਨੇ ਅਮਰੀਕਾ ਵਾਪਸੀ ਪਿਛੋਂ ਲਿਖਿਆ ਸੀ। ਇਸ ਰਚਨਾ ਵਿਚ ਉਹ ਬੇਕਾਬੂ ਤੇ ਆਪ-ਮੁਹਾਰੀ ਖ਼ੁਸ਼ੀ ਦਾ ਪ੍ਰਗਟਾਉ ਨਹੀਂ ਹੈ, ਜੋ ਸੁਆਮੀ ਜੀ ਦੇ ਜਾਪਾਨ ਤੇ ਅਮਰੀਕਾ ਵਿਚ ਦਿਤੇ ਗਏ ਵਿਆਖਿਆਨਾਂ ਵਿਚ ਵਿਦਮਾਨ ਸਨ।

ਰਾਮ ਕਿਸੇ ਮਿਸ਼ਨ ਜਾਂ ਧਰਮ ਪ੍ਰਚਾਰ ਦਾ ਦਾਵਾ ਨਹੀਂ ਕਰਦਾ। ਇਹ ਕਾਰਜ ਤਾਂ ਪ੍ਰਭੂ ਦਾ ਆਪਣਾ ਕਾਰਜ ਹੈ। ਅਸੀਂ ਬੁਧ ਅਤੇ ਹੋਰਾਂ ਦੀਆਂ ਮਿਸਾਲਾਂ ਤੇ ਪਹਿਲਾਂ ਹੋ ਚੁਕੇ ਮਹਾਂਪੁਰਸ਼ਾਂ ਤੋਂ ਕੀ ਲੈਣਾ ਹੈ? ਸਾਡੀ ਆਤਮਾ ਵਿਚ ਇਸ ਨੇਮ ਦੇ ਸਿਧੇ ਜਾਂ ਪ੍ਰਤੱਖ ਪ੍ਰਤੀਕਰਮ ਜਾਗਰੂਪ ਹੋਣੇ ਚਾਹੀਦੇ ਹਨ। ਬੁਧ ਤੇ ਯਸੂਹ ਵਰਗੇ ਮਹਾਂਪੁਰਸ਼ਾਂ ਨੂੰ ਵੀ ਉਨ੍ਹਾਂ ਦੇ ਮਿਤਰਾਂ ਤੇ ਮੁਰੀਦਾਂ ਨੇ ਬੇਦਾਵਾ ਦੇ ਦਿਤਾ ਸੀ। ਇਸ ਪ੍ਰਕਾਰ ਆਪਣੇ ਸੱਤ ਸਾਲਾਂ ਦੇ ਬਨ ਨਿਵਾਸ ਵਿਚੋਂ ਅੰਤਮ ਦੋ ਸਾਲ ਬੁਧ ਇਕੱਲਾ ਹੀ ਰਿਹਾ। ਇਸ ਉਪਰੰਤ ਜਦੋਂ ਉਸ ਨੂੰ ਮਹਾਂ ਗਿਆਨ ਦਾ ਪ੍ਰਕਾਸ਼ ਹੋਇਆ ਤਾਂ ਹੀ ਮੁਰੀਦਾਂ ਦੀ ਭੀੜ ਉਸ ਦੇ ਗਿਰਦ ਆ ਜੁੜੀ ਅਤੇ ਉਸ ਵਲੋਂ ਵੀ ਉਨ੍ਹਾਂ ਦਾ ਸੁਆਗਤ ਕੀਤਾ ਗਿਆ। ਸਤਿਕਾਰ ਦੇ ਪਾਤਰ ਸਲਾਹਕਾਰਾਂ ਦੇ ਅਰਥ ਭਰਪੂਰ ਵਿਚਾਰਾਂ ਤੇ ਦ੍ਰਿਸ਼ਟੀਕੋਣਾਂ ਤੋਂ ਪ੍ਰਭਾਵਤ ਨਾ ਹੋਵੋ। ਜੇ ਉਨ੍ਹਾਂ ਦੇ ਵਿਚਾਰ ਇਸ 'ਮਹਾਂਨੇਮ' ਨਾਲ ਇਕਸੁਰ ਹੁੰਦੇ ਤਾਂ ਉਨ੍ਹਾਂ ਨੇ ਹੁਣ ਤਕ ਅਣਗਿਣਤ ਬੁਧ ਪੈਦਾ ਕਰ ਦੇਣੇ ਸਨ।

ਜਿਸ ਤਰ੍ਹਾਂ ਮਧੂਮੱਖੀ ਆਪਣੀਆਂ ਲੱਤਾਂ ਨਾਲੋਂ ਲਿਬੜੇ ਸ਼ਹਿਦ ਨੂੰ ਸਹਿਜੇ ਸਹਿਜੇ ਤੇ ਦ੍ਰਿੜ੍ਹ ਇਰਾਦੇ ਨਾਲ ਸਾਫ਼ ਕਰਦੀ ਹੈ, ਇਸੇ ਪ੍ਰਕਾਰ ਸਾਨੂੰ ਵਸਤੂ ਰੂਪਾਂ ਤੇ ਵਿਅਕਤੀਆਂ ਦੇ ਬੰਧਨਾਂ ਦੇ ਹਰ ਕਿਣਕੇ ਤੋਂ ਆਪਣੇ ਆਪ ਨੂੰ ਨਿਰਲੇਪ ਕਰਨਾ ਚਾਹੀਦਾ ਹੈ। ਇਕ ਤੋਂ ਪਿਛੋਂ ਦੂਜਾ ਬੰਧਨ ਤੋੜ ਦੇਣਾ ਚਾਹੀਦਾ ਹੈ; ਸੰਬੰਧ ਤੋੜ ਦੇਣੇ ਚਾਹੀਦੇ ਹਨ। ਅੰਤ, ਇਨ੍ਹਾਂ ਅਣਚਾਹੇ ਤਿਆਗਾਂ ਉੱਤੇ ਮ੍ਰਿਤੂ ਹੀ ਆ ਕੇ ਭਾਰੂ ਹੁੰਦੀ ਹੈ।

ਮਹਾਂਨੇਮ ਦਾ ਇਹ ਚੱਕਰ ਬੜੀ ਬੇਰਹਿਮੀ ਨਾਲ ਚਲਦਾ ਰਹਿੰਦਾ ਹੈ। ਜੋ ਇਸ ਨੇਮ ਨੂੰ ਧਾਰਨ ਕਰਕੇ ਇਸ ਸੰਸਾਰ ਵਿਚ ਵਿਚਰਦਾ ਹੈ, ਉਹ ਇਸ ਨੇਮ ਨੂੰ ਵੀ ਆਪਣੇ ਵਸੀਕਾਰ ਵਿਚ ਲੈ ਆਉਂਦਾ ਹੈ। ਜੋ ਆਪਣੀ ਇਛਾ ਨੂੰ ਪ੍ਰਭੂ ਇਛਾ ਦੇ ਪ੍ਰਤੀਕੂਲ ਸਥਾਪਤ ਕਰਨ ਦਾ ਯਤਨ ਕਰਦਾ ਹੈ। (ਜਿਸ ਨੂੰ ਅਸੀਂ ਇਥੇ 'ਮਹਾਂਨੇਮ' ਕਿਹਾ ਹੈ) ਅਵਸ਼ ਹੀ ਦਰੜਿਆ ਜਾਂਦਾ ਹੈ ਅਤੇ ਉਸ ਨੂੰ ਪ੍ਰੋਮੀਥੀਅਸ ਵਰਗੇ ਕਸ਼ਟ ਸਹਾਰਨੇ ਪੈਂਦੇ ਹਨ।

ਇਹ ਨੇਮ ਉਹ ਅਗਨੀ ਹੈ, ਜੋ ਸਾਰੇ ਸੰਸਾਰਕ ਬੰਧਨਾਂ ਨੂੰ ਭਸਮ ਕਰ ਦਿੰਦੀ ਹੈ। ਇਹ ਅਗਿਆਨੀ ਮਨ ਨੂੰ ਸੰਤਾਪ ਦਾ ਭਾਗੀ ਬਣਾਉਂਦੀ ਹੈ, ਪਰ ਅਜਿਹਾ ਕਰਕੇ ਵੀ ਇਹ ਮਨ ਨੂੰ ਸ਼ੁਧ ਕਰਦੀ ਹੈ ਅਤੇ ਆਤਮਾ ਨੂੰ ਪਲੇਗ ਦੇ ਉਨ੍ਹਾਂ ਜੀਵਾਣੂਆਂ ਤੋਂ ਬਚਾਉਂਦੀ ਹੈ, ਜੋ ਇਸ ਉਤੇ ਆਕਰਮਣ ਕਰਦੇ ਰਹਿੰਦੇ ਹਨ।

ਧਰਮ ਸਰਬ-ਵਿਆਪਕ ਹੈ ਅਤੇ ਸਜਿੰਦ ਰੂਪ ਵਿਚ ਸਾਡੀ ਹੋਂਦ ਨਾਲ ਜੁੜਿਆ ਹੋਇਆ ਹੈ, ਐਨ ਉਸੇ ਤਰ੍ਹਾਂ ਜਿਸ ਤਰ੍ਹਾਂ ਕਿ ਖਾਣ ਦੀ ਪ੍ਰਕਿਰਿਆ ਜੁੜੀ ਹੋਈ ਹੈ। ਇਕ ਨਾਸਤਕ ਨੂੰ ਇਸ ਪਾਚਣ ਪ੍ਰਕਿਰਿਆ ਦਾ ਬੋਧ ਨਹੀਂ ਹੈ ਕਿ ਇਹ ਕਿਸ ਤਰ੍ਹਾਂ ਕਿਰਿਆ ਕਰਦੀ ਹੈ। ਇਹ 'ਮਹਾਂਨੇਮ' ਸਾਨੂੰ ਤਲਵਾਰ ਦੀ ਧਾਰ ਉਤੇ ਧਾਰਮਿਕ ਬਣਾਉਂਦਾ ਹੈ। ਇਹ ਨੇਮ ਜਿੰਨਾ ਚਿਰ ਅਸੀਂ ਜਾਗਰੂਪ ਨਹੀਂ ਹੁੰਦੇ, ਸਾਨੂੰ ਕੁਟਾਪਾ ਚਾੜ੍ਹਦਾ ਰਹਿੰਦਾ ਹੈ। ਕੋਈ ਵੀ ਇਸ ਮਹਾਂਨੇਮ ਤੋਂ ਬਚ ਨਹੀਂ ਸਕਦਾ। ਇਹ ਨੇਮ ਸਤਿ ਹੈ, ਬਾਕੀ ਸਭ ਕੁਝ ਅਸਤਿ। ਸਮੱਸਤ ਰੂਪ ਤੇ ਨਾਮ (ਵਿਅਕਤੀ) ਇਸ ਮਹਾਂਨੇਮ ਦੇ ਮਹਾਂਸਾਗਰ ਉਤੇ ਬੁਲਬਲਿਆਂ ਸਮਾਨ ਹਨ। ਯਥਾਰਥ (ਸੱਚ) ਦੀ ਪਰਿਭਾਸ਼ਾ ਹੀ ਇਹ ਹੈ ਕਿ ਉਹ ਸਦਾ ਸਥਿਰ ਰਹਿਣ ਵਾਲਾ ਹੈ। ਕੋਈ ਵੀ ਸੰਸਾਰਕ ਵਸਤੂ, ਨਾ ਹੀ ਕੋਈ ਰਿਸ਼ਤੇ, ਨਾ ਹੀ ਸੰਸਥਾਵਾਂ ਤੇ ਸਭਾਵਾਂ, ਸੰਗਠਨ ਤੇ ਸਮਾਜ ਇਸ ਤਰ੍ਹਾਂ ਸੁਦ੍ਰਿੜ੍ਹ ਰੂਪ ਵਿਚ ਸਥਿਰ ਰਹਿ ਸਕਦੇ ਹਨ, ਜਿਸ ਤਰ੍ਹਾਂ ਕਿ ਇਹ ਧਾਰਮਿਕ ਨੇਮ ਰਹਿੰਦਾ ਹੈ।

ਇਸ ਆਦਰਸ਼ ਨੇਮ ਦੇ ਟਾਕਰੇ ਉਤੇ ਕਿਉਂ ਭਰਮ-ਗ੍ਰਸਤ, ਮੋੜ-ਦ੍ਰਿਸ਼ਟਤਾ ਵਾਲੇ ਜੀਵ ਦ੍ਰਿਸ਼ਟਮਾਨ ਵਿਅਕਤੀਆਂ ਨੂੰ ਪਿਆਰ ਕਰਦੇ ਹਨ? ਇਸ ਲਈ ਕਿਉਂ ਜੋ ਅਗਿਆਨ ਵਸ ਵਿਅਕਤੀਆਂ ਅਤੇ ਹੋਰ ਦ੍ਰਿਸ਼ਟਮਾਨ ਵਸਤੂਆਂ ਨੂੰ ਉਹ ਸਥਿਰ ਰਹਿਣ ਵਾਲਾ ਸਤਿ ਰੂਪ ਦਾ ਯਥਾਰਥ ਮੰਨਦੇ ਹਨ ਅਤੇ ਅਮੂਰਤ ਤੇ ਸੂਖਮ ਮਹਾਂਨੇਮ ਨੂੰ ਉਹ ਪਛਾਣ ਨਹੀ ਸਕਦੇ।

ਬੜੇ ਝਟਕਿਆਂ ਅਤੇ ਦੁਖਦਾਈ ਕਸ਼ਟਾਂ ਉਪਰੰਤ ਹੀ ਉਨ੍ਹਾਂ ਦਾ ਬਚਾਉ ਹੋ ਸਕਦਾ ਹੈ, ਉਹ ਵੀ ਤਦੋਂ ਜੇ ਉਹ ਉਸ ਸਿਖਿਆ ਨੂੰ ਗ੍ਰਹਿਣ ਕਰ ਲੈਣ, ਜੋ ਕਿ ਪ੍ਰਕਿਰਤੀ ਉਨ੍ਹਾਂ ਨੂੰ ਸਿਖਾਉਣਾ ਚਾਹੁੰਦੀ ਹੈ। ਉਹ ਉਪਦੇਸ਼ ਇਹ ਹੈ ਕਿ ਧਰਮ ਹੀ ਇਕ ਮਾਤਰ ਪਰਮ-ਯਥਾਰਥ ਹੈ ਅਤੇ ਹੋਰ ਵਸਤੂਆਂ ਤੇ ਵਿਅਕਤੀਆਂ ਦੇ ਮੋਹ ਬੰਧਨ ਸਭ ਛਾਂਈ ਮਾਂਈ ਹੋਣ ਵਾਲੇ ਮਾਇਆ ਜਾਲ ਕੇਵਲ ਪਰਛਾਵੇਂ ਅਤੇ ਕਲਪਤ ਭੂਤ ਪ੍ਰੇਤ ਹਨ। ਕੌੜਾ ਤੇ ਮਿੱਠਾ ਦ੍ਰਿਸ਼ਟਮਾਨ, ਦਿਸਦੀ ਪਿਸਦੀ ਸੁੰਦਰਤਾ ਅਤੇ ਸਭ ਵਿਕਰਾਲਤਾਵਾਂ ਕੇਵਲ ਉਸ ਬਿਹਾਰੀ (ਚੋਜੀ ਪ੍ਰੀਤਮ) ਦੇ ਮਖੌਟੇ ਹਨ, ਜੋ ਸਾਡੇ ਨੈਣਾਂ ਵਿਚ ਉਸ ਪ੍ਰਭੂ ਦੀ ਸ਼ਾਨ ਨੂੰ ਉਜਾਗਰ ਕਰਦੇ ਹਨ।

ਜਦੋਂ ਅਸੀਂ ਵੈਰੀ ਤੇ ਮੀਤ ਦੇ ਰੂਪਾਂ ਨੂੰ ਯਥਾਰਥ ਮੰਨਦੇ ਹਾਂ ਤਾਂ ਉਹ ਸਾਨੂੰ ਛਲ ਜਾਂਦੇ ਹਨ। ਇਹ ਸਥਿਤੀ ਹੋਰ ਵੀ ਉਸ ਸਮੇ ਵਿਗੜ ਜਾਂਦੀ ਹੈ, ਜਦੋਂ ਅਸੀਂ ਇਨ੍ਹਾਂ ਵਿਰੁਧ ਬਦਲਾ ਲੈਣ ਦੀ ਭਾਵਨਾ ਵਿਚ ਤਤਪਰ ਹੋ ਜਾਂਦੇ ਹਾਂ ਅਤੇ ਇਨ੍ਹਾਂ ਨਾਲ ਬੁਰੇ ਮੰਤਵ ਜੋੜ ਦਿੰਦੇ ਹਾਂ। ਉਨ੍ਹਾਂ ਦਾ ਸਾਡੇ ਪ੍ਰਤੀ ਅਵਿਸ਼ਵਾਸ ਇਸ ਕਾਰਣ

ਪ੍ਰਤੀਤ ਹੁੰਦਾ ਹੈ, ਕਿਉਂਜੋ ਅਸੀਂ ਉਨ੍ਹਾਂ ਨਾਲ ਪ੍ਰੇਮ ਦੀ ਭਾਵਨਾ ਜੋੜ ਲੈਂਦੇ ਹਾਂ, ਜੋ ਕਿ ਕੇਵਲ ਪ੍ਰਭੂ ਦਾ ਹੀ ਅਧਿਕਾਰ ਹੈ। ਫਿਰ ਜਦੋਂ ਉਨ੍ਹਾਂ ਨਾਲ ਨਾਰਾਜ਼ ਹੋ ਜਾਂਦੇ ਹਾਂ ਤਾਂ ਸਾਡੀ ਇਹ ਪਹਿਲੀ ਭੁਲ ਹੋਰ ਵੀ ਵਡੇਰਾ ਰੂਪ ਧਾਰਨ ਕਰ ਲੈਂਦੀ ਹੈ ਅਤੇ ਇਹ ਨਫਰਤ ਜੋ ਉਨ੍ਹਾਂ ਦੇ ਵਸਤੂ ਰੂਪਾਂ ਨਾਲ ਅਸੀਂ ਯਥਾਰਥ ਜਾਣ ਕੇ ਜੋੜਦੇ ਹਾਂ, ਇਸ ਨਾਲ ਸਾਡੇ ਦੁੱਖਾਂ ਤੇ ਕਲੇਸਾਂ ਵਿਚ ਵੀ ਵਾਧਾ ਹੋ ਜਾਂਦਾ ਹੈ। ਚੇਤੇ ਰਖੋ ! ਇਹ (ਸੰਪੂਰਨ ਤਿਆਗ, ਸ਼ਿਵ) ਜੀਵਨ ਦਾ ਅੰਤਮ ਉਦੇਸ਼ ਹੈ। ਇਹ ਇਕ ਜੀਵ ਯਥਾਰਥ ਹੈ, ਜੋ ਪੱਥਰਾਂ ਤੋਂ ਵੀ ਵਧੇਰੇ ਠਿਗਰ ਹੈ ਅਤੇ ਇਸ ਸ਼ਕਤੀ ਦਾ ਪ੍ਰਤੀਕ ਹੀ 'ਲਿੰਗਮ' ਹੈ। ਇਹ ਭੁਲਣਹਾਰ ਮਨ ਨੂੰ ਸਾਵਧਾਨ ਕਰਨ ਲਈ ਪੱਥਰਾਂ ਤੋਂ ਵੀ ਵਧੇਰੇ ਠਿਗਰ ਰੂਪ ਵਿਚ ਸਟ ਮਾਰਦਾ ਹੈ। ਇਸ ਲਈ ਨਿਰੰਤਰ ਇਸ ਦਾ ਧਿਆਨ ਧਰਣਾ ਹੀ ਆਵਸ਼ਕ ਤੇ ਪ੍ਰਾਣਵੰਤ ਤੱਤ ਹੈ।

ਮੁਸਲਮਾਨ ਤੇ ਈਸਾਈ ਧਰਮਾਂ ਵਾਲੇ ਇਸ ਨੇਮ ਅਤੇ ਪ੍ਰਭੂ ਨੂੰ ਗਯੂਰ (ਅਣਖੀਲਾ) ਅਤੇ ਕਹਾਰ (ਭਿਅੰਕਰ) ਮੰਨਦੇ ਹਨ। ਵਾਸਤਵ ਵਿਚ ਇਹ ਕਿਸੇ ਵਿਅਕਤੀ ਦਾ ਲਿਹਾਜ਼ ਨਹੀਂ ਕਰਦਾ। ਕੋਈ ਵੀ ਵਿਅਕਤੀ ਇਸ ਸੰਸਾਰ ਦੀ ਕਿਸੇ ਵਸਤੂ ਉਪਰ ਦਿਲ ਲਗਾ ਕੇ ਦੇਖ ਲਵੇ, ਉਸ ਨੂੰ ਪ੍ਰਕਿਰਤੀ ਦੀ ਸ਼ਕਤੀ ਦਾ ਕਰੋਪ ਅਵਸ਼ ਝਲਣਾ ਪਵੇਗਾ। ਜੋ ਲੋਕ ਇਸ ਸਚਾਈ ਨੂੰ ਸਮਝਣ ਵਿਚ ਮੰਦ-ਬੁਧ ਹਨ ਤਾਂ ਉਹ ਇਸ ਕਰਕੇ ਹੈ, ਕਿਉਂਜੋ ਉਨ੍ਹਾਂ ਕੋਲ ਠੀਕ ਨਿਰੀਖਣ ਸ਼ਕਤੀ ਦੀ ਯੋਗਤਾ ਨਹੀਂ ਹੈ। ਉਹ ਆਪਣੀ ਜਾਤ ਨਾਲ ਸੰਬੰਧਤ ਮਸਲਿਆਂ ਵਿਚ ਕਾਰਣ ਨੂੰ ਸਮੁਚੇ ਵਰਤਾਰੇ ਨਾਲ ਜੋੜ ਕੇ ਵੇਖਣਾ ਪਸੰਦ ਨਹੀਂ ਕਰਦੇ ਅਤੇ ਆਪਣੀਆਂ ਤਰੁਟੀਆਂ ਲਈ ਉਹ ਦੂਜਿਆਂ ਨੂੰ ਦੋਸ਼ੀ ਠਹਿਰਾਉਂਦੇ ਹਨ। ਇਕ ਮਨੋ ਵਿਗਿਆਨੀ ਵਾਂਗ ਉਹ ਆਪਣੇ ਅੰਦਰ ਦੀਆਂ ਮਾਨਸਿਕ ਭਾਵਨਾਵਾਂ ਤੇ ਉਤੇਜਨਾਵਾਂ ਦੇ ਮਨੋਵੇਗਾਂ ਦੀਆਂ ਮਨੋ-ਦਿਸ਼ਾਵਾਂ ਦਾ ਪੁਨਰ-ਪ੍ਰੀਖਣ ਜਾਂ ਵਿਸ਼ਲੇਸਣ ਨਿਰਪੱਖ ਰੂਪ ਵਿਚ ਨਹੀਂ ਕਰ ਸਕਦੇ, ਨਾ ਹੀ ਉਨ੍ਹਾਂ ਮਨੋ ਵਿਗਿਆਨਕ ਪ੍ਰਕਿਰਿਆਵਾਂ ਦਾ, ਜੋ ਇਨ੍ਹਾਂ ਉਕਤ ਦੋਸ਼ਾਂ ਦਾ ਫ਼ਲ ਹੋ ਸਕਦੀਆਂ ਹਨ। ਉਸ ਸਮੇਂ ਸਾਡੇ ਨਾਲ ਧੋਖਾ ਹੋ ਜਾਂਦਾ ਹੈ, ਜਦੋਂ ਅਸੀਂ ਰੂਪਾਂ ਉਤੇ ਭਰੋਸਾ ਕਰ ਲੈਂਦੇ ਹਾਂ ਅਤੇ ਆਪਣੇ ਦਿਲ ਦੀ ਤਹਿ ਵਿਚ ਕੁਝਾਵੀਆਂ ਵਸਤਾਂ ਤੇ ਵਿਅਕਤੀਆਂ ਨੂੰ ਉਹ ਸਥਾਨ ਦੇ ਦਿੰਦੇ ਹਾਂ, ਜਿਸ ਦਾ ਅਧਿਕਾਰ ਕੇਵਲ ਇਕ ਮਾਤਰ ਯਥਾਰਥ (ਸਤਿ) ਪ੍ਰਭੂ ਆਪ ਹੈ ਜਾਂ ਦੂਜੇ ਸ਼ਬਦਾਂ ਵਿਚ ਜਦੋਂ ਅਸੀਂ ਆਪਣੇ ਦਿਲ ਦੇ ਤਖ਼ਤ ਉਤੇ ਪ੍ਰਭੂ ਦੀ ਥਾਂ ਕਿਸੇ ਹੋਰ ਬੁਤ ਨੂੰ ਬਿਠਾ ਲੈਂਦੇ ਹਾਂ। ਇਸ ਦੇ ਅਨੁਕੂਲ ਤੇ ਪ੍ਰਤੀਕੂਲ ਹੋਣ ਦੀ ਵਿਧੀ ਉਤੇ ਹੀ ਨਾ

ਪਰਮਾਤਮਾ(ਜੋ ਪਰਮਾਤਮਾ ਨਹੀਂ ਹੈ) ਨਾਲ ਜੋੜਨ ਦੀ ਨਿਰਾਧਾਰ ਪ੍ਰਕਿਰਿਆ ਸਥਾਪਤ ਹੁੰਦੀ ਹੈ।

ਕਈ ਵਾਰ ਅਸੀਂ ਪੂਰਨ ਤੌਰ ਤੇ ਸਾਊ ਵਿਅਕਤੀ ਇਸ ਲਈ ਸਿਧ ਨਹੀਂ ਹੋ ਸਕਦੇ ਕਿਉਂਜੋ ਅਸੀਂ ਆਪਣੇ ਬਚਨਾਂ ਉੱਤੇ ਪੂਰੇ ਨਹੀਂ ਉਤਰ ਸਕਦੇ, ਆਪਣੇ ਦਿਲ ਵਿਚ ਉਨ੍ਹਾਂ ਦੇ ਵਾਇਦਿਆਂ ਨੂੰ ਟਿਕਾਈ ਬੈਠੇ ਹੁੰਦੇ ਹਾਂ ਅਤੇ ਉਨ੍ਹਾਂ ਦੇ ਇਕਰਾਰਾਂ ਵਿਚ ਰੱਬ ਤੋਂ ਵੀ ਵਧੇਰੇ ਭਰੋਸਾ ਰਖਣ ਲਗ ਪੈਂਦੇ ਹਾਂ। ਕਈ ਵਾਰ ਅਸੀਂ ਇਸ ਮਹਾਂਨੇਮ ਨੂੰ ਭੁਲਾ ਕੇ ਆਪਣੇ ਬਚਿਆਂ ਦੀ (ਆਤਮਕ) ਮੌਤ ਜਾਂ ਤਬਾਹੀ ਦਾ ਕਾਰਣ ਬਣਦੇ ਹਾਂ, ਕਿਉਂਜੋ ਅਸੀਂ ਉਨ੍ਹਾਂ ਦੇ ਸਰੀਰਾਂ (ਰੂਪਾਂ) ਨੂੰ ਪਿਆਰ ਕਰਨ ਲਗ ਪੈਂਦੇ ਹਾਂ। ਕਈ ਵਾਰ ਅਸੀਂ ਦੋਸਤਾਂ ਤੇ ਆਸ਼ਰਿਤ ਹੋ ਕੇ ਉਨ੍ਹਾਂ ਨੂੰ ਬੇ-ਵਫ਼ਾ ਬਣਾ ਲੈਂਦੇ ਹਾਂ ਅਤੇ ਉਨ੍ਹਾਂ ਦੀ ਜਾਤ ਉਤੇ ਇਤਨਾ ਭਰੋਸਾ ਰਖ ਲੈਂਦੇ ਹਾਂ, ਜਿਸ ਦਾ ਕਿ ਅਧਿਕਾਰੀ ਕੇਵਲ ਪ੍ਰਭੂ ਆਪ ਹੀ ਹੋ ਸਕਦਾ ਹੈ- ਜਿਵੇਂ ਕਿ ਦਵੈਖ ਦੇ ਨੇਮ ਅਨੁਸਾਰ ਪ੍ਰਭੂ ਸੁਚੇਤ ਜਾਂ ਅਣਖੀਲਾ ਹੈ। ਕਈ ਵਾਰ ਅਸੀਂ ਦੇਹਧਾਰੀ ਗੁਰੂਆਂ ਨੂੰ ਵੀ ਉਨ੍ਹਾਂ ਦੀਆਂ ਆਤਮਕ ਉਚਾਈਆਂ ਤੋਂ ਹੇਠਾਂ ਲੈ ਆਉਂਦੇ ਹਾਂ ਅਤੇ ਉਨ੍ਹਾਂ ਨੂੰ ਆਪਣੇ ਉਤੇ ਵਿਸ਼ਵਾਸ ਕਰਦੇ ਦਸਦੇ ਹਾਂ, ਉਨ੍ਹਾਂ ਉੱਤੇ ਭਰੋਸਾ ਰਖਦੇ ਹਾਂ, ਹਾਲਾਂਕਿ ਉਪਰਲੇ ਨਿਯਮ ਅਨੁਸਾਰ ਸਾਨੂੰ ਇਸ ਤੋਂ ਉਚੀ ਤੇ ਢੁਕਵੀਂ ਆਵਾਜ਼ ਵਿਚ ਇਸ ਤੋਂ ਇਨਕਾਰ ਕਰਨਾ ਚਾਹੀਦਾ ਹੈ। ਕਈ ਵਾਰ ਆਪਣੀਆਂ ਪਤਨੀਆਂ ਉਤੇ ਅਸੀਂ ਇਤਨਾ ਵਿਸ਼ਵਾਸ ਕਰ ਲੈਂਦੇ ਹਾਂ, ਜੋ ਪਿਛੋਂ ਜਾ ਕੇ ਘਰੇਗੀ ਝਗੜਿਆਂ ਦਾ ਕਾਰਣ ਬਣਦਾ ਹੈ, ਜਿਸ ਨਾਲ ਸਥਿਤੀ ਹੋਰ ਵੀ ਵਿਗੜ ਜਾਂਦੀ ਹੈ। ਜਦੋਂ ਤੁਸੀਂ ਕਿਸੇ ਵੀ ਚੀਜ਼ ਨੂੰ ਪ੍ਰਮਾਤਮਾ ਤੋਂ ਵਧੇਰੇ ਗੰਭੀਰਤਾ ਨਾਲ ਲੈਂਦੇ ਹੋ ਤਾਂ ਦੈਵੀ ਪ੍ਰੇਮ ਤੁਹਾਨੂੰ ਵਿੰਨ੍ਹ ਦੇਣ ਵਾਲੀ ਤੱਕਣੀ ਸਮਾਨ ਤੁਹਾਡੀ ਪਿਠ ਵਿਚ ਛੁਰਾ ਖੋਭ ਦੇਵੇਗਾ।

ਜੇ ਅਸੀਂ ਘਟ ਸਤਿਕਾਰ ਪੂਰਵਕ ਪ੍ਰੇਮ ਦੀ ਗੱਲ ਨਾ ਵੀ ਕਰੀਏ ਅਤੇ ਗੋਪੀਆਂ ਦਾ ਉਦਾਹਰਣ ਹੀ ਲੈ ਲਈਏ, ਜਿਨ੍ਹਾਂ ਨੇ ਨਿਰਾਲੇ ਪ੍ਰੀਤਮ (ਕ੍ਰਿਸ਼ਨ ਅਵਤਾਰ) ਨਾਲ ਆਪਣੇ ਦਿਲੀ ਪ੍ਰੇਮ ਦਾ ਰਿਸ਼ਤਾ ਜੋੜ ਲਿਆ ਸੀ, ਤਾਂ ਵੀ ਉਨ੍ਹਾਂ ਨੂੰ ਆਪਣੀ ਇਸ ਭੁਲ ਕਾਰਣ ਰੱਤ ਦੇ ਹੰਝੂ ਰੋਣੇ ਪਏ ਸਨ। ਪਵਿੱਤਰ ਪ੍ਰੇਮ ਦੀ ਸਾਖਸ਼ਾਤ ਮੂਰਤੀ ਸੀਤਾ ਨੇ ਰਾਮ ਦੇ ਸ਼ਾਨਦਾਰ ਸਰੂਪ ਨਾਲ ਮੋਹ ਤਾਂ ਪਾ ਲਿਆ, ਪਰ ਉਸ ਨੂੰ ਬਨਾਂ ਵਿਚ ਜਾ ਕੇ ਇਸ ਇਕ ਭੁਲ ਲਈ ਅਨੇਕ ਕਸ਼ਟ ਝਲਣੇ ਪਏ, ਕਿਉਂਜੋ ਅਰੂਪ ਰਾਮ ਜਾਂ ਅਣਖੀਲਾ ਰਾਮ ਉਸ ਦਾ ਅਸਲੀ ਪਤੀ ਜੋ ਹਰ ਅਤੇ ਸਭ ਦਾ ਸੁਆਮੀ ਹੈ, ਦੇ ਗੈਰਤਮੰਦ ਸੁਭਾਅ ਨੂੰ ਅਜਿਹੀ ਗੱਲ ਪਰਵਾਨ ਨਹੀਂ ਸੀ।

ਇਹ ਸੱਚ ਹੈ ਕਿ 'ਮੁਹੰਮਦ ਸਾਹਿਬ' ਨੂੰ ਠੀਕ ਤਰ੍ਹਾਂ ਸਮਝਿਆ ਨਹੀਂ ਗਿਆ ਅਤੇ ਗਲਤ ਢੰਗ ਨਾਲ ਹੀ ਉਨ੍ਹਾਂ ਦੇ ਮਾਰਗ ਉਤੇ ਤੁਰਿਆ ਜਾਂਦਾ ਰਿਹਾ ਹੈ, ਪਰ ਜਿਸ ਨੇ 'ਸੱਚ' ਦੇ ਦਰਸ਼ਨ ਕਰ ਲਏ ਹਨ, ਉਹ ਇਸ ਸੰਕਲਪ ਅਗੇ ਸਤਿਕਾਰ ਨਾਲ ਸਿਜਦਾ ਕਰਦਾ ਹੈ। ਭਾਵੇਂ ਇਹ ਇਸੇ ਤਰ੍ਹਾਂ ਦੀ ਗੱਲ ਹੈ ਕਿ 'ਸੱਚ' ਦੇ ਅਵਿਸ਼ਵਾਸ ਦੀ ਅਣਹੋਂਦ ਵਿਚ ਤਿਲ ਤਿਲ ਘੁਲ ਕੇ ਮਰਨ ਅਤੇ ਅਸਹਿ ਕਸ਼ਟ ਝਲਣ ਨਾਲੋਂ ਇਕ ਵਾਰ ਹੀ ਤਲਵਾਰ ਦੇ ਫਟ ਨਾਲ ਪਾਰ ਬੁਲਾਉਣ ਵਾਲੀ ਗੱਲ ਹੋ ਜਾਂਦੀ ਹੈ, "ਰੱਬ ਤੋਂ ਬਿਨਾਂ ਹੋਰ ਕੋਈ ਜਥਾਰਥ (ਸੱਚ) ਹੈ ਹੀ ਨਹੀਂ।" ਇਹੀ ਉਪਦੇਸ਼ ਵਿਵਹਾਰਕ ਰੂਪ ਵਿਚ ਹਜ਼ਰਤ ਈਸਾ ਦਿੰਦੇ ਹਨ, ਇਹੀ ਬੁਧ ਜੀ ਦਾ ਸੰਦੇਸ਼ ਹੈ, ਇਹੋ ਕੁਝ ਸਾਡੇ ਪੁਰਾਤਨ ਰਿਸ਼ੀ ਮੁੰਨੀ ਕਿਸੇ ਨਾ ਕਿਸੇ ਰੂਪ ਵਿਚ ਦ੍ਰਿੜਾਉਂਦੇ ਰਹੇ ਹਨ। ਪਰ ਜੇ ਇਨ੍ਹਾਂ ਉਪਦੇਸ਼ਾਂ ਜਾਂ ਉਦੇਸ਼ਾਂ ਨੂੰ ਉਨ੍ਹਾਂ ਵਿਅਕਤੀਆਂ ਵਲੋਂ ਸੁਹਿਰਦ ਹੁੰਗਾਰਾ ਨਾ ਮਿਲਦਾ, ਜਿਨ੍ਹਾਂ ਨੇ ਕਿ ਨਿਜ ਰੂਪ ਵਿਚ ਉਨ੍ਹਾਂ ਨੂੰ ਸੁਣਿਆ ਹੈ, (ਅਤੇ ਉਹ ਇਨ੍ਹਾਂ ਬਚਨਾਂ ਦੀ ਕਮਾਈ ਨਾ ਕਰਦੇ) ਤਾਂ ਇਹ ਸੰਦੇਸ਼ ਸਦੀਆਂ ਤਕ ਜੀਵਤ ਨਹੀਂ ਸਨ ਰਹਿ ਸਕਦੇ। ਜੇ ਯੁਗਾਂ ਯੁਗਾਂਤਰਾਂ ਵਿਚ ਇਸ 'ਮਹਾਂ ਪ੍ਰਕਾਸ਼' ਤੇ 'ਸੱਚ' ਦੇ ਜਿਗਿਆਸੂਆਂ ਨੇ ਇਨ੍ਹਾਂ ਨੂੰ ਆਪਣੇ ਦਿਲਾਂ ਵਿਚ ਵਸਾ ਕੇ ਇਨ੍ਹਾਂ ਨੂੰ ਪਰਖ ਨਿਰਖ ਕੇ ਅਤੇ ਬਾਰੰਮਬਾਰ ਇਨ੍ਹਾਂ ਨੂੰ ਪੁਨਰ ਰੂਪ ਵਿਚ ਭਾਲ ਨਾ ਕਰ ਲਈ ਹੁੰਦੀ ਤਾਂ ਇਹ ਬੀਤੇ ਦੀ ਗੱਲ ਬਣ ਜਾਂਦੇ।

ਸੰਨਿਆਸ ਦਾ ਮਾਰਗ ਇਕ ਕਰੜਾ ਯਥਾਰਥ ਹੈ। ਇਹ ਕੋਈ ਧੁੰਦਲਾ ਪਰਛਾਵਾਂ ਜਾਂ ਛਲਾਵਾ ਮਾਤਰ ਨਹੀਂ ਹੈ। ਪੈਗੰਬਰਾਂ, ਅਵਤਾਰਾਂ ਅਤੇ ਧਾਰਮਿਕ ਮਹਾਂਪੁਰਸ਼ਾਂ ਦੇ ਕੇਵਲ ਕਾਲਪਨਿਕ ਵਹਿਮਾਂ ਭਰਮਾਂ ਕਾਰਨ ਕੌਮਾਂ ਦੀਆਂ ਕੌਮਾਂ ਨੂੰ ਭਰਮਾਇਆ ਨਹੀਂ ਜਾ ਸਕਦਾ। ਕੇਵਲ ਖਬਤੀਆਂ ਦੀ ਕਲਪਨਾ ਦੇ ਆਸਰੇ ਸਦੀਆਂ ਦੀਆਂ ਸਦੀਆਂ ਨਹੀਂ ਲੰਘ ਸਕਦੀਆਂ।

ਲੋਕ ਆਪਣੇ ਦੁਖਾਂ ਦੇ ਅਸਲੀ ਕਾਰਣਾਂ ਤੋਂ ਤਾਂ ਜਾਣੂੰ ਨਹੀਂ ਹੁੰਦੇ ਜੋ 'ਨੇਮ' ਤੋਂ ਉਖੜ ਜਾਣ ਕਾਰਣ ਵਾਪਰਦੇ ਹਨ, ਪਰ ਉਹ ਆਪਣੇ ਰੋਗਾਂ ਦੇ ਬਾਹਰੀ ਚਿੰਨ੍ਹਾਂ ਨੂੰ ਕੋਸਦੇ ਰਹਿੰਦੇ ਹਨ, ਜੋ ਕਿ ਦ੍ਰਿਸ਼ਟਮਾਨ ਪ੍ਰਸਥਿਤੀਆਂ ਦੇ ਵਿਚ ਸਮਾਏ ਹੁੰਦੇ ਹਨ।

ਲੋਕਾਂ ਦੇ ਚੰਗੇ ਮੰਦੇ ਬਚਨ ਤੇ ਆਚਰਣ, ਚੇਤਨਾ ਪੱਟ ਤੋਂ ਮੇਸ ਦੇਣੇ ਚਾਹੀਦੇ ਹਨ, ਐਨ ਉਸੇ ਤਰ੍ਹਾਂ ਜਿਵੇਂ ਧੁੰਦਲੇ ਸੁਪਨੇ ਭੁਲ ਭੁਲਾ ਜਾਂਦੇ ਹਨ। ਸੁਪਨੇ ਡਰਾਉਣੇ ਵੀ ਹੋ ਸਕਦੇ ਹਨ ਤੇ ਸੁਖਾਵੇਂ ਵੀ, ਅਸੀਂ ਉਨ੍ਹਾਂ ਮੁਤਾਬਕ ਨਾ ਤਾਂ ਆਪਣੇ ਆਪ ਨੂੰ ਢਾਲਦੇ ਹਾਂ, ਨਾ ਹੀ ਉਨ੍ਹਾਂ ਵਿਰੁਧ ਰੋਸ ਪ੍ਰਗਟ ਕਰਦੇ ਹਾਂ, ਪਰ ਇਨ੍ਹਾਂ ਦਾ ਭਾਰ

ਵੀ ਸਾਡੇ ਮਿਹਦਿਆਂ ਉਪਰ ਪੈਂਦਾ ਹੈ। ਚੰਗੇ ਤੇ ਮੰਦੇ ਸੁਰਜਨ ਤੇ ਦੁਰਜਨ ਪੁਰਸ਼ ਜੋ ਸਾਨੂੰ ਨਿਤਾ ਪ੍ਰਤੀ ਦੇ ਜੀਵਨ ਵਿਚ ਮਿਲਦੇ ਗਿਲਦੇ ਹਨ, ਇਨ੍ਹਾਂ ਸਭ ਤੋਂ ਆਪਣੇ ਆਪ ਨੂੰ ਨਿਰਲੇਪ ਰਖਣਾ ਚਾਹੀਦਾ ਹੈ। ਇਸ ਨਾਲ ਸਾਡੀ ਆਤਮਕ ਦਸ਼ਾ ਵਿਚ ਸੁਧਾਰ ਹੁੰਦਾ ਹੈ। ਤੁਹਾਡੇ ਤੇ ਪਰਮਾਤਮਾ ਵਿਚਾਲੇ ਕੋਈ ਮੰਦੀ ਜਾਂ ਚੰਗੀ ਹੋਣੀ ਖੜੀ ਨਹੀਂ ਰਹਿਣੀ ਚਾਹੀਦੀ। ਕੋਈ ਵੀ ਅਪਮਾਨ ਦੀ ਗੱਲ ਨਹੀਂ ਹੈ, ਕੇਵਲ ਇਤਨਾ ਕਾਫ਼ੀ ਹੈ ਕਿ ਅਸੀਂ ਉਨ੍ਹਾਂ ਨੂੰ ਖਿਮਾਂ ਕਰ ਦੇਣ ਦੀ ਭਾਵਨਾ ਅਧੀਨ ਲਈਏ।

ਪਰਮਾਤਮਾ ਤੋਂ ਵਧੇਰੇ ਕਿਸੇ ਨੂੰ ਮੁਲਵਾਨ ਨਹੀਂ ਸਮਝਣਾ ਚਾਹੀਦਾ, ਨਾ ਹੀ ਮੁਲ ਵਿਚ ਕੋਈ ਪ੍ਰਭੂ ਦੇ ਤੁਲ ਹੈ। ਉਸਤਤ, ਨਿੰਦਾ ਅਤੇ ਰੋਗ ਵੀ ਜੇ ਸਾਡੇ 'ਆਪੇ' ਉਤੇ ਭਾਰੂ ਹੋ ਜਾਂਦੇ ਹਨ ਤਾਂ ਇਹ ਬੜੇ ਮਾਰੂ ਹਨ। ਆਪਣੇ ਆਪ ਨੂੰ ਪਰਮਾਤਮਾ ਦਾ ਰੂਪ ਸਮਝੋ ਅਤੇ ਅਨੰਦ ਮਗਨ ਹੋ ਕੇ ਉਸ ਦੇ ਮੰਗਲ ਗੀਤ ਗਾਓ। ਉਸਤਤ ਅਤੇ ਨਿੰਦਾ ਨੂੰ ਉਸੇ ਤਰ੍ਹਾਂ ਜਾਣੋ, ਜਿਵੇਂ ਰਾਮ ਸਰੀਰਕ ਪੀੜਾ ਨੂੰ ਪ੍ਰਭੂ ਦੇ ਹਰਕਾਰੇ ਸਮਝਦਾ ਹੈ, ਜੋ ਵਡੀ ਸਰਕਾਰ ਦਾ ਹੁਕਮ ਲੈ ਕੇ ਉਸ ਕੋਲ ਆ ਜਾਂਦੇ ਹਨ ਅਤੇ ਕਹਿੰਦੇ ਹਨ, ''ਇਸ ਸਰੀਰਕ ਚੇਤਨਾ ਵਾਲੇ ਘਰ ਵਿਚੋਂ ਇਕਦਮ ਬਾਹਰ ਹੋ ਜਾਓ!'' ਜਦੋਂ ਮੈਂ ਉਸ ਪ੍ਰਭੂ ਦੇ ਤਖ਼ਤ ਉਤੇ ਬਿਰਾਜਮਾਨ ਹੋ ਜਾਂਦਾ ਹਾਂ ਤਾਂ ਉਹ ਦਾਸਾਂ ਵਾਂਗ ਮੇਰਾ ਹੁਕਮ ਮੰਨਦੇ ਹਨ, ਪਰ ਜਦੋਂ ਸਰੀਰਕ ਚੇਤਨਾ ਦੇ ਇਸ ਢਾਂਚੇ ਵਿਚ ਪ੍ਰਵੇਸ਼ ਕਰ ਲੈਂਦਾ ਹਾਂ ਤਾਂ ਉਹ ਮੈਨੂੰ ਖੰਜਰ ਖੋਭ ਦਿੰਦੇ ਹਨ ਜਾਂ ਕੋਰੜੇ ਮਾਰਦੇ ਹਨ।

ਇਥੋਂ ਤਕ ਕਿ ਉਹ ਸਰਕਾਰਾਂ ਵੀ, ਜਿਨ੍ਹਾਂ ਦੇ ਅਖੌਤੀ ਕਾਨੂੰਨੀ 'ਤਰਸੂਲ' ਜਾਂ 'ਸਲੀਬ' ਦੇ ਰੱਬੀ ਨੇਮਾਂ ਅਨੁਸਾਰ ਨਹੀਂ ਹਨ, ਆਪਣੀ ਤਬਾਹੀ ਦਾ ਕਾਰਣ ਬਣਦੀਆਂ ਹਨ। ਸ਼ਾਈਲਾਕ[1] ਸਮਾਨ ਉਹ ਨਿਜੀ ਹੱਕਾਂ ਉਤੇ ਹੀ ਜੋਰ ਦਿੰਦੇ ਰਹਿੰਦੇ ਹਨ, ਇਹ ਮੇਰੀ ਹੈ, ਉਹ ਮੇਰੀ ਹੈ, ਇਹੋ ਰੋਣਾ ਰੋਂਦੇ ਰਹਿੰਦੇ ਹਨ। ਉਹ ਮਾਲਕੀ ਦੀ ਭਾਵਨਾ ਵਿਚ ਗੁਮੇ ਰਹਿੰਦੇ ਹਨ ਅਤੇ ਇਹ ਰਟ ਲਾਉਂਦੇ ਹਨ, ''ਇਹ ਮੇਰਾ ਕਾਨੂੰਨੀ ਹੱਕ'' ਹੈ। ਅਜਿਹੇ ਵਿਅਕਤੀ ਉਸ ਮਹਾਨ ਦੈਵੀ ਨੇਮ ਦੀ ਉਲੰਘਣਾ ਕਰਦੇ ਹਨ, ਜੋ ਕੇਵਲ ਇਹ ਮੰਨ ਕੇ ਤੁਰਦਾ ਹੈ, ਜਿਸ ਵਿਚ ਹਕ (ਸਰਵੁਚ ਅਧਿਕਾਰ) ਕੇਵਲ ਇਹ 'ਹਕ' (ਪਰਮਾਤਮਾ) ਹੀ ਸੱਚ ਹੈ, ਬਾਕੀ ਸਭ ਹਕ

1 ਸ਼ੈਕਸਪੀਅਰ ਦੇ ਨਾਟਕ 'ਵੀਨਸ ਦੇ ਸੌਦਾਗਰ' ਯਹੂਦੀ ਪ੍ਰਤੀਨਾਇਕ

(ਅਧਿਕਾਰ) ਗਲਤ ਹਨ। ਜੇ ਹੋਰ ਕੋਈ ਇਸ ਨੇਮ ਨੂੰ ਨਹੀਂ ਮੰਨਦਾ ਤਾਂ ਸੰਨਿਆਸੀ ਨੂੰ ਤਾਂ ਇਸ ਨੂੰ ਆਪਣੇ ਅਮਲੀ ਜੀਵਨ ਦਾ ਭਾਗ ਬਣਾਉਣਾ ਹੀ ਚਾਹੀਦਾ ਹੈ।

ਇਹ ਮਹਾਂਨੇਮ ਸਰਵ-ਵਿਆਪਕ ਹੈ, ਇਹ ਸਭ ਦਾ ਉਚੇਰਾ 'ਆਪਾ' ਹੈ ਅਤੇ ਇਨ੍ਹਾਂ ਅਰਥਾਂ ਵਿਚ ਹੀ ਇਹ 'ਰਾਮ' ਦਾ ਰੂਪ ਹੈ। ਇਸ ਰਾਮ ਰੂਪੀ ਚੇਤਨਾ ਅਰਥਾਤ ਸਾਡੇ ਉਚੇਰੇ ਆਪੇ ਵਲੋਂ ਛੁਟੇਰੇ ਆਪੇ ਨੂੰ ਠੁੱਡੇ ਮਾਰ ਮਾਰ ਕੇ ਬਾਹਰ ਕਢ ਦੇਣਾ ਚਾਹੀਦਾ ਹੈ। ਇਹ ਗੱਲ ਤਾਂ ਬੜੀ ਜ਼ਾਲਮਾਨਾ ਪ੍ਰਤੀਤ ਹੁੰਦੀ ਹੈ, ਪਰ ਇਹ ਇਸ ਦੀ ਨਿਰਦੈਤਾ ਹੀ 'ਪ੍ਰੇਮ' ਦਾ ਸਾਰ ਤੱਤ ਹੈ, ਕਿਉਂਜੋ ਦ੍ਰਿਸ਼ਟਮਾਨ ਆਪੇ ਦੀ ਇਸ ਮੌਤ ਵਿਚ ਹੀ ਸੱਚੇ (ਉਚੇਰੇ) 'ਆਪੇ' ਦਾ ਪੁਨਰ-ਉਥਾਨ ਹੁੰਦਾ ਹੈ, ਜੋ ਕਿ ਸਦੀਵੀ ਜੀਵਨ ਦੇਂਦਾ ਹੈ, ਜਿਹੜਾ ਵਿਅਕਤੀ ਇਸ ਕੁੜਾਵੇ ਨੂੰ ਆਪਣੇ ਨਾਲ ਚੰਬੇੜੀ ਰਖਦਾ ਹੈ ਅਤੇ ਸ਼ਾਹੀ (ਉਚੇਰੇ ਤੇ ਸਚਾਵੇ) ਆਪੇ ਦੇ ਸਰਵੁਚ ਅਧਿਕਾਰ ਉਸ ਨਾਲ ਜੋੜ ਦਿੰਦਾ ਹੈ, ਉਸ ਨੂੰ ਅਵਸ਼ ਅਭਿਮਾਨ ਦੀਆਂ ਟੀਸੀਆਂ ਉਪਰ ਗਿਰਝਾਂ ਨੋਚ ਨੋਚ ਕੇ ਖਾ ਜਾਣਗੀਆਂ। ਵੇਦਾਂਤ ਦੀ ਸੁਤੰਤਰਤਾ ਤੋਂ ਇਹ ਭਾਵ ਕਦਾਚਿਤ
ਨਹੀਂ ਕਿ ਇਹ ਸਾਨੂੰ ਸਾਡੇ ਸੀਮਤ ਆਪੇ ਅਰਥਾਤ ਸਰੀਰ ਅਤੇ ਵਿਅਕਤਿਤ੍ਵ ਦੇ ਸਥੂਲ ਆਪੇ ਤੋਂ ਸੁਰਖਿਆ ਪ੍ਰਦਾਨ ਕਰੇ ਸਗੋਂ ਇਹ ਪ੍ਰਮਾਤਮਾ ਨੂੰ ਉਲਟਾ ਪ੍ਰਵਾਹਤ ਕਰਨ ਦੇ ਤੁਲ ਹੋ ਜਾਂਦਾ ਹੈ। ਇਸੇ ਗਲਤੀ ਕਾਰਣ ਲੱਖਾਂ ਹੀ ਵਿਅਕਤੀ ਆਪਣੇ ਆਪ ਨੂੰ ਹਰ ਘੜੀ ਤਬਾਹ ਕਰ ਰਹੇ ਹਨ। ਹਜ਼ਾਰਾਂ ਬੰਦੇ ਇਸੇ ਕਾਰਣ ਨਿਰਾਸ਼ਾਵਾਦ ਦਾ ਸ਼ਿਕਾਰ ਹੋ ਜਾਂਦੇ ਹਨ ਅਤੇ ਹਜ਼ਾਰਾਂ ਦਿਲ ਹਰ ਮਿੰਟ ਇਸੇ ਕਾਰਣ ਟੁੱਟ ਜਾਂਦੇ ਹਨ ਕਿ ਅਸੀਂ ਮੂਰਖਾਂ ਹਾਰ ਇਸ ਨੇਮ ਦੀ ਗਤੀ ਨੂੰ ਉਲਟਾ ਫੇਰ ਦਿੰਦੇ ਹਾਂ। ਇਸ ਨੇਮ ਤੋਂ ਸਤੁੰਤਰਤਾ ਕੇਵਲ ਇਸ ਨੇਮ ਦੇ ਰੂਪ ਹੋ ਜਾਣ ਜਾਂ ਇਸ ਦੇ ਅਨੁਸਰਣ ਵਿਚ ਹੀ ਹੈ, ਇਹੀ 'ਸ਼ਿਵਮ' ਦੀ ਅਨੁਭੂਤੀ ਹੈ।

ਇੰਦਰੀਆਂ ਦਾ ਛਲਾਵਾ ਜੋ ਕਿ ਰੂਪਾਂ ਤੇ ਆਕਾਰਾਂ ਨੂੰ ਹੀ ਗਿਣਤੀ ਵਿਚ ਲਿਆਉਂਦਾ ਹੈ ਅਤੇ ਝਗ ਦੀਆਂ ਨੀਹਾਂ ਉਤੇ ਹੀ ਸਭ ਕੁਝ ਉਸਾਰਦਾ ਤੇ ਛੇਖਦਾ ਹੈ ਜਾਂ ਫਿਰ ਉਹ ਚਟਾਨਾਂ ਵਰਗੇ ਦਿਲਾਂ ਉਤੇ ਇਹ ਉਸਾਰੀ ਕਰਦਾ ਹੈ, ਪਰ ਇਸ ਦੇ ਵਿਪਰੀਤ :-

ਪਰਮਾਤਮਾ 'ਯਥਾਰਥ' ਹੈ,
ਸੰਸਾਰ ਮਿਥਿਆ
ਅਤੇ ਇਹ ਮਹਾਂ ਨੇਮ ਹੀ ਇਕ ਸਜੀਵ ਸ਼ਕਤੀ ਹੈ।

ਵੈਦਿਕ ਕਾਲ ਵਿਚ, ਕੁਝ ਵਿਸ਼ੇਸ਼ ਅਵਸਰਾਂ ਉਤੇ , ਕੰਵਾਰੀਆਂ ਕੰਨਿਆਵਾਂ (ਹਵਨ ਦੀ ਅੱਗ) ਅਗਨੀ ਦੁਆਲੇ ਹੱਥ ਜੋੜ ਕੇ ਬੈਠ ਜਾਂਦੀਆਂ ਸਨ। ਅਗਨੀ ਦੀਆਂ ਲਾਟਾਂ ਵਲ ਮੂੰਹ ਕਰਕੇ ਇੰਝ ਗਾਉਂਦੀਆਂ ਸਨ: ''ਆਉ, ਉਸ ਮਹਿਕਾਂ ਭਰੇ ਪ੍ਰੀਤਮ ਦੀ ਅਰਾਧਨਾ ਵਿਚ ਜੁੜ ਜਾਈਏ, ਜੋ ਸਭ ਨੂੰ ਵੇਖਦਾ ਹੈ, ਸਭ ਦਾ ਜਾਣਨਹਾਰਾ ਪਤੀ ਹੈ। ਜਿਵੇਂ ਬੀਜ ਨਾੜ ਤੋਂ ਆਜ਼ਾਦ ਹੋ ਜਾਂਦਾ ਹੈ, ਤਿਵੇਂ ਅਸੀਂ ਪੇਕੇ ਘਰ ਦੇ ਬੰਧਨਾਂ ਤੋਂ ਮੁਕਤ ਹੋ ਜਾਈਏ, ਪਰ ਪਤੀ ਦੇਵ ਦੇ ਘਰ ਨਾਲ ਸਦਾ ਜੁੜੇ ਰਹੀਏ।''

ਪੁਰਾਤਨ ਆਰੀਆ ਦੀਆਂ ਇਨ੍ਹਾਂ ਕੰਜ-ਕੰਵਾਰੀਆਂ ਦੇ ਦਿਲਾਂ ਵਿਚੋਂ ਨਿਕਲੀ ਪ੍ਰਾਰਥਨਾ ਸਮਾਨ ਰਾਮ ਦੇ ਦਿਲ ਵਿਚੋਂ ਵੀ ਇਹ ਅਰਦਾਸ ਹੰਝੂਆਂ ਭਿਜੀ ਅਵਸਥਾ ਵਿਚ ਨਿਕਲ ਰਹੀ ਹੈ, ਨਾਲੋ ਨਾਲ ਹੰਝੂ ਛਮ ਛਮ ਵਗੀ ਜਾ ਰਹੇ ਹਨ।

ਹੇ ਪ੍ਰਭੂ! ਹੇ ਮਹਾਂਨੇਮ ! ਹੇ ਸੱਚ! ਮੇਰਾ ਇਹ ਸਿਰ ਤੇ ਦਿਲ ਦੋ ਫ਼ਕ ਹੋ ਜਾਵੇ, ਜੇ ਤੇਰੇ ਤੋਂ ਬਿਨਾਂ ਕੋਈ ਹੋਰ ਇਸ ਵਿਚ ਆ ਸਮਾਵੇ। ਜੇ ਤੇਰੇ ਤੋਂ ਬਿਨਾਂ ਮੇਰੇ ਸਰੀਰ ਦੀਆਂ ਨਾੜੀਆ ਵਿਚ ਕੋਈ ਹੋਰ ਵਿਚਾਰ ਗੇੜੇ ਲਾਵੇ ਤਾਂ ਮੇਰੀ ਰੱਤ ਤੁਰੰਤ ਜਮ ਜਾਵੇ। ਇਕ ਹੋਰ ਸਰੁਤੀ ਹੈ:-

''ਹੇ ਮਹਾਂਨੇਮ! ਹੇ ਸੁਤੰਤਰਤਾ ! ਜਿਵੇਂ ਇਕ ਇਸਤਰੀ ਆਪਣੇ ਪੁਰਸ਼ (ਪਤੀ) ਬਾਰੇ ਸੋਚਦੀ ਹੈ, ਤਿਵੇਂ ਪ੍ਰਭੂ ਮੈ ਤੇਰਾ ਧਿਆਨ ਧਰਾਂ, ਤੈਨੂੰ ਆਪਣੇ ਹੋਰ ਨੇੜੇ, ਹੋਰ ਨੇੜੇ ਖਿਚ ਕੇ ਲੈ ਆਵਾਂ, ਤੇਰੇ ਅੰਕ ਸਮਾ ਕੇ ਤੇਰੇ ਹੋਠਾਂ, 'ਚੋਂ ਉਹ ਅੰਮ੍ਰਿਤ ਰਸ ਪੀ ਲਵਾਂ, ਜੋ ਮੇਰੇ ਗਰਭਾਸ ਅੰਦਰ ਤੇਰਾ ਸਰੂਪ ਪ੍ਰਦਾਨ ਕਰ ਦੇਵੇ !''

ਕੀ ਰਾਮ ਤ੍ਰਿਸੂਲ ਨਾਲ ਪ੍ਰਣਾਇਆ ਹੋਇਆ ਨਹੀਂ ਹੈ? ਉਹ ਸੱਚ ਤੇ ਮਹਾਂ ਨੇਮ ਨਾਲ ਵਿਆਹਿਆ ਹੋਇਆ ਹੈ। ਕੀ ਹਾਲੀ ਵੀ ਇਕ ਹਰਜਾਈ ਸਮਾਨ ਉਸ ਤੋਂ ਆਸ ਰਖੀ ਜਾਂਦੀ ਹੈ ਕਿ ਉਹ ਹੋਰਾਂ ਨਾਲ ਨਾਤਾ ਜੋੜ ਕੇ ਰਖੇਗਾ?

ਉਹ ਤਾਂ ਮੀਰਾ ਸਮਾਨ ਕਹਿੰਦਾ ਹੈ: ''ਮੀਰਾਂ ਕੇ ਪ੍ਰਭ ਗਿਰਧਰ ਨਾਗਰ, ਦੂਸਰਾ ਨਾ ਕੋਇ।''

ਲੋਕ ਰੱਬ ਨਾਲ ਪ੍ਰੇਮ ਪਾਉਣ ਤੋਂ ਝਿਜਕਦੇ ਹਨ, ਕਿਉਂਜੋ ਉਨ੍ਹਾਂ ਦਾ ਖ਼ਿਆਲ ਹੈ ਕਿ ਸੰਸਾਰ ਦੀ ਕਿਸੇ ਕਲਪਿਤ ਵਸਤੂ ਨਾਲ ਪ੍ਰੇਮ ਪਾਉਣ ਦੇ ਟਾਕਰੇ ਉਤੇ ਰੱਬ ਵਲੋਂ ਇਸ ਦਾ ਕੋਈ ਹੁੰਗਾਰਾ ਨਹੀ ਮਿਲੇਗਾ। ਇਹ ਤਾਂ ਇਕ ਪ੍ਰਕਾਰ ਦਾ ਅਗਿਆਨ ਹੈ, ਜੋ ਉਨ੍ਹਾਂ ਨੂੰ ਭਰਮਾਂ ਵਿਚ ਪਾਈ ਰਖਦਾ ਹੈ। ਪਿਆਰੇ! ਇਹ ਗੱਲ ਨਹੀਂ ਹੈ।

ਉਸ ਦੀਆਂ ਛਾਤੀਆਂ ਤਾਂ ਇਕਦਮ ਮੇਰੇ ਹਉਕਿਆਂ ਨਾਲ ਸਾਂਝ ਪਾ ਕੇ ਮੇਰੇ ਨਾਲ ਧੜਕਣ ਲਗ ਪੈਂਦੀਆਂ ਹਨ, ਮੇਰੇ ਪ੍ਰੇਮ ਦਾ ਹੁੰਗਾਰਾ ਭਰਦੀਆਂ ਹਨ।

ਸ਼ਤਰੂਆਂ ਤੇ ਮਿਤਰਾਂ ਵਿਚ ਉਨ੍ਹਾਂ ਦੇ ਦ੍ਰਿਸ਼ਟਮਾਨ ਵਿਵਹਾਰ ਜਾਂ ਆਚਰਣ ਦੇ ਗੁਣਾਂ, ਔਗੁਣਾਂ ਦੇ ਕਾਰਣਾਂ ਨੂੰ ਨਾ ਤੱਕੋ। ਅਸਲੀ ਕਾਰਣ ਤਾਂ ਤੁਹਾਡੇ ਆਪੱਣੇ ਨਿਜ ਵਿਚ ਸਮਾਏ ਹੋਏ ਹਨ।

ਜ਼ਰਾ ਬਾਹਰ ਤਾਂ ਤੱਕੋ ! ਇਕ ਨੰਨ੍ਹਾ ਪੰਛੀ ਉਡਣਾ ਸਿਖ ਰਿਹਾ ਹੈ, ਕਦੀ ਇਕ ਰੋੜੇ ਤੇ ਬੈਠਦਾ ਹੈ ਤੇ ਕਦੀ ਦੂਜੀ ਟਹਿਣੀ ਉਤੇ ਜਾ ਬਹਿੰਦਾ ਹੈ, ਕਦੀ ਉਡ ਕੇ ਕਿਸੇ ਹੋਰ ਟੇਕ ਉਤੇ ਜਾ ਚਹਿਕਦਾ ਹੈ, ਫਿਰ ਹੋਰ ਕਿਸੇ ਉਤੇ ਆਦਿ ਉਹ ਧਰਤੀ ਦੀਆਂ ਇਨ੍ਹਾਂ ਵਸਤੂਆਂ ਦੇ ਆਸਰੇ ਨੂੰ ਪੂਰੇ ਤੌਰ ਤੇ ਤਿਆਗ ਕੇ ਆਕਾਸ਼ ਵਿਚ ਉਚੀ ਉਡਾਰੀ ਨਹੀਂ ਲਾਉਂਦਾ, ਇਸੇ ਤਰ੍ਹਾਂ ਬ੍ਰਹਮ-ਗਿਆਨ ਦੇ ਨਵੇਂ ਜਿਗਿਆਸੂ ਕਿਸੇ ਇਕ ਨਾਲੋਂ ਆਪਣਾ ਨਾਤਾ ਤੋੜਦੇ ਹਨ, ਕਿਸੇ ਦੂਸਰੇ ਵਲੋਂ ਉਪਰਾਮ ਹੋ ਜਾਂਦੇ ਹਨ, ਫਿਰ ਜਲਦੀ ਹੀ ਕਿਸੇ ਹੋਰ ਨਾਲ ਸਬੰਧ ਜੋੜ ਲੈਂਦੇ ਹਨ, ਫਿਰ ਕਿਸੇ ਹੋਰ ਭਰਮ ਦਾ ਸ਼ਿਕਾਰ ਹੋ ਜਾਂਦੇ ਹਨ ਅਤੇ ਉਸ ਵਸਤੂ ਨੂੰ ਚੰਬੜ ਜਾਂਦੇ ਹਨ, ਉਹ ਕੰਮਜ਼ੋਰ ਟਾਹਣੇ ਦਾ ਆਸਰਾ ਨਹੀਂ ਛਡਦੇ ਅਤੇ ਆਪਣੇ ਦਿਲ ਵਿਚ ਧਰਤੀ ਦੇ ਸਾਰੇ ਮੋਹ ਨੂੰ ਤਿਆਗਦੇ ਨਹੀਂ ਹਨ। ਪਰ ਇਕ ਅਨੁਭਵੀ ਗਿਆਨੀ-ਪੁਰਸ਼ ਇਸ ਸੰਸਾਰ ਦੇ ਦ੍ਰਿਸ਼ਟਮਾਨ ਅਵਿਸ਼ਵਾਸਾਂ ਦਾ ਇਕਦਮ ਤਿਆਗ ਕਰ ਦਿੰਦਾ ਹੈ ਅਤੇ ਉਹ ਇਨ੍ਹਾਂ ਵਸਤੂਆਂ ਨੂੰ ਇਕ ਸਹਾਰਾ ਬਣਾ ਕੇ ਅਨੰਤ ਵਿਚ ਉਚੀ ਉਡਾਰੀ ਲਈ ਵਰਤਦਾ ਹੈ। ਧਰਮ ਦੀ ਕਲਾ ਤਾਂ ਇਹੋ ਹੈ ਕਿ ਆਪਣੇ ਅਨੁਭਵ ਦੇ ਹਰ ਖੰਡ ਨੂੰ ਅਨੰਤ ਵਿਚ ਉਡਾਰੀ ਮਾਰਨ ਲਈ ਅਧਾਰ ਵਜੋਂ ਵਰਤਿਆ ਜਾਵੇ। ਇਸ ਦੀਆਂ ਵਸਤਾਂ ਤਾਂ ਸਭ ਭਿੰਨ ਭਿੰਨ ਟੁਕੜੇ ਹਨ, ਜਦੋਂ ਉਹ ਬਾਹਰੀ ਤੌਰ ਤੇ ਇਨ੍ਹਾਂ ਦਾ ਤਿਆਗ ਕਰਦਾ ਹੈ ਤਾਂ ਉਹ ਅੰਤਰੀਵ ਤੌਰ ਤੇ ਵੀ ਇਨ੍ਹਾਂ ਦਾ ਤਿਆਗ ਕਰਨ ਨੂੰ ਆਪਣੇ ਅੰਦਰਲੇ ਚਿੰਨ੍ਹ ਤੇ ਨਿਸ਼ਾਨ ਬਣਾ ਲੈਂਦਾ ਹੈ।

ਉਹ ਅਤਿ ਘਿਰਣਾਯੋਗ ਪਾਤਰ ਹੈ, ਜੋ ਦਿਲ ਅੰਦਰ ਧੱਸ ਜਾਣ ਵਾਲੇ ਇਸ ਮਹਾਂ ਸੱਚ ਨੂੰ ਸਵੀਕਾਰ ਨਹੀਂ ਕਰਦਾ ਕਿ ਵਿਅਕਤਿਤਵ ਦੇ ਸਵਾਰਥ ਦੀ ਮੌਤ ਹੀ ਜੀਵਨ ਦਾ ਮਹਾਂਨੇਮ ਹੈ। ਤ੍ਰਿਸ਼ੂਲ ਇਸ ਵਿਅਕਤਿਤਵ ਦੇ ਗੁਣਾਂ ਔਗੁਣਾਂ ਨੂੰ ਝਾੜ, ਤੇ ਛੰਡ ਦਿੰਦਾ ਹੈ। ਸਦੀਵੀ ਜੀਵਨ ਦੀ ਪ੍ਰਾਪਤੀ ਅਤੇ ਪੁਨਰ-ਉਥਨ ਲਈ ਵਿਅਕਤੀਗਤ ਗੁਣਾਂ ਔਗੁਣਾਂ ਦੀ ਇਹ ਝਾੜ ਛੰਡ ਕਰਨੀ ਹੀ ਪੈਂਦੀ ਹੈ। ਤੁਸੀਂ ਇਸ ਸਦੀਵੀ ਜੀਵਨ ਨੂੰ ਮਾਣੋਂ ! ਅਲਵਿਦਾ!

ਹੇਠਾਂ ਕੁਝ ਉਹ ਪੱਤਰ ਦਿਤੇ ਜਾਂਦੇ ਹਨ, ਜੋ ਸੁਆਮੀ ਜੀ ਨੇ ਭਾਰਤ ਵਿਚ ਕਈਆਂ ਸਥਾਨਾਂ ਦੀ ਯਾਤਰਾ ਕਰਦੇ ਸਮੇਂ ਵਖ ਵਖ ਲੋਕਾਂ ਨੂੰ ਲਿਖੇ ਸਨ।

ਮੁਜ਼ਫਰਨਗਰ,

18 ਅਕਤੂਬਰ, 1905

ਮੇਰੇ ਪਿਆਰੇ,[1]

ਵਿਸ਼ਾਲ ਹਿਰਦੇ,

ਹੱਥਾਂ ਨੂੰ ਮਲੀ ਹੋਈ ਸੁਆਹ ਤਨ ਨੂੰ ਸਾਫ ਕਰ ਦਿੰਦੀ ਹੈ। ਇਸੇ ਤਰ੍ਹਾਂ, ਸਰੀਰਕ ਕਸ਼ਟ ਜਦੋਂ ਸਾਡੇ ਅੰਦਰਲੀ 'ਚਰਮ ਚੇਤਨਾ' ਨਾਲ ਰਗੜਾਂ ਖਾਂਦੇ ਹਨ ਤਾਂ ਉਹ ਤਿੰਨ ਗੁਣਾਂ ਵਰਦਾਨ ਸਿਧ ਹੁੰਦੇ ਹਨ।

ਪੀੜਾ ਤੇ ਕਸ਼ਟ ਤੇਰਾ ਸੁਆਗਤ ਹੈ!

ਇਸ ਘਟ ਵਿਚ ਜਿਤਨਾ ਚਿਰ ਤਕ ਇਹ ਲੋਥ ਮੌਜੂਦ ਹੈ, ਤਾਂ ਹਰ ਤਰ੍ਹਾਂ ਦੇ ਕੀੜੇ ਕਿਰਮਾਂ ਦਾ ਖ਼ਤਰਾ ਜ਼ਰੂਰ ਬਣਿਆ ਰਹੇਗਾ; ਜਦੋਂ ਇਹ ਲਾਸ਼ ਉਠਾਈ ਜਾਏਗੀ ਤਾਂ ਉਚਤਮ ਅਰੋਗਤਾ ਦਾ ਪਹਿਰਾ ਸਥਾਪਤ ਹੋ ਜਾਵੇਗਾ। ਇਸ ਤਰ੍ਹਾਂ ਜਿਨਾ ਚਿਰ ਤਕ ਅਸੀਂ ਸਰੀਰਕ, ਚੇਤੰਨਤਾ ਨਾਲ ਮੋਹ ਪਾਈ ਰਖਾਂਗੇ, ਉਨਾ ਚਿਰ ਅਸੀਂ ਸੰਸਾਰ ਦੇ ਹਰ ਰੋਗ ਨੂੰ ਸੱਦਾ ਦਿੰਦੇ ਰਹਾਂਗੇ। ਜੇ ਇਸ ਸੰਸਾਰ ਤੇ ਇਸ ਦੇ ਬੰਧਨਾਂ ਨੂੰ ਜਲਾ ਦਿਉ ਤਾਂ ਇਕਦਮ ਸਾਡੇ ਅੰਦਰ ਬੇ-ਮਿਸਾਲ ਸਰਵ-ਅਧਿਕਾਰਤਾ ਦੀ ਭਾਵਨਾ ਜਾਗਰੂਪ ਹੋ ਜਾਵੇਗੀ।

ਵਾਹ! ਵਾਹ!
ਨਾ ਸਾੜਾ, ਨਾ ਡੈ,
ਮੈਂ ਪਿਆਰਿਆਂ ਦਾ ਪਿਆਰਾ!
ਨਾ ਕੋਈ ਪਾਪ, ਨਾ ਕੋਈ ਗ਼ਮ;
ਨਾ ਭੂਤ, ਨਾ ਭਵਿੱਖ।

---

1 ਇਹ ਪੱਤਰ ਸੁਆਮੀ ਰਾਮ ਨੇ ਕਰਤਾ (ਪੂਰਨ) ਨੂੰ ਲਿਖਿਆ ਸੀ।

ਵਿਦਵਾਨ ਮਹਾਂਪੁਰਸ਼ ਜੋ ਆਪਣੀਆਂ ਤੋਂਦਾਂ ਸਵਾਰਦੇ ਵਾਲ ਦੀ ਖੱਲ ਲਾਹੁੰਦੇ ਹਨ।

ਐਣਕਾਂ ਵਾਲੇ ਪ੍ਰੋਫੈਸਰ ਜੋ ਪ੍ਰਯੋਗਸ਼ਾਲਾ ਤੇ ਨਿਰੀਖਣਸ਼ਾਲਾ ਵਿਚ ਆਪਣੇ ਅਭੋਲ ਵਿਦਿਆਰਥੀਆਂ ਨੂੰ ਆਪਣੇ ਗਿਆਨ ਦੁਆਰਾ ਹੈਰਾਨ ਕਰ ਦਿੰਦੇ ਹਨ।

ਗੰਜੇ ਸਿਰਾਂ ਵਾਲੇ ਬੁਲਾਰੇ, ਜੋ ਮੰਚਾਂ ਉਤੇ ਖੜ ਕੇ ਆਪਣੇ ਸਰੋਤਿਆਂ ਨੂੰ ਮੁਗਧ ਕਰ ਦਿੰਦੇ ਹਨ, ਇਥੋਂ ਤਕ ਕਿ ਵਿਚਾਰੇ ਧਨੀ ਲੋਕ ਜੋ ਕਦੀ ਇਕ ਤਰ੍ਹਾਂ ਦੀ ਸ਼ਿਕਾਇਤ ਕਰਦੇ ਹਨ, ਕਦੀ ਦੂਜੇ ਤਰ੍ਹਾਂ ਦੀ ਆਦਿ (ਇਹ ਸਭ ਝੇੜੇ ਮੁਕ ਜਾਂਦੇ ਹਨ)।

ਮੈਂ ਤਾਂ ਹੁਣ ਇਹ ਕੁਝ ਹਾਂ।
ਆਕਾਸ਼, ਸਿਤਾਰੇ,
ਨੇੜੇ ਤੇ ਦੂਰ ਦੇ ਸਗਲ ਖੰਡ ਬ੍ਰਹਿਮੰਡ,
ਮੇਰੇ ਸਾਂਵੇਂ ਸਭ ਲਟਕ ਗਏ ਹਨ
ਅਤੇ ਮੇਰੇ ਗੀਤ ਦੀ ਟੇਕ ਉਤੇ ਗਾ ਰਹੇ ਹਨ।
ਨਾ ਮੇਰਾ ਕੋਈ ਸ਼ਰੀਕ ਹੈ, ਨਾ ਦੁਸ਼ਮਣ !
ਨਾ ਕੋਈ ਜ਼ਖ਼ਮ, ਨਾ ਗ਼ਮ !
ਨਾ ਕੋਈ ਮੈਨੂੰ ਨੁਕਸਾਨ ਪੁਚਾ ਸਕਦਾ ਹੈ।
ਨਾ ਕੋਈ ਮੈਨੂੰ ਡਰਾ ਧਮਕਾ ਸਕਦਾ ਹੈ।
ਮੇਰੀ ਮਿੱਠੀ ਆਤਮਾ ਵਿਚ ਅੰਮ੍ਰਿਤ ਬੂੰਦ ਵਰ੍ਹ ਰਹੀ ਹੈ।
ਆਹ ! ਇਹੋ ਤਾਂ ਪਰਮ- ਅਰੋਗਤਾ ਹੈ।
ਕਲ ਕਲ ਕਰਦੀਆਂ ਨਦੀਆਂ,
ਖ਼ੁਸ਼ੀਆਂ ਭਰੇ ਸੁਪਨੇ,
ਸਭ ਖ਼ੁਸ਼ਬੋਆਂ ਤੇ ਸੁਗੰਧੀਆਂ ਵੰਡਦੇ,
ਰਾਵਣ ਤੇ ਰਾਮ,
ਕਿੰਨੇ ਪਵਿਤਰ, ਕਿੰਨੇ ਸ਼ਾਂਤ!
ਮੈਂ ਹਾਂ, ਹਾਂ ਮੈਂ!

ਰਾਮ

ਓਮ.!

(ਦਾਰਜੀਲਿੰਗ ਦਾ ਇਕ ਖੰਡ)

30 ਅਗਸਤ, 1905

ਅਨੰਦ! ਅਸ਼ੀਰਵਾਦ! ਸ਼ਾਂਤੀ! ਪ੍ਰੇਮ!

ਸਰਵੁਚ ਰੂਪ ਵਿਚ ਵਰੋਸਾਈ ਅਤਿ ਪਿਆਰੀ (ਆਤਮਾ)[1]

ਤਿੰਨ ਮਹੀਨੇ ਰਾਮ ਸੰਸਾਰ ਦੀ ਸਭ ਤੋਂ ਉਚੀ ਪਰਬਤ ਚੋਟੀ (ਐਵਰੈਸਟ) ਦੇ ਸਾਹਮਣੇ ਬੰਨੇ (8,000 ਫੁਟ) ਉਚੀ ਪਰਬਤ ਸਿਖਰ ਉਤੇ ਡੇਰਾ ਲਾਈ ਬੈਠਾ ਰਿਹਾ ਹੈ। ਪਰਸੋਂ ਨੂੰ ਉਹ ਹੇਠਾਂ ਮੈਦਾਨਾਂ ਵਲ ਚਲਾ ਜਾਵੇਗਾ। ਇਥੇ ਪੰਜ ਪੁਸਤਕਾਂ ਲਿਖੀਆਂ ਅਤੇ ਵੀਹ ਪੁਸਤਕਾਂ ਪੜ੍ਹੀਆਂ ਹਨ।

ਰਾਮ ਦਾ ਮਨ ਅਨੰਦ ਤੇ ਸ਼ਾਂਤੀ ਨਾਲ ਨਕੋ ਨਕ ਭਰਪੂਰ ਹੈ।

ਇਝ ਜਾਪਦਾ ਹੈ, ਜਿਵੇ ਸੰਸਾਰ ਪੂਰੀ ਤਰ੍ਹਾਂ ਮਨ ਵਿਚੋਂ ਅਲੋਪ ਹੋ ਚੁਕਾ ਹੈ।

ਪਰਮਾਤਮਾ ! ਹਰ ਥਾਂ ਪਰਮਾਤਮਾ ਹੀ ਵਿਆਪਕ ਹੈ!

ਅੰਦਰ ਵੀ, ਬਾਹਰ ਵੀ, ਨੇੜੇ ਵੀ ਤੇ ਦੂਰ ਵੀ !

ਹੇ ਅਨੰਦ!

ਹੇ ਵਜਦ ਵਿਚ ਲੈ ਆਉਣ ਵਾਲੀ ਸ਼ਾਂਤੀ !

ਲਹਿਰਦੀ ਖ਼ੁਸ਼ੀ ਤਰੰਗ

ਕੈਸਾ ਸਵਰਗਧਾਮ ਹੈ!

ਸ਼ਾਂਤੀ! ਅਸ਼ੀਰਵਾਦ! ਪ੍ਰੇਮ!

ਆਤਮਕ, ਮਾਨਸਕ ਅਤੇ ਸਰੀਰਕ ਅਰੋਗਤਾ, ਜੋ ਕੁਝ ਵੀ ਸ਼ੁਭ ਹੋ ਸਕਦਾ ਹੈ, ਉਹ ਸਭ ਕੁਝ ਗਿਰਜਾ, ਚੰਪਾ ਤੇ ਹੋਰ ਸਭ ਲਈ ਜੋ ਤੁਹਾਨੂੰ ਅਤਿ ਪਿਆਰੀਆਂ ਹਨ।

ਅਮਰ ਸ਼ਾਂਤੀ ਹੈ ਪਈ ਵਰ੍ਹਦੀ।
ਰਾਗ ਅੰਮ੍ਰਿਤ ਬੂੰਦਾਂ ਦਾ ਛਿੜਿਆ।
ਮੀਂਹ ਪਿਆ ਵਰ੍ਹਦਾ ਕਿਣਮਿਣ! ਕਿਣਮਿਣ!

1 ਇਹ ਪੱਤਰ ਮਿਸੇਜ਼ ਵਿਟਮੈਨ ਨੂੰ ਲਿਖਿਆ ਗਿਆ ਸੀ।

ਸ਼ਾਨ ਮੇਰੀ ਦੇ ਮੇਘਲੇ, ਵੇਖੋ ਖ਼ੁਸ਼ੀ ਵਿਚ ਨੇ ਤੁਰਦੇ ਜਾਂਦੇ!
ਵਿਚ ਇਸ ਸੰਸਾਰ ਹੀਰਿਆਂ ਪੰਨਿਆਂ ਦਾ ਮੀਂਹ ਵਰ੍ਹਦਾ
ਕਿਣਮਿਣ ! ਕਿਣਮਿਣ!
ਮਹਾਂਨੇਮ ਦੀ ਪਵਨ ਮਿਠੜੀ
ਤਾਲ ਦੇ ਅੰਦਰ ਲਹਿਰ ਰਹੀ ਹੈ, ਲਹਿਰ ਰਹੀ ਹੈ!
ਵਰਖਾ ਹੁੰਦੀ ਕਿਣਮਿਣ! ਕਿਣਮਿਣ!
ਮਹਿਕਾਂ ਲੱਦੇ ਸਵਾਸਾਂ ਵਿਚੋ
ਮਹਾਂਨੇਮ ਦੀ ਪਵਨ ਲਹਿਰਦੀ,
ਪਰਮ-ਸੁੰਦਰਤਾ ਵਹਿੰਦੀ ਜਾਂਦੀ,
ਝੂਲ ਰਹੇ ਕੁਝ ਵਸਤੂ ਏਦਾਂ,
ਲੈਣ ਹੁਲਾਰੇ ਲਵੀਆਂ ਲਗਰਾਂ,
ਕੁਝ ਇਸ ਤਰ੍ਹਾਂ ਵਰ੍ਹ ਰਹੇ ਨੇ
ਜਿਦਾਂ ਸੂਖਮ ਫ਼ੁੱਲ ਦੇ ਤੁਪਕੇ,
ਛਹਿਬਰ ਲਗੀ ਕਿਣਮਿਣ! ਕਿਣਮਿਣ!
ਨਦਰ ਕਰਮ ਦੀ ਦ੍ਰਿਸ਼ਟੀ ਸਦਕਾ,
ਚਿੱਟਾ ਸਾਗਰ ਠਾਠਾਂ ਮਾਰੇ
ਦੂਧੀਆ ਲਹਿਰਾਂ ਲੈਣ ਹੁਲਾਰੇ।
ਸ਼ਾਂਤ ਰਸ ਲਹਿਰਾਂ ਦਾ ਮੰਡਲ
ਲਹਿਰ ਰਿਹਾ ਹੈ! ਲਹਿਰ ਰਿਹਾ ਹੈ!
ਇਸ ਦੇ ਅੰਦਰੋਂ ਉਛਲਣ ਛਲਾਂ
ਪੈ ਰਹੀ ਜਿਵੇਂ ਫੁਹਾਰ!
ਅੰਦਰ ਇਸ ਸੰਸਾਰ,
ਤਾਰਿਆਂ ਦੀ ਵਰਖਾ ਪਈ ਹੁੰਦੀ,
ਕਿਣਮਿਣ! ਕਿਣਮਿਣ!
ਰਿਮਝਿਮ! ਰਿਮਝਿਮ!

ਓਮ !ਓਮ ! ਓਮ!

ਸ਼ਾਂਤੀ! ਅਸ਼ੀਰਵਾਦ! ਪ੍ਰੇਮ! ਅਨੰਦ ! ਅਨੰਦ!

(ਦਾਰਜੀਲਿੰਗ ਦਾ ਇਕ ਖੰਡ)

ਸਰਵੁਚ ਰੂਪ ਵਿਚ ਵਰੋਸਾਈ ਅਤਿ ਪਿਆਰੀ ਰੱਬਤਾ,[1]

ਤੁਹਾਨੂੰ ਪਤਾ ਹੀ ਹੈ ਕਿ ਰਾਮ ਮਸੂਰੀ ਤੋਂ ਹਜ਼ਾਰਾਂ ਮੀਲਾਂ ਦੀ ਦੂਰੀ ਉਤੇ ਪਰਬਤਾਂ ਵਿਚ ਹੈ। ਬੰਗਾਲ ਦੇ ਜੰਗਲਾਤ ਵਿਭਾਗ ਦੇ ਅਧਿਕਾਰੀਆਂ ਦੇ ਇਕ ਪੁਰਾਣੇ ਘਰ ਵਿਚ ਰਾਮ ਇਸ ਸਮੇਂ ਨਿਵਾਸ ਰਖ ਰਿਹਾ ਹੈ। ਇਹ ਸਥਾਨ ਰੇਲ ਮਾਰਗ ਤੋਂ ਬਹੁਤ ਦੂਰ ਹੈ, ਡਾਕਖ਼ਾਨੇ ਦੀ ਪਹੁੰਚ ਤੋਂ ਵੀ ਪਰੇ ਹੈ, ਨਾ ਕੋਈ ਯਾਤਰੂ ਤੇ ਨਾ ਕੋਈ ਬੁਲਾਉਣ ਵਾਲਾ ਇਥੇ ਪੁਜ ਸਕਦਾ ਹੈ, ਇਸ ਦੇ ਆਲੇ ਦੁਆਲੇ ਸੰਸਾਰ ਦੇ ਸਭ ਤੋਂ ਸੁੰਦਰ ਦ੍ਰਿਸ਼ ਪਸਰੇ ਹੋਏ ਹਨ, ਸੁੰਦਰ ਕੂਲ੍ਹਾਂ ਅਤੇ ਝਰਨੇ ਨੇੜੇ ਹੀ ਵਗਦੇ ਰਹਿੰਦੇ ਹਨ। ਜਦੋਂ ਮੌਸਮ ਸਾਫ਼ ਹੁੰਦਾ ਹੈ ਤਾਂ ਸੰਸਾਰ ਦੀ ਸਭ ਤੋਂ ਉਚੀ ਚੋਟੀ ਐਵਰੈਸਟ ਦਾ ਅਦਭੁਤ ਨਜ਼ਾਰਾ ਸਾਫ਼ ਸਾਫ਼ ਦਿਖਾਈ ਦਿੰਦਾ ਹੈ। ਬਣਾਂ ਵਿਚ ਰਹਿੰਦੇ ਪਹਾੜੀਏ ਇਥੇ ਵੀ ਰਾਮ ਲਈ ਤਾਜ਼ਾ ਦੁੱਧ ਲੈ ਕੇ ਪੁਜ ਜਾਂਦੇ ਹਨ। ਰਾਮ ਬਣਾਂ ਦੀ ਸੈਰ ਕਰਕੇ ਅਤੇ ਪੁਸਤਕਾਂ ਪੜ੍ਹ ਕੇ ਆਪਣਾ ਸਮਾਂ ਸਫਲਾ ਕਰਦਾ ਹੈ।

ਨਾਮ, ਪ੍ਰਸਿੱਧੀ , ਇਛਾਵਾਂ, ਧਨ ਪਦਾਰਥ, ਪ੍ਰਾਪਤੀਆਂ ਅਤੇ ਹੋਰ ਸਭ ਕੁਛ ਕੀ ਕੀ ਹਨ ਇਹ ਸਭ ਕੁਛ ਉਸ ਅਵਸਥਾ ਦੇ ਟਾਕਰੇ ਵਿਚ ਹੇਚ ਹੈ, ਜੋ ਸਾਨੂੰ ਬਣਾਂ ਵਿਚ ਇਕੱਲਿਆਂ ਪ੍ਰਭੂ ਪ੍ਰੀਤਮ ਨਾਲ ਵਿਚਰ ਕੇ ਪ੍ਰਾਪਤ ਹੁੰਦੀ ਹੈ। ਅਸੀਂ ਜੋ ਕਰਮ ਕਰਦੇ ਹਾਂ, ਉਸ ਨਾਲ ਮੋਹ ਪਾ ਕੇ ਕਿਉਂ ਸੰਤਾਪ ਦੇ ਭਾਗੀ ਬਣ ਜਾਂਦੇ ਹਾਂ?

ਆਉ, ਆਪਣੇ ਅੰਦਰ ਦੈਵੀ ਗੁਣਾਂ ਨੂੰ ਧਾਰਣ ਕਰੀਏ। ਤੜਕਸਾਰ ਦੀ ਪਵਨ ਰੁਮਕਦੀ ਹੈ। ਉਸ ਨੂੰ ਕੋਈ ਚਿੰਤਾ ਨਹੀਂ ਹੁੰਦੀ ਕਿ ਕਿੰਨੇ ਕਿਹੋ ਜਿਹੇ ਫੁੱਲ ਖਿੜਦੇ ਹਨ। ਇਹ ਤਾਂ ਕੇਵਲ ਹਰਇਕ ਉਤੇ ਇਕ ਸਮਾਨ ਝੁਲਦੀ ਰਹਿੰਦੀ ਹੈ ਅਤੇ ਉਹ ਕਲੀਆਂ, ਜਿਨ੍ਹਾਂ ਦੇ ਮੂੰਹ ਖੁਲ੍ਹਣ ਲਈ ਪੂਰਨ ਰੂਪ ਵਿਚ ਤਿਆਰ ਹੁੰਦੇ ਹਨ, ਆਪਣੇ ਆਪ ਅੱਖਾਂ ਖੋਲ੍ਹ ਲੈਂਦੀਆਂ ਹਨ। ਸ਼ੇਰਾਂ ਦੇ ਘੁਰਨੇ, ਦਾਵਾਨਲ, ਹਨੇਰ ਕੋਠੜੀਆਂ, ਭੁਚਾਲਾਂ ਦੇ ਝਟਕੇ, ਚਟਾਨਾਂ ਦਾ ਡਿਗਣਾ, ਤੂਫ਼ਾਨ, ਯੁੱਧ ਖੇਤਰ ਅਤੇ ਮੂੰਹ ਟੱਡੀ ਖੜੀਆਂ ਕਬਰਾਂ ਆਦਿ ਸਭ ਕੁਛ ਜੇ ਸਾਡੇ ਨਾਲ ਪ੍ਰਭੂ ਪ੍ਰੀਤਮ ਦਾ ਸਾਥ ਹੈ ਤਾਂ

---

1 ਇਹ ਪੱਤਰ ਮਿਸੇਜ਼ ਵਿਟਮੈਨ ਨੂੰ ਲਿਖਿਆ ਗਿਆ ਸੀ।

ਸ਼ਾਨ ਸ਼ੌਕਤ, ਇੱਜ਼ਤ ਮਾਣ, ਤਖ਼ਤ ਤਾਜ, ਐਸ਼ਵਰਜ ਦੇ ਸਾਧਨ, ਲਾਮ ਲਸ਼ਕਰ ਆਦਿ ਸਭ ਨਾਲੋਂ ਬਹੁਤ ਹੀ ਮਿਠੜੇ ਲਗਦੇ ਹਨ। ਇਨ੍ਹਾਂ ਦੀ ਸੰਗਤ ਵਿਚ ਮਨੁੱਖ ਆਪਣੇ ਆਪ ਵਿਚ ਹੀ ਨਹੀਂ ਹੁੰਦਾ ਅਤੇ ਅੰਦਰ ਦੀ ਇਕਾਂਤ ਵਿਚ ਉਸ ਪ੍ਰਭੂ ਤੋਂ ਇਕ ਛਿਣ ਲਈ ਵੀ ਵੱਖਰਾ ਨਹੀਂ ਹੋ ਸਕਦਾ। ਵਾਹ! ਮਿਲ ਚੁਕੀ ਮੰਜ਼ਲ ਦੀ ਕਿੰਨੀ ਖ਼ੁਸ਼ੀ ਹੁੰਦੀ ਹੈ। ਹਲਕੇ ਫੁਲਕੇ ਕਦਮਾਂ ਨਾਲ ਅਸੀਂ ਅਗੇ ਤੁਰਦੇ ਜਾਂਦੇ ਹਾਂ ਅਤੇ ਹਰ ਕਦਮ ਸਾਡਾ ਨਿਸ਼ਾਨਾ ਬਣ ਜਾਂਦਾ ਹੈ। ਹਰ ਰਾਤ ਸਾਡੇ ਸਰੀਰ ਦੀ ਮੌਤ ਹੁੰਦੀ ਹੈ ਅਤੇ ਹਰ ਪ੍ਰਭਾਤ ਨਵੇਂ ਜੀਵਨ ਦਾ ਆਰੰਭ।

ਮਿਤਰੋ, ਅਲਵਿਦਾ ਮੈਂ ਜਾਂਦਾ ਹਾਂ।
ਇਹ ਵਿਸ਼ਵ ਮਹਿਲ ਮੇਰੇ ਲਈ ਬੜਾ ਸੌੜਾ ਹੈ।
ਮੈਂ ਤੇ ਮੇਰਾ ਪ੍ਰੀਤਮ ਹੀ ਇਥੇ ਖੇਡ ਸਕਦੇ ਹਾਂ।
ਉਸ ਨਾਲ ਇਕੱਠੇ ਰਲ ਕੇ ਤੁਰਨ ਦਾ ਕਿੰਨਾ ਸੁਆਦ ਹੈ
ਨਹੀਂ ਨਹੀਂ,
ਮਿਲ ਕੇ ਤੁਰਨ ਵਾਲਾ ਤਾਰੂ ਮਹਾਂਸਾਗਰ ਦੇ
ਮਹਾਂ ਅਨੰਦ ਵਿਚ ਹੀ ਘੁਲ ਮਿਲ ਜਾਂਦੇ ਹਨ!

ਅਨੰਦ ! ਅਨੰਦ!

ਓਮ!

ਤੁਹਾਡਾ ਆਪਣਾ ਨਿਜ ਸਰੂਪ

ਰਾਮ

ਓਮ!

ਵਸਿਸ਼ਟ ਆਸ਼ਰਮ,

27 ਮਾਰਚ, 1906

ਸਰਵੁਚ ਰੂਪ ਵਿਚ ਵਰੋਸਾਈ ਤੱਕੜਾ,[1]

---

1 ਇਹ ਪੱਤਰ ਰਾਏ ਸਾਹਿਬ ਬ੍ਰਿਜ ਨਾਥ ਨੂੰ ਸੰਬੋਧਤ ਹੈ।

ਮੇਰੇ ਵਲ ਸ਼ਾਂਤੀ ਦੀ ਨਦੀ ਵਹਿ ਰਹੀ ਹੈ।
ਸ਼ਾਂਤੀ ਜਿਵੇਂ ਇਹ ਪਵਨ ਸਮਾਨ ਮੈਨੂੰ ਛੋਹ ਰਹੀ ਹੋਵੇ।
ਸ਼ਾਂਤੀ ਗੰਗਾ ਸਮਾਨ ਵਹਿ ਰਹੀ ਹੈ।
ਇਹ ਮੇਰੇ ਰੋਮ ਰੋਮ ਵਿਚੋਂ ਵਹਿੰਦੀ ਹੈ।
ਇਸ ਸ਼ਾਂਤੀ ਦੇ ਸਾਗਰ ਦੀਆਂ ਉਛਲਦੀਆਂ ਲਹਿਰਾਂ,
ਸਭ ਦੇ ਹਿਰਦਿਆਂ ਅਤੇ ਮਸਤਕਾਂ ਉਪਰ
ਛੱਡ ਜਾਣ

ਓਮ ਅਨੰਦ! ਓਮ ਖ਼ੁਸ਼ੀ! ਓਮ ਸ਼ਾਂਤੀ!

ਇਹ ਆਸ਼ਰਮ ਹਿੰਮ ਰੇਖਾ ਤੋਂ ਉਪਰ ਹੈ। ਰਾਮ ਦੀ ਗੁਫ਼ਾ ਦੇ ਹੇਠਾਂ ਇਕ ਸੁੰਦਰ ਨਦੀ ਵਸ਼ਿਸ਼ਟ ਗੰਗਾ ਵਹਿੰਦੀ ਹੈ। ਇਸ ਨਦੀ ਵਿਚ ਪੰਜ ਜਾਂ ਛੇ ਝਰਨੇ ਡਿਗਦੇ ਹਨ। ਸ਼ਿਵ ਦੇ ਆਪਣੇ ਹੱਥਾਂ ਨਾਲ ਚਟਾਨਾਂ ਦੇ ਸਿਰਿਆਂ ਉਤੇ ਵੀਹ ਦੇ ਲਗਭਗ ਕੁਦਰਤੀ ਸਰੋਵਰ ਪੁਟੇ ਗਏ ਹਨ। ਇਹ ਪਹਾੜੀਆਂ ਉਨ੍ਹਾਂ ਉਚੇ ਕੱਦ ਵਾਲੇ ਬ੍ਰਿਛਾਂ ਨਾਲ ਢਕੀਆਂ ਹੋਈਆਂ ਹਨ, ਜਿਨ੍ਹਾਂ ਦੀ ਹਰਿਆਵਲ ਉਸ ਵੇਲੇ ਵੀ ਮਾਂਦੀ ਨਹੀਂ ਪੈਂਦੀ, ਜਦੋਂ ਕਿ ਇਨ੍ਹਾਂ ਦੇ ਤਣਿਆਂ ਦੁਆਲੇ ਛੇ ਛੇ ਫੁਟ ਬਰਫ਼ ਦੀ ਤਹਿ ਇਕੱਠੀ ਹੋ ਜਾਂਦੀ ਹੈ। ਇਹ ਉਸ ਸ੍ਰੇਸ਼ਟ ਬਣਮਾਲੀ (ਸ੍ਰੀ ਕ੍ਰਿਸ਼ਨ ਜੀ) ਦੀ ਪਰਮ ਉਦਾਰਤਾ ਤੇ ਕਿਰਪਾ ਕਟਾਖ਼ਸ਼ ਦੇ ਹੀ ਸਦਕੇ ਹੈ।

ਸ਼ਾਹ ਬਲੂਤ ਦੇ ਦਿਲ ਵਾਲੀਆਂ ਸਰਸਬਜ਼ ਰੂਪ ਦੀਆਂ ਮਹਾਂਦੇਵ ਮਹਾਂ ਭੁਜਾਵਾਂ (ਬ੍ਰਿਛ) ਹੀ ਇਥੇ ਰਾਮ ਦੇ ਸਾਥੀ ਹਨ। ਇਥੋਂ ਤਕ ਕਿ ਨਾਰਾਇਣ ਸੁਆਮੀ ਨੂੰ ਵੀ ਇਹ ਆਦੇਸ਼ ਦੇ ਕੇ ਭੇਜ ਦਿਤਾ ਗਿਆ ਹੈ ਕਿ ਉਹ ਦੋ ਸਾਲ ਤੋਂ ਪਹਿਲਾਂ ਇਥੇ ਨਾ ਆਵੇ। ਇਕ ਨੌਜਵਾਨ ਹਰ ਰੋਜ਼ ਆਉਂਦਾ ਹੈ ਅਤੇ ਖਾਣਾ ਪਕਾ ਕੇ ਹਰ ਰੋਜ਼ ਰਾਤ ਨੂੰ ਨੇੜੇ ਦੇ ਪਿੰਡ ਜੋ ਇਥੋਂ ਘਟੋ ਘਟ ਤਿੰਨ ਮੀਲ ਹੈ, ਸੌਣ ਲਈ ਚਲਾ ਜਾਂਦਾ ਹੈ।

ਅੱਧ ਮੀਲ ਦੀ ਚੜ੍ਹਾਈ ਚੜ੍ਹ ਕੇ ਰਾਮ ਬੈਸੂਨ ਪਰਬਤ ਦੀ ਚੋਟੀ ਉਤੇ ਪੁਜ ਜਾਂਦਾ ਹੈ, ਜਿਥੋਂ ਕਿਦਾਰ, ਬਦਰੀ, ਸੁਮੇਰ, ਗੰਗੋਤਰੀ, ਜਮਨੋਤਰੀ ਅਤੇ ਕੈਲਾਸ਼ ਦੇ ਪਵਿਤਰ ਹਿੰਮ ਖੰਡ ਸਾਫ਼ ਸਾਫ਼ ਦਿਖਾਈ ਦਿੰਦੇ ਹਨ।

ਇਸ ਸਥਾਨ ਦਾ ਕਿਦਾਰ ਖੰਡ ਵਿਚ ਵਿਸਤ੍ਰਿਤ ਵਰਣਨ ਮਿਲਦਾ ਹੈ। ਯੋਗ ਵਸ਼ਿਸ਼ਟ ਦੇ ਕਰਤਾ ਨੇ ਇਸ ਸਥਾਨ ਨੂੰ ਆਪਣੇ ਆਸ਼ਰਮ ਲਈ ਚੁਣਿਆ ਸੀ। ਇਹ ਬੜੀ ਖ਼ੁਸ਼ੀ ਦੀ ਗੱਲ ਹੈ ਕਿ ਹਾਲੀ ਇਥੇ ਨਾ ਕੋਈ ਸੜਕ ਨਿਕਲੀ ਹੈ ਤੇ

ਨਾ ਨਗਰ ਵਸਿਆ ਹੈ। ਇਥੇ ਰਾਮ ਦੀ ਅਨੰਦਮਈ ਅਵਸਥਾ ਬਾਰੇ ਕੁਛ ਨਾ ਪੜ੍ਹੋ। ਇਹ ਅਨੰਦਮਈ ਪਰਮ ਸ਼ਾਂਤੀ ਰਾਮ ਦੀ ਉਸ ਪੁਸਤਕ ਵਿਚੋਂ ਪ੍ਰਗਟ ਹੋਵੇਗੀ, ਜੋ ਉਸ ਨੇ ਇਥੇ ਰਚੀ ਹੈ ਅਤੇ ਜੋ ਦੋ ਸਾਲ ਪਿਛੋਂ ਪ੍ਰਕਾਸ਼ਤ ਹੋਵੇਗੀ। ਉਦੋਂ ਤਕ ਕਿਰਪਾ ਕਰਕੇ ਰਾਮ ਨੂੰ ਕੋਈ ਵੀ ਵਿਅਕਤੀ ਮਿਲਣ ਦੀ ਖੇਚਲ ਨਾ ਕਰੇ.........

ਕੇਵਲ ਪ੍ਰਮਾਤਮਾ ਹੀ ਇਕ ਮਾਤਰ ਜਥਾਰਥ ਹੈ।

ਇਥੇ ਇਕ ਉਰਦੂ ਕਵਿਤਾ ਦਾ ਹਵਾਲਾ ਦਿੰਦਾ ਹਾਂ, ਜਿਸ ਦਾ ਅਨੁਵਾਦ ਦੇ ਰਿਹਾ ਹਾਂ:-

ਰਾਤ ਸਮੇਂ ਜੇ ਪ੍ਰੀਤਮ ਪਿਆਰੇ ਦਾ ਹੋਵੇ ਨਾ ਦੀਦਾਰ,
ਤਾਂ ਨੈਣਾਂ ਮੇਰਿਆਂ ਦੀ ਇਹ ਜੋੜੀ ਹੈ ਸਭ ਬੇਕਾਰ।
ਮੁਰਦਾ ਤਾਂ ਕਬਰ ਦੇ ਅੰਦਰ ਹੈ ਲੇਟਿਆ ਹੋਇਆ,
ਉਤੇ ਉਗੇ ਸਾਵੇ ਘਾਹ ਦਾ ਕੀ ਲਾਭ ਹੈ ਹੋਇਆ ?
ਚੰਗਾ ਮੰਦਾ ਮੇਰੇ ਬਾਰੇ ਜੋ ਵੀ ਲੋਕ ਨੇ ਕਹਿੰਦੇ,
ਪ੍ਰੇਮ ਅਤੇ ਤ੍ਰਿਸਕਾਰ ਉਨ੍ਹਾਂ ਦੇ ਅਰਥ ਨਾ ਕੋਈ ਰਖਦੇ,
ਮੈਂ ਜੋ ਹੁਣ ਤਾਂ ਹੋ ਚੁਕਾ ਹਾਂ ਆਪਣੇ ਤਨ ਤੋਂ ਉਚਾ,
ਮਾਣ ਅਪਮਾਨ ਮੇਰੇ ਲਈ ਹੁਣ ਨਾ ਅਰਥ ਰਖਦੇ ਉਕਾ।
ਉਸ ਪ੍ਰਭੂ ਤਕ ਪੁਜਣ ਖ਼ਾਤਰ, ਇਹ ਪੌੜੀ ਡੰਡੇ,
ਪੁੰਨ-ਪਾਪ, ਚੰਗਾ ਤੇ ਮੰਦਾ, ਹੁਣ ਪਰ ਸਭ ਨੇ ਛੰਡੇ।
ਹੁਣ ਤਾਂ ਇਸ ਪੌੜੀ ਤਾਈਂ ਸਾੜ ਦੇਣ ਨੂੰ ਲੋਚਾਂ,
ਕਿਉਂਜੋ ਮੁੜ ਹੇਠਾਂ ਉਤਰਨ ਦਾ ਕਦੀ ਨਾ ਭੁਲ ਕੇ ਸੋਚਾਂ।
ਦਿਲ ਦੇ ਅੰਨ੍ਹੇ ਕਰਦੇ, ਹੋਰਾਂ ਤਾਂਈਂ ਪਿਆਰ,
ਰੱਬ ਨੂੰ ਦੇਣ ਭੁਲਾ, ਹੋਰ ਬਣਾਵਣ ਯਾਰ,
ਮੇਰੇ ਦਿਲ ਦੇ ਮੱਕੇ ਅੰਦਰ ਜੇ ਵਸੇ ਨਾ ਮੇਰਾ ਯਾਰ,
ਹੋਰਾਂ ਨਾਲ ਕੀ ਸਾਂਝ ਹੈ ਮੇਰੀ ?
ਇਕੋ ਨਾਲ ਮੈਂ ਪਾਲਾਂ ਕੌਲ ਕਰਾਰ।
ਦੁਨੀਆਂ ! ਤੈਨੂੰ ਮੈਂ ਦੇ ਦਿਤਾ ਹੈ, ਜੋ ਸੀ ਤੇਰਾ ਭਾਰ,
ਹੁਣ ਤੇਰਾ ਰਾਹ ਵਖਰਾ ਹੋਇਆ , ਮੇਰਾ ਵਖਰਾ ਹੈ ਕਿਰਦਾਰ।
ਨਾਲ ਦੁਨੀ ਦੇ ਸਾਂਝ ਨਾ ਬਾਕੀ,

ਦੂਰ ਦਾ ਵੀ ਨਹੀਂ ਨਾਤਾ,
ਨਚਾਂ ਮੈਂ ਪ੍ਰੀਤਮ ਸੰਗ ਆਪਣੇ,
ਜਿਸ ਨੂੰ ਆਪਣਾ ਜਾਤਾ।
ਦੁਨੀਆਂ ਦੇ ਝੇੜੇ ਸਭ ਮੁਕੇ,
ਨੰਗ ਨਮੂਜ਼ ਨੂੰ ਲਾਹਿਆ,
ਨਚਣ ਲਗੀ ਤਾਂ ਘੁੰਗਟ ਕੇਹਾ
ਜਦ ਪ੍ਰੀਤਮ ਆਪਣਾ ਪਾਇਆ।

ਪ੍ਰਭੂ ਵਿਚ ਅਭੇਦ ਹੋਣ ਤੋਂ ਬਿਨਾਂ ਸਭ ਜੀਵਨ ਵਿਅਰਥ ਹੈ; ਕਬਰ ਦੇ ਕਿਰਮ ਨਾ ਬਣੋ:-

ਇਹ ਤਨ ਹੈ ਇਕ ਕਬਰ ਸਮਾਨ
ਇਸ ਆਪੇ ਨੂੰ ਮਿਥਿਆ ਭਰਮ ਛਲਾਵਾ ਜਾਣ,
ਇਨ੍ਹਾਂ ਤਾਂਈ ਦੂਰ ਹਟਾ ਕੇ,
ਕਰ ਤੂੰ ਅਰਦਾਸ,
ਤਾਂ ਹੋਵੇ ਕਲਿਆਣ।

ਤੁਹਾਡਾ ਪਰਯਾਗ ਕੁੰਭ ਦਾ ਵਿਆਖਿਆਨ ਬੜਾ ਕਲਾ ਸੰਪੰਨ ਸੀ। ਮਹਾਰਾਜਾ ਟੀਹਰੀ ਨੇ ਇਸ ਦੀ ਇਕ ਕਾਪੀ ਰਾਮ ਨੂੰ ਦਿਤੀ ਸੀ। ਪਿਆਰੇ, ਧਿਆਨ ਨਾਲ ਸੁਣੋ! ਵੇਦਾਂਤ ਨਿਖੇਧ ਨਹੀਂ ਹੈ, ਇਹ ਸੰਸਾਰ ਮਿਥਿਆ ਹੈ। ਜੋ ਇਸ ਨੂੰ ਯਥਾਰਥ ਮੰਨ ਲੈਂਦਾ ਹੈ, ਉਸ ਦਾ ਵਿਨਾਸ਼ ਹੋ ਜਾਂਦਾ ਹੈ। ਪ੍ਰਮਾਤਮਾ ਹੀ ਇਕ ਮਾਤਰ ਯਥਾਰਥ ਹੈ। ਹਾਂ, ਹਾਂ, ਹਾਂ, ਹਾਂ, ਹਾਂ, ਓਮ!

ਰਾਮ

(ਰਾਏ ਬਹਾਦਰ ਬ੍ਰਿਜ ਨਾਥ ਨੂੰ ਭੇਜੇ ਗਏ ਪੱਤਰ ਦਾ ਉਤਾਰਾ)

ਓਮ!

ਵਸ਼ਿਸ਼ਟ ਆਸ਼ਰਮ,
ਜੂਨ, 1906 ਦਾ ਅੰਤ।

ਜਦੋਂ 'ਪ੍ਰਭੂ ਆਪੇ' ਦ੍ਰਿਸ਼ਟੀਕੋਣ ਤੋਂ ਝਾਤ ਪਾਈ ਜਾਂਦੀ ਹੈ ਤਾਂ ਸਮੱਸਤ ਸੰਸਾਰ ਸੁੰਦਰਤਾ ਦਾ ਪ੍ਰਵਾਹ ਬਣ ਜਾਂਦਾ ਹੈ। ਇਕ ਪਰਮ ਅਨੰਦ ਦਾ ਪ੍ਰਗਟਾਉ ਜਿਸ ਤੋਂ ਖ਼ੁਸ਼ੀ ਤਰੰਗਤ ਹੋ ਰਹੀ ਹੁੰਦੀ ਹੈ। ਜਦੋਂ ਦ੍ਰਿਸ਼ਟੀ ਦੀਆਂ ਸੀਮਾਵਾਂ ਨੂੰ ਪਾਰ ਕਰ ਲਿਆ ਜਾਂਦਾ ਹੈ ਤਾਂ ਸਾਡੇ ਲਈ ਕੋਈ ਵੀ ਗੱਲ ਨਹੀਂ ਰਹਿੰਦੀ। "ਸਗਲ ਸੰਸਾਰ ਚੰਗੇਰਾ ਤੇ ਸੁੰਦਰ ਹੈ।" ਕੁਦਰਤ ਦੀਆਂ ਸ਼ਕਤੀਆਂ ਸਾਡੇ ਪੈਰ, ਬਾਹਾਂ ਅਤੇ ਹੋਰ ਇੰਦਰੀਆਂ ਬਣ ਜਾਂਦੀਆਂ ਹਨ।

ਇਹ ਆਤਮਾ ਕਿਉਂਜੋ ਅਨੰਦ ਸਰੂਪ ਅਤੇ ਸਰਵਤਰ ਹੈ, ਇਸ ਲਈ ਇਹ ਆਤਮ-ਅਨੁਭੂਤੀ ਇਸ ਤੱਥ ਦੀ ਪ੍ਰਤੀਤੀ ਕਰਵਾਉਂਦੀ ਹੈ ਕਿ ਇਹ ਪਰਮਾਨੰਦ ਹੀ ਸਮੱਸਤ ਸੰਸਾਰ ਵਿਚ ਦਮਕਾਂ ਮਾਰ ਰਿਹਾ ਹੈ।

ਇਹ ਵਿਸ਼ਵ ਮੇਰੀ ਆਪਣੀ ਆਤਮਾ ਦਾ ਹੀ ਸਾਖਸ਼ਾਤ ਸਰੂਪ ਹੈ ਅਤੇ ਇਹ ਮਧੁਰਤਮ ਹੈ। ਇਸ ਲਈ ਮੈਂ ਕਿਸ ਉਤੇ ਦੋਸ਼ ਧਰਾਂ? ਕਿਸ ਦੀ ਨਿੰਦਾ ਕਰਾਂ?

ਹੇ ਅਨੰਦ ! ਇਹ ਮੈਂ ਹੀ ਸਭ ਕੁਝ ਹਾਂ। ਓਮ!

ਤੰਗੀ ਅਤੇ ਸਫ਼ਲਤਾ ਦੇ ਨੇਮ ਬਾਰੇ ਵੇਦਾਂ ਵਿਚ ਕਿੰਨੇ ਸੁੰਦਰ ਢੰਗ ਨਾਲ ਅੰਕਿਤ ਕੀਤਾ ਗਿਆ ਹੈ: ਕੋਈ ਵਿਅਕਤੀ ਆਪਣੇ ਦਿਲ ਅੰਦਰ ਕਿਸੇ ਵੀ ਵਸਤੂ ਨੂੰ ਯਥਾਰਥ ਮੰਨ ਲਵੇ, ਜੋ ਕਿ ਵਿਸ਼ਵਾਸ ਕਰਨ ਯੋਗ ਵਸਤੂ ਹੋਵੇ ਤਾਂ ਉਹ ਉਸ ਵਸਤੂ ਦੁਆਰਾ ਹੀ ਤਜਿਆ ਅਤੇ ਜਾਣਿਆ ਜਾਵੇਗਾ। ਇਹ ਆਕਰਸ਼ਣ ਦੇ (ਪ੍ਰਾਕਿਰਤਕ) ਨੇਮ ਤੋਂ ਵੀ ਵਧੇਰੇ ਪੱਕਾ ਨੇਮ ਹੈ। ਕੇਵਲ ਇਕ ਮਾਤਰ ਯਥਾਰਥ ਆਤਮਾ ਸਾਨੂੰ ਇਹ ਦ੍ਰਿੜ ਕਰਵਾਉਂਦੀ ਹੈ ਕਿ ਹੋਰ ਸਭ ਕੁਝ ਭਰਮ ਮਾਤਰ ਹੈ ਅਤੇ ਯਥਾਰਥ ਨਹੀਂ ਹੈ।

ਗਿਆਨੀ ਪੁਰਸ਼ ਇਹ ਜਾਣਦਾ ਹੈ ਕਿ ਆਤਮਾ ਰੂਪੀ ਸੂਰਜ ਦਾ ਪ੍ਰਕਾਸ਼ ਭਾਵੇਂ ਕਿੰਨਾ ਵੀ ਬਦਲਾਂ ਦੇ ਓਹਲੇ ਢਕਿਆ ਕਿਉਂ ਨਾ ਰਹੇ, ਇਕ ਦਿਨ ਸਰੀਰ ਰੂਪੀ ਕਿਲ੍ਹੇ ਅੰਦਰ ਜ਼ਰੂਰ ਪ੍ਰਵੇਸ਼ ਕਰ ਜਾਵੇਗਾ ਅਤੇ ਉਸ ਦੀਆਂ ਅੰਦਰਲੀਆਂ ਕੰਧਾਂ ਨੂੰ ਵੀ ਪ੍ਰਕਾਸ਼ਮਾਨ ਕਰ ਦੇਵੇਗਾ। ਉਹ ਸੂਰਜ ਵਾਂਗ ਥਿਰ ਰਹਿੰਦਾ ਹੈ ਅਤੇ ਬਦਲਾਂ ਦੇ ਹੁੰਦਿਆਂ ਹੋਇਆਂ ਵੀ ਸਦਾ ਚਮਕਦਾ ਰਹਿੰਦਾ ਹੈ।

ਜਿੰਨਾ ਚਿਰ ਤਕ ਕੋਈ ਪ੍ਰਾਣੀ ਕਿਸੇ ਇਛਾ ਨਾਲ ਚਿੰਬੜਿਆ ਰਹਿੰਦਾ ਹੈ, ਉਹ ਅਨੰਦ ਦਾ ਅਨੁਭਵ ਪ੍ਰਾਪਤ ਨਹੀਂ ਕਰ ਸਕਦਾ।

ਰਾਸ਼ਟਰ ਦੀਆਂ ਸਮੱਸਿਆਵਾਂ ਅਤੇ ਭਾਰਤ ਬਾਰੇ ਸੁਆਮੀ ਜੀ ਦੇ ਵਿਚਾਰ (ੳ)

ਅਮਰੀਕਾ ਵਾਪਸੀ ਤੋਂ ਪਿਛੋਂ ਸੁਆਮੀ ਜੀ ਨਿਰੰਤਰ ਆਪਣੇ ਅਚਾਨਕ ਅਕਾਲ ਚਲਾਣੇ ਦੇ ਦਿਨ ਤਕ ਭਾਰਤ ਬਾਰੇ ਪ੍ਰਵਚਨ ਕਰਦੇ ਅਤੇ ਲਿਖਦੇ ਰਹੇ। ਇਨ੍ਹਾਂ ਰਚਨਾਵਾਂ ਵਿਚ ਸਭ ਪ੍ਰਕਾਰ ਦੀਆ ਸਮੱਸਿਆਵਾਂ ਧਾਰਮਿਕ, ਸਮਾਜਕ ਅਤੇ ਰਾਜਨੀਤਕ ਆਦਿ ਉਤੇ ਵਿਚਾਰ ਕੀਤੀ ਗਈ, ਭਾਰਤ ਦੇ ਨਾਗਰਿਕ ਹੋਣ ਦੇ ਨਾਤੇ ਦੇਸ਼ ਵਾਸੀਆਂ ਨੂੰ ਉਨ੍ਹਾ ਦੇ ਕਰਤਵਾ ਸਬੰਧੀ ਨਵਾਂ ਉਤਸ਼ਾਹ ਤੇ ਪ੍ਰੇਰਨਾ ਜਗਾਉਣ ਦਾ ਯਤਨ ਕੀਤਾ ਗਿਆ ਹੈ। ਵਾਸਤਵ ਵਿਚ ਸੁਆਮੀ ਜੀ ਨੇ "ਸਫਲਤਾ ਦਾ ਭੇਦ"[1] ਵਿਚ ਪ੍ਰਗਟਾਏ ਗਏ ਆਪਣੇ ਵਿਚਾਰਾਂ ਨੂੰ ਕਈ ਥਾਵਾਂ ਤੇ ਪ੍ਰਸਾਰਣ ਦਾ ਯਤਨ ਕੀਤਾ ਹੈ।

ਸੰਸਾਰ ਦੀਆਂ ਸਾਰੀਆਂ ਦਾਰਸਨਿਕ ਪ੍ਰਣਾਲੀਆਂ ਵਿਚੋਂ, ਸੁਆਮੀ ਰਾਮ ਅਤੇ ਸੁਆਮੀ ਵਿਵੇਕਾਨੰਦ ਨੇ 'ਵੇਦਾਂਤ' ਨੂੰ ਆਧਾਰ ਬਣਾਇਆ ਹੈ, ਜੋ ਕਿ ਆਪਣੀ ਸੰਪੂਰਣ ਅਨੁਭੂਤੀ ਦੇ ਰੂਪ ਵਿਚ 'ਰਾਸਟਰਵਾਦ' ਦੇ ਟਾਕਰੇ ਉਤੇ 'ਅੰਤਰ-ਰਾਸ਼-ਟਰਵਾਦ' ਵਿਚ ਹੀ ਪ੍ਰਵਰਤਿਤ ਹੋ ਜਾਂਦਾ ਹੈ, ਕਿਉਂਜੋ ਰਾਸਟਰਵਾਦ ਉਸ ਭੂਮੀ ਪ੍ਰਤੀ ਪ੍ਰੇਮ ਤੇ ਮੋਹ ਦਾ ਹੀ ਵਿਸਥਾਰ ਹੈ, ਜੋ ਅਸੀਂ ਉਸ ਧਰਤੀ ਨੂੰ ਕਰਦੇ ਹਾਂ, ਜਿਸ ਵਿਚ ਕਿ ਅਸੀਂ ਵਿਚਰਦੇ ਹਾਂ। ਇਹ ਵਿਚਾਰ ਮਨੁੱਖ ਦੀ ਸੁਹਿਰਦ ਅਤੇ ਕਿਰਿਆਸ਼ੀਲ ਜੀਵਨ ਆਦਰਸ਼ਾਂ ਲਈ ਅੰਤਰੀਵ ਭੁੱਖ ਤੋਂ ਉਤਪੰਨ ਹੁੰਦਾ ਹੈ, ਨਾ ਕਿ ਇੰਦਰੀਗਤ ਅਨੁਭਵ ਤੋਂ ਪਾਰ ਦੀ ਸਮਾਧੀ ਦੀ ਅਵਸਥਾ ਤੋਂ । ਸੁਆਮੀ ਵਿਵੇਕਾਨੰਦ ਅਤੇ ਸੁਆਮੀ ਰਾਮ ਤੀਰਥ ਦੀ ਮਹਾਨ ਪ੍ਰਤਿਭਾ ਨੇ ਬੜੀ ਸਫ਼ਲਤਾ ਨਾਲ ਇਸ ਵਿਚਾਰਧਾਰਾ ਨੂੰ 'ਵਿਵਹਾਰਕ ਵੇਦਾਂਤ' ਜਾਂ 'ਪ੍ਰਯੋਗਿਕ ਵੇਦਾਂਤ' ਦੀ ਸੰਗਿਆ ਦਿਤੀ, ਜੋ ਕਿ ਵਾਸਤਵਿਕ ਰੂਪ ਦਾ ਦੇਸ ਭਗਤੀ ਦਾ ਦਰਸ਼ਨ ਬਣ ਗਿਆ

---

1 ਸੁਆਮੀ ਜੀ ਦਾ ਇਹ ਭਾਸਣ ਜੋ ਜਾਪਾਨ ਵਿਚ ਦਿਤਾ ਗਿਆ ਸੀ। ਇਸ ਵਿਚ ਸੁਆਮੀ ਜੀ ਨੇ ਆਪਣੀ ਬੁਨਿਆਦੀ ਵਿਚਾਰਧਾਰਾ ਦੇ ਕਈ ਨੁਕਤਿਆਂ ਨੂੰ ਖੋਲ੍ਹਿਆ ਹੈ।

ਹੈ। ਭਾਵੇਂ ਸਨਾਤਨ ਸਮੱਗਿਰੀ ਨੂੰ ਆਧਾਰ ਬਣਾ ਕੇ ਇਸ ਦੇਸ਼ ਭਗਤੀ ਦੇ ਦਰਸ਼ਨ ਸੂਤਰ ਨੂੰ ਉਸਾਰਿਆ ਗਿਆ ਹੈ, ਫਿਰ ਵੀ ਸੁਅਪਨ-ਮੰਡਲ ਵਿਚ ਵਿਚਰਨ ਵਾਲੇ ਭਾਰਤੀ ਲੋਕ ਮਨਾਂ ਉਤੇ ਇਸ ਦਾ ਪ੍ਰਭਾਵ ਨਹੀਂ ਪੈ ਸਕਿਆ ਅਤੇ ਇਸੇ ਕਾਰਣ ਹੀ ਦਾਰਸ਼ਨਿਕ-ਦੱਖ ਤੇ ਆਧਾਰਾਂ ਦੇ ਸਚਿਆਰੇ ਹੋਣ ਉਤੇ ਵੀ ਇਹ ਵੇਦਾਂਤ ਦਰਸ਼ਨ ਉਨ੍ਹਾਂ ਨੂੰ ਭਾਰਤ ਦੇ ਉਥਾਨ ਲਈ ਸਕਰਮਕ ਕਰ ਸਕਣ ਲਈ ਅਸਫਲ ਸਿਧ ਹੋਇਆ। ਇਨ੍ਹਾਂ ਦੋਹਾਂ ਮਹਾਨ ਪ੍ਰਤਿਭਾਵਾਂ ਦੇ ਟਾਕਰੇ ਉਤੇ ਸ੍ਰੀ ਮਦ ਭਗਵਤ ਗੀਤਾ ਦੇ ਕ੍ਰਿਸ਼ਨ ਜੀ ਦੇ ਵਿਚਾਰਾਂ ਨੂੰ ਆਧਾਰ ਬਣਾ ਕੇ ਰਾਸ਼ਟਰੀ-ਕਰਤਵ ਦੇ ਸਿਧਾਂਤ ਦਾ ਮੰਥਨ ਜੋ ਸੁਵਰਗਵਾਸੀ ਲੋਕਮਾਨਿਆਂ ਬਾਲ ਗੰਗਾਧਰ ਤਿਲਕ ਅਤੇ ਅਰਬਿੰਦੂ ਘੋਸ਼ ਨੇ ਕੀਤਾ ਹੈ, ਉਹ ਭਾਰਤ ਦੇ ਲੋਕਾਂ ਦੇ ਮਨਾਂ ਨੂੰ ਵਧੇਰੇ ਰਾਸ ਆਇਆ ਹੈ। ਇਸ ਵਿਚ ਇਨ੍ਹਾਂ ਚਿੰਤਕਾਂ ਨੇ ਉਨ੍ਹਾਂ ਨੂੰ ਆਪਣੇ ਅੰਦਰ ਇਹ ਪਰਿਵਰਤਨ ਲਿਆਉਣ ਦਾ ਸੰਦੇਸ਼ ਦਿਤਾ ਹੈ ਕਿ ਲੋਕ ਤੇ ਪ੍ਰਲੋਕ ਦੋਵੇਂ ਸਮਰੂਪ ਹਨ।

ਇਸ ਤਰ੍ਹਾਂ ਦੇਸ਼ ਭਗਤੀ ਦੀ ਭਾਵਨਾ, ਜੋ ਆਪਣੇ ਸੁਦੇਸ਼ ਦੇ ਰੂਪ ਵਿਚ ਸੰਪਤੀ ਨਾਲ ਪ੍ਰੇਮ-ਭਾਵਨਾ ਨੂੰ ਉਤਪੰਨ ਕਰੇ, ਕਿਸੇ ਵੀ ਦਾਰਸ਼ਨਿਕ ਸਿਧਾਂਤ ਵਿਚੋਂ ਉਤਪੰਨ ਨਹੀਂ ਹੋ ਸਕਦੀ। ਇਹ ਤਾਂ ਕੁਦਰਤੀ ਰੂਪ ਵਿਚ ਹੀ ਮਨੁੱਖ ਦੇ ਅੰਦਰੋਂ ਉਤਪੰਨ ਹੁੰਦੀ ਹੈ, ਨਾ ਕਿ ਕੋਈ ਬਾਹਰੀ ਵਿਚਾਰਧਾਰਾ ਇਸ ਨੂੰ ਜਗਾ ਸਕਦੀ ਹੈ। ਇਹ ਇਕ ਪ੍ਰਕਾਰ ਦੇ ਵਿਸ਼ੇਸ਼ ਵਾਤਾਵਰਣ ਅਤੇ ਵਿਸ਼ੇਸ਼ ਪਰੰਪਰਾ ਵਿਚ ਆਪਣੇ ਅੰਦਰੋਂ ਹੀ ਉਤਪੰਨ ਹੁੰਦੀ ਹੈ, ਐਨ ਉਸੇ ਤਰ੍ਹਾਂ ਜਿਵੇਂ ਕੁਦਰਤੀ ਰੂਪ ਵਿਚ ਇਕ ਭੈਣ ਦੇ ਦਿਲ ਵਿਚ ਆਪਣੇ ਭਰਾ ਲਈ ਪ੍ਰੇਮ ਉਤਪੰਨ ਹੋ ਜਾਂਦਾ ਹੈ। ਇਸਤਰੀ ਪ੍ਰਤੀ ਮਨੁੱਖ ਦਾ ਭਾਵਕ ਪ੍ਰੇਮ ਅਤੇ ਆਪਣੀ ਤ੍ਰੀਮਤ ਤੇ ਘਰ ਦੀ ਰਖਿਆ ਲਈ ਹਮਲਾਵਰਾਂ ਅਗੇ ਡੱਟ ਜਾਣਾ, ਜਾਨ ਤਕ ਦੀ ਬਾਜ਼ੀ ਲਾ ਦੇਣੀ ਤਾਂ ਜੋ ਉਨ੍ਹਾਂ ਦੇ ਘਰ, ਜਿਸ ਦੇ ਉਸ ਦੀ ਤ੍ਰੀਮਤ ਤੇ ਬੱਚੇ ਮੁਖ ਅੰਗ ਹਨ-ਸੁਰੱਖਿਅਤ ਰਹਿ ਸਕਣ ਅਤੇ ਇਨ੍ਹਾਂ ਘਰਾਂ ਦੇ ਸਮੂਹ ਨੂੰ ਹੀ ਆਪਣਾ ਦੇਸ ਸਮਝਣਾ, ਗੁਲਾਮੀ ਦੇ ਜੀਵਨ ਨੂੰ ਲਾਨ੍ਹਤ ਸਮਝ ਕੇ ਅਜਿਹੇ ਜੀਵਨ ਨੂੰ ਧ੍ਰਿਕਾਰ ਦੇਣਾ, ਆਜ਼ਾਦੀ ਤੇ ਪ੍ਰੇਮ ਦੇ ਖੁੱਸਣ ਨਾਲੋਂ ਮੌਤ ਨੂੰ ਤਰਜੀਹ ਦੇਣੀ, ਪ੍ਰੇਮ ਤੇ ਸੁਤੰਤਰਤਾ ਦੇ ਝੰਡੇ ਨੂੰ ਬੁਲੰਦ ਰਖਣਾ, ਸੰਖੇਪ ਵਿਚ, ਇਸਤਰੀ, ਭੂਮੀ ਤੇ ਜੀਵਨ ਨਾਲ ਅਥਾਹ ਸ਼ਰਧਾ, ਜੀਵਨ ਦਾ ਉਹ ਸਾਧਾਰਣ ਤੇ ਨਿਤ ਦਾ ਵਾਤਾਵਰਣ, ਜਿਸ ਵਿਚ ਅਸੀਂ ਰਹਿ ਕੇ ਸਭਿਆ ਜੀਵਨ ਗੁਜ਼ਾਰਨ ਦਾ ਯਤਨ ਕਰਦੇ ਹਾਂ, ਆਦਿ ਮਨੁੱਖੀ ਚੇਤਨਾ ਦੇ ਅਜਿਹੇ ਤੱਤ ਹਨ, ਜੋ ਦੇਸ਼ ਭਗਤੀ ਦੀ ਅਰੋਗ-ਭਾਵਨਾ ਨੂੰ ਉਤਪੰਨ ਕਰਨ ਵਿਚ ਸਹਾਈ ਹੁੰਦੇ

ਹਨ। ਉਨ੍ਹਾਂ ਸੰਨਿਆਸੀਆਂ ਲਈ, ਜਿਹੜੇ ਕਿ ਇੰਦਰੀਆਂ ਨੂੰ ਮਾਰਨ ਦਾ ਘਿਰਣਾ-ਜਨਕ ਉਪਦੇਸ਼ ਦਿੰਦੇ ਹਨ, ਆਪਣੀ ਭੂਮੀ, ਬਲਦਾਂ ਤੇ ਗਊਆਂ ਨਾਲ ਪ੍ਰੇਮ ਦਾ ਸੰਦੇਸ਼ ਦਿੰਦੇ ਹਨ, ਵੇਦਾਂ ਦੇ ਰਚਣਹਾਰ ਰਿਸ਼ੀਆਂ ਮੁੰਨੀਆਂ ਦੇ ਕਾਵਿਮਈ ਪ੍ਰਵਚਨਾਂ ਨਾਲ ਮੋਹ ਦਰਸਾਉਂਦੇ ਹਨ, ਨਵ-ਜਾਗ੍ਰਿਤੀ ਅਧੀਨ ਦੇਸ਼ ਭਗਤੀ ਦੀ ਭਾਵਨਾ ਨੂੰ ਜਗਾਉਂਦੇ ਹਨ, ਪਰ ਆਪਣੇ ਪਿਆਰੇ ਘਰ, ਆਪਣੀ ਮਾਤਾ ਤੇ ਪਤਨੀ (ਪ੍ਰੇਮਿਕਾ) ਲਈ ਅਸਗਾਹ ਪ੍ਰੇਮ ਤੇ ਕਿਰਤ, ਯੁੱਧ ਤੇ ਸ਼ਾਂਤੀ ਦੇ ਸਮੇਂ ਹਰ ਕੁਰਬਾਨੀ ਕਰਨ ਲਈ ਤਿਆਰ-ਬਰ-ਤਿਆਰ ਰਹਿਣ ਤੋਂ ਬਿਨਾਂ ਦੇਸ਼ ਭਗਤੀ ਦੀ ਸੱਚੀ ਭਾਵਨਾ ਕਿਵੇਂ ਉਤਪੰਨ ਹੋ ਸਕਦੀ ਹੈ!

ਭਾਰਤ ਵਿਚ ਸਦੀਆਂ ਤੋਂ ਇਸਤਰੀ ਪ੍ਰਤੀ ਘਿਰਣਾ ਤੇ ਤ੍ਰਿਸਕਾਰ ਦਾ ਪ੍ਰਚਾਰ ਕੀਤਾ ਜਾਂਦਾ ਰਿਹਾ ਹੈ ਕਿ ਉਹ ਮਨੁੱਖ ਦੀ ਆਤਮਕ ਉਨਤੀ ਲਈ ਬਾਧਕ ਸਿਧ ਹੁੰਦੀ ਹੈ, ਭੁਲੇਖੇ ਨਾਲ ਬਣਵਾਸੀ ਜੀਵਨ ਨੂੰ ਆਤਮਕ ਉਨਤੀ 'ਯੋਗ' ਤੇ 'ਸਮਾਧੀ' ਲਈ ਵਧੇਰੇ ਉਪਯੁਕਤ ਮੰਨਿਆਂ ਜਾਂਦਾ ਹੈ। ਇਥੋਂ ਤਕ ਕਿ ਅਰਬਿੰਦੂ ਵਰਗੇ ਮਹਾਂਰਿਸ਼ੀ ਨੇ ਵੀ "ਯੋਗ" ਦੀ ਸਿਧੀ ਲਈ ਆਪਣੀ ਨੌਜਵਾਨ ਪਤਨੀ ਦਾ ਤਿਆਗ ਕਰ ਦਿਤਾ। ਇਹ ਯੋਗ ਦਰਸ਼ਨ, ਜਿਥੋਂ ਤਕ ਸਾਨੂੰ ਗਿਆਤ ਹੈ, ਭਾਰਤ ਦੇ ਕਲਿਆਣ ਲਈ ਹਿਤਕਾਰੀ ਸਿਧ ਨਹੀਂ ਹੋ ਸਕਿਆ। ਇਸ ਅੰਧਕਾਰ ਮਈ ਦੇਸ਼ ਵਿਚੋਂ ਇਕ ਆਦਰਸ਼ ਯੋਗੀ ਦਾ ਅਲੋਪ ਹੋ ਜਾਣਾ, ਜਿਸ ਦੀ ਵਿਆਖਿਆ ਕਿ ਪਤੰਜਲੀ ਦੇ ਯੋਗ ਸੂਤਰ ਵਿਚ ਕੀਤੀ ਗਈ ਹੈ, ਇਸੇ ਗੱਲ ਦਾ ਹੀ ਪ੍ਰਮਾਣ ਹੈ ਅਤੇ ਹਠ ਯੋਗ ਦੇ ਨਾਕਾਰਾਤਮਕ ਅਭਿਆਸ ਦੇ ਕਾਰਣ ਭਾਰਤੀ ਮਨ ਵਿਚ ਚੋਖਾ ਪਤਨ ਵੀ ਆਇਆ ਹੈ। ਇਹ ਇਸ ਗੱਲ ਦਾ ਸੂਚਕ ਹੈ ਕਿ ਅਸੀਂ ਪਤੰਜਲੀ ਦੇ ਯੋਗ ਦਰਸ਼ਨ ਉਤੇ ਪੂਰਾ ਨਹੀਂ ਉਤਰ ਸਕੇ।

ਇਕ ਖ਼ੁਸ਼ੀਆਂ ਭਰਿਆ ਘਰ ਯਜਨਵਲਕਿਆ ਦੇ ਮਨ ਦੀ ਉਪਜ ਨਹੀਂ ਹੋ ਸਕਦਾ, ਜਿਸਨੇ ਕਿ ਇਕ ਤੋਂ ਵਧੇਰੇ ਸ਼ਾਦੀਆਂ ਕੀਤੀਆਂ ਅਤੇ ਆਖ਼ਰੀ ਉਮਰ ਵਿਚ ਇਸਤਰੀ ਦੇ ਘਰ ਦਾ ਤਿਆਗ ਕਰਕੇ ਇਹ ਕਹਿ ਕੇ ਬਨਾਂ ਨੂੰ ਚਲਾ ਗਿਆ ਕਿ ਇਕ ਸੱਚੇ ਤੇ ਹਮਦਰਦੀ ਭਰੇ ਗ੍ਰਿਹਸਥੀ ਜੀਵਨ ਦੇ ਪ੍ਰੇਮ ਤੇ ਕਿਰਤ ਦੇ ਟਾਕਰੇ ਉਤੇ ਬਣਵਾਸੀ ਦੈਵੀ ਪ੍ਰਾਪਤੀ ਲਈ ਵਧੇਰੇ ਸਹਾਇਕ ਹੁੰਦਾ ਹੈ। ਅਸੀਂ ਬੁਧ ਦੇ ਤਿਆਗ ਦੀ ਤਾਂ ਪ੍ਰਸ਼ੰਸਾ ਵੀ ਕਰ ਸਕਦੇ ਹਾਂ, ਪਰ ਇਹ ਕਿਵੇਂ ਮੰਨ ਲਈਏ ਕਿ ਤਿਆਗ ਦਾ ਭਾਵ ਆਪਣੇਂ ਪਰਿਵਾਰ, ਆਪਣੇ ਦੇਸ਼ ਅਤੇ ਸੰਸਾਰ ਨੂੰ ਪ੍ਰੇਮ ਕਰਨਾ ਹੈ। ਆਪਣੀਆਂ ਭਾਵਨਾਵਾਂ ਨੂੰ ਇਸ ਪ੍ਰਕਾਰ ਲਚਕੀਲਾ ਬਣਾ ਲਈਏ ਕਿ ਇਕ ਵਿਚਾਰ ਦੇ ਆਉਣ ਨਾਲ ਇਹ ਅਸੀਂ ਆਪਣੇ ਪਰਿਵਾਰਾਂ ਦੇ ਸੁਆਰਥੀ ਪ੍ਰੇਮੀ ਬਣ

ਜਾਈਏ ਅਤੇ ਦੂਜੇ ਦੇ ਆਉਣ ਨਾਲ ਅਸੀਂ ਇਸ ਦੇਸ਼ ਨੂੰ ਨਿਰਸੁਆਰਥ ਹੋ ਕੇ ਪ੍ਰੇਮ ਕਰਨ ਲਗ ਜਾਈਏ ਅਤੇ ਇਸ ਤੋਂ ਵੀ ਵਧੇਰੇ ਇਸ ਨੂੰ ਇਕ ਪਰਿਵਾਰ ਮੰਨ ਕੇ ਸਾਰੇ ਵਿਸ਼ਵ ਨੂੰ ਪ੍ਰੇਮ ਕਰਨ ਲਗ ਜਾਈਏ। ਅਜਿਹੇ ਉਪਦੇਸ਼ ਅਧੂਰੇ ਹੁੰਦੇ ਹਨ। ਇਹ ਤਾਂ ਜੀਵਨ ਦੇ ਵਿਕਾਸ ਪ੍ਰਵਾਹ ਦਾ ਹੀ ਪ੍ਰਤੀਫ਼ਲ ਹੁੰਦਾ ਹੈ ਕਿ ਜੁਗਾਂ ਪਿਛੋਂ ਜਾ ਕੇ ਕਿਸੇ ਰਾਸ਼ਟਰ ਵਿਚ ਇਕ ਸੱਚੀ ਭਾਵਨਾ ਉਤਪੰਨ ਹੁੰਦੀ ਹੈ।

ਪਰ ਸੁਆਮੀ ਰਾਮ ਤੀਰਥ ਅਤੇ ਸੁਆਮੀ ਵਿਵੇਕਾਨੰਦ ਇਸ ਤਰ੍ਹਾਂ ਦੇ ਨਾਕਾਰਾਤਮਕ ਸੰਨਿਆਸੀ ਨਹੀਂ ਸਨ। ਇਨ੍ਹਾਂ ਲਈ ਸਗਲ ਬ੍ਰਹਿਮੰਡ ਤੇ ਇਸ ਤੋਂ ਪਾਰਲਾ ਸਾਰਾ ਪਸਾਰਾ ਇਕ 'ਆਤਮਾ' ਸੀ। ਇਸ ਦ੍ਰਿਸ਼ਟੀਕੋਣ ਨੇ ਸਾਧਾਰਣ ਜੀਵਨ ਨੂੰ ਵੀ ਵਿਸ਼ੇਸ਼ ਆਤਮਕ ਦ੍ਰਿਸ਼ਟੀਕੋਣ ਪ੍ਰਦਾਨ ਕਰ ਦਿਤਾ ਅਤੇ ਇਸ ਨੂੰ ਆਤਮਾ ਦੇ ਪ੍ਰਗਟਾਉ ਲਈ ਇਕ ਮੰਜ਼ਲ ਥਾਪ ਲਿਆ। ਇਸ ਦ੍ਰਿਸ਼ਟੀਕੋਣ ਅਨੁਸਾਰ ਮਨੁੱਖ ਨੂੰ ਆਪਣੇ ਕੂੜਾਵੇ ਆਪੇ ਤੋਂ ਉਪਰ ਉਠ ਕੇ ਆਪਣੇ ਸੱਚਾਵੇ 'ਆਪੇ' ਵਿਚ, ਪਰਿਵਾਰ, ਦੇਸ਼, ਮਨੁੱਖਤਾ ਅਤੇ ਇਥੋਂ ਤਕ ਕਿ ਸਾਰੀ ਸ੍ਰਿਸ਼ਟੀ ਦੇ ਪ੍ਰੇਮ ਦੁਆਰਾ ਇਸਥਿਤ ਹੋਣਾ ਚਾਹੀਦਾ ਹੈ।

ਇਸ ਨਵੇਂ ਪਰਿਵਰਤਨ ਤੋਂ ਆਕਰਸ਼ਿਤ ਹੋ ਕੇ, ਜਿਸ ਨੂੰ ਕਿ ਉਪਨਿਸ਼ਦਾਂ ਦੇ ਮੰਥਨ ਦੁਆਰਾ ਇਨ੍ਹਾਂ ਨਵੇਂ ਭਾਰਤੀ ਪ੍ਰਤਿਭਾਵਾਨ ਸੰਨਿਆਸੀਆਂ ਨੇ ਨਵਾਂ ਰੂਪ ਦਿਤਾ ਸੀ, ਬਹੁਤ ਸਾਰੇ ਉਨ੍ਹਾਂ ਭਾਰਤੀ ਨੌਜਵਾਨਾਂ ਨੇ ਉਤਸਾਹ ਤੇ ਬੌਧਿਕ ਪ੍ਰੇਰਨਾ ਲਈ, ਜੋ ਕਿ ਹਰ ਥਾਂ ਅਤੇ ਹਰ ਸਮੇਂ ਜੀਵਨ ਦੇ ਪਾ੍-ਭੌਤਿਕ ਸਰੂਪ ਨੂੰ ਹੀ ਮਨੁੱਖ ਤੱਤ ਮੰਨਦੇ ਆਏ ਸਨ।

ਇਸ ਸਬੰਧ ਵਿਚ ਸੁਆਮੀ ਰਾਮ ਤੀਰਥ ਜੀ ਦੀਆਂ ਪ੍ਰਮੁਖ ਰਚਨਾਵਾਂ, ''ਆਲੋਚਨਾਂ ਤੇ ਵਿਸ਼ਵ ਪ੍ਰੇਮ'', ''ਜਜਨਾ ਦੀ ਆਤਮਾ'', 'ਭਾਰਤੀ ਨੌਜਵਾਨਾਂ ਨੂੰ'', ''ਪ੍ਰਗਤੀ ਦਾ ਇਕਰਾਰਨਾਮਾ'', ''ਨਕਦ ਧਰਮ'' ਅਤੇ ਮਦਰਾਸ ਦੇ ਗਨੇਸ਼ ਦਾਸ ਐਂਡ ਕੰਪਨੀ ਵਲੋਂ ਪ੍ਰਕਾਸ਼ਤ ਉਨ੍ਹਾਂ ਦੇ ਅੰਗ੍ਰੇਜ਼ੀ ਨਿਬੰਧ ਅਤੇ ਕੁਝ ਸੁਆਮੀ ਨਾਰਾਇਣ ਦੀਆਂ ਰਚਨਾਵਾਂ- ਆਧੁਨਿਕ ਭਾਰਤ ਦੇ ਰਾਸ਼ਟਰੀ ਨਿਰਮਾਣ ਦੇ ਉਦੇਸ਼ ਤੋਂ ਲਿਖੀਆਂ ਗਈਆਂ ਸ੍ਰੇਸ਼ਟ ਤੇ ਬੌਧਿਕ ਪ੍ਰੇਰਨਾ ਜਗਾਉਣ ਵਾਲੀਆਂ ਰਚਨਾਵਾਂ ਹਨ। ਇਨ੍ਹਾਂ ਸ਼ਬਦਾਂ ਵਿਚ ਇਕ ਤਰ੍ਹਾਂ ਦੇ ਅਨੰਦ ਦੀ ਭਾਵਨਾ ਵਿਦਮਾਨ ਹੈ। ਵੇਖੋ, ਜਦੋਂ ਕਿ ਉਹ ਉਨ੍ਹਾਂ ਨੂੰ ਇਹ ਕਹਿ ਕੇ ਸੰਬੋਧਨ ਕਰਦੇ ਹਨ ਕਿ 'ਆਪਣੇ ਆਪ ਨੂੰ ਭਾਰਤ ਸਮਝੋ''!

ਆਪ ਲਿਖਦੇ ਹਨ:

ਭਾਰਤ ਭੂਮੀ ਮੇਰਾ ਆਪਣਾ ਸਰੀਰ ਹੈ। ਕੰਨਿਆ ਕੁਮਾਰੀ ਮੇਰੇ ਚਰਨ ਅਤੇ ਹਿਮਾਲਾ ਮੇਰਾ ਸੀਸ ਹੈ। ਮੇਰੇ ਕੇਸਾਂ ਚੋਂ ਗੰਗਾ ਵਹਿੰਦੀ ਹੈ, ਮੇਰੇ ਸੀਸ ਵਿਚੋਂ ਬ੍ਰਹਮ ਪੁੱਤਰ ਤੇ ਸਿੰਧ ਵਹਿੰਦੇ ਹਨ। ਵਿੰਦਿਆਚਲ ਮੇਰੀ ਕਮਰ ਦਾ ਘੇਰਾ ਹੈ। ਕੋਰੋਮੰਡਲ ਤੇ ਮਾਲਾਬਾਰ ਮੇਰੀਆਂ ਸਜੀਆਂ ਤੇ ਖਬੀਆਂ ਜੰਘਾਂ ਹਨ। ਮੈਂ ਸਮੱਸਤ ਭਾਰਤ ਹਾਂ, ਪੂਰਬ ਤੇ ਪੱਛਮ ਦੀਆਂ ਬਾਹੀਆਂ ਮੇਰੀਆਂ ਭੁਜਾਂ ਹਨ ਅਤੇ ਮੈਂ ਇਨ੍ਹਾਂ ਬਾਹਾਂ ਨੂੰ ਖੁਲ੍ਹੀਆਂ ਪਸਾਰ ਕੇ ਸਾਰੀ ਮਾਨਵਤਾ ਨੂੰ ਆਪਣੀ ਗਲਵਕੜੀ ਵਿਚ ਲੈਣਾ ਲੋਚਦਾ ਹਾਂ। ਮੇਰਾ ਪ੍ਰੇਮ ਵਿਸ਼ਵ-ਵਿਆਪੀ ਹੈ। ਵਾਹ! ਇਹ ਹੈ ਮੇਰੇ ਸਰੀਰ ਦੀ ਮੁਦਰਾ। ਮੈਂ ਖੜੋ ਕੇ ਅਨੰਤ ਪੁਲਾੜ ਨੂੰ ਨਿਹਾਰ ਰਿਹਾ ਹਾਂ; ਮੇਰੀ ਅੰਤਰੀਵ ਆਤਮਾ ਵਿਚ ਵਿਸ਼ਵ ਆਤਮਾ ਸਮਾਈ ਹੋਈ ਹੈ। ਜਦੋਂ ਮੈਂ ਤੁਰਦਾ ਹਾਂ ਤਾਂ ਮੈਨੂੰ ਇੰਝ ਮਹਿਸੂਸ ਹੁੰਦਾ ਹੈ, ਸਾਰਾ ਭਾਰਤ ਚਲ ਰਿਹਾ ਹੈ। ਜਦੋਂ ਮੈਂ ਬੋਲਦਾ ਹਾਂ ਤਾਂ ਇੰਝ ਪ੍ਰਤੀਤ ਹੁੰਦਾ ਹੈ, ਸਾਰਾ ਭਾਰਤ ਬੋਲ ਰਿਹਾ ਹੈ। ਜਦੋਂ ਮੈਂ ਸਾਹ ਲੈਂਦਾ ਹਾਂ ਤਾਂ ਇੰਝ ਜਾਪਦਾ ਹੈ, ਜਿਵੇਂ, ਸਾਰਾ ਭਾਰਤ ਸਾਹ ਲੈ ਰਿਹਾ ਹੈ। ਮੈਂ ਭਾਰਤ ਹਾਂ, ਮੈਂ ਸ਼ੰਕਰ ਹਾਂ, ਮੈਂ ਸ਼ਿਵ ਹਾਂ, ਇਹ ਹੈ ਦੇਸ਼ ਭਗਤੀ ਦੀ ਭਾਵਨਾ ਦੀ ਸਰਵੋਤਮ ਅਨੁਭੂਤੀ ਅਤੇ ਇਹੋ ਹੀ ਹੈ ਵਿਵਹਾਰਕ ਵੇਦਾਂਤ, ਜਿਸ ਦਾ ਉਲੇਖ ਉਪਰ ਕੀਤਾ ਗਿਆ ਹੈ।

ਅਸਤ ਹੋ ਰਹੇ ਸੂਰਜ, ਤੂੰ ਭਾਰਤ ਵਿਚ ਜਾ ਕੇ ਉਦੇ ਹੋਵੇਂਗਾ? ਕੀ ਤੂੰ ਰਾਮ ਦਾ ਇਹ ਸੰਦੇਸ਼ ਉਸ ਆਨ ਸ਼ਾਨ ਵਾਲੇ ਦੇਸ਼ ਲੈ ਜਾਵੇਂਗਾ? ਮੇਰੇ ਨੇਤਰਾਂ ਵਿਚੋਂ ਵਹਿ ਰਹੇ ਇਹ ਪ੍ਰੇਮ-ਅਥਰੂ ਭਾਰਤ ਦੇ ਖੇਤਾਂ ਵਿਚ ਤ੍ਰੇਲ ਤੁਪਕੇ ਬਣ ਕੇ ਖਿਲਰ ਜਾਣ ! ਜਿਵੇਂ ਇਕ ਸ਼ੈਵ ਸ਼ਿਵ ਦੀ ਪੂਜਾ ਕਰਦਾ ਹੈ, ਵੈਸ਼ਨਵ ਵਿਸ਼ਨੂੰ ਦੀ ਅਰਾਧਨਾ ਕਰਦਾ ਹੈ, ਬੋਧੀ ਬੁਧ ਨੂੰ ਨਮੋ ਬੁਲਾਉਂਦਾ ਹੈ, ਇਸਾਈ ਈਸਾ ਨੂੰ ਪ੍ਰਣਾਮ ਕਰਦਾ ਹੈ, ਮੁਸਲਮਾਨ ਮੁਹੰਮਦ ਸਾਹਿਬ ਅਗੇ ਸਿਜਦਾ ਕਰਦਾ ਹੈ, ਆਪਣੇ ਦਿਲ ਵਿਚ ਬਲ ਰਹੇ "ਧੂਪ ਦੀਪ" ਨੂੰ ਲੈ ਕੇ ਮੈਂ ਹਿੰਦੁਸਤਾਨ ਨੂੰ ਇਸ ਤਰ੍ਹਾਂ ਨਿਹਾਰਦਾ ਹਾਂ, ਜਿਵੇਂ ਸ਼ੈਵ, ਵੈਸ਼ਨਵ, ਬੋਧੀ, ਇਸਾਈ, ਮੁਸਲਮਾਨ, ਪਾਰਸੀ, ਸਿਖ, ਸੰਨਿਆਸੀ, ਪ੍ਰਿਆ ਜਾਂ ਉਸ ਦੇਸ਼ ਦੀ ਧਰਤੀ ਦਾ ਕੋਈ ਪੁੱਤਰ ਆਪਣੇ ਇਸ਼ਟ ਨੂੰ ਦੇਖਦਾ ਹੈ। ਭਾਰਤ ਮਾਤਾ ਮੈਂ ਤੇਰੀ ਤੇਰੇ ਸਾਰੇ ਰੂਪਾਂ ਵਿਚ ਅਰਾਧਨਾ ਕਰਦਾ ਹਾਂ, ਮੇਰੀ ਗੰਗਾ ਜੀ, ਮੇਰੀ ਕਾਲੀ ਮਾਤਾ, ਮੇਰੀ ਇਸ਼ਟ ਦੇਵਾ, ਮੇਰੇ ਸਾਲਗਰਾਮ! ਪੂਜਾ ਅਰਚਾ ਦੀ ਗੱਲ ਕਰਦੇ ਹੋਏ ਇਕ ਦੇਵ ਜੋ ਭਾਰਤ ਦੀ ਸਾਰੀ ਮਿੱਟੀ ਨੂੰ ਪ੍ਰੇਮ ਵਿਚ ਖਾ ਲੈਣਾ ਲੋਚਦਾ ਹੈ, ਕਹਿੰਦਾ ਹੈ: "ਜਿਨ੍ਹਾਂ ਦੇ ਮਨ ਨਿਰਾਕਾਰ ਨਾਲ ਜੁੜੇ ਹੋਏ ਹਨ, ਉਨ੍ਹਾਂ ਨੂੰ ਸਰਗੁਣ ਉਪਾਸਨਾ ਵਿਚ ਵਿਸ਼ਵਾਸ ਰਖਣ ਵਾਲੇ ਲੋਕਾਂ ਨਾਲੋਂ ਵਧੇਰੇ ਔਕੜਾਂ

ਦਾ ਸਾਹਮਣਾ ਕਰਨਾ ਪੈਂਦਾ ਹੈ, ਕਿਉਂਜੋ ਸਾਕਾਰ ਲਈ ਨਿਰਾਕਾਰ ਦੇ ਮਾਰਗ ਉਤੇ ਤੁਰਨਾ ਬੜਾ ਦੁਰਗਮ ਹੈ।' ਚੰਗਾ, ਮੇਰੇ ਮਿਠੜੇ ਕ੍ਰਿਸ਼ਨ ਜੀ, ਮੈਨੂੰ ਉਸ ਦੇਵੀ ਸਰਗੁਣ ਸਰੂਪ ਦੀ ਹੀ ਉਪਾਸਨਾ ਕਰਨ ਦਿਉ, ਜਿਸ ਬਾਰੇ ਕਥਨ ਹੈ: 'ਉਸ ਦੇ ਘਰ ਦੀ ਸਾਰੀ ਸੰਪਤੀ ਇਕ ਥੱਕਾ-ਟੁੱਟਾ ਬਲਦ, ਟੁਟੀ- ਝਿਕੀ ਮੰਜੀ, ਪੁਰਾਣਾ ਕੁਹਾੜਾ, ਚੁਲ੍ਹੇ ਦੀ ਸੁਆਹ, ਸਰਪ ਅਤੇ ਖ਼ਾਲੀ ਖੋਪੜੀ ਹੈ।' ... ਕੇਵਲ ਨਰਮ ਜਿਹੀ ਪ੍ਰਸ਼ੰਸਾ ਜਾਂ ਸਹਿਨਸ਼ੀਲਤਾ ਬੁੱਤਾ ਨਹੀਂ ਸਾਰਦੀ। ਰਾਸ਼ਟਰੀਅਤਾ ਦੀ ਇਸ ਗਤੀਸ਼ੀਲ ਭਾਵਨਾ ਦੇ ਪਾਸਾਰ ਲਈ ਮੈਂ ਭਾਰਤ ਦੇ ਹਰ ਸਪੂਤ ਦੇ ਸਕਰਮਕ ਸਹਿਯੋਗ ਦੀ ਕਾਮਨਾ ਕਰਦਾ ਹਾਂ। ਬਾਲ ਨੂੰ ਯੁਵਾ-ਅਵਸਥਾ ਵਿਚ ਪੁਜਣ ਲਈ ਕਿਸ਼ੋਰ ਅਵਸਥਾ ਵਿਚੋਂ ਲੰਘਣਾ ਹੀ ਪੈਂਦਾ ਹੈ। ਕੋਈ ਵੀ ਵਿਅਕਤੀ ਉਨਾ ਚਿਰ ਤਕ ਪ੍ਰਭੂ ਨਾਲ ਤਦਰੂਪਤਾ ਦੇ ਅਨੁਭਵ ਨੂੰ ਪ੍ਰਾਪਤ ਨਹੀਂ ਕਰ ਸਕਦਾ, ਜਿੰਨਾ ਚਿਰ ਤਕ ਕਿ ਉਸ ਦੇ ਦਿਲ ਦੀ ਨਾੜ ਨਾੜ ਵਿਚ ਸਾਰੇ ਰਾਸ਼ਟਰ ਦਾ ਪ੍ਰੇਮ ਨਾ ਧੜਕਣ ਲਗ ਪਵੇ। ਭਾਰਤ ਦੇ ਹਰ ਸਪੂਤ ਨੂੰ ਸਾਰੇ ਭਾਰਤ ਦੀ ਸੇਵਾ ਲਈ ਤਤਪਰ ਰਹਿਣਾ ਚਾਹੀਦਾ ਹੈ ਅਤੇ ਇੰਝ ਅਨੁਭਵ ਕਰਨਾ ਚਾਹੀਦਾ ਹੈ ਕਿ ਸਾਰਾ ਭਾਰਤ ਹੀ ਉਸ ਦੇ ਹਰ ਇਕ ਸਪੂਤ ਵਿਚ ਸਮਾਈ ਬੈਠਾ ਹੈ। ਭਾਰਤ ਦਾ ਹਰ ਨਗਰ, ਨਦੀ, ਬ੍ਰਿਛ, ਪੱਥਰ ਅਤੇ ਜੀਵ ਇਕ ਪ੍ਰਾਣਵੰਤ ਅਸਤਿਤਵ ਦਾ ਸੁਆਮੀ ਹੈ, ਇਸ ਤਰ੍ਹਾਂ ਪਵਿੱਤਰ ਤੇ ਪੁਨੀਤ ਹੈ। ਹੁਣ ਸਮਾਂ ਆ ਗਿਆ ਹੈ ਕਿ ਅਸੀਂ ਇਸ ਪ੍ਰੇਮ ਦੇ ਸੀਮਤ ਜਾਂ ਅੰਸ਼ਿਕ ਰੂਪ ਦਾ ਦੈਵੀ ਕਰਨ ਕਰਕੇ ਇਸ ਦੇ ਸਮੂਹਿਕ ਸਰੂਪ ਦੀ ਅਰਾਧਨਾ ਕਰੀਏ। ਪੁਰਾਣ ਪ੍ਰਤਿਸ਼ਠ ਦੁਆਰਾ ਹਿੰਦੂ ਦੁਰਗਾ ਦੀ ਮੂਰਤੀ ਨੂੰ ਸਾਖਸ਼ਾਤ ਪ੍ਰਾਣਵੰਤ ਤੇ ਸਜੀਵ ਮੰਨਦੇ ਹਨ। ਕੀ ਇਹ ਚੰਗਾ ਨਹੀਂ ਹੈ ਕਿ ਅਸੀਂ ਦੁਰਗਾ ਦੇ ਵਾਸਤਵਿਕ ਸਰੂਪ ਭਾਰਤ ਮਾਤਾ ਨੂੰ ਇਸ ਤਰ੍ਹਾਂ ਦੇ ਜੀਵਤ ਰੂਪ ਵਿਚ ਵਿਜਰਦੀ ਪਰਵਾਨ ਕਰੀਏ ? ਆਉ, ਆਪਣੇ ਦਿਲਾਂ ਦੀ ਸਾਂਝ ਨੂੰ ਪੱਕਾ ਕਰੀਏ, ਸਾਡੇ ਮਸਤਕ ਤੇ ਹੱਥ ਆਪਣੇ ਆਪ ਇਕ ਵਡੀ ਸਾਂਝ ਵਿਚ ਬੱਝ ਜਾਣਗੇ।

ਪਰਮਾਤਮਾ ਦਾ ਅਨੁਭਵ ਪ੍ਰਾਪਤ ਕਰਨ ਲਈ ਸਾਡੇ ਅੰਦਰ ਸੰਨਿਆਸੀਆਂ ਵਾਲੀ ਭਾਵਨਾ ਉਤਪੰਨ ਹੋਣੀ ਚਾਹੀਦੀ ਹੈ, ਅਰਥਾਤ ਲਘੂ ਆਪੇ ਦੀਆਂ ਕਾਮਨਾਵਾਂ ਦਾ ਤਿਆਗ ਕਰਕੇ ਸਾਨੂੰ ਇਸ ਲਘੂ ਆਪੇ ਨੂੰ ਭਾਰਤ ਮਾਤਾ ਦੇ ਵਿਰਾਟ ਆਪੇ ਨਾਲ ਤਦਰੂਪ ਕਰ ਦੇਣਾ ਚਾਹੀਦਾ ਹੈ। ਪ੍ਰਮਾਤਮਾ ਅਤੇ ਪਰਮਾਨੰਦ ਦੀ ਅਨੁਭੂਤੀ ਲਈ ਤੁਹਾਡੇ ਅੰਦਰ ਇਕ ਬ੍ਰਾਹਮਣ ਵਾਲੀ ਭਾਵਨਾ ਜਾਗਰੂਪ ਹੋਣੀ ਚਾਹੀਦੀ ਹੈ, ਤਾਂ ਜੋ ਰਾਸ਼ਟਰ ਦੇ ਵਿਕਾਸ ਦੇ ਵਿਚਾਰਾਂ ਪ੍ਰਤੀ ਅਸੀਂ ਆਪਣੀ ਸਾਰੀ ਬੌਧਿਕਤਾ

ਨੂੰ ਸਮਪਰਣ ਕਰ ਦੇਈਏ। ਪ੍ਰਮਾਤਮਾ ਤੇ ਪਰਮਾਨੰਦ ਦੀ ਪ੍ਰਾਪਤੀ ਲਈ ਸਾਡੇ ਅੰਦਰ ਛਤਰੀਆਂ ਵਾਲੀ ਭਾਵਨਾ ਉਤਪੰਨ ਹੋਣੀ ਚਾਹੀਦੀ ਹੈ ਕਿ ਹਰ ਛਿਣ ਅਸੀਂ ਆਪਣੇ ਦੇਸ਼ ਤੋਂ ਆਪਣੇ ਆਪ ਨੂੰ ਨਿਛਾਵਰ ਕਰ ਸਕੀਏ। ਪਰਮਾਤਮਾ ਤੇ ਪਰਮਾਨੰਦ ਦੀ ਪ੍ਰਾਪਤੀ ਲਈ ਸਾਡੇ ਅੰਦਰ ਇਕ ਵੈਸ਼ ਦੀ ਸੱਚੀ ਭਾਵਨਾ ਉਤਪਨ ਹੋਣੀ ਚਾਹੀਦੀ ਹੈ ਕਿ ਸਾਡੀ ਸਾਰੀ ਸੰਪਤੀ ਕੌਮ ਦੀ ਅਮਾਨਤ ਹੈ। ਲੋਕ ਪਰਲੋਕ ਦੋਹਾਂ ਵਿਚ ਰਾਮ ਅਤੇ ਪਰਮਾਨੰਦ ਦੇ ਅਨੁਭਵ ਦੀ ਪ੍ਰਾਪਤੀ ਲਈ ਸਾਨੂੰ ਆਪਣੇ ਅੰਤਰਮੁਖੀ ਤੇ ਅਮੂਰਤ ਧਰਮ ਦੀ ਭਾਵਨਾ ਨੂੰ ਬਾਹਰਮੁਖੀ ਸਮੂਰਤ ਸਰੂਪ ਵਿਚ ਪਰਵਰਤਿਤ ਕਰਨਾ ਹੋਵੇਗਾ- ਸੰਨਿਆਸ ਦੀ ਇਸ ਭਾਵਨਾ ਨੂੰ ਬ੍ਰਾਹਮਣ , ਖਤਰੀ ਤੇ ਵੈਸ਼ ਦੀ ਬੀਰ ਭਾਵਨਾ ਨੂੰ ਹੱਥਾਂ ਪੈਰਾਂ ਦੀ ਮੁਸ਼ੱਕਤ ਦੁਆਰਾ ਦੇਸ਼ ਦੇ ਅਰਪਣ ਕਰਨਾ ਹੋਵੇਗਾ, ਜੋ ਕਿ ਕਿਸੇ ਸਮੇਂ ਸਮੁਚੀ ਦੀ ਸਮੁਚੀ ਹੀ ਸੂਦਰ ਵਰਣ ਦੇ ਪੇਟੇ ਪਾ ਦਿਤੀ ਗਈ ਸੀ। ਆਪਣੇ ਪਰੀਹਾ ਹੱਥਾਂ ਵਿਚ ਇਸ ਸੰਨਿਆਸ ਦੀ ਭਾਵਨਾ ਨੂੰ ਜਗਾਉਣਾ ਹੋਵੇਗਾ। ਅਜ ਕੇਵਲ ਇਹੋ ਹੀ ਇਕ ਮਾਰਗ ਹੈ। ਜਾਗੋ ! ਜਾਗੋ!

ਇਥੋਂ ਤਕ ਕਿ ਵਿਦੇਸ਼ੀ ਲੋਕ ਵੀ ਹੁਣ ਸਾਡੇ ਦੇਸ਼ ਨੂੰ ਜੋ ਇਕ ਮਾਤਰ ਬ੍ਰਹਮ ਭੂਮੀ ਹੈ, ਅਜਿਹਾ ਹੀ ਵਿਵਹਾਰਕ ਉਪਦੇਸ਼ ਦੇ ਰਹੇ ਹਨ।

ਜਦੋਂ ਇਕ ਜਾਪਾਨੀ ਆਪਣੀ ਮਾਤਾ ਅਰਥਾਤ ਛੋਟੇ ਗ੍ਰਹਿਸਥ ਧਰਮ ਦੀ ਰਖਿਆ ਖਾਤਰ ਫੌਜ ਵਿਚ ਭਰਤੀ ਹੋਣ ਤੋ ਇਨਕਾਰ ਕਰ ਦਿੰਦਾ ਹੈ ਤਾਂ ਉਸ ਦੀ ਮਾਤਾ ਅਰਥਾਤ ਛੋਟਾ ਗ੍ਰਹਿਸਥ ਧਰਮ ਇਸ ਲਈ ਆਤਮ ਹਤਿਆ ਕਰ ਲੈਂਦੀ ਹੈ ਤਾਂ ਜੋ ਉਸ ਦਾ ਸਪੂਤ ਵੱਡੇ ਰਾਸ਼ਟਰੀ ਧਰਮ ਪ੍ਰਤੀ ਆਪਣੇ ਦਾਇਤਵ ਦੀ ਪਾਲਣਾ ਕਰ ਸਕੇ।

ਇਸ ਨਿਜੀ ਪਰਿਵਾਰਕ ਤੇ ਸਮਾਜਕ ਧਰਮ ਦਾ ਤਿਆਗ ਕਰਕੇ ਉਸ ਮਹਾਨ ਰਾਸ਼ਟਰ ਧਰਮ ਲਈ ਜੂਝ ਮਰਨ ਦਾ ਬੀਰ ਕਰਤਵ ਕਿਤਨਾ ਮਹਾਨ ਹੈ, ਜੋ ਕਿ ਮਹਾਨ ਤੇ ਆਦਰਸ਼ਕ ਗੁਰੂ ਗੋਬਿੰਦ ਸਿੰਘ ਜੀ ਨੇ ਸਾਨੂੰ ਸਿਖਾਇਆ ਹੈ।

ਲੋਕ, ਸ਼ਕਤੀ ਦੀ ਪ੍ਰਾਪਤੀ ਪਿਛੇ ਨਠੇ ਫਿਰਦੇ ਹਨ। ਪਰ ਉਹ ਇਹ ਨਹੀ ਸਮਝ ਸਕਦੇ ਕਿ ਉਨ੍ਹਾਂ ਦੇ ਅੰਦਰ ਹੀ ਸਾਰੇ ਰਾਸ਼ਟਰ ਜਿੰਨੀ ਵਿਆਪਕ ਤੇ ਅਨੰਤ ਸ਼ਕਤੀ ਸਮਾਈ ਹੋਈ ਹੈ। ਸਾਰੰਸ਼ ਵਜੋਂ ਮੈਨੂੰ ਇਸਲਾਮ ਦੇ ਪੈਗੰਬਰ (ਹਜ਼ਰਤ ਮੁਹੰਮਦ) ਦੇ ਸ਼ਬਦਾਂ ਵਿਚ ਇਸ ਦਾ ਵਰਣਨ ਕਰ ਲੈਣ ਦਿਉ:-

"ਜੇ ਸੂਰਜ ਮੇਰੇ ਸੱਜੇ ਤੇ ਚੰਨ ਮੇਰੇ ਖੱਬੇ ਹੋਣ ਅਤੇ ਮੈਨੂੰ ਇਹ ਨਿਰਦੇਸ਼ ਦੇਣ ਕਿ ਇਸ ਮਾਰਗ ਤੋਂ ਪਿਛੇ ਮੁੜ ਜਾ ਤਾਂ ਮੈਂ ਉਨ੍ਹਾਂ ਦੇ ਹੁਕਮ ਦੀ ਕਦੀ ਵੀ ਪਾਲਣਾ ਨਾ ਕਰਾਂ।" ਓਮ! ਓਮ!

.... ਤੁਸੀਂ ਯੂਨੀਵਰਸਿਟੀ ਤੋਂ ਬੀ. ਏ. ਤੇ ਐਮ. ਏ. ਦੀਆਂ ਡਿਗਰੀਆਂ ਪ੍ਰਾਪਤ ਕਰਦੇ ਹੋ, ਪਰ ਤੁਹਾਡੀ ਅਸਲੀ ਚੋਣ ਤਾਂ ਕਾਇਰਤਾ ਤੇ ਬੀਰਤਾ ਵਿਚੋਂ ਕਿਸੇ ਇਕ ਦੀ ਹੈ। ਦਸੋ, ਇਨ੍ਹਾਂ ਵਿਚੋਂ ਤੁਸੀਂ ਕਿਸ ਨੂੰ ਚੁਣਦੇ ਹੋ? ਤੁਸੀਂ ਨੀਚ ਦਾਸ ਬਣਨਾ ਚਾਹੁੰਦੇ ਹੋ ਜਾਂ ਜੀਵਨ ਦੇ ਸ਼ਹਿਜ਼ਾਦੇ? ਬਲਵਾਨ ਅਤੇ ਸ਼ੁਧ-ਜੀਵਨ ਹੀ ਇਤਿਹਾਸ ਵਿਚ ਤੁਲ੍ਹੇ ਦਾ ਕਾਰਜ ਕਰਦਾ ਹੈ। ਨਿਊਟਨ ਦੇ ਗਤੀ ਦੇ ਦੂਜੇ ਨਿਯਮ ਵਿਚ ਇਹ ਵਿਸ਼ੇਸ਼ਤਾ ਦਸੀ ਗਈ ਹੈ ਕਿ ਜਿਸ ਵਸਤੂ ਉਪਰ ਸ਼ਕਤੀ ਦਾ ਪ੍ਰਯੋਗ ਕੀਤਾ ਜਾਂਦਾ ਹੈ, ਉਸ ਦੀ ਗਤੀ ਉਤੇ ਵੀ ਇਸ ਬਲ ਦੇ ਪ੍ਰਯੋਗ ਦਾ ਪ੍ਰਭਾਵ ਪੈਂਦਾ ਹੈ। ਸਾਡੇ ਦੇਸ਼ ਵਿਚ ਕਈ ਸਦੀਆਂ ਤੋਂ ਗੈਰ ਕੁਦਰਤੀ ਰੂਪ ਵਿਚ ਘਿਰਣਾ, ਦਵੈਖ ਭਾਵ, ਰਹੁ ਰੀਤ ਅਤੇ ਵਹਿਮ ਭਰਮ ਵਿਆਪਕ ਰੂਪ ਵਿਚ ਜੀਵਨ ਦੇ ਮਾਰਗਾਂ ਉਤੇ ਛਾਏ ਰਹੇ ਹਨ। ਇਹ ਗੱਲ ਹੁਣ ਅਜ ਦੇ ਸਭਿਆ ਤੇ ਚਰਿਤਰਵਾਨ ਨੌਜਵਾਨ ਉਤੇ ਨਿਰਭਰ ਕਰਦੀ ਹੈ ਕਿ ਉਹ ਇਕ ਸਜੀਵ ਸ਼ਕਤੀ ਦਾ ਰੂਪ ਧਾਰ ਕੇ ਉਸ ਅਣਇਛਤ ਤੇ ਨਿਰਾਰਥਕ ਬੋਝ ਦੇ ਆਵੇਗ ਨੂੰ ਆਪਣੇ ਮਾਰਗ ਤੋਂ ਪਰੇ ਹਟਾ ਦੇਣ। ਇਸ ਪੁਰਾਣੀ ਗਤੀਹੀਣਤਾ ਉਤੇ ਭਾਰੂ ਹੋ ਜਾਣ, ਗਤੀ ਨੂੰ ਉਸ ਬੰਨੇ ਨਿਰਦਿਸ਼ਟ ਕਰਨ, ਜਿਸ ਦੀ ਕਿ ਸਾਨੂੰ ਲੋੜ ਹੈ, ਉਸ ਦੀ ਚਾਲ ਨੂੰ ਤੇਜ਼ ਕਰਕੇ ਅਤੇ ਇਸ ਤੁਰ ਰਹੇ ਢੇਰ ਨੂੰ ਆਪਣੇ ਰਸਤੇ ਤੋਂ ਲਾਂਭੇ ਹਟਾ ਦੇਣ। ਕੰਮ ਕਰੋ, ਕੰਮ ਕਰੋ! ਅਤੀਤ ਨੂੰ ਵਰਤਮਾਨ ਵਿਚ ਢਾਲ ਲਵੋ ਅਤੇ ਇਸ ਬੀਰ ਤੇ ਸ਼ੁਧ ਵਰਤਮਾਨ ਨੂੰ ਭਵਿੱਖ ਦੀ ਦੌੜ ਨੂੰ ਤੇਜ਼ ਕਰਨ ਲਈ ਜੋੜ ਦਿਉ।.....

ਭਾਰਤ ਦਾ ਹਰ ਸਾਧਾਰਣ ਘਰ ਸਾਰੀ ਕੌਮ ਦਾ ਨਮੂਨਾ ਹੀ ਪੇਸ਼ ਕਰਦਾ ਹੈ, ਇਥੇ ਬੜੇ ਥੋੜ੍ਹੇ ਸਾਧਨ ਅਤੇ ਖਾਣ ਵਾਲੇ ਮੂੰਹ ਵਧੇਰੇ ਹੁੰਦੇ ਹਨ। ਇਸ ਤੋਂ ਬਿਨਾਂ ਘਰਾਂ ਵਿਚ ਫ਼ਜ਼ੂਲ ਰਸਮਾਂ ਰਿਵਾਜਾਂ ਉਤੇ ਲੋੜ ਤੋਂ ਵਧੇਰੇ ਵਾਧੂ ਖ਼ਰਚ ਕੀਤਾ ਜਾਂਦਾ ਹੈ। ਇਥੋਂ ਤਕ ਕਿ ਇਕੋ ਤਬੇਲੇ ਵਿਚ ਬਝੇ ਹੋਏ ਪਸ਼ੂਆਂ ਦੀ ਵਹੀਰ ਨੂੰ ਜਦੋਂ ਇਕ ਜਾਂ ਦੋ ਪਸ਼ੂਆਂ ਜਿਨਾ ਲੋੜੀਂਦਾ ਚਾਰਾ ਪਾਇਆ ਜਾਂਦਾ ਹੈ ਤਾਂ ਉਹ ਮਰਨ ਹਾਕੇ ਹੋ ਕੇ ਇਕ ਦੂਜੇ ਨਾਲ ਭਿੜ ਪੈਂਦੇ ਹਨ। ਜਿੰਨਾ ਚਿਰ ਤਕ ਦੁੱਖਾਂ ਦੇ ਅਸਲੀ ਕਾਰਣ ਨੂੰ ਦੂਰ ਨਹੀਂ ਕੀਤਾ ਜਾਂਦਾ, ਉਨਾ ਚਿਰ ਤਕ ਸਭ ਪ੍ਰਕਾਰ ਦੇ ਉਪਦੇਸ਼ ਜਾਂ ਪ੍ਰਚਾਰ ਹਾਸੋਹੀਣੇ ਹਨ। ਭਾਵੇਂ ਮੇਰੇ ਦੇਸ਼ ਵਾਸੀ ਬੜੇ ਮਸਕੀਨ ਤੇ ਸ਼ਾਂਤੀ ਦੇ ਪੁੰਜ ਹਨ ਅਤੇ ਉਹ ਦਿਲੋਂ ਵੀ ਅਜਿਹਾ ਹੀ ਚਾਹੁੰਦੇ ਹਨ, ਪਰ ਉਹ ਸੁਆਰਥ ਤੇ ਈਰਖਾ ਦਵੈਖ ਤੋਂ ਖਹਿੜਾ ਕਿਵੇਂ ਛੁਡਾ ਸਕਦੇ ਹਨ, ਜਦੋਂ ਕਿ ਲੋੜਾਂ ਤੇ ਥੋੜਾਂ ਉਨ੍ਹਾਂ ਵਿਚ ਕਈ ਮਜਬੂਰੀਆਂ ਤੇ ਕਮਜ਼ੋਰੀਆਂ ਉਤਪੰਨ ਕਰ ਦਿੰਦੀਆਂ ਹਨ। ਜੇ ਜਨਸੰਖਿਆ ਦੀ ਸਮੱਸਿਆ ਦਾ ਕੋਈ ਹਲ ਨਹੀਂ ਕਢਿਆ ਜਾਂਦਾ ਤਾਂ

ਰਾਸ਼ਟਰੀ ਏਕਤਾ ਅਤੇ ਰਾਸ਼ਟਰ ਪ੍ਰੇਮ ਬਾਰੇ ਸਾਰੀਆਂ ਗੱਲਾਂ ਇਕ ਸੁਅਪਨ-ਦਰਸ਼ੀ ਖ਼ਾਮ-ਖ਼ਿਆਲੀ ਹੀ ਰਹਿ ਜਾਣਗੀਆਂ। ਸਾਨੂੰ ਇਸ ਨਰ- ਸਿੰਘਾਰੀ (ਸਫਿੰਕਸ) ਗੁੰਝਲ ਨੂੰ ਹਲ ਕਰਨਾ ਪਵੇਗਾ, ਨਹੀਂ ਤਾਂ ਅਸੀਂ ਜੀਉਂਦੇ ਨਹੀਂ ਰਹਿ ਸਕਾਂਗੇ। ਸਾਡੀ ਰੋਜ਼ਾਨਾ ਜ਼ਿੰਦਗੀ ਵਿਚ ਜਿਥੇ ਦੁੱਖ ਕਸ਼ਟ ਏਨੀ ਵੱਡੀ ਮਾਤਰਾ ਵਿਚ ਮੌਜੂਦ ਹਨ ਅਤੇ ਜਿਥੇ ਸਾਡੇ ਸਮੁਚੇ ਸਮਾਜਕ ਚੌਗਿਰਦੇ ਅੰਦਰ ਸੁਖਾਵਾਂ ਮਾਹੌਲ ਨਹੀਂ ਹੈ, ਉਥੇ ਪ੍ਰਾਕਿਰਤਕ ਨਿਯਮਾਂ ਅਨੁਸਾਰ ਮਨੁੱਖੀ ਹਮਦਰਦੀ ਅਤੇ ਸੁਆਰਥਹੀਣਤਾ ਇਕੱਠੇ ਨਹੀਂ ਰਹਿ ਸਕਦੇ। ਭਾਰਤੀ ਲੋਕਾਂ ਵਿਚ ਇਤਨੀ ਵੱਡੀ ਮਾਤਰਾ ਵਿਚ ਗ਼ਰੀਬੀ ਕਾਰਣ ਇਹ ਆਸ ਰਖਣੀ ਨਿਰਮੂਲ ਹੈ ਕਿ ਇਥੇ ਪ੍ਰੇਮ ਤੇ ਹਮਦਰਦੀ ਇਕੱਠੇ ਰਹਿ ਸਕਣਗੇ। ਭੌਤਿਕ ਵਿਗਿਆਨ ਦੇ ਵਿਦਿਆਰਥੀ ਜਾਣਦੇ ਹਨ ਕਿ ਪਦਾਰਥ ਦਾ ਕੋਈ ਵੀ ਢੇਰ ਉਤਨਾ ਚਿਰ ਤਕ ਆਪਣੇ ਅੰਤਰੀਵ ਸਤੁੱਲਨ ਨੂੰ ਸਥਿਰ ਰਖਦਾ ਹੈ, ਜਿਤਨਾ ਚਿਰ ਤਕ ਕਿ ਉਸ ਦੇ ਅੰਸ਼ ਜਾਂ ਘਟਕ ਸਮ ਦੂਰੀ ਉਤੇ ਵਿਚਰ ਕੇ ਆਪਣੇ ਵਿਚਲੇ ਅਣੂਆ ਦੀ ਤਾਲਗਤੀ ਨੂੰ ਸਥਿਰ ਰਖਦੇ ਹਨ। ਪਰ ਭਾਰਤ ਦੇ ਇਸ ਪਦਾਰਥਕ ਅੰਬਾਰ ਦੀ ਕੀ ਹਾਲਤ ਹੈ? ਕੀ ਇਸ ਦੀਆਂ ਵਿਅਕਤੀਗਤ ਇਕਾਈਆਂ ਇਕ ਦੂਸਰੀ ਨਾਲ ਟਕਰਾਉਣ ਤੋਂ ਬਿਨਾਂ ਆਪਣੀ ਆਪਣੀ ਤਾਲਗਤੀ ਨੂੰ ਕਾਇਮ ਰਖ ਸਕਦੀਆਂ ਹਨ? ਕੀ ਉਨ੍ਹਾਂ ਕੋਲ ਇਤਨਾ ਮੋਕਲਾ ਖੇਤਰ ਹੈ ਕਿ ਉਹ ਆਪਣੀਆਂ ਸੁਤੰਤਰ ਕਿਰਿਆਵਾਂ ਜਾਂ ਗਤੀਆਂ ਨੂੰ ਚਲਦਾ ਰਖ ਸਕਣ? ਜੇ ਕੋਈ ਇਕ ਰਜ ਕੇ ਖਾਂਦਾ ਹੈ ਅਤੇ ਉਸ ਦੀ ਖ਼ਾਤਰ ਦਸ ਹੋਰਾਂ ਨੂੰ ਭੁੱਖਾ ਮਰਨਾ ਪੈਂਦਾ ਹੈ ਤਾਂ ਤੁਹਾਨੂੰ ਰਾਸ਼ਟਰੀ ਸੰਤੁਲਨ ਨੂੰ ਸਥਿਰ ਰਖਣ ਲਈ ਤੁਰੰਤ ਕਦਮ ਚੁਕਣੇ ਪੈਣਗੇ, ਨਹੀਂ ਤਾਂ ਭਾਰਤ ਦੀ ਇਕੋ, ਇਕ ਆਸ ਜੰਗਲੀ ਜਾਨਵਰਾਂ ਵਾਲੀ ਸਥਿਤੀ ਹੀ ਹੋ ਜਾਵੇਗੀ, ਜਿਸ ਬਾਰੇ ਮਹਾਂਰਿਸ਼ੀ ਵਸ਼ਿਸ਼ਟ ਜੀ ਨੇ ਮਹਾਂਮਾਰੀ, ਕਾਲ, ਭਿਅੰਕਰ ਯੁੱਧ ਅਤੇ ਭੂਚਾਲ ਆਦਿ ਦੇ ਰੂਪ ਵਿਚ ਵਰਣਨ ਕੀਤਾ ਹੈ।

ਜਦੋਂ ਆਰੀਆ ਲੋਕ ਭਾਰਤ ਵਿਚ ਆ ਕੇ ਵਸੇ ਤਾਂ ਉਸ ਸਮੇਂ ਵਧੇਰੇ ਸੰਤਾਨ ਨੂੰ ਵਰਦਾਨ ਸਮਝਿਆ ਜਾਂਦਾ ਸੀ। ਪਰ ਹੁਣ ਉਹ ਸਮੇਂ ਲੱਦ ਗਏ ਹਨ, ਸਮੇਂ ਬੀਤ ਚੁਕੇ ਹਨ ਅਤੇ ਜਨਸੰਖਿਆ ਦੇ ਵਾਧੇ ਕਾਰਣ ਹੁਣ ਵੱਡਾ ਪਰਿਵਾਰ ਇਕ ਤਰ੍ਹਾਂ ਨਾਲ ਸਰਾਪ ਬਣ ਚੁਕਾ ਹੈ। ਆਓ, ਹੁਣ ਇਸ ਘਾਤਕ ਨੇਮ ਨੂੰ ਸਮਾਪਤ ਕਰ ਦੇਈਏ, ਜਿਹੜਾ ਹੁਣ ਤਕ ਸਾਡੇ ਜੀਵਨ ਦਾ ਵਿਆਪਕ ਅੰਗ ਬਣਿਆ ਰਿਹਾ ਹੈ- ਇਹ ਅਸੂਲ ਇਹ ਸੀ ਕਿ ਵਿਆਹ ਕਰੋ, ਅਗਿਆਨ- ਵਸ ਸੰਤਾਨ ਵਧਾਉ ਅਤੇ ਬੰਧਨਾਂ ਵਿਚ ਰਹਿੰਦੇ ਹੀ ਮਰ ਜਾਉ

ਨੌਜਵਾਨੋ, ਹੁਣ ਇਹ ਕਾਰਜ ਬੰਦ ਕਰੋ। ਬੰਦ ਕਰਕੇ ਉਹ ਭਾਰਤ ਦੇ ਭਵਿੱਖ ਲਈ ਉਤਰਦਾਇਤਵ ਰਖਣ ਵਾਲੇ ਨੌਜਵਾਨੋ, ਇਸ ਕਾਰਜ ਨੂੰ ਬੰਦ ਕਰੋ। ਨੈਤਿਕਤਾ ਦੇ ਨਾਂ ਤੇ, ਭਾਰਤ ਦੇ ਨਾਂ ਤੇ, ਆਪਣੀ ਖ਼ਾਤਰ ਅਤੇ ਆਪਣੀ ਸੰਤਾਨ ਦੀ ਖ਼ਾਤਰ, ਕਿਰਪਾ ਕਰਕੇ ਬੇਵਕਤੀਆਂ ਅਤੇ ਅੰਨ੍ਹੇਵਾਹ ਕੀਤੀਆਂ ਜਾਣ ਵਾਲੀਆਂ ਸ਼ਾਦੀਆਂ ਨੂੰ ਬੰਦ ਕਰੋ। ਇਸ ਨਾਲ ਲੋਕਾਂ ਵਿਚ ਸੁਧੀ ਆਵੇਗੀ ਅਤੇ ਕੁਝ ਹਦ ਤਕ ਜਨਸੰਖਿਆ ਦੀ ਸਮੱਸਿਆ ਵੀ ਹਲ ਹੋਵੇਗੀ।

ਭਾਰਤ ਦੇ ਪਿਛਲੇ ਇਤਿਹਾਸ ਨੂੰ ਵਾਚਣ ਤੇ ਇਹ ਪਤਾ ਲਗਦਾ ਹੈ ਕਿ ਇਸ ਦੇਸ਼ ਦੀ ਅੰਧਿਆਰੀ ਰੈਣ ਦਾ ਕਾਰਣ ਕੋਈ ਹੋਰ ਨਹੀਂ, ਸਗੋਂ ਆਪਣੇ ਆਪ ਨੂੰ ਦੂਜਿਆਂ ਤੋਂ ਵਖਰੇ ਰਖਣਾ ਹੈ। "ਇਸ ਕਮਰੇ (ਭਾਰਤ) ਵਿਚ ਕਿੰਨਾ ਸ਼ਾਨਦਾਰ ਪ੍ਰਕਾਸ਼ ਹੈ! ਵਾਹ ! ਵਾਹ ! ਇਹ ਤਾਂ ਮੇਰਾ ਹੈ! ਮੇਰਾ ਹੈ! ਇਸ ਨੂੰ ਮੈਂ ਕੇਵਲ ਆਪਣੇ ਲਈ ਹੀ ਰਾਖਵਾਂ ਰਖਾਂਗਾ।" ਇਉਂ ਕਹਿੰਦੇ ਹੋਇਆਂ ਅਸੀਂ ਪਰਦੇ ਤਾਣ ਲਏ, ਦਰਵਾਜ਼ੇ ਬੰਦ ਕਰ ਲਏ, ਬਾਰੀਆਂ ਬੰਦ ਕਰ ਲਈਆਂ ਅਤੇ ਇਸ ਪ੍ਰਕਾਸ਼ ਉਤੇ ਅਧਿਕਾਰ ਜਮਾਉਣ ਲਈ ਅਸੀਂ ਬਾਕੀ ਸਭ ਚਾਨਣ ਨੂੰ ਅੰਦਰ ਆਉਣ ਤੋਂ ਬੰਦ ਕਰ ਦਿਤਾ। ਪ੍ਰਭੂ ਕਿਸੇ ਇਕ ਵਿਅਕਤੀ ਲਈ ਨਹੀਂ ਹੈ ਅਤੇ ਨਾ ਹੀ ਧੰਨ-ਦੌਲਤ ਕਿਸੇ ਇਕ ਭੂ-ਖੰਡ ਲਈ ਹੁੰਦਾ ਹੈ।

ਸੰਖੇਪ ਵਿਚ ਯਜਨਾ ਤਾਂ ਉਹ ਅਨੁਭੂਤੀ ਹੈ, ਜੋ ਵਿਵਹਾਰਕ ਰੂਪ ਵਿਚ ਮੇਰੇ ਗੁਆਂਢੀ ਨੂੰ ਵੀ ਮੇਰੇ ਨਿਜ ਰੂਪ ਵਿਚ ਜਾਨਣ ਜਾਂ ਉਸ ਦੇ ਸਮਰੂਪ ਵੇਖਣ ਵਿਚ ਸਹਾਈ ਹੁੰਦੀ ਹੈ, ਜੋ ਮੇਰੇ ਨਿਜ ਸਰੂਪ ਨੂੰ ਸਭ ਦੇ ਸਮਾਨ ਅਤੇ ਸਭ ਵਰਗਾ ਅਨੁਭਵ ਕਰਵਾ ਦਿੰਦੀ ਹੈ, ਜਿਸ ਨਾਲ ਮੇਰਾ ਲਘੂ ਆਪਾ ਮਿਟ ਜਾਂਦਾ ਹੈ ਅਤੇ ਉਹ ਸਭ ਵਿਚ ਫਲੀਭੂਤ ਹੋ ਜਾਂਦਾ ਹੈ। ਇਹ ਸੁਆਰਥ ਦਾ ਬਲੀਦਾਨ ਹੈ ਅਤੇ ਸਰਵ ਆਪੇ ਦਾ ਪੁਨਰ-ਉਥਾਨ ਹੈ। ਇਸ ਦੇ ਇਕ (ਬਲੀਦਾਨ) ਪੱਖ ਨੂੰ ਭਗਤੀ ਅਤੇ ਦੂਜੇ (ਪੁਨਰ ਉਥਾਨ) ਪੱਖ ਨੂੰ ਗਿਆਨ ਕਿਹਾ ਜਾਂਦਾ ਹੈ।

ਵਾਹ ਸਰਬ ਸਰੂਪ (ਓਮ)-
ਇਹ ਮੇਰਾ ਜੀਵਨ ਸਭ ਅਰਪਨ ਹੋਵੇ ਤੇਰੇ ਦਰ ਤੇ
ਨਾਲ ਨਿਮਰਤਾ ਸਭ ਕੁਝ ਅਰਪਨ ਪ੍ਰਭੂ ਤੇਰੇ ਮੰਦਰ ਤੇ!
ਮੇਰੇ ਇਹ ਹੱਥ ਸਭ ਅਰਪਨ ਤੇਰੀ ਸੇਵਾ ਖ਼ਾਤਰ

ਇਹ ਮੇਰਾ ਦਿਲ ਤੇਰੇ ਅਰਪਨ ਹੋਵੇ ਜੋ ਭਰਪੂਰ,
ਤੇਰੀ ਪ੍ਰੇਮ ਮਹਿਕ ਦੇ ਨਾਲ।
ਇਹ ਮੇਰੇ ਨੈਣ ਵੀ ਤੇਰੇ ਅਰਪਨ ਹੋਵਣ
ਜਿਨ੍ਹਾਂ ਵਿਚੋਂ ਤੇਰੇ ਦਰਸ ਦੀ ਮਸਤੀ ਦੇਵੇ ਦਿਖਾਈ।
ਇਹ ਮੇਰਾ ਮਨ ਵੀ ਤੇਰੇ ਅਰਪਨ
ਜਿਥੇ ਬਣ ਜਾਏ ਮੇਰੇ ਪ੍ਰਭੂ ਪ੍ਰੀਤਮ ਦਾ ਇਕ ਸਦੀਵੀ ਮੰਦਰ।
ਇਹ ਸਮਰਪਣ ਹੋਵੇ ਇਤਨਾ ਪੂਰਣ
ਕਿ ਇਸ ਵਿਚੋਂ ਉਤਪੰਨ ਹੋਵੇ ਅਨੁਭਵ ਪਰਮਾਨੰਦ ਦਾ
ਜੋ ਦੇਵੇ ਚਖਾ ਇਸ ਰਸ ਨੂੰ
ਜਿਸ ਨੂੰ ਕਹਿੰਦੇ ਤਾਤ-ਤਵਮ-ਆਸੀ ("ਤੂੰ ਹੀਂ- ਤੂੰ ਹੀਂ")।

ਭਵਾਂ ਦੀਆਂ ਕਮਾਨਾਂ ਤੋਂ ਮੈਂ ਪ੍ਰੇਮ ਦੀ ਮਦਰਾ ਡੋਲ੍ਹਾਂ
ਦਿਲ ਦੇ ਤਖ਼ਤ ਬਿਰਾਜ ਕੇ,
ਮੈਂ ਸਭ ਨੂੰ ਆਪਣੇ ਅੰਗ ਲਗਾਵਾਂ,
ਕੋਈ ਨਾ ਮੈਥੋਂ ਬਾਹਰ,
ਸਭ ਨੂੰ ਆਪਣੇ ਵਿਚ ਸਮਾਵਾਂ।
ਇਸ ਜਮਾਲੀ ਸ਼ਾਨ ਦੇ ਅੰਦਰ
ਹੋ ਨਾ ਸਕੇ ਕੋਈ ਮੈਥੋਂ ਦੂਰ
ਇਹ ਨਿਘੀ ਗਲਵਕੜੀ ਖ਼ੁਸ਼ੀਆਂ ਲੱਦੀ
ਧਰਤੀ ਅਤੇ ਆਕਾਸ਼ ਦੋਹਾਂ ਦੇ ਉਤੇ,
ਇਕ ਧੁੰਦਲਾ ਚਿੰਨ ਜਾਪੇ,
ਮੇਰੀ ਉਸ ਪੂਰਨਤਾ ਦਾ,
ਜਿਸ ਦੀਆਂ ਬਾਹਾਂ ਵਿਚ
ਸਮਾਈ ਸਾਰੀ ਮਾਨਵ ਜਾਤੀ,
ਮੇਰੀ ਇਹ ਪ੍ਰੇਮ ਗਲਵਕੜੀ
ਹੈ ਬੜੀ ਪੀਢੀ ਤੇ ਛੋਹਲੀ।
ਜਿਵੇਂ ਸੂਰਜ ਦੀ ਤਕਣੀ 'ਚ ਸਾਗਾਂ ਸੋਨ ਸੁਨਹਿਰੀ

ਵਿਨ੍ਹ ਦੇਣ ਧਰਤੀ ਤੇ ਆ ਕੇ
ਪੋਲੇ ਪੈਰੀਂ ਸੀਨੇ ਸੋਹਲ ਫੁੱਲਾਂ ਦੇ।
ਜਿਵੇਂ ਪੂਰਨਮਾਸ਼ੀ ਦੇ ਦਿਹਾੜੇ
ਪੂਰਨ ਚੰਨ ਦੀਆਂ ਚਾਂਦੀ ਰਿਸ਼ਮਾਂ
ਸਾਗਰ ਦੀਆਂ ਲਹਿਰਾਂ ਦੇ ਅੰਦਰ ਮਾਰਨ ਚੁੱਭੀਆਂ
ਇੰਝ ਬਿਜਲੀ ਨਾਲ ਆਢਾ ਲਾਉਣ ਵਾਲਾ
ਤੇਜ਼ ਤਰਾਰ ਖ਼ਿਆਲ ਇਕ ਮੇਰੇ ਅੰਦਰ ਜਾਗੇ
ਜਿਸ ਦੀ ਤੇਜ਼ ਗਤੀ ਨਾਲ ਤੁਰਨਾ, ਨੱਠਣਾ
ਜਾਪੇ ਬੜੇ ਅਸੰਭਵ।
ਤੇਜ਼! ਤੇਜ਼! ਉਡਦਾ ਜਾਵੇ! ਉਡਦਾ ਜਾਵੇ!
ਜਿਸ ਨੂੰ ਫੜ ਸਕਣਾ ਹੁਣ
ਮੇਰੇ ਵਸ ਦੀ ਗੱਲ ਨਹੀਂ ਹੈ।
ਹੇ ਧਰਤੀ ਤੇ ਸਾਗਰ,
ਮੇਰੇ ਪੁਤਰ, ਮੇਰੀ ਧੀ!
ਹੇ ਫੁੱਲ ਬਨਸਪਤੀ ਸਗਲੇ ਸੁਹਜ ਜਗਤ ਦੇ
ਹੇ ਜੀਵ ਜੰਤੂ ਇਸ ਧਰਤ ਦੇ
ਸਭ ਜੋ ਵਿਚ ਸੀਮਾਂ ਦੇ ਬੱਧੇ ਹੋਏ
ਤੋੜੋ ਬੰਧਨ ਹੋਵੋ ਮੁਕਤ
ਗਾਵੋ ਇਕ ਸੰਗੀਤ ਮਹਾਂ ਪੁਨੀਤ
ਹੋਵੇ ਜੈ ਜੈ ਕਾਰ! ਜੈ ਜੈ ਕਾਰ!
ਓਮ! ਓਮ! ਓਮ!

ਅਧਿਆਇ ਅਠਾਰ੍ਹਵਾਂ

ਭਾਰਤ ਦੀਆਂ ਸਮੱਸਿਆਵਾਂ (ਅ)

'ਅਲਿਫ਼ ਪੜ੍ਹਕਾ' ਦੀਆਂ ਆਪਣੀਆਂ ਪਹਿਲੀਆਂ ਰਚਨਾਵਾਂ ਵਿਚ ਸੁਆਮੀ ਰਾਮ ਤੀਰਥ ਵਿਚ ਇਕ ਅਜਿਹੀ ਤਖ਼ਦੀ ਭਾਵਨਾ ਲੁਕੀ ਹੋਈ ਮਿਲ ਜਾਂਦੀ ਹੈ, ਜੋ ਉਨ੍ਹਾਂ ਦੇ ਸੁਅਪਨ-ਆਦਰਸ਼ਾਂ ਵਿਚ ਗ਼ੁਲਾਮੀ ਦੀ ਜ਼ਹਿਨੀਅਤ ਵਿਰੁਧ ਇਕ ਨਵੀਂ ਪ੍ਰੇਰਨਾ ਜਗਾਉਂਦੀ ਹੈ। ਪਰਮਾਨੰਦ ਦੇ ਆਤਮਕ ਅਨੁਭਵ ਪ੍ਰਤੀ ਉਤਸ਼ਾਹ ਜਗਾਉਣ ਵਾਲੀ ਉਨ੍ਹਾਂ ਦੀ ਨਿਵੇਕਲੀ ਵਿਧੀ ਦੇ ਰੂਪ ਵਿਚ ਇਸ ਭਾਵਨਾ ਨੂੰ ਉਤੇਜਿਤ ਕੀਤਾ ਗਿਆ ਹੈ। ਸ਼ਾਇਦ ਇਹ ਬਿਲਕੁਲ ਯਥਾਰਥ ਹੈ ਕਿ ਸੁਆਮੀ ਜੀ ਦੇ ਵਿਚਾਰਾਂ ਵਿਚ ਇਹ ਭਾਵਨਾ ਲਾਹੌਰ ਵਿਖੇ ਸੁਆਮੀ ਵਿਵੇਕਾਨੰਦ ਜੀ ਨਾਲ ਉਨ੍ਹਾਂ ਦੇ ਨਿਜੀ ਸੰਪਰਕ ਵਿਚੋਂ ਪੈਦਾ ਹੋਈ ਹੈ। ਆਪਣੇ ਜੀਵਨ ਦੇ ਆਰੰਭਕ ਪੜਾਵਾਂ ਵਿਚ ਜਦੋਂ ਉਨ੍ਹਾਂ ਦੇ ਮਨ ਅੰਦਰ ਤ੍ਰੈ-ਗੁਣਾ ਅਤੀਤਵਾਦ ਦਾ ਸੰਕਲਪ ਵਿਕਸਤ ਹੋ ਰਿਹਾ ਸੀ ਤਾਂ ਇਸ ਦੇ ਨਾਲ ਨਾਲ ਫ਼ਾਰਸੀ ਸਾਹਿਤ ਦੀ ਭਾਵਕ ਕਾਵਿਧਾਰਾ ਅਤੇ ਪੰਜਾਬੀ ਦੀ ਪ੍ਰਗੀਤਕ ਰਚਨਾ ਦਾ ਵੀ ਉਨ੍ਹਾਂ ਉਤੇ ਚੋਖਾ ਪ੍ਰਭਾਵ ਸੀ, ਇਸੇ ਤਰ੍ਹਾਂ ਅੰਗ੍ਰੇਜ਼ੀ ਤੋਂ ਪਛਮੀ ਸਾਹਿਤ ਦੇ ਕਲਾ ਤੇ ਵਿਗਿਆਨ ਸੰਬੰਧੀ ਨਵੀਨ ਵਿਚਾਰ ਵੀ ਉਨ੍ਹਾਂ ਨੇ ਗ੍ਰਹਿਣ ਕੀਤੇ ਸਨ। ਫਲਸਰੂਪ ਆਪਣੇ ਜੀਵਨ ਦੇ ਵਿਚਕਾਰਲੇ ਸਮੇਂ ਵੀ ਜਦੋਂ ਉਹ ਆਪਣੇ ਆਦਰਸ਼ਾਂ ਦੇ ਸੁਆਪਨ-ਮੰਡਲ ਦੀ ਅਵਸਥਾ ਵਿਚ ਵਿਚਰਦੇ ਸਨ ਤਾਂ ਉਨ੍ਹਾਂ ਦੇ ਮਨ ਅੰਦਰ ਉਧੜ ਗੁਧੜੇ ਅਤੇ ਬਿਨਾਂ ਕਿਸੇ ਨਿਆਏ ਸੰਗਲੀ ਦੇ ਆਪਣੇ ਦੇਸ਼, 'ਭਾਰਤ ਮਾਤਾ ਲਈ' ਆਜ਼ਾਦੀ ਦੇ ਵਿਚਾਰ ਉਤਪੰਨ ਹੋ ਜਾਂਦੇ ਸਨ ਜਿਨ੍ਹਾਂ ਵਿਚ ਗ਼ੁਲਾਮੀ ਵਿਰੁਧ ਘਿਰਣਾ ਭਰੀ ਹੁੰਦੀ ਸੀ। ਆਪ ਮਨੁੱਖ ਦੀ ਗ਼ੁਲਾਮੀ ਨੂੰ ਘਿਰਣਾ ਦੀ ਦ੍ਰਿਸ਼ਟੀ ਤੋਂ ਦੇਖਦੇ ਸਨ, ਕਿਉਂਜੋ ਉਨ੍ਹਾਂ ਦਾ ਵਿਚਾਰ ਸੀ ਕਿ ਅਜਿਹਾ ਕਰਨ ਨਾਲ ਮਨੁੱਖ ਵਿਚਲਾ ਰੱਬ ਲਿਤਾੜਿਆ ਜਾਂਦਾ ਹੈ। ਉਹ ਗ਼ੁਲਾਮੀ ਨੂੰ ਸਭ ਤੋਂ ਵੱਡਾ ਪਾਪ ਮੰਨਦੇ ਹਨ। 'ਅਲਿਫ਼ ਪੜ੍ਹਕਾ' ਵਿਚ ਇਸੇ ਸੁਧ ਭਾਵਨਾ ਨੂੰ ਹੀ ਵਿਕਸਤ ਕਰਨ ਦਾ ਸੂਖਮ ਸੁਝਾ ਦਿਤਾ ਗਿਆ ਹੈ ਤਾਂ ਜੋ ਭਾਰਤ ਵਾਸੀ ਆਪਣੇ ਦੇਸ਼ ਦੀ ਗ਼ੁਲਾਮੀ ਦੇ ਸੰਗਲ ਨੂੰ ਤੋੜ ਸਕਣ ਅਤੇ ਆਪਣੇ ਉਥਾਨ ਲਈ ਯਤਨ ਕਰ ਸਕਣ।

ਅਮਰੀਕਾ ਵਿਚ ਵੀ ਜਿਵੇਂ ਕਿ ਅਸੀਂ ਪਹਿਲਾਂ ਵੇਖ ਚੁਕੇ ਹਾਂ, ਸੁਆਮੀ ਜੀ ਨੇ ਆਪਣੇ ਭਾਸ਼ਣਾਂ ਵਿਚ ਬਰਤਾਨਵੀ ਸਾਸ਼ਨ ਦੀ ਲੁੱਟ-ਖਸੁਟ ਨੂੰ ਨਿੰਦਿਆ ਹੈ, ਇਹ ਗੱਲ ਉਨ੍ਹਾਂ ਦੇ "ਅਮਰੀਕਨਾਂ ਦੇ ਨਾਮ ਅਪੀਲ" ਨਾਮੀ ਭਾਸ਼ਣ ਵਿਚ ਅੰਕਤ ਹੈ. ਇਸੇ ਤਰ੍ਹਾਂ ਜਾਤ ਪਾਤ ਪ੍ਰਥਾ ਅਤੇ ਇਸ ਦੀ ਨਵਿਰਤੀ ਨਾਂ ਦੇ ਭਾਸ਼ਣ ਵਿਚ ਵੀ ਇਹ ਵਿਚਾਰ ਪ੍ਰਗਟਾਏ ਗਏ ਹਨ ਅਤੇ ਅਮਰੀਕਨ ਲੋਕਾਂ ਦੀ ਸਹਾਇਤਾ ਦੁਆਰਾ ਇਸ ਪ੍ਰਥਾ ਨੂੰ ਖ਼ਤਮ ਕਰਨ ਲਈ ਅਪੀਲ ਕੀਤੀ ਗਈ ਹੈ।

ਇਹ ਗੱਲ ਬੜੀ ਵਚਿੱਤਰ ਹੈ ਕਿ ਅਮਰੀਕਾ ਵਿਚ ਤਾਂ ਸੁਆਮੀ ਰਾਮ ਤੀਰਥ ਜੀ ਜਾਤਪਾਤ ਪ੍ਰਥਾ ਦੇ ਖ਼ਾਤਮੇ ਉਤੇ ਵਧੇਰੇ ਬਲ ਦਿੰਦੇ ਰਹੇ ਹਨ, ਪਰ ਭਾਰਤ ਪਰਤ ਕੇ ਉਨ੍ਹਾਂ ਦੇ ਵਿਚਾਰਾਂ ਦੀ ਮੁਖ ਧੁਨੀ ਇਸ ਜਾਤਪਾਤ ਪ੍ਰਥਾ ਜਾਂ "ਅਸਪ-ਰਸਤਾ" ਤੋਂ ਮੁਕਤੀ ਉਤੇ ਕੇਂਦਰਤ ਨਹੀਂ ਰਹੀ, ਸਗੋਂ ਇਸ ਗੱਲ ਵਲ ਰੁਖ ਕਰ ਗਈ ਹੈ ਕਿ ਸਭ ਦਾ ਸਹਿਯੋਗ ਪ੍ਰਾਪਤ ਕਰਕੇ ਉਨ੍ਹਾਂ ਨੂੰ ਇਕ ਸੂਤਰ ਵਿਚ ਪਰੋ ਕੇ ਰਾਸਟਰ ਨਿਰਮਾਣ ਦੇ ਕਾਰਜ ਨੂੰ ਕਿਵੇਂ ਅਗੇ ਤੋਰਿਆ ਜਾਵੇ। ਭਾਰਤ ਵਿਚ ਆ ਕੇ ਉਹ ਵਧੇਰੇ ਜ਼ੋਰ ਰਾਸ਼ਟਰ ਨਿਰਮਾਣ ਉਤੇ ਹੀ ਦਿੰਦੇ ਰਹੇ ਹਨ।

ਮੈਨੂੰ ਸੁਆਮੀ ਰਾਮ ਤੀਰਥ ਜੀ ਨੇ ਆਪ ਦਸਿਆ ਸੀ ਕਿ ਅਮਰੀਕਾ ਵਿਚ ਭਾਰਤ ਲਈ ਕੰਮ ਕਰਨ ਅਤੇ ਇਸ ਸਬੰਧ ਵਿਚ ਅਮਰੀਕਨਾਂ ਨੂੰ ਪ੍ਰੇਰਤ ਕਰਨ ਲਈ ਉਨ੍ਹਾਂ ਨੂੰ ਪ੍ਰੇਰਨਾ ਪੂਨੇ ਦੇ ਵੀ. ਜੀ. ਜੋਸ਼ੀ ਵਲੋਂ ਮਿਲੀ ਸੀ। ਇਸੇ ਤਰ੍ਹਾਂ ਇਹ ਅਮਰੀਕਾ ਦੀ ਮਿਸ਼ਨਰੀ ਚੇਤੰਨਤਾ ਹੀ ਸੀ, ਜਿਸ ਨੇ ਸੁਆਮੀ ਰਾਮ ਤੀਰਥ ਜੀ ਨੂੰ ਇਸ ਜਾਤਪਾਤ ਪ੍ਰਥਾ ਵਿਰੁਧ ਆਵਾਜ਼ ਉਠਾਉਣ ਲਈ ਪ੍ਰੇਰਨਾ ਦਿਤੀ, ਕਿਉਂਜੋ ਇਹ ਇਕ ਅਜਿਹੀ ਅਸਾਧ ਬੁਰਾਈ ਸੀ, ਜਿਸ ਨੇ ਭਾਰਤ ਨੂੰ ਗ਼ੁਲਾਮ ਬਣਾ ਦਿਤਾ ਸੀ।

ਜੋ ਵਿਅਕਤੀ ਰਾਸ਼ਟਰਵਾਦ ਵਿਚ ਵਿਸ਼ਵਾਸ ਰਖਦਾ ਹੈ, ਉਸ ਲਈ ਅਮਰੀਕਾ ਤੇ ਯੂਰਪ ਦੇ ਮਜ਼ਦੂਰਾਂ ਦੀਆਂ ਗੰਦੀਆਂ ਬਸਤੀਆਂ ਸੋਚਣ ਲਈ ਬਹੁਤ ਸਮੱਗਰੀ ਪ੍ਰਦਾਨ ਕਰਦੀਆਂ ਹਨ। ਇਥੋਂ ਤਕ ਕਿ ਜਾਤਪਾਤ ਅਤੇ ਵਰਨ ਭੇਦਾਂ ਵਿਚ ਹਾਲੀ ਕਿਤੇ ਵੀ ਇਸ ਤਰ੍ਹਾਂ ਦੀ ਮੰਦੀ ਦਸ਼ਾ ਉਤਪੰਨ ਨਹੀਂ ਸੀ ਹੋਈ, ਜੋ ਇਨ੍ਹਾਂ ਗੰਦੀਆਂ ਬਸਤੀਆਂ ਵਿਚ ਹੋ ਚੁਕੀ ਹੈ। ਪਰ ਇਹ ਗੱਲ ਹੁਣ ਬੜੀ ਮੰਦਭਾਗੀ ਹੈ ਕਿ ਹੁਣ ਇਥੇ ਵੀ ਕਾਰਖ਼ਾਨਿਆਂ ਦੇ ਆਉਣ ਨਾਲ ਗੰਦੀਆਂ ਬਸਤੀਆਂ ਦੀ ਕਠੋਰਤਾ ਨੂੰ ਗ਼ੈਰ ਕੁਦਰਤੀ ਢੰਗ ਨਾਲ ਲਿਆਂਦਾ ਜਾ ਰਿਹਾ ਹੈ। ਇਥੋਂ ਤਕ ਕਿ ਪ੍ਰਤਾਪ ਚੰਦ ਮੋਜ਼ਮਦਾਰ ਵਰਗੇ ਵਿਅਕਤੀ ਵੀ ਅਮਰੀਕਾ ਵਿਚ ਤਾਂ ਵਰਨ ਆਸ਼ਰਮ ਦੀ ਵਕਾਲਤ ਕਰਦੇ ਹਨ, ਪਰ ਆਪਣੇ ਦੇਸ ਵਿਚ ਆ ਕੇ ਇਸ ਦੀ ਨਿੰਦਾ ਕਰਦੇ ਹਨ।

ਭਾਰਤ ਪਰਤਣ ਪਿਛੋਂ ਸੁਆਮੀ ਜੀ ਨੇ ਪੜ੍ਹੇ ਲਿਖੇ ਭਾਰਤੀਆਂ ਦੀਆਂ ਸਮੱਸਿਆਵਾਂ ਨੂੰ ਲਿਆ ਅਤੇ ਉਨ੍ਹਾਂ ਵਿਚ ਸੁਧਾਰ ਦਾ ਕੰਮ ਆਰੰਭ ਕੀਤਾ ਤਾਂ ਜੋ ਉਨ੍ਹਾਂ ਦੇ ਰਾਸ਼ਟਰੀ ਦ੍ਰਿਸ਼ਟੀਕੋਣ ਨੂੰ ਬਦਲਿਆ ਜਾ ਸਕੇ। ਉਨ੍ਹਾਂ ਨੇ ਅਜਿਹੇ ਸਾਹਿਤ ਦੀ ਰਚਨਾ ਕਰਨ ਦਾ ਯਤਨ ਕੀਤਾ, ਜੋ ਵੱਖ ਵੱਖ ਤਬਕਿਆਂ, ਫ਼ਿਰਕਿਆਂ ਅਤੇ ਗੁਟਾਂ ਨੂੰ ਇਕਮਿਕ ਕਰਕੇ ਉਨ੍ਹਾਂ ਵਿਚ ਰਾਸ਼ਟਰ ਪ੍ਰੇਮ ਦੀ ਭਾਵਨਾ ਜਗਾ ਸਕੇ। ਇਹ ਗੱਲ ਵੀ ਬੜੀ ਵਚਿੱਤਰ ਹੈ ਕਿ ਜਦੋਂ ਉਹ ਅਮਰੀਕਾ ਵਿਚ ਸਨ ਤਾਂ ਉਹ ਗ੍ਰਹਿਸਤ ਜੀਵਨ ਬਾਰੇ ਬੜੇ ਸੁੰਦਰ ਵਿਆਖਿਆਨ ਦਿੰਦੇ ਰਹੇ, ਪਰ ਜਦੋਂ ਉਹ ਵਾਪਸ ਭਾਰਤ ਪਰਤੇ ਤਾਂ ਉਨ੍ਹਾਂ ਨੇ ਮੁੜ ਬ੍ਰਹਮਚਾਰੀਆ ਆਸ਼ਰਮ ਬਾਰੇ ਬੋਲਣਾ ਸ਼ੁਰੂ ਕਰ ਦਿਤਾ, ਜੋ ਕਿ ਗ੍ਰਿਹਸਤ ਧਰਮ ਦੀ ਵੀ ਇਕ ਲੋੜ ਹੈ।

ਪਿਛਲੀਆਂ ਕਈ ਸਦੀਆਂ ਤੋਂ ਕਿਸੇ ਨਾ ਕਿਸੇ ਰੂਪ ਵਿਚ ਆਤਮਾ ਬਾਰੇ ਜੋ ਚਰਚਾ ਕੀਤੀ ਜਾਂਦੀ ਰਹੀ ਹੈ, ਉਹ ਵੇਦਾਂਤ ਤੋਂ ਨਿਖੇੜ ਦਿਤੀ ਗਈ ਸੀ, ਇਸ ਨਾਲ ਭਾਰਤੀ ਮਨ ਵਿਚੋਂ ਕਰਮ, ਪ੍ਰੇਮ ਅਤੇ ਕਿਰਤ ਦੇ ਸਾਰੇ ਸੋਮਿਆਂ ਨੂੰ ਦੂਰ ਕਰਨ ਵਿਚ ਸਹਾਇਤਾ ਮਿਲੀ। ਵੱਧ ਤੋਂ ਵੱਧ ਇਹ ਚਰਚਾ ਪ੍ਰਾਭੌਤਿਕ, ਪਰਿਭਾਸ਼ਕ ਸ਼ਬਦਾਂ ਅਤੇ ਉਕਤੀਆਂ ਦਾ ਖ਼ਾਲੀ ਖੜਕਾਰ ਬਣ ਕੇ ਰਹਿ ਗਈ ਜਾਂ ਫਿਰ ਇਸ ਬੌਧਿਕ ਸੋਕੇ ਵਿਰੁਧ ਇਕ ਉਪਭਾਵਕ ਜਿਹਾ ਪ੍ਰਤੀਕਰਮ ਉਭਰਦਾ ਰਿਹਾ। ਇਹ ਗੱਲ ਇਸੇ ਤਰ੍ਹਾਂ ਦੀ ਸੀ, ਜਿਵੇਂ ਇਕ ਦੀਵਾਲੀਆ ਬੈਂਕਰ ਨਿਰਾਰਥਕ ਰੂਪ ਵਿਚ ਆਪਣੇ ਹਿਸਾਬ ਕਿਤਾਬ ਦੇ ਵਹੀ ਖਾਤਿਆਂ ਅਤੇ ਲੈਜਰਾਂ ਉਲਟਣ ਦੇ ਖ਼ਾਲੀ ਖੜਾਕ ਨੂੰ ਹੀ ਸੁਣਦਾ ਰਹੇ, ਇਹੋ ਗੱਲ ਉਸ ਦੇਸ਼ ਭਗਤੀ ਦੀ ਭਾਵਨਾ ਦੀ ਹੈ, ਜਿਸ ਨੂੰ ਅਜਕਲ ਧਰਮ ਦੇ ਰੂਪ ਵਿਚ ਪਰਚਾਰਨ ਦਾ ਯਤਨ ਕੀਤਾ ਜਾ ਰਿਹਾ ਹੈ। ਧਰਮ ਭਾਰਤ ਦੇ ਗ਼ੁਲਾਮਾਂ ਲਈ ਇਕ ਅਜਿਹਾ ਸੰਤਾਪ ਹੈ, ਜਿਸ ਨੂੰ ਉਹ ਵਿਚਾਰੇ ਨਾ ਤਾਂ ਛੱਡ ਸਕਦੇ ਹਨ ਅਤੇ ਨਾ ਹੀ ਸਮਝ ਸਕਦੇ ਹਨ। ਕਲਾ, ਦਸਤਕਾਰੀ, ਉਪਜਾਊ ਕਿਰਤ, ਚੁਪਚਾਪ ਕੀਤਾ ਕੰਮ ਅਤੇ ਜੀਵਨ ਦਾ ਕੋਈ ਹੋਰ ਕਾਰਜ ਉਸ ਨੂੰ ਦਸਿਆ ਹੀ ਨਹੀਂ ਜਾਂਦਾ। ਇਸ ਦੇ ਟਾਕਰੇ ਉਤੇ ਉਸ ਨੂੰ ਵਾਦ ਵਿਵਾਦ, ਬੌਧਿਕ ਮਤਭੇਦ, ਪ੍ਰਾਧੀਨਤਾ ਅਤੇ ਮੌਤ ਆਦਿ ਦੀਆਂ ਖ਼ਾਲੀ ਗੱਲਾਂ ਹੀ ਸਿਖਾਈਆਂ ਜਾਂਦੀਆਂ ਹਨ। ਉਹ ਇਹ ਤਰਕ ਪੇਸ਼ ਕਰਦੇ ਹਨ ਕਿ ਸਾਡੇ ਰਾਸ਼ਟਰੀ ਪਤਨ ਦਾ ਇਕ ਮਾਤਰ ਕਾਰਣ ਕੇਵਲ ਬਦੇਸ਼ੀ ਗ਼ੁਲਾਮੀ ਹੈ, ਪਰ ਉਹ ਇਹ ਨਹੀਂ ਸਮਝ ਸਕਦੇ ਕਿ ਇਹ ਬਦੇਸ਼ੀ ਗ਼ੁਲਾਮੀ ਸਾਡੇ ਜੀਵਨ ਅੰਦਰ ਕਿਉਂ ਆਈ। ਇਹ ਬਦੇਸ਼ੀ ਗ਼ੁਲਾਮੀ ਉਤਰ ਪਛਮੀ ਸੀਮਾ ਪ੍ਰਾਂਤ ਵਿਚ ਕਿਉਂ ਨਹੀਂ ਪਹੁੰਚੀ ਅਤੇ ਹੁਣ ਅਫ਼ਗਾਨਿਸਤਾਨ ਇਸ ਤੋਂ ਕਿਵੇਂ ਬਚਿਆ ਹੋਇਆ ਹੈ? ਇਹ ਗ਼ੁਲਾਮੀ ਦੀ ਭਾਵਨਾ ਸਾਇਬੇਰੀਆ ਵਿਚ

ਕਿਉਂ ਨਹੀਂ ਪ੍ਰਵੇਸ਼ ਕਰ ਸਕੀ? ਨਿਸ਼ਚੇ ਹੀ ਉਥੋਂ ਦੇ ਲੋਕ ਭਾਰਤ ਵਾਸੀਆਂ ਨਾਲੋਂ ਬੌਧਿਕ ਤੌਰ ਤੇ ਸ੍ਰੇਸ਼ਟ ਨਹੀਂ ਹਨ। ਇਥੋਂ ਤਕ ਕਿ ਸੀਲ ਸੁਭਾ ਹਿਰਨੀ ਵੀ ਜਿਉਂਦੇ ਜੀਅ ਫੜੀ ਨਹੀਂ ਜਾਂਦੀ, ਉਹ ਇਸ ਨਾਲੋਂ ਮਰ ਜਾਣਾ ਚੰਗੇਰਾ ਸਮਝਦੀ ਹੈ। ਸ਼ੇਰ ਤੇ ਚੀਤਿਆਂ ਨੂੰ ਬੰਦੂਕ ਦੀ ਗੋਲੀ ਦਾ ਨਿਸ਼ਾਨਾ ਤਾਂ ਬਣਾਇਆ ਜਾ ਸਕਦਾ ਹੈ, ਪਰ ਉਨ੍ਹਾਂ ਨੂੰ ਗ਼ੁਲਾਮ ਨਹੀਂ ਬਣਾਇਆ ਜਾ ਸਕਦਾ। ਇੰਗਲੈਂਡ ਦੇ ਸੁਘੜ ਨੀਤੀਵਾਨਾਂ ਨੇ ਜੀਵਨ ਯਥਾਰਥ ਨੂੰ ਭਾਂਪ ਲਿਆ ਹੈ ਅਤੇ ਇਸੇ ਲਈ ਉਨ੍ਹਾਂ ਨੇ ਭਾਰਤ ਦੇ ਪੜ੍ਹੇ ਲਿਖੇ ਲੋਕਾਂ ਲਈ ਲੋਕਤੰਤਰ ਦਾ ਭੁਲਾਵਾ ਪਾਉਣ ਵਾਲੀ ਕੋਈ ਸਰਕਾਰ ਦੇਣ ਦਾ ਉਪਰਾਲਾ ਕੀਤਾ ਹੈ। ਵਿਧਾਨ ਸਭਾਵਾਂ ਉਨ੍ਹਾਂ ਨੂੰ ਆਪਣੇ ਦਿਲ ਦੀ ਰਜਵੀਂ ਹਵਾੜ ਕੱਢਣ ਅਤੇ ਮੂੰਹੋਂ ਝਗ ਵਗਾ ਤੇ ਥੱਕਾ ਦੇਣ ਵਾਲੀ ਚਰਚਾ ਕਰਨ ਦਾ ਅਵਸਰ ਦਿੰਦੀਆਂ ਹਨ। ਇਹੀ ਕੁਝ ਉਨ੍ਹਾਂ ਦੇ ਸਦੀਆਂ ਤਕ ਕਰਮ ਵਿਹੂਣੇ ਜੀਵਨ ਦੇ ਪਲੇ ਪੈਣਾ ਸੀ। ਬਹੁਤ ਸਾਰੇ ਸਮਾਚਾਰ-ਪੱਤਰ ਕਾਨਫਰੰਸਾਂ, ਸੰਮੇਲਨ ਆਦਿ ਸਭ ਬਕਤਵਾਹ ਕਰਦੇ ਹਨ, ਕਿਉਂਜੋ ਇਹੋ ਹੀ ਇਨ੍ਹਾਂ ਲੋਕਾਂ ਦੀ ਬਾਣ ਹੈ। ਹਿੰਦੂ ਤੇ ਜੈਨੀ ਗੂੜ੍ਹ ਵਾਦ ਵਿਵਾਦਾਂ ਅਤੇ ਸ਼ਾਸਤਰਾਰਥਾਂ ਤੋਂ ਉਨ੍ਹਾਂ ਨੂੰ ਇਹੋ ਕੁਝ (ਵਿਰਸੇ ਵਿਚ) ਮਿਲਿਆ ਹੈ ਅਤੇ ਉਹ ਇਸੇ ਤਰ੍ਹਾਂ ਦੀਆਂ ਗੱਲਾਂ ਅਗੇ ਤੋਂ ਵੀ ਕਰਦੇ ਰਹਿਣਗੇ। ਪਰ ਬੀਤੇ ਵਿਚ ਇਸ ਉਚ ਪੱਧਰ ਦੇ ਅਧਿਆਤਮਕ ਵਿਆਖਿਆਨਾਂ ਨੇ ਸਾਡੇ ਜੀਵਨ ਵਿਚੋਂ ਉਪਜਾਊ ਕਿਰਤ ਅਤੇ ਪ੍ਰੇਮ ਨੂੰ ਕਢ ਦਿਤਾ, ਜੋ ਜੀਵਨ ਦੇ ਨਿਰਮਾਣ ਵਿਚ ਬੜੇ ਸਹਾਇਕ ਸਨ। ਮਧੂਮਖੀ ਦੀ ਨਿਆਈਂ ਚੁਪਚਾਪ ਲਗਾਤਾਰ ਮਿਹਨਤ ਮੁਸ਼ੱਕਤ ਕਰਦੇ ਰਹਿਣਾ ਜਾਂਦਾ ਰਿਹਾ। ਫਲਸਰੂਪ, ਪੁਰਾਤਨ ਵੈਦਕ ਸਭਿਆਚਾਰ ਦਾ ਉਹ ਸਜੀਵ ਸਮਾਜਕ ਢਾਂਚਾ ਉਖੜ ਪੁਖੜ ਗਿਆ, ਜਿਸ ਵਿਚ ਕਿ ਘਰ ਤੇ ਗੁਆਂਢੀ , ਪਸ਼ੂਧਨ ਤੇ ਖੇਤਾਂ ਨਾਲ ਪ੍ਰੇਮ ਕੀਤਾ ਜਾਂਦਾ ਸੀ ਅਤੇ ਸ਼ਤਰੂਆਂ ਨੂੰ ਘਿਰਣਾ ਕੀਤੀ ਜਾਂਦੀ ਸੀ। ਇਸ ਤਰ੍ਹਾਂ ਲੋਕਾਂ ਦੀ ਕਮਰ ਤੋੜ ਦਿਤੀ ਗਈ ਹੈ, ਇਹ ਹਾਲੀ ਵੀ ਟੁੱਟੀ ਹੋਈ ਹੈ ਅਤੇ ਭਾਰਤ ਦੇ ਗ਼ੁਲਾਮ ਲੋਕਾਂ ਦੀ ਰਾਜਨੀਤੀ ਵਿਚ ਵੀ ਹਾਲੀ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਉਹ ਆਪਣੀ ਇੱਛਾ ਅਨੁਸਾਰ ਸੁੰਤਤਰਤਾ ਪ੍ਰਾਪਤ ਕਰ ਲੈਣਗੇ। ਜਿਵੇਂ ਕਬੂਤਰ ਬਿੱਲੀ ਨੂੰ ਵੇਖ ਕੇ ਅੱਖਾਂ ਬੰਦ ਕਰ ਲੈਂਦਾ-ਹੈ ਅਤੇ ਇਹ ਸੋਚਦਾ ਹੈ ਕਿ ਇੰਝ ਕਰਨ ਨਾਲ ਬਿੱਲੀ ਉਸ ਨੂੰ ਖਾ ਨਹੀਂ ਸਕੇਗੀ। ਭਾਵੇਂ ਇਹ ਉਸ ਦਾ ਕਰਮ ਬਿੱਲੀ ਦੇ ਯੋਗਨਿੰਦਰਾ ਪ੍ਰਭਾਵ ਕਾਰਣ ਹੁੰਦਾ ਹੈ, ਪਰ ਇਨ੍ਹਾਂ ਲੋਕਾਂ ਦੀਆਂ ਇਛਾਵਾਂ, ਪ੍ਰਾਰਥਨਾਵਾਂ ਕਦੀ ਵੀ ਫਲੀਭੂਤ ਨਹੀਂ ਹੁੰਦੀਆਂ, ਕਿਉਂਜੋ ਉਨ੍ਹਾਂ ਨੇ ਕਦੇ ਵੀ ਨਾ ਨਿਠ ਤੇ ਸ਼ਾਂਤਚਿਤ ਹੋ ਕੇ ਸਖ਼ਤ ਮਿਹਨਤ ਕੀਤੀ ਹੁੰਦੀ ਹੈ, ਨਾ ਹੀ ਦਸਤਕਾਰੀ ਅਤੇ ਨਾ ਹੀ ਕਲਾ

ਜਾਂ ਕਿਸੇ ਹੋਰ ਘਾਲ ਕਮਾਈ ਵਿਚ ਰੁਚੀ ਰਖੀ ਹੁੰਦੀ ਹੈ। ਜੇ ਇਹ ਮੰਨਦੇ ਹਨ ਕਿ ਉਨ੍ਹਾਂ ਦਾ ਹਰ ਕੰਮ ਸੁਤੰਤਰ ਹੈ, ਉਨ੍ਹਾਂ ਨੂੰ ਦੁਨੀਆਂ ਦੀ ਕੋਈ ਤਾਕਤ ਵੀ ਗ਼ੁਲਾਮ ਨਹੀਂ ਬਣਾ ਸਕਦੀ। ਗ਼ੁਲਾਮ ਕੌਮਾਂ ਨੂੰ ਆਪਣੇ ਹੁਕਮਰਾਨਾਂ ਨੂੰ ਵਰਤਣਾ ਚਾਹੀਦਾ ਹੈ ਅਤੇ ਕੱਛੂ ਤੇ ਖ਼ਰਗੋਸ਼ ਦੀ ਪ੍ਰਸਿਧ ਲੋਕ ਕਥਾ ਵਾਂਗ ਉਨ੍ਹਾਂ ਤੋਂ ਮਿਹਨਤ ਤੇ ਕੰਮ ਦੇ ਖੇਤਰ ਵਿਚ ਅਗੇ ਨਿਕਲ ਜਾਣਾ ਚਾਹੀਦਾ ਹੈ। ਜੇ ਗ਼ੁਲਾਮ ਕੰਮ ਕਰਕੇ ਆਪਣੇ ਹਾਕਮਾਂ ਨੂੰ ਪਛਾੜ ਦੇਣਗੇ ਤਾਂ ਰੰਗ-ਭੇਦ ਜਾਂ ਅਣਸੁਖਾਵੀਆਂ ਪ੍ਰਸਥਿਤੀਆਂ ਆਦਿ ਕੋਈ ਵੀ ਉਨ੍ਹਾਂ ਦੇ ਰਾਹ ਦੀ ਰੋਕ ਨਹੀਂ ਬਣ ਸਕਦੇ। ਜਿਨਾ ਚਿਰ ਤਕ ਮਨੁੱਖ ਆਪਣੇ ਅੰਦਰ ਪਦਾਰਥਕ ਸ਼ਕਤੀ ਹਾਸਲ ਨਹੀਂ ਕਰ ਲੈਂਦਾ ਅਤੇ ਉਹ ਉਨ੍ਹਾਂ ਦੀ ਸਹਾਇਕ ਸ਼ਕਤੀ ਨਹੀਂ ਬਣ ਜਾਂਦੀ, ਉਨਾ ਚਿਰ ਤਕ ਕਿਸੇ ਵਿਸ਼ਾਲ ਲੋਕ-ਸਮੂਹ ਦੀ ਸੁਤੰਤਰਤਾ ਦੇ ਸੁਪਨੇ ਲੈਣੇ ਹਾਸੋਹੀਣੇ ਹਨ ਅਤੇ ਇਹ ਉਸੇ ਤਰ੍ਹਾਂ ਦੀ ਗੱਲ ਹੈ, ਜਿਵੇਂ ਸਕੂਲ ਦੇ ਵਿਦਿਆਰਥੀ ਆਪਣੀ ਜਮਾਤ ਦੇ ਕਮਰੇ ਵਿਚ ਬਹਿਸ ਕਰਦੇ ਹਨ ਜਾਂ ਕੁਝ ਝੱਲੇ ਹੋਏ ਚੂਹੇ ਬਿੱਲੀ ਦੇ ਗੱਲ ਟਲੀ ਪਾਉਣ ਦੀ ਯੋਜਨਾ ਬਣਾਉਂਦੇ ਹਨ। ਭਾਰਤ ਵਿਚ ਕਿਸੇ ਸਕਰਮਕ ਜਾਂ ਅਕਰਮਕ ਇਨਕਲਾਬ ਦੇ ਸੁਪਨੇ ਲੈਣ ਦਾ ਸਪੱਸ਼ਟ ਭਾਵ ਅਰਾਜਕਤਾ ਨੂੰ ਸੱਦਾ ਦੇਣਾ ਹੈ। ਇਹ ਅਰਾਜਕਤਾ ਭਾਰਤ ਦੇ ਲੋਕਾਂ ਨਾਲੋਂ ਵਧੇਰੇ ਨੁਕਸਾਨ ਪਹੁੰਚਾਏਗੀ। ਭਾਵੇਂ ਇਹ ਸੰਭਵ ਹੈ ਕਿ ਅਜਿਹੀ ਅਰਾਜਕਤਾ ਭਾਰਤ ਦੇ ਲੋਕਾਂ ਦੇ ਮਨਾਂ ਵਿਚੋਂ ਕਈ ਗਲਤ ਮਨੌਤਾਂ ਨੂੰ ਖ਼ਤਮ ਕਰ ਦੇਵੇਗੀ ਅਤੇ ਉਨ੍ਹਾਂ ਨੂੰ ਕੁਝ ਸ਼ਕਤੀਵਰ ਤੱਤ ਵੀ ਪ੍ਰਦਾਨ ਕਰ ਦੇਵੇਗੀ। ਜਿਨਾ ਚਿਰ ਤਕ ਉਹ ਰਚਨਾਤਮਕ ਕਿਰਤ ਨੂੰ ਨਹੀਂ ਅਪਨਾਉਂਦਾ, ਉਨਾ ਚਿਰ ਤਕ ਗੁਲਾਮ ਦੇ ਭਵਿੱਖ ਨੂੰ ਜਗਾਉਣ ਵਾਲੀਆਂ ਸਭ ਸ਼ਕਤੀਆਂ ਦਬੀਆਂ ਹੀ ਰਹਿਣਗੀਆਂ। ਇਕ ਰਚਣਹਾਰ ਸਦਾ ਲਈ ਸੁਤੰਤਰ ਹੁੰਦਾ ਹੈ। ਆਪਣੇ ਹੱਥਾਂ ਨਾਲ ਇਕ ਗਜ਼ ਕਪੜਾ ਬੁਣ ਲੈਣਾ, ਹਲ ਦਾ ਫਾਲਾ ਕੁਟ ਲੈਣਾ ਅਤੇ ਇਕ ਜੋੜਾ ਜੁਤੀਆਂ ਦਾ ਬਣਾ ਲੈਣਾ ਉਨ੍ਹਾਂ ਹਜ਼ਾਰਾਂ ਭਾਸ਼ਣਾਂ ਤੋਂ ਉਚੇਰਾ ਹੈ, ਜਿਨ੍ਹਾਂ ਵਿਚ ਅਸੀਂ ਦੇਸ਼ ਪ੍ਰੇਮ, ਹਿੰਦੂ-ਮੁਸਲਮਾਨ ਏਕਤਾ, ਵਰਣ-ਭੇਦ ਨੂੰ ਮਿਟਾਉਣ, ਦਲਿਤ ਵਰਗਾਂ ਦੇ ਉਥਾਨ ਅਤੇ ਇਸ ਤਰ੍ਹਾਂ ਦੀਆਂ ਹੋਰ ਥੋਥੀਆਂ ਗੱਲਾਂ ਕਰਦੇ ਹਾਂ। ਲਗਾਤਾਰ ਕੀਤੀ ਗਈ ਉਪਜਾਊ ਕਿਰਤ ਹੀ ਸਾਡੇ ਵੱਖ ਵੱਖ ਲੋਕਾਂ ਦੇ ਉਨ੍ਹਾਂ ਚਿਹਰਿਆਂ ਨੂੰ ਜੋ ਹੁਣ ਇਕ ਦੂਜੇ ਨਾਲ ਲੜਦੇ ਝਗੜਦੇ ਰਹਿੰਦੇ ਹਨ, ਆਪਣੇ ਕੰਮ ਵਿਚ ਇਨਾ ਮਗਨ ਕਰ ਦੇਵੇਗੀ ਕਿ ਉਨ੍ਹਾਂ ਨੂੰ ਸਿਵਾਏ ਆਪਣੇ ਆਪ ਤੋਂ ਹੋਰ ਕਿਸੇ ਨਾਲ ਵੀ ਧਰਮ ਬਾਰੇ ਗੱਲ ਕਰਨ ਦੀ ਵੀ ਵਿਹਲ ਨਹੀਂ ਮਿਲੇਗੀ। ਕੇਵਲ ਤਦੋਂ ਹੀ ਜਦੋਂ ਉਹ ਲਗਾਤਾਰ ਮਿਹਨਤ ਕਰਨ ਦੀ ਆਦਤ ਪਾਣਗੇ ਅਤੇ ਆਪਣੇ ਕੰਮ ਕਰਨ ਦੀ ਖ਼ੁਸ਼ੀ ਵਿਚ ਪੂਰੀ ਤਰ੍ਹਾਂ ਲਿਵਲੀਨ ਹੋ ਜਾਣਗੇ

ਤਾਂ ਉਨ੍ਹਾਂ ਦੇ ਆਪੋ ਵਿਚਲੇ ਮਤਭੇਦ, ਜਾਤਪਾਤ ਦੇ ਵਿਤਕਰੇ ਤੇ ਹੋਰ ਝਗੜੇ ਖ਼ਤਮ ਹੋ ਜਾਣਗੇ।

ਭਾਰਤ ਦੀ ਸਮੱਸਿਆ ਐਡੀ ਸੌਖੀ ਨਹੀਂ ਹੈ ਕਿ ਇਸ ਦਾ ਛੇਤੀ ਹਲ ਲਭਿਆ ਜਾ ਸਕੇ। ਨਾ ਹੀ ਇਹ ਕੋਈ ਇਸ ਤਰ੍ਹਾਂ ਦੀ ਅਖਿਲ ਭਾਰਤੀ ਸਮੱਸਿਆ ਹੈ, ਜਿਵੇਂ ਕਿ ਸਾਡੇ ਦੇਸ਼ ਭਗਤ ਇਸ ਦੇ ਅਜਿਹਾ ਹੋਣ ਬਾਰੇ ਦਸਦੇ ਹਨ। ਮੁਖ ਕੰਮ ਤਾਂ ਇਹ ਹੋਣਾ ਚਾਹੀਦਾ ਹੈ ਕਿ ਭਾਰਤ ਨੂੰ ਸ਼੍ਰੇਣੀਆਂ, ਜਾਤੀਆਂ ਤੇ ਪ੍ਰਾਂਤਾਂ ਦੇ ਆਧਾਰ ਤੇ ਛੋਟੀਆਂ ਛੋਟੀਆਂ ਇਕਾਈਆਂ ਵਿਚ ਵੰਡ ਕੇ ਉਨ੍ਹਾਂ ਨੂੰ ਕੰਮ ਤੇ ਲਗਾ ਦੇਣਾ ਚਾਹੀਦਾ ਹੈ। ਕਿਰਤ ਵਿਚ ਤਾਲਮੇਲ, ਸਾਂਝੀ ਸਿਰਜਨਾ ਵਿਚ ਸਹਿਯੋਗ, ਉਨ੍ਹਾਂ ਨੂੰ ਇਕ ਸੰਯੁਕਤ ਰਾਜਨੀਤਕ ਸਮੂਹ ਵਿਚ ਜੋੜ ਦੇਵੇਗਾ। ਜਿੰਨਾ ਚਿਰ ਇੰਝ ਨਾ ਕੀਤਾ ਗਿਆ, ਧਾਰਮਿਕ ਤੇ ਸਮਾਜਕ ਪ੍ਰਵਿਰਤੀਆਂ ਉਤੇ ਬਣੇ ਇਹ ਭਿੰਨ-ਭਿੰਨ ਮਨੁੱਖੀ ਸਮੂਹ ਇਕ ਥਾਂ ਸਿਰ ਜੋੜ ਕੇ ਕੰਮ ਵਿਚ ਨਾ ਜੁਟੇ, ਉਨਾ ਚਿਰ ਤਕ ਭਾਰਤ ਬਰਤਾਨੀਆਂ ਦੇ ਜੂਲੇ ਤੋਂ ਮੁਕਤੀ ਪ੍ਰਾਪਤ ਨਹੀਂ ਕਰ ਸਕੇਗਾ। ਜੇ ਕਿਸੇ ਅਰਾਜਕਤਾ ਦੇ ਫਲਸਰੂਪ ਇਹ ਲੋਕ ਆਜ਼ਾਦ ਵੀ ਹੋ ਗਏ ਤਾਂ ਅਫ਼ਗਾਨ ਛੇਤੀ ਹੀ ਇਨ੍ਹਾਂ ਦੇ ਸਿਰ ਤੇ ਆ ਸਵਾਰ ਹੋਣਗੇ।

ਬੁਧੀਜੀਵੀਆਂ ਦੀ ਇਹ ਕੌਮ, ਜਿਸ ਨੇ ਆਪਣੇ ਪ੍ਰਤੀਕਾਤਮਕ ਵਾਕਾਂ, ਸ਼ਬਦਾਂ ਅਤੇ ਦਾਰਸ਼ਨਿਕ ਸੰਘਤਾ ਨੂੰ ਉਸ ਗਰੀਬੜੇ ਕਿਰਸਾਨ ਤੇ ਉਸ ਦੀ ਤ੍ਰੀਮਤ ਦੇ ਮਨਾਂ ਵਿਚ ਡੂੰਘਾ ਉਤਾਰ ਦਿਤਾ ਹੈ, ਸਦੀਆਂ ਤਕ ਉਨ੍ਹਾਂ ਵਿਚਾਰਿਆਂ ਨੂੰ ਟਿਕਾ ਵਾਲੇ ਘਰੋਗੀ ਜੀਵਨ ਦੇ ਅਨੰਦ ਤੋਂ ਵੰਚਿਤ ਰਖਿਆ ਹੈ ਅਤੇ ਉਨ੍ਹਾਂ ਦੇ ਜੀਵਨ ਦਾ ਇਸ ਤਰ੍ਹਾਂ ਘਾਣ ਕਰ ਦਿਤਾ ਗਿਆ ਹੈ ਕਿ ਉਹ ਇਨੇ ਥੋੜ੍ਹੇ ਸਮੇਂ ਵਿਚ ਕਿਵੇਂ ਆਜ਼ਾਦੀ ਹਾਸਲ ਕਰ ਸਕਦੇ ਹਨ?

ਇਹ ਰਮਤੇ ਸੰਨਿਆਸੀ, ਜਿਹੜੇ ਹਾਲੀ ਵੀ ਪੁਰਾਣੇ ਸ਼ਬਦਾਂ ਦੀਆਂ ਧੁਨਾਂ ਅਲਾਪਦੇ ਹਨ ਅਤੇ ਭੂਤਕਾਲ ਦੇ ਘਸੇ ਪਿਟੇ ਜੈਕਾਰੇ ਬੋਲਦੇ ਹਨ, ਮਨੁੱਖਾਂ ਨੂੰ ਮਨੁੱਖ ਤੋਂ ਨਿਖੇੜ ਰਹੇ ਹਨ। ਉਹ ਧਰਮ ਉਪਦੇਸ਼ ਨਹੀਂ ਦੇ ਰਹੇ ਹੁੰਦੇ, ਸਗੋਂ ਬੁਸੇ ਤ੍ਰੁਕੇ ਤੇ ਨਿਰਜਿੰਦ ਬੀਜ-ਗਣਿਤ ਰੂਪੀ ਸਿਧਾਂਤ ਦੇ ਮੁਰਦੇ ਉਖਾੜ ਰਹੇ ਹੁੰਦੇ ਹਨ। ਸੁਆਮੀ ਰਾਮ ਨੇ ਆਪਣੇ ਆਧੁਨਿਕ ਢੰਗ ਨਾਲ ਕੰਮ ਕਰਨ ਦੀ ਕਾਰਜ-ਵਿਧੀ ਦੇ ਨਿਜੀ ਤਜਰਬੇ ਦੇ ਆਧਾਰ ਉਤੇ ਉਨ੍ਹਾਂ ਵਿਰੁਧ ਲਿਖਿਆ ਹੈ।

ਯੂਰਪ ਵਿਚ ਵੀ ਇਹੋ ਜਿਹਾ ਅਕਾਦਮਿਕ ਧਰਮ-ਪ੍ਰਚਾਰ ਕੀਤਾ ਜਾ ਰਿਹਾ ਹੈ, ਪਰ ਮਨੁੱਖੀ ਅਨੰਦ ਤੋਂ ਪ੍ਰਾਪਤ ਹੋਏ ਵਿਗਿਆਨਕ ਕਾਰਜ ਅਤੇ ਰਚਨਾਤਮਕ ਕਿਰਤ ਦੇ ਤੁਲ ਇਸ ਦਾ ਕੋਈ ਮਹੱਤਵ ਨਹੀਂ ਹੈ। ਜਿਥੇ ਵੀ ਭਾਰਤ ਸਮਾਨ ਨਦੀਨ

ਉਗਣ ਲਗ ਪਵੇਗਾ ਅਤੇ ਜਿਥੇ ਇਨ੍ਹਾਂ ਜੜੀ ਬੂਟੀਆਂ ਨੂੰ ਵਧ ਤੋਂ ਵਧ ਬੀਜਣ ਦਾ ਯਤਨ ਕੀਤਾ ਜਾਵੇਗਾ, ਉਥੇ ਧਰਮ ਵੀ ਇਕ ਤਰ੍ਹਾਂ ਦਾ ਜ਼ਹਿਰ ਬਣ ਜਾਂਦਾ ਹੈ। ਅਧਿਕ ਗਿਆਨ ਵੀ ਕਈ ਵਾਰ ਪਾਪ ਬਣ ਜਾਂਦਾ ਹੈ, ਕਿਉਂਜੋ ਇਸ ਨਾਲ ਮਨੁੱਖ ਦੇ ਉਸ ਅਗਿਆਨ ਦਾ ਸੁਹਜ ਨਸ਼ਟ ਹੋ ਜਾਂਦਾ ਹੈ, ਜੋ ਮਨੁੱਖ ਦੀ ਪਾਸ਼ਵਿਕ ਬਿਰਤੀ ਅਤੇ ਸਰਗਰਮ ਘਰੇਗੀ ਜੀਵਨ ਦੀ ਕਰੁਣਾ ਤੇ ਹਮਦਰਦੀ ਦਾ ਇਕ ਜ਼ਰੂਰੀ ਅੰਗ ਹੁੰਦਾ ਹੈ।

ਭਾਰਤ ਦੀ ਆਮ ਜਨਤਾ ਜੋ ਖੇਤਾਂ ਵਿਚ ਕੰਮ ਕਰ ਰਹੀ ਹੈ, ਜੋ ਅਤਿ ਦੀ ਗਰੀਬੀ ਵਿਚ ਕਿਰਤ ਕਰਦੀ ਹੈ, ਜਿਸ ਦੀ ਨਾ ਰਾਜ ਸਹਾਇਤਾ ਕਰਦਾ ਹੈ, ਨਾ ਲੋਕ; ਹਾਲੀ ਵੀ ਛੇਵੀਂ ਸਦੀ ਈਸਵੀ ਵਿਚ ਵਿਚਰ ਰਹੀ ਹੈ। ਏ ਛੀ ਸਦੀ ਪੜ੍ਹੇ ਲਿਖੇ ਲੋਕ ਆਪਣੀ ਸਿੰਚਿਤ ਮਾਨਸਿਕ ਸ਼ਕਤੀ ਤੇ ਧਨ ਪਦਾਰਥ ਦੀ ਬਹੁਲਤਾ ਦੇ ਕਾਰਣ ਆਪਣੀ ਕਲਪਨਾ ਦੁਆਰਾ (29 ਵੀਂ) ਉਨੱਤੀਵੀਂ ਸਦੀ ਈਸਵੀ ਵਿਚ ਵਿਚਰ ਰਹੇ ਹਨ। ਇਨ੍ਹਾਂ ਦੋਹਾਂ ਸ਼੍ਰੇਣੀਆਂ ਦੇ ਲੋਕਾਂ ਵਿਚ ਇਕ ਬਹੁਤ ਵੱਡਾ ਪਾੜਾ ਹੈ, ਜੋ ਇਨ੍ਹਾਂ ਨੂੰ ਇਕ ਦੂਜੇ ਤੋਂ ਵੱਖ ਕਰ ਰਿਹਾ ਹੈ। ਕੀ ਇਹ ਹਾਸੋਹੀਣੀ ਗੱਲ ਨਹੀਂ ਜਾਪਦੀ ਕਿ ਇਸ ਵੱਡੇ ਤੇ ਅਹਿਲ ਪਰਬਤ ਭਾਰ ਨੂੰ ਮਤਿਆਂ ਤੇ ਸੰਮੇਲਨਾਂ ਅਤੇ ਵਿਦੇਸ਼ੀ ਗੁਲਾਮੀ ਦੀ ਨਿੰਦਾ ਦੁਆਰਾ ਅਗੇ ਤੋਰਨ ਦੇ ਯਤਨ ਕੀਤੇ ਜਾ ਰਹੇ ਹਨ, ਤਾਂ ਜੋ ਸਦੀਆਂ ਪੁਰਾਣੇ ਵਹਿਮਾਂ ਭਰਮਾਂ, ਆਦਤਾਂ, ਵਿਚਾਰਾਂ ਤੇ ਪੂਰਵ ਸੰਸਕਾਰਾਂ ਦੇ ਇੰਦਰ ਜਾਲ ਨੂੰ ਤੋੜਿਆ ਜਾ ਸਕੇ? ਉਨ੍ਹਾਂ ਦੇ ਸਾਹਮਣੇ ਕੇਵਲ ਇਕ ਜਾਪਾਨ ਦਾ ਹੀ ਉਦਾਹਰਣ ਹੈ, ਜਿਸ ਦੀ ਕਿ ਕਾਇਆ ਕਲਪ ਹੋ ਚੁਕੀ ਹੈ। ਪਰ ਜਾਪਾਨ ਵਿਚ ਤਾਂ ਕੋਈ ਵੀ ਅਜਿਹਾ ਵਿਅਕਤੀ ਨਹੀਂ ਹੈ, ਜੋ ਲਗਾਤਾਰ ਰਚਨਾਤਮਕ ਕਿਰਤ ਕਰਨ ਵਿਚ ਵਿਸ਼ਵਾਸ ਨਾ ਰਖਦਾ ਹੋਵੇ ਜਾਂ ਅਜਿਹੀ ਸੁਚੀ ਕਿਰਤ ਨਾ ਕਰਦਾ ਹੋਵੇ। ਉਨ੍ਹਾਂ ਦੇ ਧਾਰਮਿਕ ਵਟ-ਵਿਰੋਧ ਸਦੀਆਂ ਦੀ ਕਲਾਮਈ ਕਿਰਤ ਵਿਚ ਸ਼ਾਂਤ ਹੋ ਗਏ ਹਨ.ਉਨ੍ਹਾਂ ਦੇ ਮਨ ਦਾ ਅਕਾਰਥ ਸ਼ੋਰ ਜੀਵਨ ਦੀ ਇਕਸੁਰਤਾ ਵਿਚ ਦੱਬ ਗਿਆ ਹੈ, ਅਜਿਹਾ ਵਾਤਾਵਰਣ ਤਾਂ ਸਦੀਆਂ ਵਿਚ ਕੀਤੇ ਗਏ ਸ਼ਾਂਤ ਤੇ ਮੌਨ ਕਾਰਜ ਦੁਆਰਾ ਹੀ ਸਿਰਜਿਆ ਜਾ ਸਕਦਾ ਹੈ। ਫਿਰ ਜਾਪਾਨ ਦੇ ਆਲੇ ਦੁਆਲੇ ਜੋ ਵਿਸ਼ਾਲ ਸਾਗਰ ਪਸਰਿਆ ਹੋਇਆ ਹੈ, ਉਸ ਨਾਲ ਜਾਪਾਨ ਦੀ ਸਥਿਤੀ ਭਾਰਤ ਨਾਲੋਂ ਬਿਲਕੁਲ ਵਖਰੀ ਹੋ ਗਈ ਹੈ। ਧਰਤੀ ਦੇ ਪੁੱਤਰ ਤਾਂ ਧਰਤੀ ਦੇ ਕੀਟ ਹੀ ਰਹਿੰਦੇ ਹਨ, ਪਰ ਸਾਗਰ ਦੇ ਪੁੱਤਰ ਦੇਵਤੇ ਬਣ ਜਾਂਦੇ ਹਨ, ਕਿਉਂਜੋ ਇਕ ਤਾਂ ਉਹ ਅਨੰਤ ਵਿਚ ਵਿਚਰਦੇ ਹਨ ਅਤੇ ਦੂਜੇ ਉਹ ਕਈ ਅਗਿਆਤ ਖ਼ਤਰੇ ਵੀ ਸਹੇੜਦੇ ਹਨ।

ਭਾਰਤ ਵਿਚ ਵੀ ਹੁਣ ਇਕ ਆਵਾਜ਼ ਮਹਾਤਮਾ ਗਾਂਧੀ ਜੀ ਵਲੋਂ ਉਠਾਈ ਗਈ ਹੈ ਕਿ ਲੋਕਾਂ ਵਿਚ ਜਾ ਕੇ ਇਹ ਪ੍ਰਚਾਰ ਕੀਤਾ ਜਾਵੇ ਕਿ ਉਹ ਆਧੁਨਿਕ ਵਿਦਿਆ ਦੇ ਫਲਾਂ ਦਾ ਤਿਆਗ ਕਰਨ ਅਤੇ ਇਸ ਦੇ ਟਾਕਰੇ ਵਿਚ ਉਹ ਕਿਰਤ ਤੇ ਪ੍ਰੇਮ ਦੇ ਆਪਣੀ ਪੁਰਾਣੀ ਜੀਵਨ ਮਰਿਆਦਾ ਨੂੰ ਹੀ ਅਪਨਾਉਣ। ਪਰ ਇਸ ਦੇਸ਼ ਦੀ ਪ੍ਰਾਸਰੀਰਕ ਪ੍ਰਵਿਰਤੀ ਨੇ ਇਸ ਸੰਦੇਸ਼ ਨੂੰ ਵੀ ਰਾਜਨੀਤਕ ਸ਼ਬਦਾਵਲੀ ਵਿਚ ਢਾਲ ਲਿਆ ਹੈ ਅਤੇ ਇਸ ਨੂੰ ਸਮਾਜਕ ਰੂਪ ਦੇਣ ਦੀ ਥਾਂ ਇਸ ਨੂੰ ਕੱਚ ਦੇ ਟੁਕੜਿਆਂ ਵਾਂਗ ਖਿਲਾਰ ਦਿਤਾ ਹੈ। ਇਸ ਨੂੰ ਜਨਤਕ ਸੰਦੇਸ਼ ਬਣਾਉਣ ਦੀ ਥਾਂ ਭਾਰਤ ਦੇ ਕੁਝ ਪੜ੍ਹੇ ਲਿਖੇ ਨਿਰਜਿੰਦ 'ਪੜ੍ਹੇ ਲਿਖੇ' ਲੋਕਾਂ ਨੇ ਹੀ ਅਪਨਾਉਣ ਦਾ ਯਤਨ ਕੀਤਾ ਹੈ, ਜੋ ਹੁਣ ਇਸ ਉਤੇ ਆਪੋ ਵਿਚ ਵਾਦ-ਵਿਵਾਦ ਕਰਕੇ ਇਸ ਵਿਚ ਬਚੇ ਖੁਚੇ ਦੁੱਧ-ਅੰਮ੍ਰਿਤ ਨੂੰ ਵੀ ਡੋਲ੍ਹ ਦੇਣਗੇ! ਜਿਵੇਂ ਉਪਰ ਉਲੇਖ ਕੀਤਾ ਗਿਆ ਹੈ, ਇਨ੍ਹਾਂ ਨਦੀਨਾਂ ਵਿਚ ਕੁਝ ਵੀ ਨਹੀਂ ਉਗ ਸਕਦਾ, ਕੇਵਲ ਜੜੀ ਬੂਟੀਆਂ ਹੀ ਉਗਣਗੀਆਂ! ਇਸ ਇਕੋ ਵਿਅਕਤੀ (ਮਹਾਤਮਾ ਗਾਂਧੀ) ਨੂੰ ਵੇਖ ਕੇ ਪ੍ਰਸੰਨਤਾ ਹੁੰਦੀ ਹੈ ਕਿ ਇਹ ਕੋਈ ਦੰਭੀ ਪੁਰਸ਼ ਨਹੀਂ ਹੈ, ਸਗੋਂ ਆਪਣੀ ਪੂਰਨ ਸਾਦਗੀ ਵਿਚ ਇਕ ਸ਼ਕਤੀਸ਼ਾਲੀ ਸਾਫ਼ਗੋਈ ਦਾ ਸੁਆਮੀ ਹੈ। ਉਸ ਦਾ ਨਾ-ਮਿਲਵਰਤਣ ਅੰਦੋਲਨ ਪੁਰਾਤਨ ਭਿਖਸ਼ੂਵਾਦ ਦਾ ਹੀ ਵਰਤਮਾਨ ਰਾਜਨੀਤਕ ਖੇਤਰ ਵਿਚ ਕੀਤਾ ਗਿਆ ਅਮਲੀ ਪ੍ਰਯੋਗ ਹੈ। ਇਹ ਜੀਵਨ ਦਰਸ਼ਨ ਤਾਂ ਮਹਾਤਮਾ ਜੀ ਵਰਗੇ ਕੁਝ ਇਕ ਮਹਾਂਪੁਰਸ਼ਾਂ ਦਾ ਹੀ ਧਰਮ ਹੋ ਸਕਦਾ ਹੈ ਜਾਂ ਹੋਵੇਗਾ। ਇਹ ਤਾਂ ਆਪਣੇ ਅੰਤਹਕਰਣ ਵਿਚ ਮਾਨਸਿਕ ਵਿਕਾਰਾਂ ਵਿਰੁਧ ਸੰਗਰਾਮ ਕਰਨ ਦੀ ਕਿਰਿਆ ਹੈ। ਦਲਿਤ ਤੇ ਲਤਾੜੇ ਹੋਏ ਲੋਕਾਂ ਦੀ ਸੁਤੰਤਰਤਾ ਲਈ ਉਸ ਦੇ ਦਿਲ ਵਿਚ ਭਰਿਆ ਅਨੰਤ-ਪ੍ਰੇਮ ਸਾਰੀ ਮਨੁੱਖ ਜਾਤੀ ਨੂੰ ਇਕੋ ਵਾਰ ਸੁਤੰਤਰ ਕਰਨਾ ਲੋਚਦਾ ਹੈ। ਪਰ ਉਸ ਦਾ ਵਾਸਤਵਿਕ ਨਿਸ਼ਾਨਾ ਤਾਂ ਉਸ ਅੰਤਰ-ਦ੍ਰਿਸ਼ਟੀ ਉਪਰ ਕੇਂਦਰਤ ਹੈ, ਜੋ ਮਨੁੱਖ ਦੇ ਘਰੇਗੀ ਜੀਵਨ ਨੂੰ ਸੰਪੂਰਨ ਰੂਪ ਵਿਚ ਸੁਤੰਤਰ ਬਣਾ ਦਿੰਦੀ ਹੈ, ਜਿਸ ਵਿਚ ਉਸ ਨੂੰ ਸ਼ਾਂਤੀ ਤੇ ਸ਼ਹਿਜ਼ਾਦਿਆਂ ਵਾਲੀ ਖੁਲ੍ਹ ਦੇ ਦੋਵੇਂ ਅਧਿਕਾਰ ਹੀ ਇਕ ਸਮਾਨ ਪ੍ਰਾਪਤ ਹੋ ਜਾਂਦੇ ਹਨ। ਸਮੱਸਤ ਮਨੁੱਖ ਜਾਤੀ ਦੀ ਅੰਤਰੀਵ ਸੁਤੰਤਰਤਾ ਵਿਚ ਕਾਲੇ ਗੋਰੇ ਦੇ ਸਭ ਭਿੰਨ ਭੇਦ ਸਦਾ ਲਈ ਮਿਟ ਜਾਂਦੇ ਹਨ।

ਇਕ ਦਿਨ ਵਿਚ ਇਕ ਗਜ਼ ਕਪੜਾ ਉਣ ਲਵੇ,ਤਲਵਾਰ ਚਲਾ ਲਵੇ, ਤਸਵੀਰ ਬਣਾ ਲਵੇ, ਮਿੱਟੀ ਦਾ ਭਾਂਡਾ ਪੱਥ ਲਵੇ, ਜਾਂ ਕੱਚੀ ਖਲ ਨੂੰ ਰੰਗ ਦੇ ਕੇ ਉਸ ਨੂੰ ਚਮੜੇ ਦੇ ਰੂਪ ਵਿਚ ਕਮਾ ਲਵੇ, ਹਲ ਵਾਹੇ, ਬਿਜਾਈ ਕਰੇ ਜਾਂ ਖੇਤਾਂ ਦੀ ਸੰਭਾਲ ਕਰੇ, ਭੇਡਾਂ ਬਕਰੀਆਂ ਪਾਲੇ, ਇਹ ਸਭ ਕੰਮ ਕਰੇ ਅਤੇ ਸੰਮੇਲਨਾਂ ਤੇ ਇਕੱਤਰਤਾਵਾਂ

ਵਲ ਪਿਠ ਦੇ ਕੇ ਸਰਕਾਰ ਦਾ ਬਾਈਕਾਟ ਕਰੋ। ਜਿਵੇਂ ਸਰਕਾਰ ਚਾਹੇ, ਤੁਹਾਡੇ ਉਤੇ ਹਕੂਮਤ ਕਰੀ ਜਾਵੇ। ਤੁਸੀਂ ਭਾਰਤ ਦੀ ਚਿੰਤਾ ਨਾ ਕਰੋ, ਕੇਵਲ ਇਕੋ ਚਿੰਤਾ ਕਰੋ ਕਿ ਤੁਸੀਂ ਆਪਣੀ ਮਿਹਨਤ ਮੁਸ਼ੱਕਤ ਕਰਕੇ ਆਪਣੇ ਟੱਬਰ ਅਤੇ ਆਪਣੇ ਗੁਜ਼ਾਰੇ ਲਈ ਉਪਜੀਵਕਾ ਕਮਾਉਣੀ ਹੈ। ਫ਼ੈਕਟਰੀਆਂ ਤੇ ਕਾਰਖਾਨਿਆਂ ਬਾਰੇ ਵੀ ਨਾ ਸੋਚੋ, ਕਿਉਂਜੋ ਇਹ ਸਭ ਢਾਹ ਦੇਣ ਯੋਗ ਹਨ। ਇਥੋਂ ਤਕ ਕਿ ਪਛਮ ਦੇ ਦੇਸ਼ਾਂ ਵਿਚ ਵੀ ਇਨ੍ਹਾਂ ਨੇ ਉਨ੍ਹਾਂ ਦੇਸ਼ਾਂ ਵਿਚ ਵਿਦੇਸ਼ੀ ਹਕੂਮਤ ਵਰਗਾ ਵਾਤਾਵਰਣ ਪੈਦਾ ਕਰ ਦਿਤਾ ਹੈ, ਜਿਥੇ ਕਿ ਹਾਲੀ ਆਪਣੀ ਸੁਦੇਸ਼ੀ ਸਰਕਾਰ ਹੈ। ਉਥੋਂ ਆਪਣਾ ਕਾਰਜ ਆਰੰਭ ਨਾ ਕਰੋ, ਜਿਥੋਂ ਕਿ ਯੂਰਪ ਸਿਰੇ ਉਤੇ ਪਹੁੰਚ ਕੇ ਖ਼ਾਲੀ ਹੱਥ ਮੁੜ ਰਿਹਾ ਹੈ। ਕੇਵਲ ਮਨੁੱਖ ਬਾਰੇ ਸੋਚੋ, ਨਾ ਕਿ ਮਸ਼ੀਨ ਬਾਰੇ। ਬਸ ਫਿਰ ਆਪਣੇ ਮਿੱਠੇ ਪਿਆਰੇ ਗ੍ਰਹਿਸਥੀ ਜੀਵਨ ਦਾ ਖ਼ਿਆਲ ਕਰੋ, ਜਿਥੇ ਤੁਸੀਂ ਆਪਣੀ ਪਤਨੀ ਤੇ ਬਚਿਆਂ ਕੋਲ ਪ੍ਰੇਮ ਨਾਲ ਰਹਿਣਾ ਹੈ। ਉਨ੍ਹਾਂ ਬਾਰੇ ਹੀ ਵਧੇਰੇ ਜਾਣਨਾ ਹੈ। ਉਨ੍ਹਾਂ ਨੂੰ ਹੀ ਵਧੇਰੇ ਪ੍ਰੇਮ ਕਰਨਾ ਹੈ, ਨਾ ਕਿ ਆਤਮਾ ਤੇ ਪਰਮਾਤਮਾ ਵਰਗੇ ਨਿਰਾਰਥਕ ਰੂਪ ਦੇ ਪ੍ਰਾਸਰੀਰਕ ਸੰਕਲਪਾਂ ਨੂੰ। ਅਲ੍ਹਾ ਵੀ ਭਾਵੇਂ ਹਜ਼ਰਤ ਮੁਹੰਮਦ ਸਾਹਿਬ ਲਈ ਤਾਂ ਇਕ ਬੜਾ ਵੱਡਾ ਯਥਾਰਥ ਸੀ, ਪਰ ਸਾਡੇ ਵਰਗੇ ਆਮ ਲੋਕਾਂ ਲਈ ਤਾਂ ਇਹ ਇਕ ਭਰਮ ਹੀ ਹੈ। ਕੇਵਲ ਆਪਣੇ ਮਿੱਠੇ ਪਿਆਰੇ ਘਰ ਨੂੰ ਹੀ ਆਪਣੇ ਧਿਆਨ ਦਾ ਕੇਂਦਰ ਬਣਾਉ, ਇਸ ਵਿਚ ਸ਼ਾਂਤੀ ਤੇ ਅਮਨ ਚੈਨ ਨੂੰ ਲਿਆਉ ਅਤੇ ਆਪਣੀ ਸੱਚੀ ਸੁੱਚੀ ਕਿਰਤ ਨੂੰ ਹੀ ਪਵਿੱਤਰ ਜਾਣੋ। ਇਸ ਦਾ ਭਾਵ ਤਾਂ ਇਹੋ ਹੀ ਹੈ ਕਿ ਅਸੀਂ ਮੁੜ ਪੇਂਡੂ ਜੀਵਨ ਨੂੰ ਇਕਾਈ ਬਣਾ ਕੇ ਤੁਰੀਏ,'ਤਖ਼ਤ' ਨਾਲੋਂ 'ਹਲ' ਨੂੰ ਵਧੇਰੇ ਜ਼ਰੂਰੀ ਸਮਝੀਏ।

ਮੇਰਾ ਵਿਚਾਰ ਹੈ ਕਿ ਥਕੀ ਮਾਂਦੀ ਦੁਨੀਆਂ ਨੂੰ ਦੇਣ ਲਈ ਇਹੋ ਹੀ ਇਕ ਮਾਤਰ ਦੈਵੀ ਸੰਦੇਸ਼ ਹੈ। ਜਿਨਾ ਚਿਰ ਤਕ ਇਸ ਸੰਦੇਸ ਨੂੰ ਅਪਣਾ ਨਹੀਂ ਲਿਆ ਜਾਂਦਾ,ਉਨਾ ਚਿਰ ਤਕ ਸਰਕਾਰੀ ਤੰਤਰ ਵਿਚ ਕੋਈ ਵੀ ਲਿਆਂਦਾ ਗਿਆ ਪਰਿਵਰਤਨ ਸਵਰਾਜ ਨਹੀਂ ਲਿਆ ਸਕਦਾ। ਅਜਿਹੇ ਸਵਰਾਜ ਵਿਚ ਨੀਵੇਂ ਤੋਂ ਨੀਵੇਂ ਵਿਅਕਤੀ ਤੋਂ ਲੈ ਕੇ ਉਚੇ ਤੋਂ ਉਚੇ ਵਿਅਕਤੀ ਤਕ ਇਕ ਤਰ੍ਹਾਂ ਦਾ ਦੈਵੀ ਸਹਿਯੋਗ ਬੜਾ ਲੋੜੀਂਦਾ ਹੈ, ਤਾਂ ਜੋ ਰਾਉ ਤੇ ਰੰਕ ਦੋਵੇਂ ਹੀ ਆਪਣੇ ਮਿੱਠੇ ਪਿਆਰੇ ਘਰਾਂ ਵਿਚ ਮਨ ਦੀ ਸ਼ਾਂਤੀ ਅਤੇ ਰਾਜ ਅਧਿਕਾਰ ਵਾਲੇ ਗੌਰਵ ਨੂੰ ਇਕ ਸਮਾਨ ਮਾਣ ਸਕਣ। ਇਸ ਮਾਨਸਿਕ ਸ਼ਾਂਤੀ ਅਤੇ ਰਾਜ ਭਾਗ ਦੀ ਭਾਵਨਾ ਦੇ ਮਾਨਣ ਦੇ ਅਨੁਭਵ ਦੇ ਨਾਲ ਨਾਲ ਉਹ ਆਪਣੇ ਖੇਤਾਂ ਨੂੰ ਵਾਹ ਕੇ ਬੀਜ ਸਕਣ ਅਤੇ ਇਸੇ ਹੀ ਸਵਰਾਜ ਤੇ ਸੱਚੀ ਨਾਗਰਿਕਤਾ ਦੀ ਭਾਵਨਾ ਨੂੰ ਮਾਣ ਕੇ ਉਹ ਆਪਣੇ ਬਾਲ-ਬੱਚੇ ਨੂੰ ਪਾਲ

ਸਕਣ। ਪਰ ਅਜਿਹੇ ਸੈਨਿਕ ਸ਼ਕਤੀ ਦੀ ਲੋੜ ਹੁੰਦੀ ਹੈ, ਨਹੀਂ ਤਾਂ ਦੁਰਾਚਾਰੀ ਸ਼ਕਤੀਆਂ ਅਜਿਹੇ ਸਦਾਚਾਰੀ ਸਮਾਜ ਨੂੰ ਨਸ਼ਟ ਕਰ ਦਿੰਦੀਆਂ ਹਨ ਅਤੇ ਇਨ੍ਹਾਂ ਦੀ ਥਾਂ ਉਤੇ ਅਨੈਤਿਕ ਰਾਜ ਜੋ 'ਜਿਸ ਦੀ ਲਾਠੀ ਉਸ ਦੀ ਭੈਂਸ' ਦੀ ਭਾਵਨਾ ਉਤੇ ਆਧਾਰਤ ਹੁੰਦਾ ਹੈ, ਨੂੰ ਕਾਇਮ ਕਰ ਦਿੰਦੀਆਂ ਹਨ। ਪਿਛਲੇ ਸਮਿਆਂ ਵਿਚ ਵੀ ਧਰਮ ਨੂੰ ਕਾਇਮ ਰਖਣ ਲਈ ਤਲਵਾਰ ਦੀ ਰੱਖਿਆ ਦੀ ਲੋੜ ਪੈਂਦੀ ਰਹੀ ਹੈ। ਇਸੇ ਤਰ੍ਹਾਂ ਹੁਣ ਦੇ ਨਵੇਂ ਧਰਮਾਂ ਦੀ ਰੱਖਿਆ ਲਈ ਵੀ ਤਲਵਾਰ ਦੀ ਸ਼ਕਤੀ ਦੀ ਲੋੜ ਹੈ, ਨਹੀਂ ਤਾਂ ਇਸ ਨੂੰ ਹਵਾ ਦੇ ਤੂਫਾਨੀ ਬੁਲ੍ਹੇ ਖਿੰਡਾ ਪੁੰਡਾ ਦੇਣਗੇ ਅਤੇ ਇਸ ਦੇ ਬੀਜਾਂ ਨੂੰ ਵਧਣ ਫੁਲਣ ਨਹੀਂ ਦੇਣਗੇ।

ਇਸ ਵਿਸ਼ੇ ਉਤੇ ਇਥੇ ਮੈਂ ਸੁਆਮੀ ਰਾਮ ਤੀਰਥ ਜੀ ਦੀਆਂ ਲਿਖਤਾਂ ਵਿਚੋਂ ਕੁਝ ਹਵਾਲੇ ਦੇ ਰਿਹਾ ਹਾਂ।

ਇਕ ਅਮਰੀਕਨ ਲੇਖਕ ਦਾ ਕਥਨ ਹੈ:-

ਮੈਂ ਮਨੁੱਖਾਂ ਬਾਰੇ ਵੀ ਅਤੇ ਚੀਜ਼ਾਂ ਬਾਰੇ ਵੀ ਬਹੁਤ ਕੁਝ ਸੋਚਿਆ ਹੈ। ਮੇਰੇ ਚਾਚਾ ਜੀ ਕਹਿੰਦੇ ਹੁੰਦੇ ਸਨ, "ਜੇ ਲੋਕ ਕੰਮ ਕਰਦੇ ਹੋਏ ਪ੍ਰਾਰਥਨਾ ਨਹੀਂ ਕਰਦੇ, ਇਨ੍ਹਾਂ ਨੂੰ ਇਕ ਦੂਜੇ ਨਾਲ ਨਹੀਂ ਜੋੜਦੇ ਤਾਂ ਹੋਰ ਪ੍ਰਾਰਥਨਾ ਸਭ ਵਿਅਰਥ ਹੈ।"

ਮੇਰੇ ਚਾਚਾ ਜੀ ਇਹ ਵੀ ਕਹਿੰਦੇ ਹੁੰਦੇ ਸਨ ਕਿ ਜੇ ਤੁਸਾਂ ਕੋਈ ਕਾਮਨਾ ਕੀਤੀ ਹੈ, ਕਿਸੇ ਦੀ ਮ੍ਰਿਤੂ ਹੋ ਗਈ ਹੈ ਅਤੇ ਤੁਹਾਡੀਆਂ ਅੱਖਾਂ ਵਿਚ ਹੰਝੂਆਂ ਦੀ ਝੜੀ ਨਹੀਂ ਲਗੀ ਤਾਂ ਤੁਸੀਂ ਇਸ ਕੰਮ ਲਈ ਆਪਣਾ ਲਹੂ ਪਸੀਨਾ ਕਿਉਂ ਇਕ ਕੀਤਾ ਸੀ?

ਬਾਹਰਲੀਆਂ ਪਦਾਰਥਕ ਹਾਲਤਾਂ ਅਨੁਸਾਰ ਆਪਣੇ ਆਪ ਨੂੰ ਢਾਲ ਲੈਣ ਦੀ ਸ਼ਕਤੀ ਪੈਦਾ ਕਰ ਲੈਣਾ ਹੀ ਸਿਆਣਪ ਹੈ। ਆਪਣੇ ਆਪ ਨੂੰ ਬਾਹਰਲੀਆਂ ਹਾਲਤਾਂ ਦੇ ਅਨੁਸਾਰ ਨਾ ਢਾਲ ਸਕਣਾ ਮੂਰਖਤਾ ਹੈ। ਕੁਦਰਤ ਦਾ ਇਹ ਬੋਲਾ ਹੈ "ਬਦਲੋ ਜਾਂ ਤਬਾਹ" ਹੋ ਜਾਉ। ਵਧ ਰਹੇ ਸਮੇਂ ਨਾਲ ਕਦਮ ਮੇਲ ਕੇ ਤੁਰੋ ਤਾਂ ਹੀ ਤੁਸੀਂ ਜੀਵਨ ਦੇ ਸੰਗਰਾਮ ਵਿਚ ਜ਼ਿੰਦਾ ਰਹਿ ਸਕਦੇ ਹੋ। (ਭਾਰਤ ਇਸ ਗੱਲ ਨੂੰ ਨੋਟ ਕਰੇ)

ਭਾਰਤ

ਕੋਈ ਵੀ ਵਿਅਕਤੀ ਉਨਾ ਚਿਰ ਤਕ ਪ੍ਰਭੂ ਨਾਲ ਅਤੇ ਸਰਬੱਤ ਨਾਲ ਏਕਤਾ ਦਾ ਅਨੁਭਵ ਨਹੀਂ ਕਰ ਸਕਦਾ, ਜਿਨਾ ਚਿਰ ਤਕ ਕਿ ਉਸ ਦੇ ਸਰੀਰ ਦੀ ਨਸ ਨਸ ਵਿਚ ਸਾਰੀ ਕੌਮ ਦੀ ਏਕਤਾ ਦਾ ਅਨੁਭਵ ਨਹੀਂ ਜਾਗਦਾ।

ਨਕਲੀ ਅੱਗ ਦੇ ਮੂੰਹ ਵਿਚ ਘ੍ਰਿਤ ਦੀ ਆਹੂਤੀ ਪਾਉਣ ਦੀ ਥਾਂ ਕਿਉਂ ਨਾ ਅਸੀਂ ਲੱਖਾਂ ਭੁੱਖੇ ਲੋਕਾਂ ਦੇ ਮਿਹਦੇ ਦੀ ਅਗਨੀ ਨੂੰ ਰੋਟੀ ਦੇ ਭੋਰੇ ਅਰਪਣ ਕਰਕੇ ਸ਼ਾਂਤ ਕਰੀਏ, ਜੋ ਕਿ ਸਾਖਸ਼ਾਤ ਨਰਾਇਣ ਦਾ ਜ਼ਿੰਦਾ ਸਰੂਪ ਹਨ।

ਇਕ ਮਨੁੱਖ ਨੂੰ ਜਿਹੜੀ ਸਭ ਤੋਂ ਵੱਡੀ ਦਾਤ ਤੁਸੀਂ ਬਖ਼ਸ਼ ਸਕਦੇ ਹੋ, ਉਹ ਗਿਆਨ ਹੈ। ਅਜ ਤੁਸੀਂ ਇਕ ਮਨੁੱਖ ਨੂੰ ਰੋਟੀ ਦਿੰਦੇ ਹੋ, ਉਸ ਨੂੰ ਕਲ੍ਹ ਫਿਰ ਭੁੱਖ ਲਗ ਜਾਂਦੀ ਹੈ, ਇਸ ਲਈ ਕਿਸੇ ਮਨੁੱਖ ਨੂੰ ਅਜਿਹਾ ਹੁਨਰ ਸਿਖਾਉ, ਜਿਹੜਾ ਉਸ ਨੂੰ ਸਾਰੀ ਉਮਰ ਲਈ ਰੋਟੀ ਕਮਾਉਣ ਵਿਚ ਸਹਾਈ ਹੋਵੇ।

ਅਧੀ ਵਸੋਂ ਤਾਂ ਭੁੱਖਮਰੀ ਦਾ ਸ਼ਿਕਾਰ ਹੈ ਅਤੇ ਦੂਜੀ ਅਧੀ ਦੋਹੀਂ ਹਥੀਂ ਫ਼ਜ਼ੂਲ ਖ਼ਰਚੀ ਕਰ ਰਹੀ ਹੈ। ਸ਼ਾਨਦਾਰ ਫ਼ਰਨੀਚਰ, ਇਤਰ ਫ਼ਲੇਲ ਦੀਆਂ ਸ਼ੀਸ਼ੀਆਂ, ਬਨਾਉਟੀ ਸਜਾਵਟਾਂ, ਉਪਰੀ ਪੋਚਾ ਪਾਚੀ, ਸਭ ਕਿਸਮ ਦਾ ਕੀਮਤੀ ਨਿਕਸੁਕ, ਘਿਰਣਤ ਦੌਲਤ ਦਾ ਰੂਪ ਧਾਰ ਕੇ ਰੋਗਾਚਾਰੀ ਵਿਖਾਵੇ ਦਾ ਰੂਪ ਧਾਰ ਚੁਕਾ ਹੈ।

ਭਾਰਤ ਦੇ ਰਾਜੇ ਮਹਾਰਾਜੇ ਤੇ ਨਵਾਬ ਆਪਣੀ ਸਾਰੀ ਸ਼ਕਤੀ ਤੇ ਹੀਰੇ ਜਵਾਹਰਾਤ ਤਾਂ ਗੁਆ ਚੁਕੇ ਹਨ। ਹੁਣ ਕੇਵਲ ਨਾਮਾਤਰ ਦੇ ਸਰਦਾਰ ਰਹਿ ਗਏ ਹਨ, ਜਿਨ੍ਹਾਂ ਦੇ ਖ਼ਿਤਾਬ ਥੋਥੇ ਛਣਕਣਿਆਂ ਦੀ ਛਣਕਾਰ ਤੋਂ ਵਧ ਕੁਝ ਵੀ ਨਹੀਂ ਹਨ ਅਤੇ ਕੇਵਲ ਖ਼ਾਲੀ ਨਾਮ ਹੀ ਰਹਿ ਗਏ ਹਨ।

ਕੁਝ ਲੋਕਾਂ ਲਈ ਤਾਂ ਦੇਸ਼ ਭਗਤੀ ਦਾ ਅਰਥ ਇਹੋ ਰਹਿ ਗਿਆ ਹੈ ਕਿ ਉਹ ਖੁਸ ਚੁਕੀ ਸ਼ਾਨ ਉਤੇ ਝੂਰਦੇ ਰਹਿਣ। ਉਨ੍ਹਾਂ ਦੀ ਹਾਲਤ ਉਨ੍ਹਾਂ ਦੀਵਾਲੀਏ ਸ਼ਾਹੂਕਾਰਾਂ ਵਰਗੀ ਹੈ, ਜੋ ਆਪਣੇ ਪਿਛਲੇ ਵਹੀ ਖਾਤਿਆਂ ਨੂੰ ਵਿਅਰਥ ਫਰੋਲਦੇ ਰਹਿੰਦੇ ਹਨ।

ਭਵਿੱਖ ਦੇ ਨੌਜਵਾਨ ਸੁਧਾਰਕ! ਭਾਰਤ ਦੀ ਪੁਰਾਤਨ ਰਹੁ-ਰੀਤ ਅਤੇ ਆਤਮਵਾਦ ਦੀ ਨਿੰਦਾ ਨਾ ਕਰੋ। ਝਗੜੇ ਦੇ ਨਵੇਂ ਤੱਤਾਂ ਨੂੰ ਲਿਆ ਕੇ ਭਾਰਤ ਦੇ ਲੋਕ ਏਕਤਾ ਸਥਾਪਤ ਨਹੀਂ ਕਰ ਸਕਦੇ।

ਆਪਣੀ ਨਿਕੀ ਹਉਮੈ ਦਾ ਤਿਆਗ ਕਰਕੇ ਅਸੀਂ ਸਭ ਦੇਸ਼ਾਂ ਨਾਲ ਇਕ ਮਿਕ ਹੋ ਸਕਦੇ ਹਾਂ-ਇਸ ਉਪਰੰਤ ਜੋ ਕੁਝ ਵੀ ਤੁਸੀਂ ਮਹਿਸੂਸ ਕਰੋਗੇ, ਤੁਹਾਡਾ ਦੇਸ਼ ਵੀ ਉਹੋ ਕੁਝ ਮਹਿਸੂਸ ਕਰੇਗਾ। ਜੇ ਤੁਸੀਂ ਅਗੇ ਕਦਮ ਚੁਕੋਗੇ ਤਾਂ ਤੁਹਾਡਾ ਦੇਸ਼ ਤੁਹਾਡੇ ਪਿਛੇ ਤੁਰੇਗਾ।

ਵਾਧੇ ਲਈ ਸੇਵਾ ਤੇ ਪ੍ਰੇਮ ਲੋੜੀਂਦੇ ਹਨ, ਨਾ ਕਿ ਆਦੇਸ਼ ਤੇ ਜ਼ਰੂਰੀ ਹਦਾਇਤਾਂ।

ਜੋ ਵਿਅਕਤੀ ਮਨੁੱਖਤਾ ਦਾ ਆਗੂ ਬਣਨ ਦੇ ਯੋਗ ਹੈ, ਉਹ ਕਦੀ ਵੀ ਆਪਣੇ ਹਮਾਇਤੀਆਂ ਬਾਰੇ ਸ਼ਿਕਾਇਤ ਨਹੀ ਕਰਦਾ, ਨਾ ਹੀ ਉਹ ਆਪਣੇ ਪੈਰੋਕਾਰਾਂ ਦੀ ਬੇਵਫ਼ਾਈ ਬਾਰੇ ਕੁਝ ਆਖਦਾ ਹੈ, ਨਾ ਉਹ ਮਨੁੱਖ ਜਾਤੀ ਦੇ ਨਾ-ਸ਼ੁਕਰੇ ਅਤੇ ਲੋਕਾਂ ਵਲੋਂ ਪ੍ਰਸ਼ੰਸਾ ਨਾ ਮਿਲਣ ਦਾ ਗਿਲਾ ਹੀ ਕਰਦਾ ਹੈ।

ਦੇਸ਼ ਨੂੰ ਸ਼ਕਤੀਸ਼ਾਲੀ ਬਣਾਉਣ ਵਾਲੇ ਛੋਟੇ ਵਿਚਾਰਾਂ ਵਾਲੇ ਵੱਡੇ ਆਦਮੀ ਨਹੀਂ ਹੁੰਦੇ, ਸਗੋਂ ਵੱਡੇ ਵਿਚਾਰਾਂ ਵਾਲੇ ਛੋਟੇ ਆਦਮੀ ਹੁੰਦੇ ਹਨ।

ਪੂਰਨ ਲੋਕਰਾਜ ਜਾਂ ਬਰਾਬਰੀ , ਬਾਹਰਲੀ ਅਧਿਕਾਰ-ਸੱਤਾ ਦੇ ਭਾਰ ਨੂੰ ਪਰੇ ਸੁਟ ਪਾਉਣਾ, ਹੰਕਾਰ ਦੀ ਭਾਵਨਾ ਨੂੰ ਦੂਰ ਕਰਨਾ, ਸਭ ਸ਼ਾਹੀ-ਅਧਿਕਾਰਾਂ ਤੋਂ ਮੁਕਤੀ, ਵੱਡੇ ਹੋਣ ਦੇ ਅਹੰਮ ਭਾਵ ਨੂੰ ਤਜਣਾ ਅਤੇ ਹੀਣਤਾ ਭਾਵ ਦੀ ਪਰੇਸ਼ਾਨੀ ਨੂੰ ਦੂਰ ਕਰਨਾ-ਇਹ ਹੈ ਭੌਤਿਕ ਪੱਧਰ ਉਤੇ ਵਿਵਹਾਰਕ ਵੇਦਾਂਤ-ਦਰਸ਼ਨ।

ਹਰ ਮਨੁੱਖ ਨੂੰ ਆਪਣੇ ਪੱਧਰ ਉਤੇ ਬਰਾਬਰੀ ਦੀ ਭਾਲ ਕਰਨ ਦਾ ਹੱਕ ਹੈ। ਉਸ ਦਾ ਸਿਰ ਜਿਨਾ ਉਚਾ ਉਹ ਚਾਹੇ, ਹੋ ਸਕਦਾ ਹੈ, ਪਰ ਉਸ ਦੇ ਪੈਰ ਸਾਂਝੀ ਧਰਤੀ ਉਤੇ ਹੀ ਟਿਕੇ ਹੋਣੇ ਚਾਹੀਦੇ ਹਨ। ਇਹ ਕਿਸੇ ਦੇ ਮੋਢੇ ਜਾਂ ਧੌਣ ਉਤੇ ਨਹੀਂ ਟਿਕਣੇ ਚਾਹੀਦੇ, ਭਾਵੇਂ ਉਹ ਕਮਜ਼ੋਰ ਹੋਵੇ ਜਾਂ ਅਜਿਹਾ ਕਰਨ ਦੀ ਆਗਿਆ ਵੀ ਕਿਉਂ ਨਾ ਦੇਵੇ।

ਨਕਲੀ ਰਾਜਸੀ ਨੇਤਾ ਆਜ਼ਾਦੀ ਤੇ ਪ੍ਰੇਮ ਦੀ ਮੂਲ ਭਾਵਨਾ ਤੋਂ ਬਿਨਾਂ ਹੀ ਰਾਸ਼ਟਰੀ ਉਥਾਨ ਕਰਨ ਦੀ ਕਲਪਨਾ ਕਰਦੇ ਹਨ।

ਯੂਰਪ ਤੇ ਅਮਰੀਕਾ ਦਾ ਉਥਾਨ ਕਿਸੇ ਕਰਾਈਸਟ ਸ਼ਖਸੀਅਤ ਕਾਰਣ ਨਹੀਂ ਹੋਇਆ, ਸਗੋਂ ਵੇਦਾਂਤ ਦੇ ਵਿਵਹਾਰਕ ਪ੍ਰਯੋਗ ਦੁਆਰਾ ਹੋਇਆ ਹੈ, ਪਰ ਭਾਰਤ ਦੇ ਪਤਨ ਦਾ ਕਾਰਣ ਤਾਂ ਵਿਵਹਾਰਕ ਅਮਲ ਤੋਂ ਬਿਨਾਂ ਅਪਣਾਇਆ ਗਿਆ ਵੇਦਾਂਤ ਹੈ।

ਵਿਦੇਸ਼ੀ ਰਾਜਨੀਤੀ ਤੋਂ ਬਚਾਉ ਲਈ ਕੇਵਲ ਇਕੋ ਹੀ ਉਪਚਾਰ ਹੈ ਕਿ ਅਸੀਂ ਆਤਮਿਕਤਾ ਦੇ 'ਨੇਮ' ਦੀ ਪਾਲਣਾ ਕਰੀਏ-ਜੋ ਕਿ ਆਪਣੇ ਗੁਆਂਢੀ ਨੂੰ ਪ੍ਰੇਮ ਕਰਨ ਦਾ ਨੇਮ ਹੈ।

ਹਿੰਦੂ ਲੋਕਾਂ ਵਿਚ ਜੋ ਕੁਝ ਕਰਨ ਯੋਗ ਹੈ, ਉਹ ਇਹ ਹੈ ਕਿ ਉਨ੍ਹਾਂ ਵਿਚ ਪ੍ਰਸ਼ੰਸਾ ਦੀ ਭਾਵਨਾ ਉਤਪੰਨ ਕੀਤੀ ਜਾਵੇ ਨਾ ਕਿ ਨਿੰਦਾ ਦੀ। ਇਸੇ ਤਰ੍ਹਾਂ ਭ੍ਰਾਤਰੀਅਤਾ ਦੀ ਭਾਵਨਾ, ਸੰਸਲੇਸ਼ਣ ਦੀ ਮੂਲ ਪ੍ਰਵਿਰਤੀ ਅਤੇ ਕਿਰਤ ਦੀ ਕੁਲੀਨਤਾ ਨੂੰ ਸਵੀਕਾਰ ਕਰਨਾ ਹੋਵੇਗਾ।

ਸਭ ਪ੍ਰਕਾਰ ਦੇ ਸਮਾਜਾਂ, ਸਭ ਕੌਮਾਂ ਅਤੇ ਸਭ ਵਸਤੂਆਂ ਦੇ ਟਾਕਰੇ ਉਤੇ ਆਪਣੇ ਵਿਅਕਤਿਤਵ ਦੀ ਹੋਂਦ ਦੇ ਅਹਿਸਾਸ ਨੂੰ ਜਗਾਉ।

ਜਦੋਂ ਵਰਣ ਤੇ ਨਸਲ ਦੇ ਵਿਤਕਰੇ ਦੀਆਂ ਸ਼ੀਸ਼ੇ ਦੀਆਂ ਕੰਧਾਂ ਮਨੁੱਖੀ ਦਿਲਾਂ ਨੂੰ ਇਕ ਦੂਜੇ ਨਾਲ ਜੁੜਨ ਨਾ ਦਿੰਦੀਆਂ ਹੋਣ ਤਾਂ ਸਮੱਸਿਆਵਾਂ ਨੂੰ ਤਰਕ ਤੇ ਦਲੀਲ ਨਾਲ ਹਲ ਕਰਨਾ ਖ਼ਤਰੇ ਦੇ ਨੇੜੇ ਪੁਜਣ ਦੇ ਤੁਲ ਹੁੰਦਾ ਹੈ।

ਧਾਰਮਿਕ ਸੰਕੀਰਣਤਾ ਦੀ ਭਾਵਨਾ ਨੇ ਲੋਕਾਂ ਵਿਚੋਂ ਮਾਨਵਤਾ ਨੂੰ ਬੱਦਲਾਂ ਵਿਚ ਛੁਪਾ ਦਿਤਾ ਹੈ ਅਤੇ ਰਾਸ਼ਟਰੀਅਤਾ ਦੀ ਸਾਂਝ ਨੂੰ ਗ੍ਰਹਿਣ ਲਾ ਦਿਤਾ ਹੈ।

ਉਹ ਲੋਕ ਜਿਨ੍ਹਾਂ ਨੂੰ ਤੁਸੀਂ ਗਲਤੀ ਨਾਲ ਡਿਗੇ ਹੋਏ ਕਹਿੰਦੇ ਹੋ, ਉਹ ਅਸਲ ਵਿਚ ਹਾਲੀ ਉਠੇ ਨਹੀਂ ਹਨ। ਉਹ ਤਾਂ ਯੂਨੀਵਰਸਿਟੀ ਦੇ ਨਵੇਂ ਵਿਦਿਆਰਥੀ ਹਨ, ਐਨ ਉਸੇ ਤਰ੍ਹਾਂ ਜਿਵੇਂ ਕਦੀ ਤੁਸੀਂ ਨਵੇਂ ਵਿਦਿਆਰਥੀ ਸੋ।

ਭਾਰਤ ਦੇ ਪਿਆਰੇ ਰੂੜੀਵਾਦੀ ਲੋਕੋ! ਸ਼ਾਸਤਰਾਂ ਦੀ ਸ਼ਕਤੀ ਦਾ ਤਾਂ ਠੀਕ ਪ੍ਰਯੋਗ ਕਰੋ। ਪਰ ਸਾਡੇ ਦੇਸ਼ ਦੇ ਧਰਮ ਦੀ ਇਹ ਮੁਖ ਲੋੜ ਹੈ ਕਿ ਅਸੀਂ ਤੰਗ ਧਾਰਮਿਕ ਵਲਗਣਾਂ ਨੂੰ ਢਿਲਾ ਕਰਕੇ ਜਾਤੀਵਾਦ ਦੀ ਭਾਵਨਾ ਨੂੰ ਰਾਸ਼ਟਰੀ ਸਾਂਝ ਦੇ ਅਧੀਨ ਕਰਕੇ ਤੁਰੀਏ।

ਜੇ ਤੁਸੀਂ ਉਸ 'ਨਵਜੋਤੀ' ਨੂੰ ਗ੍ਰਹਿਣ ਕਰਨ ਲਈ ਤਿਆਰ ਨਹੀਂ ਹੋ, ਜੋ ਕਿ ਤੁਹਾਡੇ ਆਪਣੇ ਦੇਸ ਦੀ ਪੁਰਾਤਨ ਰੌਸ਼ਨੀ ਹੈ, ਤਾਂ ਆਪਣੇ ਪਿਤਰ ਲੋਕ ਵਿਚ ਆਪਣੇ ਪਿਤਰਾਂ ਕੋਲ ਜਾ ਵਸੋ। ਇਥੇ ਕੀ ਕਰ ਰਹੇ ਹੋ? ਜਾਉ ਫਿਰ ਤੁਹਾਨੂੰ ਨਮਸਕਾਰ ਹੈ!

ਅਜੋਕੇ ਸਮੇਂ ਸਾਡੇ ਦੇਸ਼ ਦੇ ਸੁਆਮੀ ਤੇ ਪੰਡਤ ਲੋਕਾਂ ਨੂੰ ਲੋਰੀਆਂ ਦੇ ਕੇ ਉਨ੍ਹਾਂ ਦੀ ਗਫਲਤ ਦੀ ਨੀਂਦ ਦੇ ਸਮੇਂ ਵਿਚ ਵਾਧਾ ਕਰ ਰਹੇ ਹਨ।

ਭਾਰਤ ਵਿਚ ਸੁਤੰਤਰ ਸੋਚਣੀ ਨੂੰ ਤਾਂ ਕੁਫ਼ਰ ਤੇ ਸਭ ਤੋਂ ਵਡਾ ਪਾਪ ਮੰਨਿਆ ਜਾਂਦਾ ਹੈ, ਪਰ ਮੁਰਦਾ ਭਾਸ਼ਾ ਦੇ ਸ਼ਬਦਾਂ ਨੂੰ ਪਵਿੱਤਰ ਮੰਨਿਆਂ ਜਾਂਦਾ ਹੈ।

ਹਿੰਦੂ ਬਾਪ ਦੇ ਹੱਡ ਮਾਸ ਤੇ ਖ਼ੂਨ ਤੋਂ ਜਨਮਿਆਂ ਬੱਚਾ ਜਦੋਂ ਈਸਾਈ ਧਰਮ ਨੂੰ ਧਾਰਣ ਕਰ ਲੈਂਦਾ ਹੈ ਤਾਂ ਉਹ ਗਲੀ ਦੇ ਆਵਾਰਾ ਕੁੱਤੇ ਤੋਂ ਵੀ ਵਧੇਰੇ ਓਪਰਾ ਲਗਣ ਲਗ ਪੈਂਦਾ ਹੈ।

ਸੱਤ ਦੀ ਚੇਤੰਨਤਾ ਸ਼ਕਤੀ ਤੇ ਵਿਜੈ ਪ੍ਰਦਾਨ ਕਰਦੀ ਹੈ। ਪਰ ਚਰਮ-ਚੇਤਨਾ (ਭਾਵੇਂ ਉਹ ਬ੍ਰਾਹਮਣ ਦੀ ਚੇਤਨਾ ਹੋਵੇ ਜਾਂ ਸੰਨਿਆਸੀ ਦੀ) ਉਹ ਤੁਹਾਨੂੰ ਮਨੁੱਖ ਤੋਂ ਚਮਿਆਰ ਬਣਾ ਦਿੰਦੀ ਹੈ।

ਸਭਿਆ ਸਮਾਜ ਵਿਚ ਇਸਤਰੀ ਨੂੰ ਜੜ੍ਹ-ਵਸਤੂ ਸਮਝਿਆ ਜਾਂਦਾ ਹੈ, ਪਰ ਮਰਦ ਨੂੰ ਹਰ ਪ੍ਰਕਾਰ ਦੀ ਆਜ਼ਾਦੀ ਦੇ ਦਿਤੀ ਜਾਂਦੀ ਹੈ। ਇਸਤਰੀ ਦੇ ਤਾਂ ਹੱਥ ਪੈਰ ਨੂੜ ਦਿਤੇ ਜਾਂਦੇ ਹਨ ਅਤੇ ਉਸ ਨੂੰ ਕਿਸੇ ਇਕ ਜਾਂ ਦੂਜੇ ਮਰਦ ਦੀ ਜਾਇਦਾਦ ਬਣਾ ਦਿਤਾ ਜਾਂਦਾ ਹੈ।

ਸਭਿਅਾ ਸਮਾਜ ਦੇ ਮਥੇ ਉਤੇ ਇਹ ਇਕ ਬੜਾ ਵੱਡਾ ਕਲੰਕ ਹੈ ਕਿ ਇਸਤਰੀ ਨੂੰ ਮੰਡੀ ਦੀ ਵਿਕਰੀ ਯੋਗ ਜਿਨਸ ਬਣਾ ਦਿੱਤਾ ਜਾਂਦਾ ਹੈ। ਇਸਤਰੀ ਨੂੰ ਮਰਦ ਆਪਣੀ ਉਸੇ ਤਰ੍ਹਾਂ ਦੀ ਮਲਕੀਅਤ ਮੰਨਦਾ ਹੈ, ਜਿਵੇਂ ਉਹ ਰੁੱਖਾਂ, ਮਕਾਨ ਜਾਂ ਪੈਸੇ ਨੂੰ ਮੰਨਦਾ ਹੈ।

ਬੱਚਿਆਂ, ਔਰਤਾਂ ਤੇ ਕਿਰਤੀ ਸ਼੍ਰੇਣੀਆਂ ਨੂੰ ਵਿਦਿਆ ਦੇ ਅਧਿਕਾਰ ਤੋਂ ਵੰਚਿਤ ਰਖਣਾ ਉਸੇ ਤਰ੍ਹਾਂ ਦੀ ਗੱਲ ਹੈ, ਜਿਵੇਂ ਅਸੀਂ ਉਨ੍ਹਾਂ ਟਹਿਣੀਆਂ ਨੂੰ ਕਟ ਰਹੇ ਹੋਈਏ, ਜੋ ਸਾਡਾ ਸਹਾਰਾ ਬਣੀਆਂ ਹੋਈਆਂ ਹਨ। ਨਹੀਂ ਨਹੀਂ, ਇਹ ਤਾਂ ਰਾਸ਼ਟਰੀਅਤਾ ਦੇ ਬ੍ਰਿਛ ਨੂੰ ਜੜ੍ਹਾਂ ਤੋਂ ਕਟਣ ਦੇ ਸਮਾਨ ਹੈ।

ਜੋ ਸਿਰ ਪੀੜ ਦਾ ਕਾਰਣ ਬਣਦਾ ਹੈ, ਉਹ ਕਮਰ ਨੂੰ ਵੀ ਝੁਕਾ ਦਿੰਦਾ ਹੈ ਅਤੇ ਛਾਤੀ ਦਾ ਸਾਹ ਵੀ ਘੁਟ ਦਿੰਦਾ ਹੈ। ਇਹ ਤਾਂ ਪੈਰਾਂ ਦੀ ਥਾਂ ਸਿਰ ਭਾਰ ਚਲਣ ਦੇ ਬਰਾਬਰ ਹੈ। ਆਪਣੇ ਪੈਰਾਂ ਨੂੰ ਧਰਤੀ ਉਤੇ ਹੀ ਟਿਕਿਆ ਰਹਿਣ ਦਿਓ ਅਤੇ ਆਪਣੇ ਸਿਰ ਨੂੰ ਆਕਾਸ਼ ਵਲ ਰਹਿਣ ਦਿਉ ਤਾਂ ਜੋ ਇਸ ਵਿਚ ਦੈਵੀ ਖ਼ੁਸ਼ੀਆਂ ਦਾ ਭੰਡਾਰ ਸਮਾ ਸਕੇ। ਰੱਬੀ ਹੁਕਮ ਨੂੰ ਨਾ ਉਲਟਾਉ। ਧਰਤੀ ਨੂੰ ਆਪਣੇ ਸਿਰ ਉਤੇ ਰਖ ਕੇ ਇਸ ਨੂੰ ਸਿਆਣਪ ਦੀ ਗੱਲ ਨਾ ਸਮਝੋ। ਦੈਵੀ (ਅਸਲੇ) ਆਪੇ ਨਾਲੋਂ ਦ੍ਰਿਸ਼ਟਮਾਨ ਨੂੰ ਵਧੇਰੇ ਗੰਭੀਰਤਾ ਨਾਲ ਨਾ ਲਵੋ।

ਸਰਵ ਸਾਧਾਰਣ ਲੋਕ ਹਵਨ ਸੰਸਕਾਰ ਨੂੰ ਧਰਮ ਦਾ ਬਹੁਤ ਹੀ ਮਹੱਤਵਪੂਰਣ ਤੇ ਆਵਸ਼ਕ ਭਾਗ ਸਮਝਦੇ ਹਨ। ਅਜਕਲ੍ਹ ਦੇ ਸ਼ਰਧਾਲੂਆਂ ਵਲੋਂ ਇਹ ਵੱਡੀ ਦਲੀਲ ਦਿਤੀ ਜਾਂਦੀ ਹੈ ਕਿ "ਹਵਨ ਵਾਯੂਮੰਡਲ ਨੂੰ ਸ਼ੁਧ ਕਰਦਾ ਹੈ ਅਤੇ ਇਸ ਨੂੰ ਸੁਗੰਧਤ ਕਰ ਦਿੰਦਾ ਹੈ।" ਇਹ ਕਿੰਨੀ ਅਸਲੀਅਤ ਤੋਂ ਕੋਰੀ ਗੱਲ ਹੈ! ਇਹ ਭਿੰਨੀ ਸੁਗੰਧੀ ਉਤੇਜਕ ਵਸਤੂ ਦੇ ਰੂਪ ਵਿਚ ਭਾਵੇਂ ਦੂਜਿਆਂ ਸਮਾਨ ਹੀ ਹੁੰਦੀ ਹੈ ਅਤੇ "ਸਰੀਰਕ ਵਿਗਿਆਨ ਲਈ ਇਕ ਕੋਰਾ ਝੂਠ" ਹੈ। ਕੁਝ ਪਲਾਂ ਦਾ ਆਇਆ ਇਹ ਖ਼ੁਸ਼ੀ ਦਾ ਹੁਲਾਰਾ ਮੁੜ ਪ੍ਰਾਣੀ ਅੰਦਰ ਦਿਲਗੀਰੀ ਲੈ ਆਂਦਾ ਹੈ। ਅਜਿਹੇ ਉਤੇਜਕ ਸਾਡੀ ਲੇਣਦਾਰੀ ਵਿਚ ਵਾਧਾ ਕਰਦੇ ਹਨ ਅਤੇ ਵਾਧਾ ਵੀ ਅਜਿਹਾ ਜੋ ਸੂਦ-ਦਰ-ਸੂਦ ਰਕਮਾਂ ਨੂੰ ਵੀ ਜੋੜ ਦਿੰਦਾ ਹੈ, ਜਿਨ੍ਹਾਂ ਨੂੰ ਵਾਪਸ ਮੋੜਨਾ ਮੁਸ਼ਕਿਲ ਹੋ ਜਾਂਦਾ ਹੈ।

ਰਾਮ ਤੁਹਾਨੂੰ ਦਸਦਾ ਹੈ ਕਿ ਜੋ ਕੁਝ ਧਰਮ ਗ੍ਰੰਥਾਂ ਵਿਚ ਲਿਖਿਆ ਹੋਇਆ ਹੈ ਕਿ ਯਗ ਸੰਸਕਾਰ ਵਿਚ ਦੇਵਤੇ ਦਰਸ਼ਨ ਦਿੰਦੇ ਹਨ,ਇਹ ਗੱਲ ਸ਼ਾਬਦਿਕ ਰੂਪ ਵਿਚ ਤਾਂ ਸੱਤ ਹੋਵੇਗੀ,ਪਰ ਇਹ ਤਾਂ ਸਮੂਹਕ ਰੂਪ ਦੀ ਲਿਵਲੀਨਤਾ ਦੀ ਸ਼ਕਤੀ ਦਾ ਪ੍ਰਤੀਕ ਹੈ। ਆਧੁਨਿਕ ਮਨੋਵਿਗਿਆਨ ਦੀਆਂ ਖੋਜਾਂ ਨੇ ਸਿਧ ਕਰ ਦਿਤਾ ਹੈ ਕਿ ਇਕੋ ਤਰ੍ਹਾਂ ਦੇ ਵਿਚਾਰ ਰਖਣ ਵਾਲੇ ਵਿਅਕਤੀ ਜਦੋਂ ਇਕੱਤਰ ਹੋ ਕੇ ਸਮੂਹਕ ਰੂਪ ਦੀ ਲਿਵਲੀਨਤਾ ਵਿਚ ਜੁੜ ਬੈਠਦੇ ਹਨ ਤਾਂ ਉਨ੍ਹਾਂ ਦੀ ਸ਼ਕਤੀ ਕਈ ਗੁਣਾਂ ਵਧ ਜਾਂਦੀ ਹੈ, ਇਹੋ ਹੀ ਸਤਸੰਗ ਦਾ ਮਹਾਨ ਗੁਣ ਹੁੰਦਾ ਹੈ।

ਲੋਕਾਂ ਵਿਚ ਭਾਵਕ ਏਕਤਾ ਤੇ ਪ੍ਰੇਮ ਉਤਪੰਨ ਕਰਨ ਦਾ ਸਭ ਤੋਂ ਪ੍ਰਭਾਵਸ਼ਾਲੀ ਢੰਗ ਇਥੋਂ ਤਕ ਕਿ ਬੱਚਿਆਂ ਤੇ ਇਸਤਰੀਆਂ ਵਿਚ ਅਤੇ ਆਉਣ ਵਾਲੀਆਂ ਪੀੜ੍ਹੀਆਂ ਵਿਚ ਵੀ ਅਜਿਹੀ ਭਾਵਕ ਇਕਸੁਰਤਾ ਉਤਪਨ ਕਰਨ ਲਈ ਨਗਰ ਕੀਰਤਨ ਦਾ ਢੰਗ ਸਭ ਤੋਂ ਸ੍ਰੇਸ਼ਟ ਹੈ। ਗਾਉਂਦਾ ਤੇ ਨਚਦਾ ਹੋਇਆ ਜਲੂਸ ਜਾਂ ਝਾਕੀਆਂ ਦੇ ਦ੍ਰਿਸ਼ ਜੋ ਬਾਜ਼ਾਰਾਂ ਵਿਚੋਂ ਨਿਰਭੈ ਹੋ ਕੇ ਲੰਘਦੇ ਹਨ, 'ਸਤ' ਦਾ ਐਲਾਨ ਕਰੀ ਜਾਂਦੇ ਹਨ।

ਸੁਆਮੀ ਜੀ ਦੀ ਕਾਵਿ–ਆਤਮਾ : ਅਰਥਾਤ ਕਵਿਤਾਵਾਂ ਦਾ ਚੋਣਵਾਂ ਸੰਕਲਨ

ਸੁਆਮੀ ਰਾਮ ਤੀਰਥ ਦੀਆਂ ਰਚਨਾਵਾਂ ਤੇ ਭਾਸ਼ਣਾਂ[1] ਦੇ ਸੰਗ੍ਰਿਹ ਦੀ ਭੂਮਿਕਾ ਵਿਚ ਮਿਸਟਰ ਸੀ.ਐਫ. ਐਂਡਰਿਊ ਆਖਦਾ ਹੈ:

"ਉਹ ਨਿਰਸੰਦੇਹ ਇਨ੍ਹਾਂ ਰਚਨਾਵਾਂ ਵਿਚ ਬਹੁਤ ਕੁਝ ਬਦਲ ਸਕਦਾ ਹੈ ਅਤੇ ਆਸਾਨੀ ਨਾਲ ਇਨ੍ਹਾਂ ਦਾ ਸੰਖੇਪ ਕਰ ਸਕਦਾ ਹੈ। ਉਹ ਇਨ੍ਹਾਂ ਕਵਿਤਾਵਾਂ ਦੀ ਛੰਦਾਬੰਦੀ ਵਿਚ ਵੀ ਸੋਧ ਕਰ ਸਕਦਾ ਹੈ, ਕਿਉਂਜੋ ਉਹ ਉਸੇ ਰੂਪ ਵਿਚ ਹੀ ਕਾਗਜ਼ਾਂ ਉਪਰ ਅੰਕਤ ਕਰ ਦਿਤੀਆਂ ਗਈਆਂ ਹਨ, ਜਿਸ ਦੈਵੀ ਆਵੇਸ਼ ਵਿਚ ਕਿ ਇਹ ਕਰਤਾ ਜੀ ਨੂੰ ਸੁਝੀਆਂ ਹਨ। ਪਰ ਇਸ ਨਾਲ ਪਾਠਕਾਂ ਨੂੰ ਕਾਫ਼ੀ ਘਾਟਾ ਪੈ ਸਕਦਾ ਹੈ। ਇਹ ਘਾਟਾ ਇਸ ਕਾਰਣ ਹੈ ਕਿਉਂਜੋ ਇਸ ਵਿਚ ਸੋਧ ਨਹੀਂ ਕੀਤੀ ਗਈ ਅਤੇ ਨਾ ਹੀ ਇਨ੍ਹਾਂ ਨੂੰ ਪਾਲਿਸ਼ ਕੀਤਾ ਗਿਆ ਹੈ, ਪਰ ਦੂਜੇ ਬੰਨੇ ਇਸ ਦੇ ਵਰਤਮਾਨ ਰੂਪ ਵਿਚ ਪਾਠਕਾਂ ਨੂੰ ਇਸ ਦੀ ਮੌਲਿਕਤਾ ਅਤੇ ਸਜੀਵਤਾ ਦਾ ਵਾਸਤਵਿਕ ਲਾਭ ਵੀ ਪ੍ਰਾਪਤ ਹੋ ਜਾਂਦਾ ਹੈ, ਜੋ ਉਕਤ ਘਾਟਾਂ ਦੀ ਪੂਰਤੀ ਕਰ ਦੇਂਦਾ ਹੈ....ਉਸ ਦੁਹਰਾਉ ਲਈ ਪਾਠਕ ਖ਼ੁਸ਼ੀ ਖ਼ੁਸ਼ੀ ਖਿਮਾਂ ਕਰ ਸਕਦੇ ਹਨ, ਜੋ ਕਿ ਉਸ ਰਚਨਾ ਵਿਚ ਹੁੰਦੀ ਹੈ, ਜਿਸ ਨੂੰ ਕਿ ਅੰਤਮ ਛੂਹ ਨਾ ਦਿਤੀ ਗਈ ਹੋਵੇ ਅਤੇ ਸੋਧਿਆ ਨਾ ਗਿਆ ਹੋਵੇ। ਪਰ ਇਥੇ ਤਾਂ ਖਰੜੇ ਦੀਆਂ ਪਗ-ਟਿਪਣੀਆਂ ਵਿਚ ਸੁਆਮੀ ਜੀ ਦਾ ਵਿਅਕਤਿਤਵ ਪ੍ਰਤਖ ਰੂਪ ਵਿਚ ਉਨ੍ਹਾਂ ਦੇ ਸਮੀਪ ਆ ਜਾਂਦਾ ਹੈ ਅਤੇ ਇਸ ਦੁਆਰਾ ਉਸ ਤਰੁਟੀ ਦੀ ਪੂਰਤੀ ਹੋ ਜਾਂਦੀ ਹੈ, ਜਿਸ ਦਾ ਉਲੇਖ ਉਪਰ ਕੀਤਾ ਜਾ ਚੁਕਾ ਹੈ।

---

1 'ਪ੍ਰਭੂ ਅਨੁਭਵ ਦੇ ਖਣਾਂ ਵਿਚ" ਇਹ ਪੁਸਤਕ ਅਠਾਂ ਜਿਲਦਾਂ ਵਿਚ ਸੁਆਮੀ ਰਾਮ ਤੀਰਥ ਪਬਲੀਕੇਸ਼ਨ ਲੀਗ, ਲਖਨਊ ਵਲੋਂ ਪ੍ਰਕਾਸ਼ਤ ਕੀਤੀ ਗਈ।

ਸੁਆਮੀ ਜੀ ਦੀਆਂ ਕਵਿਤਾਵਾਂ ਬਾਰੇ ਇਹ ਵਰਣਨ ਮੈਨੂੰ ਉਨ੍ਹਾਂ ਦੇ ਜੀਵਨ ਦੇ ਅੰਤਮ ਚਰਣ ਵਲ ਲੈ ਆਉਂਦਾ ਹੈ। ਮੈਂ ਇਹ ਗੱਲ ਕਾਫ਼ੀ ਸੰਕੋਚ ਨਾਲ ਕਰ ਰਿਹਾ ਹਾਂ, ਕਿਉਂਜੋ ਹੋ ਸਕਦਾ ਹੈ, ਸੁਆਮੀ ਜੀ ਦੀ ਕਵਿਤਾ ਬਾਰੇ ਹੋਰਨਾਂ ਦੇ ਵਿਚਾਰ ਮੈਥੋਂ ਵਖਰੇ ਹੋਣ। ਪਰ ਜੋ ਕੁਝ ਮੈਂ ਕਹਿਣਾ ਚਾਹੁੰਦਾ ਹਾਂ, ਉਹ ਸੰਖੇਪ ਵਿਚ ਇਹ ਹੈ ਕਿ ਸੁਆਮੀ ਜੀ ਦੀ ਕਾਵਿ ਆਤਮਾ ਉਨ੍ਹਾਂ ਦੇ ਸਮੁਚੇ ਵਿਸ਼ਵ ਦਰਸ਼ਨ ਦੇ ਪਿਛੇ ਸਮਾਈ ਹੋਈ ਹੈ, ਜਿਸ ਦਾ ਕਿ ਬਹੁਤ ਹੀ ਮਹੱਤਵ ਹੈ ਅਤੇ ਜੋ ਬਹੁਤ ਉਚੇ ਮੁਲ ਵਾਲੀ ਵਸਤੂ ਹੈ। ਇਸ ਰਚਨਾ ਵਿਚ ਤਾਜ਼ਗੀ , ਮੌਲਿਕਤਾ ਹੈ, ਜੋ ਕਿ ਚਿੰਤਨ ਦੇ ਜਗਤ ਵਿਚ ਵੀ ਨਵਾਂ ਵਾਧਾ ਕਰਦੀ ਹੈ। ਉਨ੍ਹਾਂ ਦਾ ਕੁਦਰਤ ਲਈ ਰੁਮਾਂਟਿਕ ਪ੍ਰੇਮ, ਜੋ ਉਨ੍ਹਾਂ ਦੇ ਜੀਵਨ ਅਤੇ ਮ੍ਰਿਤੂ ਦੋਹਾਂ ਤੋਂ ਹੀ ਪ੍ਰਗਟ ਹੁੰਦਾ ਹੈ, ਉਨ੍ਹਾਂ ਵਿਚਲੀ ਤਿਆਗ ਦੀ ਤੀਬਰ ਭਾਵਨਾ, ਯਥਾਰਥ ਦੀ ਪ੍ਰਾਪਤੀ ਲਈ ਤੀਬਰ ਵਿਆਕੁਲਤਾ, 'ਸੱਚ' ਦੀ ਭਾਲ ਲਈ ਆਤਮ ਤਿਆਗ ਅਤੇ ਪ੍ਰਾਪਤੀ ਉਪਰੰਤ ਆਤਮਾ ਦੀ ਅਥਾਹ ਖ਼ੁਸ਼ੀ ਤੇ ਹਾਸੇ ਦੀ ਛਣਕਾਰ ਆਦਿ ਇਹ ਸਭ ਗੁਣ ਤੇ ਅਜਿਹੇ ਹੀ ਕੁਝ ਹੋਰ ਗੁਣ ਯਥਾ ਆਪਣੇ ਆਪ ਨੂੰ ਇਕ ਗੀਤ ਵਿਚ ਸਾਕਾਰ ਕਰ ਦੇਣਾ ਇਸ ਚਿੰਤਕ ਵਿਅਕਤੀ ਦੇ ਪਿਛੋਕੜ ਵਿਚ ਕਵੀ ਆਤਮਾ ਨੂੰ ਦਰਸਾਉਂਦੇ ਹਨ।''

ਮਿਸਟਰ ਐਂਡਰਿਊ ਮੁੜ ਕਹਿੰਦਾ ਹੈ:-

''.....ਮੇਰਾ ਸਾਰਾ ਹਿਰਦਾ ਇਕ ਲੇਖਕ ਦੇ ਸਨਮੁਖ ਝੁਕ ਜਾਂਦਾ ਹੈ, ਜਦੋ ਮੈਂ ਉਸ ਨੂੰ ਤਿਆਗ ਸਬੰਧੀ, ਜਿਸ ਨੂੰ ਕਿ ਆਪ 'ਅਟਲ ਨੇਮ' ਦਸਦੇ ਹਨ, ਬਾਰੇ ਇਤਨੀ ਸੁੰਦਰ ਰਚਨਾ ਕਰ ਰਿਹਾ ਵੇਖਦਾ ਹਾਂ, ਜਾਂ ਫਿਰ ਜਦੋਂ ਉਹ ਕੁਦਰਤ ਵਿਚਲੀ ਸੁੰਦਰਤਾ ਦੀ ਇਤਨੇ ਗੂੜ੍ਹੇ ਰੰਗ ਵਿਚ ਪ੍ਰਸ਼ੰਸਾ ਕਰਦੇ ਹਨ ਜਾਂ ਜਦੋਂ ਉਹ ਵਿਵਾਹਤ ਜੀਵਨ ਦੇ ਆਦਰਸ਼ ਬਾਰੇ ਇਤਨੇ ਢੰਗ ਨਾਲ ਬਿਆਨ ਕਰਦੇ ਹਨ। ਇਨ੍ਹਾਂ ਕਵਿਤਾਵਾਂ ਨੂੰ ਪੜ੍ਹ ਕੇ ਮੇਰੇ ਅੰਦਰ ਉਹੋ ਕਰੁਣਾ ਭਾਵ ਉਤਪੰਨ ਹੋ ਜਾਂਦਾ ਹੈ, ਜੋ ਮੇਰੇ ਅੰਦਰ ਉਪਨਿਸ਼ਦਾਂ ਦੀ ਮਹਾਨ ਕਵਿਤਾ ਜਗਾਉਂਦੀ ਹੈ ਜਾਂ ਫਿਰ ਹਿੰਦੂ ਧਰਮ ਦੇ ਸਰਵੋਤਮ ਕਾਵਿ-ਗ੍ਰੰਥ-ਭਗਵਤ ਗੀਤਾ ਦੇ ਕੁਝ ਬੰਦਾਂ ਨੂੰ ਪੜ੍ਹ ਕੇ ਅਨੁਭਵ ਹੁੰਦਾ ਹੈ। ਕਈ ਵਾਰ ਇਹੋ ਧੁਨੀ ਸੁਆਮੀ ਰਾਮ ਤੀਰਥ ਜੀ ਦੀ ਕਵਿਤਾ ਵਿਚ ਸੁਣਾਈ ਦਿੰਦੀ ਹੈ, ਜੋ ਕੇਵਲ ਆਤਮਾ ਦੀ ਅਹਿਲ ਸ਼ਾਂਤੀ ਵਿਚੋਂ ਹੀ ਗੂੰਜ ਸਕਦੀ ਹੈ, ਜਿਸ ਵਿਚ ਕਿ ਦੈਵੀ ਇਕਸੁਰਤਾ ਦਾ ਵਿਸ਼ਵ-ਵਿਆਪੀ ਸੰਗੀਤ ਚਲ ਰਿਹਾ ਹੁੰਦਾ ਹੈ।

ਪੂਰਬੀ ਕਵੀਆਂ ਦੇ ਸਮੀਪ ਵਰਡਜ਼ ਵਰਥ, ਕਾਲਰਿਜ, ਸ਼ੈਲੇ, ਕੀਟਸ ਆਦਿ ਪਛਮੀ ਕਵੀ ਆ ਜਾਂਦੇ ਹਨ ਅਤੇ ਪੂਰਬੀ ਕਵੀਆਂ ਵਿਚੋਂ ਸੁਆਮੀ ਵਿਵੇਕਾਨੰਦ, ਸੁਆਮੀ ਰਾਮ ਤੀਰਥ ਅਤੇ ਸ੍ਰੀਮਤੀ ਸਰੋਜਨੀ ਨੈਡੋ ਇਸ ਮੰਡਲ ਦੇ ਕਵੀ ਹਨ:-

ਇਸ ਦੁਆਰਾ ਪੂਰਬ ਵਲੋਂ ਪਛਮ ਤਕ ਪੁਜਣ ਦਾ ਯਤਨ ਕੀਤਾ ਗਿਆ ਹੈ, ਇਸੇ ਦ੍ਰਿਸ਼ਟੀਕੋਣ ਨੂੰ ਸੁਆਮੀ ਵਿਵੇਕਾਨੰਦ ਤੇ ਸੁਆਮੀ ਰਾਮ ਤੀਰਥ ਨੇ "ਵਿਵ-ਹਾਰਕ ਵੇਦਾਂਤ" ਦੀ ਸੰਗਿਆ ਦਿਤੀ ਹੈ। ਆਧੁਨਿਕ ਅਦਵੈਤਵਾਦੀ ਵੇਦਾਂਤ ਨੂੰ ਈਸਾਈ ਮਤ ਦੀ ਪਰਉਪਕਾਰੀ ਭਾਵਨਾ ਦੇ ਸਮੀਪ ਲਿਜਾਣ ਦਾ ਯਤਨ ਕੀਤਾ ਗਿਆ ਹੈ, ਜੋ ਕਿ ਇਕ ਤਰ੍ਹਾਂ ਨਾਲ ਪਛਮ ਦਾ ਸਮਾਜਕ ਤੇ ਰਾਸ਼ਟਰੀ ਦਰਸ਼ਨ ਹੈ। ਇਥੇ ਵੀ ਹਿੰਦੂ ਮਤ ਦੇ ਨਵੇਂ ਪ੍ਰਭਾਵਾਂ ਅਧੀਨ ਵਿਕਸਤ ਹੋਏ ਇਸ ਦ੍ਰਿਸ਼ਟੀਕੋਣ ਦੀ ਆਪਣੀ ਇਕ ਸੀਮਾ ਹੈ, ਜੋ ਪਛਮ ਦੇ ਈਸਾਈ ਮਤ ਦੇ ਪ੍ਰਭਾਵਾਂ ਅਧੀਨ ਪ੍ਰਫੁਲਤ ਹੋਈ ਸਮਾਜਕ ਤੇ ਰਾਸ਼ਟਰੀ ਦ੍ਰਿਸ਼ਟੀਕੋਣ ਤੋਂ ਆਪਣੇ ਸੁਭਾ ਅਤੇ ਮਾਤਰਾ ਕਾਰਣ ਭਿੰਨ ਹੋ ਸਕਦੀ ਹੈ, ਕਿਉਂ ਜੋ ਇਸ ਦ੍ਰਿਸ਼ਟੀਕੋਣ ਦੇ ਨਿਰਮਾਣ ਵਿਚ ਲਗਭਗ 2,000 ਸਾਲ ਦੀ ਈਸਾਈ ਮਤ ਦੀ ਸਿਖਿਆ ਕਾਰਜਸ਼ੀਲ ਰਹੀ ਹੈ।

ਸੁਆਮੀ ਰਾਮ ਤੀਰਥ ਹੀ ਆਪਣੇ ਆਤਮਕ ਵਿਕਾਸ ਕਾਰਣ ਇਕੋ ਇਕ ਅਜਿਹੇ ਵਿਅਕਤੀ ਸਨ, ਜੋ ਇਸ ਸਮੀਪਤਾ ਦੇ ਧਾਰਣੀ ਹੋ ਸਕਦੇ ਸਨ ਅਤੇ ਜੋ ਆਪਣੇ ਅਧਿਆਤਮਕ ਮਤ ਦੀ ਵਿਆਖਿਆ ਪਛਮੀ ਜਗਤ ਲਈ ਕਰ ਸਕਦੇ ਸਨ। ਮੇਰਾ ਵਿਸ਼ਵਾਸ ਹੈ ਕਿ ਸੁਆਮੀ ਜੀ ਦੇ ਭਾਸ਼ਣਾਂ ਦੀ ਇਸ ਲੜੀ ਦੇ ਪ੍ਰਕਾਸ਼ਨ ਨਾਲ ਮੇਰੇ ਦੇਸ਼ ਵਾਸੀਆਂ ਨੂੰ ਬਹੁਤ ਲਾਭ ਪੁਜ ਸਕਦਾ ਹੈ।

ਸੁਆਮੀ ਜੀ ਦੀਆਂ ਕਵਿਤਾਵਾਂ ਦੇ ਸਬੰਧ ਵਿਚ ਮਿਸਟਰ ਸੀ. ਐਫ. ਐਂਡਰਿਊ ਦਾ ਕਥਨ ਹੈ:-

ਇਹ 'ਉਨ੍ਹਾਂ ਦੇ ਅੰਦਰਲਾ ਆਤਮਕ ਅਨੰਦ' ਉਨ੍ਹਾਂ ਦੀਆਂ ਕਵਿਤਾਵਾਂ ਵਿਚ ਵੀ ਠਾਠਾਂ ਮਾਰ ਰਿਹਾ ਹੈ ਅਤੇ ਇਹ ਦੂਜੇ ਵਿਅਕਤੀਆਂ ਵਿਚ ਵੀ ਕਰਤਾ ਦੇ ਹਾਸੇ ਦੀ ਛਣਕਾਰ ਨੂੰ ਜਗਾ ਦਿੰਦਾ ਹੈ। ਇਨ੍ਹਾਂ ਕਵਿਤਾਵਾਂ ਦਾ ਬਾਹਰੀ ਰੂਪ ਜਿਵੇਂ ਕਿ ਮੈਂ ਪਹਿਲਾਂ ਵੀ ਉਲੇਖ ਕਰ ਚੁਕਾ ਹਾਂ, ਕਈ ਵਾਰ ਬੜਾ ਅਥਰਾ ਤੇ ਕੁਢੱਬਾ ਹੁੰਦਾ ਹੈ, ਪਰ ਇਸ ਅਪੂਰਨ ਅਭਿਵਿਅਕਤੀ ਦੇ ਬਾਵਜੂਦ ਪਾਠਕ ਇਸ ਦੀ ਅੰਤਰੀਵ ਆਤਮਾ ਵਿਚ ਸਮਾਏ ਹੋਏ ਕਰੁਣਾ ਭਾਵ ਨਾਲ ਸਾਂਝ ਪਾ ਸਕਦਾ ਹੈ।

ਭਾਰਤ ਵਿਚ ਸੁਆਮੀ ਜੀ ਪਹਿਲਾਂ ਉਰਦੂ ਵਿਚ ਕਵਿਤਾ ਰਚਦੇ ਹੁੰਦੇ ਸਨ। ਜਦੋਂ ਉਹ ਅਮਰੀਕਾ ਤੋਂ ਪਰਤੇ ਤਾਂ ਉਨ੍ਹਾਂ ਨੇ ਫਿਰ ਉਰਦੂ ਵਿਚ ਵਾਲਟ ਵਿਟਮੈਨ ਦੀ ਤਰਜ਼ ਦੀ ਖੁਲ੍ਹੀ ਨਜ਼ਮ ਲਿਖਣੀ ਸ਼ੁਰੂ ਕਰ ਦਿਤੀ। ਕੇਵਲ ਅਮਰੀਕਾ ਵਿਚ ਹੀ ਉਨ੍ਹਾਂ ਨੇ ਆਪਣੀਆਂ ਭਾਵਨਾਵਾਂ ਨੂੰ ਅੰਗਰੇਜ਼ੀ ਰਾਹੀਂ ਅਭਿਵਿਅਕਤ ਕੀਤਾ ਹੈ। ਭਾਵੇਂ ਮਿਸਟਰ ਐਂਡਰਿਊ ਇਹ ਕਹਿੰਦਾ ਹੈ ਕਿ ਇਨ੍ਹਾਂ ਕਵਿਤਾਵਾਂ ਦਾ ਰੂਪ ਅਥਰਾ

ਤੇ ਬੇਢੱਬਾ ਹੈ, ਫਿਰ ਵੀ ਮੈਨੂੰ ਜਿੰਸ ਨੂੰ ਉਸ ਸਮੇਂ ਕਵਿਤਾ ਦੇ ਰੂਪ ਬਾਰੇ ਕੋਈ ਖ਼ਾਸ ਬੋਧ ਨਹੀਂ ਸੀ, ਜਦੋਂ ਮੈਂ ਇਨ੍ਹਾਂ ਨੂੰ ਟੋਕੀਓ ਵਿਚ ਪੜ੍ਹਿਆ ਤਾਂ ਇਨ੍ਹਾਂ ਵਿਚਲੀ ਧੁਪ ਦੇ ਚਾਨਣ ਦੀਆਂ ਘੁਟਾਂ ਨੂੰ ਡੀਕ ਲਾ ਕੇ ਪੀ ਗਿਆ ਸਾਂ ਅਤੇ ਮੈਂ ਇਨ੍ਹਾਂ ਦੀ ਅੰਤਰੀਵ ਆਤਮਾ ਵਿਚ ਪੂਰੀ ਤਰ੍ਹਾਂ ਲਪੇਟਿਆ ਗਿਆ ਸਾਂ, ਜਿਨ੍ਹਾਂ ਦੀਆਂ ਮਿੱਠੀਆਂ ਤਰਬਾਂ ਨੇ ਮੇਰੇ ਅੰਦਰ ਮਿੱਠਾ ਕਾਂਬਾ ਛੇੜ ਦਿਤਾ ਸੀ। ਇਨ੍ਹਾਂ ਕਵਿਤਾਵਾਂ ਵਿਚਲੀ ਆਤਮਾ ਤਰਲ ਪਦਾਰਥ ਵਾਂਗ ਘੁਲ ਤਾਂ ਗਈ ਸੀ, ਪਰ ਇਸ ਨੇ ਹਾਲੀ ਨਿਖਰਵਾਂ ਦਾਣੇਦਾਰ ਰੂਪ ਧਾਰਣਾ ਨਹੀਂ ਸੀ ਕੀਤਾ। ਇਨ੍ਹਾਂ ਵਿਚੋਂ ਕੁਝ ਕਵਿਤਾਵਾਂ ਤਾਂ ਸੁਆਮੀ ਜੀ ਦੇ ਭਾਸ਼ਣ ਆਰੰਭ ਹੋਣ ਤੋਂ ਪਹਿਲਾਂ ਸਰੋਤਿਆਂ ਦੇ ਸਨਮੁਖ ਗਾਈਆਂ ਜਾਂਦੀਆਂ ਸਨ, ਜਿਸ ਉਪਰੰਤ ਉਹ ਆਪਣਾ ਵਿਆਖਿਆਨ ਦੇਣ ਲਗ ਪੈਂਦੇ ਸਨ।

ਇਸ ਗੱਲ ਦਾ ਵਰਣਨ ਮੈਂ ਪਹਿਲਾਂ ਵੀ ਕਰ ਚੁਕਾ ਹਾਂ ਕਿ ਕਈ ਵਾਰ ਸੁਆਮੀ ਜੀ ਆਪਣੀਆਂ ਕਵਿਤਾਵਾਂ ਦੇ ਕਰਤਿੱਤਵ ਨੂੰ ਕਿਸੇ ਹੋਰ ਨੂੰ ਦੇ ਦਿੰਦੇ ਸਨ ਅਤੇ ਕਈ ਵਾਰ ਮੂਲ ਕਵੀ ਦਾ ਨਾਂ ਦਸਣ ਤੋਂ ਬਿਨਾਂ ਉਨ੍ਹਾਂ ਕਵਿਤਾਵਾਂ ਨੂੰ ਆਪਣੇ ਨਾਲ ਜੋੜ ਲੈਂਦੇ ਸਨ। ਕਵਿਤਾ ਵਿਚ ਉਨ੍ਹਾਂ ਦੀ ਮੌਲਿਕਤਾ ਇਸ ਦੇ ਰੂਪ ਕਾਰਣ ਨਹੀਂ, ਸਗੋਂ ਉਨ੍ਹਾਂ ਕਵਿਤਾਵਾਂ ਵਿਚ ਸਮਾਈ ਹੋਈ ਸੁਆਮੀ ਜੀ ਦੀ ਨਿਜੀ ਭਾਵਨਾ ਕਾਰਣ ਸੀ। ਇਹ ਇਸੇ ਤਰ੍ਹਾਂ ਦੀ ਗੱਲ ਸੀ, ਜਿਵੇਂ ਉਹ ਕਿਸੇ ਦੀ ਵਾਇਲਨ ਫੜ ਕੇ ਉਸ ਦੀਆਂ ਤਰਬਾਂ ਵਿਚ ਸੰਗੀਤ ਛੇੜ ਦੇਣ।

ਉਨ੍ਹਾਂ ਦੀ ਕਵਿਤਾ ਦੀ ਆਤਮਾ ਇਸ ਪੁਸਤਕ ਵਿਚ ਥਾਂ-ਪਰ-ਥਾਂ ਦਿਤੇ ਗਏ ਉਨ੍ਹਾਂ ਦੇ ਪੱਤਰਾਂ ਵਿਚ ਅੰਕਤ ਹੈ। ਫਿਰ ਇਹ ਉਨ੍ਹਾਂ ਸ਼ਿਅਰਾਂ ਵਿਚ ਪ੍ਰਗਟ ਹੁੰਦੀ ਹੈ, ਜੋ ਉਹ ਦੂਜਿਆਂ ਦੀ "ਵਾਇਲਨ" ਨੂੰ ਵਜਾਉਣ ਸਮਾਨ ਰਚਦੇ ਸਨ। ਉਨ੍ਹਾਂ ਦੀਆਂ ਮੌਲਿਕ ਕਵਿਤਾਵਾਂ ਵਿਚੋਂ ਕੁਝ ਮੈਂ ਹੇਠਾਂ ਅੰਕਤ ਕਰ ਰਿਹਾ ਹਾਂ। ਇਨ੍ਹਾਂ ਵਿਚ ਭਾਵਾਂ ਦਾ ਸੰਗੀਤ ਵਿਆਪਕ ਹੈ। ਅਮਰੀਕਾ ਵਿਚ ਦਿਤੇ ਗਏ ਭਾਸ਼ਣ ਜਿਹੜੇ ਪ੍ਰਕਾਸ਼ਤ ਹੋ ਚੁਕੇ ਹਨ, ਉਨ੍ਹਾਂ ਦੇ ਫਿਲਵਿਧੀ ਭਾਸ਼ਣ ਹਨ, ਜਿਨ੍ਹਾਂ ਨੂੰ ਛਾਪਣ ਤੋਂ ਪਹਿਲਾਂ ਸੋਧਣ ਲਈ ਉਨ੍ਹਾਂ ਕੋਲ ਸਮਾਂ ਹੀ ਨਹੀਂ ਸੀ। ਪਰ ਇਸ ਵਾਰਤਕ ਨਾਲੋਂ ਉਨ੍ਹਾਂ ਦੀ ਆਤਮਾ ਨੂੰ ਨਿਖੇੜਿਆ ਨਹੀਂ ਜਾ ਸਕਦਾ, ਭਾਵੇਂ ਇਹ ਵਾਰਤਕ ਉਨ੍ਹਾਂ ਨੇ ਲਿਖੀ ਨਹੀਂ, ਸਗੋਂ ਵਿਆਖਿਆਨ ਦੇ ਰੂਪ ਵਿਚ ਬੋਲੀ ਹੈ। ਇਨ੍ਹਾਂ ਬਾਰੇ ਮਿਸਟਰ ਐਂਡਰਿਊ ਕਹਿੰਦਾ ਹੈ ਕਿ ਇਨ੍ਹਾਂ ਦਾ ਸਰਵੁਚ ਮਹੱਤਵ ਇਨ੍ਹਾਂ ਦੇ ਪਿਛੇ ਸਮਾਈ ਕਾਵਿਮਈ ਅਤਮਾ ਕਾਰਣ ਹੈ। ਅਮਰੀਕਾ ਤੋਂ ਪਰਤਣ ਪਿਛੋਂ ਭਾਰਤ ਆ ਕੇ ਭਾਰਤੀ ਵਿਸ਼ਿਆਂ ਉਤੇ ਲਿਖੀਆਂ ਗਈਆਂ ਉਨ੍ਹਾਂ ਦੀਆਂ ਸਮਾਜਕ, ਰਾਜਨੀਤਕ ਅਤੇ ਅਧਿਆਤਮਕ ਰਚਨਾਵਾਂ ਵਿਚ ਇਸ ਕਾਵਿਮਈ ਆਤਮਾ ਨੂੰ ਪ੍ਰਵਰਤਿਤ ਕਰਕੇ

ਬੌਧਿਕਤਾ ਪ੍ਰਦਾਨ ਕੀਤੀ ਗਈ ਹੈ, ਜਿਸ ਕਾਰਣ ਇਹ ਕੁਝ ਬੋਝਲ ਹੋ ਨਿਬੜੀਆਂ ਹਨ। ਮੈਨੂੰ ਵੀ ਉਨ੍ਹਾਂ ਦੀਆਂ ਇਨ੍ਹਾਂ ਰਚਨਾਵਾਂ ਵਿਚ ਉਨ੍ਹਾਂ ਦੀਆਂ ਅਲਿਫ ਵਾਲੀਆਂ ਕਵਿਤਾਵਾਂ ਪ੍ਰਵਚਨਾਂ ਵਿਚਲੀ ਗੀਤ ਵਰਗੀ ਭਾਵ-ਤਰੰਗ ਅਤੇ ਪ੍ਰਕਾਸ਼ ਦੀ ਅਣਹੋਂਦ ਦੇਖ ਕੇ ਉਪਰਾਮਤਾ ਹੁੰਦੀ ਹੈ। ਇਨ੍ਹਾਂ ਵਿਚ ਉਨ੍ਹਾਂ ਦੇ ਅਮਰੀਕਾ ਦੇ ਭਾਸ਼ਣਾਂ ਵਾਲੀ ਕਵਿਤਾ ਅਤੇ ਗੀਤ ਵਾਲਾ ਰੰਗ ਵੀ ਨਹੀਂ ਦਿਖਾਈ ਦਿੰਦਾ।

ਹੇਠ ਲਿਖੀ ਕਵਿਤਾ ਨੂੰ ਅਮਰੀਕਾ ਵਿਚ ਸੰਗੀਤਬਧ ਕੀਤਾ ਗਿਆ ਸੀ:-

(1)

ਮੇਰੇ ਦਿਲ ਦੇ ਮੰਦਰ ਅੰਦਰ,
ਪ੍ਰੇਮ ਦੀਪ ਦੀ ਜੋਤ ਹੈ ਜਗਦੀ,
ਭਾਵੇਂ ਕੰਡਿਆਂ ਦੇ ਤਿੱਖੇ ਮੂੰਹ ਜਾਪਣ ਚੁਭਦੇ,
ਫਿਰ ਵੀ ਪ੍ਰੇਮ-ਪੁਸ਼ਪ ਵੰਡਦੇ ਜਾਣ
ਭਿੰਨੀ ਭਿੰਨੀ ਮਹਿਕ,
ਉਛਲ ਉਛਲ ਨਿਤ ਵਹਿੰਦੇ ਝਰਨੇ
ਚਮਕਣ ਦਮਕਣ ਵਿਚ ਨਿਰਾਲੀ ਸ਼ਾਨ
ਖੁਸ਼ੀਆਂ ਦੀਆਂ ਲਹਿਰਾਂ ਇਨ੍ਹਾਂ ਵਿਚ ਵਹਿੰਦੀਆਂ ਜਾਣ।

ਸੋਨ ਖੰਭਾ ਪੰਛੀ ਜੋ ਆਜ਼ਾਦ
ਗਾਵੇ ਮਿਠੜਾ ਗੀਤ,
ਉਪਮਾ ਉਸਤਤ ਵਾਲਾ,
ਅਨੰਦ ਨਾਲ ਭਰਪੂਰ।
ਇਸ ਚਸ਼ਮੇ ਦੇ ਮਿੱਠੇ ਪੁੱਤਰ,
ਹਨ ਜੋ ਲੱਜਾਵਾਨ,
ਗਾਉਂਦੇ ਪਏ ਸੁਆਗਤੀ ਗੀਤ।
ਪਵਨ ਸੁਮੀਰੀ ਅੰਮ੍ਰਿਤ ਵੇਲੇ,
ਵੰਡ ਰਹੀ ਹੈ ਰੰਗ ਗੁਲਾਬੀ ਸੰਦੀ ਧੂੜ,
ਹੈ ਚਮਕਾਈ ਜਿਸ ਨੇ ਝੀਲਾਂ,
ਪਰਬਤ ਅਤੇ ਚਰਾਂਦਾਂ ਦੀ ਸ਼ਾਨ।

ਪ੍ਰਭਾ-ਮੰਡਲ ਚੋਂ ਅੰਮ੍ਰਿਤ ਵਰਖਾ ਦੀ ਪੈ ਰਹੀ ਫੁਹਾਰ,
ਜਿਸ ਦੀ ਮਿਠੜੀ ਠੰਢ ਨੇ ਦਿਤਾ ਕਲੇਜਾ ਠਾਰ।
ਇੰਦਰ ਧਨੁਸ਼ ਦੇ ਨਾਨਾ ਵੰਨੇ ਰੰਗ
ਜਾਣ ਸ਼ਿੰਗਾਰੀ ਹਸਦੇ ਹਸਦੇ
ਫੈਲ ਕੇ ਵਿਚ ਆਸਮਾਨ।

(2)

ਜਿਸ ਦੁਨੀਆਂ ਨੂੰ ਮੈਂ ਡਿੱਠਾ, ਪੜ੍ਹਿਆ ਤੇ ਗੁੜ੍ਹਿਆ।
ਇਸ ਪੋਥੀ ਵਿਚ ਸੀ ਅੰਕਤ ਮੇਰੀ ਵਿਥਿਆ
ਇਸ ਦੀ ਚਿਤਰ ਲਿਪੀ ਦੇ ਵਰਣ ਅਨੇਕ,
ਦਸਦੇ ਰਹੇ ਮੇਰੀ ਹੋਂਦ ਦੇ ਕਈ ਰਮਜ਼ੀਆ ਭੇਦ।
ਇਸ ਦੀ ਵਰਣਮਾਲਾ ਦੇ ਅੱਖਰਾਂ ਨੂੰ ਕਰ ਕੇ ਛੀਤਾ ਛੀਤਾ
ਵਿਚ ਰੱਦੀ ਦੀ ਟੋਕਰੀ ਹੈ ਮੈਂ ਸੁਟ ਦਿਤਾ।
ਪੰਨਾ ਪੰਨਾ ਪਾੜ ਕੇ ਇਸ ਦਾ, ਹੈ ਦਿਤਾ ਮੈਂ ਸਾੜ,
ਤਾਂ ਜੋ ਇਸ ਇਕੱਲ ਵਿਚ ਸਕਾਂ ਮੈਂ ਆਪਣੀ ਬਾਲ ਸਿਗਾਰ।
ਮੈਂ ਹੁਣ ਇਸ ਦੇ ਕਸ਼ਾਂ ਤਾਂਈਂ ਸੰਘੋਂ ਪਿਆ ਲੰਘਾਂਦਾ
ਇਸ ਦੇ ਛਲੇਦਾਰ ਧੂੰਏਂ ਨੂੰ ਹਾਂ ਵੇਖਦਾ ਜਾਂਦਾ।

ਰਾਮ ਸੁਆਮੀ ਸੋ ਇਹ ਹਾਂ ਮੈਂ।

ਸਭਿਅਤਾ

ਸਭਿਅਤਾ, ਇਕ ਅਵਾਰਾ ਸੁਪਨਾ!
ਨਾਵਾਂ, ਥਾਵਾਂ ਦੀ ਤੇ ਪ੍ਰਸਿਧੀ ਨੂੰ ਜੋ ਆਦਰ ਦੇਂਦੀ ਜਾਪੇ,
ਪਈ ਉਡਾਵੇ ਮੂਰਖਾਂ ਹਾਰ, ਜੋ ਵਖਾਵੇ ਦੀ ਧੂੜ,
ਵਿਚਰ ਰਹੀ ਹੈ ਆਪ ਜੋ ਵਿਚ ਅਗਿਆਨ।
ਪਰ ਇਸ ਤੱਥ ਨੂੰ ਉਹ ਆਪ ਨਾ ਸਕੇ ਜਾਣ।
ਕੰਘੀ ਕਰਨ ਦੀ ਖ਼ਾਤਰ ਜੋ ਚੜ੍ਹੇ ਪਰਬਤ ਦੀ ਟੀਸੀ,
ਦੇਵੇ 'ਆਪਣੇ ਨਿਜ' ਨੂੰ ਮਾਰ, ਕਰਕੇ ਇਸ ਦੀ ਬਹੁਤ ਸੰਭਾਲ।
ਲੋਕਾਂ ਤਾਂਈਂ ਖ਼ੁਸ਼ ਕਰਨ ਲਈ ਤਾਂ ਜੋ ਹੋਵੇ ਏਸ ਦੀ ਸ਼ਾਨ,
ਭ੍ਰਸ਼ਟ ਕਰੇ ਆਤਮ ਤੱਤ ਨੂੰ, ਹੈ ਜੋ ਵੱਥ ਮਹਾਨ।

ਬਣੇ ਤੂੰ ਦਾਸਾਂ ਦੀਆਂ ਰੁਚੀਆਂ ਦੀ ਦਲਾਲ
ਫ਼ੈਸ਼ਨ ਦੇ ਜੋ ਬਣ ਚੁਕੇ ਨੇ ਅੰਨ੍ਹੇ ਦਾਸ,
ਉਨ੍ਹਾਂ ਨੀਵੀਂ ਬਿਰਤੀ ਵਾਲਿਆਂ ਦਾ ਭਰੇਂ ਤੂੰ ਪਾਣੀ,
ਕਰੇਂ ਉਨ੍ਹਾਂ ਦਾ ਮਾਣ,
ਜਿਹੜੇ ਫੋਕੀਆਂ ਰੀਤਾਂ ਰਸਮਾਂ ਦੀ ਕਰਦੇ ਨੇ ਨਕਲ,
ਬਾਂਦਰ ਦੇ ਸਮਾਨ।
ਹਰ ਕਦਮ ਤੇ ਸੋਚੇਂ,
"ਇਸ ਵਿਚ ਹੋਵੇਗਾ ਕੀ ਲਾਭ?"
ਡਰਨਾ ਲੋਕ ਲਾਜ ਤੋਂ,
"ਕੀ ਆਖਣਗੇ ਲੋਕ?"
ਕਿੰਨਾ ਨਿਮਾਣਾ ਤੇ ਨਿਤਾਣਾ, ਕਾਨੇ ਵਰਗਾ ਕੱਚਾ ਲੈਰਾ,
ਹੈ ਇਹ ਤੇਰਾ ਖ਼ਿਆਲ, ਪੀਲਾ ਭੂਕ ਜੋ ਹਰ ਛਿਣ ਹੋਵੇ!
ਖਸਰੇ ਮਾਰੇ ਰੋਗੀ ਦਾ ਹੋਵੇ ਜਿਵੇਂ ਬੁਖ਼ਾਰ,
ਹੈ ਇਹ ਕਿਡਾ ਸ਼ੋਕ,
ਤੇਰੇ ਪਿਛੇ ਕਈ ਕੌਮਾਂ ਨੇ ਲਗੀਆਂ,
ਭੁਲੇ ਹੋ ਗਏ ਲੋਕ।
ਵਿਗੜ ਗਈਆਂ ਉਨ੍ਹਾਂ ਦੀਆਂ ਰੁਚੀਆਂ
ਰਹਿਣੀ ਵਿਚ ਅਭਿਮਾਨ,
ਛੱਡੋ ਇਸ ਦਾ ਖਹਿੜਾ ਲੋਕੋ,
ਹੋ ਜਾਉ ਸਾਵਧਾਨ, ਸੂਝਵਾਨ, ਸੂਝਵਾਨ!

ਅਖੌਤੀ ਸਭਿਆ ਪੁਰਸ਼ ਨੂੰ

ਸਭਿਆ ਪੁਰਸ਼ ਤੂੰ ਸੁਸਤੀ ਦਾ ਭੰਡਾਰ,
ਨਿਰਬਲ, ਧੋਖੇ ਦਾ ਅੰਬਾਰ;
ਭ੍ਰਿਸ਼ਟਾਚਾਰੀ, ਛਿਥਾ ਤੇ ਹੋਛਾ,
ਹੋਵੇ ਜੋ ਛੇਤੀ ਲੋਹਾ ਤੇ ਲਾਖਾ,

ਜਿਸ ਤਰ੍ਹਾਂ ਭਰਿਆ ਹੋਵੇ ਫੋੜਾ
ਸੁੱਜਾ ਵਿਚ ਹੰਕਾਰ।
ਔਝੜ ਪਈ ਵਹੀਰ,
ਲੰਗੜੀ ਹੋਈ ਭੀੜ,
ਜੋ ਕਿਸੇ ਦੇ ਨਿਰਣੇ ਖ਼ਾਤਰ,
ਹੋ ਰਹੀ ਅਧੀਰ।
ਕਿਉਂ ਤੁਸੀਂ ਆਪਣੇ 'ਆਪੇ ਦੀ ਸ਼ਾਨ' ਨੂੰ
ਇਸ ਤਰ੍ਹਾਂ ਘਟੇ ਰੋਲੋ?
ਪੈਰਾਂ ਵਿਚ ਮਧੋਲੋ?
ਪਰ ਆਪਣੀ ਫੋਕੀ ਸ਼ਾਨ ਨੂੰ
ਬਸਤਰਾਂ ਵਿਚੋਂ ਟੋਲੋ!

ਘੜੀ ਦੇ ਪੈਂਡੂਲਮ ਹਾਰ
ਇਧਰੋਂ ਉਧਰ, ਲਟਕੋ ਇਕੋ ਤਾਰ,
ਛਿਣ-ਭੰਗਰ ਤੇ ਤੁਛ ਵਸਤਾਂ ਦੇ ਵਾਲਾਂ ਦੀਆਂ
ਦਿਉ ਖਲਾਂ ਉਤਾਰ।
ਝੂਠੀ ਸ਼ਾਨ ਦੇ ਬਣੋ ਤੁਸੀਂ ਗ਼ੁਲਾਮ,
ਪਰ ਲੋਹੇ ਦੇ ਪੰਜੇ ਵਰਗੇ ਸਖ਼ਤ ਹਾਕਮ ਨੂੰ
ਝੁਕ ਝੁਕ ਕਰੋ ਸਲਾਮ।

ਤੁਹਾਡੇ ਹਿਤ ਵਪਾਰੀ, ਕਰਨ ਪ੍ਰੀਤ ਦਾ ਇਜ਼ਹਾਰ,
ਕੁਬੇਰ ਕਰ ਰਿਹਾ ਹੈ, ਭੋਲੀ ਘੁੱਗੀ ਦਾ ਸ਼ਿਕਾਰ,
ਤੁਹਾਡਾ ਹਸਣਾ ਤੇ ਰੋਣਾ ਨਹੀਂ ਸੁਤੰਤਰ,
ਤੁਹਾਡਾ ਪ੍ਰੇਮ ਤੇ ਸੌਣਾ ਵੀ ਹੈ ਪਰਤੰਤਰ।

ਓਹ! ਢੋਂਗ ਦੀ ਚਾਦਰ, ਸ਼ਰਮ ਦੀ ਲਾਹ ਕੇ ਲੋਈ,
ਭੁਖੇ ਫੋਕੀ ਸ਼ਾਨ ਤੇ ਝੂਠੀ ਪ੍ਰਸਿਧੀ ਦੇ ਪਿਛੇ

ਫਿਰਦੇ ਹੋ ਸਾਹੋ ਸਾਹੀ,
ਸਰੀਰ ਨੂੰ ਲਗੇ ਰੋਗ,
ਜਿਸ ਨੂੰ ਮੰਨੋ ਚੰਗਾ, ਹੈ ਉਹ ਮੰਦਾ,
ਹੈ ਇਹ ਕੈਸਾ ਸ਼ੋਕ!
ਪਰਾਏ ਧਨ ਦਾ ਸੋਸ਼ਣ ਕਰਨਾ ਹੈ ਨਿਤ ਦੀ ਕਾਰ
ਇਹੋ ਤੁਹਾਡਾ ਵਿਵਹਾਰ,
ਹਰਦਮ ਇਸ ਧੁਨ ਵਿਚ ਰਹਿੰਦੇ ਹੋ ਉਦਾਸ।

ਲੀੜੇ ਲੱਤੇ ਬਣ ਚੁਕੇ ਨੇ ਕਫ਼ਨ ਦੇ ਸਮਾਨ,
ਤੁਹਾਡੇ ਘਰ ਬਣ ਗਏ ਨੇ ਕਬਰਸਤਾਨ,
ਇਨ੍ਹਾਂ ਵਿਚ ਗੁਆਚ ਗਿਆ ਹੈ ਸਾਡਾ ਆਪਾ,
ਹੁਣ ਕਿਉਂ ਰੋਵੋ ਧੋਵੋ ਅਤੇ ਕਰੋ ਸਿਆਪਾ।
ਛਿਲੜਾਂ ਤਾਂਈਂ ਰਾਖਵਾਂ ਰਖ ਕੇ
ਕਿਵੇਂ ਕਰੋਗੇ ਧਰਤੀ ਵਿਚ ਬਿਜਾਈ?
ਥੋੜੇ ਦਾ ਜੋ ਲਾਲਚ ਕੀਤਾ,
ਲਿਆ ਸਮੂਲ ਗਵਾਈ।

ਧਨ ਦੌਲਤ ਨੇ ਤੁਹਾਡੇ ਮਨ ਨੂੰ ਮਲਿਆ,
ਤੁਹਾਨੂੰ ਨਹੀਂ ਹੈ ਪੋਂਹਦਾ ਕੋਈ ਨਵਾਂ ਸੁਝਾਉ,
ਦੋ ਆਯਾਮਾਂ ਤਕ ਸੀਮਤ ਹੈ·
ਤੁਹਾਡਾ ਸਭ ਫੈਲਾਉ,
ਨੀਰਸ-ਬੇਰਸ-ਬੇਚੈਨ ਹੋ ਕੇ
ਤੁਸੀਂ ਰਹਿੰਦੇ ਹੋ ਨਿਤ ਵਿਚ ਇਕ ਤਣਾਉ।

ਜਾਗੋ, ਜਾਗੋ, ਹੋਵੋ ਸਾਵਧਾਨ!
ਇਸ ਕੂੜ ਦੇ ਪਰਦੇ ਤਾਂਈਂ ਪਾੜੋ,
ਆਪਣੀ ਕੁੰਭਕਰਨੀ ਨੀਂਦ ਨੂੰ ਤੋੜੋ!

ਇਸ ਜਗਤ ਦੇ ਦੇਵ ਜਗਨਨਾਥ,
ਅਣਗਿਣਤਾਂ ਦੇ ਦੇਵ ਮਹਾਨ,
ਭੂਤ ਪ੍ਰੇਤਾਂ ਦੀ ਛਾਇਆ ਦੇ ਪਿਛੇ
ਕਿਉਂ ਨਚ ਰਿਹਾ ਸ਼ੈਤਾਨ,
ਅਜ ਦਾ ਇਹ ਇਨਸਾਨ?

ਮਨਸਾ ਤ੍ਰਿਸਨਾ ਦੇ ਇਨ੍ਹਾਂ ਜਾਲਿਆਂ ਤਾਂਈਂ ਉਤਾਰੋ,
ਅੰਦਰਲੇ ਰਵੀ, ਚੰਨ ਦੀ ਜੋਤੀ ਤਾਂਈਂ ਉਘਾੜੋ,
ਆਸ਼ਾ ਤ੍ਰਿਸਨਾ ਨੂੰ ਪਰੇ ਦੂਰ ਹਟਾਉ,
ਦੇਵਤਿਆਂ ਦੀ ਜੈ ਜੈ ਕਾਰ ਦੇ ਗੀਤਾਂ ਵਲ ਕੰਨ ਲਾਉ

ਧਨ ਦੌਲਤ ਦਾ ਧਰੋ ਨਾ ਧਿਆਨ,
ਆਪਣੇ ਮਤਭੇਦਾਂ ਨੂੰ ਕਰ ਦਿਉ ਦੂਰ,
ਈਰਖਾ ਦਵੈਖ ਮੇਟ ਕੇ ਹੋ ਜਾਉ ਨਿਸਚਿੰਤ
ਬਣੋ ਤਦ ਫਿਰ ਪ੍ਰੇਮ ਮਣੀਆਂ ਦੇ ਮੰਤ।

ਸਭ ਰਮਜ਼ਾਂ ਲਈਆਂ ਮੈਂ ਨਿਹਾਰ,
ਦੂਰ ਨੇੜੇ ਦੇ ਸਭ ਆਕਾਰ,
ਹਨ ਆ ਸਮਾਏ ਮੇਰੇ ਅੰਦਰਵਾਰ।
ਮੇਰਾ ਅਨੰਤਾਂ ਵਿਚ ਪਸਰਿਆ ਹੈ ਪਾਸਾਰ,
ਸਭ ਬੱਝੇ ਹਨ ਮੇਰੇ ਪ੍ਰੇਮ ਅਲਿੰਗਣ ਦੇ ਵਿਚਕਾਰ,
ਮੈਂ ਹਾਂ ਅਨਾਦੀ ਜੀਵਨ ਧਾਰਾ,
ਮੈਂ ਵੰਡ ਰਿਹਾ ਹਾਂ ਦੇਵ ਭੋਜ ਦਾ ਅੰਮ੍ਰਿਤ ਭੰਡਾਰਾ,
ਆਉ ਰਲ ਕੇ ਲਾਈਏ ਇਕ ਜੈਕਾਰਾ!

ਸੂਰਜ ਚੜ੍ਹਨ ਤੇ ਜਿਵੇਂ ਮਧਮ ਪੈਂਦੇ ਤਾਰੇ,
ਗਿਟਾਰ ਦੀ ਝਨਕਾਰ, ਢੋਲ ਦੇ ਡਗਿਆਂ ਅਗੇ ਦਮ ਨਾ ਮਾਰੇ,

ਨਦੀਆਂ ਦੇ ਵਹਿਣਾਂ ਨੂੰ ਜਿਵੇਂ ਸਾਗਰ ਖਾ ਜਾਵੇ,
ਤਿਵੇਂ ਜਾਗ੍ਰਤ ਅਵਸਥਾ ਮਨ ਦੇ ਸੁਪਨੇ ਤਾਂਈਂ
ਹੂੰਝ ਕੇ ਪਰੇ ਹਟਾਵੇ।

ਜਿਵੇਂ ਸ਼ੁਧ ਪ੍ਰੇਮ, ਭੈ ਨੂੰ ਹੈ ਖਾ ਜਾਂਦਾ,
ਤਿਵੇਂ ਮੈਂ ਦੁਖ ਦਰਦ, ਈਰਖਾ-ਦਵੈਖ ਦੀ ਮੈਲ ਨੂੰ
ਹਾਂ ਧੋਂਦਾ ਪਿਆ ਜਾਂਦਾ।
ਮੌਤ, ਹੰਕਾਰ ਤੇ ਨਿਰਬਲਤਾ ਹਨ ਸਭ ਮਿਟਦੇ ਜਾਂਦੇ,
ਇਸ ਧਰਤ ਤੇ, ਸੂਰਜ, ਚੰਨ ਪਏ ਜੋਤ ਜਗਾਂਦੇ।
ਸਭ ਰਲ ਕੇ ਹਨ ਜੈ ਜੈ ਕਾਰ ਬੁਲਾਂਦੇ!

ਸਰਬ ਲੋਕ ਤੇ ਸਾਗਰ,
ਪੁਰਸ਼ ਇਸਤਰੀ ਮੇਰੇ ਪੁੱਤਰ ਧੀਆਂ,
ਸਗਲ ਬਨਸਪਤੀ ਤੇ ਜੀਵ-ਜੰਤੂ ਬ੍ਰਹਿਮੰਡ ਦੇ,
ਸਭ ਸੀਮਾਵਾਂ ਹੋ ਗਈਆਂ ਨੇ ਦੂਰ,
ਸਾਰੇ ਰਲ ਕੇ ਤੋੜ ਕੇ ਬੰਧਨ
ਗਾ ਰਹੇ ਗੀਤ ਮਹਾਨ
ਬੋਲਣ ਜੈ ਜੈ ਕਾਰ! ਜੈ ਜੈ ਕਾਰ!

ਸਰਬੱਤ ਨਾਲ ਅਭੇਦਤਾ

ਭਵਾਂ ਦੇ ਡਾਟਦਾਰ ਭਿਤ ਰਾਹੀਂ
ਜਾ ਕੇ ਅੰਦਰ ਵਾਰ,
ਆਕਾਸ਼ ਦੇ ਦਿਲ ਉਪਰ
ਹੋਇਆ ਮੈਂ ਬਿਰਾਜਮਾਨ।
ਇਥੇ ਮੈਂ ਬੜੀ ਸ਼ਾਨ ਅਤੇ ਮਾਣ ਵਿਚ
ਦਸਾਂ ਸੁਮਾਰਗ ਸਭ ਨੂੰ

ਬਣ ਕੇ ਇਕ ਸ਼ਾਹ ਸਵਾਰ।
ਕੋਈ ਮੈਥੋਂ ਦੂਰ ਨਾ ਹੁਣ ਜਾ ਸਕੇ
ਆ ਗਏ ਹੁਣ ਸਭ ਨੇ ਘੇਰੇ ਮੇਰੇ ਦੇ ਵਿਚਕਾਰ।

ਸਭ ਮਰਦ ਤੇ ਤ੍ਰੀਮਤਾਂ
ਸੁਤੇ ਆਣ ਮੇਰੀਆਂ ਬਾਹਾਂ ਦੇ ਵਿਚਕਾਰ,
ਮੇਰੇ ਵਿਚ ਆ ਆਰਾਮ ਕਰਨ ਉਹ
ਮੇਰੇ ਅੰਦਰ ਹੀ ਉਹ ਤੁਰਦੇ ਤੇ ਫਿਰਦੇ;
ਜਦੋਂ ਮੈਂ ਛੇੜਾਂ ਤਰਬਾਂ
ਤਾਂ ਉਹ ਆਪਣੀ ਆਪਣੀ ਬਾਣੀ ਪਏ ਅਲਾਪਣ,
ਮੇਰੇ ਅੰਦਰ, ਮੇਰੇ ਰਾਹੀਂ
ਉਹ ਉਚਾਰਣ ਆਪਣੇ ਬੋਲ।

ਖ਼ੁਸ਼ੀ ਭਰੇ ਸੰਜੋਗ
ਮਾਨਣ ਪਏ ਸੁਹਾਗ,
ਧਰਤ ਤੇ ਅਰਸ਼ ਦੇ ਜੋੜੇ
ਹਨ ਇਕ ਚਿੰਨ ਮਾਤਰ,
ਇਸੇ ਸੁਹਾਗ-ਮਿਲਣੀ ਦਾ ਹੀ
ਜੋ ਪਸਰੀ ਹੋਈ ਹੈ ਮੇਰੀਆਂ ਬਾਹਾਂ ਦੇ ਵਿਚਕਾਰ,
ਜਿਸ ਨੇ ਫੜ ਘੁਟ ਰਖੀ ਸਭ ਮਨੁੱਖਤਾ,
ਆਪਣੀ ਜਫ਼ੀ ਦੇ ਵਿਚਕਾਰ।
ਜਿਸ ਦਾ ਪੂਰਨ ਹੈ ਵਿਧਾਨ
ਛੁਹਲੀ ਤੇ ਅਣੋਖੀ ਜਿਸ ਦੀ ਸ਼ਾਨ।

ਸੂਰਜ ਦੀਆਂ ਸੁਨਹਿਰੀ ਕਿਰਨਾਂ ਬਲਮਾਂ ਦਾ ਰੂਪ ਧਾਰ
ਵਿਨ੍ਹਣ ਜਾ ਸੋਹਲ ਫੁੱਲਾਂ ਦਾ ਸੀਨਾ
ਕਰਨ ਉਨ੍ਹਾਂ ਦੇ ਹਿਰਦਿਆਂ ਤਾਂਈਂ ਦੁਫਾੜ।
ਪੂਰਨਮਾਂ ਦੇ ਚੰਨ ਦੀਆਂ ਚਾਂਦੀ ਕੁੰਡੀਆਂ,

ਧੂਹ ਲਿਆਉਣ ਸਾਗਰ ਦੀਆਂ ਸਭ ਤਰੰਗਾਂ,
ਮੇਰੇ ਨਿਜ ਕੁੰਜ ਦੇ ਅੰਦਰਵਾਰ।
ਜੋਨ ਸਵੇਰ ਦੀ ਮਿੱਠੀ ਪਵਨ ਸੁਗੰਧੀ ਜਿਵੇਂ ਰੁਮਕੇ,
ਖਿੜਨ ਫੁੱਲ ਉਦੋਂ, ਜਦੋਂ ਮੈਂ ਪਰਤਾਂ ਉਨ੍ਹਾਂ ਨੂੰ ਚੁੰਮ ਕੇ,
ਇਸ ਮਸਤਾਨੇ ਸੁਅਪਨ ਦੀ ਨਿਆਂਈਂ
ਵਲ ਵਲੇਵੇਂ ਖਾਂਦੀਆਂ ਨਦੀਆਂ ਦੀ ਸ੍ਰਿਸ਼ਟੀ ਪਈ ਹੋਵੇ
ਅੰਦਰ ਮੇਰੇ ਗਰਭਾਸ।

ਹੇ ਜੋਤੀ! ਹੇ ਮਹਾਂ ਪ੍ਰਕਾਸ਼!
ਹੇ ਬਿਜਲੀ ਦੇ ਲਿਸ਼ਕਾਰ!
ਮੇਰੇ ਅੰਦਰ ਉਤਪੰਨ ਹੋਏ ਤੇਜ਼ ਵਿਚਾਰ,
ਆ ਇਕ ਦੂਜੇ ਨਾਲ ਬਿਦ ਕੇ ਦੌੜ ਲਗਾਈਏ;
ਪਰੇ ਹਟ! ਪਰੇ ਹਟ!
ਆ ਤੇਜ਼ ਤੇਜ਼ ਉਡਾਰੀ ਲਾਈਏ।
ਨਾਲ ਤੂੰ ਮੇਰੇ ਰਲ ਨਹੀਂ ਸਕਦਾ
ਨਾ ਤੂੰ ਮੇਲ ਸਕੇਂਗਾ ਕਦਮ ਆਪਣੇ
ਮੇਰੇ ਕਦਮਾਂ ਨਾਲ।

ਹੇ ਤੱਤ ਮਹਾਨ, ਝੱਖੜ ਅਤੇ ਤੂਫ਼ਾਨ!
ਗਜਦੇ ਮੇਘਲਿਆਂ ਦੇ ਰੂਪ ਮਹਾਨ!
ਫੈਲਾ ਦਿਤੀਆਂ ਹਨ ਮੈਂ ਆਪਣੀਆਂ ਬਾਹਾਂ,
ਜੋਤ ਲਿਆ ਹੈ ਤੁਹਾਨੂੰ ਆਪਣੇ ਰੱਥ ਦੇ ਅਗੇ
ਚਲੋ ਦੂਰ ਤੋਂ ਦੂਰ
ਤੁਰੋ ਅਗੇ ਹੀ ਅਗੇ,
ਚਾਕਰਾਂ ਦੇ ਸਮਾਨ।

ਮੈਂ ਹਸਦਾ ਖਿੜ ਖਿੜ,
ਕੋਸਾਂ ਹੋਣੀ ਨੂੰ,

ਚਿੜ੍ਹੇ ਤੇ ਹੋਰ ਚਿੜ੍ਹਾਵਾਂ,
ਮੇਰੇ ਅੰਦਰ ਮਹਿਕਾਂ ਦੀ ਸੁਗੰਧੀ ਦਾ ਉਮਾਹ,
ਮੇਰੇ ਅੰਦਰੋਂ ਵਿਸਮਾਦਾਂ ਦੇ ਸਾਗਰ,
ਵਹਿ ਤੁਰੇ ਨੇ ਗਜਦੇ ਮੇਘਲੇ ਹਾਰ,
ਹੈਲੈਲੂਜਾਹ-ਹੈਲੈਲੂਜਾਹ ਗਾਉਂਦੇ
ਕਰਦੇ ਜੈ ਜੈ ਕਾਰ!

ਚੰਨ ਚਾਨਣੀ [1]

ਉਚੇ ਪਰਬਤਾਂ ਤੋਂ ਤੂੰ ਮੇਰੀ ਹਮਜੋਲੀ
ਟੋਹ ਆ ਲਵੇਂ ਮੇਰੀ ਇਕਾਂਤ ਕੁਟੀਆ ਦੀ
ਅਤੇ ਟਿਕ ਲਵੇਂ ਇਸ ਨੂੰ
ਬਣਾ ਕੇ ਆਪਣਾ ਨਿਸ਼ਾਨ।
ਇਕ ਲੱਜਾਵਾਨ ਕੰਜ-ਕੁਆਰੀ ਦੀ ਤਰ੍ਹਾਂ
ਤੂੰ ਤੱਕੇਂ ਸਭ ਆਲਾ-ਦੁਆਲਾ
ਮਤਾਂ ਕਿਤੇ ਕੋਈ ਹੋਰ
ਇਥੇ ਨਾ ਹੋਏ ਮੇਰੇ ਕੋਲ।
ਪੀਲਾ ਤੇਰਾ ਚਿਹਰਾ,
ਭਖਦਾ ਤੇ ਲੱਸਦਾ।
ਠੰਢੀ ਤੇ ਸ਼ਰਮੀਲੀ
ਪਰ ਹੋ ਕੇ ਜ਼ਰਾ ਦਲੇਰ
ਭਖਦੀ ਲਾਲੋ ਲਾਲ
ਅਛੋਪਲੇ ਕਰਕੇ ਬਾਰੀ ਨੂੰ ਪਾਰ
ਮੇਰੇ ਕਮਰੇ ਦੇ ਗਲੀਚੇ ਉਤੇ ਆ ਪਸਰਦੀ।
ਉਥੋਂ ਤੂੰ ਮੇਰੇ ਸਿਰਹਾਣੇ ਪੁਜਦੀ

ਇਹ ਕਵਿਤਾ ਅਧੀ ਰਾਤ ਦੇ ਸਮੇਂ ਰਚੀ ਗਈ ਸੀ, ਜਦੋ ਸ਼ਾਸਤਾ ਸਪਰਿੰਗਜ਼ ਵਿਖੇ ਚੰਨ ਚਾਨਣੀ ਸੁਆਮੀ ਰਾਮ ਦੀ ਕੁਟੀਆ ਵਿਚ ਪੈ ਰਹੀ ਸੀ।

ਥੋੜ੍ਹਾ ਜਿਹਾ ਝੁਕ ਕੇ
ਤੂੰ ਮੇਰੇ ਮੁੰਦੇ ਨੈਣਾਂ ਨੂੰ ਆ ਚੁੰਮਦੀ,
ਤਾਂ ਜੇ ਆ ਜਾਵੇ ਮੈਨੂੰ ਜਾਗ,
ਤੇਰੀ ਲਿਸ਼ਲਿਸ਼ ਕਰਦੀ ਛੋਹ,
ਕੰਨਾਂ ਵਿਚ ਕੁਝ ਕਹਿ ਰਹੀਆਂ ਤੱਕਣੀਆਂ,
ਨਗਨ ਤੇਰਾ ਵਜੂਦ
ਮਹਿਕਾਂ ਭਰੇ ਤੇਰੇ ਸਾਹ
ਨੀਂਦ ਮੇਰੀ ਛਾਂਈਂ ਮਾਂਈਂ ਕਰ ਦੇਂਵਦੇ।
ਤੂੰ ਤੇ ਮੈਂ ਫਿਰ ਹਮ-ਬਿਸਤਰ ਹੋਂਵਦੇ,
ਇਕ ਦੂਜੇ ਨੂੰ ਵਿਚ ਅਲਿੰਗਣ ਘੁਟਦੇ,
ਮੈਂ ਪੀਂਦਾ ਡੀਕ ਲਾ ਕੇ ਤੇਰੇ ਹੁਸਨ ਦੀ ਸ਼ਰਾਬ
ਇੰਝ ਪ੍ਰੇਮ ਉਨਮਾਦ ਵਿਚ ਅਸੀਂ ਦੋਵੇਂ
ਭੁਲ ਜਾਂਵਦੇ ਆਪਣੀ ਵਖਰੀ ਵਖਰੀ ਹੋਂਦ ਨੂੰ
ਤੇ ਹੋ ਜਾਂਦੇ ਇਕ
ਪ੍ਰੇਮ ਦੇ ਸੂਤਰ ਵਿਚ ਪਰੁੱਚ ਕੇ।

ਮੈਂ ਰੋਕ ਨਾ ਸਕਾਂ ਹਾਸਾ

ਇਕ ਡਰਾਉਣਾ ਝਟਕਾ ਮੈਨੂੰ ਲਗਿਆ
ਭੈਅ ਵਿਚ ਆ ਕੇ ਆਪਾ ਮੇਰਾ ਕੰਬਿਆ
ਤੱਕਿਆ ਜਦ ਮੈਂ ਨੀਝ ਲਾ ਕੇ
ਤਦੋਂ ਕੀ ਹਾਂ ਦੇਖਦਾ,
ਇਸ ਝਟਕੇ ਦਾ ਕਾਰਣ
ਬੁਝ ਰਹੀ ਇਕ ਬੱਤੀ ਵਾਕਰ
ਡੋਲਿਆ ਤੇ ਕੰਬਿਆ;
ਜਿਸ 'ਸ਼ੰਕੇ' ਦਾ ਸੀ ਇਹ ਸਾਇਆ
ਉਸ ਨੇ ਮੇਰੀ ਹਸਤੀ ਦੇ ਸੁਆਮੀ ਤਾਂਈਂ ਡੁਲਾਇਆ

ਕਿਹੋ ਜਿਹੀ ਸੀ ਇਹ ਨਿਰਾਸ਼ਾ
ਮੈਂ ਰੋਕ ਨਾ ਸਕਾਂ ਹਾਸਾ।

ਕੁੱਤਾ ਝੀਲ ਦੇ ਪਾਣੀ ਅੰਦਰ
ਮਾਸ ਦੀ ਬੋਟੀ ਤੇ ਪਿਆ ਝਪਟੇ
ਹੈ ਸੀ ਜੋ ਨਿਰਾ ਇਕ ਪਰਛਾਂਵਾਂ
ਮਾਸ ਦੀ ਬੋਟੀ ਲਈ ਹੋਇਆ ਅਤਿ ਲੋਭੀ,
ਸਚੀ ਖ਼ੁਸ਼ੀ ਨੂੰ ਭਾਲੇ,
ਪਰ ਇਸ ਤਮਾਸ਼ੇ ਨੇ ਉਸ ਦੀ
'ਸਚੀ ਖ਼ੁਸ਼ੀ' ਨੂੰ ਸੀ ਖੋਹਿਆ।
ਕਿੰਨਾ ਭਿਅੰਕਰ ਹੈ ਇਹ ਹਾਦਸਾ
ਕਿਤਨੀ ਕੂੜੀ ਆਸਾ,
ਮੈਂ ਰੋਕ ਨਾ ਸਕਾਂ ਹਾਸਾ।

ਲੰਮਾ ਸਫ਼ਰ ਮੁਕ ਚੁਕਾ ਹੈ
ਰਾਹੀ ਨੇ ਮੰਜ਼ਲ ਨੂੰ ਪਾਇਆ,
ਥਕਾ ਕੇ ਚੂਰ ਕਰ ਦੇਣ ਵਾਲੀ
ਮਿਹਨਤ ਦਾ ਅੰਤ ਹੈ ਹੋਇਆ,
ਇਸੇ ਛਿਣ ਲਈ ਬ੍ਰਹਿਮੰਡ ਸੀ ਧੜਕ ਰਿਹਾ
ਵਿਚ ਖ਼ੁਸ਼ੀ ਦੇ ਖੀਵੇ ਹੋ ਕੇ
ਸੂਰਜ, ਚੰਨ ਤੇ ਤਾਰੇ
ਕਰ ਰਹੇ ਜੈ ਜੈ ਕਾਰ
ਵਧਾਈਆਂ ਦੀ ਵਰਖਾ ਪਈ ਹੁੰਦੀ
ਲੇਲੇ ਨੂੰ ਮਿਲ ਗਿਆ ਆਜੜੀ[1]

---

1 ਇਥੇ ਬਾਈਬਲ ਦੇ ਸ਼ਬਦਾਂ ਵਲ ਸੰਕੇਤ ਹੈ।

ਬੁਝ ਗਿਆ ਧਰਵਾਸਾ,
ਮੈਂ ਰੋਕ ਨਾ ਸਕਾਂ ਹਾਸਾ।

ਸ਼ਕਤੀ ਤੇ ਪ੍ਰੇਮ ਦੇ ਪੁੰਜ ਪ੍ਰੀਤਮ
ਨਾਲ ਮਿਲਾਈ ਤਾਰ,
ਆਪਣੇ ਦਿਲ ਨੂੰ ਇਕਸੁਰ ਕੀਤਾ
ਉਸ 'ਅਨੰਤ' ਦੇ ਨਾਲ,
ਬਣਿਆਂ ਮੈਂ ਖ਼ਿਆਲ
ਉਸ ਸਾਂਝੀਵਾਲ ਦਾ,
ਹੈ ਜੋ ਸਰਬ-ਵਿਆਪੀ
ਕਣ ਕਣ ਵਿਚ ਸਮਾਇਆ
ਸੁਣ ਉਸ ਦਾ ਦੈਵੀ-ਸੰਦੇਸ਼
ਹੋਇਆ ਮੈਂ ਸਮਤੋਲ,
ਪਰਮ ਸ਼ਾਂਤੀ ਪਾਈ,
ਰਾਓ ਰੰਕ ਬਰਾਬਰ,
ਵਿਚ ਆਕਾਸ਼ ਪਤਾਲ,
ਤੱਕਾਂ ਆਪਣਾ ਆਪਾ,
ਕਿਤਨੀ ਖ਼ੁਸ਼ੀ ਤੇ ਅਨੰਦ!
ਪਾਇਆ ਪਰਮਾਨੰਦ
ਸਗਲ ਬ੍ਰਹਿਮੰਡ ਦੀ ਕੁਦਰਤ ਨੂੰ
ਮੈਂ ਪਿਆ ਮਾਣਾਂ,
ਰਾਗ ਰਤਨ ਪਰਵਾਰ
ਪਰੀਆਂ ਨਾਲ ਮਿਲ ਕੇ ਗਾਵਾਂ,
ਤਾਰਿਆਂ ਸੰਗ ਮਿਲ ਕੇ ਰਾਸ ਰਚਾਵਾਂ,
ਖ਼ੁਸ਼ੀਆਂ ਦੇ ਸਾਗਰ ਵਿਚ ਚੁਭੀਆਂ ਲਾਵਾਂ,
(ਰਤਨ ਅਮੋਲਕ ਹੇਠੋਂ ਕਢ ਲਿਆਵਾਂ)
ਖਰੂਦੀ ਖੇਡਾਂ ਮੇਰੀਆਂ ਦਾ ਇਹ ਸ਼ੋਰ

ਬਣ ਜਾਏ ਯੁਧ-ਘਨਘੋਰ
ਮੇਰੀ ਖ਼ੁਸ਼ੀ ਅਪਾਰ
ਕਿਤਨੀ ਤਿਖੀ ਇਸ ਦੀ ਚਾਲ!
ਛਡਾਂ ਨਾ ਕੋਈ ਪਾਸਾ,
ਮੈਂ ਰੋਕ ਨਾ ਸਕਾਂ ਹਾਸਾ।

ਚੜ੍ਹਦੇ ਸੂਰਜ,
ਕਿਉਂ ਤੂੰ ਪਿਆ ਸ਼ਰਮਾਵੇਂ,
ਰੱਤਾ ਹੋ ਹੋ ਜਾਵੇਂ!
ਮੈਂ ਨਾ ਤੈਨੂੰ ਮਾਰਾਂ,
ਮੈਂ ਤਾਂ ਸਗੋਂ ਪਿਆਰਾਂ,
ਨਾ ਮੈਂ ਤੈਨੂੰ ਕੋਸਾਂ,
ਨਾ ਹੀ ਤਾੜਾਂ,
ਆ, ਕੁਦਰਤ ਮੇਰੀ ਬੱਚੜੀ
ਮੇਰੀ ਨੰਨ੍ਹੀ ਆ ਤੂੰ ਮੇਰੇ ਕੋਲ,
ਮੇਰੇ ਪਿਆਰੇ ਪੁੱਤਰ
ਤੁਸੀਂ ਹੋ ਮੇਰੇ ਆਪਣੇ
ਹੱਡ ਤੇ ਮਾਸ ਸਮਾਨ,
ਮੇਰੀ ਆਪਣੀ ਹੀ ਸੰਤਾਨ,
ਆਉ ਮੇਰੀਆਂ ਬਾਹਾਂ ਅੰਦਰ ਆ ਸਮਾਉ,
ਮੇਰੇ ਦਿਲ ਦੇ ਨਰਮ ਵਿਛੌਣਿਆਂ ਉਪਰ,
ਘੁਲ ਮਿਲ ਜਾਉ,
ਮੇਰੇ ਅੰਕ ਸਮਾਉ,
ਦੇਵਾਂ ਇਕ ਦਿਲਾਸਾ,
ਮੈਂ ਰੋਕ ਨਾ ਸਕਾਂ ਹਾਸਾ।

ਕਰਾਂ ਕਿਵੇਂ ਮੈਂ ਪ੍ਰੇਮ
ਪ੍ਰੇਮ-ਰੂਪ ਮੈਂ ਹੋਇਆ,
ਆਸਾ ਤ੍ਰਿਸ਼ਨਾ ਹੁਣ ਕੋਈ ਰਹੀ ਨਾ ਬਾਕੀ
ਮੈਂ ਸਭ ਦਿਲਾਂ ਦੀ ਸਾਂਝੀ ਧੜਕਣ
ਸਭ ਦਾ ਹਿਰਦਾ,
ਸਭ ਇਛਾਵਾਂ ਪੁੰਨੀਆਂ,
ਮਹਾਂ ਅਨੰਦ ਨਾਲ ਭਰਪੂਰ ਮੈਂ ਹੋਇਆ,
ਆਪਣੇ ਨਿਜ ਸਰੂਪ ਦੇ ਅੰਦਰ
ਮੈਂ ਸਾਰੇ ਵਸਤੂ ਮਾਣਾਂ,
ਸਭ ਹਸਤੀਆਂ ਤਾਂਈਂ
ਮੈਂ 'ਜਿੰਦ ਕਣੀਆਂ' ਦੀ ਲੁਟ ਲੁਟਾਵਾਂ,
ਹਰ ਬੇੜੀ ਦਾ ਬਣ ਕੇ ਮੈਂ ਮਲਾਹ
ਇਹੋ ਮੇਰਾ ਖਾਸਾ,
ਮੈਂ ਰੋਕ ਨਾ ਸਕਾਂ ਹਾਸਾ।

ਨਿਰਗੁਣਵਾਦ

ਜਦ ਜੋਬਨਮਤੀਆਂ ਮੁਟਿਆਰਾਂ ਦੀਆਂ ਗੁਲਾਬੀ ਗੱਲ੍ਹਾਂ ਟਹਿਕਣ,
ਤਦ ਮਧੁਮਖੀਆਂ ਦੀਆਂ ਅਖੀਆਂ ਹਾਰ ਪ੍ਰੇਮੀ
ਉਨ੍ਹਾਂ ਗੁਲਾਬਾਂ ਵਿਚੋਂ ਅੰਮ੍ਰਿਤ ਰਸ ਪੀਣ ਲਈ ਸਹਿਕਣ,
ਇਹ ਅਨੰਦ ਮੇਰਾ ਤੇ ਉਨ੍ਹਾਂ ਦਾ ਹੈ ਸਾਂਝਾ।
ਹਿੰਮ-ਖੰਡਾਂ ਦੀ ਚੁੰਧਿਆ ਦੇਣ ਵਾਲੀ ਹੀਰੇ ਦੀ ਚਮਕਾਰ
ਅੰਦਰ ਧਸ ਕੇ ਦਬਿਆ ਜਾਵਾਂ,
ਉਸ ਹਿੰਮ-ਪਿੰਡਾਂ ਵਿਚਕਾਰ,
ਖ਼ੁਸ਼ੀ ਵਿਚ ਤਦ ਦਿਲ ਮੇਰਾ ਲੱਸਦਾ ਵਿਚ ਲਿਸ਼ਕਾਰ,
ਆਖ ਰਿਹਾ ਹਾਂ ਤੁਸਾਂ ਦੇ ਤਾਂਈਂ

ਇਸ ਅਨੁਭਵ ਤੋਂ ਡਰਨ ਦੀ ਲੋੜ ਨਹੀਂ ਹੈ
ਕੁਦਰਤ ਜਦੋਂ ਵੀ ਖਿਖੜਾ ਰੂਪ ਵਟਾਉਂਦੀ
ਕਈ ਗੁੰਝਲਾਂ ਉਹ ਮੇਰੇ ਰਾਹੀਂ ਹੈ ਸੁਲਝਾਉਂਦੀ
ਆਉ, ਆ ਕੇ ਮੇਰੇ ਅੰਕ ਸਮਾਉ,
ਅਨੰਦ ਵਿਭੋਰ ਹੋ ਜਾਉ।

ਨਹੀਂ ਨਹੀਂ, ਇੰਝ ਨਾ ਆਖੋ ਭਾਈ
(ਇਸ ਵਿਚ ਝੂਠ ਨਹੀਂ ਹੈ ਰਾਈ)
ਤੁਸੀਂ ਤਾਂ ਪਹਿਲਾਂ ਹੀ ਪ੍ਰਭੂ, ਸਵਾਮੀ ਹੋ
ਇਕ ਇਕ ਦੇ ਅਤੇ ਸਭ ਥਾਵਾਂ ਦੇ ਹੋ ਮਾਲਕ
ਸ੍ਰਿਸ਼ਟੀ ਦੀ ਸਭ ਰਚਨਾ ਦੇ ਹੋ ਖਾਲਕ,
ਤੁਸੀਂ ਹੀ ਹੋ ਕੁਦਰਤ ਵਿਚ ਵਿਆਪਕ
ਕੁਦਰਤ ਦੇ ਨੇਮਾਂ ਦੇ ਕਰਤਾ
ਇਸ ਜਗਤ ਦੇ ਅੰਦਰ ਹੋ ਸਮਾਏ
ਪਰ ਹੋ ਇਸ ਤੋਂ ਨਿਰਲੇਪ ਅਤੇ ਉਚੇਰੇ
ਵਿਚਾਰ-ਸੰਕਲਪ ਅਤੇ ਸ਼ਬਦ ਸਰੂਪ ਅਨੂਪ!
ਹੇ ਸ਼ੰਕਾ ਦੇ ਮਾਰੇ ਲੋਕੋ!
ਹੇ ਵਹਿਮਾਂ ਹੇਠ ਲਿਤਾੜੇ ਲੋਕੋ!
ਹੇ ਪੀੜਾਂ ਤੇ ਸੋਗਾਂ ਵਿਚ ਗ੍ਰਸੇ ਲੋਕੋ!
ਹੇ ਸੁੰਦਰ ਝਲਕ ਦੇ ਲਾਰਿਆਂ ਵਿਚ ਫਸੇ ਲੋਕੋ!
ਹੇ ਨਿਕਟ ਵਰਤੀ ਪਿਆਰਿਆਂ ਤੋਂ ਵਿਛੁਨੇ ਹੋਏ!
ਜਿਨ੍ਹਾਂ ਦੀ ਬੁਧੀ ਹੈ ਧੁੰਦਲਕੇ ਨੇ ਦਬਾਈ!
ਕਿਉਂ ਅਕਾਰਥ ਆਪਣੇ ਨਿਜ ਨੂੰ ਹੋ ਤਰਸਾਉਂਦੇ ਤੇ ਕਲਪਾਉਂਦੇ?
ਸਾਗਰ ਵਿਚ ਵੀ ਮਛਲੀ ਕਿਉਂ ਫਿਰਦੀ ਤਿਰਹਾਈ?
ਤੁਹਾਡੇ ਅੰਦਰਵਾਰ ਇਸਥਿਤ ਹੈ ਪ੍ਰਭੂ ਦਾ ਉਚਾ ਸਵਰਗ-ਧਾਮ,
ਤੁਹਾਨੂੰ ਪਰ ਇਸ ਦੀ ਆਈ ਨਹੀਂ ਪਛਾਣ!
ਤੁਹਾਡਾ ਮਨ ਤਾਂ ਨਿਤ ਬਾਹਰ ਨੂੰ ਪਿਆ ਦੌੜੇ

ਇਸ ਦੇ ਧਿਆਨ ਨੂੰ ਆਪਣੇ ਅੰਦਰ ਵਲ ਜੋੜੇ,
ਉਸ ਉਚੇ ਨਿਜ ਆਪੇ ਤਾਂਈਂ ਜਾਣੇ,
ਇਸ ਸੰਸਾਰ ਦੇ ਰੋਗਾਂ ਸੋਗਾਂ ਤੋਂ ਮੁਕਤੀ ਪਾਉ.
ਆਪਣੇ ਅੰਦਰਲੇ ਰਾਮ ਤਾਂਈਂ ਪਛਾਣੇ,
ਉਸ ਦੇ ਅਨੁਭਵ ਤੇ ਰਹੱਸ ਨੂੰ ਮਾਣੇਂ,
ਕਿੰਨਾ ਮਿੱਠਾ ਤੇ ਸੁਖਦਾਈ ਇਸ ਦਾ ਖੇੜਾ!
ਜਿਸ ਦੀ ਛੁਹ ਪਾ ਨੱਸ ਵੰਞਣ ਸਭ ਅਸੁਰ ਤੇ ਰਾਖਸ਼,
ਇਸ ਪਿਆਰੇ ਕੌਤਕ ਨੂੰ ਤੱਕ ਕੇ
ਆ ਜਾਵੇ ਭਰਵਾਸਾ,
ਮੈਂ ਰੋਕ ਨਾ ਸਕਾਂ ਹਾਸਾ।

ਰਕੜ ਧਰਤ ਤੇ ਪਸਰੀ ਭੁੱਗ ਦੀ ਕਿੰਗਰੀ,
ਕੁੱਤੇ ਤਾਂਈਂ ਭੰਬਲਭੂਸੇ ਦੇ ਵਿਚ ਪਾਵੇ,
ਉਸ ਝੂਠੀ ਦੁਨੀਆਂ ਨੂੰ, ਜੋ ਉਸ ਨੂੰ ਹੈ ਦਿਸਦੀ,
ਉਹ ਸੱਚ ਪਿਆ ਸਮਝੀ ਜਾਵੇ।
ਮੋਹ ਮਮਤਾ ਦੇ ਭਾਵ,
ਮਨਸਾ ਅਤੇ ਤ੍ਰਿਸ਼ਨਾ
ਮੁੜ ਮੁੜ ਆਵਣ ਮੇਰੇ ਕੋਲ,
ਆ ਆ ਚਿੰਮੜਨ ਮੇਰੇ ਗਿਰਦੇ ਝੁਰਮਟ ਪਾਉਣ,
ਢੀਠਾਂ-ਹਾਰ ਨਾ ਖਹਿੜਾ ਮੇਰਾ ਛੱਡਣ,
ਪਰ ਜਦ ਤੱਕਣ ਮੇਰਾ ਸੱਚਾ ਆਪਾ,
ਨੱਸ ਜਾਵਣ ਖੰਭ ਲਾ,
ਜਿਵੇਂ ਸੂਰਜ ਉਦੈ ਹੋਣ ਤੇ ਨ੍ਹੇਰਾ ਜਾਵੇ ਪਲੋਅ,
ਇੰਝ ਇਹ ਛੰਡੇ ਜਾਂਦੇ,
ਜਿਵੇਂ ਪੰਛੀ ਦੇ ਮੁਲਾਇਮ ਖੰਭਾਂ ਉਤੋਂ
ਉਡਣ ਸਾਰ ਹੀ ਤੁਪਕੇ ਪਾਣੀ ਦੇ ਤਿਲਕ ਨੇ ਪੈਂਦੇ,
ਫਿਰ ਹੋ ਜਾਵੇ ਨਿਰਮਲ

ਜਿਵੇਂ ਪਹਿਲਾਂ ਤੇ ਪਿਛੋਂ ਉਹ ਕਦੀ ਸੀ ਹੁੰਦਾ,
ਇਸ ਅਦਭੁਤ ਕੌਤਕ ਨੂੰ ਤੱਕ ਕੇ
ਹੋਵੇ ਕੁਝ ਦਿਲਾਸਾ,
ਮੈਂ ਰੋਕ ਨਾ ਸਕਾਂ ਹਾਸਾ।

ਇਸ ਜੋਤੀ ਦੇ ਸਾਖੀ ਹੋ ਕੇ ਰਹਿੰਦਾ ਮੈਂ ਅਡੋਲ,
ਭਾਵਨਾਵਾਂ ਨੂੰ ਢੁਕਣ ਨਾ ਦੇਵਾਂ ਆਪਣੇ ਕੋਲ,
ਇਨ੍ਹਾਂ ਵਲ ਜਦੋਂ ਮੈਂ ਤੱਕਾਂ
ਤਾਂ ਇਹ ਹੋ ਜਾਵਣ ਭਸਮੰਤ।
ਇਹੋ ਇਨ੍ਹਾਂ ਦਾ ਅੰਤ।

ਇਸ ਨਿਜ ਦਾ ਜੋ ਨਿੱਕਾ ਚੱਕਰ,
ਜੋ ਨਿਜ ਦੀਆਂ ਨਾੜੀਆਂ ਤਾਈਂ ਸੁੰਗੇੜੇ,
ਇਸ ਦੇ ਭੰਵਰਾਂ ਅੰਦਰ,
ਅਹੰਮ ਡੁੱਬ ਹੈ ਜਾਂਦਾ,
ਇਸ ਦੇ ਸਭ ਆਕਾਰ ਤੇ ਰੂਪ
ਬਣ ਜਾਂਦੇ ਸਭ ਮੇਰੇ।
ਕਿੰਨਾ ਮੂਰਖਤਾ ਭਰਿਆ ਚੱਜ,
ਜੋ ਦੁੱਖਾਂ ਨਾਲ ਭਰਪੂਰ,
ਜੋ ਨਿਜ ਆਪੇ ਨੂੰ ਧਕ ਦਿੰਦਾ ਹੈ ਪਿਛੇ,
ਤੇ ਲੈ ਆਉਂਦਾ ਇਕ ਧਾੜ
ਮਿਤਰਾਂ ਅਤੇ ਸ਼ਤਰੂਆਂ ਦੀ
ਜਿਸ ਦੇ ਸੱਚ ਦੀ ਸਾਨੂੰ ਨਹੀਂ ਹੈ ਸਾਰ।

ਇਹ ਚੱਜ ਸਾਨੂੰ ਆਪਣੇ ਘੇਰੇ ਵਿਚ ਵਲਾਵੇ,
ਚੁਭ ਚੁਭ ਸਾਡੇ ਅੰਦਰ ਨਵੀਆਂ ਰੜਕਾਂ ਪਾਵੇ,
ਪਰ ਇਹ ਵੱਖ ਵੱਖ ਸਮਝਣ ਦੀ ਕੂੜੀ ਸੂਝ

ਜਦੋਂ ਦੂਰ ਹੋ ਜਾਵੇ,
ਤਦ ਹੀ ਸਾਡੇ ਅੰਦਰ
ਸੱਚੀ ਸੂਝ ਜਗ ਮਗਾਵੇ,
ਇਸ ਲਈ ਰਾਮ ਜੀ ਕਿਸੇ ਨਾਲ ਨਾ ਕੋਈ ਮੰਤਵ ਨਿਆਰਾ ਜੋੜੇ,
ਆਪਣੇ ਮਨ ਨੂੰ ਇਸ ਬਿਰਤੀ ਤੋਂ ਹੋੜੇ।

ਨਾਨਾ ਰੂਪ ਸਰੀਰ ਨੇ ਧਾਰੇ,
ਆਤਮ ਇਕੋ ਧਾਤ,
ਇਹ ਜੋ ਆਤਮ ਮਹਾਂ ਅਨੂਪ
ਮੇਰਾ ਹੀ ਹੈ ਨਿਜ ਸਰੂਪ।

ਮੈਂ ਹੀ ਕਰਤਾ,
ਮੈਂ ਹੀ ਸਾਖੀ,
ਮੈਂ ਹੀ ਨਿਰਣੈਕਾਰ,
ਮੈਂ ਹੀ ਕਿਤੂਕਾਰ ਆਲੋਚਕ,
ਮੈਂ ਹੀ ਹਾਂ ਪ੍ਰਸ਼ੰਸਕ।
ਪਰ ਹੁਣ ਹਾਂ ਨਿਰਬੰਧਨ
ਸਭ ਕੁਝ ਹੋਇਆ ਮੁਕਤ,
ਪਾਈ ਐਸੀ ਜੁਗਤ,
ਨਾ ਮੈਨੂੰ ਕੋਈ ਬੰਧਨ ਦਿਸੇ,
ਨਾ ਦਿਸਦਾ ਕੋਈ ਦੋਸ਼,
ਸਭ ਦਿਸਣ ਸਵਤੰਤਰ ਤੇ ਨਿਰਦੋਸ਼।
ਮੈਂ ਹੋਇਆਂ ਆਜ਼ਾਦ,
ਸਭ ਹੋਏ ਆਜ਼ਾਦ,
ਹੁਣ ਬਸ ਜੋ ਬਾਕੀ ਬਚਿਆ,
ਉਹ ਹੈ ਮੈਂ ਤੇ ਮੇਰਾ ਰੱਬ।
ਜੋ ਹੈ ਸਭ ਕੁਝ ਮੈਂ ਤੇ ਉਹ।

ਨਾ ਕਿਸੇ ਦਾ ਦੇਣਦਾਰ,
ਨਾ ਕੋਈ ਫ਼ਰਜ਼ ਬੰਨ੍ਹ ਰਖਿਆ ਪੱਲੇ,
ਨਾ ਧੋਖਾ ਨਾ ਕੋਈ ਚਿੰਤਾ,
ਮੈਂ ਹਾਂ 'ਹੁਣ',
ਮੈਂ ਹਾਂ 'ਇਥੇ' ਵਰਤਮਾਨ।

ਸਭ ਭਾਵਾਂ ਦਾ ਅੰਤਮ ਸਰੋਤ
ਭਾਵਨਾਵਾਂ ਦੇ ਸਭ ਉਤਰਾਵਾਂ ਤੇ ਝੜਾਵਾਂ ਦਾ ਜੋ ਕਾਰਣ,

ਸੁੰਦਰਤਾ ਦਾ ਭਵਨ ਮਹਾਨ,
ਪ੍ਰੇਮ ਦਾ ਹਿਰਦਾ,
ਬਾਜ਼ਾਂ, ਮੋਰਾਂ ਤੇ ਘੁੱਗੀਆਂ ਦੀ ਆਤਮਾ,
ਹਰ ਇੱਛਾ ਦਾ ਕੇਂਦਰ-ਬਿੰਦੂ,
ਹਰ ਤਾਰ ਦੀ ਆਕਰਸ਼ਣ ਸ਼ਕਤੀ,
ਜਿਸ ਦੀ ਖਿਚ ਨੂੰ ਸਾਰੇ ਜਾਨਣਹਾਰ,
ਸਭ ਕਾਰਣਾਂ ਦਾ ਜੋ ਇਕੋ ਸੋਮਾ,
'ਉਹ ਮੈਂ ਹਾਂ।'

ਹਰ ਵਸਤੂ ਵਿਚ ਸਾਹ ਪਿਆ ਮੇਰਾ ਚਲਦਾ,
ਧਰਤੀ, ਚੰਨ ਤੇ ਸੂਰਜ ਦੀ ਗਰਦਸ਼ ਵਿਚ ਮੈਂ ਹਾਂ ਘੁੰਮਦਾ,
ਪਵਨਾਂ ਅੰਦਰ ਮੈਂ ਹਾਂ ਝੂਲਦਾ,
ਘਾਹਾਂ ਅੰਦਰ ਮੈਂ ਹਾਂ ਉਗਦਾ,
ਨਦੀਆਂ ਅੰਦਰ ਮੈਂ ਹਾਂ ਵਹਿੰਦਾ,
ਪਿੰਡ ਬਣ ਮੈਂ ਰਿੜ੍ਹਦਾ,
ਹਾਜ਼ਰ, ਗ਼ੈਰ-ਹਾਜ਼ਰ, ਨੇੜੇ ਤੇ ਦੂਰ,
ਭੂਤ, ਭਵਿਖ, ਫੁਲ ਤੇ ਤਾਰੇ,
ਸਭ ਜੋ ਰੂਪ ਨੇ ਨਿਆਰੇ ਨਿਆਰੇ,

ਸਭ ਵਿਚ ਦਿਸਦੇ ਮੇਰੇ ਹੀ ਝਲਕਾਰੇ।

ਮੋਹਣੇ ਨੈਣ ਤੇ ਮਿਠੜੇ ਛੰਤ,
ਸੁੰਦਰ, ਸੂਖਮ, ਸੋਹਜ ਖ਼ਿਆਲ,
ਚਾਂਦੀ ਵਾਂਗ ਟਣਕਦੇ ਅੱਖਰ
ਮਧੂ ਮਿਠੜੇ ਹੋਠ,
ਰੇਸ਼ਮੀ ਜ਼ੁਲਫਾਂ ਤੇ ਸ਼ਿੰਗਾਰ,
ਨਾਜ਼ਾਂ, ਨਖ਼ਰਿਆਂ ਭਰੇ ਕਟਾਖ਼,
ਇਹ ਸਭੋ ਕੁਝ ਮੈਂ ਮਾਣਾਂ,
ਆਪਣੇ ਅੰਦਰ, ਆਪਣੇ ਆਪ ਨੂੰ ਜਾਣ,
ਕਰ ਆਤਮ-ਪਛਾਣ।
ਖੀਵੇ ਵਿਚ ਅਨੰਦ,
ਪਾਇਆ ਪਰਮਾਨੰਦ,
ਅਨੰਦ! ਅਨੰਦ! ਅਨੰਦ!
ਜਿਸ ਦਾ ਅਪਾਰ ਪਸਾਰ,
ਦੇਵੇ ਇਕ ਧਰਵਾਸਾ,
ਮੈਂ ਰੋਕ ਨਾ ਸਕਾਂ ਹਾਸਾ।

ਓਮ! ਓਮ! ਓਮ!

ਰਾਮ ਹੈ ਪ੍ਰਸੰਨ, ਪ੍ਰਸੰਨ, ਪ੍ਰਸੰਨ!
ਗਹਿਰ ਗੰਭੀਰ, ਸ਼ਾਂਤ, ਅਡੋਲ।
ਕੋਈ ਅਨੰਦ ਵਿਚ ਵਿਘਨ ਨਾ ਪਾਏ,
ਨਾ ਕੋਈ ਮੇਰਾ ਰਾਹ ਅਟਕਾਏ।

ਮੇਰਾ ਬਾਣਾ ਦੇਵਤੇ ਪਹਿਨਣ,

ਪੰਛੀ ਅਰ ਇਨਸਾਨ,
ਪਰਮਾਨੰਦ ਮੇਰਾ ਹੈ ਐਸਾ,
ਜਿਸ ਨੂੰ ਸ਼ਬਦ ਨਾ ਕਰਨ ਬਿਆਨ।
ਇਥੇ ਉਥੇ ਸਭਨੀ ਥਾਂਈਂ,
ਉਥੇ ਜਿਥੇ "ਕਿਥੇ" ਹੈ ਨਾਹੀਂ?
ਹੁਣ, ਨਿਤ, ਤੁਰੰਤ, ਤਦਾਈਂ
ਤਦੋਂ ਜਦੋਂ "ਕਦੋਂ?" ਕੋਈ ਨਾਹੀਂ।
ਇਹ, ਉਹ, ਕਿਹੜਾ ਤੇ ਕੀ;
ਉਹ, ਜੋ ਗੌਲੇ ਨਾ "ਕੀ?"

ਆਦਿ, ਅੰਤ, ਮਧ ਹੈ ਉਚਾ,
"ਕਿਉਂ?" ਤੋਂ ਪਰੇ 'ਇਕ' ਜੋ ਸੱਚਾ
ਇਕ, ਪੰਜ, ਸੈਂਆਂ ਤੋਂ ਪਰੇ,
ਸਭ ਅੰਕਾਂ ਤੋਂ ਉਪਰ ਹਰਿ।

ਕਰਤਾ, ਕਾਰਕ, ਦ੍ਰਿਸ਼ਟੀ, ਗਿਆਨ;
ਜਿਸ ਦਾ ਕਰ ਨਾ ਸਕੀਏ ਬਿਆਨ।
ਆਦਿ ਜੁਗਾਦ ਹੈ ਭੀ ਤੇ ਹੋਸੀ,
"ਕਿਰਿਆ" ਮੁਕਤ, ਅਨਾਦੀ ਹਸਤੀ।
ਅਤਿ ਮਿੱਠੜਾ ਸੱਚਾ ਨਿਜ ਸਰੂਪ,
ਤੂੰ , ਮੈਂ, ਉਹ ਤੋਂ ਪਰੇ ਅਨੂਪ।

ਅਨੰਤ

ਇਹ ਵੀ ਅਨੰਤ, ਉਹ ਵੀ ਅਨੰਤ;
ਹੈ ਨਿਰੰਤਰ, ਅਬਦਲ ਅਨੰਤ।
ਅਨੰਤ ਤੋਂ ਨਿਕਲੇ ਫਿਰ ਅਨੰਤ।
ਫਿਰ ਵੀ ਬਾਕੀ ਬਚੇ ਅਨੰਤ।

ਜੋ ਘਟਦਾ ਦਿਸੇ, ਉਹ ਵੀ ਅਨੰਤ।
ਜੋ ਹੈ ਵਧਦਾ, ਉਹ ਵੀ ਅਨੰਤ।
ਜਾਂਦਾ, ਆਉਂਦਾ, ਵਧਦਾ, ਘਟਦਾ
ਚਿੰਨ ਮਾਤਰ ਸਭ, ਪਰ ਸਭ ਅਨੰਤ।

ਵਿਸਮਾਦ, ਵਿਸਮਾਦ ਹੈ ਅਨੰਤ,
(ਜਿਸ ਦਾ ਪਾ ਨਾ ਸਕੀਏ ਅੰਤ)
ਹਰ ਪਰਬਤ ਤੇ ਘਾਟੀ ਉਤੇ,
ਨੀਲੇ ਹਰੇ ਵਿਛੇ ਵਿਛਾਉਣੇ,
ਲਾਲ,ਪੀਲੇ, ਨਾਨਾ ਰੰਗੇ ਅਤਿ ਮਨਮੋਹਣੇ।

ਸੁੰਦਰ ਚਾਨਣ ਦਾ ਪ੍ਰਕਾਸ਼,
ਗੜਿਆਂ ਤੇ ਤੁਫ਼ਾਨਾਂ ਅੰਦਰ
ਪਰਮ-ਸੁੰਦਰਤਾ ਦਾ ਹੈ ਪਹਿਰਾ।
ਸਵਰਗ ਧਾਮ ਦਾ ਦ੍ਰਿਸ਼ ਅਤਿ ਪਿਆਰਾ।
ਹੈ ਰੱਬੀ ਇਹ ਬੋਲ ਨਿਆਰਾ।

ਨਕੋ ਨਕ ਭਰਪੂਰ ਪਿਆਲਾ ਖ਼ੁਸ਼ੀਆਂ ਦਾ

ਪਿਆਲਾ ਮੇਰਾ ਖ਼ੁਸ਼ੀਆਂ ਨਾਲ ਭਰਪੂਰ,
ਸਭ ਇਛਾਵਾਂ ਪੂਰਨ ਹੋਈਆਂ;
ਪਵਨ ਸੁਮੀਰ ਹੈ ਮੇਰੀ ਦਾਸੀ,
ਖੇੜੇ ਨੂੰ ਪਈ ਚੁੰਮਦੀ ਮੇਰੇ,
ਮੈਂ ਹੋਇਆ ਨਿਹਾਲ।
ਕਰਦਾਂ ਉਸ ਦੀ ਉਪਮਾ।
ਇੰਦਰ-ਧਨੁਸ਼ ਦੇ ਰੰਗ ਨੇ ਮੇਰੇ ਬਸਤਰ;

ਚਾਲਣ, ਬਿਜਲੀ, ਅਗਨੀ ਮੇਰੇ ਹੁਕਮ ਵਿਚ ਤੁਰਦੇ।
ਸਭ ਪ੍ਰੇਮੀਆਂ ਦਾ ਮੈਂ ਹਾਂ ਕੇਂਦਰ,
ਰਾਗ ਅਨੁਰਾਗ ਦੀ ਮੈਂ ਤਰੰਗ।
ਗੁਲਾਬ ਦਾ ਹਾਸਾ, ਤ੍ਰੇਲ ਦੇ ਮੋਤੀ,
ਸੂਰਜ ਕਿਰਨਾਂ ਦੀਆਂ ਸੁਨਹਿਰੀ ਤੰਦਾਂ,
ਜੋ ਭਿੰਨੀ ਮਹਿਕ ਵਿਚ ਮਖ਼ਮੂਰ।
ਚੰਨ ਦੀਆਂ ਚਾਂਦੀ ਰਿਸ਼ਮਾਂ ਅਤਿ ਪਵਿੱਤਰ
ਕੇਲ ਕਰੇਂਦੀਆਂ ਪਾਣੀ ਲਹਿਰਾਂ,
ਮਸਤੀ ਵਿਚ ਝੂਮਦੇ ਰੁਖ,
ਉਨ੍ਹਾਂ ਨਾਲ ਲਿਪਟੀਆਂ ਵੇਲਾਂ,
ਮਧੂਮਖੀਆਂ ਦੀ ਭਿਣਕਾਰ,
ਸਭ ਕਰ ਰਹੇ
ਮੇਰੀ ਹਸਤੀ ਦਾ ਇਜ਼ਹਾਰ।
ਜੀਵਨ, ਮੌਤ ਮੇਰੇ ਸਵਾਸਾਂ ਦੇ ਗੇੜ,
ਸਭ ਜੋ ਚੰਗਾ ਤੇ ਮੰਦਾ,
ਮਿੱਠਾ ਤੇ ਕੌੜਾ,
ਸਭ ਵਿਚ ਮੇਰੇ ਦਿਲ ਦੀ ਧੜਕਣ।
ਕੀ ਕਰਾਂ, ਕਿਧਰ ਨੂੰ ਜਾਵਾਂ?
ਸਭ ਦੇਸ਼ਾਂ ਵਿਚ ਮੇਰਾ ਪਾਸਾਰ,
ਹੋਰ ਕੋਈ ਥਾਂ ਨਹੀਂ ਦਿਸਦਾ।
ਸ਼ੰਕਾ ਕਰਨ ਦੀ ਥਾਂ ਨਹੀਂ ਹੈ
ਲੋਚਾਂ ਮੈਂ ਕਿਸ ਗੱਲ ਤਾਂਈਂ?
ਸਰਬ ਕਾਲ ਜਦ ਮੇਰਾ ਰੂਪ,
ਸਭ ਸ਼ਕਤੀਆਂ ਮੇਰੀ ਅਗਨੀ
ਫਿਰ ਕਰਾਂ ਕਿਉਂ ਸ਼ੰਕਾ, ਹੋਵਾਂ ਕਿਉਂ ਉਪਰਾਮ?
ਸਚ, ਮੈਂ ਹਾਂ ਸਭ ਦਾ ਕਾਰਣ।
ਸਭ ਦੇਸ਼ ਇਸੇ ਛਿਣ ਵਿਚ ਸਿਮਟੇ,

ਸਭ ਵਿਥਾਂ ਇਸ ਨੁਕਤੇ ਅੰਦਰ ਆ ਸਮਾਈਆਂ
ਸਭ ਕਾਲ ਆ ਹੋਏ ਇਕੱਤਰ,
ਸਭ ਗੁੰਝਲਾਂ ਹੋਈਆਂ ਨਵਿਰਤ,
ਸਭ ਦਾ ਸਮਾਧਾਨ ਹੈ ਹੋਇਆ।
ਨਾ ਕੋਈ ਰਿਹਾ ਸੁਆਰਥ ਬਾਕੀ,
ਨਾ ਬੰਧਨ ਨਾ ਰਿਸ਼ਤਾ,
ਸਭ ਮੈਨੂੰ ਹੁੰਗਾਰਾ ਭਰਦੇ,
ਮੁਕ ਗਿਆ ਸਭ ਫਸਤਾ।
ਸ਼ਤਰ ਮਿਤਰ ਦਾ ਪ੍ਰਭੂ ਮਹਾਨ,
ਅਨਿਜ ਸਰੂਪ ਮੇਰਾ ਜੋ ਜਾਪੇ,
ਉਸ ਨੂੰ ਸਾਰੇ ਝੁਕ ਝੁਕ ਕਰਨ ਸਲਾਮ।

-ਰਾਮ

ਆਤਮਾ ਜੋ ਸਰਵੁਚ ਹੈ

ਆਪਣੀ ਚਟਾਨ ਦੇ ਦਾਮਨ ਅੰਦਰ
ਤਾਰ ਤਾਰ ਹੋ ਜਾਓ
ਹਸਤੀ ਇਸ ਜਗਤ ਦੀ ਸਾਰੀ
ਮੇਰੇ ਪੈਰਾਂ ਉਤੇ ਆ ਕੇ ਖੰਡ ਖੰਡ ਖਿੰਡਰ ਜਾਉ।
ਸਭ ਸੂਰਜ ਤੇ ਸਭ ਤੁਫ਼ਾਨ,
ਸਭ ਭੁਚਾਲ ਤੇ ਯੁਧ ਮਹਾਨ
ਗੜਿਆਂ ਦੀ ਭੀਸ਼ਮ ਬੁਛਾੜ,
ਸਭਨਾਂ ਤਾਈਂ (ਮੈਂ) ਰਿਹਾ ਪੁਕਾਰ
ਵਿਚ ਸੁਆਗਤ ਕਰਾਂ ਇੰਤਜ਼ਾਰ
ਖੜਾ ਹਾਂ ਮੈਂ ਬਾਹਾਂ ਪਸਾਰ
ਆ ਅਜਮਾਉ ਆਪਣੀ ਸਭ ਸ਼ਕਤੀ ਦੀ ਮਾਰ!
ਖੜਾ ਹਾਂ ਮੈਂ ਤਿਆਰ-ਬਰ-ਤਿਆਰ।
ਤਾਰਪੀਡੋ ਦੀ ਸੂਖਮ ਤਾਰ
ਮਹਾਂ ਅਗਨੀ ਦੇ ਮਹਾਂ ਲਿਸ਼ਕਾਰ।

ਕੀ ਇਸ ਮੇਰੀ ਜਿੰਦ ਚਟਾਨ ਨੂੰ
ਜੋ ਹੈ ਮੇਰਾ ਹੋਂਦ ਖਿਡੌਣਾ
ਕਰ ਸਕੋਗੇ ਭਸਮਾਕਾਰ?
ਓਹ ਜੋ ਤਾਰੇ ਟੁੱਟਦੇ ਹਨ ਮੇਰੇ ਤੀਰ!
ਕੀ ਅਗਨ ਦੀ ਲਾਟ!
ਕਰ ਸਕੇਂਗੀ ਕੀ ਤੂੰ ਮੈਨੂੰ ਭਸਮਾਕਾਰ?
ਓਹ ਜੋ ਤੁਸੀਂ ਹੋ ਮੈਨੂੰ ਆ ਆ ਡਰਾਉਂਦੇ
ਜਾਣੋ ਨਾ ਤੁਸੀਂ ਇਹ ਸਾਰ
ਕਿ ਕੁਹਾੜੀ ਇਹ ਵਿਸਫੋਟਕ ਸ਼ਕਤੀ ਹੈ
ਮੇਰੀ ਸ਼ਕਤੀ ਦਾ ਹੀ ਇਕ ਬਦਲਿਆ ਰੂਪਾਕਾਰ
ਇਹ ਜੋ ਚਮਕੇ ਬਿਜਲੀ ਹਾਰ ਤਲਵਾਰ,
ਇਹ ਜੋ ਤੋਪ ਦੇ ਗੋਲੇ ਵਰ੍ਹਦੇ, ਮਾਰ ਭਬਕਾਰ,
ਇਨ੍ਹਾਂ ਦੀ ਸੰਚਾਲਕ ਸ਼ਕਤੀ ਹੈ
ਮੇਰੀ ਸ਼ਕਤੀ ਦਾ ਹੀ ਇਕ ਰੂਪਾਕਾਰ।
ਮੇਰੀ ਇਹ ਦੇਹ ਘੁਲ ਘੁਲ
ਰਹੀ ਹੈ ਤਾਰਿਆਂ ਅਤੇ ਪਵਨਾਂ ਦਾ ਰੂਪ ਧਾਰ
ਮੇਰੇ ਅੰਦਰ ਅਨੰਤ ਦਾ ਹੈ ਮਹਾਂ ਪਸਾਰ!
ਸਭ ਕੰਨ ਨੇ ਮੇਰੇ ਕੰਨ,
ਸਭ ਨੈਣ ਨੇ ਮੇਰੇ ਨੈਣ,
ਸਭ ਹੱਥ ਨੇ ਮੇਰੇ ਹੱਥ,
ਸਭ ਮਨ ਨੇ ਮੇਰਾ ਮਨ!
ਮੈਂ ਮ੍ਰਿਤੂ ਨੂੰ ਲਿਆ ਹੈ ਨਿਘਾਰ,
ਸਭ ਅੰਤਰ ਤੇ ਵਿਖਾਂ ਨੂੰ ਮੈਂ ਪੀਤਾ;
ਕਿੰਨਾ ਮਿੱਠਾ ਤੇ ਰਸਦਾਇਕ ਇਕ ਮੈਨੂੰ ਮਿਲਿਆ ਇਹ ਆਹਾਰ!
ਜਿਸ ਦੇ ਸੇਵਨ ਕੀਤਿਆਂ
ਨਾ ਰਿਹਾ ਕੋਈ ਭੈਅ,
ਮਿਟਿਆ ਕਲ ਕਲੇਸ਼ ਗ਼ਮਾਂ ਦਾ ਭਾਰ।

ਹੁਣ ਨਾ ਕੋਈ ਵੀ ਪੀੜ ਆ ਸਤਾਵੇ,
ਸਭ ਪਾਸੇ ਖ਼ੁਸ਼ੀ ਹੀ ਪਸਰਦੀ ਜਾਵੇ।
ਮਹਾਂ ਅਨੰਦ ਦਾ ਐਸਾ ਪਸਰਿਆ ਪਹਿਰਾ,
ਹੈ ਕੈਸਾ ਇਹ ਸ਼ਾਂਤੀ ਲਹਿਰਾ!
ਅਗਿਆਨ ਤੇ ਅੰਧਕਾਰ ਜਿਸ ਦੇ ਸਨਮੁਖ ਥਰ ਥਰ ਕੰਬਣ
ਛਾਂਈਂ ਮਾਂਈਂ ਹੋ ਜਾਣ, ਡਰ ਡਰ ਨੱਸਣ,
ਸਦਾ ਲਈ ਹੀ ਮੇਰਾ ਖਹਿੜਾ ਛਡਣ।
ਮੇਰੇ ਅੰਦਰਲੀ ਜੋਤੀ ਦੇ ਚਮਕਾਰ
ਦੀ ਤੇਜ਼ ਧਾਰ ਤਲਵਾਰ,
ਹੈ ਛਿਤਾ ਇਨ੍ਹਾਂ ਨੂੰ ਸਾੜ ਤੇ ਮਾਰ।
ਵਾਹ!ਵਾਹ! ਕੈਸਾ ਹੈ ਇਹ ਅਨੰਦ
ਪਾਇਆ ਮੈਂ ਸਦੀਵੀ ਸਹਿਜ-ਅਨੰਦ
ਸੂਰਜ ਅਤੇ ਸਿਤਾਰੇ ਤੁਰਦੇ ਰਹਿਣ,
ਇਸ ਮਹਾਂ ਪ੍ਰਕਾਸ਼ ਦੇ ਜੋ ਹਨ ਜੋਤੀ ਕਿਣਕੇ
ਨਿਤ ਆਪਣੀ ਚਾਲੇ ਚਲਦੇ ਰਹਿਣ।
ਮੇਰੇ ਅੰਦਰ ਉਸ ਸੂਰਜਾਂ ਦੇ ਸੂਰਜ ਦਾ ਹੈ ਮਹਾਂ ਪਸਾਰ।
ਜਿਸ ਦੇ ਅੰਦਰ ਸਭ ਧਰਤੀਆਂ ਅਤੇ ਲੋਕ,
ਘੁੰਮਣ ਪਏ ਭੌਂਵਰਾਂ ਦੇ ਵਿਚਕਾਰ,
ਮੇਰੇ ਅੰਦਰਲੇ ਮਹਾਂਸਾਗਰ ਦੀਆਂ ਹਨ
ਇਹ ਸਭ ਚੜ੍ਹਦੀਆਂ ਲਹਿੰਦੀਆਂ ਲਹਿਰਾਂ
ਇਹ ਤਰੰਗਾਂ ਆਪਣੇ ਕਾਂਗ ਉਛਾਲਿਆਂ ਅੰਦਰ
ਨਿਤ ਨਿਤ ਚੜ੍ਹਦੀਆਂ ਲਹਿੰਦੀਆਂ ਰਹਿਣ
ਤੇ ਛਲਕੇ ਨਿਤ ਇਹ ਹਸਤੀ ਦਾ ਸਦੀਵੀ ਸਾਗਰ।
ਇਨ੍ਹਾਂ ਸਭ ਲੋਕਾਂ ਤੇ ਨਛੱਤਰਾਂ ਨੂੰ
ਮੇਰੀ ਜਿੰਦ ਦਾ ਤਕਲਾ ਕੱਤਦਾ
ਮੁੜ ਮੁੜ ਖੰਡ ਖੰਡ ਕਰਕੇ ਸੂਤਰ ਵਿਚ ਪਰੋਂਦਾ,
ਆਉ, ਮੈਨੂੰ ਆਪਣੀ ਤਾਰ ਤਾਰ ਦੀ ਨਾੜ ਵਿਖਾਉ,

ਜੀਵਨ ਦੀ ਇਸ ਨਚਦੀ ਧੜਕਣ ਵਿਚ ਆ ਸਮਾਉ।

ਲੋਰੀ-1

ਸੌਂ ਜਾ ਮੇਰੇ ਲਾਲ ਪਿਆਰੇ
ਸੌਂ ਜਾ, ਸੌਂ ਜਾ, ਰਾਜ ਦੁਲਾਰੇ।
ਨਾ ਰੋ, ਨਾ ਹਉਕੇ ਭਰ ਤੂੰ,
ਮਿੱਠੀ ਨੀਂਦ ਨਦੀ ਨੂੰ ਤਰ ਤੂੰ,
ਸੌਂ ਜਾ ਨਾਲ ਆਰਾਮ ਪਿਆਰੇ,
ਦੁੱਖ ਦਰਦ ਸਭ ਗਏ ਨਿਵਾਰੇ,
ਤੇਰੀ ਉਪਮਾ ਗਾ ਰਹੇ ਨੇ
ਦੇਵ-ਪੁਰਸ਼ ਬ੍ਰਹਿਮੰਡ ਦੇ ਸਾਰੇ।
ਹਨ ਜੋ ਧਨ ਦੌਲਤ ਦੇ ਸੁਆਮੀ,
ਵੰਡ ਰਹੇ ਦਾਤਾਂ 'ਆਤਮਗਾਮੀ'!
ਨਿਸ਼ਕਪਟ ਇਹ ਆਤਮਾ ਤੇਰੀ
ਹੋਰ ਵੀ ਹੋ ਜਾਏ ਉਚੇਰੀ।
ਸੌਂ ਜਾ ਮੇਰੇ ਲਾਲ ਪਿਆਰੇ
ਸੌਂ ਜਾ, ਸੌਂ ਜਾ, ਰਾਜ ਦੁਲਾਰੇ।

II

ਸੁਹਲ ਗੁਲਾਬ, ਤ੍ਰੇਲ ਦੀ ਚਾਂਦੀ,
ਪਵਨ ਸੁਮੀਰ, ਮਧੁਰ ਮਸਤਾਂਦੀ,
ਹਸਮੁਖ ਤੇਰਾ ਮੁਖ ਨਿਹਾਰ;
ਹੋ ਰਹੀ ਤੈਥੋਂ ਬਲਿਹਾਰ,
ਮਿੱਠੇ ਪਿਆਰੇ ਗੀਤ ਦੇ ਬੋਲ,
ਕੰਨਾਂ ਵਿਚ ਰਹੇ ਮਿਸ਼ਰੀ ਘੋਲ,
ਨੈਣਾਂ ਨੂੰ ਜੋ ਹਨ ਲੁਭਾਉਂਦੇ,

ਉਹ ਸਭ ਦਰ ਤੇਰੇ ਤੋਂ ਆਉਂਦੇ,
ਤੂੰ ਪਵਿਤਰ ਤੇ ਪੁਨੀਤ,
ਨੇਹ-ਕਲੰਕ 'ਓਮ' ਦਾ ਚੀਤ
ਸੌਂ ਜਾ ਮੇਰੇ ਲਾਲ ਪਿਆਰੇ
ਸੌਂ ਜਾ, ਸੌਂ ਜਾ; ਰਾਜ ਦੁਲਾਰੇ।

III

ਨਾ ਸ਼ਤਰੂ ਨਾ ਭੈਅ ਸਤਾਵੇ,
ਨਾ ਕੋਈ ਸੰਕਟ ਤੇਰੇ ਤੇ ਆਵੇ,
ਹੇ ਅਮਰ ਲਾਲ ਪਿਆਰੇ
ਦੁੱਖ ਦਰਦ ਪੁਹ ਨਾ ਪਾਵੇ!
ਮਿੱਠਾ ਭਲਾ ਰੂਪ ਅਨੂਪ,
ਆਤਮਾ ਤੇਰੀ ਸਹਿਜ ਸਰੂਪ,
ਸੁਖ ਨੀਂਦ ਦੇ ਵਿਚ ਬਿਰਾਜੇ,
ਇਸ ਅਰਸ਼ੀ ਛੱਤਰ ਨੂੰ ਸਾਜੇ,
ਜਿਸ ਵਿਚ ਤਾਰਿਆਂ ਦਾ ਚਮਕਾਰ,
ਹੈ ਜੋ 'ਓਮ' ਦਾ ਸੁਹਜ ਸ਼ਿੰਗਾਰ!
ਸੌਂ ਜਾ ਮੇਰੇ ਲਾਲ ਪਿਆਰੇ,
ਸੌਂ ਜਾ, ਸੌਂ ਜਾ, ਰਾਜ ਦੁਲਾਰੇ।

IV

ਸੂਰਜ ਚੰਨ ਤੇਰੇ ਗੇਂਦ ਪਿਆਰੇ,
ਇੰਦਰ ਧਨੁਸ਼ ਤੇਰਾ ਭਵਨ ਸ਼ਿੰਗਾਰੇ,
ਕਹਿਕਸ਼ਾਂ ਤੇਰਾ ਮਾਰਗ ਸੁਹਣਾ,
ਮੇਘਲਿਆਂ ਦਾ ਮਿਲ ਮਿਲ ਕਹਿਣਾ,
ਗਗਨ ਮੰਡਲ ਤੇਰੇ ਗੁੱਡੀਆਂ ਬਾਵੇ,
ਨਚ ਨਚ-ਗਾ ਗਾ ਮਨ ਪਰਚਾਵੇ,
ਰਹੇ ਪ੍ਰਭੂ ਦੀ ਮਹਿਮਾ ਗਾ,
'ਓਮ' ਤਟ ਸਤ ਸੁਆਹਾ!

ਸੌਂ ਜਾ ਮੇਰੇ ਲਾਲ ਪਿਆਰੇ
ਸੌਂ ਜਾ, ਸੌਂ ਜਾ, ਰਾਜ ਦੁਲਾਰੇ।

V

ਚੰਬੇ ਅਤੇ ਬਨਫ਼ਸ਼ੇ ਅੰਦਰ,
ਛੰਭਾਂ ਅਤੇ ਕੂਲ੍ਹਾਂ ਅੰਦਰ,
ਤੇਰਾ ਸੁਤ ਉਨੀਂਦਾ ਸੁਹਜ,
ਕਰ ਰਿਹਾ ਹੈ ਮਨ ਦੀ ਮੌਜ।
ਦੇਸ਼ ਕਾਲ ਦੀ ਕੰਬਲੀ ਓੜ,
ਸੁੱਤਾ ਤੂੰ ਬਾਹਾਂ ਪਸਾਰ,
ਤੇਰੇ ਮੂੰਹ ਤੋਂ ਪਲੜਾ ਲਾਹ,
ਤੱਕੀਏ ਚੰਨ-ਮੁਖੜੇ ਦੀ ਭਾਹ,
ਦਿਲ ਵਿਚ ਉਠੇ ਖ਼ੁਸ਼ੀ ਤਰੰਗ,
ਜਾਗੇ ਵਾਰ ਵਾਰ ਉਮੰਗ
ਹੇ ਸ਼ਰਾਰਤੀ ਬਾਲ ਪਿਆਰੇ!
ਸੌਂ ਜਾ ਮੇਰੇ ਲਾਲ ਪਿਆਰੇ;
ਸੌਂ ਜਾ, ਸੌਂ ਜਾ, ਰਾਜ ਦੁਲਾਰੇ!

VI

ਕੋਇਲ ਦੀ ਇਹ ਮਿੱਠੀ ਕੂਕ
ਗੂੰਜੇ ਛਣਕੇ ਰਾਗ ਅਨੂਪ,
ਪੰਛੀ, ਪਵਨ, ਗਗਨ ਦੇ ਤਾਰੇ,
ਤੇਰੇ ਸਭ ਖਿਡੌਣੇ ਨਿਆਰੇ,
ਇਹ ਜਗ ਤੇਰਾ ਚੋਜੀ ਸੁਪਨਾ,
ਰੂਪ ਤੇਰਾ ਹੀ ਹੈ ਮਨਮੋਹਣਾ!
ਸੌਂ ਜਾ ਮੇਰੇ ਲਾਲ ਪਿਆਰੇ
ਸੌਂ ਜਾ, ਸੌਂ ਜਾ, ਰਾਜ ਦੁਲਾਰੇ!

VII

ਸੁਖ ਨੀਂਦ ਦੇ ਜਾਗੇ ਮੰਦਰ!
ਗੂੜ੍ਹ ਗਿਆਨ ਭਰਿਆ ਤੇਰੇ ਅੰਦਰ!
ਜੀਵਨ ਕਰਮ ਦੇ ਮਹਾਂ ਸਰੋਤ!
ਵਾਦ-ਵਿਵਾਦ ਸਭ ਤੇਰੀ ਮੌਜ!
ਮੇਟ ਇਹ ਅੰਧ-ਅਗਿਆਨ ਦੀ ਕਾਰ
ਦੂਰ ਕਰ ਇਸ ਨੂੰ ਮੇਰੇ ਯਾਰ!
ਸੌਂ ਜਾ ਮੇਰੇ ਨਾਲ ਪਿਆਰੇ,
ਸੌਂ ਜਾ, ਸੌਂ ਜਾ, ਰਾਜ ਦੁਲਾਰੇ!

VIII

ਵਸਤ ਅਨੂਪ, ਮਨੋਹਰ ਪਦਾਰਥ,
ਤੇਰੇ ਖੰਭਾਂ ਦਾ ਹੈ ਨਾਦ,
ਤੂੰ ਹੈ ਰੱਬ ਦਾ ਉਹ ਸ਼ਾਹਬਾਜ਼!
ਜਿਸ ਦੇ ਖੰਭਾਂ ਦੀ ਪਰਵਾਜ਼,
ਚਕ ਰਖਿਆ ਧਰਤੀ ਦਾ ਰਾਜ਼,
ਘੁੰਡ ਵਿਚ ਮੁਖੜਾ ਪਿਆ ਵਿਖਾਵੇ,
ਸੁੰਦਰ ਮੁਖ ਨੂੰ ਪਿਆ ਛਿਪਾਵੇ।
ਇਸ ਘੁੰਗਟ ਨੂੰ ਪਹਿਨਣਹਾਰ,
ਆਪ ਸਿਰਜਨਹਾਰ ਕਰਤਾਰ,
ਇਹ ਹੈ ਪਰਮ-ਆਤਮਾ ਮਹਾਨ
'ਓਮ ਤਤ ਸਤ' ਸੱਚ ਤੂੰ ਜਾਣ!
ਸੌਂ ਜਾ ਮੇਰੇ ਲਾਲ ਪਿਆਰੇ,
ਸੌਂ ਜਾ, ਸੌਂ ਜਾ, ਰਾਜ ਦੁਲਾਰੇ।

ਪ੍ਰੀਤਮ ਤੇਰਾ ਰੂਪ ਅਨੂਪ-1

ਪ੍ਰੀਤਮ! ਤੇਰੇ ਰੂਪ ਅਨੂਪ ਨੂੰ ਮੈਂ ਕਿੰਝ ਪਾਵਾਂ!

ਤੇਰਾ ਰੂਪ ਬਿਚਖਣਿ ਧਿਆਨੋ ਬਾਹਰਾ!
ਕੋਈ ਕੈਮਰਾ ਉਸ ਦਾ ਲੈ ਨਾ ਸਕੇ ਫੋਟੋ!
ਨਾ ਕੋਈ ਚਿਤਰਕਾਰ ਹੀ ਉਸ ਦਾ ਚਿਤਰ ਬਣਾਉਣ ਦੇ ਸਮਰਥ!
ਉਹ ਤਾਂ ਰੂਪ ਰੰਗ ਦੀ ਪਕੜ ਵਿਚ ਨਾ ਆਵੇ!
ਕੈਮਰੇ ਦਾ ਆਕਾਰ ਤਾਂ ਢਲ ਗਿਆ ਹੈ
ਉਸ ਦਾ ਤੇਜ ਪ੍ਰਕਾਸ਼ ਮਿਤੋਂ ਬਾਹਰਾ
ਉਸ ਦਾ ਰੂਪ ਅਨੂਪ ਹੈ ਚਾਨਣ, ਚਾਨਣ ਤੇ ਮਹਾਂ ਚਾਨਣ!
ਪ੍ਰੀਤਮ! ਫਿਰ ਮੈਂ ਕਿੰਝ ਤੇਰਾ ਰੂਪ ਹੋ ਜਾਵਾਂ!
ਤੇਰੇ ਰੂਪ ਅਨੂਪ ਨੂੰ ਪਾਵਾਂ!

II

ਆਪਣੇ ਮਨ ਨੂੰ ਉਸ ਦਾ ਚਿਤਰ ਖਿਚਣ ਲਈ ਟਿਕਾਇਆ
ਆਪਣੇ ਨੈਣਾਂ ਤਾਂਈਂ ਚਿਤਰ ਲੈਣ ਲਈ ਕੀਤਾ ਤਿਆਰ
ਦਿਲ ਦੇ ਕੈਮਰੇ ਤਾਂਈਂ ਚਿਤਰ ਖਿਚਣ ਲਈ ਧਰਾਇਆ,
ਪਰ ਇਹ ਸਭ ਕੁਝ ਪਿਘਲ ਗਿਆ ਹੈ।
ਉਸ ਦਾ ਤੇਜ ਪ੍ਰਕਾਸ਼ ਹੈ ਮਿਤੋਂ ਬਾਹਰਾ,
ਉਸ ਦਾ ਰੂਪ ਅਨੂਪ ਹੈ ਚਾਨਣ, ਚਾਨਣ ਤੇ ਮਹਾਂ ਚਾਨਣ!
ਪ੍ਰੀਤਮ! ਫਿਰ ਮੈਂ ਕਿੰਝ ਤੇਰਾ ਰੂਪ ਹੋ ਜਾਵਾਂ!
ਤੇਰੇ ਰੂਪ ਅਨੂਪ ਨੂੰ ਪਾਵਾਂ!
ਚਿਤਰ ਲੈਣ ਦੇ ਖ਼ਿਆਲ ਨੂੰ ਮਨੋਂ ਹਟਾ ਕੇ
ਕਿਉਂ ਨਾ ਫਿਰ ਮੈਂ ਤੈਨੂੰ ਆਪਣੇ ਅੰਕ ਸਮਾਵਾਂ?

III

ਕਹਿੰਦੇ ਹਨ ਸਿਆਣੇ:-
ਸੂਰਜ ਹੈ ਤੇਰਾ ਹੀ ਰੂਪ,
ਆਖਣ ਦਾਨੇ:-
ਮਨੁੱਖ ਵੀ ਹੈ ਉਸ ਦਾ ਹੀ ਰੂਪ
ਕਹਿੰਦੇ ਹਨ:-
ਉਹ ਤਾਰਿਆਂ ਵਿਚ ਟਿਮਟਿਮਾਵੇ,

ਉਸ ਦੀ ਅਮਰ ਸੁਗੰਧੀ ਫੁੱਲਾਂ ਵਿਚ ਲਹਿਰਾਵੇ,
ਬੁਲਬੁਲ ਦੇ ਗੀਤਾਂ ਵਿਚ ਉਹੋ ਹੀ ਚਹਿਚਹਾਵੇ।
ਪਵਨ ਵਿਚ ਉਸ ਦੇ ਸੁਆਸਾਂ ਦੇ ਨੇ ਗੇੜੇ
ਹੰਝੂ ਉਸ ਦੇ ਬੱਦਲਾਂ ਵਿਚੋਂ ਵਰ੍ਹਦੇ,
ਸਿਆਲਾਂ ਦੀਆਂ ਰਾਤਾਂ ਵਿਚ ਉਹ ਸੌਂਦਾ ਮਿੱਠੀ ਨੀਂਦੇ,
ਕਲ ਕਲ ਕਰਦੀਆਂ ਨਦੀਆਂ ਵਿਚ ਨਿਤ ਪਿਆ ਦੌੜੇ,
ਇੰਦਰ ਧਨੁਸ਼ ਦੀ ਪੀਂਘ ਵਿਚ ਉਹ ਝੂਟੇ।
ਤੇਰਾ ਰੂਪ ਬਿਚਖਣਿ ਧਿਆਨੋਂ ਬਾਹਰਾ!
ਉਸ ਦਾ ਰੂਪ ਅਨੂਪ ਹੈ ਚਾਨਣ, ਚਾਨਣ ਤੇ ਮਹਾਂ ਚਾਨਣ
ਪ੍ਰੀਤਮ! ਫਿਰ ਮੈਂ ਕਿੰਝ ਤੇਰਾ ਰੂਪ ਹੋ ਜਾਵਾਂ!
ਤੇਰੇ ਰੂਪ ਅਨੂਪ ਨੂੰ ਪਾਵਾਂ!
ਤੇਰੇ ਅੰਕ ਸਮਾਵਾਂ!

ਸ਼ਾਂਤੀ ਦਾ ਮੀਂਹ ਮੇਰੇ ਅੰਦਰ ਵਰ੍ਹਦਾ

ਸ਼ਾਂਤੀ ਦਾ ਮੀਂਹ ਮੇਰੇ ਅੰਦਰ ਵਰ੍ਹਦਾ,
ਸ਼ਾਂਤੀ ਮੇਰੇ ਅੰਦਰ ਸਾਗਰ ਸਮ ਲਹਿਰਾਵੇ,
ਸ਼ਾਂਤੀ ਮੇਰੇ ਅੰਦਰ ਗੰਗਾ ਦੀ ਨਿਰਮਲ ਧਾਰ ਬਣ ਜਾਵੇ,
ਮੇਰੇ ਰੋਮ ਰੋਮ 'ਚੋਂ ਇਹ ਪਈ ਵਹਿੰਦੀ,
ਸਿਰ ਤੋਂ ਪੈਰਾਂ ਤੀਕ ਚਲ ਰਿਹਾ ਹੈ ਇਸ ਦਾ ਹੀ ਪ੍ਰਵਾਹ।
ਲਿਆ ਕੇ ਸੁਹਾਗ ਦਾ ਜੋੜਾ ਮੈਨੂੰ ਪਹਿਨਾਉ
ਦੁੱਧ ਚਾਨਣੀ ਚਿੱਟੀ ਇਹ ਪੁਸ਼ਾਕ ਮੈਂ ਪਹਿਨਾਂ
ਜਿਸ ਦੇ ਉਤੇ ਕਿਰਨਾਂ ਦੀਆਂ ਸੁਨਹਿਰੀ ਤਾਰਾਂ ਜੜੀਆਂ,
ਹੋਵਾਂ ਮੈਂ ਤਿਆਰ,
ਮੇਲਾ ਇਹ ਸੰਜੋਗੀ,
ਕਰ ਦਿਓ ਦੂਰ ਸਦਾ ਲਈ ਇਹ ਕੁੜਾਵੀ ਪਾਲ
ਮੇਰੇ ਨੈਣਾਂ ਵਿਚੋਂ ਹੰਝੂ ਬਣ ਕੇ ਲੜੀਆਂ ਵਹਿਣ,
ਗੁੰਦਾਂ ਮੈਂ ਹਾਰ ਉਨ੍ਹਾਂ ਦਾ
ਪਾਵਾਂ ਜੋ ਮੈਂ ਆਪਣੇ ਪ੍ਰੀਤਮ ਦੇ ਗਲ,

ਹੰਝੂਆਂ ਦੀ ਜੈਮਾਲਾ।
ਕਿੰਨਾ ਸੁੰਦਰ ਹੈ ਇਹ ਹਾਲਾ ਪ੍ਰੀਤਮ ਤੇਰੇ ਗਿਰਦੇ!
ਮਹਾਂ ਪ੍ਰਕਾਸ਼ ਦਾ ਚਕਰ ਕਿੰਨਾ ਵਚਿਤਰ!
ਇਥੇ ਜੀਵਨ ਅੰਮ੍ਰਿਤ ਦਾ ਕੁੰਭ ਹੈ ਭਰਿਆ,
ਨਾਮ ਰਸਾਇਣ ਦੀ ਹੈ ਮਹਾਂ ਖੁਮਾਰੀ,
ਜਿਸ ਨੇ ਮੇਰੇ ਮਨ ਤੇ ਤਨ ਦੇ ਰੋਮ ਰੋਮ ਨੂੰ
ਕਰ ਦਿਤਾ ਹੈ ਨਕੋ ਨਕ ਭਰਪੂਰ!

ਆਉ ਸਵਾਨੋ, ਆਉ ਮਛਲੀਉ,
ਆਉ ਜਿਸ ਦੀ ਖ਼ੁਸ਼ੀ ਹੈ ਆਉ,
ਕੁਦਰਤ ਦੀਉ ਸਭ ਸ਼ਕਤੀਉ ਇਥੇ ਆਉ,
ਕੁਲ ਚਰਿੰਦਿਆਂ ਤੇ ਪਰਿੰਦਿਆਂ ਨੂੰ ਬੁਲਾਉ,
ਮੈਂ ਰਚਿਆ ਹੈ ਵਿਆਹ ਦਾ ਪ੍ਰੀਤੀ ਭੋਜ,
ਮੇਰੇ ਲਹੂ ਮਾਸ ਨੂੰ ਆ ਕੇ ਰਜ ਰਜ ਖਾਉ।
ਖ਼ੁਸ਼ੀ ਮਨਾਉ, ਨਚੋ ਗਾਉ।

ਮੈਂ ਖ਼ੁਸ਼ੀ ਵਿਚ ਮਸਤਾਨਾ ਨਚਦਾ ਜਾਵਾਂ,
ਸੂਰਜ, ਤਾਰਿਆਂ ਅੰਦਰ ਰਾਸ ਰਚਾਵਾਂ,
ਖੁਲ੍ਹੇ ਸਾਗਰਾਂ ਵਿਚ ਮੈਂ ਨੱਚਾਂ ਗਾਵਾਂ।
ਚੰਨ, ਬੱਦਲਾਂ ਅਤੇ ਹਵਾਵਾਂ ਅੰਦਰ,
ਮੈਂ ਹੋ ਮਸਤਾਨਾ ਤੇ ਦੀਵਾਨਾ ਨਚਦਾ ਜਾਵਾਂ।
ਮੇਰੀ ਆਸ਼ਾ, ਤ੍ਰਿਸ਼ਨਾ, ਮਨਸ਼ਾ ਤੇ ਸਭ ਕਾਮਨਾ,
ਇਸ ਨਾਚ ਵਿਚ ਆ ਕੇ ਸ਼ਾਮਲ ਹੋਈਆਂ।
ਮੇਰਾ ਮਨ ਹੁਣ ਬਣ ਗਿਆ ਹੈ ਇਕ ਮਹਾਂ ਸੰਗੀਤ ਦਾ ਲਹਿਰਾ,
ਅਨੰਤ ਸੁਰਾਂ ਤਾਲਾਂ ਦਾ ਮੇਰੇ ਅੰਦਰ ਸਾਗਰ ਗੂੰਜੇ,
ਕਰਤਾ, ਕਰਮ ਤੇ ਕਾਰਕ ਦੇ ਸਭ ਮਿਟ ਗਏ ਭੇਦ,
ਸਭ ਕੁਝ ਮੇਰੇ ਅੰਦਰ ਲਹਿਰਾਂ ਬਣ ਬਣ ਲਏ ਉਛਾਲੇ,

ਸਾਰਾ ਜਗਤ ਵਾਂਗ ਬੁਲਬੁਲੇ
ਮੇਰੇ ਸਾਗਰ ਤਲ 'ਤੇ ਛਲਕੇ।

ਪ੍ਰੇਮ

ਤ੍ਰੇਲ ਭਿੰਨੇ ਪਿਆਰੇ ਫੁੱਲ ਬਿਨਫ਼ਸ਼ੇ
ਇਥੇ ਜਦ ਕੋਈ ਨਹੀਂ ਹੈ ਸਾਡੇ ਨੇੜੇ
ਦਸ ਦੇ ਮੈਨੂੰ ਸੱਚੀ ਸੱਚੀ ਗੱਲ ਨਿਤਾਰ,
ਕੀ ਹੈ ਤੇਰਾ ਅਸਲੀ ਰੂਪ!
ਆਪਣੇ ਨੈਣਾਂ ਤਾਂਈਂ ਉਤਾਂਹ ਨੂੰ ਕਰਕੇ
ਦਸ ਦੇ ਮੈਨੂੰ ਇਸ ਜੀਵਨ ਦਾ ਸਾਰ !
ਥੋੜ੍ਹਾ ਲੱਜਾਂਵਾਨ ਜਿਹਾ ਹੋ ਕੇ,
ਫੁੱਲ ਬਿਨਫ਼ਸ਼ੇ ਨੇ ਇੰਝ ਫਰਮਾਇਆ,
ਜੇ ਤੂੰ ਵਿਚ ਇਕੱਲ ਦੇ ਆ ਕੇ ਇਹ ਗੱਲ ਪੁਛੇਂ
ਤਾਂ ਇਸ ਰਹੱਸ ਨੂੰ ਕਦੀ ਵੀ ਨਹੀਂ ਜਾ ਸਕੇਗਾ ਪਾਇਆ,
ਮੇਰਾ ਕੀ ਹੈ ਅਸਲੀ ਰੂਪ
ਤੇ ਇਸ ਵਿਚ ਕੀ ਕੁਝ ਹੈ ਅਲੱਖ ਲਖਾਇਆ!
ਚਾਰ ਚੁਫੇਰੇ ਵਿਚ ਹਵਾਵਾਂ ਤੇ ਧਰਤੀ 'ਤੇ,
ਮੇਰੇ ਵਰਗੇ ਲਖ-ਸਹੰਸਰ
ਹੈਨ ਜੋ ਮੇਰੇ ਵੀਰ ਤੇ ਭੈਣਾਂ,
ਤਕ ਸਭਨਾਂ ਦੇ ਵਿਚ ਤੂੰ ਨੈਣਾਂ,
ਤਦ ਤੂੰ ਜਾਣ ਸਕੇਂਗਾ ਇਸ ਰਹੱਸ ਨੂੰ
ਮੇਰੇ ਤੇ ਉਨ੍ਹਾਂ ਦੇ ਅੰਦਰ
ਰਾਈ ਜਿੰਨਾ ਵੀ ਫ਼ਰਕ ਨਹੀਂ ਹੈ।
ਸਭ ਵਿਚ ਹੈ ਇਕੋ ਹੀ ਰੂਹ!
ਇਕੋ ਸਾਂਝਾ ਪਿਆਰ।

ਸਾਰੰਸ਼ ਤੇ ਪੁਨਰ-ਵਿਚਾਰ

1. ਸੁਆਮੀ ਜੀ ਦਾ ਸੰਨਿਆਸਵਾਦ

ਸੁਆਮੀ ਰਾਮ ਨੇ ਸੰਨਿਆਸੀ ਦਾ ਭਗਵਾ ਬਾਣਾ ਕਿਸੇ ਮਜਬੂਰੀ ਕਾਰਣ ਨਹੀਂ ਸੀ ਪਹਿਨਿਆਂ, ਸਗੋਂ ਇਸ ਨੂੰ ਧਾਰਣ ਕਰਨ ਲਈ ਉਨ੍ਹਾਂ ਦੇ ਮਨ ਅੰਦਰ ਦ੍ਰਿੜ ਇਛਾ ਪ੍ਰਬਲ ਸੀ ਅਤੇ ਇਸੇ ਦ੍ਰਿੜ ਨਿਹਚੇ ਕਾਰਣ ਹੀ ਉਨ੍ਹਾਂ ਨੇ ਅਜਿਹਾ ਕੀਤਾ। ਪਰ ਇਸ ਭਗਵੇ ਬਾਣੇ ਵਿਚ ਵਿਚਰਦਿਆਂ ਹੋਇਆਂ ਵੀ ਉਨ੍ਹਾਂ ਦੇ ਮਨ ਅੰਦਰ ਬੜੀਆਂ ਤੀਬਰ ਕਾਵਿਮਈ ਭਾਵਨਾਵਾਂ ਕਰਮਸ਼ੀਲ ਰਹਿੰਦੀਆਂ ਸਨ।

ਹਰਦੁਆਰ ਵਿਖੇ ਜਦੋਂ ਉਹ ਇਕ ਵਾਰ ਬਿਮਾਰ ਪੈ ਗਏ ਤਾਂ ਉਨ੍ਹਾਂ ਦੀ ਟਹਿਲ ਸੇਵਾ ਲਈ ਮੈਂ ਉਨ੍ਹਾਂ ਕੋਲ ਰਿਹਾ। ਉਹ ਮੈਨੂੰ ਇਸ ਲਈ ਚਾਹੁੰਦੇ ਸਨ, ਕਿਉਂਜੋ ਮੈਂ ਉਨ੍ਹਾਂ ਦੇ ਪ੍ਰੇਮ ਵਿਚ ਸਦਾ ਹੰਝੂ ਵਹਾਉਂਦਾ ਰਹਿੰਦਾ ਸਾਂ। ਉਨ੍ਹਾਂ ਦੇ ਕਮਰੇ ਵਿਚ ਜਿਥੇ ਉਹ ਬਿਮਾਰ ਪਏ ਸਨ, ਕਿਉਂਜੋ ਮੈਂ ਸੂਖਮ ਪਵਨ ਸਮਾਨ ਅੰਦਰ ਬਾਹਰ ਆਉਂਦਾ ਰਹਿੰਦਾ ਸਾਂ, ਮੈਂ ਉਨ੍ਹਾਂ ਨੂੰ ਪ੍ਰੇਮ ਕਰਦਾ ਸਾਂ, ਕਿਉਂਜੋ ਉਹ ਬੜੇ ਸੁੰਦਰ, ਮਨ ਨੂੰ ਮੋਹ ਲੈਣ ਵਾਲੇ ਅਤੇ ਮੇਰੇ ਲਈ ਨਿਜੀ ਖਿਚ ਰਖਦੇ ਸਨ। ਉਨ੍ਹਾਂ ਦੀ ਇੱਛਾ ਅਨੁਸਾਰ ਹੀ ਮੈਂ ਸਭ ਕੁਝ ਕਰ ਦਿੰਦਾ। ਮੈਂ ਕਦੀ ਵੀ ਉਨ੍ਹਾਂ ਦਾ ਹੁਕਮ ਨਾ ਮੋੜਦਾ ਅਤੇ ਸਦਾ 'ਸਤਿਬਚਨ' ਹੀ ਮੇਰੇ ਹੋਠਾਂ ਤੋਂ ਨਿਕਲਦਾ। ਆਪਣੇ ਅੱਧਖੁਲ੍ਹੇ ਅਤੇ ਹੰਝੂਆਂ ਨਾਲ ਤਰਲ ਨੈਣਾਂ ਰਾਹੀਂ ਅਚੇਤ ਹੀ ਮੈਂ ਉਨ੍ਹਾਂ ਦੇ ਪ੍ਰੇਮ ਤੇ ਸਤਿਕਾਰ ਨੂੰ ਆਪਣੇ ਮਨ ਅੰਦਰ ਵਸਾ ਲਿਆ ਸੀ ਅਤੇ ਉਨ੍ਹਾਂ ਦੇ ਮਹਾਨ ਜੀਵਨ ਦੀ ਸਿੱਖਿਆ ਮੇਰੇ ਅੰਦਰ ਦ੍ਰਿੜ ਹੁੰਦੀ ਜਾਂਦੀ ਸੀ। ਮੇਰੇ ਸਾਹਮਣੇ ਉਹ ਇਕ ਮਹੀਨਾ ਬਿਮਾਰ ਪਏ ਰਹੇ। ਆਪ ਇਸ ਬਿਮਾਰੀ ਦੀ ਅਵਸਥਾ ਵਿਚ ਵੀ ਬੜੇ ਪ੍ਰਸੰਨਚਿਤ ਰੂਪ ਵਿਚ ਦਿਨ ਰਾਤ ਪ੍ਰਭੂ ਸਿਮਰਨ ਦੀ ਸਾਧਨਾ ਕਰਦੇ ਰਹੇ ਹਨ। ਇਸ ਬਿਮਾਰੀ ਦੀ ਹਾਲਤ ਵਿਚ ਵੀ ਉਨ੍ਹਾਂ ਦੇ ਹਾਸੇ ਦੀ ਗੁੰਜਾਰ ਹਰਦੁਆਰ ਦੀਆਂ ਪਹਾੜੀਆਂ 'ਤੇ ਪਸਰਦੀ ਰਹਿੰਦੀ ਸੀ।

ਇਕ ਦਿਨ ਸੁਆਮੀ ਜੀ ਦੀ ਧਰਮਪਤਨੀ, ਉਨ੍ਹਾਂ ਦੀ ਮਤਰੇਈ ਮਾਂ ਅਤੇ ਉਨ੍ਹਾਂ ਦਾ ਛੇ ਸਾਲਾਂ ਦਾ ਪੁੱਤਰ ਪੰਜਾਬ ਤੋਂ ਕਾਫ਼ੀ ਖ਼ਰਚਾ ਕਰਕੇ ਹਰਦੁਆਰ ਉਨ੍ਹਾਂ

ਦੇ ਦਰਸ਼ਨ ਕਰਨ ਲਈ ਆਏ। ਸੁਆਮੀ ਜੀ ਹਾਲੀ ਨਵੇਂ ਨਵੇਂ ਅਮਰੀਕਾ ਤੋਂ ਪਰਤੇ ਸਨ। ਉਨ੍ਹਾਂ ਦੇ ਸਾਰੇ ਪਰਿਵਾਰ ਦੀ ਹਾਲਤ ਬਹੁਤੀ ਚੰਗੀ ਨਹੀਂ ਸੀ, ਕਿਉਂਕਿ ਉਨ੍ਹਾਂ ਦੇ ਕਿਰਤ ਕਮਾਈ ਕਰਨ ਵਾਲੇ ਇਕੋ ਇਕ ਵਰੋਸਾਏ ਜਿਉੜੇ ਨੇ ਆਪਣੀ ਅਤਿ ਦੀ ਬੌਧਿਕਤਾ ਨੂੰ ਸੰਤੁਸ਼ਟ ਕਰਨ ਲਈ ਆਪਣੇ ਆਪ ਨੂੰ ਉਸ ਪਰਿਵਾਰ ਤੋਂ ਵੱਖ ਕਰ ਲਿਆ ਸੀ। ਉਨ੍ਹਾਂ ਦੀ ਹਾਲਤ ਆਮ ਉਸ ਭਾਰਤੀ ਪਰਿਵਾਰ ਵਰਗੀ ਸੀ, ਜਿਸ ਦਾ ਕਿ ਕਮਾਊ ਸਰਪ੍ਰਸਤ ਉਨ੍ਹਾਂ ਨੂੰ ਛੱਡ ਜਾਂਦਾ ਹੈ। ਇਸ ਪਰਿਵਾਰ ਨੇ ਆਪਣੇ ਮੁਖੀ ਨੂੰ ਜੋ ਕਾਫ਼ੀ ਲੰਮੇਂ ਸਮੇਂ ਪਿਛੋਂ ਅਮਰੀਕਾ ਤੋਂ ਵਾਪਸ ਮੁੜਿਆ ਸੀ, ਨੂੰ ਮਿਲ ਕੇ ਆਪਣੇ ਮਾਨਸਿਕ ਦੁੱਖ ਦੀ ਨਵਿਰਤੀ ਲਈ ਹੀ ਆਪਣੀ ਬਚਾਈ ਪੂੰਜੀ ਨੂੰ ਖ਼ਰਚ ਕਰਕੇ ਹਰਦੁਆਰ ਆਉਣ ਦੀ ਖੇਚਲ ਕੀਤੀ ਸੀ।

ਸੁਆਮੀ ਜੀ ਭਾਵੇਂ ਹੁਣ ਬਿਮਾਰੀ ਤੋਂ ਰਾਜ਼ੀ ਹੋ ਗਏ ਸਨ, ਪਰ ਹਾਲੀ ਕਮਜ਼ੋਰ ਹੋਣ ਕਰਕੇ ਕਮਰੇ ਵਿਚ ਹੀ ਲੇਟੇ ਹੋਏ ਸਨ। ਮੈਂ ਇਸ ਪਰਿਵਾਰ ਦੇ ਆਉਣ ਬਾਰੇ ਸੁਆਮੀ ਜੀ ਨੂੰ ਖ਼ਬਰ ਦਿਤੀ। ਭਾਵੇਂ ਸੁਆਮੀ ਜੀ ਹਾਲੀ ਬੜੇ ਕਮਜ਼ੋਰ ਸਨ, ਪਰ ਉਨ੍ਹਾਂ ਦੀਆਂ ਗ਼ੁਲਾਬੀ ਗੱਲ੍ਹਾਂ ਉਤੇ ਚਮਕ ਆ ਗਈ ਸੀ ਅਤੇ ਉਨ੍ਹਾਂ ਦੀਆਂ ਕਾਲੀਆਂ ਅੱਖਾਂ ਇੰਝ ਲਗਦੀਆਂ ਸਨ, ਜਿਵੇਂ ਦੋ ਮਧੂਮਖੀਆਂ ਗ਼ੁਲਾਬ ਦੇ ਫੁੱਲਾਂ ਉਤੇ ਬੈਠੀਆਂ ਹੋਣ। ਉਨ੍ਹਾਂ ਨੇ ਮੈਥੋਂ ਆਪਣੀਆਂ ਐਣਕਾਂ ਮੰਗੀਆਂ ਜੋ ਮੈਂ ਉਨ੍ਹਾਂ ਨੂੰ ਫੜਾ ਦਿਤੀਆਂ। ਉਨ੍ਹਾਂ ਨੇ ਰੇਸ਼ਮੀ ਭਗਵੇ ਕਪੜੇ ਨਾਲ ਉਨ੍ਹਾਂ ਨੂੰ ਸਾਫ਼ ਕੀਤਾ ਅਤੇ ਲਗਾ ਲਈਆਂ। ਇਸ ਦੌਰਾਨ ਮੇਰਾ ਖ਼ਿਆਲ ਹੈ ਕਿ ਉਹ ਮੈਨੂੰ ਕੁਝ ਉਤਰ ਦੇਣ ਬਾਰੇ ਹੀ ਸੋਚ ਰਹੇ ਸਨ। ਮੈਂ ਉਨ੍ਹਾਂ ਨੂੰ ਦਸ ਚੁਕਾ ਸਾਂ ਕਿ ਆਪ ਦੀ ਮਾਤਾ, ਧਰਮ ਪਤਨੀ ਅਤੇ ਛੋਟਾ ਬੱਚਾ ਮਿਲਣ ਆਏ ਹਨ।

''ਪੂਰਨ ਜੀ!'' ਜਿਵੇਂ ਕਿ ਉਹ ਮੈਨੂੰ ਸੰਬੋਧਨ ਕਰਦੇ ਹੁੰਦੇ ਸਨ, ''ਕੀ ਤੁਹਾਡੇ ਕੋਲ ਕੁਝ ਪੈਸੇ ਹਨ?'' ''ਹਾਂ ਸੁਆਮੀ ਜੀ! ਮੇਰੇ ਕੋਲ ਹਨ, ਦਸੋ ਕਿੰਨੇ ਚਾਹੀਦੇ ਹਨ, ਮੈਂ ਹੋਰ ਦਾ ਵੀ ਪ੍ਰਬੰਧ ਕਰ ਸਕਦਾ ਹਾਂ, ਤੁਸੀਂ ਹੁਕਮ ਕਰੋ!'' ਮੈਂ ਉਤਰ ਦਿਤਾ। ''ਉਨ੍ਹਾਂ ਨੂੰ ਰੇਲਵੇ ਸਟੇਸ਼ਨ ਤੇ ਲਿਜਾ ਕੇ ਪੰਜਾਬ ਦਾ ਵਾਪਸੀ ਟਿਕਟ ਲੈ ਦਿਉ। ਪਰ ਹਾਂ, ਪਹਿਲਾਂ ਉਹ ਮੇਰੀ ਗੰਗਾ ਜੀ ਵਿਚ ਇਸ਼ਨਾਨ ਜ਼ਰੂਰ ਕਰ ਜਾਣ। ਜਾਉ, ਉਨ੍ਹਾਂ ਨੂੰ ਵਾਪਸ ਭੇਜ ਦਿਉ। ਉਹ ਮੈਨੂੰ ਨਹੀਂ ਮਿਲ ਸਕਦੇ।'' ਮੈਂ ਇਕ ਮਹੀਨੇ ਤੋਂ ਉਨ੍ਹਾਂ ਦੇ ਕੋਲ ਰਿਹਾ ਸਾਂ ਅਤੇ ਇਕ ਮੂਕ ਜਾਨਵਰ ਸਮਾਨ ਉਨ੍ਹਾਂ ਦੇ ਪ੍ਰੇਮ ਦਾ ਹੁੰਗਾਰਾ ਭਰਦਾ ਰਿਹਾ ਸਾਂ। ਹੁਣ ਮੇਰੇ ਮਨ ਦੀ ਸਾਰੀ ਸ਼ਾਂਤੀ ਫਟ ਚੁਕੀ ਸੀ, ਜਿਵੇਂ ਕਿਸੇ ਨੇ ਮੇਰੇ ਅੰਦਰ ਤੀਲੀ ਬਾਲ ਦਿਤੀ ਹੋਵੇ। ''ਚੰਗਾ ਸੁਆਮੀ ਜੀ, ਨਮਸਕਾਰ, ਲਉ ਮੈਂ ਵੀ ਚਲਿਆ ਹਾਂ। ਮੈਂ ਮੁੜ ਕੇ ਤੁਹਾਡੇ ਕੋਲ ਕਦੀ ਨਹੀਂ

ਆਵਾਂਗਾ।'' ਮੈਂ ਦ੍ਰਿੜ੍ਹਤਾ ਨਾਲ ਕਿਹਾ। ਤੁਸੀਂ ਜੋ ਇਸ ਟੱਬਰ ਦੇ ਮੁਖੀ ਸੋ, ਆਪਣੇ ਆਪ ਨੂੰ ਉਨ੍ਹਾਂ ਤੋਂ ਵੱਖ ਕਰ ਲਿਆ ਅਤੇ ਟਬਰ ਦਾ ਕੋਈ ਵੀ ਆਸਰਾ ਨਾ ਰਿਹਾ। ਹੁਣ ਉਹ ਆਪ ਪੈਸਾ ਖ਼ਰਚ ਕਰਕੇ ਆਏ ਹਨ, ਤੁਸੀਂ ਕਹਿੰਦੇ ਹੋ ਕਿ ਉਹ ਤੁਹਾਡੇ ਕੁਝ ਨਹੀਂ ਲਗਦੇ। ਅਸੀਂ ਲੋਕ ਜੋ ਤੁਹਾਡੇ ਕੋਲ ਆਉਂਦੇ ਹਾਂ, ਤੁਹਾਡਾ ਸਤਿਕਾਰ ਕਰਦੇ ਹਾਂ, ਅਸੀਂ ਤੁਹਾਡੇ ਲਈ ਬਹੁਤ ਅਰਥ ਰਖਦੇ ਹਾਂ ਅਤੇ ਉਹ ਕੁਝ ਵੀ ਨਹੀਂ। ਉਹ ਵੀ ਤਾਂ ਹੋਰ ਯਾਤਰੂਆਂ ਵਾਂਗ ਇਕ ਸੰਨਿਆਸੀ ਦੇ ਦਰਸ਼ਨ ਕਰਨ ਹੀ ਆਏ ਹਨ, ਤੁਹਾਡੇ ਉਤੇ ਕੋਈ ਹਕ ਜਮਾਉਣ ਲਈ ਨਹੀਂ ਆਏ ਅਤੇ ਨਾ ਹੀ ਉਹ ਤੁਹਾਨੂੰ ਵਾਪਸ ਲਿਜਾਉਣ ਲਈ ਆਏ ਹਨ। ਜੇ ਤੁਸੀਂ ਉਨ੍ਹਾਂ ਨੂੰ ਮਿਲ ਵੀ ਨਹੀਂ ਸਕਦੇ ਤਾਂ ਇਹ ਤੁਹਾਡੀ ਵੱਡੀ ਕਠੋਰਤਾ ਹੈ। ਮੈਂ ਅਜਿਹੇ ਵਿਅਕਤੀ ਕੋਲ ਨਹੀਂ ਠਹਿਰ ਸਕਦਾ, ਜੋ ਆਪਣੇ ਸੰਬੰਧੀਆਂ ਦਾ ਨਿਰਦੋਇਤਾ ਨਾਲ ਨਿਰਾਦਰ ਕਰਦਾ ਹੈ। ਉਹ ਤਾਂ ਤੁਹਾਡੇ ਚਿਹਰੇ ਦੀ ਇਕ ਮੁਸਕਾਣ ਨੂੰ ਹੀ ਤੱਕਣ ਆਏ ਹਨ, ਤੁਹਾਡੇ ਕੋਲੋਂ ਕੁਝ ਮੰਗਣ ਨਹੀਂ ਆਏ।'' ਇਹ ਕਹਿ ਕੇ ਮੈਂ ਵੀ ਉਸ ਕਮਰੇ ਤੋਂ ਵਿਦਾ ਹੋਣ ਲਗਾ, ਮੈਂ ਛੇਤੀ ਨਾਲ ਜਾਣ ਹੀ ਵਾਲਾ ਸਾਂ ਅਤੇ ਹਾਲੀਂ ਮੈਂ ਦਰਵਾਜ਼ਾ ਅੱਧਾ ਹੀ ਖੋਲ੍ਹਿਆ ਸੀ ਕਿ ਸੁਆਮੀ ਜੀ ਉਚੀ ਉਚੀ ਹਸਣ ਲਗ ਪਏ। ਮੈਨੂੰ ਆਵਾਜ਼ ਦੇ ਕੇ ਕਹਿਣ ਲਗੇ, ''ਚੰਗਾ, ਉਨ੍ਹਾਂ ਨੂੰ ਲੈ ਆਉ।''

ਮੈਂ ਅਜ ਉਨ੍ਹਾਂ ਨਾਲ ਅਸਾਧਾਰਣ ਤੌਰ ਤੇ ਤੱਤਾ ਹੋ ਜਾਣ ਕਾਰਣ ਕੁਝ ਸ਼ਰਮਸਾਰ ਜਿਹਾ ਸਾਂ ਕਿ ਉਹ ਅੰਦਰ ਆ ਗਏ। ਉਹ ਉਚੀ ਉਚੀ ਹੱਸ ਰਹੇ ਸਨ ਅਤੇ ਸਦਾ ਵਾਂਗ ਮੁਸਕਰਾ ਕੇ ਇਨ੍ਹਾਂ ਨਵੇਂ ਆਏ ਲੋਕਾਂ ਦਾ ਸੁਆਗਤ ਕਰ ਰਹੇ ਸਨ, ਜਿਵੇਂ ਕਿ ਇਕ ਗੰਭੀਰ ਚਿਤ ਸੰਨਿਆਸੀ ਅਕਸਰ ਕਰਦਾ ਹੁੰਦਾ ਹੈ। ਛੋਟੇ ਬੱਚੇ ਨੇ ਕਿਹਾ, ''ਸੁਆਮੀ ਜੀ, ਮੈਂ ਤੁਹਾਨੂੰ ਆਪਣਾ ਸਬਕ ਸੁਣਾਵਾਂ।'' ''ਹਾਂ! ਹੈਂ ਤੂੰ ਪੜ੍ਹਨ ਵੀ ਲਗ ਪਿਆ? ਕਿੰਨਾ ਚੰਗਾ ਹੈ!'' ਇਹ ਕਹਿ ਕੇ ਉਹ ਮੇਰੇ ਨਾਲ ਗਲਬਾਤ ਕਰਨ ਲਗੇ। ''ਪੂਰਨ ਜੀ! ਉਥੋਂ ਅੰਗੀਠੀ ਤੋਂ ਅੰਗੂਰਾਂ ਦਾ ਗੁੱਛਾ ਦੇਣਾ'' ਅਤੇ ਉਹ ਗੁੱਛਾ ਮੈਂ ਛੋਟੇ ਬੱਚੇ ਦੇ ਉਭਰੇ ਹੋਏ ਹੱਥਾਂ ਉਤੇ ਰਖ ਦਿਤਾ। ਪਰ ਇਹ ਅੰਗੂਰ ਉਸ ਬੱਚੇ ਲਈ ਕਾਫ਼ੀ ਨਹੀਂ ਸਨ। ਉਹ ਤਾਂ ਉਹ ਕੁਝ ਚਾਹੁੰਦਾ ਸੀ, ਜੋ ਸੁਆਮੀ ਰਾਮ ਉਸ ਨੂੰ ਨਾ ਦੇ ਸਕੇ। ਸੁਆਮੀ ਜੀ ਦੀ ਧਰਮਪਤਨੀ ਤਾਂ ਚੁਪ ਚਾਪ ਉਨ੍ਹਾਂ ਦੇ ਚਿਹਰੇ ਵਲ ਤੱਕਦੀ ਹੀ ਰਹੀ ਅਤੇ ਉਸ ਨੇ ਉਨ੍ਹਾਂ ਨਾਲ ਕੋਈ ਗੱਲ ਨਾ ਕੀਤੀ। ਇਕ ਵੀ ਸ਼ਬਦ ਉਨ੍ਹਾਂ ਵਿਚਾਲੇ ਆਰ ਪਾਰ ਨਾ ਹੋਇਆ। ਆਪਣੀ ਮਤਰੇਈ ਮਾਂ ਨਾਲ ਸੁਆਮੀ ਜੀ ਦੇ ਹਾਸੇ ਦੀ ਗੁੰਜਾਰ ਵਿਚ ਗਲਬਾਤ ਚਲਦੀ ਰਹੀ। ਉਸ ਪਾਸੋਂ ਸੁਆਮੀ ਜੀ ਨੇ ਟਬਰ ਦੇ ਹਰ ਜੀਅ ਬਾਰੇ ਪੁਛਿਆ। ਇੰਝ ਇਸ ਭੇਂਟ-ਵਾਰਤਾ

ਦਾ ਸਮਾਂ ਸਮਾਪਤ ਹੋ ਗਿਆ ਅਤੇ ਇਹ ਯਾਤਰੂ ਕਮਰੇ ਤੋਂ ਬਾਹਰ ਚਲੇ ਗਏ। ਮੈਂ ਸੋਚ ਰਿਹਾ ਸਾਂ ਕਿ ਮਹਾਨ ਆਤਮਾਵਾਂ ਤੇ ਅਲਪ-ਜੀਵਾਂ ਵਿਚਕਾਰ ਇਸ ਤਰ੍ਹਾਂ ਦੇ ਸਬੰਧ ਹੁੰਦੇ ਹਨ, ਇਹ ਕਿੰਨੇ ਤਰਾਸਦੀ ਭਰਪੂਰ ਹਨ ਅਤੇ ਕਿਵੇਂ ਇਹ ਨਿਜੀ ਰਿਸ਼ਤੇ ਬੜੇ ਕਰੁਣਾ ਭਰਪੂਰ ਰੂਪ ਵਿਚ ਟੁੱਟ ਜਾਂਦੇ ਹਨ, ਭਾਵੇਂ ਕਿ ਦੋਵੇਂ ਹੀ ਇਕੋ ਆਸਮਾਨ ਤੇ ਸੂਰਜ ਥਲੇ ਵਿਚਰਦੇ ਹਨ। ਉਨ੍ਹਾਂ ਨੂੰ ਉਥੋਂ ਵਾਪਸ ਤੋਰ ਦਿਤਾ ਗਿਆ ਸੀ। ਪੂਰੇ ਇਕ ਸਾਲ ਪਿਛੋਂ ਜਦੋਂ ਮੈਂ ਸੁਆਮੀ ਜੀ ਨੂੰ ਮੁੜ ਮਿਲਿਆ ਤਾਂ ਸਾਡੇ ਵਿਚਕਾਰ ਬੜੀ ਮਿੱਠੀ ਪਿਆਰੀ ਗਲਬਾਤ ਹੋਈ। ਸੁਆਮੀ ਜੀ ਨਾਲ ਮੇਰੀ ਇਹ ਮਿਲਣੀ ਵਸ਼ਿਸ਼ਟ ਆਸ਼ਰਮ ਦੇ ਬੈਸੂਨ ਦੇ ਹਿਮਾਲੀਆ ਦੀ ਗੋਦ ਵਿਚਲੇ ਇਕਹਿਰੇ ਘਾਹ ਦੇ ਮੈਦਾਨ ਵਿਚ ਹੋਈ, ਜਿਥੇ ਕਿ ਮੈਂ ਤੇ ਸੁਆਮੀ ਜੀ ਇਕੱਲੇ ਬੈਠੇ ਸਾਂ।

''ਪੂਰਨ ਜੀ! ਰਾਮ ਨੂੰ ਇਹ ਪਤਾ ਨਹੀਂ ਸੀ ਕਿ ਇਹ ਗੇਰੂਆ ਸੰਨਿਆਸੀ ਬਾਣਾ ਵੀ ਸੁਤੰਤਰਤਾ ਦਾ ਭੇਖ ਨਹੀਂ ਹੈ। ਹੁਣ ਤਾਂ ਗ਼ੁਲਾਮ ਵੀ ਇਸ ਨੂੰ ਪਹਿਨਣ ਲਗ ਪਏ ਹਨ ਅਤੇ ਉਨ੍ਹਾਂ ਨੇ ਇਸ ਨੂੰ ਇਨਾ ਰੀਤੀਗਤ ਅਤੇ ਭੇਖੀ ਬਣਾ ਦਿਤਾ ਹੈ ਕਿ ਮੈਂ ਆਪ ਇਸ ਤੋਂ ਕਈ ਵਾਰ ਤੰਗ ਪੈ ਜਾਂਦਾ ਹਾਂ। ਜਦੋਂ ਮੈਂ ਅਗਲੀ ਵਾਰ ਮੈਦਾਨਾਂ ਵਿਚ ਗਿਆ ਤਾਂ ਲੋਕਾਂ ਦੇ ਭਰਪੂਰ ਇਕੱਠ ਸਾਹਮਣੇ ਇਸ ਬਾਣੇ ਨੂੰ ਤਾਰ ਤਾਰ ਕਰਕੇ ਸੁਟ ਪਾਵਾਂਗਾ ਅਤੇ ਇਸ ਗੱਲ ਦਾ ਐਲਾਨ ਕਰਾਂਗਾ ਕਿ ਸੰਨਿਆਸੀਆਂ ਦਾ ਭਗਵਾ ਬਾਣਾ ਹੁਣ ਸੁਤੰਤਰਤਾ ਦਾ ਬਾਣਾ ਨਹੀਂ ਰਿਹਾ ਹੈ।''

''ਤੁਹਾਨੂੰ ਯਾਦ ਹੈ, ਜਦੋਂ ਮੈਂ ਤੁਹਾਨੂੰ ਆਪਣੇ ਟੱਬਰ ਦੇ ਜੀਆਂ ਨੂੰ ਹਰਦੁਆਰੋਂ ਵਾਪਸ ਤੋਰ ਦੇਣ ਲਈ ਕਿਹਾ ਸੀ ਤਾਂ ਤੁਸੀਂ ਮੇਰੇ ਨਾਲ ਗ਼ੁੱਸੇ ਹੋ ਗਏ ਸੋ। ਰਾਮ ਦਾ ਵੀ ਦਿਲ ਹੈ, ਪਰ ਉਸ ਸਮੇਂ ਉਸ ਦੇ ਮਨ ਵਿਚ ਪਾਏ ਹੋਏ ਭਗਵੇ ਬਾਣੇ ਦੀ ਲਾਜ ਦਾ ਸਵਾਲ ਸੀ। ਇਹ ਤਾਂ ਮੇਰੇ ਵਲੋਂ ਉਨ੍ਹਾਂ ਨੂੰ ਇਕ ਰਸਮੀ ਨਾਂਹ ਹੀ ਸੀ। ਨਹੀਂ ਤਾਂ ਮਨੁੱਖ ਆਪਣੇ ਨਿਜੀ ਸੰਬੰਧੀਆ ਨੂੰ ਕਿਵੇਂ ਭੁਲਾ ਸਕਦਾ ਹੈ! ਜਦੋਂ ਕਿ ਉਸ ਦੇ ਸੀਨੇ ਅੰਦਰ ਭਾਵਨਾਵਾਂ ਦਾ ਕਾਂਗ-ਉਛਾਲਾ ਹਾਲੀ ਵੀ ਉਠਦਾ ਰਹਿੰਦਾ ਹੈ, ਭਾਵੇਂ ਉਹ ਪ੍ਰਭੂ ਲਈ ਹੋਵੇ ਜਾਂ ਕਿਸੇ ਮਨੁੱਖ ਲਈ? ਕਵੀਆਂ ਨੂੰ ਨਿਰਜਿੰਦ ਪੱਥਰਾਂ ਦੀ ਤਰ੍ਹਾਂ ਸੈਲ-ਪੱਥਰ ਨਹੀਂ ਕੀਤਾ ਜਾ ਸਕਦਾ। ਆਤਮਕ ਉਨਤੀ ਤੋਂ ਭਾਵ ਭਾਵਨਾਵਾਂ ਰਹਿਤ ਹੋਣਾ ਬਿਲਕੁਲ ਨਹੀਂ ਹੈ। ਲੋਕਾਂ ਨੇ ਤਾਂ ਕੀਟਸ ਨੂੰ ਕਠੋਰ ਸ਼ਬਦਾਂ ਨਾਲ ਹੀ ਮਾਰ ਦਿਤਾ ਸੀ। ਜਿਨਾ ਵੀ ਵਧੇਰੇ ਵਿਕਾਸ ਹੋਵੇਗਾ, ਉਨੀਆਂ ਹੀ ਵਧੇਰੇ ਭਾਵਨਾਵਾਂ ਉਤਪੰਨ ਹੋਣਗੀਆਂ।''

"ਉਸ ਸਮੇਂ ਬ੍ਰਹਮਾਨੰਦ[1] ਦੀ ਮਾਤਾ ਦੇ ਚਿਹਰੇ ਉਤੇ ਕਿਵੇਂ ਦੈਵੀ ਨੂਰ ਭਖ਼ ਰਿਹਾ ਸੀ। ਉਸ ਦਿਨ ਉਸ ਦੀ ਕਾਇਆਂ-ਕਲਪ ਹੋ ਗਈ ਸੀ। ਕਿਉਂ ਐਸਾ ਨਹੀਂ ਸੀ?"

"ਰਾਮ ਨੂੰ ਖ਼ੁਸ਼ੀ ਹੈ ਕਿ ਤੁਸੀਂ ਵਿਆਹ ਕਰਵਾ ਲਿਆ ਹੈ। ਗ੍ਰਿਹਸਥ ਮਾਰਗ ਵਧੇਰੇ ਸਥਾਈ ਰੂਪ ਦਾ ਹੁੰਦਾ ਹੈ। ਤੁਸੀਂ ਦੋਵੇਂ ਆ ਕੇ ਹਿਮਾਲਾ ਪਰਬਤ ਦੀਆਂ ਸਿਖ਼ਰਾਂ ਉਤੇ ਰਹਿ ਸਕਦੇ ਹੋ।"

ਇਕ ਨਿਰਮਾਣ, ਪਵਿਤਰ ਅਤੇ ਗਰੀਬੜੇ ਵਿਦਿਆਰਥੀ ਤੋਂ ਸੁਆਮੀ ਰਾਮ ਇਕ ਪੂਰਨ ਕੱਦਾਵਰ ਵਿਅਕਤੀ ਬਣ ਗਏ, ਉਨ੍ਹਾਂ ਅੰਦਰ ਬ੍ਰਹਿਮੰਡ-ਵਿਆਪੀ ਚੇਤਨਾ ਦੀ ਗੁਲਾਬੀ ਮਹਿਕ ਟਹਿਕ ਉਠੀ, ਡੂੰਘੀ ਇਕਾਗਰਤਾ ਵਿਚ ਮਸਤ ਰਹਿੰਦੇ, ਜ਼ਿੰਦਾਦਿਲੀ ਦੀ ਵਚਿੱਤਰ ਮਿਸਾਲ ਬਣ ਗਏ, ਜੋ ਖਿੜ ਖਿੜਾ ਕੇ ਗੂੰਜਣ ਵਾਲੇ ਹਾਸੇ ਵਿਚ ਗੂੰਝ ਉਠਦੀ, ਸਦਾ ਖ਼ੁਸ਼ੀ ਨਾਲ ਤਰੰਗਤ ਰਹਿਣਾ, ਦ੍ਰਿਸ਼ਟੀਕੋਣ ਦਾ ਉਚੇਰਾਪਣ ਅਤੇ ਆਪਣੀ ਚਾਲ ਵਿਚ ਹਲਕੇ ਫੁਲਕੇ ਅਤੇ ਤੇਜ਼ ਰਫ਼ਤਾਰ-ਉਹ ਸੁਆਮੀ ਰਾਮ ਦਾ ਵਿਅਕਤਿਤਵ ਸੀ। ਰੱਬੀ ਨਾਮ ਦੀ ਮੈਅ ਨੂੰ ਉਨ੍ਹਾਂ ਨੇ ਰਜ ਰਜ ਪੀਤਾ ਅਤੇ ਇਥੋਂ ਤੱਕ ਕਿ ਇਸ ਲਿਵਲੀਨਤਾ ਵਿਚ ਆਪਣੇ ਆਪ ਨੂੰ ਦੀਵਾਨਾ ਕਰ ਲਿਆ। ਇਸ ਰੱਬੀ ਨੂਰ ਵਿਚ ਉਨ੍ਹਾਂ ਦਾ ਮੁਖੜਾ ਲੱਸਦਾ ਹੁੰਦਾ ਸੀ, ਨੇਤਰ ਮੁੰਦੇ ਹੋਏ, ਹੋਠਾਂ ਵਿਚੋਂ ਉਚੀ ਕੂਕ ਨਿਕਲ ਪੈਂਦੀ, ਰਾਵੀ ਦੇ ਕੰਢੇ ਉਹ ਉਚੀ ਚੀਖ਼ ਮਾਰ ਦਿੰਦੇ, ਉਹ ਬਾਹਾਂ ਪਸਾਰ ਦਿੰਦੇ, ਉਨ੍ਹਾਂ ਦੀ ਛਾਤੀ ਹੰਝੂਆਂ ਦੀ ਝੜੀ ਨਾਲ ਭਿਜ ਜਾਂਦੀ ਅਤੇ ਉਹ ਤੀਬਰ ਮਨੋਭਾਵਾਂ ਵਿਚ ਕੰਬ ਰਹੇ ਹੁੰਦੇ। ਅਜਿਹੀ ਹਾਲਤ ਵਿਚ ਦਰਖ਼ਤ ਵੀ ਉਨ੍ਹਾਂ ਨਾਲ ਕੰਬ ਉਠਦੇ, ਹਵਾਵਾਂ ਅਠਖੇਲੀਆਂ ਕਰਦੀਆਂ ਅਤੇ ਪੱਥਰ ਉਨ੍ਹਾਂ ਨਾਲ ਗੱਲਾਂ ਕਰਨ ਲਈ ਉਤਸੁਕ ਹੋ ਜਾਂਦੇ। ਜਦੋਂ ਉਹ ਓਰੀਐਂਟਲ ਕਾਲਜ ਵਿਚ ਗਣਿਤ ਵਿਭਾਗ ਦੇ ਰੀਡਰ ਦੀ ਆਸਾਮੀ ਉਤੇ ਨਿਯੁਕਤ ਸਨ ਤਾਂ ਉਨ੍ਹਾਂ ਨੂੰ ਆਪਣੇ ਸਰੀਰ ਦੀ ਕੋਈ ਸੁਧ ਬੁਧ ਨਹੀਂ ਸੀ ਹੁੰਦੀ। ਅਜਿਹੀ ਹਾਲਤ ਵਿਚ ਹੀ ਉਹ ਕਾਲਜ ਜਾਂਦੇ ਹੁੰਦੇ ਸਨ। ਮਿਸ਼ਨ ਕਾਲਜ ਵਿਚ ਵੀ ਉਹ ਆਪਣੀ ਕਲਾਸ ਦੇ ਵਿਦਿਆਰਥੀਆਂ ਨੂੰ ਇਹ ਕਹਿ ਕੇ ਸੰਬੋਧਨ ਕਰਦੇ ਹੁੰਦੇ ਸਨ, "ਮੇਰੇ ਪਿਆਰੇ ਕ੍ਰਿਸ਼ਨ, ਮੈਂ ਤੁਹਾਨੂੰ ਕੀ ਪੜ੍ਹਾਵਾਂ? ਤੁਸੀਂ ਤਾਂ ਸਭ ਕੁਝ ਜਾਣਦੇ ਹੋ।" ਜੇ ਕੋਈ ਵਿਦਿਆਰਥੀ ਕਹਿੰਦਾ, ਕਿ 'ਨਹੀਂ, ਉਹ ਅਜਿਹਾ ਨਹੀਂ ਹੈ ਤਾਂ ਉਹ ਫਿਰ

---

1 ਬ੍ਰਹਮਾਨੰਦ ਸੁਆਮੀ ਜੀ ਦੇ ਛੋਟੇ ਪੁਤਰ ਦਾ ਨਾਂ ਸੀ।

ਦੁਹਰਾਉਂਦੇ, "ਮੇਰੇ ਪਿਆਰੇ ਕ੍ਰਿਸ਼ਨ ਜੀ, ਤੁਸੀਂ ਸਭ ਕੁਝ ਜਾਣਦੇ ਹੋ!" ਇਸ ਤਰ੍ਹਾਂ ਉਹ ਆਪਣੇ ਵਿਦਿਆਰਥੀਆਂ ਵਿਚ ਉਸ ਪ੍ਰਸ਼ਨ ਦਾ ਸਮਾਧਾਨ ਲਭ ਲੈਣ ਦੀ ਪ੍ਰੇਰਨਾ ਜਗਾ ਦਿੰਦੇ ਸਨ, ਜੋ ਉਠ ਕੇ ਉਸੇ ਪ੍ਰਸ਼ਨ ਨੂੰ ਬਲੈਕ ਬੋਰਡ ਉਤੇ ਸੁਗਮਤਾ ਨਾਲ ਹਲ ਕਰ ਦਿੰਦਾ ਸੀ। ਮਿਸ਼ਨ ਕਾਲਜ ਤੋਂ ਇਹ ਦੀਵਾਨਾ ਵਿਅਕਤੀ ਓਰੀਐਂਟਲ ਕਾਲਜ ਚਲਾ ਗਿਆ, ਪਰ ਉਥੇ ਵੀ ਉਸ ਦੀ ਹਾਲਤ ਅਜਿਹੀ ਹੀ ਰਹੀ। ਉਸ ਦੀ ਪੀੜਾ ਅਸਾਧ ਬਣ ਚੁਕੀ ਸੀ।

ਇਕ ਦਿਨ ਆਪ ਲਾਹੌਰ ਮਿਸ਼ਨ ਕਾਲਜ ਦੇ ਪ੍ਰਿੰਸੀਪਲ ਡਾ. ਈਵਿੰਗ ਦੇ ਕੋਲ ਜਾ ਕੇ ਕਹਿਣ ਲਗੇ, "ਤੁਸੀਂ! ਹਜ਼ਰਤ ਈਸਾ ਦੀ ਇਬਾਦਤ ਕਰਦੇ ਹੋ! ਕੀ ਤੁਸੀਂ ਆਪਣੀਆਂ ਅੱਖਾਂ ਨਾਲ ਕਦੀ ਉਨ੍ਹਾਂ ਦੇ ਦਰਸ਼ਨ ਕੀਤੇ ਹਨ! ਨਹੀਂ, ਤੁਸੀਂ ਉਨ੍ਹਾਂ ਦੇ ਦਰਸ਼ਨ ਨਹੀ ਕੀਤੇ! ਨਹੀਂ ਤੁਸਾਂ ਉਨ੍ਹਾਂ ਦੇ ਦਰਸ਼ਨ ਨਹੀਂ ਕੀਤੇ। ਦੇਖੋ ਈਵਿੰਗ, ਕ੍ਰਾਈਸਟ ਤੁਹਾਡੇ ਸਾਹਮਣੇ ਖੜਾ ਹੈ।" ਇਸ ਤਰ੍ਹਾਂ ਉਨ੍ਹਾਂ ਦੀ ਦੀਵਾਨਗੀ ਹੁਣ ਪੂਰਨਤਾ ਤਕ ਪੁਜ ਚੁਕੀ ਸੀ।

ਉਨ੍ਹਾਂ ਦਿਨਾਂ ਵਿਚ ਲਾਹੌਰ ਦੇ ਗਲੀ ਮੁਹੱਲਿਆਂ ਵਿਚ ਜਿਹੜਾ ਵੀ ਉਨ੍ਹਾਂ ਨੂੰ ਮਿਲਿਆ ਹੈ, ਉਸ ਦੇ ਮਨ ਅੰਦਰ ਇਸ ਵਿਅਕਤੀ ਨੂੰ ਦੇਖ ਕੇ ਇਕ ਅਨੋਖੀ ਭਾਵਨਾ ਹੀ ਜਾਗ ਪੈਂਦੀ ਸੀ। ਆਪਣੇ ਆਪ ਵਿਚ ਧਿਆਨ ਮਗਨ, ਲਿਵਲੀਨ, 'ਓਮ' ਸ਼ਬਦ ਦੀ ਧੁੰਨੀ ਨਾਲ ਕੰਬਦੇ ਹੋਏ ਉਹ ਬਾਜ਼ਾਰਾਂ ਵਿਚ ਦੀ ਲੰਘਦੇ ਅਤੇ ਉਨ੍ਹਾਂ ਦੇ ਪੈਰਾਂ ਹੇਠਲੀ ਪਟੜੀ ਉਨ੍ਹਾਂ ਦੇ ਕਦਮਾਂ ਹੇਠ ਥਰਥਰਾ ਰਹੀ ਹੁੰਦੀ। ਉਹ ਇਹ ਉਪਦੇਸ਼ ਕਰਦੇ ਕਿ ਓਹ ਮਨੁੱਖ ਤੂੰ ਆਪਣੇ ਘਰ ਦੀ ਛੱਤ ਉਪਰ ਚੜ੍ਹ ਕੇ ਅੱਧੀ ਰਾਤ ਨੂੰ ਇਹ ਐਲਾਨ ਕਰ, "ਤੂੰ ਪ੍ਰਭੂ ਹੈਂ।" ਉਠੋ, ਜਾਗੋ ਅਤੇ ਕਹੋ, "ਮੈਂ ਹੀ ਰੱਬ ਹਾਂ।" ਇਸ ਉਚੀ ਅਤੇ ਚੀਰਵੀਂ ਆਵਾਜ਼ ਵਿਚ ਉਹ ਚਾਹੁੰਦੇ ਸਨ ਕਿ ਉਨ੍ਹਾਂ ਦੇ ਸ਼ਰਧਾਲੂ ਇਸ ਗੱਲ ਦਾ ਐਲਾਨ ਕਰਨ, "ਮੈਂ ਰੱਬ ਹਾਂ।" ਕੋਈ ਚੰਗੀ ਵਸਤੂ ਜਾਂ ਕੋਈ ਸੁੰਦਰ ਵਸਤੂ ਜਦੋਂ ਉਹ ਵੇਖਦੇ ਜਾਂ ਕਿਸੇ ਵੀਰ ਕਰਤੱਵ ਬਾਰੇ ਸੁਣਦੇ, ਜਾਂ ਕੋਈ ਬੀਰਤਾ ਵਾਲੀ ਗੱਲ ਉਨ੍ਹਾਂ ਨੂੰ ਦਸੀ ਜਾਂਦੀ ਜਾਂ ਕਿਸੇ ਵਿਚਾਰ ਬਾਰੇ ਉਨ੍ਹਾਂ ਨੂੰ ਪਤਾ ਲਗਦਾ ਤਾਂ ਉਹ ਇਹ ਟਿਪਣੀ ਕਰਦੇ, "ਇਹ ਹੈ ਵੇਦਾਂਤ", ਉਨ੍ਹਾਂ ਲਈ ਵੇਦਾਂਤ ਇਕ ਅਜਿਹਾ ਸ਼ਬਦ ਸੀ, ਜਿਸ ਦੇ ਅਖਰਾਂ ਵਿਚ ਮਾਨਵ ਇਤਿਹਾਸ ਦਾ ਹਰ ਚੰਗਾ ਕਰਮ, ਚੰਗਾ ਵਿਚਾਰ, ਕੋਈ ਪਵਿੱਤਰ ਜਾਂ ਸੁੰਦਰ ਕਰਮ ਜਾਂ ਵਿਵਹਾਰ ਲੁਕਿਆ ਹੋਇਆ ਸੀ। ਇਹ ਸ਼ਬਦ ਉਨ੍ਹਾਂ ਲਈ ਕਿਸੇ ਦਰਸ਼ਨ ਦਾ ਸੂਚਕ ਨਹੀਂ, ਸਗੋਂ ਕਵਿਤਾ ਦਾ ਪ੍ਰਤੀਕ ਸੀ।

ਲਾਹੌਰ ਦੇ ਡਾ. ਮੁਹੰਮਦ ਇਕਬਾਲ ਨੇ ਮੈਨੂੰ ਦਸਿਆ, "ਇਕ ਦਿਨ ਉਸ ਦੇ ਢਿੱਡ ਵਿਚ ਸੂਲ ਉਠ ਰਿਹਾ ਸੀ, ਉਸ ਦੇ ਪਿੰਜਰ ਵਰਗੇ ਸਰੀਰ ਵਿਚ ਕੁੜਲ ਤੇ ਕੁੜਲ ਪੈ ਰਹੀ ਸੀ, ਉਸ ਦੀ ਹਾਲਤ ਬੜੀ ਕਸ਼ਟ ਵਾਲੀ ਸੀ, ਫਿਰ ਵੀ ਜਦੋਂ ਮੈਂ ਉਸ ਨੂੰ ਮਿਲਣ ਗਿਆ ਤਾਂ ਉਹ ਖਿੜਖਿੜਾ ਕੇ ਹਸ ਰਿਹਾ ਸੀ। ਉਸ ਦੇ ਕਮਰੇ ਵਿਚ ਖ਼ੁਸ਼ੀ ਦਾ ਪਹਿਰਾ ਸੀ। "ਇਕਬਾਲ ਸਾਹਿਬ! ਜਦੋਂ ਰਾਮ ਦੇ ਸਹੰਸਰ ਸਰੀਰਾਂ ਵਿਚੋਂ ਇਕ ਨੂੰ ਕਸ਼ਟ ਹੈ ਤਾਂ ਉਸ ਨੂੰ ਅਨੁਭਵ ਹੋਣਾ ਚਾਹੀਦਾ ਹੈ? ਮੈਂ ਹਸ ਰਿਹਾ ਹਾਂ, ਮੈਂ ਹਸ ਰਿਹਾ ਹਾਂ, ਮੇਰੇ ਸਰੀਰ ਨੂੰ ਤਾਂ ਕਸ਼ਟ ਹੈ, ਪਰ ਮੇਰੀ ਆਤਮਾ ਵਿਚ ਹਾਸਾ ਹੈ।"

ਇਕਬਾਲ ਨੇ ਮੈਨੂੰ ਦਸਿਆ ਕਿ ਉਸ ਨੂੰ ਵਿਸ਼ਵਾਸ ਹੋ ਗਿਆ ਸੀ ਕਿ ਰਾਮ ਆਤਮਕ ਤੌਰ ਤੇ ਉਨਤੀ ਕਰ ਰਿਹਾ ਹੈ ਅਤੇ ਆਪਣੇ ਇਸ ਸਾਰੇ ਤਿਆਗ ਦੇ ਬਾਵਜੂਦ ਮੈਂ ਜਾਣਦਾ ਹਾਂ ਕਿ ਉਹ ਇਕ ਦਿਨ ਵਾਪਸ ਆ ਕੇ ਘਰ ਗ੍ਰਹਿਸਥੀ ਵਾਲਾ ਸਿਧਾ ਸਾਦਾ ਜੀਵਨ ਬਤੀਤ ਕਰੇਗਾ।

ਇਸ ਵੇਲੇ ਮੈਂ ਇਕਬਾਲ ਨੂੰ ਆਪਣੀ ਉਸ ਗਲਬਾਤ ਦਾ ਸਾਰ ਦਸਿਆ, ਜੋ ਮੇਰੇ ਤੇ ਸੁਆਮੀ ਰਾਮ ਤੀਰਥ ਵਿਚਕਾਰ ਬੈਸੂਨ ਵਿਖੇ ਹੋਈ ਸੀ। ਸੁਆਮੀ ਜੀ ਇਕ ਸਜੀਵ ਮਨ, ਆਤਮਾ ਅਤੇ ਗਤੀਸ਼ੀਲ ਵਿਅਕਤੀ ਸਨ ਨਾ ਕਿ ਨਿਰਜਿੰਦ ਮਾਨਸਿਕ ਅਸੂਲਾਂ ਅਤੇ ਪ੍ਰਤਿਗਿਆਵਾਂ ਜਾਂ ਮਨੋ-ਵਰਤਾਂ ਦਾ ਸੰਗ੍ਰਹਿ। ...

ਉਹ ਗ੍ਰਹਿਸਥੀ ਜੀਵਨ ਵਲ ਪਰਤਦੇ ਜਾਂ ਨਾ, ਇਸ ਬਾਰੇ ਕੁਝ ਵੀ ਕਿਹਾ ਨਹੀਂ ਜਾ ਸਕਦਾ, ਪਰ ਮੈਨੂੰ ਪਤਾ ਹੈ ਕਿ ਅਮਰੀਕਾ ਵਿਚ ਪਰਵਾਸ ਸਮੇਂ ਅਤੇ ਉਥੋਂ ਵਾਪਸ ਆ ਕੇ ਉਹ ਸੰਨਿਆਸ ਵਲੋਂ ਥੋੜ੍ਹਾ ਬਹੁਤ ਉਪਰਾਮ ਹੋ ਗਏ ਸਨ ਅਤੇ ਵਿਆਹੁਤਾ ਜੀਵਨ ਦੀ ਪ੍ਰਸੰਸਾ ਕਰਦੇ ਹੁੰਦੇ ਸਨ। ਕਮਲਾਨੰਦਾ ਜੋ ਇਕ ਅਮਰੀਕਨ ਸੁਆਣੀ ਤੇ ਉਨ੍ਹਾਂ ਦੀ ਸ਼ਿਸ਼ ਸੀ ਅਤੇ ਜੋ ਮੇਰੇ ਕੋਲ ਡੇਹਰਾਦੂਨ ਵਿਖੇ ਛੇ ਮਹੀਨੇ ਇਕੋ ਘਰ ਵਿਚ ਰਹੀ, ਨੇ ਮੈਨੂੰ ਦਸਿਆ ਕਿ ਅਮਰੀਕਾ ਵਿਚ ਸੁਆਮੀ ਰਾਮ ਤੀਰਥ ਜੀ ਨੇ ਕਈ ਵਾਰ ਇਹ ਇਛਾ ਪ੍ਰਗਟ ਕੀਤੀ ਸੀ ਕਿ ਉਹ ਅਜਿਹੇ ਦੇਸ਼ ਵਿਚ ਆਪ ਘਰ ਬਣਾ ਕੇ ਰਹਿਣਾ ਚਾਹੁੰਦੇ ਹਨ। ਉਹ ਬਹੁਤ ਵਾਰ ਭਾਰਤ ਦੀ ਜਾਤਪਾਤ ਪ੍ਰਥਾ ਦਾ ਖੰਡਨ ਕਰਦੇ ਹੁੰਦੇ ਸਨ ਅਤੇ ਵਿਆਹੁਤਾ ਜੀਵਨ ਦੀਆਂ ਚੰਗਿਆਈਆਂ ਬਾਰੇ ਵੇਰਵੇ ਨਾਲ ਕੁਝ ਕਹਿੰਦੇ ਹੁੰਦੇ ਸਨ। ਭਾਰਤ ਪਰਤ ਕੇ ਉਹ ਫਿਰ ਤਿਆਗ ਦੀ ਗੱਲ ਕਰਨ ਲਗ ਪਏ ਸਨ ਅਤੇ ਜਤਸਤ ਦੇ ਬ੍ਰਹਮਚਾਰੀ ਜੀਵਨ ਨੂੰ ਉਤਮ ਮੰਨਣ ਲਗ ਪਏ ਸਨ। ਉਨ੍ਹਾਂ ਦੇ ਪਹਿਲੇ ਵਿਚਾਰ ਸ਼ਾਇਦ ਅਮਰੀਕਾ ਦੀਆਂ ਸੁਤੰਤਰ ਇਸਤਰੀਆਂ ਨਾਲ ਖੁਲ੍ਹਾ ਮੇਲ ਮਿਲਾਪ ਰਖਣ ਕਾਰਣ ਸਨ। ਅਮਰੀਕਾ ਵਿਚ ਉਹ

ਇਸਤਰੀ ਦਾ ਆਦਰਸ਼ੀਕਰਣ ਕਰਦੇ ਰਹੇ। ਉਨ੍ਹਾਂ ਵਰਗੀ ਕਾਇਮ ਸ਼ਖ਼ਸੀਅਤ ਨੂੰ ਇਸੇ ਤਰ੍ਹਾਂ ਦੇ ਆਦਰਸ਼ੀਕਰਣ ਦੀ ਲੋੜ ਸੀ। ਪਰ ਮੇਰਾ ਇਹ ਵਿਸ਼ਵਾਸ ਹੈ ਅਤੇ ਮੈਂ ਇਸ ਗੱਲ ਤੋਂ ਇਨਕਾਰ ਨਹੀਂ ਕਰਦਾ ਕਿ ਅਮਰੀਕਾ ਵਿਚ ਵਿਆਹੁਤਾ ਜੀਵਨ ਦੀ ਪਵਿਤਰਤਾ ਬਾਰੇ ਉਨ੍ਹਾਂ ਦੇ ਉਪਦੇਸ਼ ਇਸ ਗੱਲ ਨੂੰ ਸਨਮੁਖ ਰਖ ਕੇ ਕੀਤੇ ਗਏ ਸਨ ਕਿ ਪਛਮ ਨੂੰ ਇਨ੍ਹਾਂ ਦੀ ਵਧੇਰੇ ਲੋੜ ਸੀ। ਇਹ ਬੜੀ ਦੁੱਖ ਦੀ ਗੱਲ ਹੈ ਕਿ ਇਸਤਰੀ ਦੇ ਸਾਥ ਦੀ ਮਿਠਾਸ ਦੀ ਛੂਹ ਨੂੰ ਉਨ੍ਹਾਂ ਨੇ ਗਵਾ ਦਿਤਾ, ਨਹੀਂ ਤਾਂ ਉਨ੍ਹਾਂ ਦੇ ਜੀਵਨ ਦੀ ਕਥਾ ਸੰਨਿਆਸੀ ਦੀ ਥਾਂ ਵਧੇਰੇ ਸਰੋਦੀ ਜਾਂ ਪ੍ਰਗੀਤਕ (Lyrical) ਹੋਣੀ ਸੀ।

ਡਾ. ਇਕਬਾਲ ਦਾ ਸੁਆਮੀ ਰਾਮ ਦੇ ਪ੍ਰੋਫੈਸਰ ਦੀ ਆਸਾਮੀ ਤੋਂ ਤਿਆਗ-ਪੱਤਰ ਦੇਣ ਬਾਰੇ ਪ੍ਰਤੀਕਰਮ ਵੀ ਕੋਈ ਖ਼ੁਸ਼ੀ ਭਰਿਆ ਨਹੀਂ ਹੈ। ਦੀਵਾਨਗੀ ਦੀ ਹਾਲਤ ਵਿਚ ਹੀ ਸੁਆਮੀ ਰਾਮ ਨੇ ਪ੍ਰਚੰਡ ਸ਼ਬਦਾਂ ਵਿਚ ਲਿਖਿਆ ਸੀ ਕਿ ਬਾਦਸ਼ਾਹ ਰਾਮ ਸਿਵਾਏ ਇਕ ਬਾਦਸ਼ਾਹ ਦੇ ਹੋਰ ਕਿਸੇ ਦਾ ਗ਼ੁਲਾਮ ਨਹੀਂ ਹੋ ਸਕਦਾ। ਮੂਰਖ ਸੈਨੇਟਰ ਇਹ ਕਹਿੰਦੇ ਸਨ ਕਿ ਉਹ ਪਾਗਲ ਹੋ ਗਿਆ ਹੈ, ਪਰ ਡਾ. ਇਕਬਾਲ ਜੋ ਉਸ ਵੇਲੇ ਨੌਜਵਾਨ ਪ੍ਰੋਫੈਸਰ ਸੀ, ਨੇ ਇਹ ਕਹਿ ਕੇ ਉਨ੍ਹਾਂ ਦਾ ਖੰਡਨ ਕੀਤਾ ਸੀ ਕਿ ਜੇ ਤੀਰਥ ਰਾਮ ਪਾਗਲ ਹੋ ਗਿਆ ਹੈ ਤਾਂ ਹੋਰ ਕਿਤੇ ਵੀ ਸੂਝ ਬੂਝ ਬਾਕੀ ਨਹੀਂ ਰਹੀ ਹੈ। ਇਹ ਤਾਂ ਸਪਿਨੋਜ਼ਾ ਵਾਲੀ ਦੀਵਾਨਗੀ ਜਾਂ ਨਬੀ ਵਾਲਾ ਇਲਹਾਮ ਸੀ।

II

ਸੁਆਮੀ ਜੀ ਦੀ ਉਪਰਾਮਤਾ

ਜਦੋਂ ਮੈਂ ਸੁਆਮੀ ਜੀ ਨੂੰ ਜਾਪਾਨ ਵਿਚ ਮਿਲਿਆ ਤਾਂ ਉਨ੍ਹਾਂ ਦਾ ਵਿਅਕਤਿਤਵ ਪ੍ਰਭਾਵਸ਼ਾਲੀ ਅਤੇ ਦੂਜਿਆਂ ਉਤੇ ਉਨ੍ਹਾਂ ਦਾ ਇਕਦਮ ਪ੍ਰਭਾਵ ਪੈਂਦਾ ਸੀ। ਇੰਝ ਕਹਿਣਾ ਚਾਹੀਦਾ ਹੈ ਕਿ ਉਹ ਆਪਣੇ ਸ਼ਰਧਾਲੂਆਂ ਦੇ ਮਨਾਂ ਵਿਚ ਸਮਾ ਜਾਂਦੇ ਸਨ। ਜੇ ਕੋਈ ਜਿਗਿਆਸੂ ਸੱਚੇ ਦਿਲੋਂ ਉਨ੍ਹਾਂ ਦੇ ਸੰਪਰਕ ਵਿਚ ਆ ਕੇ ਇਸ ਗੱਲ ਦੀ ਕਾਮਨਾ ਕਰਦਾ ਤਾਂ ਉਹ ਆਪਣੀ ਪਰਮ-ਚੇਤਨਾ ਦੀ ਉਚਤਾ ਨੂੰ ਉਸ ਅੰਦਰ ਸਿੰਚਤ ਕਰ ਦਿੰਦੇ ਸਨ। ਮੇਰੇ ਆਪਣੇ ਸਬੰਧ ਵਿਚ ਵੀ ਇੰਝ ਹੀ ਹੋਇਆ। ਮੈਂ ਵੇਦਾਂਤ ਅਤੇ ਹਿੰਦੂ ਦਰਸ਼ਨ ਬਾਰੇ ਕੋਈ ਵੀ ਪੁਸਤਕ ਨਹੀਂ ਸੀ ਪੜ੍ਹੀ। ਨਾ ਹੀ ਜਿਹੜੇ ਪ੍ਰਵਚਨ ਆਪ ਕਰਦੇ ਸਨ, ਉਨ੍ਹਾਂ ਦੇ ਮੈਂ ਕੋਈ ਨੋਟ ਲੈਂਦਾ ਸਾਂ ਜਾਂ ਉਨ੍ਹਾਂ ਨੂੰ ਪੂਰੀ ਤਰ੍ਹਾਂ ਸਮਝਦਾ ਸਾਂ। ਮੇਰਾ ਖ਼ਿਆਲ ਹੈ ਕਿ ਜਾਪਾਨ ਵਿਚ ਜਿਵੇਂ ਉਨ੍ਹਾ ਦੇ ਦੂਜੇ ਸਰੋਤਿਆਂ ਨੇ ਆਪ ਦੇ ਮੁਖਾਰਬਿੰਦ ਵਿਚੋਂ ਬੋਲੇ ਵਚਨਾਂ ਨੂੰ ਸਮਝ ਲਿਆ ਸੀ,

ਮੈਨੂੰ ਅਤਿ ਦੀ ਖ਼ੁਸ਼ੀ ਵਿਚ ਉਨ੍ਹਾਂ ਦੀ ਵੀ ਕੋਈ ਸਾਰ ਨਹੀਂ ਸੀ, ਪਰ ਜਦੋਂ ਉਨ੍ਹਾਂ ਦੀ ਚੇਤਨਾ ਦਾ ਮੇਰੀ ਚੇਤਨਾ ਨਾਲ ਸੰਪਰਕ ਹੋਇਆ ਤਾਂ ਉਨ੍ਹਾਂ ਦੀ ਸੰਪੂਰਨਤਾ ਅਤੇ ਪਰਮਾਨੰਦ ਦਾ ਸਮੁਚਾ ਰਹੱਸ ਮੇਰੇ ਅੰਦਰ ਜਾਗਰੂਪ ਹੋ ਗਿਆ। ਇਹ ਇਕ ਛਿਣ ਵਿਚ ਵਾਪਰੀ ਆਤਮ-ਪਰਕ ਦੀਖਿਆ ਦਾ ਹੀ ਕ੍ਰਿਸ਼ਮਾ ਸੀ।

ਅਜਿਹਾ ਹੀ ਇਕ ਹੋਰ ਵਿਅਕਤੀ ਨਾਲ ਵਾਪਰਿਆ। ਅਮਰੀਕਾ ਦੀ ਸੁਆਣੀ ਉਨ੍ਹਾਂ ਦੀ ਸ਼ਿਸ਼ ਮਿਸੇਜ਼ ਵੈਲਮੈਨ ਨੇ ਵੀ ਮੈਨੂੰ ਆਪਣੀ ਕਥਾ ਕੁਝ ਇਸੇ ਤਰ੍ਹਾਂ ਦੀ ਹੀ ਦਸੀ ਸੀ। ਉਨ੍ਹਾਂ ਦੇ ਹਿਰਦੇ ਵਿਚਲੀ ਜਵਾਲਾ ਦੂਜੇ ਹਿਰਦਿਆਂ ਵਿਚ ਉਡ ਕੇ ਉਨ੍ਹਾਂ ਦੇ ਹਿਰਦਿਆਂ ਨੂੰ ਪ੍ਰਜਵਲਤ ਕਰ ਦਿੰਦੀ ਸੀ। ਪਰ ਜਦੋਂ ਮੈਂ ਉਨ੍ਹਾਂ ਨੂੰ ਅਮਰੀਕਾ ਤੋਂ ਪਰਤਣ ਪਿਛੋਂ ਮਥੁਰਾ, ਹਰਦੁਆਰ, ਪੁਸ਼ਕਰ ਅਤੇ ਵਸ਼ਿਸ਼ਟ ਆਸ਼ਰਮ ਵਿਖੇ ਮਿਲਿਆ ਤਾਂ ਉਨ੍ਹਾਂ ਦੇ ਅੰਦਰੋਂ ਉਹ ਪ੍ਰੇਰਨਾ ਜਗਾਊ ਸ਼ਕਤੀ ਅਲੋਪ ਹੋ ਚੁਕੀ ਸੀ ਅਤੇ ਹੁਣ ਉਹ ਇਕ ਫ਼ਕੀਰ ਜਾਂ ਜੀਵਤ ਰਹੱਸਵਾਦੀ ਦੇ ਵਿਪਰੀਤ ਕੇਵਲ ਆਪਣੀ ਚਮਤਕਾਰੀ ਬੌਧਿਕਤਾ ਦੁਆਰਾ ਹੀ ਪ੍ਰਭਾਵਤ ਕਰਦੇ ਸਨ। ਆਪ ਉਸ ਆਤਮਕ ਅਵਸਥਾ ਦੀ ਪ੍ਰਾਪਤੀ ਲਈ ਨਵੀਆਂ ਪੌੜੀਆਂ ਦੀ ਭਾਲ ਵਿਚ ਸਨ। ਉਹ ਉਚੇਰੀ ਦੈਵੀ ਆਵੇਸ਼ ਵਾਲੀ ਪ੍ਰੇਰਨਾ ਸ਼ਕਤੀ, ਜੋ ਮਹਾਪੁਰਸ਼ਾਂ ਵਿਚ ਹੁੰਦੀ ਹੈ, ਜਾ ਚੁਕੀ ਸੀ ਅਤੇ ਉਸ ਦੀ ਥਾਂ ਵਿਚਾਰਾਂ ਅਤੇ ਚਿੰਤਨ ਦੇ ਉਸ ਚਮਤਕਾਰੀ ਰੂਪ ਨੇ ਲੈ ਲਈ ਸੀ ਜੋ ਕਿ ਸਿਖਿਆ ਦੁਆਰਾ ਗ੍ਰਹਿਣ ਕੀਤਾ ਜਾਂਦਾ ਹੈ। ਉਹ ਆਪ ਵੀ ਇਸ ਤੱਥ ਤੋਂ ਜਾਣੂ ਸਨ ਅਤੇ ਇਸ ਦਾ ਉਨ੍ਹਾਂ ਨੂੰ ਤੀਬਰ ਅਨੁਭਵ ਵੀ ਸੀ। ਇਸ ਦੀ ਪੁਨਰ-ਪ੍ਰਾਪਤੀ ਲਈ ਉਹ ਮੁੜ ਮੁੜ ਇਕਾਂਤਵਾਸ ਧਾਰਨ ਕਰਦੇ ਰਹੇ। ਸੁਆਮੀ ਜੀ ਦੇ ਜੀਵਨ ਵਿਚ ਵੀ ਇਹੋ ਕੁਝ ਵਾਪਰਿਆ, ਜੋ ਉਨ੍ਹਾਂ ਨੇ ਬਾਈਬਲ ਦੇ ਆਲੋਚਨਾਤਮਕ ਅਧਿਐਨ ਦੁਆਰਾ ਅਨੁਭਵ ਕੀਤਾ ਸੀ ਕਿ ਹਜ਼ਰਤ ਈਸਾ ਜੀ ਦੇ ਜੀਵਨ ਵਿਚ ਵੀ ਕਿਸੇ ਸਮੇਂ ਇੰਝ ਹੀ ਵਾਪਰਿਆ ਸੀ। ਵਸ਼ਿਸ਼ਟ ਆਸ਼ਰਮ ਵਿਖੇ ਉਨ੍ਹਾਂ ਨੇ ਆਪਣੇ ਪਰਮ ਸ਼ਿਸ਼ ਸੁਆਮੀ ਨਾਰਾਇਣ ਨੂੰ ਵੀ ਦੂਰ ਭੇਜ ਦਿਤਾ ਸੀ ਅਤੇ ਆਪ ਦਾ ਰਸੋਈ ਘਰ ਵੀ ਉਨ੍ਹਾਂ ਦੇ ਆਸ਼ਰਮ ਤੋਂ ਦੋ ਮੀਲ ਦੀ ਦੂਰੀ ਉਤੇ ਸੀ। ਉਨ੍ਹਾਂ ਨੇ ਉਨ੍ਹਾਂ ਸਭ ਵਿਧੀਆਂ ਦਾ ਪ੍ਰਯੋਗ ਕੀਤਾ ਜੋ ਉਹ ਅਜਿਹੇ ਸਮੇਂ ਕਰਦੇ ਹੁੰਦੇ ਸਨ, ਪਰ ਉਨ੍ਹਾਂ ਦੀ ਉਹ ਵਰਤੀ ਜਾ ਚੁਕੀ ਸ਼ਕਤੀ ਵਾਪਸ ਨਹੀਂ ਸੀ ਆ ਰਹੀ। ਤਿਲਕ ਦੇ ਮਤ ਅਵਲੰਬੀਆਂ ਨੇ ਉਨ੍ਹਾਂ ਨੂੰ ਰਾਜਨੀਤੀ ਵਲ ਪ੍ਰੇਰ ਲਿਆ ਸੀ ਅਤੇ ਇਸ ਵਿਚ ਉਨ੍ਹਾਂ ਨੇ ਆਪਣੀ ਸਾਰੀ ਸ਼ਕਤੀ ਲਗਾ ਕੇ ਆਪਣੇ ਆਪ ਨੂੰ ਸਖਣਾ ਕਰ ਲਿਆ। ਦਾਰਜੀਲਿੰਗ ਦੇ ਵਣਾਂ ਵਿਚ ਉਨ੍ਹਾਂ ਦਾ ਜਾਣਾ ਵੀ ਇਸੇ ਸ਼ਕਤੀ ਦੀ ਪੁਨਰ-ਪ੍ਰਾਪਤੀ ਦਾ ਹੀ ਉਪਰਾਲਾ ਸੀ। ਜਦੋਂ ਦਾਰਜੀਲਿੰਗ ਦੇ ਬਣਾਂ ਤੋਂ

ਉਹ ਵਾਪਸ ਪਰਤੇ ਤਾਂ ਉਨ੍ਹਾਂ ਨੇ ਮੈਨੂੰ ਇੰਝ ਦਸਿਆ : "ਰਾਮ ਡੂੰਘੀ ਤੇ ਉਚੇਰੀ ਜੋਗ ਸਮਾਧੀ ਵਿਚ ਮਗਨ ਰਿਹਾ ਹੈ ਅਤੇ ਉਸ ਨੂੰ ਨਿਰਵਿਕਲਪ ਸਮਾਧੀ ਵਿਚ ਹੀ ਇਹ ਸੰਕਲਪ ਉਤਪੰਨ ਹੋਇਆ ਹੈ, ਭਾਰਤ ਨੂੰ ਸੁਤੰਤਰ ਕਰੋ-ਭਾਰਤ ਸੁਤੰਤਰ ਹੋ ਜਾਵੇ-ਭਾਰਤ ਸੁਤੰਤਰ ਹੋ ਜਾਵੇਗਾ। ਸਾਰੇ ਰਾਜਨੀਤਕ ਕਾਰਜ-ਕਰਤਾ ਰਾਮ ਦੇ ਕੇਵਲ ਸਾਧਨਾਂ ਵਜੋਂ ਕੰਮ ਕਰਨਗੇ। ਉਹ ਸਭ ਮੇਰੇ ਹੱਥ ਤੇ ਪੈਰ ਹਨ। ਰਾਮ ਉਨ੍ਹਾਂ ਸਭ ਦੇ ਪਿਛੋਕੜ ਵਿਚ ਬੈਠਾ ਹੈ।" ਸੁਆਮੀ ਰਾਮ ਦਾ ਇਹ ਸੰਕਲਪ ਭਾਵੇਂ ਕਿਤਨਾ ਵੀ ਰੌਚਿਕ ਕਿਉਂ ਨਾ ਹੋਵੇ, ਇਹ ਪ੍ਰਤਖ ਰੂਪ ਵਿਚ ਇਸ ਗੱਲ ਵਲ ਸੰਕੇਤ ਕਰਦਾ ਹੈ ਕਿ ਅਮਰੀਕਾ ਤੋਂ ਪਰਤਣ ਪਿਛੋਂ ਸੁਆਮੀ ਰਾਮ 'ਕਿਥੋਂ' 'ਕਿਥੇ' ਪਹੁੰਚ ਗਏ ਸਨ। ਸਮਾਧੀ ਦੀ ਅਵਸਥਾ ਵਿਚ ਵੀ ਭਾਰਤ ਹੀ ਉਨ੍ਹਾਂ ਦੇ ਮਨ ਨੂੰ ਮਲੀ ਬੈਠਾ ਸੀ। ਪਰ ਜਦੋਂ ਮੈਂ ਉਨ੍ਹਾਂ ਨੂੰ ਜਾਪਾਨ ਵਿਚ ਮਿਲਿਆ ਸਾਂ ਤਾਂ ਉਸ ਸਮੇਂ ਉਨ੍ਹਾਂ ਦੀ ਅਜਿਹੀ ਅਵਸਥਾ ਨਹੀਂ ਸੀ। ਸੰਵੇਦਨਸ਼ੀਲ ਹੋਣ ਕਾਰਣ ਇਕ ਫਕੀਰ ਆਤਮਵਾਦੀ ਦੇਸ਼ਭਗਤੀ ਦੇ ਵਿਚਾਰਾਂ ਵਿਚ ਗੁੰਮ ਗਿਆ, ਸੰਨਿਆਸੀ ਜੀਵਨ ਦੀ ਇਹ ਅਨੰਦਮਈ ਅਵਸਥਾ ਰਾਜਨੀਤਕ ਪ੍ਰਚਾਰ ਵਿਚ ਗੁਆਚ ਗਈ ਅਤੇ ਇਸ ਅਨੰਦਮਈ ਚੇਤਨਾ ਦੁਆਰਾ ਹੀ ਉਨ੍ਹਾਂ ਨੇ ਭਾਰਤ ਦੀ ਰਾਜਨੀਤੀ ਬਾਰੇ ਸੰਸਾਰ ਨੂੰ ਜਾਣੂੰ ਕਰਵਾਇਆ। ਕਿਉਂਜੋ ਸੁਆਮੀ ਜੀ ਆਪਣੇ ਸੁਭਾਅ ਵਜੋਂ ਸੰਸਾਰਮੁਖੀ ਨਹੀਂ ਸਨ ਅਤੇ ਆਤਮਵਾਦੀ ਸਨ, ਇਸ ਲਈ ਉਨ੍ਹਾਂ ਨੂੰ ਨਿਮਨ ਕੋਟੀ ਦੇ ਰਾਜਨੀਤਕ ਮਨੋਰਥਾਂ ਲਈ ਵਰਤਣਾ ਜੋਗ ਨਹੀਂ ਸੀ।

ਆਪ ਨੇ ਮੈਨੂੰ ਇਕ ਵਾਰ ਦਸਿਆ ਸੀ: "ਰਾਮ ਕਿਸੇ ਹੋਰ ਵਿਸ਼ੇ ਵਿਚ ਉਲਝਣਾ ਨਹੀਂ ਚਾਹੁੰਦਾ, ਕਿਉਂਜੋ ਅਜਿਹਾ ਕਰਨਾ ਉਸ ਨੂੰ ਆਪ ਸੁਖਾਉਂਦਾ ਨਹੀਂ ਹੈ। ਪਰ ਪੂਨੇ ਦੇ ਮਿਸਟਰ ਵੀ. ਜੀ. ਜੋਸ਼ੀ ਨੇ, ਜੋ ਉਨ੍ਹਾਂ ਦਾ ਸਾਨਫਰਾਂਸਿਸਕੋ ਵਿਖੇ ਕੁਝ ਸਮੇਂ ਲਈ ਸਕੱਤਰ ਰਿਹਾ, ਨੇ ਉਨ੍ਹਾਂ ਨੂੰ ਭਾਰਤ ਲਈ ਅਜਿਹਾ ਕਰਨ ਲਈ ਪ੍ਰੇਰ ਲਿਆ।" ਇੰਝ ਉਨ੍ਹਾਂ ਨੇ ਮੈਨੂੰ ਆਪਣੇ ਅੰਦਰਲੇ ਮਨ ਦੀ ਗੱਲ ਤੋਂ ਸੰਕੇਤ ਮਾਤਰ ਜਾਣੂੰ ਕਰਵਾ ਦਿਤਾ ਕਿ ਕਿਵੇਂ ਤਿਲਕ ਮਤ ਅਵਲੰਬੀਆਂ ਨੇ ਉਨ੍ਹਾਂ ਨੂੰ ਆਪਣਾ ਪੱਖੀ ਬਣਾ ਲਿਆ ਸੀ। ਅਮਰੀਕਾ ਵਾਸੀਆਂ ਨੂੰ ਕੀਤੀ ਗਈ ਉਨ੍ਹਾਂ ਦੀ ਅਪੀਲ ਅਤੇ ਉਨ੍ਹਾਂ ਦੀ ਵਿਚਾਰਧਾਰਾ ਵਿਚ ਸ਼ਬਦ ਭਾਰਤ ਦਾ ਵਾਧਾ ਉਨ੍ਹਾਂ ਦੇ ਚਿੰਤਨ ਦੀ ਸਭ ਤੋਂ ਕਮਜ਼ੋਰ ਕੜੀ ਹੈ। ਇਹ ਉਨ੍ਹਾਂ ਦੇ ਆਪਣੇ ਮੌਲਿਕ ਚਿੰਤਨ ਦਾ ਅੰਗ ਨਹੀਂ ਸੀ ਸਗੋਂ ਇਕ ਤਰ੍ਹਾਂ ਦਾ ਢੁਕਿਆ ਅਤੇ ਪਿਛੋਂ ਸੋਚਿਆ ਹੋਇਆ ਵਿਚਾਰ ਸੀ। ਜਦੋਂ ਅਮਰੀਕਨ ਲੋਕਾਂ ਨੇ ਇਹ ਇੱਛਾ ਪ੍ਰਗਟ ਕੀਤੀ ਕਿ ਉਨ੍ਹਾਂ ਨੂੰ ਭਾਰਤੀ ਵਿਦਿਆਰਥੀਆਂ ਦੀ ਸਹਾਇਤਾ ਯੋਜਨਾ ਵਿਚ ਆਪ ਅਗੇ ਆ ਕੇ ਅਗਵਾਈ

ਕਰਨੀ ਚਾਹੀਦੀ ਹੈ ਤਾਂ ਆਪ ਪੂਰੀ ਤਰ੍ਹਾਂ ਨਿਰਲੇਪ ਹੋ ਗਏ ਅਤੇ ਕਹਿਣ ਲਗੇ ਕਿ ਮੈਂ ਕਿਸੇ ਵੀ ਮਾਇਕ ਕਾਰਜ ਵਿਚ ਨਹੀਂ ਆਉਣਾ ਚਾਹੁੰਦਾ, ਨਾ ਹੀ ਸੋਨੇ ਜਾਂ ਨਕਦੀ ਨੂੰ ਛੂਹਣਾ ਚਾਹੁੰਦਾ ਹਾਂ। ਇਸੇ ਕਾਰਣ ਇਹ ਯੋਜਨਾ ਸਫਲ ਨਾ ਹੋ ਸਕੀ, ਕਿਉਂਜੋ ਅਮਰੀਕਨ ਲੋਕ ਕਿਵੇਂ ਸੁਆਮੀ ਜੀ ਦੀ ਉਲੀਕੀ ਹੋਈ ਉਸ ਯੋਜਨਾ ਨੂੰ ਬਹੁਤਾ ਚਿਰ ਲਈ ਜਿਉਂਦੀ ਰਖ ਸਕਦੇ ਸਨ, ਜਿਸ ਵਿਚੋਂ ਕਿ ਸੁਆਮੀ ਜੀ ਨੇ ਆਪਣਾ ਹੱਥ ਪਿਛੇ ਸਰਕਾ ਲਿਆ ਸੀ?

ਉਹ ਉਸ ਸਮੇਂ ਵੀ ਬੜੇ ਨਿਰਾਸ਼ ਹੋ ਗਏ ਸਨ ਜਦੋਂ ਬਨਾਰਸ ਵਿਖੇ ਪੰਡਤਾਂ ਨੇ ਉਨ੍ਹਾਂ ਨੂੰ ਤਾਅਨਾ ਮਾਰਿਆ ਸੀ ਕਿ ਉਨ੍ਹਾਂ ਨੂੰ ਸੰਸਕ੍ਰਿਤ ਨਹੀਂ ਆਉਂਦੀ। ਇਸੇ ਨਿਜੀ ਸਖਣੇਪਣ ਦਾ ਆਭਾਸ ਉਸ ਸਮੇਂ ਵੀ ਹੁੰਦਾ ਹੈ, ਜਦੋਂ ਕਿ ਆਪਣੇ ਜੀਵਨ ਦੀ ਪ੍ਰੌਢ ਆਯੂ ਵਿਚ ਉਹ ਸੰਸਕ੍ਰਿਤ ਦੇ ਪਠਨ ਪਾਠਨ ਦੀ ਗੱਲ ਕਰਨ ਲਗ ਪਏ ਸਨ। ਪਰ ਜੇ ਉਹ ਜਿਵੇਂ ਕਿ ਮੈਂ ਉਨ੍ਹਾਂ ਨੂੰ ਜਾਪਾਨ ਵਿਚ ਟੋਕੀਓ ਵਿਖੇ ਵੇਖਿਆ ਹੈ, ਜੇ ਉਹ ਉਸੇ ਪਰਮਾਨੰਦ ਦੇ ਅਨੁਭਵ ਵਿਚ ਰੱਤੇ ਸੰਨਿਆਸੀ ਹੁੰਦੇ ਤਾਂ ਹਜ਼ਾਰਾਂ ਬਨਾਰਸੀ ਪੰਡਤ ਉਨ੍ਹਾਂ ਤੋਂ ਅਥਾਹ ਪ੍ਰੇਰਨਾ ਲੈ ਸਕਦੇ ਸਨ। ਪਰ ਪੰਡਤਾਂ ਦਾ ਕਿਹਾ ਹੋਇਆ ਇਹ ਇਕੋ ਸ਼ਬਦ ਹੀ ਉਨ੍ਹਾਂ ਨੂੰ ਮਾਰ ਦੇਣ ਲਈ ਕਾਫ਼ੀ ਸੀ, ਕਿਉਂਜੋ ਆਪ ਨੇ ਆਪਣੇ ਉਸ ਬ੍ਰਹਮਾਨੰਦ ਦੇ ਅਨੁਭਵ ਨੂੰ ਜਿਗਿਆਸੂ ਲੋਕਾਂ ਵਿਚ ਦੋਹੀਂ ਦੋਹੀਂ ਹਥੀਂ ਲੁਟਾ ਦਿਤਾ ਸੀ। ਆਤਮਾ ਲਈ ਤਾਂ ਇਹ ਸੰਸਾਰ "ਮ੍ਰਿਤਕ" ਸਮਾਨ ਹੈ। ਪਰ ਜਦੋਂ ਸਜਿੰਦ ਆਤਮਾਵਾਂ ਜਨਮ ਧਾਰਦੀਆਂ ਹਨ ਤਾਂ ਉਹ ਕੁਝ ਇਕ ਨੂੰ ਤਾਂ ਜੀ-ਦਾਨ ਦੇ ਕੇ ਸੁਰਜੀਤ ਕਰ ਲੈਂਦੀਆਂ ਹਨ, ਪਰ ਫਿਰ ਆਪ ਨਿਰਜਿੰਦ ਹੋ ਜਾਂਦੀਆਂ ਹਨ। ਇਥੋਂ ਤਕ ਕਿ ਸ਼ੰਕਰਾਚਾਰੀਆ ਨੂੰ ਵੀ ਸੰਸਾਰ ਦੀਆਂ ਇਨ੍ਹਾਂ ਮੁਰਦਾ ਲੋਥਾਂ ਉਤੇ ਦਿਗਵਿਜੈ ਪ੍ਰਾਪਤ ਕਰਨ ਲਈ ਕਾਫ਼ੀ ਵੱਡਾ ਮੁਲ ਤਾਰਨਾ ਪਿਆ ਸੀ।

"ਕਿਸ ਨੇ ਮੈਨੂੰ ਛੋਹਿਆ ਹੈ ਕਿ ਮੇਰੀ ਸ਼ਕਤੀ ਖੀਣ ਹੋ ਗਈ ਹੈ" ਇਹ ਵਾਕ ਹਜ਼ਰਤ ਈਸਾ ਨੂੰ ਵੀ ਕਹਿਣੇ ਪਏ ਸਨ। ਇਹ ਇਕ ਅਟਲ ਸਚਾਈ ਹੈ ਅਤੇ ਜਿਹੜੇ ਵੀ ਪ੍ਰਭੂ-ਰੱਤੇ ਜਿਉੜੇ ਹਨ, ਉਨ੍ਹਾਂ ਨੂੰ ਇਸ ਦੇ ਮੁਲ ਦਾ ਪਤਾ ਹੈ।

ਸੁਆਮੀ ਰਾਮ ਸਾਨੂੰ ਇਸ ਗੱਲ ਬਾਰੇ ਵਿਸਥਾਰ ਨਾਲ ਦਸਦੇ ਰਹੇ ਹਨ ਕਿ ਪ੍ਰਭੂ-ਚੇਤਨਾ ਕਿਵੇਂ ਚੜ੍ਹਦੀ ਲਹਿੰਦੀ ਰਹਿੰਦੀ ਹੈ ਅਤੇ ਇਸ ਸਬੰਧ ਵਿਚ ਉਹ ਹਜ਼ਰਤ ਈਸਾ ਦਾ ਦ੍ਰਿਸ਼ਟਾਂਤ ਹੀ ਦਿਆ ਕਰਦੇ ਸਨ। ਆਪ ਸੁਆਮੀ ਜੀ ਇਕ ਪੁਜੇ ਹੋਏ ਫ਼ਕੀਰ (ਰਹੱਸਵਾਦੀ) ਵੀ ਸਨ ਅਤੇ ਇਕ ਨਿਪੁੰਨ ਗਣਿਤ ਵਿਗਿਆਨੀ ਵੀ-ਇਸ ਲਈ ਮੇਰਾ ਵਿਚਾਰ ਹੈ ਕਿ ਉਨ੍ਹਾਂ ਨੂੰ ਇਸ ਗੱਲ ਦਾ ਪੂਰਾ ਪੂਰਾ ਗਿਆਨ ਸੀ ਕਿ ਪ੍ਰਭੂ ਚੇਤਨਾ ਤੋਂ ਵਿਹੂਣੇ ਹੋਣ ਤੋਂ ਕੀ ਭਾਵ ਹੋ ਸਕਦਾ ਹੈ।

ਸੁਆਮੀ ਰਾਮ ਨੇ ਇਸ ਖੁੱਸੀ ਹੋਈ ਵੱਥ ਦੀ ਪੁਨਰ-ਪ੍ਰਾਪਤੀ ਲਈ ਬੜੇ ਸੰਵੇਦਨਸ਼ੀਲ ਯਤਨ ਕੀਤੇ, ਪਰ ਇੰਝ ਪ੍ਰਤੀਤ ਹੁੰਦਾ ਹੈ ਕਿ ਉਨ੍ਹਾਂ ਦੇ ਅੰਦਰਲੇ ਦਾਰਸ਼ਨਿਕ ਨੇ ਉਨ੍ਹਾਂ ਦੇ ਫ਼ਕੀਰੀ ਗੁਣ ਉੱਤੇ ਗਲਬਾ ਪਾ ਲਿਆ ਹੋਇਆ ਸੀ ਅਤੇ ਉਹ ਉਸ ਗੁਲਾਬ ਦੀ ਤਾਲ ਕਰਦੇ ਕਰਦੇ ਹੀ ਪਰਲੋਕ-ਗਮਨ ਕਰ ਗਏ, ਜਿਸ ਦੀ ਕੁਦਰਤੀ ਸੁਗੰਧੀ ਨੇ ਉਨ੍ਹਾਂ ਦੇ ਜੀਵਨ ਨੂੰ ਭਰਪੂਰ ਕਰੀ ਰੱਖਿਆ ਸੀ। ਇਹ ਬੜੇ ਦੁੱਖ ਦੀ ਗੱਲ ਹੈ ਕਿ ਉਨ੍ਹਾਂ ਨੂੰ ਆਪਣੇ ਤੋਂ ਵੱਡਾ ਕੋਈ ਵੀ ਪ੍ਰਭੂ ਚੇਤਨਾ ਵਾਲਾ ਬ੍ਰਹਮਵੇਤਾ ਦ੍ਰਿਸ਼ਟੀਗੋਚਰ ਨਹੀਂ ਹੋਇਆ, ਜੋ ਉਨ੍ਹਾਂ ਦੀ ਆਤਮਕ ਸੁਰਤ ਨੂੰ ਮੁੜ ਜਗਾ ਸਕਦਾ ਸੀ, ਕਿਉਂਜੋ ਆਪਣੇ ਤੋਂ ਵੱਡਾ ਮਹਾਂਪੁਰਸ਼ ਉਨ੍ਹਾਂ ਨੂੰ ਕਦੀ ਮਿਲਿਆ ਹੀ ਨਹੀਂ ਸੀ। ਭਾਰਤ ਵਿਚ ਉਸ ਸਮੇਂ ਵੀ ਅਜਿਹੇ ਉਚੀ ਸੁਰਤ ਵਾਲੇ ਮਹਾਂਪੁਰਸ਼ ਮੌਜੂਦ ਸਨ, ਜੋ ਸੁਆਮੀ ਜੀ ਦੀ, ਜੇ ਉਹ ਚਾਹੁੰਦੇ ਤਾਂ ਇਸ ਦਿਸ਼ਾ ਵਿਚ ਸਹਾਇਤਾ ਕਰ ਸਕਦੇ ਸਨ।

ਜਿਹੜੇ ਵਿਅਕਤੀ ਉਨ੍ਹਾਂ ਨੂੰ ਉਨ੍ਹਾਂ ਦੇ ਅੰਤਲੇ ਇਕਾਂਤਵਾਸਾਂ ਵਿਚ ਮਿਲਣ ਲਈ ਗਏ, ਉਹ ਮੇਰੇ ਵਰਗੇ ਛੋਟੀ ਆਯੂ ਦੇ ਅਲ੍ਹੜ ਲੋਕ ਸਨ, ਜੋ ਇਕ ਸੰਤ ਪੁਰਸ਼ ਅਤੇ ਇਕ ਰਹੱਸਵਾਦੀ ਦੀ ਸਜਿੰਦ ਸੁਰਤ ਦੇ ਉਤਰਾਵਾਂ ਚੜ੍ਹਾਵਾਂ ਤੋਂ ਅਗਿਆਤ ਸਨ। ਉਹ ਤਾਂ ਉਨ੍ਹਾਂ ਦੇ ਮੂਕ ਰੂਪ ਦੇ ਪ੍ਰਸ਼ੰਸਕ ਸਨ। ਅਸੀਂ ਉਨ੍ਹਾਂ ਦੇ ਹੁਕਮਾਂ ਦੀ ਪਾਲਣਾ ਤਾਂ ਕਰ ਦਿੰਦੇ ਸਾਂ ਅਤੇ ਉਨ੍ਹਾਂ ਦੇ ਆਦੇਸ਼ ਅਨੁਸਾਰ "ਮੈਂ ਪ੍ਰਭੂ ਹਾਂ"-"ਮੈਂ ਪ੍ਰਭੂ ਹਾਂ" ਸ਼ਿਵਮ! ਸ਼ਿਵਮ! ਦੇ ਮੰਤਰਾਂ ਨੂੰ ਬਿਨਾਂ ਡੂੰਘੀ ਸਮਝ ਦੇ ਰਟੀ ਤੇ ਦੁਹਰਾਈ ਜਾਂਦੇ ਸਾਂ। ਉਨ੍ਹਾਂ ਦਾ ਸ਼ਿਸ਼ ਸੁਆਮੀ ਨਾਰਾਇਣ ਉਨ੍ਹਾਂ ਨੂੰ ਇਕ ਮਨੁੱਖ ਦੇ ਤੌਰ ਤੇ ਵੀ ਜਾਣਦਾ ਸੀ ਅਤੇ ਕਈ ਵਾਰ ਉਹ ਦਲੇਰੀ ਕਰਕੇ ਉਨ੍ਹਾਂ ਨਾਲ ਤਰਕ ਵੀ ਕਰਨ ਲਗ ਪੈਂਦਾ ਸੀ ਕਿ ਉਨ੍ਹਾਂ ਦੀ ਅੰਤਰੀਵ ਉਪਰਾਮਤਾ ਦਾ ਅਸਲੀ ਕਾਰਣ ਤਾਂ ਉਨ੍ਹਾਂ ਦੀ ਸਰੀਰਕ ਬਿਮਾਰੀ ਵਿਚ ਛਿਪਿਆ ਹੋਇਆ ਹੈ, ਉਹ ਸੁਆਮੀ ਜੀ ਨਾਲ ਲੰਮੀ ਬਹਿਸ ਵੀ ਕਰ ਲੈਂਦਾ ਸੀ, ਜਿਸ ਨਾਲ ਕਈ ਵਾਰ ਉਹ "ਦੁਖੀ" ਵੀ ਹੋ ਜਾਂਦੇ ਸਨ। ਨਾਂ ਮੈਨੂੰ ਨਾ ਉਸ (ਸੁਆਮੀ ਨਾਰਾਇਣ) ਨੂੰ ਉਹ ਆਪਣੇ ਇਸ ਅੰਦਰਲੇ ਸੰਘਰਸ਼ ਬਾਰੇ ਕੁਝ ਦਸਦੇ ਸਨ। ਪਰ ਸੁਆਮੀ ਨਾਰਾਇਣ ਵਰਗਾ ਇਕ ਸ਼ਰਧਾਵਾਨ ਅਤੇ ਜੀਵਨ ਭਰ ਦਾ ਸਾਥੀ ਸ਼ਿਸ਼ ਇਸ ਤੱਥ ਤੋਂ ਭਲੀ ਪ੍ਰਕਾਰ ਜਾਣੂੰ ਸੀ ਅਤੇ ਕਈ ਵਾਰ ਉਹ ਪਿਆਰ ਹੀ ਪਿਆਰ ਵਿਚ ਗੱਲਾਂ ਸਾਫ਼ ਸਾਫ਼ ਉਨ੍ਹਾਂ ਨੂੰ ਕਹਿ ਵੀ ਦਿੰਦਾ ਹੁੰਦਾ ਸੀ ਅਤੇ ਕਈ ਵਾਰ ਤਾਂ ਕਠੋਰ ਰੂਪ ਦੀ ਆਲੋਚਨਾ ਵੀ ਕਰ ਦਿੰਦਾ ਸੀ। ਸੁਆਮੀ ਜੀ ਉਸ ਦੇ ਇਸ ਤਰਕ ਨੂੰ ਇੰਝ ਮਹਿਸੂਸ ਕਰਦੇ ਸਨ ਅਤੇ ਉਸ ਤੇ ਇਸ ਤਰ੍ਹਾਂ ਦੁਖੀ ਹੋ ਜਾਂਦੇ ਸਨ, ਜਿਵੇਂ ਇਕ ਕੋਮਲ

ਫੁੱਲ ਉਤੇ ਇਕ ਮਧੂਮਖੀ ਆ ਕੇ ਭਿਣਭਿਣਾਉਣ ਲਗ ਪੈਂਦੀ ਹੈ। ਮੈਂ ਆਪ ਸੁਆਮੀ ਨਾਰਾਇਣ ਨੂੰ ਕਈ ਵਾਰ ਚਿੜਾਉਂਦੇ ਹੋਏ ਦੇਖਿਆ ਹੈ, ਜਦੋਂ ਕਿ ਮੈਂ, ਸੁਆਮੀ ਰਾਮ, ਸੁਆਮੀ ਨਾਰਾਇਣ ਅਤੇ ਹੋਰ ਸੁਆਮੀ ਜੀ ਨੂੰ ਬੁੱਢਾ ਕੇਦਾਰ ਦੀ ਹਿਮ ਖੰਡ ਯਾਤਰਾ ਉਤੇ ਨਾ ਜਾਣ ਲਈ ਕਹਿ ਰਹੇ ਸਾਂ। ਪਰ ਇਹ ਗੱਲਾਂ ਉਨ੍ਹਾਂ ਦੇ ਆਰੰਭਿਕ ਜੀਵਨ ਸਮੇਂ ਸੰਭਵ ਨਹੀਂ ਸਨ। ਮੈਨੂੰ ਇਸ ਗੱਲ ਦਾ ਵੀ ਪਤਾ ਹੈ, ਜਦੋਂ ਟੋਕੀਓ ਵਿਖੇ ਸੁਆਮੀ ਰਾਮ ਨੇ ਨਾਰਾਇਣ ਨੂੰ ਕਹਿ ਦਿਤਾ ਸੀ ਕਿ ਉਹ ਉਨ੍ਹਾਂ ਵਾਂਗ ਇਕੱਲਾ ਹੀ ਸੰਸਾਰ ਯਾਤਰਾ ਉਤੇ ਜਾਵੇ! ਸੁਆਮੀ ਨਾਰਾਇਣ ਨੂੰ ਅਮਰੀਕਾ ਨਾਲ ਲਿਜਾਣ ਬਾਰੇ ਮੇਰੇ ਵਲੋਂ ਸੁਆਮੀ ਰਾਮ ਨੂੰ ਕੀਤੀਆਂ ਗਈਆਂ ਬੇਨਤੀਆਂ ਦਾ ਵੀ ਕੋਈ ਅਸਰ ਨਹੀਂ ਸੀ ਹੋਇਆ। ਸੁਆਮੀ ਨਾਰਾਇਣ ਨੂੰ ਇਸ ਸਮੇਂ ਵੱਡੀ ਨਿਰਾਸਤਾ ਹੋਈ, ਪਰ ਉਸ ਨੇ ਸੁਆਮੀ ਜੀ ਦੇ ਇਨ੍ਹਾਂ ਬਚਨਾਂ ਨੂੰ ਪ੍ਰਭੂ ਬਚਨ ਕਰਕੇ ਜਾਤਾ, ਉਨ੍ਹਾਂ ਅਗੇ ਨਮਸਕਾਰ ਕੀਤੀ ਅਤੇ ਉਨ੍ਹਾਂ ਨੂੰ ਚੁੰਮਿਆ। ਸੁਆਮੀ ਨਾਰਾਇਣ ਅਤੇ ਸੁਆਮੀ ਰਾਮ ਤੀਰਥ ਵਿਚਕਾਰ ਜੋ ਮਤਭੇਦ ਸਨ, ਉਹ ਸੁਆਮੀ ਨਾਰਾਇਣ ਦੇ ਉਨ੍ਹਾਂ ਪ੍ਰਤੀ ਅਚੇਤ ਪ੍ਰੇਮ ਦੀ ਨਿਰਾਸ਼ਾ ਵਿਚੋਂ ਉਤਪੰਨ ਹੋਏ ਸਨ, ਕਿਉਂਜੋ ਸੁਆਮੀ ਨਾਰਾਇਣ ਨੂੰ ਉਨ੍ਹਾਂ ਦਾ ਸਰੀਰਕ ਬਲ ਖੀਣ ਹੁੰਦਾ ਦਿਖਾਈ ਦੇ ਰਿਹਾ ਸੀ। ਇਹ ਇਸ ਪ੍ਰੇਮ ਦੀ ਤੀਬਰਤਾ ਵਿਚੋਂ ਉਤਪੰਨ ਹੋਇਆ ਹੀ ਕੌੜਾ ਮਤਭੇਦ ਸੀ।

ਮੈਂ ਇਹ ਨਿਸ਼ਚੇ ਨਾਲ ਕਹਿ ਸਕਦਾ ਹਾਂ ਕਿ ਸੁਆਮੀ ਨਾਰਾਇਣ ਜੀਵਨ ਭਰ ਸੁਆਮੀ ਰਾਮ ਤੀਰਥ ਦੇ ਅਨਿਨ ਸ਼ਰਧਾਲੂ ਰਹੇ ਹਨ ਅਤੇ ਇਥੋਂ ਤਕ ਕਿ ਜੇ ਪ੍ਰਾਣ ਨਿਛਾਵਰ ਕਰਨ ਨਾਲ ਵੀ ਸੁਆਮੀ ਜੀ ਦੀ ਸੇਵਾ ਹੋ ਸਕਦੀ ਤਾਂ ਸੁਆਮੀ ਨਾਰਾਇਣ ਨੂੰ ਇਸ ਉਤੇ ਵੀ ਕੋਈ ਇਤਰਾਜ਼ ਨਹੀਂ ਸੀ, ਉਹ ਇਸ ਗੱਲ ਲਈ ਵੀ ਤਿਆਰ ਸੀ। ਇਹ ਆਪਣੇ ਆਪ ਵਿਚ ਹੀ ਇਕ ਬਹੁਤ ਵੱਡੀ ਪ੍ਰਾਪਤੀ ਸੀ। ਇਹ ਇਸ ਦੀ ਨਿਰੰਤਰਤਾ ਅਤੇ ਇਕਸਾਰਤਾ ਸੁਆਮੀ ਨਾਰਾਇਣ ਦੇ ਇਸ ਸਬੰਧ ਵਿਚ ਧਰਮ-ਪ੍ਰਾਇਣ ਹੋਣ ਦੀ ਸੂਚਕ ਹੈ। ਪਰ ਇਸ ਗੱਲ ਤੋਂ ਵੀ ਇਨਕਾਰ ਨਹੀਂ ਹੈ ਕਿ ਵਸ਼ਿਸ਼ਟ ਆਸ਼ਰਮ ਵਿਖੇ ਸੁਆਮੀ ਨਾਰਾਇਣ ਦਾ ਔਸ਼ਧੀਆਂ ਬਾਰੇ ਨਵੀਨ ਵਿਗਿਆਨਕ ਬੋਧ ਸੁਆਮੀ ਰਾਮ ਨੂੰ ਵੀ ਮੁਕਤ ਕਰਨ ਲਈ ਤਿਆਰ ਨਹੀਂ ਸੀ, ਜਦੋਂ ਕਿ ਅਸਲੀਅਤ ਇਹ ਸੀ ਕਿ ਸੁਆਮੀ ਰਾਮ ਆਪਣੀ ਸਥਾਈ ਰੂਪ ਦੀ ਬਦਹਜ਼ਮੀ ਨੂੰ ਦੈਵੀ ਲਿਵਲੀਨਤਾ ਨਾਲ ਜੋੜ ਦਿੰਦੇ ਸਨ। ਸੁਆਮੀ ਨਾਰਾਇਣ ਹੋਰਾਂ ਦੀ ਪਛਾਣ ਕਰ ਸਕਣ ਵਿਚ ਠੀਕ ਸੀ ਕਿ ਸੁਆਮੀ ਰਾਮ ਸਰੀਰਕ ਤੌਰ ਤੇ ਅਰੋਗ ਨਹੀਂ ਸਨ, ਪਰ ਅਸਲ ਵਿਚ ਇਹ ਸਭ ਕੁਝ ਉਸ ਪੁਰਾਣੇ ਸਮੇਂ ਦੀ ਅਨੰਦਮਈ ਅਵਸਥਾ ਤੋਂ ਵਿਛੁੰਨੇ ਜਾਣ ਕਾਰਣ ਸੀ। ਜਿਸ ਨੂੰ ਸਾਡੇ ਵਰਗੇ ਛੋਕਰੇ ਰਹੱਸਵਾਦੀ

ਅਵਸਥਾ ਦਾ ਸਿਖ਼ਰ ਮੰਨਦੇ ਸਨ, ਉਹ ਇਕ ਸਰੀਰਕ ਰੋਗ ਦੇ ਕਾਰਣ ਆਤਮਾ ਵਿਚ ਉਤਪੰਨ ਹੋਈ ਸੁਸਤੀ ਦੇ ਕਾਰਣ ਸੀ। ਸੁਆਮੀ ਨਾਰਾਇਣ ਇਸ ਸਰੀਰਕ ਰੋਗ ਨੂੰ ਉਪਚਾਰ ਦੁਆਰਾ ਠੀਕ ਕਰਨਾ ਚਾਹੁੰਦੇ ਸਨ, ਪਰ ਉਸ ਨੂੰ ਅਸਮਰਥ ਬਣਾ ਦਿਤਾ ਗਿਆ ਸੀ। ਸੁਆਮੀ ਰਾਮ ਨੇ ਹੁਕਮ ਕਰ ਦਿਤਾ ਸੀ ਕਿ ਸੁਆਮੀ ਨਾਰਾਇਣ ਉਨ੍ਹਾਂ ਤੋ ਪੰਦਰਾਂ ਮੀਲ ਦੀ ਦੂਰੀ ਉਤੇ ਰਹਿਣ ਅਤੇ ਉਦੋਂ ਹੀ ਉਨ੍ਹਾਂ ਕੋਲ ਆਉਣ ਜਦੋਂ ਉਹ ਉਨ੍ਹਾਂ ਨੂੰ ਬੁਲਾਉਣ।

ਅਫ਼ਸੋਸ! ਇਹ ਗੱਲ ਕਿੱਡੇ ਦੁੱਖ ਵਾਲੀ ਸੀ ਕਿ ਉਨ੍ਹਾਂ ਦਾ ਆਤਮਕ ਮਿਤਰ ਕੋਈ ਨਹੀਂ ਸੀ, ਜੋ ਉਨ੍ਹਾਂ ਦੇ ਖੁੱਸ ਚੁਕੇ ਆਤਮਕ ਬਲ ਨੂੰ ਥੰਮੀ ਦੇ ਕੇ ਮੁੜ ਉਛਾਲੇ ਵਿਚ ਲੈ ਆਉਂਦਾ। ਅਸੀਂ ਉਨ੍ਹਾਂ ਦੇ ਵਿਸ਼ਵਾਸ ਪਾਤਰ ਨਹੀਂ ਸਾਂ ਬਣ ਸਕੇ। ਸਾਡਾ ਸੁਆਮੀ ਜੀ ਨੂੰ ਕੀ ਲਾਭ ਸੀ?

ਸਾਰੰਸ਼ ਵਜੋ, ਮੈਂ ਕਹਿ ਸਕਦਾ ਹਾਂ ਕਿ ਤੇਤੀ ਸਾਲਾਂ ਦਾ ਸੁਆਮੀ ਰਾਮ ਤੀਰਥ ਦਾ ਛੋਟਾ ਪਰ ਤਾਰੇ ਦੇ ਟੁਟਣ ਵਾਂਗ ਚੁੰਧਿਆ ਦੇਣ ਵਾਲਾ ਸੰਖੇਪ ਜੀਵਨ ਉਨ੍ਹਾਂ ਮਹਾਨ ਆਤਮਾਵਾਂ ਦੇ ਦੁਖਾਂਤ ਦੀ ਕਥਾ ਹੈ, ਜੋ ਸੰਸਾਰ ਨੂੰ ਉਚਾ ਚੁਕਣ ਲਈ ਆਪ ਕਸ਼ਟ ਝਲਦੇ ਹਨ ਅਤੇ ਇਹ ਆਤਮਾਵਾਂ ਦੁਨੀਆਂ ਦੇ ਦੁਖਾਂ ਤੇ ਗ਼ਮਾਂ ਨੂੰ ਆਪਣੀ ਖ਼ੁਸ਼ੀ ਨਾਲ ਵਟਾ ਲੈਂਦੀਆਂ ਹਨ। ਸੰਸਾਰ ਦੀ ਭਲਾਈ ਲਈ ਇਹ ਕਿਸੇ ਇਕ ਹੋਰ ਮਹਾਂ ਪੁਰਖ ਦੀ ਸੂਲੀ ਉਤੇ ਚੜ੍ਹ ਜਾਣ ਦੀ ਕਥਾ ਹੈ। ਹਜ਼ਾਰਾਂ ਤਿਲਕ ਅਤੇ ਗਾਂਧੀ ਸੰਸਾਰ ਦੇ ਭਲੇ ਲਈ ਕੰਮ ਕਰਦੇ ਹਨ ਅਤੇ ਹੋਰ ਕੰਮ ਕਰਨ ਵਿਚ ਹੋਰ ਵੀ ਖ਼ੁਸ਼ੀ ਅਨੁਭਵ ਕਰਦੇ ਹਨ ਕਿਉਂਕਿ ਸੰਸਾਰ ਤੇ ਉਨ੍ਹਾਂ ਵਿਚਕਾਰ ਕੋਈ ਤਬਾਦਲਾ ਨਹੀ ਹੁੰਦਾ,ਇਥੋਂ ਤਕ ਕਿ ਹਜ਼ਰਤ ਈਸਾ ਵਰਗੇ ਮਹਾਂਪੁਰਖ ਨੂੰ ਵੀ ਇਹ ਪੁਕਾਰ ਪੁਕਾਰ ਕੇ ਕਹਿਣਾ ਪੈਂਦਾ ਹੈ, "ਮੈਨੂੰ ਕਿਸ ਨੇ ਛੂਹਿਆ ਹੈ?" ਅਜਿਹੇ ਵਿਅਕਤੀ ਉਸ ਪ੍ਰਕਾਰ ਦੇ ਮਹਾਤਮਾ ਪੁਰਸ਼ ਨਹੀਂ ਹਨ, ਜਿਸ ਸ਼੍ਰੇਣੀ ਵਿਚ ਕਿ ਈਸਾ ਤੇ ਚੇਤੰਨ ਪ੍ਰਭੂ ਨੂੰ ਗਿਣਿਆਂ ਜਾਂਦਾ ਹੈ। ਅਜਿਹੇ ਵਿਅਕਤੀ ਹਾਲੀ ਦੈਵੀ ਆਵੇਸ਼ ਵਾਲੇ ਸੱਚੇ ਫ਼ਕੀਰ ਨਹੀਂ ਬਣੇ ਹੁੰਦੇ, ਹਾਲੀ ਇਹ ਸੰਸਾਰ ਦੇ ਨਬੀਆਂ ਤੇ ਅਵਤਾਰਾਂ ਦੀ ਪਾਲ ਵਿਚ ਨਹੀਂ ਆ ਸਕਦੇ। ਨਹੀਂ ਤਾਂ ਅਜਿਹੇ ਮਹਾਂਪੁਰਖਾਂ ਦਾ ਇਕ ਵਿਆਖਿਆਨ ਸਰੋਤਿਆਂ ਨੂੰ ਆਪਣੇ ਅੰਦਰਾਂ ਵਿਚ ਪੰਦਰਾਂ ਦਿਨਾਂ ਲਈ ਸ਼ਾਂਤ ਰਖ ਸਕਣ ਲਈ ਕਾਫ਼ੀ ਹੈ, ਕਿਉਂਕਿ ਆਤਮਕ ਤੌਰ ਤੇ ਜਿਉਂਦੇ ਮਨੁੱਖ ਲਈ ਸਰੀਰਕ ਜਾਂ ਮਾਨਸਿਕ ਅਤੇ ਆਤਮਕ ਸ਼ਹਾਦਤ ਹੀ ਕਾਫ਼ੀ ਨਹੀਂ ਹੈ। ਇਹ ਤਾਂ ਇਕ ਪ੍ਰਕਾਰ ਦੀ ਸਰਵ ਵਿਆਪੀ ਮ੍ਰਿਤੂ ਹੀ ਹੁੰਦੀ ਹੈ, ਜੇ ਕੋਈ ਦੈਵੀ ਹੱਥ ਉਨ੍ਹਾਂ ਦੀ ਰਖਿਆ ਕਰਕੇ ਉਨ੍ਹਾਂ ਨੂੰ ਉਚਾ ਚੁਕਣ ਵਾਲਾ ਨਾ ਹੋਵੇ। ਉਹ ਜੋਤ ਜੋ ਸੁਆਮੀ

ਰਾਮ ਨੇ ਆਪਣੇ ਹੱਥਾਂ ਵਿਚ ਫੜੀ ਸੀ, ਉਹ ਉਨ੍ਹਾਂ ਦੇ ਭੀਲਿੰਗ ਗੰਗਾ ਵਿਚ ਡੁਬਣ ਸਮੇਂ ਤੋਂ ਅਰਥਾਤ ਉਨ੍ਹਾਂ ਦੀ ਦ੍ਰਿਸ਼ਟਮਾਨ ਅਕਾਲ ਚਲਾਣੇ ਤੋਂ ਕਾਫ਼ੀ ਚਿਰ ਪਹਿਲਾਂ ਬੁਝ ਚੁਕੀ ਸੀ।

ਕਿਉਂਜੋ ਉਹ ਆਪ ਕਿਹਾ ਕਰਦੇ ਸਨ ਕਿ ਅਜਿਹੇ ਮਹਾਂ-ਅਨੰਦ ਦੇ ਅਨੁਭਵ ਵਾਲੇ ਵਿਅਕਤੀਆਂ ਨੂੰ ਸ਼ਾਂਤ ਰੂਪ ਵਿਚ ਸਮਾਧੀ ਇਸਥਿਤ ਬੈਠਣਾ ਚਾਹੀਦਾ ਹੈ। ਉਨ੍ਹਾਂ ਦੀ ਹੋਂਦ ਹੀ ਸੰਸਾਰ ਨੂੰ ਉੱਚਾ ਉਠਾ ਦਿੰਦੀ ਹੈ। ਉਨ੍ਹਾਂ ਨੂੰ ਤਾਂ ਕਿਸੇ ਕਰਮ ਕਰਨ ਦੀ ਵੀ ਲੋੜ ਨਹੀਂ ਪੈਂਦੀ। ਉਨ੍ਹਾਂ ਨੂੰ ਤਾਂ ਨਿਤ ਪ੍ਰਭੂ ਦੇ ਸਵਾਸਾਂ ਵਿਚ ਜਿਉਣਾ, ਵਿਚਰਨਾ ਅਤੇ ਬਲਦੇ ਰਹਿਣਾ ਚਾਹੀਦਾ ਹੈ, ਨਹੀਂ ਤਾਂ ਉਨ੍ਹਾਂ ਲਈ ਤਾਂ ਕਸ਼ਟ ਹੀ ਕਸ਼ਟ ਹਨ, ਕਿਉਂਜੋ ਕੋਈ ਵੀ ਕਿਸੇ ਰੋਗੀ ਨੂੰ ਉੱਨਾ ਚਿਰ ਤਕ ਰਾਜ਼ੀ ਨਹੀਂ ਕਰ ਸਕਦਾ, ਜਿੰਨਾ ਚਿਰ ਤਕ ਉਸ ਦਾ ਕਸ਼ਟ ਆਪਣੇ ਉਤੇ ਨਹੀਂ ਲੈ ਲੈਂਦਾ। ਸੁਆਮੀ ਰਾਮ ਨੇ ਤਾਂ ਜੋਨ ਆਫ਼ ਆਰਕ ਵਾਲੀ ਮ੍ਰਿਤੂ ਨੂੰ ਪਰਵਾਨ ਕੀਤਾ ਹੈ। ਇਹ ਤਾਂ ਉਸ ਸੰਤ ਮਹਾਂਪੁਰਸ਼ ਦਾ ਆਤਮ ਬਲੀਦਾਨ ਹੈ, ਜੋ ਉਨ੍ਹਾਂ ਨੇ ਆਪਣੇ ਮਿਸ਼ਨਰੀ ਉਤਸ਼ਾਹ ਵਿਚ ਕੀਤਾ ਹੈ। ਭਾਵੇਂ ਇਹ ਕਸ਼ਟ ਉਨ੍ਹਾਂ ਆਪ ਸਹੇੜਿਆ ਜਾਂ ਕਿਸੇ ਦੀ ਪ੍ਰੇਰਨਾ ਦੁਆਰਾ ਸਹਿਨ ਕੀਤਾ, ਇਹ ਇਕ ਬੜੀ ਦਰਦ ਭਰਪੂਰ ਕਥਾ ਹੈ ਕਿ ਸੰਸਾਰ ਨਾਲ ਸੰਪਰਕ ਰਖਣ ਕਾਰਣ ਉਨ੍ਹਾਂ ਨੂੰ ਜੋ ਦੁੱਖ ਤੇ ਕਸ਼ਟ ਹੋਏ, ਉਨ੍ਹਾਂ ਦੀ ਵਿਥਿਆ ਨੂੰ ਸਾਂਝਾ ਕਰਨ ਲਈ ਉਨ੍ਹਾਂ ਕੋਲ ਸੰਤ ਮਹਾਪੁਰਸ਼ਾਂ ਦਾ ਉਹ ਜੀਵਤ ਮੰਡਲ ਨਹੀਂ ਸੀ। ਸੁਆਮੀ ਰਾਮ ਤੀਰਥ ਜੀ ਵਰਗੇ ਮਹਾਪੁਰਸ਼ਾਂ ਲਈ ਜੋ ਆਤਮ-ਪ੍ਰਾਇਣ ਵਿਅਕਤੀ ਹੁੰਦੇ ਸਨ, ਪ੍ਰਭੂ ਚੇਤਨਾ ਦਾ ਅਜਿਹਾ ਵਾਯੂਮੰਡਲ ਜਿੰਦਾ ਰਹਿਣ ਲਈ ਉਸੇ ਤਰ੍ਹਾਂ ਜ਼ਰੂਰੀ ਹੈ ਜਿਵੇਂ ਕਿ ਮਛਲੀ ਨੂੰ ਜਿੰਦਾ ਰਹਿਣ ਲਈ ਜਲ। ਉਨ੍ਹਾਂ ਦਾ ਅਕਾਲ ਚਲਾਣਾ ਇਸ ਕਾਰਣ ਸੀ ਕਿ ਉਹ ਆਪਣੇ ਦੁਆਲੇ ਇਕ ਅਜਿਹਾ ਸਤਸੰਗ ਨਹੀਂ ਸਨ ਰਚ ਸਕੇ, ਨਹੀਂ ਤਾਂ ਉਨ੍ਹਾਂ ਵਰਗੇ ਵਿਅਕਤੀ ਬਿਰਧ ਅਵਸਥਾ ਵਿਚ ਵੀ ਜਵਾਨੀ ਵਾਂਗ ਆਤਮਕ ਤੌਰ ਤੇ ਭਖਦੇ ਲੱਸਦੇ ਰਹਿੰਦੇ ਹਨ।

III

ਸੁਆਮੀ ਰਾਮ ਤੀਰਥ ਇਕ ਆਦਰਸ਼ ਪੁਰਸ਼

ਸੁਆਮੀ ਰਾਮ ਤੀਰਥ ਉਨ੍ਹਾਂ ਅਨੇਕ ਪੜ੍ਹੇ ਲਿਖੇ ਭਾਰਤ-ਵਾਸੀਆਂ ਵਿਚੋਂ ਇਕ ਹਨ, ਜਿਨ੍ਹਾਂ ਨੇ ਪ੍ਰਭੂ ਪ੍ਰਾਪਤੀ ਲਈ ਸਾਹਸਵਾਨ ਯਤਨ ਕੀਤਾ ਅਤੇ ਉਨ੍ਹਾਂ ਨੂੰ ਪ੍ਰਭੂ ਪ੍ਰਾਪਤੀ ਵੀ ਹੋ ਗਈ। ਉਨ੍ਹਾਂ ਨੇ ਜੀਵਨ ਵਿਚ ਇਕ ਵਿਜੇਈ ਸਮਾਨ ਇਸ ਵਿਜੈ ਪ੍ਰਾਪਤੀ ਵਾਲੇ ਸ਼ਹਿਰ ਵਿਚ ਪ੍ਰਵੇਸ਼ ਕੀਤਾ, ਜਿਨ੍ਹਾਂ ਦਾ ਲਘੂ-ਆਪਾ ਪੈਰਾਂ ਦੀ ਧੂੜ

ਵਿਚ ਰੁਲਦਾ ਰਿਹਾ ਅਤੇ ਜਿਨ੍ਹਾਂ ਨੇ ਆਪਣੇ ਆਪ ਨੂੰ ਪ੍ਰਭੂ ਸੰਗ ਅਭੇਦ ਕਰ ਲਿਆ। ਆਪਣੇ ਜੀਵਨ ਦੁਆਰਾ ਉਨ੍ਹਾਂ ਨੇ ਸਿਧ ਕਰ ਦਿਤਾ ਕਿ ਬ੍ਰਹਮ ਵਿਦਿਆ ਦਾ ਜਦੋਂ ਆਤਮਿਕ ਅਨੁਭਵ ਪ੍ਰਾਪਤ ਹੋ ਜਾਂਦਾ ਹੈ ਤਾਂ ਇਹ ਸੁਤੰਤਰਤਾ ਪ੍ਰਾਪਤ ਕਰਵਾ ਦਿੰਦੀ ਹੈ। ਉਨ੍ਹਾਂ ਨੇ ਇਹ ਦਸਿਆ ਹੈ ਕਿ ਸੰਸਾਰ ਦੇ ਸਾਰੇ ਮਸਲਿਆਂ ਦਾ ਹਲ ਆਤਮ-ਅਨੁਭੂਤੀ ਦੇ ਸਿਖ਼ਰਾਂ ਨੂੰ ਪ੍ਰਾਪਤ ਕਰ ਲੈਣ ਵਿਚ ਹੈ, ਇਹੀ ਸਾਡੀ ਵਿਅਕਤੀਗਤ ਸਮੱਸਿਆਵਾਂ ਦੀ ਨਵਿਰਤੀ ਦਾ ਇਕ ਮਾਤਰ ਸਾਧਨ ਹੈ। ਪੰਜਾਬ ਦੇ ਇਸ ਨਿਕਚੂ ਦੁਬਲੇ ਪਤਲੇ ਪੰਜਾਬੀ ਬ੍ਰਾਹਮਣ ਨੇ ਸਾਡੀਆਂ ਅੱਖਾਂ ਸਾਂਹਵੇਂ ਆਪਣੇ ਵਿਅਕਤਿਤਵ ਦੁਆਰਾ ਇਹ ਪ੍ਰਦਰਸ਼ਤ ਕੀਤਾ ਹੈ ਕਿ ਕਿਵੇਂ ਉਹ ਮਹਾਂਪੁਰਸ਼ ਜਿਨ੍ਹਾਂ ਨੇ ਉਪਨਿਸ਼ਦ ਗ੍ਰੰਥ ਰਚੇ ਅਤੇ ਵੇਦ ਮੰਤਰਾਂ ਦਾ ਉਚਾਰਣ ਕੀਤਾ, ਸਾਡੇ ਵਿਚੋਂ ਹੀ ਉਹ ਲੋਕ ਸਨ, ਜਿਨ੍ਹਾਂ ਨੇ ਆਪਣੀ ਸ਼ਰਧਾ ਭਗਤੀ,ਸਖ਼ਤ ਮਾਨਸਿਕ ਪ੍ਰਿਸ਼ਰਮ ਅਤੇ ਆਪਣੀ ਨਿਸ਼ਕਾਮਤਾ ਦੁਆਰਾ ਆਤਮ ਅਨੁਭਵ ਦੀ ਪ੍ਰਾਪਤੀ ਕਰ ਲਈ ਹੋਈ ਸੀ। ਅਜਿਹਾ ਕ੍ਰਿਸ਼ਮਾ ਉਨ੍ਹਾਂ ਤੀਬਰ ਮਨੋਭਾਵਾਂ ਅਤੇ ਮਾਨਸਿਕ ਪ੍ਰਿਸਰਮ ਦਾ ਹੀ ਸੀ।

ਆਪ ਦਾ ਜੀਵਨ ਅਨੇਕ ਸਿਖਿਆਵਾਂ ਦਾ ਪ੍ਰਤੀਕ ਹੈ। ਵਿਦਿਆਰਥੀਆਂ ਲਈ ਆਪ ਇਕ ਆਦਰਸ਼ ਵਿਦਿਆਰਥੀ ਸਨ, ਜਿਨ੍ਹਾਂ ਦਾ ਕਥਨ ਹੈ: "ਫਾਲਤੂ ਇਕ ਵੀ ਰੋਟੀ ਖਾਣ, ਫਾਲਤੂ ਇਕ ਵੀ ਕਮੀਜ਼ ਪਾਉਣ ਨਾਲੋਂ ਚੰਗਾ ਹੈ ਕਿ ਅਸੀਂ ਆਪਣੇ ਪੜ੍ਹਨ ਲਈ ਕੋਈ ਪੁਸਤਕ ਖ਼ਰੀਦੀਏ ਜਾਂ ਰਾਤ ਨੂੰ ਪੜ੍ਹਨ ਸਮੇਂ ਬੱਤੀ ਵਿਚ ਪਾਉਣ ਲਈ ਤੇਲ। ਕਾਮਯਾਬੀ ਵਿਚ ਉਤਨੀ ਖ਼ੁਸ਼ੀ ਨਹੀਂ ਜਿਤਨੀ ਕਿ ਕਾਮਯਾਬੀ ਲਈ ਸੰਘਰਸ਼ ਕਰਨ ਵਿਚ ਹੈ। ਕੇਵਲ ਇਮਤਿਹਾਨ ਪਾਸ ਕਰ ਲੈਣਾ ਹੀ ਵਿਦਿਆਰਥੀ ਦਾ ਨਿਸ਼ਾਨਾ ਨਹੀਂ ਹੈ, ਸਗੋਂ ਵਿਦਿਆਰਥੀ ਦਾ ਅਸਲੀ ਲਕਸ਼ ਤਾਂ ਸਖ਼ਤ ਮਿਹਨਤ ਦੁਆਰਾ ਆਪਣੇ ਮਨ ਦੇ ਬਾਗ ਨੂੰ ਲਗਾਉਣਾ ਤੇ ਹਰਾ ਭਰਾ ਰਖਣਾ ਹੈ; ਉਸ ਦੀ ਮੁਸ਼ੱਕਤ ਤਾਂ ਸਾਧਾਰਣ ਕਿਰਤੀ, ਖਣਿਜਕਾਰ ਅਤੇ ਕਿਸਾਨ ਨਾਲੋਂ ਕਿਤੇ ਵਧੇਰੇ ਕਰੜੀ ਅਤੇ ਜੋਖੋਂ ਭਰਪੂਰ ਹੈ। ਅਜਿਹਾ ਹੀ ਇਕ ਸੱਚੇ ਵਿਦਿਆਰਥੀ ਦਾ ਜੀਵਨ ਹੁੰਦਾ ਹੈ। ਉਸ ਦੇ ਜੀਵਨ ਵਿਚ ਪ੍ਰਾਪਤੀ ਦੀ ਉਹ ਖ਼ੁਸ਼ੀ ਨਹੀਂ ਹੁੰਦੀ, ਜੋ ਕਿ ਉਸ ਨੂੰ ਸਾਰੀ ਰਾਤ ਗੁਜ਼ਾਰ ਕੇ ਗਣਿਤ ਦੇ ਇਕ ਸਵਾਲ ਨੂੰ ਹਲ ਕਰਨ ਵਿਚ ਹੁੰਦੀ ਹੈ। ਉਹ ਕਦੀ ਵੀ ਕਾਫ਼ੀ ਕੁਝ ਨਹੀਂ ਕਰ ਸਕਦਾ। ਨੀਂਦ ਵੀ ਉਸ ਦੇ ਕਾਰਜ ਵਿਚ ਵਿਘਨ ਪਾਉਂਦੀ ਹੈ, ਉਸ ਕੋਲ ਸਮਾਂ ਬਹੁਤ ਥੋੜ੍ਹਾ ਹੁੰਦਾ ਹੈ ਅਤੇ ਉਸ ਨੇ ਬਹੁਤ ਕੁਝ ਕਰਨਾ ਹੁੰਦਾ ਹੈ।

ਆਪਣੇ ਸਾਰੇ ਜੀਵਨ ਵਿਚ ਆਪ ਵਿਦਿਆਰਥੀ ਹੀ ਰਹੇ ਹਨ। ਮਨੁੱਖ ਨੂੰ ਤਾਂ ਆਪਣਾ ਸਾਰਾ ਜੀਵਨ ਹੀ ਵਿਦਿਆਰਥੀ ਤੇ ਸ਼ਾਗਿਰਦ ਬਣ ਕੇ ਗੁਜ਼ਾਰਨਾ ਪੈਂਦਾ ਹੈ।

ਆਗਿਆਕਾਰ ਪੁੱਤਰ ਦੇ ਰੂਪ ਵਿਚ ਉਹ ਇਕ ਆਦਰਸ਼ ਸਪੁੱਤਰ ਸਨ। ਜੇ ਤੁਸੀਂ ਆਪਣੇ ਸੁਖ ਆਰਾਮ ਦਾ ਤਿਆਗ ਕਰਕੇ ਆਪਣੇ ਮਾਪਿਆਂ ਅਗੇ ਸਭ ਕੁਝ ਰਖ ਦਿੰਦੇ ਹੋ ਤਾਂ ਉਹ ਤੁਹਾਡੇ ਨਾਲ ਕਿਵੇਂ ਨਰਾਜ਼ ਹੋ ਸਕਦੇ ਹਨ? ਮਾਪੇ ਵੀ ਤੁਹਾਡੇ ਕੋਲੋਂ ਸੰਪੂਰਨ ਆਤਮ-ਤਿਆਗ ਦੀ ਮੰਗ ਕਰਦੇ ਹਨ। ਉਨ੍ਹਾਂ ਦੀਆਂ ਦਿਤੀਆਂ ਹੋਈਆਂ ਵਸਤਾਂ ਉਨ੍ਹਾਂ ਨੂੰ ਵਾਪਸ ਮੋੜੋ ਅਤੇ ਰੱਬ ਦੀਆਂ ਬਖ਼ਸ਼ੀਆਂ ਹੋਈਆਂ ਦਾਤਾਂ ਵੀ ਉਸ ਪ੍ਰਭੂ ਅਗੇ ਭੇਟਾ ਕਰੋ।

ਸ਼ਿਸ਼ਾਂ ਲਈ ਆਪ ਆਦਰਸ਼ ਸ਼ਿਸ਼ ਦੇ ਰੂਪ ਵਿਚ ਪ੍ਰਗਟ ਹੁੰਦੇ ਹਨ। ਵਿਦਿਆਰਥੀ ਜੀਵਨ ਵਿਚ ਸੁਆਮੀ ਜੀ ਵਲੋਂ ਲਿਖੇ ਗਏ ਪੱਤਰ ਇਸ ਗੱਲ ਦੀ ਸਾਖੀ ਭਰਦੇ ਹਨ ਕਿ ਸ਼ਿਸ਼ ਜਾਂ ਵਿਦਿਆਰਥੀ ਦਾ ਸਾਂਸਕ੍ਰਿਤਕ ਲਕਸ਼ ਕੀ ਹੈ? ਉਹ ਕਿਸੇ ਦੇ ਆਪਣੇ ਪ੍ਰਤੀ ਦਿਆਲੂ ਹੋਣ ਨੂੰ ਭੁਲਾ ਨਹੀਂ ਸਕਦਾ, ਇਹ ਗੱਲ ਵੀ ਕਿਸੇ ਵਿਦਿਆਰਥੀ ਦੇ ਕਰਤਵ ਦਾ ਹੀ ਅੰਗ ਹੁੰਦੀ ਹੈ। ਸਿਆਲਕੋਟ ਵਿਖੇ ਉਨ੍ਹਾਂ ਨੇ ਕਿਸੇ ਵਿਅਕਤੀ ਕੋਲੋਂ ਦਸ ਰੁਪਏ ਉਧਾਰ ਲਏ ਸਨ ਅਤੇ ਫਿਰ ਕਈ ਵਾਰ ਉਸ ਨੂੰ ਦਸ ਦਸ ਰੁਪਏ ਹਰ ਮਹੀਨੇ ਮੋੜਦੇ ਰਹੇ ਅਤੇ ਇੰਝ ਅਨੁਭਵ ਕਰਦੇ ਰਹੇ ਕਿ ਅਨੇਕ ਵਾਰ ਦਸ ਰੁਪਏ ਦੀ ਕਿਸ਼ਤ ਦੇਣ ਉਤੇ ਵੀ ਉਹ ਉਸ ਵਿਅਕਤੀ ਵਲੋਂ ਦਰਸਾਈ ਗਈ ਦਿਆਲਤਾ ਦਾ ਮੁਲ ਨਹੀਂ ਮੋੜ ਸਕੇ ਅਤੇ ਇਹ ਮੋੜਿਆ ਵੀ ਨਹੀਂ ਜਾ ਸਕੇਗਾ। ਇਹ ਇੰਝ ਪ੍ਰਤੀਤ ਹੁੰਦਾ ਹੈ ਕਿ ਉਚੇਰੀ ਦੈਵੀ ਪ੍ਰੇਰਨਾ ਦੇ ਪ੍ਰਭਾਵ ਅਧੀਨ ਸੁਆਮੀ ਰਾਮ ਤੀਰਥ ਜੀ ਨੇ ਸਦਾ ਇੰਝ ਅਨੁਭਵ ਕੀਤਾ ਕਿ ਉਹ ਇਕ ਸ਼ਿਸ਼ ਹਨ ਅਤੇ ਉਹ ਆਪਣੇ ਸਾਰੇ ਜੀਵਨ ਵਿਚ ਹੀ ਇਸ ਸ਼ਿਸ਼ ਦੇ ਅਨੁਭਵ ਨੂੰ ਹੰਢਾਉਂਦੇ ਰਹੇ। ਇਸੇ ਕਾਰਣ ਹੀ ਉਹ ਉਚ ਕੋਟੀ ਦੇ ਮਹਾਂਪੁਰਖਾਂ ਅਤੇ ਆਪਣੇ ਵਰਗੇ ਹੋਰ ਰਹੱਸਵਾਦੀਆਂ ਨਾਲ ਸੰਪਰਕ ਨਾ ਜੋੜ ਸਕੇ।

ਇਕ ਅਧਿਆਪਕ ਦੇ ਰੂਪ ਵਿਚ ਆਪ ਇਕ ਅਜਿਹੇ ਆਦਰਸ਼ ਅਧਿਆਪਕ ਸਨ, ਜਿਨ੍ਹਾਂ ਦਾ ਆਪਣੇ ਵਿਦਿਆਰਥੀਆਂ ਨਾਲ ਅਥਾਹ ਪ੍ਰੇਮ ਸੀ। ਆਪ ਆਪਣੇ ਵਿਦਿਆਰਥੀਆਂ ਨੂੰ ਭਗਵਾਨ ਕ੍ਰਿਸ਼ਨ ਦੇ ਰੂਪ ਵਿਚ ਸੰਬੋਧਨ ਕਰਦੇ ਰਹੇ ਹਨ। ਉਹ ਆਪਣੇ ਵਿਦਿਆਰਥੀਆਂ ਨੂੰ ਸਤਿਕਾਰ ਤੇ ਪ੍ਰੇਮ ਦੁਆਰਾ ਨਿਵਾਜਦੇ ਰਹੇ। ਉਨ੍ਹਾਂ ਨੂੰ ਪਤਾ ਸੀ ਕਿ ਪ੍ਰਭੂ ਵਾਂਗ ਉਹ ਸਰਵੱਗ ਹਨ। ਇਸ ਲਈ ਇਹ ਇਕ ਵੱਡੇ ਸੁਭਾਗ ਵਾਲੀ ਗੱਲ ਸੀ ਕਿ ਉਨ੍ਹਾਂ ਨੂੰ ਆਪਣੇ ਵਿਦਿਆਰਥੀਆਂ ਨੂੰ ਪੜ੍ਹਾਉਣ

ਦਾ ਕਰਤਵ ਨਿਭਾਉਣਾ ਪਿਆ ਹੈ। ਮਾਨਵ ਦੇ ਪੁੱਤਰ ਪ੍ਰਤੀ ਉਨ੍ਹਾਂ ਦਾ ਸਨੇਹ ਅਨੰਤ ਹੈ। ਉਹ ਉਸ ਨੂੰ ਪ੍ਰਭੂ ਕਹਿ ਕੇ ਸੰਬੋਧਨ ਕਰਦੇ ਹਨ। ਤੁਸੀਂ ਤਤਵਮਸੀ (Tatvamasi) ਹੋ।

ਨਾਗਰਿਕਾਂ ਲਈ ਆਪ ਇਕ ਪਰਮ ਨਾਗਰਿਕ ਹਨ। ਉਨ੍ਹਾਂ ਕੋਲ ਦੇਣ ਲਈ ਕੇਵਲ ਇਕੋ ਸੰਦੇਸ਼ ਹੈ, "ਆਪਣੇ ਨਿਜ ਨੂੰ ਉਚਾ ਕਰੋ, ਆਪਣੀ ਆਤਮਾ ਦਾ ਉਥਾਨ ਕਰੋ. ਆਪਣੀ ਅੰਤਰੀਵ ਮਾਨਵਤਾ ਨੂੰ ਪ੍ਰਾਪਤ ਕਰਕੇ ਆਪਣੇ ਆਪ ਨੂੰ ਸੁਤੰਤਰ ਕਰੋ, ਅਗਿਆਨੀ ਦਾਸਾਂ ਵਾਲੀ ਪ੍ਰਵਿਰਤੀ ਦਾ ਤਿਆਗ ਕਰਕੇ ਕਿਸੇ ਵਸਤੂ ਨਾਲ ਜੁੜੇ ਰਹਿਣ ਦੇ ਖਬਤ ਦਾ ਤਿਆਗ ਕਰੋ, ਆਪਣੇ ਆਪ ਦੇ ਸੁਆਮੀ ਆਪ ਬਣੋ, ਆਪਣੇ ਅਨੰਤ ਨਿਜ ਸਤਿਕਾਰ ਦੇ ਪੈਰਾਂ ਉਤੇ ਖੜੇ ਹੋਣ ਦਾ ਯਤਨ ਕਰੋ, ਨਿਰਭੈ ਬਣੋ, ਪ੍ਰੇਮ ਦੇ ਪੁੰਜ ਬਣ ਜਾਉ:

"ਸਭ ਉਚੀਆਂ ਨਿਕੀਆਂ ਵਸਤਾਂ ਵਿਚ
ਬਸ ਇਕੋ ਹੈ ਮੁਖ ਨੇਮ,
ਉਸ ਦੀ ਹੈ ਅਰਦਾਸ ਵਡੇਰੀ
ਜੋ ਕਰਦਾ ਨਿਤ ਪ੍ਰੇਮ।"

ਆਪ ਆਪਣੇ ਸਾਥੀ ਮਨੁੱਖਾਂ ਸਾਹਵੇਂ ਨਾਗਰਿਕ ਕਰਤਵਾਂ ਨੂੰ ਸਭ ਤੋਂ ਉਚਾ ਸੰਕਲਪ ਮੰਨਦੇ ਹਨ। "ਸਫਲਤਾ ਦਾ ਭੇਦ" ਉਨ੍ਹਾਂ ਦਾ ਉਹ ਅਦੁੱਤੀ ਭਾਸ਼ਣ ਹੈ, ਜਿਸ ਨੂੰ ਉਨ੍ਹਾਂ ਨੇ ਕਈ ਥਾਵਾਂ ਤੇ ਵਾਰ ਵਾਰ ਦੁਹਰਾਇਆ ਹੈ ਤਾਂ ਜੋ ਇਸ ਸੰਸਾਰ ਵਿਚ ਆਦਰਸ਼ ਨਾਗਰਿਕ ਬਣਨ, ਜਿਸ ਨਾਲ ਉਨ੍ਹਾਂ ਦੇ ਸੰਕਲਪਾਂ ਦੀ ਪੂਰਤੀ ਹੋ ਸਕੇ। ਆਪਣੇ ਵਿਸ਼ਵ ਦਰਸ਼ਨ ਅਤੇ ਧਿਆਨੀ ਸੁਪਨਿਆਂ ਤੋਂ ਉਪਰੰਤ ਆਪ ਸੰਸਾਰ ਸਾਹਮਣੇ ਇਕ ਆਦਰਸ਼ ਉਦਾਹਰਣ ਰਖਦੇ ਹਨ ਕਿ ਕਿਵੇਂ ਇਕ ਗਰੀਬੜਾ ਜਿਹਾ ਪੰਜਾਬੀ ਵਿਦਿਆਰਥੀ ਕਈ ਮੁਸ਼ਕਲਾਂ ਤੇ ਔਕੜਾਂ ਦੇ ਬਾਵਜੂਦ ਉਚੇਰੀ ਸਿੱਖਿਆ ਪ੍ਰਾਪਤ ਕਰ ਸਕਦਾ ਹੈ ਅਤੇ ਆਪਣੇ ਅੰਤਰੀਵ ਤੇ ਬਾਹਰੀ ਨਿਜ ਸਰੂਪ ਨੂੰ ਇਤਨਾ ਉਨਤ ਤੇ ਵਿਕਸਤ ਕਰ ਸਕਦਾ ਹੈ ਕਿ ਉਹ ਸਾਰੇ ਸੰਸਾਰ ਦੇ ਸਨਮੁਖ ਆਪਣੇ ਚਰਿਤਰ ਦੀ ਨਿਸ਼ਕਾਮ ਤੇ ਨਿਰਸੁਆਰਥ ਭਾਵਨਾ ਕਾਰਣ ਇਕ ਆਦਰਸ਼ ਬਣ ਜਾਵੇ। ਆਪਣੀ ਸ਼ਕਤੀ, ਚਮਕ ਅਤੇ ਵਚਿੱਤਰ ਯੋਗਤਾ ਕਾਰਣ ਆਪਣੇ ਅੰਦਰ ਇਕ ਅਜਿਹੇ ਪ੍ਰੇਮ ਦੀ ਮਹਿਕ ਭਰ ਲਵੇ, ਜੋ ਸਾਰੇ ਸੰਸਾਰ ਦੇ ਘਰਾਂ ਅੰਦਰ ਇਕ ਆਦਰਸ਼ ਮਹਿਮਾਨ ਵਾਂਗ ਸਤਿਕਾਰਿਆ ਅਤੇ ਪਿਆਰਿਆ ਜਾਵੇ।

--ਇਤਿ ---

ਧਨੁ ਲੇਖਾਰੀ ਨਾਨਕਾ

ਭਾਸ਼ਾ ਵਿਭਾਗ ਪੰਜਾਬ

9619-ਅੰ. ਪੰ. ਅ. ਜੀ.-1211